# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ
# ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ**

**ਭਾਸ਼ਾ ਫ਼ੈਕਲਟੀ ਅਧੀਨ ਪੀਐੱਚ.ਡੀ (ਪੰਜਾਬੀ)**

**ਦੀ ਡਿਗਰੀ ਲਈ ਪ੍ਰਸਤੁਤ ਖੋਜ-ਪ੍ਰਬੰਧ**

**ਸਾਲ - 2018**


ਨਿਗਰਾਨ :

ਡਾ. ਗੁਰਨਾਇਬ ਸਿੰਘ
ਪ੍ਰੋਫ਼ੈਸਰ,
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ :

ਸਰਵਜੀਤ ਕੌਰ
ਸਰਵਜੀਤ ਕੌਰ



**ਪੰਜਾਬੀ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਰਵਜੀਤ ਕੌਰ ਨੇ ਆਪਣਾ ਪੀਐੱਚ.ਡੀ (ਪੰਜਾਬੀ) ਦਾ ਖੋਜ-ਪ੍ਰਬੰਧ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ" ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਖੋਜ-ਕਾਰਜ ਹੈ ਅਤੇ ਉਸ ਦੀ ਮਿਹਨਤ ਤੇ ਲਗਨ ਦਾ ਸਿੱਟਾ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਵਾਸਤੇ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਕਿਸੇ ਵੀ ਡਿਗਰੀ/ਡਿਪਲੋਮੇ/ਖੋਜ-ਪੱਤਰ/ਯੂਨੀਵਰਸਿਟੀ/ਇੰਸਟੀਚਿਊਟ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ : 6-6-2018

ਨਿਗਰਾਨ :

ਡਾ. ਗੁਰਨਾਇਬ ਸਿੰਘ
ਪ੍ਰੋਫ਼ੈਸਰ,
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

# ਅਧਿਆਇ ਪਹਿਲਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਬਾਰੇ ਪ੍ਰਾਪਤ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਵਿਲੱਖਣ ਗ੍ਰੰਥ ਹੈ। ਇਸ ਗ੍ਰੰਥ ਦੀ ਬਾਣੀ ਮਨੁੱਖੀ ਜੀਵਨ ਜਾਂਚ ਨਾਲ ਸੰਬੰਧਿਤ ਹੈ। ਇਸ ਗ੍ਰੰਥ ਵਿਚ ਗੁਰੂਆਂ, ਭਗਤਾਂ ਸਮੇਤ ਸੂਫ਼ੀ ਸੰਤ, ਭੱਟਾਂ ਤੇ ਸਿੱਖਾਂ ਦੀ ਬਾਣੀ ਦਰਜ ਹੈ। ਇਹ ਗ੍ਰੰਥ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੈ। ਇਸ ਗ੍ਰੰਥ ਦੇ ਸੰਕਲਨ ਤੇ ਸੰਪਾਦਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਇਸ ਗ੍ਰੰਥ ਦੀ ਬਾਣੀ ਰਾਗਾਂ ਅਧੀਨ ਦਰਜ ਹੈ। ਹਰ ਰਾਗ ਵਿਚ ਵੱਖਰਾ ਮਹਲਾ ਪ੍ਰਬੰਧ, ਘਰੁ ਪ੍ਰਬੰਧ ਅਤੇ ਅੰਕਣ ਪ੍ਰਬੰਧ ਸ਼ਾਮਲ ਹੈ। ਹਰ ਰਾਗ ਅਧੀਨ ਵਿਭਿੰਨ ਕਾਵਿ-ਰੂਪ ਸ਼ਾਮਲ ਹਨ। ਇਹਨਾਂ ਕਾਵਿ-ਰੂਪਾਂ ਵਿਚੋਂ ਛੰਦ, ਸੋਹਿਲਾ, ਆਰਤੀ, ਗੋਸ਼ਟਿ, ਦਿਨ ਰੈਣਿ, ਅੰਜੁਲੀਆਂ, ਘੋੜੀਆਂ ਫੁਨਹੇ, ਕਰਹਲੇ, ਗੁਣਵੰਤੀ, ਕੁਚੱਜੀ, ਸੁਚੱਜੀ, ਬਾਰਾਂਮਾਹ, ਵਾਰ, ਬਾਵਨ ਅੱਖਰੀ, ਪਟੀ, ਕਾਫੀ, ਸਲੋਕ, ਗੋਸ਼ਟ, ਪਦੇ ਆਦਿ ਸ਼ਾਮਲ ਹਨ। ਇਹਨਾਂ ਵਿਚੋਂ ਪਦਾ ਕਾਵਿ-ਰੂਪ ਨੂੰ ਖੋਜ ਕਾਰਜ ਵਜੋਂ ਕੇਂਦਰ ਬਿੰਦੂ ਬਣਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਧੇਰੇ ਬਾਣੀ ਪਦਾ ਕਾਵਿ-ਰੂਪ ਅਧੀਨ ਸੰਕਲਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ 28 ਰਾਗਾਂ ਅਧੀਨ ਬਾਣੀ-ਰੂਪ ਚਉਪਦਾ ਦਰਜ ਹੈ। ਇਸ ਵਿਚ 4 ਗੁਰੂ ਸਾਹਿਬਾਨ ਅਤੇ 8 ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ਪਹਿਲਾ ਦੇ 165 ਚਉਪਦੇ, ਮਹਲਾ ਤੀਜਾ ਦੇ 146 ਚਉਪਦੇ, ਮਹਲਾ ਚੌਥਾ ਦੇ 182, ਮਹਲਾ ਪੰਜਵਾ ਦੇ 747 ਚਉਪਦੇ ਸ਼ਾਮਲ ਹਨ। ਇਸੇ ਤਰ੍ਹਾਂ ਭਗਤਾਂ ਵਿਚੋਂ ਭਗਤ ਕਬੀਰ ਦੇ 106, ਭਗਤ ਰਵਿਦਾਸ ਦੇ 12, ਭਗਤ ਨਾਮਦੇਵ ਦੇ 30, ਭਗਤ ਤ੍ਰਿਲੋਚਨ ਦਾ 1, ਭਗਤ ਸਧਨੇ ਦਾ 1, ਭਗਤ ਧੰਨੇ ਦੇ 2, ਭਗਤ ਫਰੀਦ ਦੇ 2 ਅਤੇ ਭਗਤ ਸੈਣ ਦਾ 1 ਚਉਪਦਾ ਅੰਕਿਤ ਹੈ। ਇਹਨਾਂ ਸਾਰੇ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਬਾਣੀ-ਰੂਪ ਚਉਪਦੇ ਦੀ ਕੁਲ ਗਿਣਤੀ 1395 ਹੈ। ਹਰ ਵੱਖਰੇ ਰਾਗ ਅਨੁਸਾਰ ਮਹਲਾ ਪਹਿਲੇ ਦੁਆਰਾ ਬਾਣੀ-ਰੂਪ ਚਉਪਦਾ 17 ਰਾਗਾਂ ਅਧੀਨ ਦਰਜ ਹੈ। ਮਹਲਾ ਤੀਜਾ ਅਨੁਸਾਰ, ਬਾਣੀ-ਰੂਪ ਚਉਪਦਾ 13 ਰਾਗਾਂ ਅਧੀਨ ਸ਼ਾਮਲ ਕੀਤਾ ਗਿਆ। ਇਸੇ ਤਰਾਂ ਮਹਲਾ ਚੌਥਾ ਦੁਆਰਾ ਬਾਣੀ-ਰੂਪ ਚਉਪਦਾ 28 ਰਾਗਾਂ ਅਧੀਨ  ਦਰਜ ਹੈ। ਮਹਲਾ ਪੰਜਵਾਂ ਦੇ 27 ਰਾਗਾਂ ਅਧੀਨ ਬਾਣੀ ਰੂਪ ਚਉਪਦਾ ਪੇਸ਼ ਕੀਤਾ ਹੈ। ਇਸ ਤਰਾਂ ਭਗਤਾਂ ਵਿਚੋਂ ਭਗਤ ਕਬੀਰ ਦੇ ਚਉਪਦੇ 17 ਰਾਗਾਂ ਅਧੀਨ, ਭਗਤ ਨਾਮਦੇਵ ਦੇ 14 ਰਾਗਾਂ ਅਧੀਨ, ਭਗਤ ਰਵਿਦਾਸ ਦੇ 9 ਰਾਗਾਂ ਅਧੀਨ, ਬਾਬਾ ਫਰੀਦ ਦੇ 2 ਰਾਗਾਂ ਅਧੀਨ, ਭਗਤ ਤ੍ਰਿਲੋਚਨ ਦੇ ਇਕ ਰਾਗ ਅਧੀਨ, ਭਗਤ ਧੰਨੇ ਦੇ 2 ਰਾਗਾਂ ਅਧੀਨ, ਭਗਤ

ਤ੍ਰਿਲੋਚਨ ਦੇ ਇਕ ਰਾਗ ਅਧੀਨ, ਭਗਤ ਧੰਨੇ ਦੇ 2 ਰਾਗਾਂ ਅਧੀਨ, ਭਗਤ ਸੈਣ ਦਾ 1 ਰਾਗ ਅਧੀਨ ਅਤੇ ਭਗਤ ਸਧਨੇ ਦਾ 1 ਰਾਗ ਅਧੀਨ ਚਉਪਦਾ ਦਰਜ ਹੈ। ਗੁਰੂਆਂ ਅਤੇ ਭਗਤਾਂ ਦੇ ਇਹਨਾਂ ਚਉਪਦਿਆਂ ਦੀ ਰਾਗਾਂ ਅਧੀਨ ਜਾਣਕਾਰੀ ਨੂੰ ਅੱਗੇ ਸਾਰਨੀ ਦੁਆਰਾ ਪੇਸ਼ ਕੀਤਾ ਗਿਆ ਹੈ। ਬਾਣੀ-ਰੂਪ ਚਉਪਦਾ ਵਧੇਰੇ ਸਿਰਲੇਖਾਂ ਅਨੁਸਾਰ ਦਰਜ ਹੈ। ਇਸ ਤੋਂ ਇਲਾਵਾ ਕੁਝ ਸਿਰਲੇਖਾਂ ਵਿਚ ਦੁਪਦਾ, ਤਿਪਦਾ, ਪੰਚਪਦਾ ਵੀ ਅੰਕਿਤ ਹੈ। ਇਹਨਾਂ ਵਿਚ ਵੀ ਚਉਪਦੇ ਸ਼ਾਮਲ ਹਨ। ਇਸ ਪ੍ਰਕਾਰ ਬਾਣੀ-ਰੂਪ ਚਉਪਦਾ ਮਿਸ਼ਰਿਤ ਸਿਰਲੇਖਾਂ ਵਿਚ ਸ਼ਾਮਲ ਹੈ। ਬਾਣੀ-ਰੂਪ ਚਉਪਦਾ ਵਿਚ ਹਰ ਰਾਗ ਦੇ ਅਰੰਭ ਤੇ ਮਹਲਾ ਪ੍ਰਬੰਧ ਦਰਜ ਹੈ। ਇਸ ਤੋਂ ਇਲਾਵਾ ਅਸ਼ਟਪਦੀਆਂ, ਵਾਰਾਂ, ਛੰਤ ਅਤੇ ਹੋਰ ਬਾਣੀ-ਰੂਪਾਂ ਤੋਂ ਬਾਅਦ ਭਗਤਾਂ ਦੇ ਚਉਪਦੇ ਸ਼ਾਮਲ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਲੋਕ ਪਰੰਪਰਾ ਵਿਚ ਪ੍ਰਚਲਿਤ ਲੋਕ ਕਾਵਿ-ਰੂਪ ਲੋਕ-ਗੀਤ ਦੀ ਸਿਰਜਣਾ ਹਨ ਜਿਸ ਰਾਹੀਂ ਸਮੂਹ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਲੋਕ ਸਾਹਿਤ ਦੇ ਮੁਹਾਂਦਰੇ ਨੂੰ ਬਾਣੀ ਰੂਪ ਵਿਚ ਪੇਸ਼ ਕਰਨਾ ਜ਼ਰੂਰੀ ਸੀ। ਆਮ ਜਨ ਸਧਾਰਨ ਵੀ ਗੁਰਬਾਣੀ ਵਿਚ ਰੁਚੀ ਰੱਖਦਾ ਸੀ। ਬਾਣੀ-ਰੂਪ ਚਉਪਦਾ ਵੀ ਸਮੂਹ ਦੀਆਂ ਮਾਨਸਿਕ ਅੰਤਰ ਦ੍ਰਿਸ਼ਟੀਆਂ ਨੂੰ ਪੇਸ਼ ਕਰਦਾ ਹੈ। ਹਰ ਖੁਸ਼ੀ-ਗਮੀ ਦੇ ਸਮੇਂ ਬਾਣੀ-ਰੂਪ ਚਉਪਦੇ ਦਾ ਗਾਇਨ ਕੀਤਾ ਜਾਂਦਾ ਹੈ। ਇਸ ਨਾਲ ਸਮਾਜ ਵਿਚ ਬਾਣੀ-ਰੂਪ ਚਉਪਦੇ ਦਾ ਵਿਕਾਸ ਹੋਇਆ। ਇਸ ਤਰ੍ਹਾਂ ਬਾਣੀ-ਰੂਪ ਚਉਪਦਾ ਲੋਕ ਜੀਵਨ ਦਾ ਅੰਗ ਬਣ ਗਿਆ।

ਪੰਜਾਬੀ ਸਾਹਿਤ ਵਿਚ ਬਾਣੀ-ਰੂਪ ਚਉਪਦਾ ਸੰਬੰਧੀ ਤਿੰਨ ਰੂਪਾਂ ਵਿਚ ਹੋਏ ਖੋਜ ਕਾਰਜਾਂ ਦੀ ਜਾਣਕਾਰੀ ਮਿਲਦੀ ਹੈ। ਇਸ ਪ੍ਰਕਾਰ ਪੁਸਤਕਾਂ ਦੇ ਰੂਪ ਵਿਚ ਹੋਏ ਖੋਜ ਕਾਰਜ, ਕੋਸ਼ ਦੇ ਰੂਪ ਵਿਚ ਹੋਏ ਖੋਜ ਕਾਰਜ ਅਤੇ ਖੋਜ ਪ੍ਰਬੰਧ ਦੇ ਰੂਪ ਵਿਚ ਹੋਏ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ ਕੀਤਾ ਗਿਆ ਹੈ।

**ਅਧਿਐਨ ਪੁਸਤਕਾਂ**

**ਬਾਣੀ ਬਿਉਰਾ :** ਚਰਨ ਸਿੰਘ ਦੀ ਪੁਸਤਕ *ਬਾਣੀ ਬਿਉਰਾ* 1913ਵਿਚ ਪ੍ਰਕਾਸ਼ਿਤ ਕੀਤੀ ਗਈ। ਚਰਨ ਸਿੰਘ ਭਾਈ ਵੀਰ ਸਿੰਘ ਦੇ ਪਿਤਾ ਸਨ। ਚਰਨ ਸਿੰਘ ਦੁਆਰਾ ਇਸ ਪੁਸਤਕ ਦਾ ਬਹੁਤ ਗੰਭੀਰ ਅਧਿਐਨ ਕੀਤਾ ਗਿਆ ਹੈ। ਉਹਨਾਂ ਨੇ ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਸਿਰਲੇਖ ਸੰਬੰਧੀ ਜਾਣਕਾਰੀ ਸ਼ਾਮਲ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਜਾਣਕਾਰੀ ਚੱਕਰਾਂ ਦੇ ਰੂਪ ਵਿਚ ਪੇਸ਼ ਹੈ। ਹਰ ਰਾਗ ਦੀ ਸੰਪੂਰਨ ਜਾਣਕਾਰੀ ਲਈ ਉਸ ਰਾਗ ਨੂੰ ਅਲਗ ਚੱਕਰ ਨੰਬਰ ਦਿੱਤਾ ਗਿਆ ਹੈ, ਜਿਵੇਂ ਸਿਰੀਰਾਗੁ ਨੂੰ ਚੱਕਰ ਨੰ: 1, ਮਾਝ ਰਾਗੁ ਨੂੰ ਚੱਕਰ ਨੰ: 2, ਆਦਿ। ਹਰ ਚੱਕਰ ਰਾਹੀਂ ਉਸ ਰਾਗ ਦੇ ਇਕਪਦੇ, ਦੁਪਦੇ, ਤਿਪਦੇ, ਚਉਪਦੇ,

ਪੰਚਪਦੇ, ਛਿਪਦੇ, ਅਸ਼ਟਪਦੀਆਂ, ਵਾਰਾਂ, ਸਲੋਕਾਂ, ਪਹਰੇ ਆਦਿ ਕਾਵਿ-ਰੂਪਾਂ ਦੀ ਜਾਣਕਾਰੀ ਸ਼ਾਮਲ ਹੈ। ਇਸ ਜਾਣਕਾਰੀ ਨਾਲ ਉਸ ਇਕ ਰਾਗ ਦਾ ਬਿਉਰਾ ਸਾਹਮਣੇ ਆ ਜਾਂਦਾ ਹੈ।

ਇਸ ਪੁਸਤਕ ਵਿਚ ਉਹਨਾਂ ਨੇ ਚਾਰ ਪਦਾਂ ਦੀ ਸੂਚਨਾ ਪੇਸ਼ ਕਰਨ ਨੂੰ ਚਉਪਦਾ ਕਿਹਾ ਹੈ। ਇਸ ਤੋਂ ਬਾਅਦ ਉਹ ਚਉਪਦੇ ਨੂੰ ਸੰਗੀਤ ਨਾਲ ਸੰਬੰਧਿਤ ਕਰਕੇ ਕਹਿੰਦੇ ਹਨ। "ਸੰਗੀਤ ਵਿਦਯਾ ਵਿਚ ਚਤੁਸ਼ਪਦੀ ਪ੍ਰਬੰਧ ਕਰਕੇ ਲਿਖਿਆ ਹੈ, ਜਿਹਾ ਕਿ ਪਹਿਲੇ ਤੀਸਰੇ ਚਰਨ ਵਿਚ 15 ਮਾਤਰਾ ਹੋਣ, ਦੂਜੇ, ਚੌਥੇ ਚਰਨ ਵਿਚ 16-16 ਮਾਤ੍ਰਾਂ ਹੋਣ।"1 ਇਸ ਸੰਕੇਤ ਰਾਹੀਂ ਚਰਨ ਸਿੰਘ ਚਉਪਦਿਆਂ ਨੂੰ ਛੰਦ ਦੇ ਰੂਪ ਨਾਲ ਜੋੜਨ ਦੀ ਜਾਣਕਾਰੀ ਦੇ ਰਹੇ ਹਨ। ਕਿਸੇ ਚਉਪਦੇ ਦੇ ਰੂਪ ਨੂੰ ਵੇਖਣ ਦੀ ਇਹ ਤਕਨੀਕ ਚਉਪਦਿਆਂ ਦੇ ਛੰਦ ਅਨੁਸਾਰ ਹੋਣ ਦਾ ਪ੍ਰਮਾਣ ਦਿੰਦੀ ਹੈ। ਚਤੁਸ਼ਪਦੀ ਛੰਦ ਦਾ ਨਾਂ ਹੈ ਜਿਸ ਵਿਚ 30 ਮਾਤਰਾ ਹੁੰਦੀਆਂ ਹਨ। ਉਸ ਸਮੇਂ ਤੋਂ ਚਰਨ ਸਿੰਘ ਦੁਆਰਾ ਚਉਪਦਿਆਂ ਵਿਚ ਛੰਦ ਨੂੰ ਘੋਖਣਾ, ਉਹਨਾਂ ਦੀ ਪਾਰਖੂ ਦ੍ਰਿਸ਼ਟੀ ਦਾ ਪ੍ਰਮਾਣ ਹੈ।

**ਗੁਰੂ ਨਾਨਕ ਚਿੰਤਨ ਤੇ ਕਲਾ** : *ਗੁਰੂ ਨਾਨਕ ਚਿੰਤਨ ਤੇ ਕਲਾ* ਪੁਸਤਕ ਤਾਰਨ ਸਿੰਘ ਦੁਆਰਾ 1969 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਰਾਗਾਂ ਵਿਚ ਵਰਤੇ ਚਉਪਦਿਆਂ ਨੂੰ ਸਾਰਨੀ ਅਨੁਸਾਰ ਪੇਸ਼ ਕੀਤਾ ਹੈ। ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਚਉਪਦਿਆਂ ਵਿਚ ਛੰਦ ਦੀ ਵਰਤੋਂ ਦਾ ਸੰਕੇਤ ਦਿੱਤਾ ਹੈ। "ਗੁਰੂ ਨਾਨਕ ਸਾਹਿਬ ਨੇ ਵਧ ਗਿਣਤੀ ਵਿਚ ਐਸੇ ਪਦੇ ਲਿਖੇ ਹਨ ਜਿਨ੍ਹਾਂ ਵਿਚ ਚਾਰ ਬੰਦ ਹਨ ਤੇ ਹਰ ਬੰਦ ਦੋ ਤਿੰਨ ਜਾਂ ਚਾਰ ਸਤਰਾਂ ਜਾਂ ਚਰਣਾ ਦਾ ਹੈ। ਚਉਪਦੇ ਦੇ ਸਨਾਤਨ ਰੂਪ ਵਿਚ ਪਹਿਲੇ ਤੇ ਤੀਜੇ ਚਰਣ ਵਿਚ 15 ਮਾਤਰਾਂ ਤੇ ਦੂਜੇ ਤੇ ਚੌਥੇ ਵਿਚ 16 ਮਾਤਰਾਂ ਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਨੇ ਬਹੁਤ ਥਾਵਾਂ `ਤੇ ਇਸ ਰੂਪ ਨੂੰ ਹੀ ਨਿਭਾਇਆ ਹੈ।"2 ਲੇਖਕ ਨੇ ਇਸ ਸੰਕਲਪ ਰਾਹੀਂ ਚੌਪਈ ਛੰਦ ਦਾ ਰੂਪ ਦੱਸਦੇ ਹੋਇਆ, ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਚਉਪਦਿਆਂ ਵਿਚ ਵਧੇਰੇ ਚਉਪਦੇ ਚੌਪਈ ਛੰਦ ਅਨੁਸਾਰ ਹਨ।

ਇਸ ਤੋਂ ਇਲਾਵਾ ਉਹਨਾਂ ਨੇ ਇਸ ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦੁਆਰਾ, ਹਰ ਰਾਗ ਵਿਚ ਰਚੇ ਇਕ ਚਉਪਦੇ ਦੀ ਉਦਾਹਰਨ ਨੂੰ ਵੀ ਪੇਸ਼ ਕੀਤਾ ਹੈ। ਹਰ ਰਾਗ ਵਿਚ ਗੁਰੂ ਨਾਨਕ ਸਾਹਿਬ ਦੇ ਚਉਪਦਿਆਂ ਦੀ ਸੂਚਨਾ ਮਿਲਦੀ ਹੈ। ਲੇਖਕ ਅਨੁਸਾਰ ਹਰ ਰਾਗ ਨਾਲ ਚਉਪਦੇ ਦਾ ਸੰਬੰਧ ਹੁੰਦਾ, ਇਸ ਵਿਚਾਰ ਨੂੰ ਵੀ ਪੇਸ਼ ਕੀਤਾ ਗਿਆ ਹੈ। ਰਾਗ ਦੇ ਪ੍ਰਭਾਵ ਨੂੰ ਚਉਪਦੇ ਤੇ ਇਸ ਪ੍ਰਕਾਰ ਵੇਖਿਆ ਗਿਆ ਹੈ ਜਿਵੇਂ :- "ਧਨਾਸਰੀ ਰਾਗ ਦੇ ਚਉਪਦੇ ਮਨੁੱਖ ਵਿਚ ਆਪਣੇ ਪਾਪਾਂ ਦਾ ਵਿਚਾਰ ਕਰਕੇ ਡਰਦਾ ਹੈ।"3

ਜੀਉ ਡਰਤ ਹੈ ਆਪਣਾ ਕੈ ਸਿਉਕਰੀ ਪੁਕਾਰ॥ (ਗੁ. ਗ੍ਰੰ. 660)

ਇਸ ਸੰਕਲਪ ਨਾਲ ਲੇਖਕ ਰਾਗਾਂ ਦਾ ਪ੍ਰਭਾਵ ਚਉਪਦਿਆਂ ਦੇ ਵਿਸ਼ੇ ਰਾਹੀਂ ਪੇਸ਼ ਕਰਨ ਦਾ ਸੰਕੇਤ ਦੇ ਰਿਹਾ ਹੈ।

**ਗੁਰੂ ਨਾਨਕ ਕਾਵਿ-ਕਲਾ :** *ਗੁਰੂ ਨਾਨਕ ਕਾਵਿ ਕਲਾ* ਪੁਸਤਕ ਕਾਲਾ ਸਿੰਘ ਬੇਦੀ ਦੁਆਰਾ 1972 ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦੇ ਚੌਦਵੇਂ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਪੇਸ਼ ਕੀਤੇ ਕਾਵਿ-ਰੂਪਾਂ ਉਪਰ ਵਿਚਾਰ ਕੀਤੀ ਗਈ ਹੈ। ਲੇਖਕ ਨੇ ਸਾਰਨੀ ਦੁਆਰਾ ਗੁਰੂ ਨਾਨਕ ਬਾਣੀ ਵਿਚ ਆਏ, ਸਾਰੇ ਪਦਿਆਂ ਦੀ ਸਾਰਨੀ ਪੇਸ਼ ਕੀਤੀ ਹੈ। ਇਸ ਸਾਰਨੀ ਵਿਚ ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਦੀ ਗਿਣਤੀ ਵੀ ਦਰਸਾਈ ਗਈ ਹੈ। ਇਸ ਵਿਚ ਚਉਪਦਿਆਂ ਦੀ ਗਿਣਤੀ 167 ਦੱਸੀ ਗਈ ਹੈ। ਲੇਖਕ ਪਦਿਆਂ ਨੂੰ ਸ਼ਬਦ ਕਹਿ ਕੇ ਗਾਇਨ ਪੱਖ ਦੁਆਰਾ ਛੰਦ ਦੇ ਰੂਪ ਨਾਲ ਜੋੜਦਾ ਹੈ। "ਪਦੇ ਵਿਚ ਮਾਤ੍ਰਿਕ ਪ੍ਰਬੰਧ ਦੇ ਅਨੇਕ ਰੂਪ ਹਨ। ਹਰ ਰਾਗ ਅਨੁਸਾਰ ਮਾਤ੍ਰਿਕ ਪ੍ਰਬੰਧ ਵਿਚ ਤਬਦੀਲੀ ਕੀਤੀ ਗਈ ਹੈ।"4 ਲੇੇਖਕ ਦਾ ਸੰਕੇਤ ਮਾਤ੍ਰਿਕ ਪ੍ਰਬੰਧ ਰਾਹੀਂ ਛੰਦਾਂ ਦੇ ਅਲਗ ਅਲਗ ਰੂਪਾਂ ਬਾਰੇ ਦੱਸਣਾ ਹੈ। ਹਰ ਰਾਗ ਵਿਚ ਮਾਤ੍ਰਿਕ ਛੰਦਾਂ ਅਨੁਸਾਰ ਚਉਪਦਿਆਂ ਦਾ ਰੂਪ ਵੱਖਰਾ ਹੈ।

ਇਸ ਪੁਸਤਕ ਵਿਚ ਕਾਲਾ ਸਿੰਘ ਬੇਦੀ ਦੁਆਰਾ ਪੇਸ਼ ਸਾਰਨੀ ਵਿਚ ਇਕ ਪਦੇ ਨੂੰ ਅੰਕਿਤ ਨਹੀਂ ਕੀਤਾ ਗਿਆ। ਰਾਗ ਆਸਾ ਅਤੇ ਰਾਗ ਵਡਹੰਸੁ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਇਕ ਚਉਪਦਾ ਹੈ। ਉਹ ਚਉਪਦਿਆਂ ਨੂੰ ਮਾਤਰਾਵਾਂ ਦੀ ਗਿਣਤੀ ਰਾਹੀਂ ਪੇਸ਼ ਕਰਦਾ ਹੈ। ਉਹਨਾਂ ਨੇ ਕੁਝ ਚਉਪਦਿਆਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਹਨ। ਉਹ ਮਾਤਰਾਵਾਂ ਦੀ ਗਿਣਤੀ ਨੂੰ ਛੰਦ ਅਨੁਸਾਰ ਘੱਟ ਵੱਧ ਕਰਨ ਨਾਲ ਸਹਿਮਤ ਹਨ। ਇਸ ਤੋਂ ਇਲਾਵਾ ਲੇਖਕ ਨੇ ਇਸ ਪੁਸਤਕ ਵਿਚ ਚਉਪਦਿਆਂ ਦੀਆਂ ਤੁਕਾਂ ਵਿਚ ਮਾਤਰਾਵਾਂ ਦੀ ਗਿਣਤੀ ਨੂੰ ਪੇਸ਼ ਕੀਤਾ ਹੈ। ਇਹਨਾਂ ਨੇ ਛੰਦਾਂ ਬਾਰੇ ਜਾਣਕਾਰੀ ਪੇਸ਼ ਨਹੀਂ ਕੀਤੀ। ਇਸ ਨੁਕਤੇ ਨੂੰ ਪੇਸ਼ ਕਰਕੇ ਉਹ ਚਉਪਦਿਆਂ ਦੇ ਰੂਪ ਨੂੰ ਛੰਦ ਅਨੁਸਾਰ ਕਰਨ ਦਾ ਸੰਕੇਤ ਦੇ ਰਹੇ ਹਨ।

**ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ :** *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼* ਪੁਸਤਕ ਪਿਆਰਾ ਸਿੰਘ ਪਦਮ ਦੁਆਰਾ 1977 ਵਿਚ ਪ੍ਰਕਾਸ਼ਿਤ ਕੀਤੀ ਗਈ। ਉਹ ਪਦੇ ਨੂੰ ਸੰਸਕ੍ਰਿਤ ਦੇ ਪਦਯ ਸ਼ਬਦ ਅਨੁਸਾਰ ਪੇਸ਼ ਕਰਦੇ ਹਨ। "ਸੰਸਕ੍ਰਿਤ ਵਿਚ ਪਦਯ ਛੰਦਬੱਧ ਰਚਨਾ ਨੂੰ ਕਹਿੰਦੇ ਹਨ। ਇਸੇ ਤੋਂ ਪਦਾ ਸੰਕੇਤ ਬਣਿਆ ਹੈ। ਪਦ ਦਾ ਅਰਥ ਲਫ਼ਜ਼ ਵੀ ਹੈ,'ਛੰਦ ਦੀ ਤੁਕ' ਜਾਂ 'ਬਹੁਤੀਆਂ ਤੁਕਾਂ'। ਸਰਗੁਣ-ਵਾਦੀ ਭਗਤ ਵਿਸ਼ਨੂ ਮਹਿਮਾ ਦੇ ਪਦਿਆਂ ਨੂੰ ਵਿਸ਼ਨਪਦੇ ਆਖਦੇ ਹਨ ਤੇ ਇਹ ਲੋਕ ਜ਼ਿਆਦਾ ਇਨਾਂ ਨੂੰ ਟੋਲੀਆਂ ਦੇ ਰੂਪ ਵਿਚ ਜੁੜ ਕੇ ਕਿੰਗਰੀ ਖੜਤਾਲ, ਮ੍ਰਿਦੰਗ ਆਦਿ ਨਾਲ ਗਾਇਨ ਕਰਦੇ ਸਨ।"5 ਸੰਸਕ੍ਰਿਤ ਵਿਚ ਤੁਕਾਂ ਨੂੰ ਛੰਦਬੱਧ ਕਰਕੇ ਪਦੇ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ। ਪਦਿਆਂ ਨੂੰ ਉਸ ਸਮੇਂ ਵੀ ਸਾਜ਼ਾਂ ਅਨੁਸਾਰ ਗਾਇਨ ਕੀਤਾ ਜਾਂਦਾ ਸੀ।

ਇਸ ਤਰਾਂ ਗੁਰਬਾਣੀ ਵਿਚ ਸਲੋਕਾਂ ਤੋਂ ਬਾਅਦ ਪਦੇ ਹੋਂਦ ਵਿਚ ਆਏ। ਇਹਨਾਂ ਪਦਿਆਂ ਵਿਚ ਇਕ ਤੁਕ ਦੀ ਛੰਦਾਬੰਦੀ ਨਹੀਂ ਕੀਤੀ ਜਾਂਦੀ ਬਲਕਿ ਪੂਰੇ ਸ਼ਬਦ ਦੇ ਬੰਦਾਂ ਦਾ ਰੂਪ ਦੱਸਿਆ ਜਾਂਦਾ ਹੈ। ਇਹਨਾਂ ਪਦਿਆਂ ਵਿਚ ਵਿਸ਼ੇ ਦੀ ਪ੍ਰਮੁੱਖਤਾ ਹੁੰਦੀ ਹੈ। ਇਸ ਕਾਰਨ ਮਾਤਰਾਵਾਂ ਘੱਟ ਵਧ ਜਾਂਦੀਆਂ ਹਨ। ਇਸ ਪ੍ਰਕਾਰ ਲੇਖਕ ਨੇ ਚਉਪਦੇ ਦੀਆਂ ਉਦਾਹਰਨਾਂ ਪੇਸ਼ ਕੀਤੀਆਂ

ਹਨ। ਉਹਨਾਂ ਚਉਪਦਿਆਂ ਦਾ ਰੂਪ ਛੰਦ ਅਨੁਸਾਰ ਹੋਣ ਦਾ ਸੰਕੇਤ ਦਿੱਤਾ ਹੈ। ਅਜਿਹੇ ਸੰਕੇਤ ਦੇ ਕੇ ਲੇਖਕ ਚਉਪਦਿਆਂ ਦੇ ਛੰਦ ਪ੍ਰਬੰਧ ਵੱਲ ਧਿਆਨ ਕੇਂਦਰਿਤ ਕਰਨਾ ਚਾਹੰੁਦਾ ਹੈ।

**ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ :** *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ* ਪੁਸਤਕ ਡਾ. ਮਨਮੋਹਨ ਸਹਿਗਲ ਦੁਆਰਾ 1987 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਵਿਚ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਸਰਵਪੱਖੀ ਅਧਿਐਨ ਕੀਤਾ ਹੈ। ਇਸ ਪੁਸਤਕ ਦੇ ਪਹਿਲੇ ਅਧਿਆਇ ਵਿਚ ਉਹਨਾਂ ਨੇ ਚਉਪਦਿਆਂ ਨੂੰ ਗੁਰਬਾਣੀ ਦੀ ਅੰਦੂਰਨੀ ਸਿਰਲੇਖ ਤਰਤੀਬ ਰਾਹੀਂ ਵਾਚਿਆ ਹੈ। ਇਸ ਸਿਰਲੇਖ ਵਿਚ ਹਰ ਰਾਗ ਦੇ ਕ੍ਰਮ ਅਨੁਸਾਰ ਗੁਰੂ ਸਾਹਿਬਾਨ ਦੀ ਦਰਜ ਬਾਣੀ ਨੂੰ ਅੰਕਣ ਪ੍ਰਬੰਧ ਵਿਚ ਪੇਸ਼ ਕੀਤਾ ਹੈ। “ਹਰੇਕ ਚਉਪਦੇ ਦੇ ਵਿਚ ਚਾਰ ਚਾਰ ਪੰਗਤੀਆਂ ਹਨ, ਇਸ ਲਈ ਹਰੇਕ ਪੰਗਤੀ ਦੇ ਨਾਲ 1, 2, 3, 4 ਅੰਕ ਦਿੱਤੇ ਹਨ। ਹਰੇਕ 4 ਤੋਂ ਪਿਛੋਂ ਕੁਲ ਚਉਪਦਿਆਂ ਦੀ ਗਿਣਤੀ ਦਿੱਤੀ ਹੈ। ਇਸ ਵਿਚ 1 ਦੇ 33 ਚਉਪਦੇ ਹਨ, ਇਸ ਤਰ੍ਹਾਂ ਪਹਿਲੇ ਭਾਗ ਵਿਚ ਆਖਰੀ ਅਕੜੇ 4:33 ਹਨ।”6 ਇਸ ਢੰਗ ਨਾਲ ਚਉਪਦਿਆਂ ਦੀ ਗਿਣਤੀ ਪੇਸ਼ ਕਰਨ ਨਾਲ ਕੁੱਲ ਗਿਣਤੀ ਕਰਨੀ ਆਸਾਨ ਹੋ ਜਾਂਦੀ ਹੈ। ਹਰੇਕ ਮਹਲਾ ਪ੍ਰਬੰਧ ਅਤੇ ਰਾਗ ਵਿਚ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ।

ਡਾ. ਮਨਮੋਹਨ ਸਹਿਗਲ ਨੇ ਚਉਪਦਿਆਂ ਦੀ ਤਰਤੀਬ ਨੂੰ ਅੰਕਣ ਪ੍ਰਬੰਧ ਅਨੁਸਾਰ ਉਲੀਕ ਕੇ ਸ਼ਬਦਾਵਲੀ ਤੋਂ ਬਿਨਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਚਉਪਦੇ ਦੀ ਬਣਤਰ ਨੂੰ ਪੇਸ਼ ਕਰਨ ਦਾ ਨਿਵੇਕਲਾ ਢੰਗ ਹੈ। ਇਸ ਤੋਂ ਬਾਅਦ ਉਹ ਚਉਪਦਿਆਂ ਦੀ ਕੁੱਲ ਗਿਣਤੀ ਨੂੰ ਪੇਸ਼ ਕਰਨ ਵਾਸਤੇ ਗੁਰੂ ਅਮਰਦਾਸ ਜੀ ਦੇ ਚਉਪਦਿਆਂ ਦੀ ਕੁੱਲ ਗਿਣਤੀ ਨੂੰ ਅੰਕਿਤ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ 33 ਚਉਪਦੇ ਅਤੇ ਗੁਰੂ ਅਮਰਦਾਸ ਜੀ ਦੇ 31 ਚਉਪਦਿਆਂ ਦੇ ਜੋੜ ਨੂੰ 4:33:31:64 ਅਨੁਸਾਰ ਪੇਸ਼ ਕਰਦੇ ਹਨ। ਅੰਕ 4 ਚਉਪਦਿਆਂ ਦਾ ਸੰਕੇਤ ਦੇ ਰਿਹਾ ਹੈ। 33 ਅਤੇ 31 ਦੇ ਜੋੜ ਦੁਆਰਾ ਕੁਲ ਚਉਪਦੇ 64 ਪੇਸ਼ ਕੀਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਢੰਗ ਨਾਲ ਹੋਰ ਗੁਰੂਆਂ ਅਤੇ ਭਗਤਾਂ ਦੇ ਚਉਪਦਿਆਂ ਦਾ ਅੰਕਣ ਪ੍ਰਬੰਧ ਅੰਕਿਤ ਹੈ। ਇਸ ਪ੍ਰਕਾਰ ਲੇਖਕ ਗੁਰੂ ਅਰਜਨ ਦੇਵ ਜੀ ਦੁਆਰਾ ਪੇਸ਼ ਅੰਕਣ ਪ੍ਰਬੰਧ ਪਾਠਕਾਂ ਨੂੰ ਸਮਝਾਉਣ ਵਿਚ ਸਫਲ ਰਿਹਾ ਹੈ।

**ਆਦਿ ਗ੍ਰੰਥ ਰੂਪ ਰਚਨਾ :** *ਆਦਿ ਗ੍ਰੰਥ ਰੂਪ ਰਚਨਾ* ਪੁਸਤਕ ਮਹਿੰਦਰ ਕੌਰ ਗਿੱਲ ਦੁਆਰਾ 1989 ਵਿਚ ਪ੍ਰਕਾਸ਼ਿਤ ਕੀਤੀ ਗਈ। ਇਸ ਪੁਸਤਕ ਦੇ ਸਾਹਿਤਕ ਰੂਪ ਸਿਰਲੇਖ ਅਧੀਨ ਪਦਾ ਕਾਵਿ-ਰੂਪ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਚਉਪਦਿਆਂ ਦੇ ਸਿਰਲੇਖ ਇਸ ਦੀ ਬਣਤਰ ਸੰਬੰਧੀ ਢੁਕਵੀਂ ਜਾਣਕਾਰੀ ਦਿੰਦੇ ਹਨ। ਚਉਪਦਿਆਂ ਦੀ ਦੂਜੀ ਪਛਾਣ ਉਹਨਾਂ ਦਾ ਰਾਗ ਅਧੀਨ ਹੋਣਾ ਹੈ। ਇਹ ਪ੍ਰਗੀਤ ਦੀ ਤਰ੍ਹਾਂ ਹੁੰਦੇ ਹਨ। ਇਹਨਾਂ ਵਿਚ ਸੰਚਾਰ ਦਾ ਢੁਕਵਾਂ ਸਾਧਨ ਰਹਾਉ ਦੀਆਂ ਪੰਕਤੀਆਂ ਹਨ। ਇਕ ਤੋਂ ਵਧੇਰੇ ਰਹਾਉ ਦੀ ਵਰਤੋਂ ਪਾਠਕ ਦੇ ਮਨੋਭਾਵਾਂ ਦੀ ਤੀਬਰਤਾ ਨੂੰ ਬੁਣਦੀ ਹੈ। ਚਉਪਦਿਆਂ ਰਾਹੀਂ ਗੁਰੂ ਸਾਹਿਬਾਨ ਨੇ ਮਨੁੱਖੀ ਮਨੋਸਥਿਤੀ, ਆਤਮਿਕ ਮਿਲਾਪ ਦੀ ਇੱਛਾ ਦੇ ਭਾਵਾਂ ਨੂੰ ਛੂਹਿਆ ਹੈ। ਇਸ ਪ੍ਰਕਾਰ ਚਉਪਦਿਆਂ ਦੇ ਪ੍ਰਭਾਵ ਤੋਂ ਲੋਕ ਜੀਵਨ ਮੁਨਕਰ ਨਹੀਂ ਹੋ ਸਕਦਾ।

ਲੇਖਿਕਾ ਅਨੁਸਾਰ "ਪਦਾ ਰੂਪ ਵਿਚ ਛੰਦਾਂ ਦੀ ਵਰਤੋਂ ਤਾਂ ਹੈ ਪਰ ਛੰਦ ਵਿਧਾਨ ਨੂੰ ਕਰੜੀ ਸ਼ਾਸਤ੍ਰੀਅਤਾਂ ਦੀ ਗੁਲਾਮੀ ਨਹੀਂ।"7 ਲੇਖਿਕਾ ਇਸ ਵਿਚਾਰ ਨਾਲ ਸਹਿਮਤ ਹੈ ਕਿ ਚਉਪਦਾ ਕਾਵਿ-ਰੂਪ ਛੰਦ ਦੇ ਪ੍ਰਭਾਵ ਅਧੀਨ ਹੈ ਪਰੰਤੂ ਇਸ ਪੁਸਤਕ ਵਿਚ ਕਿਸੇ ਚਉਪਦੇ ਦੀ ਉਦਾਹਰਨ ਰਾਹੀਂ ਛੰਦ ਦਾ ਸੰਕੇਤ ਨਹੀਂ ਦਿੱਤਾ ਗਿਆ।

**ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ ਭਾਗ ੧ ਬਾਣੀ ਬਿਉਰਾ :** *ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ ਭਾਗ ੧ ਬਾਣੀ ਬਿਉਰਾ* ਪੁਸਤਕ ਭਾਈ ਜੋਗਿੰਦਰ ਸਿੰਘ ਤਲਵਾੜਾ ਵੱਲੋਂ 1992 ਵਿਚ ਪ੍ਰਕਾਸ਼ਿਤ ਕੀਤੀ ਗਈ। ਉਹਨਾਂ ਨੇ ਇਸ ਪੁਸਤਕ ਦੀ ਸੰਪਾਦਨਾ, ਚਰਨ ਸਿੰਘ ਦੀ ਪੁਸਤਕ ਬਾਣੀ ਬਿਉਰਾ ਦੀ ਪ੍ਰਕਾਸ਼ਨਾ ਨਾ ਹੋਣ ਕਰਕੇ ਕੀਤੀ। ਉਹਨਾਂ ਨੇ ਇਸ ਪੁਸਤਕ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸੰਪੂਰਨ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਲੇਖਕ ਨੇ ਚਰਨ ਸਿੰਘ ਦੀ ਪੁਸਤਕ ਨੂੰ ਆਧਾਰ ਬਣਾ ਕੇ ਅੰਕਣ ਪ੍ਰਬੰਧ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਨੇ ਅੰਕਣ ਪ੍ਰਬੰਧ ਦਾ ਜੋੜ 1365 ਦੱਸਿਆ ਹੈ। ਲੇਖਕ ਨੇ ਇਸ ਪੁਸਤਕ ਦੇ ਦੂਜੇ ਭਾਗ ਵਿਚ ਮਹਾਨ ਕੋਸ਼ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਹਰ ਸਿਰਲੇਖ ਨੂੰ ਸੰਕੇਤਕ ਟਿੱਪਣੀ ਦੇ ਤੌਰ `ਤੇ ਪੇਸ਼ ਕੀਤਾ ਹੈ। ਚਉਪਦੇ ਸੰਬੰਧੀ ਉਹਨਾਂ ਦਾ ਵਿਚਾਰ ਹੈ, "ਚਉਪਦਾ ਸ਼ਬਦ ਤੋਂ ਭਾਵ ਚਾਰ ਪਦਿਆਂ ਵਾਲਾ ਛੰਦ ਹੁੰਦਾ ਹੈ ਪਰ ਗੁਰਬਾਣੀ ਵਿਚ ਇਸ ਸ਼ਬਦ ਨੂੰ ਹੋਰ ਵਿਸ਼ਾਲ ਅਰਥਾਂ ਵਿਚ ਵਰਤਿਆ ਹੋਇਆ ਵੀ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖਾਰੀ ਸ਼ਾਖ ਦੀਆਂ ਹੱਥ ਲਿਖਤ ਬੀੜਾਂ ਵਿਚ ਸ਼ਬਦਾਂ, ਅਸ਼ਟਪਦੀਆਂ, ਛੰਤਾਂ ਆਦਿ ਵੱਖ-ਵੱਖ ਕਾਵਿ ਸ਼੍ਰੇਣੀਆਂ ਦੇ ਜੁਮਲੇ (ਜੋੜ) ਅੰਕਿਤ ਕੀਤੇ ਹੋਏ ਮਿਲਦੇ ਹਨ।"8 ਇਥੇ ਖਾਰੀ ਸ਼ਾਖ ਭਾਈ ਬੰਨੋ ਜੀ ਵਾਲੀ ਬੀੜ ਨੂੰ ਕਿਹਾ ਗਿਆ ਹੈ। ਲੇਖਕ ਇਸ ਸੰਕਲਪ ਨੂੰ ਅਰੰਭ ਤੋਂ ਹੀ ਬੀੜਾਂ ਵਿਚ ਰੂਪਮਾਨ ਹੋਇਆ ਦੱਸਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਦੇ ਸਿਰਲੇਖਸੰਬੰਧੀ ਜਾਣਕਾਰੀ ਡੂੰਘੇਰੇ ਅਧਿਐਨ ਦੁਆਰਾ ਪ੍ਰਾਪਤ ਹੁੰਦੀ ਹੈ। ਕੁਝ ਚਉਪਦਿਆਂ ਦੇ ਸਿਰਲੇਖ ਵਿਚ ਦੁਪਦੇ ਜਾਂ ਤਿਪਦੇ ਅੰਕਿਤ ਹਨ। ਇਸੇ ਤਰ੍ਹਾਂ ਦੁਪਦੇ ਅਤੇ ਤਿਪਦੇ ਦੇ ਸਿਰਲੇਖ ਵਿਚ ਚਉਪਦੇ ਅੰਕਿਤ ਹਨ। *ਗੁਰੂ ਗ੍ਰੰਥ ਸਾਹਿਬ* ਵਿਚ ਵਧੇਰੇ ਚਉਪਦੇ ਹੋਣ ਕਾਰਨ ਸਾਰੇ ਪਦਿਆਂ ਨੂੰ ਚਉਪਦੇ ਕਿਹਾ ਜਾਂਦਾ ਹੈ।

**ਗੁਰਮਤਿ ਕਾਵਿ ਦਾ ਇਤਿਹਾਸ :** *ਗੁਰਮਤਿ ਕਾਵਿ ਦਾ ਇਤਿਹਾਸ* ਪੁਸਤਕ ਡਾ. ਜਗਬੀਰ ਸਿੰਘ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿਚ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਜਾਣਕਾਰੀ ਦਿੱਤੀ। ਇਸ ਪੁਸਤਕ ਦੇ ਤੀਜੇ ਅਧਿਆਇ ਵਿਚ ਉਹਨਾਂ ਨੇ ਗੁਰਮਤਿ ਕਾਵਿਧਾਰਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਦੇ ਅੰਕਣ ਪ੍ਰਬੰਧ ਦਾ ਵੇਰਵਾ ਅਤੇ ਕਾਵਿ-ਰੂਪਾਂ ਦੀ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਵਿਚ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ ਸ਼ਬਦਾਂ ਦੀ ਗਿਣਤੀ 2026 ਦੱਸੀ ਹੈ। ਉਹ ਸਾਹਿਤ ਕੋਸ਼ ਦੇ ਹਵਾਲੇ ਨਾਲ "ਚਉਪਦੇ ਨੂੰ ਛੰਦ ਵਿਧਾਨ ਨਹੀਂ ਬਲਕਿ ਸ਼ੈਲੀਗਤ ਕਾਵਿ-ਭੇਦ ਮੰਨਦੇ ਹਨ। ਇਹ ਪਦੇ ਛੰਦ ਸ਼ਾਸਤ੍ਰ ਦੀਆਂ ਮਾਤ੍ਰਾਵਾਂ ਦੀ ਕੈਦ ਵਿਚ ਨਹੀਂ ਬੰਨ੍ਹੇ ਗਏ।"9 ਚਉਪਦੇ ਦੀ ਪਛਾਣ ਉਸ ਦੇ ਬੰਦਾਂ ਦੀ ਗਿਣਤੀ ਤੋਂ ਕਰਦੇ ਹਨ। ਇਸ ਤੋਂ

ਇਲਾਵਾ ਚਉਪਦੇ ਵਿਚ ਰਹਾਉ ਦੀਆਂ ਪੰਕਤੀਆਂ ਨੂੰ ਸੰਚਾਰ ਦਾ ਅਸਲ ਸਾਧਨ ਕਹਿੰਦੇ ਹਨ। ਇਸ ਦੀ ਵਰਤੋਂ ਗੁਰੂਆਂ, ਭਗਤਾਂ ਦੁਆਰਾ ਕੀਤੀ ਗਈ।

ਡਾ. ਜਗਬੀਰ ਸਿੰਘ ਦੁਆਰਾ ਕੁਲ ਸ਼ਬਦਾਂ ਭਾਵ ਇਕ ਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛਿਪਦਾ ਦੀ ਗਿਣਤੀ 2026 ਦੱਸੀ ਗਈ ਹੈ। ਇਹ ਗਿਣਤੀ 2365 ਹੈ। ਇਸ ਗਿਣਤੀ ਨੂੰ ਖੋਜ ਕਾਰਜ ਵਿਚ ਸਾਰਨੀ ਦੁਆਰਾ ਪੇਸ਼ ਕੀਤਾ ਗਿਆ ਹੈ। ਬਾਣੀ-ਰੂਪ ਚਉਪਦੇ ਵਿਚ ਤੁਕਾਂਤ ਦੀ ਸੁਮੇਲਤਾ ਇਹਨਾਂ ਦੇ ਛੰਦ ਹੋਣ ਦਾ ਪ੍ਰਮਾਣ ਹੈ। ਤੁਕਾਂ ਦੀਆਂ ਮਾਤਰਾਵਾਂ ਦੇ ਘੱਟ ਵੱਧ ਹੋਣ ਤੇ ਗਾਇਨ ਢੰਗ ਰਾਹੀਂ ਅਲਾਪ ਨੂੰ ਠੀਕ ਕਰ ਲਿਆ ਜਾਂਦਾ ਹੈ। ਬਾਣੀ ਦੇ ਚਉਪਦੇ ਛੰਦ ਅਨੁਸਾਰ ਹਨ। ਇਸ ਸੰਬੰਧੀ ਲੇਖਕ ਵੱਲੋਂ ਗੰਭੀਰ ਦ੍ਰਿਸ਼ਟੀ ਨਹੀਂ ਰੱਖੀ ਗਈ।

**ਕੋਸ਼ :**

ਪੰਜਾਬੀ ਕੋਸ਼ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੇ ਚਉਪਦਿਆਂ ਬਾਰੇ ਹੇਠ ਲਿਖੇ ਇੰਦਰਾਜ਼ ਦਰਜ ਹਨ। ਇਹਨਾਂ ਇੰਦਰਾਜ਼ਾਂ, ਨੂੰ ਕਾਲ ਕ੍ਰਮ ਅਨੁਸਾਰ ਪੇਸ਼ ਕੀਤਾ ਜਾ ਰਿਹਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ :** *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਦੀ ਪਹਿਲੀ ਐਡੀਸ਼ਨ 1899 ਵਿਚ ਭਾਈ ਹਜ਼ਾਰਾ ਸਿੰਘ ਵਲੋਂ ਛਾਪੀ ਗਈ। ਪਹਿਲੀ ਐਡੀਸ਼ਨ ਵਿਚ ਭਾਈ ਸਾਹਿਬ ਵੱਲੋਂ 'ਸ' ਅੱਖਰ ਦੇ ਇੰਦਰਾਜ਼ ਤੱਕ ਸੰਪੂਰਨਤਾ ਨਾਲ ਕਾਰਜ ਹੋਇਆ। ਇਸ ਤੋਂ ਬਾਅਦ ਹਜ਼ਾਰਾ ਸਿੰਘ ਦੇ ਦੋਹਤੇ ਭਾਈ ਵੀਰ ਸਿੰਘ ਦੁਆਰਾ 1927 ਵਿਚ ਦੂਜੀ ਸੈਂਚੀ ਨੂੰ ਦੂਜੇ ਐਡੀਸ਼ਨ ਦੇ ਤੌਰ `ਤੇ ਪੇਸ਼ ਕੀਤਾ। ਇਸ ਸੈਂਚੀ ਵਿਚ 'ਸ' ਤੋਂ 'ਠ' ਅੱਖਰ ਕ੍ਰਮ ਤੱਕ ਇੰਦਰਾਜ਼ ਪੇਸ਼ ਹਨ। ਇਸ ਕੋਸ਼ ਵਿਚ ਭਾਈ ਵੀਰ ਸਿੰਘ ਚਉਪਦੇ ਨੂੰ 'ਚਾਰ ਪੌੜੀਆਂ' ਦਾ ਸ਼ਬਦ ਕਹਿੰਦੇ ਹਨ। "ਉਹ ਸ਼ਬਦ ਜਿਨ੍ਹਾਂ ਵਿਚ ਪੌੜੀਆਂ ਤਾਂ ਚਾਰ ਚਾਰ ਹੋਣ ਪਰ ਪੌੜੀ ਦੋ ਦੋ ਤੁਕ ਦੀ ਹੋਵੇ।"10 ਇਹ ਚਉਪਦੇ ਦੁਪਦੇ ਦਾ ਸਿਰਲੇਖ ਕੇਵਲ ਰਾਗੁ ਗਉੜੀ ਗੁਆਰੇਰੀ ਵਿਚ ਦਰਜ ਹੈ। ਇਹ ਚਉਪਦੇ ਮਹਲਾ ੫ ਦੁਆਰਾ ਰਚੇ ਗਏ ਹਨ। ਇਹ ਚਉਪਦੇ ਦੋ ਦੋ ਤੁਕਾਂ ਦੇ ਹਨ। ਇਹਨਾਂ ਵਿਚ ਕੁਝ ਦੁਪਦੇ ਵੀ ਸ਼ਾਮਲ ਹਨ। ਇਸ ਤੋਂ ਬਾਅਦ ਭਾਈ ਵੀਰ ਸਿੰਘ ਸੰਪੂਰਨ ਕੋਸ਼ 1939 ਵਿਚ ਪੇਸ਼ ਕੀਤਾ। ਭਾਈ ਵੀਰ ਸਿੰਘ ਨੇ ਆਪਣੇ ਨਾਨਾ ਜੀ ਹਜ਼ਾਰਾ ਸਿੰਘ ਦੁਆਰਾ ਅਰੰਭ ਕੀਤੇ ਕਾਰਜ ਨੂੰ ਸੰਪੂਰਨਤਾ ਬਖਸ਼ੀ।

**ਮਹਾਨ ਕੋਸ਼ :** *ਮਹਾਨ ਕੋਸ਼* ਸਭ ਤੋਂ ਪਹਿਲਾ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਵੱਲੋਂ ਛਪਵਾਇਆ ਗਿਆ। ਇਹ ਕੋਸ਼ 1926 ਵਿਚ ਤਿਆਰ ਹੋ ਗਿਆ। 1930 ਤੱਕ ਇਹ ਕੋਸ਼ ਚਾਰ ਭਾਗਾਂ ਵਿਚ ਛਾਪਿਆ ਗਿਆ। ਇਸ ਕੋਸ਼ ਦੀ ਛਪਾਈ ਪਹਿਲੀ ਵਾਰ ਸੁਦਰਸ਼ਨ ਪ੍ਰੈਸ ਅੰਮ੍ਰਿਤਸਰ ਵਲੋਂ ਕਰਵਾਈ ਗਈ। ਇਸ ਤੋਂ ਬਾਅਦ ਨੈਸ਼ਨਲ ਬੁੁਕ ਸ਼ਾਪ ਨੇ ਬਿਨਾਂ ਸੁਧਾਈ, ਇਸ ਕੋਸ਼ ਨੂੰ ਛਾਪਿਆ।

ਇਸ ਤੋਂ ਬਾਅਦ 1930 ਤੋਂ 1938 ਤੱਕ ਇਸ ਵਿਚ ਸੋਧਾਂ ਹੁੰਦੀਆਂ ਰਹੀਆਂ। ਭਾਸ਼ਾ ਵਿਭਾਗ ਵਲੋਂ ਇਸ ਕੋਸ਼ ਨੂੰ ਹੁਣ ਤੱਕ ਅੱਠ ਵਾਰ ਛਾਪਿਆ ਜਾ ਚੁੱਕਾ ਹੈ। ਮਹਾਨ ਕੋਸ਼ ਵਿਚ ਚਉਪਦੇ ਦੇ ਇੰਦਰਾਜ਼ ਸੰਬੰਧੀ ਅੰਕਿਤ ਹੈ "ਸੰਗਯਾ-ਚਤੁਸ਼ਪਦਾ ਚਾਰ ਪਦਾ ਵਾਲਾ ਛੰਦ। ਉਹ ਸ਼ਬਦ ਜਿਸ ਦੇ ਚਾਰ ਪਦ ਹੋਣ।"11 ਚਉਪਦੇ ਲਈ ਸੰਸਕ੍ਰਿਤ ਸ਼ਬਦ ਚਤੁਸ਼ਪਦਾ ਵਰਤਿਆ ਗਿਆ ਹੈ। ਚਤੁਸ਼ਪਦਾ ਛੰਦ ਦਾ ਨਾਂ ਵੀ ਹੈ। ਇਸ ਤੋਂ ਚਉਪਦੇ ਦੇ ਛੰਦ ਅਨੁਸਾਰ ਹੋਣ ਦਾ ਵੀ ਸੰਕੇਤ ਮਿਲਦਾ ਹੈ। ਹਰ ਚਉਪਦੇ ਦੇ ਚਾਰ ਪਦੇ ਹੁੰਦੇ ਹਨ। ਚਉਪਦੇ ਦੀ ਦੂਜੀ ਕਿਸਮ ਚਉਪਦੇ ਦੁਪਦੇ ਅਨੁਸਾਰ ਹੈ। ਇਸ ਵਿਚ ਹਰ ਚਉਪਦੇ ਦੀਆਂ ਦੋ ਤੁਕਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਚਉਪਦੇ ਦੁਪਦੇ ਦੇ ਸਿਰਲੇਖ ਵਿਚ ਚਉਪਦੇ ਦੁਪਦੇ ਦੀ ਸੁਮੇਲਤਾ ਵੀ ਸ਼ਾਮਲ ਹੈ।

**ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ :** *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਪ੍ਰਤਾਪ ਸਿੰਘ ਜੋਤਸ਼ੀ ਦੁਆਰਾ 1988 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਕੋਸ਼ ਦੇ ਐਡੀਸ਼ਨ ਦੀ ਕੇਵਲ ਪਹਿਲੀ ਕਾਪੀ ਮਿਲੀ ਹੈ। ਇਸ ਕੋਸ਼ ਵਿਚ ਚਉਪਦੇ ਦੇ ਇੰਦਰਾਜ਼ ਲਈ "ਚਾਰ-ਚਾਰ ਤੁਕਾਂ ਦੀ ਪਉੜੀ ਕੇ ਵਾ ਸਲੋਕ ਵਾ ਚਾਰ ਚਾਰ ਪਉੜੀ ਕਾ ਸ਼ਬਦ।"12 ਉਹ ਚਉਪਦੇ ਦੇ ਹਰ ਪਦੇ ਦੀਆਂ ਚਾਰ ਤੁਕਾਂ ਸੰਬੰਧੀ ਸੰਕੇਤ ਦੇ ਰਹੇ ਹਨ। ਉਹਨਾਂ ਨੇ ਪਉੜੀ ਸ਼ਬਦ ਪਦੇ ਲਈ ਵਰਤਿਆ ਹੈ। ਉਹਨਾਂ ਦਾ ਚਉਪਦੇ ਸੰਬੰਧੀ ਇੰਦਰਾਜ਼ ਆਸਾ ਦੀ ਵਾਰ ਵਿਚ ਰਲਵੇਂ ਸਲੋਕ ਤੇ ਸ਼ਬਦਾਂ ਵੱਲ ਸੰਕੇਤ ਕਰ ਰਿਹਾ ਹੈ।

**ਸਾਹਿਤ ਕੋਸ਼ :** *ਸਾਹਿਤ ਕੋਸ਼* ਰਤਨ ਸਿੰਘ ਜੱਗੀ ਦੁਆਰਾ 1989 ਵਿਚਪ੍ਰਕਾਸ਼ਿਤ ਕੀਤਾ ਗਿਆ।ਇਸ ਕੋਸ਼ ਵਿਚ ਉਹ ਚਉਪਦੇ ਨੂੰ ਛੰਦ ਵਿਧਾਨ ਤੋਂ ਮੁਕਤ ਅਤੇ ਸ਼ੈਲੀਗਤ ਕਾਵਿ ਭੇਦ ਕਹਿੰਦੇ ਹਨ। ਉਹਨਾਂ ਅਨੁਸਾਰ ਗੁਰਬਾਣੀ ਤੋਂ ਪਹਿਲਾਂ ਜੋ ਕਾਵਿ ਰਚਿਆ ਗਿਆ, ਉਸ ਵਿਚ ਦੋ ਤੁਕਾਂ ਦੇ ਤੁਕਾਂਤ ਦੀ ਸੁਮੇਲਤਾ ਹੈ। ਅਜਿਹੇ ਪਦੇ ਨਾਥਾਂ, ਜੋਗੀਆਂ ਦੁਆਰਾ ਰਚੇ ਗਏ ਹਨ "ਸਿੱਖ ਗੁਰੂਆਂ ਨੇ ਤੁਕਾਂ ਦੀ ਗਿਣਤੀ ਕਵੀਆਂ ਦੀ ਰੁਚੀ ਅਤੇ ਪ੍ਰਤਿਭਾ ਉਤੇ ਛੱਡ ਦਿੱਤੀ। ਇਹ ਪਦੇ ਛੰਦ ਸ਼ਾਸਤ੍ਰ ਦੀਆਂ ਮਾਤ੍ਰਾਵਾਂ ਦੀ ਕੈਦ ਵਿਚ ਨਹੀਂ ਬੰਨ੍ਹੇ ਗਏ, ਗੁਰਬਾਣੀ ਅਸਲੋਂ ਸਾਰੀ ਹੀ ਛੰਦ ਦੀ ਨਵਾਬੀ ਕੈਦ ਤੋਂ ਮੁਕਤ ਅਤੇ ਕੀਰਤਨ ਦੀ ਆਵਸ਼ਕਤਾ ਅਨੁਸਾਰ ਰਚੀ ਗਈ ਹੈ। ਇਸ ਲਈ ਛੰਦ ਨਿਯਮਾਂ ਦੀ ਪਾਲਣਾ ਨੂੰ ਪਦਿਆਂ ਵਿਚ ਲੱਭਣਾ ਵਿਅਰਥ ਹੈ।"13 ਲੇਖਕ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਹਰ ਪਦੇ ਦੀਆਂ ਤੁਕਾਂ ਦਾ ਤੁਕਾਂਤ ਮਿਲਦਾ ਹੈ। ਹਰ ਚਉਪਦੇ ਦੀਆਂ ਤੁਕਾਂ ਦੀਆਂ ਮਾਤ੍ਰਾਵਾਂ ਵਿਚ ਇਕ ਦੋ ਮਾਤਰਾ ਦੇ ਅੰਤਰ ਅਲਾਪ, ਟੇਕ, ਅੰਤਰਾ ਦੁਆਰਾ ਮਾਤਰਾ ਨੂੰ ਘਟਾ ਵਧਾ ਲਿਆ ਜਾਂਦਾ ਹੈ। ਬਾਣੀ-ਰੂਪ ਚਉਪਦੇ ਨੂੰ ਛੰਦ ਸ਼ਾਸਤ੍ਰ ਦੇ ਨਿਯਮਾਂ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ। ਲੇਖਕ ਦੀ ਚਉਪਦੇ ਸੰਬੰਧੀ ਜਾਣਕਾਰੀ ਵਿਵਾਦ ਸਿਰਜਦੀ ਹੈ।

**ਗੁਰੂ ਗ੍ਰੰਥ ਵਿਸ਼ਵਕੋਸ਼ :** *ਗੁਰੂ ਗ੍ਰੰਥ ਵਿਸ਼ਵਕੋਸ਼* ਰਤਨ ਸਿੰਘ ਜੱਗੀ ਦੁਆਰਾ 2002 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਨੂੰ ਸਾਹਿਤ ਕੋਸ਼ ਤੋਂ 12 ਸਾਲ ਬਾਅਦ ਸੰਪਾਦਿਤ ਕੀਤਾ ਗਿਆ। ਇਸ ਕੋਸ਼ ਅਨੁਸਾਰ, ਰਤਨ ਸਿੰਘ ਜੱਗੀ ਚਉਪਦੇ ਸੰਬੰਧੀ ਕਹਿੰਦੇ ਹਨ

"ਚਉਪਦਾ ਕਿਸੇ ਪ੍ਰਕਾਰ ਦਾ ਕੋਈ ਵਿਸ਼ੇਸ਼ ਛੰਦ ਨਹੀਂ ਸਗੋਂ ਅਜਿਹਾ ਛੰਦ ਵਿਧਾਨ ਹੈ ਜਿਸ ਵਿਚ ਲਗਭਗ ਸਾਰੇ ਪਦੇ ਸ਼ਾਮਲ ਹੋਣ।"14 ਇਥੇ ਚਉਪੁਦੇ ਨੂੰ ਛੰਦ ਵਿਧਾਨ ਕਹਿ ਕੇ ਇਸ ਦਾ ਰੂਪ ਛੰਦ ਅਨੁਸਾਰ ਮੰਨਦੇ ਹਨ। ਇਹਨਾਂ ਨੇ ਤੁਕਾਂ ਦੇ ਸੰਗ੍ਰਿਹ ਨੂੰ ਪਦਾ ਕਿਹਾ ਹੈ। ਹਰ ਰਾਗ ਦੇ ਪਦਿਆਂ ਵਿਚ ਤੁਕਾਂ ਦੀ ਗਿਣਤੀ ਵਿਭਿੰਨਤਾ ਵਾਲੀ ਹੈ। ਗੁਰੂ ਸਾਹਿਬਾਨ ਵੱਲੋਂ ਵਿਸ਼ੇ ਦੀ ਵਿਸ਼ਾਲਤਾ ਜਾਂ ਸੰਖੇਪਤਾ ਅਨੁਸਾਰ ਤੁਕਾਂ ਦੀ ਗਿਣਤੀ ਨਿਰਧਾਰਿਤ ਹੈ। ਜਿਸ ਸ਼ਬਦ ਵਿਚ ਚਾਰ ਪਦੇ ਹੋਣ, ਉਹ ਚਉਪਦਾ ਹੁੰਦਾ ਹੈ। ਬਾਕੀ ਸ਼ਬਦ ਪਦਿਆਂ ਅਨੁਸਾਰ ਇਕਪਦਾ, ਦੁਪਦਾ, ਤਿਪਦਾ ਕਹੇ ਜਾਂਦੇ ਹਨ। ਹਰ ਪਦੇ ਵਿਚ ਰਹਾਉ ਦੀਆਂ ਤੁਕਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਹਨਾਂ ਚਉਪਦਿਆਂ ਵਿਚ ਜੀਵਨ ਦਾ ਪਥ-ਪ੍ਰਦਰਸ਼ਨ ਕਰਨ ਲਈ ਦਾਰਸ਼ਨਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਕਲਪਾਂ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਨੂੰ ਚਉਪਦਿਆਂ ਦੀ ਪ੍ਰਕ੍ਰਿਤੀ ਸੰਬੰਧੀ ਵਿਸ਼ੇਸ਼ ਗਿਆਨ ਹੈ। ਛੰਦ ਵਿਧਾਨ ਸੰਬੰਧੀ ਗੰਭੀਰ ਅਧਿਐਨ ਨਹੀਂ ਕੀਤਾ ਗਿਆ।

**ਸਿੱਖ ਪੰਥ ਵਿਸ਼ਵਕੋਸ਼ :** *ਸਿੱਖ ਪੰਥ ਵਿਸ਼ਵਕੋਸ਼* ਰਤਨ ਸਿੰਘ ਜੱਗੀ ਦੁਆਰਾ 2005 ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਕੋਸ਼ ਵਿਚ ਚਉਪਦੇ ਦਾ ਇੰਦਰਾਜ਼ ਦੂਸਰੇ ਕੋਸ਼ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ ਦਿੱਤਾ ਗਿਆ ਹੈ।15

**ਗੁਰੂ ਗਿਰਾਰਥ ਕੋਸ਼ :** *ਗੁਰੂ ਗਿਰਾਰਥ ਕੋਸ਼* ਤਾਰਾ ਸਿੰਘ ਨਰੋਤਮ 1895 ਵਿਚ ਦੋ ਭਾਗਾਂ ਵਿਚ ਇੰਪੀਰੀਅਲ ਪ੍ਰੈਸ ਲਾਹੌਰ ਅਤੇ ਰਜਿੰਦ੍ਰ ਪ੍ਰੈਸ ਪਟਿਆਲਾ ਦੁਆਰਾ ਪ੍ਰਕਾਸ਼ਿਤ ਕਰਵਾਇਆ ਗਿਆ। ਇਸ ਕੋਸ਼ ਦਾ ਦੂਜਾ ਭਾਗ 1898 ਵਿਚ ਛਪਵਾਇਆ ਗਿਆ। ਇਸ ਤੋਂ ਬਾਅਦ ਹਰਭਜਨ ਸਿੰਘ ਅਤੇ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ ਇਸ ਗ੍ਰੰਥ ਨੂੰ ਸੰਪਾਦਿਤ ਕਰਵਾਇਆ ਗਿਆ। ਡਾ. ਹਰਭਜਨ ਸਿੰਘ ਗੁਰੂ ਗਿਰਾਰਥ ਕੋਸ਼ ਦੇ ਮੁੱਖ ਸੰਪਾਦਕ ਹਨ। ਇਸ ਗ੍ਰੰਥ ਦੀ ਸੰਪਾਦਨਾ ਵਿਚ ਕੁਝ ਹੋਰ ਸੰਪਾਦਕਾਂ ਮਹੱਬਤ ਸਿੰਘ, ਕੁਲਵਿੰਦਰ ਸਿੰਘ ਅਤੇ ਮਨਜੀਤ ਸਿੰਘ ਦਾ ਵੀ ਯੋਗਦਾਨ ਹੈ। ਇਸ ਕੋਸ਼ ਨੂੰ 2010 ਵਿਚ ਸੰਪਾਦਿਤ ਕੀਤਾ ਗਿਆ। ਇਸ ਕੋਸ਼ ਵਿਚ ਚਉਪਦੇ ਨੂੰ "ਚਾਰ-ਚਾਰ ਪੌੜੀਆਂ ਵਾਲੇ ਸ਼ਬਦ ਅਤੇ ਚਉਪਦੇ ਦੁਪਦੇ ਨੂੰ ਦੋ-ਦੋ ਤੁਕ ਕੀ ਚਾਰ ਪੌੜੀਆਂ ਵਾਲੇ ਸ਼ਬਦ ਕਿਹਾ ਹੈ।"16ਇਸ ਕੋਸ਼ ਵਿਚ ਪਦਿਆਂ ਲਈ ਪੌੜੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਚਾਰ ਪਦਿਆਂ ਵਾਲੇ ਸ਼ਬਦ ਨੂੰ ਚਉਪਦਾ ਕਿਹਾ ਗਿਆ ਹੈ। ਇਸੇ ਤਰਾਂ ਚਉਪਦਾਦੁਪਦਾਵਿਚ ਹਰ ਪਦਾ ਦੋ ਤੁਕਾਂ ਦਾ ਕਹਿ ਕੇ, ਚਉਪਦੇ ਨੂੰ ਦੋ ਤੁਕਾਂ ਕਿਹਾ ਗਿਆ ਹੈ। ਇਸ ਤੋਂ ਇਲਾਵਾ ਚਉਪਦੇ ਵਿਚ ਦੁਪਦੇ ਦੀ ਸੁਮੇਲਤਾ ਵੀ ਹੈ।

ਤਾਰਾ ਸਿੰਘ ਨਰੋਤਮ ਦੇ *ਗੁਰੂ ਗਿਰਾਰਥ ਕੋਸ਼* ਨੂੰ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ 2012 ਵਿਚ ਸੰਪਾਦਿਤ ਕੀਤਾ ਗਿਆ ਹੈ। ਇਸ ਕੋਸ਼ ਵਿਚ ਉਹਨਾਂ ਨੇ ਚਉਪਦੇ ਨੂੰ ਪਹਿਲੇ ਕੋਸ਼ ਅਨੁਸਾਰ ਪਰਿਭਾਸ਼ਿਤ ਕੀਤਾ ਹੈ।17

**ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼ :** *ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼* ਜਸਬੀਰ ਸਿੰਘ ਸਰਨਾ ਦੁਆਰਾ 2010 ਵਿਚ ਪ੍ਰਕਾਸ਼ਿਤ ਕਰਵਾਇਆ ਗਿਆ। ਉਹਨਾਂ ਅਨੁਸਾਰ ਚਉਪਦੇ ਵਿਕੋਲਿਤਰੇ ਰਾਗਾਂ ਅਧੀਨ ਵਿਭਿੰਨ ਬਹਰਾਂ ਅਨੁਸਾਰ ਪੇਸ਼ ਹੋਏ ਹਨ। ਉਹ ਚਉਪਦੇ ਨੂੰ ਛੰਦ ਅਧੀਨ ਮੰਨਦੇ ਹਨ। "ਇਸ ਛੰਦ-ਪ੍ਰਬੰਧ ਅਧੀਨ ਅਨੇਕ ਪ੍ਰਕਾਰ ਦੇ ਛੰਦ ਆਏ ਹਨ ਜਿਨ੍ਹਾਂ ਦੀ ਵਰਤੋਂ ਬਾਣੀਕਾਰ ਨੇ ਬਾ-ਖੂਬੀ ਕੀਤੀ ਹੈ।"18 ਲੇਖਕ ਇਸ ਵਿਚਾਰ ਨਾਲ ਸਹਿਮਤ ਹੈ ਕਿ ਚਉਪਦਿਆਂ ਵਿਚ ਛੰਦਾਂ ਦੀ ਵਰਤੋਂ ਹੋਈ ਹੈ। ਇਸ ਤੋਂ ਇਲਾਵਾ ਚਉਪਦੇ ਦੇ ਚਾਰ ਪਦੇ ਕਹਿੰਦੇ ਹਨ, ਉਹਨਾ ਦੀਆਂ ਤੁਕਾਂ ਇਕਤੁਕਾ, ਦੁਤੁਕਾ, ਤਿਤੁਕਾ, ਚੌਤੁਕਾ ਬਾਰੇ ਵਿਚਾਰ ਪੇਸ਼ ਕਰਦੇ ਹਨ। ਇਸ ਸੰਬੰਧੀ ਲੇਖਕ ਚਉਪਦੇ ਦੀ ਬਣਤਰ ਦਾ ਦਿਸ਼ਾ ਨਿਰਦੇਸ਼ ਦੇ ਰਿਹਾ ਹੈ।

**ਖੋਜ-ਪ੍ਰਬੰਧ :** ਰਮਨਦੀਪ ਕੌਰ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਿਤ ਪਦਾ ਕਾਵਿ-ਰੂਪਾਂ ਦਾ ਅਧਿਐਨ* ਵਿਸ਼ੇ ਸੰਬੰਧੀ ਖੋਜ ਪ੍ਰਬੰਧ ਪ੍ਰਸਤੁਤ ਕੀਤਾ ਹੈ। ਇਸ ਵਿਸ਼ੇ ਸੰਬੰਧੀ ਖੋਜ ਕਾਰਜ ਡਾ. ਹਰਜੋਤ ਕੌਰ ਦੀ ਨਿਗਰਾਨੀ ਅਧੀਨ ਕੀਤਾ ਗਿਆ।19ਇਸ ਖੋਜ ਕਾਰਜ ਦੀ ਵੰਡ ਚਾਰ ਅਧਿਆਵਾਂ ਵਿਚ ਕੀਤੀ ਗਈ ਹੈ। ਇਸ ਖੋਜ ਕਾਰਜ ਦਾ ਪਹਿਲਾ ਅਧਿਆਇ 'ਕਾਵਿ ਅਤੇ ਕਾਵਿ ਰੂਪ' ਹੈ। ਇਸ ਦੇ ਪਹਿਲੇ ਭਾਗ ਵਿਚ ਕਾਵਿ ਦੀ ਪਰਿਭਾਸ਼ਾ ਅਤੇ ਮੱਧਕਾਲੀਨ ਕਾਵਿ ਦੇ ਵਿਕਾਸ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਦੂਜੇ ਭਾਗ ਵਿਚ ਸਨਾਤਨੀ ਕਾਵਿ-ਰੂਪਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ ਅਤੇ ਤੀਜੇ ਭਾਗ ਵਿਚ ਲੋਕ ਕਾਵਿ-ਰੂਪਾਂ ਬਾਰੇ ਦੱਸਿਆ ਗਿਆ ਹੈ। ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ ਵਿਚ ਪਦਾ ਕਾਵਿ-ਰੂਪ ਸ਼ਾਸਤਰੀ ਪਰਿਪੇਖ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਇਸ ਅਧਿਆਇ ਦੇ ਪਹਿਲੇ ਭਾਗ ਵਿਚ ਪ੍ਰਕ੍ਰਿਤੀ ਤੇ ਸਰੂਪ ਸੰਬੰਧੀ ਜਾਣਕਾਰੀ ਸ਼ਾਮਲ ਹੈ। ਦੂਜੇ ਭਾਗ ਵਿਚ ਇਕਪਦੇ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ, ਅਸ਼ਟਪਦੀ ਸੰਬੰਧੀ ਗਿਣਤੀ ਦਰਜ ਹੈ। ਇਸ ਤੋਂ ਅਗਲੇ ਅਧਿਆਇ ਵਿਚ ਕਾਵਿ-ਰੂਪਾਂ ਦੀ ਵਿਸ਼ੇਗਤ ਭਿੰਨਤਾ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਖੋਜ ਪ੍ਰਬੰਧ ਦੇ ਚੌਥੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਿਤ ਪਦਾ ਕਾਵਿ ਸੰਚਾਰ ਤੇ ਸਾਰਥਕਤਾ ਸੰਬੰਧੀ ਜਾਂਚ ਕੀਤੀ ਗਈ ਹੈ। ਇਸ ਅਧਿਆਇ ਦੇ ਪਹਿਲੇ ਭਾਗ ਵਿਚ ਸੰਚਾਰ ਦਾ ਪ੍ਰਯੋਜਨ : ਮਨੋਰਥ ਤੇ ਮੰਤਵ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਦੂਜੇ ਭਾਗ ਵਿਚ ਸੰਚਾਰ ਜੁਗਤਾਂ ਕਾਵਿ ਦੇ ਤੱਤਾਂ ਰਾਹੀਂ, ਉਦਾਹਰਨ ਦੇ ਕੇ ਪੇਸ਼ ਕੀਤੀਆਂ ਗਈਆਂ ਹਨ। ਸੰਗੀਤ ਦੁਆਰਾ ਸੰਚਾਰ ਕਰਨ ਲਈ ਧਰੁਪਦ ਸ਼ੈਲੀ ਦੀ ਵਰਤੋਂ ਸੰਬੰਧੀ ਦੱਸਿਆ ਗਿਆ ਹੈ। ਇਸ ਦੇ ਅਗਲੇ ਭਾਗ ਵਿਚ ਸੰਚਾਰ ਦੀ ਸਾਰਥਕਤਾ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ।

ਖੋਜਾਰਥਣ ਨੇ ਖੋਜ ਪ੍ਰਬੰਧ ਦੇ ਵਿਭਿੰਨ ਪੱਖਾਂ ਨੂੰ ਬਾ-ਖੂਬੀ ਪੇਸ਼ ਕੀਤਾ ਹੈ। ਇਸ ਖੋਜ ਪ੍ਰਬੰਧ ਦੇ ਕੁਝ ਵਿਸ਼ੇ ਅਣਛੋਹੇ ਪ੍ਰਤੀਤ ਹੁੰਦੇ ਹਨ। ਪਹਿਲੇ ਅਧਿਆਇ ਵਿਚ ਸਨਾਤਨੀ ਕਾਵਿ-ਰੂਪ ਅਤੇ ਲੋਕ ਕਾਵਿ-ਰੂਪਾਂ ਦੇ ਅੰਤਰ ਸੰਬੰਧੀ ਵਿਚਾਰ ਪੇਸ਼ ਨਹੀਂ

ਕੀਤੇ ਗਏ। ਦੂਜੇ ਅਧਿਆਇ ਵਿਚ ਪ੍ਰਕ੍ਰਿਤੀ ਸੰਬੰਧੀ ਵਿਚਾਰ ਪੇਸ਼ ਕਰਦੇ ਹੋਏ ਕਾਵਿ ਤੇ ਬਾਣੀ ਵਿਚਲੇ ਅੰਤਰ ਨੂੰ ਲੌਕਿਕ, ਪਾਰਲੌਕਿਕ ਸੰਸਾਰ ਨਾਲ ਸੰਬੰਧਿਤ ਕਰਕੇ ਨਹੀਂ ਵਿਚਾਰਿਆ ਗਿਆ ਅਤੇ ਇਸ ਅਧਿਆਇ ਵਿਚ ਸਰੂਪ ਬਾਰੇ ਕੋਈ ਅੰਤਰ-ਦ੍ਰਿਸ਼ਟੀ ਵਾਲਾ ਨੁਕਤਾ ਸਾਂਝਾ ਨਹੀਂ ਹੋਇਆ, ਬਣਤਰ, ਭਾਸ਼ਾ ਸੰਬੰਧੀ ਵਿਚਾਰ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਇਕਪਦੇ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਦੀ ਗਿਣਤੀ ਲਈ ਢੁਕਵੀਂ ਸਾਰਨੀ ਨਹੀਂ ਹੈ, ਜਿਸ ਕਾਰਨ ਗਿਣਤੀ ਵਿਚ ਵਿਭਿੰਨਤਾ ਹੈ। ਤੀਜੇ ਅਧਿਆਇ ਵਿਚ ਸਾਰੇ ਕਾਵਿ-ਰੂਪਾਂ ਦੇ ਵਿਸ਼ੇ ਪੇਸ਼ ਕੀਤੇ ਹਨ। ਇਸ ਅਧਿਆਇ ਵਿਚ ਕਿਸ ਕਾਵਿ-ਰੂਪ ਨਾਲ ਕਿਹੜੇ ਵਿਸ਼ੇ ਸੰਬੰਧਿਤ ਹਨ, ਇਸ ਸੰਬੰਧੀ ਨਹੀਂ ਜਾਚਿਆ ਗਿਆ। ਚੌਥੇ ਅਧਿਆਇ ਵਿਚ ਸੰਚਾਰ ਦੀ ਸਾਰਥਕਤਾ ਦੁਆਰਾ ਮਨੋਸਥਿਤੀ ਤੇ ਕੀ ਪ੍ਰਭਾਵ ਪੈਂਦਾ, ਇਸ ਸੰਬੰਧੀ ਨਹੀਂ ਘੋਖਿਆ ਗਿਆ।

ਸੋ ਉਪਰੋਕਤ ਪੁਸਤਕਾਂ, ਕੋਸ਼ ਅਤੇ ਖੋਜ ਪ੍ਰਬੰਧ ਦੇ ਅਧਿਐਨ ਰਾਹੀਂ ਚਉਪਦੇ ਦੀ ਬਣਤਰ ਦੇ ਛੰਦਬਧ ਹੋਣ ਦੇ ਸੰਕੇਤ ਮਿਲਦੇ ਹਨ। ਇਹਨਾਂ ਸੰਕਲਪਾਂ ਨੂੰ ਖੋਜ ਦੌਰਾਨ ਵਾਚਿਆ ਜਾਵੇਗਾ।

## ਹਵਾਲੇ ਤੇ ਟਿੱਪਣੀਆਂ


1. ਬਾਣੀ ਬਿਉਰਾ ਨਿਰਗੁਣੀਆਰਾ ਅੰਕ, ਚਰਨ ਸਿੰਘ, ਪੰਨਾ 23.

2. ਗੁਰੂ ਨਾਨਕ ਚਿੰਤਨ ਤੇ ਕਲਾ,ਤਾਰਨ ਸਿੰਘ, ਪੰਨਾ 41.

3. ਉਹੀ, ਪੰਨਾ 52.

4. ਗੁਰੂ ਨਾਨਕ ਕਾਵਿ-ਕਲਾ,ਕਾਲਾ ਸਿੰਘ ਬੇਦੀ, ਪੰਨਾ 450.

5. ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,ਪਿਆਰਾ ਸਿੰਘ ਪਦਮ, ਪੰਨਾ 288.

6. ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ,ਮਨਮੋਹਨ ਸਹਿਗਲ, ਪੰਨਾ 73.

7. ਆਦਿ ਗ੍ਰੰਥ ਰਚਨਾ ਰੂਪ,ਮਹਿੰਦਰ ਕੌਰ ਗਿੱਲ, ਪੰਨਾ 86.

8. "ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ ਭਾਗ ੧ ਬਾਣੀ ਬਿਉਰਾ", ਜੋਗਿੰਦਰ ਸਿੰਘ ਤਲਵਾੜਾ, ਪੰਨਾ 52.

9. ਗੁਰਮਤਿ ਕਾਵਿ ਦਾ ਇਤਿਹਾਸ,ਜਗਬੀਰ ਸਿੰਘ, ਪੰਨਾ 76.

10. ਸ੍ਰੀ ਗੁਰੂ ਗ੍ਰੰਥ ਕੋਸ਼,ਭਾਈ ਵੀਰ ਸਿੰਘ, ਪੰਨਾ 512-513.

11. ਗੁਰਸ਼ਬਦ ਰਤਨਾਕਰ ਮਹਾਨ ਕੋਸ਼,ਕਾਨ੍ਹ ਸਿੰਘ ਨਾਭਾ, ਪੰਨਾ 1344.

12. ਆਦਿ ਗੁਰੂ ਗ੍ਰੰਥ ਸਾਹਿਬ,ਪ੍ਰਤਾਪ ਸਿੰਘ ਜੋਤਸ਼ੀ, ਪੰਨਾ 46.

13. ਸਾਹਿਤ ਕੋਸ਼, ਰਤਨ ਸਿੰਘ ਜੱਗੀ, ਪੰਨਾ .

14. ਗੁਰੂ ਗ੍ਰੰਥ ਵਿਸ਼ਵਕੋਸ਼,ਉਹੀ, ਪੰਨਾ 466.

15. ਸਿੱਖ ਪੰਥ ਵਿਸ਼ਵਕੋਸ਼, ਉਹੀ, ਪੰਨਾ 727.

16. ਗੁਰੂ ਗਿਰਾਰਥ ਕੋਸ਼, ਤਾਰਾ ਸਿੰਘ ਨਰੋਤਮ ਕ੍ਰਿਤ, (ਮੁਖ ਸੰਪਾ.) ਹਰਭਜਨ ਸਿੰਘ, , ਪੰਨਾ 198.

17.ਉਹੀ, (ਸੰਪਾ.) ਬਲਵੰਤ ਸਿੰਘ ਕੋਠਾ ਗੁਰੂ, ਪੰਨਾ 287.

18. ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼,ਜਸਬੀਰ ਸਿੰਘ ਸਰਨਾ, ਪੰਨਾ 123.

19. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ ਪਦਾ ਕਾਵਿ ਰੂਪਾਂ ਦਾ ਅਧਿਐਨ,ਰਮਨਦੀਪ ਕੌਰ,

# ਅਧਿਆਇ ਦੂਜਾ

## ਬਾਣੀ-ਰੂਪ ਚਉਪਦੇ : ਸਿਧਾਂਤਕ ਪਰਿਪੇਖ

ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦਾ ਵਡੇਰਾ ਹਿੱਸਾ ਪਦਾ ਕਾਵਿ-ਰੂਪ ਦਾ ਹੈ। ਮਹਾਨ ਕੋਸ਼ ਅਨੁਸਾਰ, ਪਦ ਛੰਦ ਦਾ ਚਰਣ ਤੁਕ ਅਥਵਾ ਤੁਕ ਦਾ ਹਿੱਸਾ ਜੋ ਕਾਵਯ, ਵਰਣ, ਗਣ ਅਤੇ ਮਾਤ੍ਰਾ ਦੇ ਨਿਯਮ ਵਿਚ ਆ ਜਾਏ ਉਸ ਦੀ ਪਦ ਸੰਗਯਾ ਹੈ।1 ਪਦਾ ਕਾਵਿ-ਰੂਪ ਮੱਧਕਾਲੀਨ ਸਾਹਿਤ ਦਾ ਮੁੱਢ ਕਦੀਮ ਤੋਂ ਹਿੱਸਾ ਰਿਹਾ ਹੈ। ਨਾਥਾਂ ਜੋਗੀਆਂ ਦੇ ਸਮੇਂ ਤੋਂ ਕਾਵਿ ਦੀ ਸਿਰਜਣਾ ਪਦਾ ਕਾਵਿ ਰੂਪ ਅਨੁਸਾਰ ਹੋ ਰਹੀ ਹੈ। ਇਸੇ ਤਰ੍ਹਾਂ ਲੋਕ ਸਾਹਿਤ ਦੇ ਕਿੱਸੇ, ਸੁਹਾਗ, ਲੋਕਗੀਤ ਆਦਿ ਵੀ ਪਦਾ ਕਾਵਿ ਰੂਪ ਵਿਚ ਰਚਨੇ ਅਰੰਭ ਹੋ ਗਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਿਆਂ ਨੂੰ ਰਾਗ ਅਨੁਸਾਰ ਦਰਜ ਕੀਤਾ ਗਿਆ।

### (ੳ) ਨਾਮਕਰਣ ਤੇ ਪਰਿਭਾਸ਼ਾ

ਪਦਿਆਂ ਨੂੰ ਬਿਸ਼ਨਪਦੇ ਵੀ ਕਿਹਾ ਜਾਂਦਾ ਹੈ। ਲੋਕਧਾਰਾ ਵਿਸ਼ਵ ਕੋਸ਼ ਅਨੁਸਾਰ, ਬਿਸ਼ਨਪਦੇ ਛੰਦ, ਜਿਸ ਦੀ ਪਹਿਲੀ ਤੁਕ ਛੋਟੀ ਤੇ ਅਗਲੀਆਂ ਦੂਣੇ ਦੇ ਲਗਭਗ ਹੁੰਦੀਆਂ ਹਨ। ਇਹ ਅਕਸਰ 26, 27, 28 ਮਾਤ੍ਰਾਂ ਦੇ ਵਿਰਾਮ ਭੇਦ ਨਾਲ ਕਈ ਤਰ੍ਹਾਂ ਦੇ ਹਨ। ਬਿਸ਼ਨਪਦ ਦੇ ਅਰਥ ਵਿਸ਼ਨੂੰ ਦੇ ਗੀਤ ਵੀ ਕਰਦੇ ਹਨ। ਕਿਸ਼ਨ ਲੀਲਾ ਦੇ ਛੰਦ ਅਕਸਰ ਬਿਸ਼ਨਪਦ ਛੰਦ ਵਿਚ ਹਨ। ਜੈਸੇ ਮੀਰਾ ਬਾਈ ਆਦਿ ਭਗਤ ਨੇ ਰਚੇ ਹਨ।2 ਇਸ ਤੋਂ ਸੰਕੇਤ ਮਿਲਦਾ ਹੈ ਕਿ ਬਿਸ਼ਨਪਦਿਆਂ ਦਾ ਵੀ ਛੰਦ ਅਨੁਸਾਰ ਅਧਿਐਨ ਕੀਤਾ ਗਿਆ ਅਤੇ ਹਿੰਦੀ ਸਾਹਿਤ ਵਿਚ ਵੀ ਪਦਿਆਂ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਦਾ ਕਾਵਿ ਰੂਪ ਵਿਚ ਇਕ ਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛਿਪਦਾ, ਅਸ਼ਟਪਦੀਆਂ ਆਦਿ ਸ਼ਾਮਲ ਹਨ। ਚਉਪਦਾ ਚਾਰ ਪਦਾ ਦਾ ਹੁੰਦਾ ਹੈ ਉਹ ਲਿਖਤ ਜਿਸਦੇ ਚਾਰ ਪਦੇ ਹੋਣ, ਤੁਕਾਂ ਘੱਟ ਵੱਧ ਵੀ ਹੋ ਸਕਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਰੂਪ ਚਉਪਦੇ ਵਿਚ ਚਾਰ ਪਦਾਂ ਦੀਆਂ ਤੁਕਾਂ ਇਕਤੁਕਾ, ਦੁਤੁਕਾ, ਤਿਤੁਕਾ, ਚੌਤੁਕਾ ਅਤੇ ਪੰਚਤੁਕਾ ਵੀ ਹਨ।

ਚਉਪਦਾ ਕਾਵਿ-ਰੂਪ ਦੀਆਂ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ।

ਭਾਈ ਵੀਰ ਸਿੰਘ ਅਨੁਸਾਰ, "ਚਾਰ-ਚਾਰ ਪੌੜੀਆਂ ਵਾਲਾ ਸ਼ਬਦ : ਉਹ ਸ਼ਬਦ ਜਿਸ ਦੀਆਂ ਚਾਰ-ਚਾਰ ਤੁਕਾ ਅਤੇ ਚਾਰ ਪਦੇ ਹੋਣ ਉਸ ਨੂੰ ਚਉਪਦਾ ਕਿਹਾ ਜਾਂਦਾ ਹੈ।"3

ਕਾਨ੍ਹ ਸਿੰਘ ਨਾਭਾ ਅਨੁਸਾਰ,"ਚਤੁਸ਼ਪਦਾ ਚਾਰ ਪਦਾ ਵਾਲਾ ਛੰਦ ਉਹ ਸ਼ਬਦ ਜਿਸਦੇ ਚਾਰ ਪਦ ਹੋਣ ਚਉਪਦਾ ਕਿਹਾ ਜਾਂਦਾ ਹੈ।"4

ਰਤਨ ਸਿੰਘ ਜੱਗੀ ਅਨੁਸਾਰ,"ਚਉਪਦਾ ਕਿਸੇ ਪ੍ਰਕਾਰ ਦਾ ਕੋਈ ਵਿਸ਼ੇਸ਼ ਛੰਦ ਨਹੀਂ ਸਗੋਂ ਇਹ ਅਜਿਹਾ ਛੰਦ ਵਿਧਾਨ ਹੈ ਜਿਸ ਵਿਚ ਲਗਭਗ ਚਾਰ ਪਦੇ ਸ਼ਾਮਲ ਹੋਣ।"5

ਚਉਪਦੇ ਦਾ ਰੂਪ ਪਦੇ ਦੇ ਵਿਗਾਸ ਨਾਲ ਹੋਂਦ ਵਿਚ ਆਇਆ। ਪਦਾ ਇਕ ਬੰਦ ਹੁੰਦਾ ਹੈ। ਚਾਰ ਪਦਾ ਦੇ ਸਮੂਹ ਨੂੰ ਚਉਪਦਾ ਕਿਹਾ ਜਾਂਦਾ ਹੈ। ਵਿਦਵਾਨਾਂ ਦੁਆਰਾ ਪਦੇ ਲਈ ਪਉੜੀਆਂ ਸ਼ਬਦ ਵਰਤਿਆ ਗਿਆ ਹੈ। ਇਹ ਜਰੂਰੀ ਨਹੀਂ ਕਿ ਹਰ ਚਉਪਦੇ ਦੀਆਂ ਚਾਰ ਤੁਕਾਂ ਹੋਣ, ਚਉਪਦੇ ਦੀਆਂ ਤੁਕਾਂ ਵਿਚ ਵਿਭਿੰਨਤਾ ਨਜ਼ਰ ਆਉਂਦੀ ਹੈ।ਤੁਕਾਂ ਦੀ ਗਿਣਤੀ ਵਿਸ਼ੇ ਅਨੁਸਾਰ ਹੁੰਦੀ ਹੈ। ਚਉਪਦੇ ਲਈ ਚਤੁਸ਼ਪਦਾ ਸ਼ਬਦ ਸੰਸਕ੍ਰਿਤ ਦਾ ਵਰਤਿਆ ਗਿਆ ਹੈ। ਜਿਸ ਦਾ ਅਰਥ ਚਾਰ ਪਦੇ ਹਨ। ਚਉਪਦੇ ਲਈ ਚਤੁਸ਼ਪਦਾ ਸ਼ਬਦ ਛੰਦ ਦਾ ਸੰਕੇਤ ਦੇ ਰਿਹਾ ਹੈ। ਚਤੁਸ਼ਪਦਾ ਛੰਦ ਦਾ ਨਾਮ ਹੈ। ਚਉਪਦੇ ਨੂੰ ਕਿਸੇ ਇਕ ਛੰਦ ਅਧੀਨ ਨਹੀਂ ਰੱਖਿਆ ਜਾ ਸਕਦਾ।ਇਸ ਵਿਚ ਛੰਦਾਂ ਦੀ ਵਿਭਿੰਨਤਾ ਨਜ਼ਰ ਆਉਂਦੀ ਹੈ। ਛੰਦਾਂ ਦੀ ਵਿਭਿੰਨਤਾ ਵਿਸ਼ੇ ਤੇ ਨਿਰਭਰ ਕਰਦੀ ਹੈ। ਚਉਪਦਿਆਂ ਦੇ ਵਿਸ਼ੇ ਵਿਚ ਵਸਤੂ ਦੀ ਵਿਭਿੰਨਤਾ ਨਜ਼ਰ ਆਉਂਦੀ ਹੈ।ਮਨੁੱਖੀ ਮਨ ਦੇ ਅਨੁਭਵ ਨੂੰ ਵਸਤੂ ਕਿਹਾ ਜਾਂਦਾ ਹੈ। ਵਸਤੂ ਭਾਸ਼ਾ ਦੁਆਰਾ ਆਪਣੀ ਹੋਂਦ ਸਥਾਪਿਤ ਕਰਦਾ ਹੈ। ਕਾਵਿ ਕਿਰਤ ਵਿਚਲਾ ਵਸਤੂ ਵਿਹਾਰਕ ਸ਼ਬਦਾਵਲੀ ਨਾਲੋਂ ਵੱਖਰੀ ਕਿਸਮ ਦਾ ਹੁੰਦਾ ਹੈ। ਕਾਵਿ ਦੇ ਵਸਤੂ ਦੀ ਸਾਰਥਕਤਾ ਉਸ ਦੀ ਭਾਸ਼ਾ ਕਾਰਨ ਹੁੰਦੀ ਹੈ। ਅਜਿਹੀ ਭਾਸ਼ਾ ਵਿਚ ਅਰਥ ਸਿਰਜਣ ਦੀ ਸਮਰੱਥਾ ਹੁੰਦੀ ਹੈ। ਵਸਤੂ ਰਾਹੀਂ ਕਲਾ ਪ੍ਰਤੱਖਣ ਅਸਲੀਅਤ ਨੂੰ ਪੇਸ਼ ਕਰਦਾ ਹੈ। ਰੂਪ ਰਾਹੀਂ ਭਾਵਾਂ ਦੇ ਯਥਾਰਥ ਤੋਂ ਜਾਣੂ ਹੋਇਆ ਜਾਂਦਾ ਹੈ।ਰੂਪ ਰਾਹੀਂ ਕਾਵਿ ਕਿਰਤ ਦਾ ਮੁਹਾਂਦਰਾ ਨਿਖੜ ਕੇ ਸਾਹਮਣੇ ਆਉਂਦਾ ਹੈ। ਰੂਪ ਲਿਖਤ ਨੂੰ ਬੁਣ ਕੇ ਇਕ ਢਾਂਚਾ ਪ੍ਰਧਾਨ ਕਰਦਾ ਹੈ। ਰੂਪ ਦੇ ਅਲੱਗ ਹੋਣ ਨਾਲ ਕਾਵਿ ਕਿਰਤ ਵੱਖਰੀ ਲੱਗਦੀ ਹੈ, ਕਿਉਂਕਿ ਇਸ ਵਿਚ ਹੋਰ ਨਵੇਂ ਸੰਕਲਪਾਂ ਨੂੰ ਛੂਹਿਆ ਜਾਂਦਾ ਹੈ। "ਹਰਬਰਟ ਰੀਡ ਨੇ ਰੂਪ ਨੂੰ ਸੰਗਠਿਤ ਤੇ ਨਿਰਪੇਖ ਰੂਪ ਕਿਹਾ ਹੈ ਉਸ ਅਨੁਸਾਰ ਜਦੋਂ ਕਾਵਿ ਦੇ ਆਪਣੇ ਨੇਮ ਹੋਣ ਜਿਹੜੇ ਕਿਰਤ ਦੇ ਜਨਮ ਨਾਲ ਹੀ ਉਪਜੇ ਹੋਣ ਅਤੇ ਕਿਰਤ ਅੰਦਰ ਸੰਚਾਰ ਤੇ ਵਸਤੂ ਇਕ ਜੀਵੰਤ-ਇਕਾਈ ਵਿਚ ਸੰਯੋਜਿਤ ਹੋਏ ਹੋਣ ਤਾਂ ਇਸ ਤੋਂ ਪੈਦਾ ਹੋਏ ਰੂਪ ਨੂੰ ਸੰਗਠਿਤ ਕਿਹਾ ਜਾ ਸਕਦਾ ਹੈ। ਜਦੋਂ ਇਹ ਸੰਗਠਿਤ ਰੂਪ ਸਥਿਰ ਹੋ ਜਾਵੇ ਅਤੇ ਇਸ ਦੀ ਵਰਤੋਂ ਇਕ ਨਿਸ਼ਚਿਤ ਆਕਾਰ ਵਿਚ ਬਾਰ-ਬਾਰ ਕੀਤੀ ਜਾਵੇ।"6 ਸੰਗਠਿਤ ਰੂਪ ਵਿਚ ਸਮੇਂ ਅਨੁਸਾਰ ਪਰਿਵਰਤਨ ਨਹੀਂ ਕੀਤੇ ਜਾ ਸਕਦੇ ਹਨ ਪਰੰਤੂ ਨਿਰਪੇਖ ਰੂਪ ਵਿਚ ਪਰਿਵਰਤਨ ਕਰ ਲਿਆ ਜਾਂਦਾ ਹੈ। ਬਾਣੀ ਰੂਪ ਚਉਪਦੇ ਦਾ ਰੂਪ ਨਿਰਪੇਖ ਰੂਪ ਅਨੁਸਾਰ ਹੈ। ਇਸ ਦਾ ਭਾਵ ਇਹ ਹੈ ਕਿ ਰੂਪ ਵਿਚ ਪਰਿਵਰਤਨ ਹੁੰਦਾ ਹੈ।

### (ਅ) ਬਾਣੀ-ਰੂਪ ਚਉਪਦੇ ਦਾ ਵਿਕਾਸਕ੍ਰਮ

ਚਉਪਦਾ ਕਾਵਿ ਰੂਪ ਦੀ ਸਿਰਜਣਾ ਪਦਾਂ ਦੀ ਸੁਮੇਲਤਾ ਨਾਲ ਕੀਤੀ ਜਾਂਦੀ ਹੈ। ਕਾਲ ਕ੍ਰਮ ਦੇ ਬਦਲਾਵ ਨਾਲ ਕਾਵਿ ਦੀ ਇਸ ਕਿਰਤ ਦਾ ਵੀ ਵਿਕਾਸ ਹੋਇਆ। ਇਕ ਤੁਕ ਦੇ ਮੰਤਰ ਤੋਂ ਸਲੋਕ ਅਤੇ ਫਿਰ ਪਦਾ ਕਾਵਿ ਰੂਪ ਹੋਂਦ ਵਿਚ ਆਇਆ।ਇਕ ਤੁਕ ਦੇ ਮੰਤਰ ਨੂੰ ਲਿਖਣ ਸਮੇਂ ਪਹਿਲਾਂ ਉਸ ਦਾ ਰੂਪ ਘੜਿਆ ਜਾਂਦਾ ਹੈ। ਇਸ ਤਰ੍ਹਾਂ ਉਸ ਮੰਤਰ ਨੂੰ ਗਾਇਨ ਕਰਨ

ਵਿਚ ਆਸਾਨੀ ਰਹਿੰਦੀ ਹੈ। ਉਸ ਸਮੇਂ ਇਹਨਾਂ ਮੰਤਰਾਂ ਨੂੰ ਸੰਗੀਤ ਸ਼ਾਸਤਰੀਆਂ ਦੁਆਰਾ ਰਿਦਮ ਵਿਚ ਗਾਇਆ ਜਾਂਦਾ ਸੀ। ਇਸ ਤੋਂ ਬਾਅਦ ਹੋਰ ਭਾਸ਼ਾਵਾਂ ਦੀਆਂ ਲਿਖਤਾਂ ਵੀ ਹੋਂਦ ਵਿਚ ਆਈਆਂ। ਇਸ ਵਾਸਤੇ ਪਹਿਲਾਂ ਵੈਦਿਕ, ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੀਆਂ ਲਿਖਤਾਂ ਦੇ ਰੂਪ ਨੂੰ ਘੋਖਣਾ ਜ਼ਰੂਰੀ ਹੋ ਜਾਂਦਾ ਹੈ। ਇਹਨਾਂ ਕਾਵਿ ਕਿਰਤਾਂ ਨੂੰ ਸੰਗੀਤ ਸ਼ਾਸਤਰੀਆਂ ਨੇ ਰਿਦਮ ਵਿਚ ਪੇਸ਼ ਕੀਤਾ ਹੈ। ਇਸ ਪ੍ਰਕਾਰ ਪਦਿਆਂ ਦੇ ਰਾਗਬੱਧ ਹੋਣ ਕਾਰਨ ਕਾਲ ਕ੍ਰਮ ਅਨੁਸਾਰ ਇਹਨਾਂ ਦੇ ਰੂਪ ਦਾ ਅਧਿਐਨ ਕੀਤਾ ਗਿਆ ਅਤੇ ਛੰਦ ਅਨੁਸਾਰ ਵੇਖਿਆ ਗਿਆ ਹੈ।

**ਵੈਦਿਕ ਕਾਲ ਦਾ ਪਦਾ ਰੂਪ:** ਸੰਗੀਤ ਸਾਡੇੇ ਸਾਹਿਤ ਵਿਚ ਵੇਦਾਂ ਦੇ ਸਮੇਂ ਤੋਂ ਹੀ ਚਲਦਾ ਆ ਰਿਹਾ ਹੈ। ਇਸ ਦਾ ਪ੍ਰਮਾਣ ਸਾਰੇ ਗ੍ਰੰਥਾਂ ਵਿਚ ਮਿਲਦਾ ਹੈ। ਰਿਗਵੇਦ, ਸਾਮਵੇਦ ਆਦਿ ਗ੍ਰੰਥ ਆਰੀਆ ਲੋਕ ਦੁਆਰਾ ਹੋਂਦ ਵਿਚ ਲਿਆਂਦੇ ਗਏ। ਵੇਦਾਂ ਦੇ ਸਲੋਕਾਂ ਦਾ ਨਿਰੀਖਣ ਕਰਨ ਤੇ ਮਹਿਸੂਸ ਹੁੰਦਾ ਹੈ ਕਿ ਇਹਨਾਂ ਦੇ ਰੂਪ ਦਾ ਨਿਰਧਾਰਨ ਛੰਦਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ। "ਸ੍ਰੀ ਮਦ ਭਾਗਵਤ ਵਿਚ ਵੇਦਾਂ ਨੂੰ ਛੰਦਸ ਕਿਹਾ ਗਿਆ ਹੈ। ਪਾਣਿਨੀ ਦੇ ਅਸ਼ਟਾਧਿਆਈ ਵਿਚ ਵੀ ਛੰਦਸ ਸ਼ਬਦ ਵੇਦਾਂ ਦਾ ਬੋਧ ਕਰਾਉਂਦਾ ਹੈ।"7ਇਸ ਪ੍ਰਕਾਰ ਵੇਦਾਂ ਕਾਰਨ ਛੰਦਾਂ ਦੀ ਸਾਰਥਕਤਾ ਨੂੰ ਸਮਝਿਆ ਜਾਂਦਾ ਅਤੇ ਇਸ ਤੋਂ ਬਾਅਦ ਤੁਕਾਂ ਦੇ ਅੱਖਰਾਂ ਦੀ ਗਿਣਤੀ ਦੁਆਰਾ ਵਰਣਿਕ ਛੰਦ ਹੋਂਦ ਵਿਚ ਆਏ, ਪਰੰਤੂ ਇਥੇ ਵੀ ਗਾਇਨ ਦੇ ਲਹਿਜੇ ਨੂੰ ਹੀ ਸਾਹਮਣੇ ਰੱਖਿਆ ਜਾਂਦਾ ਸੀ। "ਵੈਦਿਕ ਪਦ ਦੇ ਛੰਦਾਂ ਵਿਚ ਮਾਤਰਾਂ ਅਤੇ ਲਘੂ ਗੁਰੂ ਦਾ ਕੋਈ ਵਿਚਾਰ ਨਹੀਂ ਕੀਤਾ ਜਾਂਦਾ। ਉਹਨਾਂ ਵਿਚ ਛੰਦਾਂ ਨੂੰ ਕੇਵਲ ਅੱਖਰਾਂ ਦੀ ਸੰਖਿਆ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਸੀ।"8ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵੈਦਿਕ ਸਮੇਂ ਦੇ ਮੰਤਰਾਂ ਦੇ ਰੂਪ ਨੂੰ ਵਰਣਿਕ ਛੰਦ ਦੁਆਰਾ ਜਾਣਿਆ ਜਾਂਦਾ ਸੀ। ਵੈਦਿਕ ਛੰਦਾਂ ਵਿਚ ਕੁਝ ਅਜਿਹੇ ਛੰਦ ਮਿਲਦੇ ਹਨ, ਜੋ ਵਧੇਰੇ ਵਰਤੋਂ ਵਿਚ ਆਉਂਦੇ ਹਨ। ਇਹ ਸੱਤ ਕਿਸਮ ਦੇ ਹਨ। ਇਹਨਾਂ ਸੱਤ ਛੰਦਾਂ ਦੇ ਨਾਮ ਦੱਸੇ ਗਏ ਹਨ ਅਤੇ ਉਹਨਾਂ ਵਿਚ ਵਰਤੇ ਗਏ ਵਰਣਾਂ ਦੀ ਸੰਖਿਆ ਦੱਸੀ ਗਈ -

1. ਗਾਇਤਰੀ - ਇਸ ਵਿਚ ਤਿੰਨ ਚਰਣ ਹੁੰਦੇ ਹਨ ਅਤੇ ਹਰੇਕ ਚਰਣ ਵਿਚ ਅੱਠ ਅੱਖਰ ਹਨ। ਕੁੱਲ 24 ਅੱਖਰ ਹੁੰਦੇ ਹਨ।

2. ਉਸ਼ਨਿਕ - ਇਸ ਵਿਚ ਤਿੰਨ ਚਰਣ ਹਨ 8-8 ਅੱਖਰ ਅਤੇ ਤੀਜੇ ਚਰਣ ਵਿਚ 12 ਅੱਖਰ ਹਨ ਅਤੇ ਕੁੱਲ 24 ਅੱਖਰ ਹੁੰਦੇ ਹਨ।

3. ਅਨੁਸ਼ਟੁਪ - ਇਸ ਵਿਚ ਚਾਰ ਚਰਣ ਅਤੇ ਹਰੇਕ ਚਰਣ ਵਿਚ 8 ਅੱਖਰ ਹੁੰਦੇ ਹਨ ਅਤੇ ਕੁੱਲ 32 ਅੱਖਰ ਹੁੰਦੇ ਹਨ।

4. ਤ੍ਰਿਸ਼ਟੁਪ - ਇਸ ਵਿਚ ਚਾਰ ਚਰਣ ਅਤੇ ਹਰੇਕ ਚਰਣ ਵਿਚ 11 ਅੱਖਰ ਹੁੰਦੇ ਹਨ, ਅਤੇ ਕੁੱਲ 44 ਅੱਖਰ ਹੁੰਦੇ ਹਨ।

5. ਬ੍ਰਿਹਿਤੀ - ਇਸ ਵਿਚ ਚਾਰ ਚਰਣ ਹੁੰਦੇ ਹਨ। ਇਹਨਾਂ ਵਿਚੋਂ ਪਹਿਲੇ, ਦੂਜੇ ਅਤੇ ਚੌਥੇ ਚਰਣ ਵਿਚ 8-8 ਅੱਖਰ ਹੁੰਦੇ ਹਨ ਅਤੇ ਤੀਜੇ ਚਰਣ ਵਿਚ 12 ਅੱਖਰ ਹੁੰਦੇ ਹਨ ਅਤੇ ਕੁੱਲ 36 ਅੱਖਰ ਹੁੰਦੇ ਹਨ।

6. ਜਗਤੀ - ਇਸ ਛੰਦ ਵਿਚ ਚਾਰ ਚਰਣ ਅਤੇ ਹਰੇਕ ਚਰਣ ਵਿਚ 12 ਅੱਖਰ ਹੁੰਦੇ ਹਨ ਅਤੇ ਕੁੱਲ 48 ਅੱਖਰ ਹਨ।

7. ਪੰਕਤੀ - ਇਸ ਵਿਚ ਪੰਜ ਚਰਣ ਅਤੇ ਹਰੇਕ ਚਰਣ ਦੇ 8 ਅੱਖਰ ਹੁੰਦੇ ਹਨ ਅਤੇ ਕੁੱਲ 40 ਅੱਖਰ ਹਨ।9

ਵੈਦਿਕ ਕਾਲ ਦੇ ਮੰਤਰਾਂ ਵਿਚ ਇਹਨਾਂ ਸੱਤ ਛੰਦਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਸੀ।ਇਹਨਾਂ ਛੰਦਾਂ ਦੀ ਵਰਤੋਂ ਇਸ ਪ੍ਰਕਾਰ ਕੀਤੀ ਗਈ ਹੈ। ਇਸ ਨੂੰ ਦੋ ਪਦਾਂ ਵਿਚ ਹੇਠਾਂ ਲਿਖੇ ਅਨੁਸਾਰ ਵੇਖਿਆ ਜਾ ਸਕਦਾ ਹੈ :

मित्रो जनान् यातयति ब्रुवाणो मित्रो दाधार पृथिवीमुत द्याम।
मित्र कुष्टीरनिमिषाभि चष्टे मित्राय हव्यं घृतवज्जुहोत।।10

ਇਸ ਪਦੇ ਵਿਚ ਤ੍ਰਿਸ਼ਟੁਪ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਵਿਚ ਕੁੱਲ 44 ਅੱਖਰ ਹਨ। ਦੂਜੀ ਉਦਾਹਰਨ ਇਸ ਪ੍ਰਕਾਰ ਹੈ :

यत्यर्जन्य कनिक्रदत् स्तनयन् हंसि दुष्कृतः।
प्रतीदं विश्वं मोदते यत्कि च यृथिव्यामधि।।11

ਇਸ ਪਦੇ ਵਿਚ ਅਨੁਸ਼ਟੁਪ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਕੁੱਲ 32 ਅੱਖਰ ਹਨ। ਹਰ ਇਕ ਚਰਣ 8 ਅੱਖਰਾਂ ਦਾ ਹੈ।

ਇਸ ਪ੍ਰਕਾਰ ਵੈਦਿਕ ਕਾਲ ਦੇ ਮੰਤਰਾਂ ਦਾ ਰੂਪ ਪਦੇ ਸਨ। ਉੱਪਰ ਦਿੱਤੀਆਂ ਉਦਾਹਰਨਾਂ ਵਿਚ ਮੰਤਰ ਦੇ ਰੂਪ ਪਦੇ ਲਈ ਵਰਣਾਂ ਦੀ ਗਿਣਤੀ ਨੂੰ ਆਧਾਰ ਬਣਾਇਆ ਗਿਆ ਹੈ। ਇਸ ਨਾਲ ਪਦੇ ਦੇ ਢੁਕਵੇਂ ਛੰਦ ਨੂੰ ਪੇਸ਼ ਕੀਤਾ ਗਿਆ ਹੈ।

**ਸੰਸਕ੍ਰਿਤ ਸਾਹਿਤ ਦਾ ਪਦਾ ਰੂਪ :**ਧਾਰਮਿਕ ਗ੍ਰੰਥਾਂ ਵਿਚ ਭਾਸ਼ਾਵਾਂ ਦੀ ਸੁਮੇਲਤਾ ਦਾ ਮਿਲਗੋਭਾ ਪ੍ਰਬੰਧ ਪੁਰਾਤਨ ਸਮੇਂ ਤੋਂ ਹੀ ਵੇਖਿਆ ਜਾ ਸਕਦਾ ਹੈ "ਪੂਰਵ ਦੇ ਹਿੱਸੇ ਵਿਚ ਪ੍ਰਾਕ੍ਰਿਤ ਦੇ ਕਿਸੇ ਰੂਪ ਵਿਚ ਲੌਕਿਕ ਸਾਹਿਤ ਦੀ ਰਚਨਾ ਦਾ ਆਰੰਭ ਹੋਇਆ ਉਸ ਤੋਂ ਬਹੁਤ ਸਮਾਂ ਬਾਅਦ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਨਿਗੁਣੀਆਂ ਰਚਨਾਵਾਂ ਲਈ ਕੀਤਾ ਗਿਆ।"12ਇਸ ਤਰ੍ਹਾਂ ਸੰਸਕ੍ਰਿਤ ਪ੍ਰਾਕ੍ਰਿਤ ਵਿਚ ਵੱਖ-ਵੱਖ ਤਰ੍ਹਾਂ ਦੀਆਂ ਰਚਨਾਵਾਂ ਲਿਖੀਆਂ ਗਈਆਂ। ਚਾਰੂਚੰਦ ਸ਼ਾਸਤਰੀ ਅਨੁਸਾਰ, ਆਚਾਰਯ ਲੇਵੀ ਦੀ ਕਲਪਨਾ ਹੈ ਕਿ ਦੂਜੀ ਸਦੀ ਵਿਚ ਪੱਛਮੀ ਭਾਰਤ ਦੇ ਸ਼ੱਕ ਕਸ਼ਤਰਾਂ ਦੀ ਪ੍ਰੇਰਣਾ ਨਾਲ ਸੰਸਕ੍ਰਿਤ ਭਾਸ਼ਾ ਵਿਚ ਲੌਕਿਕ ਰਚਨਾਵਾਂ ਰਚੀਆ ਜਾਣੀਆਂ ਅਰੰਭ ਹੋਈਆ। ਸਭ ਤੋਂ ਪਹਿਲਾਂ ਇਕ ਸੰਪੂਰਣ ਲੇਖ ਰੁਦਰਦਾਮਨ ਦੁਆਰਾ ਤਿਆਰ ਕਰਵਾਇਆ ਗਿਆ। ਰੁਦਰਾਦਾਮਨ ਦੇ ਅਧਿਕਾਰੀਆਂ ਦੁਆਰਾ ਹੀ ਭਰਤ - ਨਾਟਯਸ਼ਾਸਤਰ ਦੇ ਨਾਮਕਰਣ ਸੰਬੰਧੀ ਨਿਯਮ ਬਣੇ ਹਨ।13 ਇਸ ਤਰ੍ਹਾਂਸੰਸਕ੍ਰਿਤ ਸਾਹਿਤ ਦਾ ਵਿਕਾਸ ਹੋਣ ਤੋਂ

ਬਾਅਦ ਰਮਾਇਣ ਅਤੇ ਮਹਾਂਭਾਰਤ ਜਿਹੀਆਂ ਰਚਨਾਵਾਂ ਹੋਂਦ ਵਿਚ ਆਈਆਂ। ਇਹਨਾ ਕਾਵਿ ਰਚਨਾਵਾਂ ਦੇ ਰੂਪ ਨੂੰ ਛੰਦ ਅਨੁਸਾਰ ਵੇਖਿਆ ਗਿਆ ਹੈ। ਸੰਸਕ੍ਰਿਤ ਦੇ ਧਾਰਮਿਕ ਗ੍ਰੰਥਾਂ ਵਿਚੋਂ ਰਮਾਇਣ ਅਨੁਸ਼ਟੁਪ ਛੰਦ ਵਿਚ ਲਿਖਿਆ ਗਿਆ ਹੈ :

तपः स्वाध्यायनिरतं तपस्वी वाग्विदा वरम्।
नारदं परिपप्रच्छ वाल्मीकिर्मुनियुङ्गवम् ।।14

ਰਮਾਇਣ ਦੇ ਇਕ ਪਦੇ ਵਿਚ ਚਾਰ ਚਰਣ ਹੁੰਦੇ ਹਨ। ਹਰ ਚਰਣ ਵਿਚ 8ਵਰਣ ਹੁੰਦੇ ਹਨ। ਇਸ ਪ੍ਰਕਾਰ ਰਮਾਇਣ ਦੇ ਇਸ ਪਦੇ ਵਿਚ ਵਰਣਿਕ ਅਨੁਸ਼ਟੁਪ ਛੰਦ ਦੀ ਵਰਤੋਂ ਕੀਤੀ ਗਈ ਹੈ।

ਸੰਸਕ੍ਰਿਤ ਸਾਹਿਤ ਵਿਚ ਘੱਟ ਰਚਨਾਵਾਂ ਹੀ ਰਚੀਆਂ ਗਈਆਂ ਹਨ।ਕਾਲੀਦਾਸ ਦਾ ਨਾਟਕ ਸ਼ਕੁੰਤਲਾ ਸੰਸਕ੍ਰਿਤ ਵਿਚ ਰਚਿਆ ਗਿਆ ਹੈ। ਇਸ ਨਾਟਕ ਦੇ ਸਾਰੇ ਪਦੇ ਛੰਦਾਂ ਅਨੁਸਾਰ ਹਨ। ਇਹਨਾਂ ਪਦਿਆਂ ਵਿਚ ਵਰਤੇ ਗਏ ਵਰਣਿਕ ਤੇ ਮਾਤਰਿਕ ਛੰਦਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ :

सरसिजमनुविंद्ध शैक्लेनापि रम्यं
मलिनमपि हिमांशोर्लक्ष्म लक्ष्मी तनोति।
इयमधिकमनोज्ञा वल्कलेनापि तन्वी
किमिव हि मधुराणां मण्डनं नाकृतीनाम्।।15

ਇਸ ਪਦੇ ਦੇ ਚਾਰ ਚਰਣ ਹਨ। ਹਰ ਪਦੇ ਵਿਚ 15 ਵਰਣ ਹਨ। ਇਸ ਪਦੇ ਵਿਚ ਵਰਣਿਕ ਮਾਲਿਨੀ ਛੰਦ ਦੀ ਵਰਤੋਂ ਕੀਤੀ ਗਈਹੈ :

आपरितोषाद विदुषां व साधु मन्यं प्रयोगकिज्ञानम्।
बलवदपि शिक्षितानामात्मन्यप्रत्ययं चेतः।।16

ਇਸ ਪਦੇ ਵਿਚ ਚਾਰ ਚਰਣ ਹਨ। ਪਹਿਲੇ ਚਰਣ ਵਿਚ 12 ਮਾਤਰਾ, ਦੂਜੇ ਵਿਚ 18 ਮਾਤਰਾ, ਤੀਜੇ ਵਿਚ 12 ਮਾਤਰਾ ਅਤੇ ਚੌਥੇ ਵਿਚ 15 ਮਾਤਰਾ ਹਨ। ਇਹ ਮਾਤਰਿਕ ਆਰਿਯ ਛੰਦ ਹੈ। ਸੰਸਕ੍ਰਿਤ ਵਿਚ ਆਰਿਯ ਛੰਦ ਕਾਫ਼ੀ ਲੋਕਪ੍ਰਿਯ ਰਿਹਾ ਹੈ।

ਵੈਦਿਕ ਕਾਲ ਦੀਆਂ ਰਚਨਾਵਾਂ ਵਿਚ ਕੇਵਲ ਵਰਣਿਕ ਛੰਦਾਂ ਦੀ ਭਰਮਾਰ ਅਤੇ ਗਣ ਛੰਦ ਦਾ ਰੂਪ ਵੇਖਣ ਨੂੰ ਮਿਲਦਾ ਹੈ।ਸੰਸਕ੍ਰਿਤ ਦੇ ਪਦਿਆਂ ਵਿਚ ਵਰਣਿਕ ਤੇ ਮਾਤ੍ਰਿਕ ਦੋਹਾਂ ਛੰਦਾਂ ਦੇ ਰੂਪ ਵੇਖਣ ਨੂੰ ਮਿਲਦੇ ਹਨ। ਇਹਨਾਂਪਦਿਆਂ ਵਿਚ ਛੰਦ ਪ੍ਰਬੰਧ ਦੀ ਜਟਿਲਤਾ ਦੇ ਨੇਮ ਹਨ।

ਛੰਦਾਂ ਦੇ ਰੂਪ ਦੀ ਹੋਂਦ ਕਾਵਿ ਰੂਪ ਦੇ ਸੰਕਲਪਾਂ ਤੇ ਨਿਰਭਰ ਕਰਦੀਹੈ। ਇਸ ਦੀ ਪ੍ਰਮਾਣਿਕਤਾ ਉਸ ਸਮੇਂ ਦੇ ਕਾਵਿ ਤੋਂ ਪ੍ਰਾਪਤ ਹੁੰਦੀ ਹੈ, ਕਿਉਂਕਿ ਛੰਦਾਂ ਦੇ ਵਧੇਰੇ ਨਾਮ ਨਾਇਕਾਵਾਂ ਦੇ ਗੁਣਾਂ ਨੂੰ ਧਿਆਨ ਵਿਚ ਕਰਕੇ ਰੱਖੇ ਗਏ ਹਨ। 'ਬਸੰਤ ਤਿਲਕਾ-ਬਸੰਤ ਵਾਂਗਰ

ਖਿੜਨ ਵਾਲੀ ਚੰਚਲ ਲਕਸ਼ਿਕਾ - ਚੰਚਲ ਅੱਖਾਂ ਵਾਲੀ।'17 ਇਸੇ ਤਰ੍ਹਾਂ ਕੁਝ ਛੰਦਾਂ ਦੇ ਨਾਮ ਪਸ਼ੂ ਪੰਛੀਆਂ ਦੇ ਨਾਂਵਾਂ ਤੋਂ ਵੀ ਰੱਖੇ ਗਏ ਹਨ। ਕੁਝ ਛੰਦ ਅਜਿਹੇ ਹਨ, ਜੋ ਘੋੜੇ ਮੋਰ ਦੀ ਚਾਲ ਨਾਲ ਸੰਬੰਧਿਤ ਹਨ। ਇੱਥੇ ਸੰਕੇਤ ਮਿਲਦਾ, ਕਿਸੇ ਕਾਵਿ ਕਿਰਤ ਦੇ ਭਾਵਾਂ ਦੀ ਤਬਦੀਲੀ ਕਾਰਨ ਛੰਦਾਂ ਦੇ ਰੂਪ ਵਿਚ ਵੱਖਰਤਾ ਪਾਈ ਜਾਂਦੀ ਹੈ ਅਤੇ ਇਸੇ ਕਾਰਨ ਤਾਲ ਅਤੇ ਲੈਅ ਵਿਚ ਵਿਭਿੰਨਤਾ ਹੁੰਦੀ ਹੈ।

**ਪ੍ਰਾਕ੍ਰਿਤ ਸਾਹਿਤ ਦਾ ਪਦਾ ਰੂਪ :** ਪ੍ਰਾਕ੍ਰਿਤ ਭਾਸ਼ਾ ਨੂੰ ਇਸ ਦੇ ਨਾਮ ਅਨੁਸਾਰ ਮਨੁੱਖੀਸੁਭਾਅਦੀ ਪ੍ਰਕ੍ਰਿਤੀ ਕਿਹਾ ਜਾਂਦਾ ਹੈ। ਆਰੀਆਂ ਜਾਤੀ ਦੇ ਜਨ ਸਮੂਹ ਦੇ ਨਿਵਾਸ ਸਥਾਨਾਂ ਦੀ ਵਿਭਿੰਨਤਾ ਕਾਰਨ ਇਸ ਵਿਚ ਹੋਰ ਕਈ ਬੋਲੀਆਂ ਦੇ ਰੂਪ ਵੀ ਵੇਖਣ ਨੂੰ ਮਿਲਦੇ ਹਨ। ਰਾਮ ਸਿੰਘ ਤੋਮਰ ਅਨੁਸਾਰ, ਪ੍ਰਾਕ੍ਰਿਤ ਵਿਚ ਪ੍ਰਾਪਤ ਸਭ ਤੋਂ ਪ੍ਰਾਚੀਨ ਸ਼ਿਲਾਲੇਖ ਅਸ਼ੋਕ ਦੇ ਹਨ। ਵਿਭਿੰਨ ਪ੍ਰਾਂਤਾਂ ਦੇ ਅਨੁਸਾਰ ਇਹਨਾਂ ਸ਼ਿਲਾਲੇਖ ਦੀ ਭਾਸ਼ਾ ਵਿਚ ਵੀ ਕੁਝ ਭੇਦ ਪਾਏ ਜਾਂਦੇ ਹਨ। ਪੈਸ਼ਾਚੀ, ਮਹਾਰਾਸ਼ਟਰੀ, ਸ਼ੋਰਸ਼ੇਨੀ ਪ੍ਰਾਚੀਨ ਮਾਗਧੀ ਅਤੇ ਅਰਧ ਮਾਗਧੀ ਸਾਰੀਆਂ ਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਵਿਭਿੰਨਤਾਵਾਂ ਇਹਨਾਂ ਵਿਚ ਪਾਈਆਂ ਜਾਂਦੀਆਂ ਹਨ।18 ਭਾਸ਼ਾ ਵਿਚ ਇਹਨਾਂ ਬੋਲੀਆਂ ਦਾ ਰਲਾ ਹੋਣ ਕਾਰਨ ਪ੍ਰਾਕ੍ਰਿਤ ਗ੍ਰੰਥਾਂ ਵਿਚ ਇਹਨਾਂ ਬੋਲੀਆਂ ਦੀ ਸੁਮੇਲਤਾ ਨੂੰ ਵੇਖਿਆ ਜਾ ਸਕਦਾ ਹੈ।

ਪ੍ਰਾਕ੍ਰਿਤ ਭਾਸ਼ਾ ਨੂੰ ਆਮ ਬੋਲਚਾਲ ਦੀ ਭਾਸ਼ਾ ਮੰਨਿਆ ਜਾਂਦਾ ਹੈ। ਇਸ ਵਾਸਤੇ ਇਸ ਭਾਸ਼ਾ ਦਾ ਵਿਕਾਸ ਮਨੁੱਖ ਦੇ ਵਿਵਹਾਰਿਕ ਜੀਵਨ ਤੇ ਮਨੋਰੰਜਨ ਦੇ ਸਾਧਨਾਂ ਨਾਲ ਜੁੜਿਆ ਹੋਇਆ ਹੈ। ਗੀਤ ਕਾਵਿ ਵਿਚਲੀ ਲੈਅ ਦਾ ਸੰਬੰਧ ਮਨੁੱਖ ਦੀਆਂ ਭਾਵਨਾਵਾਂ ਨਾਲ ਹੁੰਦਾ ਹੈ। ਇਸੇ ਕਾਰਨ ਗੀਤ ਕਾਵਿ ਦੀ ਲੈਅ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੈ। ਪ੍ਰਾਕ੍ਰਿਤ ਭਾਸ਼ਾ ਦੀਆਂ ਥੇਰ ਗਾਥਾਵਾਂ ਵਿਚ ਮਨੁੱਖ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। "ਪ੍ਰਾਕ੍ਰਿਤ ਭਾਸ਼ਾ ਦਾ ਸੰਬੰਧ ਲੋਕ ਜੀਵਨ ਦੇ ਨਾਲ ਹੋਣ ਕਾਰਨ ਛੰਦਾਂ ਦਾ ਵਿਕਾਸ ਨ੍ਰਿਤ ਅਤੇ ਸੰਗੀਤ ਦੇ ਆਧਾਰ ਤੇ ਹੋਇਆ ਮੰਨਿਆ ਜਾਂਦਾ ਹੈ। ਇਸ ਵਿਚ ਮਾਤਰਾ ਅਤੇ ਤਾਲ ਛੰਦਾਂ ਦੀ ਬਹੁਲਤਾ ਵੀ ਇਸ ਦਾ ਸਮਰਥਨ ਕਰਦੇ ਹਨ।"19ਲੋਕ ਜੀਵਨ ਨਾਲ ਸੰਬੰਧਿਤ ਹੋਣ ਕਾਰਨ ਇਹਨਾਂ ਰਚਨਾਵਾਂ ਦੇ ਪਦਿਆਂ ਵਿਚ ਮਾਤਰਾ ਦੇ ਘਟਾ ਵਧਾ ਨੂੰ ਸੁਰ ਅਨੁਸਾਰ ਸੰਭਵ ਕਰ ਲਿਆ ਗਿਆ ਹੈ। ਇਸ ਭਾਸ਼ਾ ਦੇ ਪ੍ਰਕ੍ਰਿਤ ਪੈਗਲਮ ਗ੍ਰੰਥ ਵਿਚ ਰਾਜਪੂਤ ਰਾਜੇ ਦੀ ਬਹਾਦਰੀ ਦੇ ਕਾਵਿ ਨੂੰ ਅੰਕਿਤ ਕੀਤਾ ਗਿਆ ਹੈ। ਪ੍ਰਾਕ੍ਰਿਤ ਪੈਗਲਮ ਰਚਨਾ ਦੇ ਪਦੇ ਵਿਚ ਵਰਤੇ ਗਏ, ਮਾਤਰਿਕ ਛੰਦ ਦੀ ਉਦਾਹਰਨ ਇਸ ਪ੍ਰਕਾਰ ਹੈ :

घर लग्गइ अग्गि जलइ धह–धह कइ, दिग मग णहयह अणल भरे,
सब दीस पसरि पाइक्क लुलइ धणि, थणहर जहण दिआव करे।
भअ कुक्किअ थक्किअ वइरि तरूणि, जण भइरव भेरिअ–सद्दे पले,
महि लोट्टइ पट्टइ रिउसिर टुट्टइ जक्खण वीर हमीर चले।20

ਇਸ ਪਦੇ ਵਿਚ ਲੀਲਾਵਤੀ ਛੰਦ21 ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਹਰ ਤੁਕ ਵਿਚ ਪਹਿਲਾ ਚਰਣ 18 ਮਾਤਰਾਂ ਦਾ ਅਤੇ ਦੂਜਾ ਚਰਣ 14 ਮਾਤਰਾਂ ਦਾ ਹੈ। ਤੁਕਾਂਤ ਦੀ ਸੁਮੇਲਤਾ ਹੋਣ ਤੇ ਵੀ ਛੰਦ ਕੱਟੜਤਾ ਦੇ ਨਿਯਮਾਂ ਦੀ ਵਰਤੋਂ ਨਹੀਂ ਕੀਤੀ ਗਈ। ਪ੍ਰਾਕ੍ਰਿਤਭਾਸ਼ਾ ਦੇ ਸਮੇਂ ਤੋਂ ਵਰਤੋਂ ਵਿਚ ਆਉਣ ਵਾਲੇ ਛੰਦਾਂ ਦੀ ਵਰਤੋਂ ਆਧੁਨਿਕ ਰਚਨਾਵਾਂ ਵਿਚ ਵੀ ਕੀਤੀ ਗਈ ਹੈ। ਇਸ ਪ੍ਰਕਾਰ ਪ੍ਰਕ੍ਰਿਤ ਭਾਸ਼ਾ ਦੇ ਸਮੇਂ ਤੋਂ ਪਦਿਆਂ ਵਿਚ ਤੁਕਾਂਤ ਦੀ ਸੁਮੇਲਤਾ ਨਜ਼ਰ ਆਉਂਦੀ ਹੈ। ਇਸ ਪਦੇ ਵਿਚ ਮਾਤਰਾ ਦੀ ਗਿਣਤੀ ਕਰਕੇ ਮਾਤਰਿਕ ਛੰਦ ਅਨੁਸਾਰ, ਪਦੇ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪ੍ਰਕ੍ਰਿਤ ਸਾਹਿਤ ਦੇ ਸਮੇਂ ਤੋਂ ਪਦਾ ਕਾਵਿ-ਰੂਪ ਨੂੰ ਔਸਤ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ।

**ਅਪਭ੍ਰੰਸ਼ ਸਾਹਿਤ ਦਾ ਪਦਾ ਰੂਪ :** ਪ੍ਰਾਕ੍ਰਿਤ ਭਾਸ਼ਾ ਤੋਂ ਬਾਅਦ ਅਪਭ੍ਰੰਸ਼ ਭਾਸ਼ਾ ਹੋਂਦ ਵਿਚ ਆਈ ਇਸ ਭਾਸ਼ਾ ਨੂੰ ਪ੍ਰਾਕ੍ਰਿਤ ਨਾਲ ਮਿਲਦੀ ਜੁਲਦੀ ਭਾਸ਼ਾ ਵੀ ਕਹਿ ਦਿੰਦੇ ਹਨ। ਨਾਮਿਸਾਧੂ ਦੇ ਉਲੇਖ ਤੋਂ ਇਸ ਵਿਚਾਰ ਦੀ ਸਪੱਸ਼ਟਤਾ ਹੁੰਦੀ ਹੈ ਕਿ ਉਹ ਅਪਭ੍ਰੰਸ਼ ਨੂੰ ਪ੍ਰਾਕ੍ਰਿਤਾ ਤੋਂ ਵਧੇਰੇ ਭਿੰਨ ਨਹੀਂ ਮੰਨਦੇ ਸਨ। ਇਸ ਪ੍ਰਕਾਰ ਪ੍ਰਾਕ੍ਰਿਤ ਭਾਸ਼ਾ ਦੇ ਵਿਕਾਸ ਨਾਲ ਅਪਭ੍ਰੰਸ਼ ਭਾਸ਼ਾ ਦਾ ਰੂਪ ਨਿਖੜਿਆ।22 ਅਪਭ੍ਰੰਸ਼ ਸ਼ਬਦ ਦਾ ਅਰਥ ਵਿਗੜੀ ਭਾਸ਼ਾ ਮੰਨਿਆ ਜਾਂਦਾ ਸੀ। ਪ੍ਰਾਕ੍ਰਿਤ ਭਾਸ਼ਾ ਦੀ ਤਰ੍ਹਾਂ ਅਪਭ੍ਰੰਸ਼ ਭਾਸ਼ਾ ਵੀ ਕਈ ਰੂਪਾਂ ਵਿਚ ਸਾਹਮਣੇ ਆਈ, ਅਪਭ੍ਰੰਸ਼ ਵਿਚ ਵਰਾਚਟ, ਨਾਗਰ, ਪਾਂਚਾਲੀ, ਵੈਦਰਭੀ, ਮਾਲਵੀ, ਟੱਕੀ ਆਦਿ ਭਾਸ਼ਾਵਾਂ ਨੂੰ ਅਪਭ੍ਰੰਸ਼ ਦੀ ਸੁਮੇਲਤਾ ਦਾ ਰੂਪ ਕਿਹਾ ਗਿਆ ਹੈ। ਵਰਾਚਟ ਨੂੰ ਬ੍ਰਜ ਭਾਸ਼ਾ ਦੇ ਨੇੜੇ ਦਾ ਰੂਪ ਕਿਹਾ ਜਾਂਦਾ ਹੈ।23 ਇਸ ਪ੍ਰਕਾਰ ਅਪਭ੍ਰੰਸ਼ ਭਾਸ਼ਾ ਬ੍ਰਜ, ਹਿੰਦੀ, ਸਾਧ ਭਾਖਾ ਅਤੇ ਪੰਜਾਬੀ ਆਦਿ ਭਾਸ਼ਾਵਾਂ ਨੂੰ ਰੂਪ ਦੇਣ ਵਾਲੀ ਹੈ। ਭਾਮਹ ਨੇ ਉਲੇਖ ਵਿਚ ਕਿਹਾ ਹੈ ਕਿ ਅਪਭ੍ਰੰਸ਼ ਭਾਸ਼ਾ ਛੇਵੀਂ ਸਦੀ ਵਿਕਰਮੀ ਵਿਚ ਅਰੰਭ ਹੋਈ ਮਿਲਦੀ ਹੈ।24 ਉਸ ਸਮੇਂ ਅਪਭ੍ਰੰਸ਼ ਭਾਸ਼ਾ ਵਿਚ ਪੇਸ਼ ਕਿਸੇ ਵਿਸ਼ੇਸ਼ ਗ੍ਰੰਥ ਦੀ ਪ੍ਰਾਪਤੀ ਨਹੀਂ ਹੋਈ।

ਆਮ ਜਨ ਸਧਾਰਨ ਵਿਚ ਅਪਭ੍ਰੰਸ਼ ਭਾਸ਼ਾ ਪ੍ਰਚਲਿਤ ਹੋ ਕੇ ਸਾਹਿਤਕ ਰਚਨਾਵਾਂ ਵਿਚ ਵਿਕਸਿਤ ਹੋਈ। ਅਪਭ੍ਰੰਸ਼ਭਾਸ਼ਾ ਵਿਚ ਨਾਥਾਂ ਜੋਗੀਆਂ ਦੀਆਂ ਰਚਨਾਵਾਂ ਮਿਲਦੀਆਂ ਹਨ। ਗੋਰਖਬਾਣੀ ਵਿਚ ਬਹੁਪੱਖੀ ਭਾਸ਼ਾ ਦੇ ਮੇਲ ਦੀ ਵਰਤੋਂ ਦੁਆਰਾ ਅਪਭ੍ਰੰਸ਼ ਭਾਸ਼ਾ ਹੋਂਦ ਵਿਚ ਆਈ। ਗੋਰਖਬਾਣੀ ਵਿਚ ਸਲੋਕ ਪਦਿਆਂ ਤੋਂ ਇਲਾਵਾ ਪੰਦਰਹ ਤਿਥੀ, ਸਪਤਵਾਰ, ਨਵਗ੍ਰਹਿ, ਰਚਨਾਵਾਂ ਰਚੀਆਂ ਗਈਆਂ। ਇਹਨਾਂ ਰਚਨਾਵਾਂ ਨੂੰ ਯੋਗ ਦੇ ਸਾਧਨਾਂ ਨਾਲ ਸੰਬੰਧਿਤ ਕਰਕੇ ਉਚਾਰਿਆ ਗਿਆ ਹੈ। ਗੋਰਖਬਾਣੀ ਵਿਚ ਕੁਝ ਪਦਿਆਂ ਵਿਚ ਟੇਕ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਰਾਗਾਂ ਨਾਲ ਸੰਬੰਧਿਤ ਪਦਿਆਂ ਵਿਚ ਟੇਕ ਦੀ ਵਰਤੋਂ ਮਿਲਦੀ ਹੈ। ਇਹਨਾਂ ਪਦਿਆਂ ਵਿਚ ਟੇਕ ਨੂੰ ਅਰੰਭ ਵਿਚ ਵਰਤ ਕੇ, ਅੱਗੇ ਪਦਾ ਉਚਾਰਿਆ ਗਿਆ ਹੈ। ਟੇਕ ਦੀ ਵਰਤੋਂ ਅਰੰਭ ਵਿਚ ਕਰਕੇ ਮਨੋਰਥ ਨੂੰ ਰੂਪਮਾਨ ਕਰ ਦਿੱਤਾ ਜਾਂਦਾ ਹੈ ਅਤੇ ਪਦੇ ਵਿਚ ਪੜਾਵਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਪਦੇ ਨੂੰ ਸੰਗੀਤਕ ਧੁਨਾਂ ਅਨੁਸਾਰ ਗਾਇਆ ਜਾ ਸਕਦਾ ਹੈ। ਗੋਰਖਬਾਣੀ ਦੇ ਚਉਪਦੇ ਦਾ ਰੂਪ ਇਸ ਪ੍ਰਕਾਰ ਹੈ :

ਐਸਾ ਜਾਪ ਜਪੋ ਮਨ ਲਾਈ, ਸੋਹੰ ਸੋਹੰ ਅਜਪਾ ਗਾਈ॥ਟੇਕ॥

ਆਸਣ ਦ੍ਰਿੜ ਕਰਿ ਧਰੌ ਧਿਆਨੰ, ਅਹਨਿਸ ਸੁਮਿਰੌ ਬ੍ਰਹਮ ਗਿਆਨੰ॥

ਜਾਗ੍ਰਤ ਨਿਅੰਦ੍ਰਾ ਸੁਲਪ ਆਹਾਰ, ਕਾਮ ਕ੍ਰੋਧ ਅਹੰਕਾਰ ਨਿਵਾਰੰ॥

ਨਾਸਾ ਨਿਜੁ ਜਿਔ ਬਾਈ, ਇੜਾ ਪਿਅੰਗੁਲਾ ਮਧਿ ਸਮਾਇ॥

ਛਸੈ ਸੰਹਸ ਇਕੀ ਸੌ ਜਾਪ, ਅਨਹਦ ਉਪਜ ਆਪਹਿ ਆਪ॥

ਬੰਕ ਨਾਲਿ ਮੈਂ ਉਗੈ ਸੂਰ, ਰੋਮ ਰੋਮ ਧੁਨਿ ਬਾਜੈ ਤੂਰ॥

ਉਲਟ ਕਮਲ ਸਹੰਮ੍ਰਦਲ ਬਾਸ ਭ੍ਰਮਰ ਗੁਫਾ ਮਹਿ ਜੋਤਿ ਪ੍ਰਕਾਸ਼॥

ਸੁਣਿ ਮਥੁਰਾ ਸ਼ਿਵ ਗੋਰਖ ਕਹੈ, ਪਰਮ ਤਤ ਤੇ ਸਾਧੂ ਲਹੈ॥[25]

ਇਸ ਪਦੇ ਦੇ ਰੂਪ ਨੂੰ ਔਸਤ ਅਨੁਸਾਰ ਪ੍ਰਸਤੁਤ ਕੀਤਾ ਗਿਆ ਹੈ ਕਿਉਂਕਿ ਤੁਕਾਂ ਦੀਆਂ ਮਾਤਰਾਵਾਂ ਵਿਚ ਭਿੰਨਤਾ ਹੈ। ਇਸ ਪਦੇ ਵਿਚ ਤੁਕਾਂਤ ਦੀ ਸੁਮੇਲਤਾ ਨਹੀਂ ਹੈ। ਔਸਤ ਅਨੁਸਾਰ ਇਸ ਪਦੇ ਦਾ ਰੂਪ 30 ਮਾਤਰਾ ਦੇ ਲਗਭਗ ਆ ਰਿਹਾ ਹੈ। ਇਸ ਵਾਸਤੇ ਔਸਤ ਦੇ ਅਨੁਮਾਨ ਅਨੁਸਾਰ ਇਸ ਪਦੇ ਵਿਚ ਮੰਜੁ ਛੰਦ[26] ਦੀ ਵਰਤੋਂ ਕੀਤੀ ਗਈ ਹੈ। ਪਦੇ ਵਿਚ ਤੁਕਾਂਤ ਪ੍ਰਤੀ ਖੁੱਲ ਵਰਤੀ ਗਈ ਹੈ। ਇਸ ਪ੍ਰਕਾਰ ਅਪਭ੍ਰੰਸ਼ ਭਾਸ਼ਾ ਦੇ ਪਦਿਆਂ ਵਿਚ ਕੱਟੜਤਾ ਦੇ ਨਿਯਮਾਂ ਦਾ ਧਾਰਨੀ ਨਹੀਂ ਹੋਇਆ ਗਿਆ। ਗਾਇਨ ਪੱਖ ਅਨੁਸਾਰ ਸੁਰ ਵਿਚ ਘਟਾ ਵਧਾ ਕਰ ਲਿਆ ਜਾਂਦਾ ਹੈ।

**ਹਿੰਦੀ ਸਾਹਿਤ ਦਾ ਪਦਾ ਰੂਪ :** ਹਿੰਦੀ ਸਾਹਿਤ ਵਿਚ ਕਬੀਰ ਜੀ ਦੁਆਰਾ ਪੇਸ਼ ਕੀਤੇ ਗਏ, ਦੋਹੇ ਗਾਇਨ ਢੰਗ ਅਨੁਸਾਰ ਜਾਂਚੇ ਗਏ ਹਨ। ਸਰਨਾਮ ਸਿੰਘ ਸ਼ਰਮਾ ਅਨੁਸਾਰ, ਕਬੀਰ ਜੀ ਦੁਆਰਾ ਰਚੇ ਦੋਹੇ ਚੌਪਈ ਛੰਦ ਵਿਚ ਪੇਸ਼ ਕੀਤੇ ਗਏ ਹਨ।[27]ਕਬੀਰ ਜੀ ਦੇ ਚਉਪਦਿਆਂ ਵਿਚ ਛੰਦਾਂ ਦੀ ਬਹੁਤਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਹਿੰਦੀ ਦੇ ਕਵੀਆਂ ਦੀਆਂ ਰਚਨਾਵਾਂ ਦਾ ਪਦਾ ਰੂਪ ਗਾਇਨ ਪੱਖ ਨਾਲ ਸੰਬੰਧਿਤ ਹੋਣ ਕਾਰਨ, ਛੰਦ ਵਿਧਾਨ ਅਨੁਸਾਰ ਪੇਸ਼ ਕੀਤਾ ਗਿਆ ਹੈ, ਪਰੰਤੂ ਇਹਨਾਂ ਰਚਨਾਵਾਂ ਵਿਚ ਲੈਅ ਸੰਗੀਤ ਅਨੁਸਾਰ ਹੋਣ ਕਾਰਨ ਛੰਦਾਂ ਦੇ ਨਿਯਮਾਂ ਦੇ ਕੱਟੜਤਾ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ। ਹਿੰਦੀ ਸਾਹਿਤ ਦੇ ਪਦਾ ਰੂਪ ਦੀਆਂ ਕੁਝ ਰਚਨਾਵਾਂ ਵਿਚ ਹਰ ਪਦੇ ਦੀਆਂ ਦੋ ਤੁਕਾਂ ਤੋਂ ਬਾਅਦ ਤੁਕਾਂਤ ਦੀ ਸੁਮੇਲਤਾ ਨਜ਼ਰ ਆਉਂਦੀ ਹੈ ਅਤੇ ਕੁਝ ਰਚਨਾਵਾਂ ਵਿਚ ਸਾਰੇ ਪਦਿਆਂ ਵਿਚ ਤੁਕਾਂਤ ਇਕ ਸਮਾਨ ਹੁੰਦਾ ਹੈ। ਪਦੇ ਦੇ ਅਜਿਹੇ ਰੂਪ ਵਿਚ ਛੰਦ ਨੂੰ ਔਸਤ ਅਨੁਸਾਰ ਪੇਸ਼ ਕੀਤਾ ਗਿਆ ਹੈ। ਹਿੰਦੀ ਸਾਹਿਤ ਵਿਚ ਪਦਾ ਕਾਵਿ ਰੂਪ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ :

ਬਡ ਸੁਖ ਸਾਰ ਪਾਓਲ ਤੁਅ ਤੀਰੇ,

छोड़इत निकट नयन बह नीरे।
कर जोर बिनमओ विमल तरंगे,
पुन दरसन होए पुनमति गंगे।
एक अपराध छेमब मोर जानि,
परसल भाए पाए तुअ पानी।
कि करब जप–तप जोग धेआने,
जनम कृतारथ एकहि सनाने।28

ਇਸ ਪਦੇ ਵਿਚ ਦੋ-ਦੋ ਤੁਕਾਂ ਦੀ ਬਹਰ ਮਿਲ ਰਹੀ ਹੈ। ਇੱਥੇ ਇਕ ਤੁਕ ਦੂਜੀ ਤੁਕ ਦੇ ਸੁਮੇਲ ਨੂੰ ਪੇਸ਼ ਕਰਦੀ ਹੈ। ਇਸ ਪਦੇ ਵਿਚ ਹਰ ਤੁਕ ਦਾ ਪਹਿਲਾ ਵਿਸਰਾਮ 7 ਜਾਂ 8 ਮਾਤਰਾਂ ਉਪਰ ਅਤੇ ਇਸੇ ਤਰ੍ਹਾਂ ਦੂਜਾ ਵਿਸਰਾਮ 8 ਜਾਂ 9 ਮਾਤਰਾ ਉਪਰ ਹੈ। ਹਰ ਤੁਕ ਦੀਆਂ ਕੁੱਲ ਮਾਤਰਾਂ 16, 17 ਜਾਂ 18 ਆ ਰਹੀਆਂ ਹਨ। ਇਸ ਪਦੇ ਦੀ ਔਸਤ 16 ਮਾਤਰਾਂ ਆ ਰਹੀ ਹੈ। ਇੱਥੇ 16 ਮਾਤਰਾਂ ਵਾਲੇ ਚੌਪਈ ਛੰਦ29 ਦੀ ਵਰਤੋਂ ਕੀਤੀ ਗਈ ਹੈ। ਇਹ ਪਦਾ ਅੰਤ ਵਾਲੇ (SI) ਗੁਰੂ ਲਘੂ ਦੀ ਬੰਦਸ਼ ਵਿਚ ਨਹੀਂ ਆਉਂਦਾ।

ਨੋਟ : ਇਸ ਛੰਦ ਵਿਚ ਕੱਟੜਤਾ ਦੇ ਨਿਯਮਾਂ ਦਾ ਧਾਰਨੀ ਨਾ ਹੋ ਕੇ ਮਾਤਰਾਂ ਦੀ ਖੁੱਲ ਲਈ ਗਈ ਹੈ।

बिध बिधणा री प्याराँ ।। टेक।।
दीरघ नेण मिरघ कूँ देखाँ, वण फिरता माराँ।
उजलो बरण बागलाँ पावाँ, कोयल वरणाँ काराँ।
नदयाँ नदयाँ निरमल धारां, समुंद करयाँ जल खारां।
मूरख जण सिंघासण राजा, पण्डित फिरताँ द्वाराँ।
मीराँ के प्रभु गिरधर नागर, राणाँ भगत संघाराँ।30

ਇਸੇ ਪਦੇ ਵਿਚ ਹਰ ਤੁਕ ਦਾ ਪਹਿਲਾ ਵਿਸਰਾਮ 16 ਮਾਤਰਾਂ ਅਤੇ ਦੂਜਾ ਵਿਸਰਾਮ 12 ਮਾਤਰਾਂ ਉਪਰ ਹੈ। ਕੁਝ ਤੁਕਾਂ ਵਿਚ ਗਾਇਨ ਪ੍ਰਬੰਧ ਕਾਰਨ ਇਕ ਦੋ ਤੁਕਾਂ ਦਾ ਫਰਕ ਆ ਰਿਹਾ ਹੈ। ਇੱਥੇ 28 ਮਾਤਰਾਂ ਵਾਲੇ ਬਿਸ਼ਨੁਪਦ ਛੰਦ31 ਦੀ ਵਰਤੋਂ ਕੀਤੀ ਜਾ ਸਕਦੀ ਹੈ। ਹਰ ਤੁਕ ਦੇ ਅੰਤ ਵਿਚ ਦੋ ਗੁਰੂ (SS) ਆ ਰਹੇ ਹਨ।

ਨੋਟ : ਇਸ ਛੰਦ ਵਿਚ ਕੱਟੜਤਾ ਦੇ ਨਿਯਮਾਂ ਦਾ ਧਾਰਨੀ ਨਾ ਹੋ ਕੇ ਮਾਤਰਾਂ ਦੀ ਖੁੱਲ ਲਈ ਗਈ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੂਰਬਲਾ ਪਦਾ ਰੂਪ :** 12 ਵੀ ਸਦੀ ਵਿਚ ਜਯਦੇਵ ਨੇ ਗੀਤ ਗੋਬਿੰਦ ਨੂੰ ਸੰਸਕ੍ਰਿਤ ਸਾਹਿਤ ਵਿਚ ਰਚਿਆ ਅਤੇ ਇਹ ਪੁਸਤਕ ਅਸ਼ਟਪਦੀਆਂ ਵਿਚ ਰਚੀ ਗਈ। 13 ਵੀਂ ਸਦੀ ਵਿਚ ਸਾਰੰਗ ਦੇਵ ਦੁਆਰਾ 'ਸੰਗੀਤ ਰਤਨਾਕਰ' ਤੇ 15 ਵੀਂ ਸਦੀ ਵਿਚ ਲੋਚਨ ਦੁਆਰਾ ਰਾਜ-ਤਰੰਗਿਣੀ ਲਿਖੇ ਗਏ। ਗੁਲਾਬ ਸਿੰਘ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾ ਦਾਦੂ ਦਿਆਲ, ਪੀਲੂ, ਭਗਤ ਕਾਨਾ, ਭਗਤ ਸਾਧੂਜਨ, ਵਲੀਰਾਮ, ਭਗਤ ਨਨੁਆ, ਦਰਸ਼ਨ ਭਗਤ, ਭਗਤ ਗੁਆਲ ਦੀਆਂ ਰਚਨਾਵਾਂ ਮਿਲਦੀਆਂ ਹਨ।32ਇਹਨਾਂ ਕਵੀਆਂ ਦੁਆਰਾ ਕਾਵਿ ਰਚਨਾਵਾਂ ਰਾਗਾਂ ਵਿਚ ਦਰਜ ਹਨ। ਇਸ ਪੁਸਤਕ ਵਿਚ ਪਦਿਆਂ, ਕਾਫੀਆਂ ਅਤੇ ਅਸ਼ਟਪਦੀਆਂ ਨੂੰ ਇਕੋ ਕ੍ਰਮ ਵਿਚ ਅੰਕਿਤ ਕੀਤਾ ਗਿਆ ਹੈ। ਸਾਰੇ ਰਾਗ ਕ੍ਰਮ ਅਨੁਸਾਰ ਦਰਜ ਹਨ, ਭਾਵ ਸਿਰੀ ਰਾਗ ਤੋਂ ਆਰੰਭ ਹੋ ਕੇ ਜੈਜਾਵੰਤੀ ਤੱਕ ਅਤੇ ਇਸ ਤੋਂ ਇਲਾਵਾ ਕੁਝ ਹੋਰ ਰਾਗ ਵੀ ਮਿਲਦੇ ਹਨ। ਇਹਨਾਂ ਪਦਿਆਂ ਵਿਚ ਰਹਾਉ (ਟੇਕ) ਦੀ ਪੰਕਤੀ ਨੂੰ ਅਰੰਭ ਵਿਚ ਦਰਜ ਕੀਤਾ ਹੈ। ਇਹਨਾਂ ਪਦਿਆਂ ਵਿਚ ਵੀ ਆਤਮਾ ਪਰਮਾਤਮਾ ਨੂੰ ਪ੍ਰਤੀਕ ਦੇ ਤੌਰ ਤੇ ਲਿਆ ਗਿਆ ਹੈ। ਇਹਨਾਂ ਭਗਤਾਂ ਦੀਆਂ ਕਾਵਿ ਕਿਰਤਾਂ ਵਿਚ ਵਧੇਰੇ ਦੁਪਦੇ ਅਤੇ ਤਿਪਦੇ ਸ਼ਾਮਲ ਹਨ। ਭਗਤ ਨਨੁਆ, ਸਾਧੂਜਨ, ਭਗਤ ਦਾਦੂ ਜੀ ਦੀਆਂ ਰਚਨਾਵਾਂ ਵਿਚ ਚਉਪਦੇ ਮਿਲਦੇ ਹਨ।

ਭਗਤ ਦਾਦੂ ਦੁਆਰਾ ਪੇਸ਼ ਚਉਪਦੇ ਦੀ ਉਦਾਹਰਨ ਇਸ ਪ੍ਰਕਾਰ ਹੈ :

ਇਹਿ ਬਿਧਿ ਆਰਤੀ, ਰਾਮ ਜੀ ਕੀ ਕੀਜੈ।

ਆਤਮਾ ਕੇ ਅੰਤਹਿ, ਵਾਰਨੇ ਲੀਜੈ॥੧॥ਰਹਾਉ॥

ਤਨ ਮਨ ਚੰਦਨ, ਪ੍ਰੇਮ ਕੀ ਮਾਲਾ॥

ਅਨਹਦ ਘੰਟਾ, ਦੀਨ ਦਇਆਲਾ॥੧॥

ਗਿਆਨ ਕਾ ਦੀਪਕ, ਨਾਮ ਕੀ ਮਾਲਾ ਬਾਤੀ॥

ਦੇਉ ਨਿਰੰਜਨ ਪਾਚੋ ਪਾਤੀ॥੨॥

ਆਨੰਦ ਮੰਗਲ, ਭਾਉ ਕੀ ਸੇਵਾ॥

ਮਨਸਾ ਮੰਦਰਿ ਆਤਮ ਦੇਵਾ॥੩॥

ਭਗਤਿ ਨਿਰੰਤਰਿ ਹਉ ਬਲਿਹਾਰੀ॥

ਦਾਦੂ ਜਾਨੈ ਸੇਵ ਤੁਮਾਰੀ॥੪॥33

ਭਗਤ ਦਾਦੂ ਦੇ ਚਉਪਦੇ ਵਿਚ ਹਰ ਪਦਾ ਦੋ-ਦੋ ਤੁਕਾਂ ਦਾ ਹੈ। ਪਹਿਲੀ ਤੁਕ ਦਾ ਤੁਕਾਂਤ ਦੂਸਰੀ ਤੁਕ ਦੇ ਤੁਕਾਂਤ ਨਾਲ ਮਿਲਦਾ ਹੈ। ਹਰ ਪਦੇ ਦੀਆਂ ਮਾਤਰਾਵਾਂ ਦੀ ਵੱਖਰਤਾ ਹੋਣ ਕਾਰਨ ਇਸ ਚਉਪਦੇ ਦੀ ਔਸਤ ਅਨੁਸਾਰ ਰੂਪ ਨਿਰਧਾਰਿਤ ਕੀਤਾ ਗਿਆ ਹੈ। ਇਸ ਚਉਪਦੇ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਚਉਪਦੇ ਵਿਚ ਛੰਦ ਦੇ ਤੁਕਾਂਤ ਪ੍ਰਤੀ ਖੁੱਲ ਲਈ ਗਈ ਹੈ।

ਭਗਤ ਕਾਨਾ ਦੁਆਰਾ ਰਚਿਤ ਚਉਪਦੇ ਦਾ ਰੂਪ ਇਸ ਪ੍ਰਕਾਰ ਹੈ।

ਤੂ ਹੀ ਮੇਰੇ ਰਸਨਾ॥
ਤੂੰ ਹੀ ਮੇਰੇ ਬੈਨਾ॥
ਤੂੰ ਹੀ ਮੇਰੇ ਸਰਵਣਾ॥
ਤੂੰ ਹੀ ਮੇਰੇ ਨੈਨਾ॥ਰਹਾਉ॥
ਤੂੰ ਹੀ ਮੇਰੇ ਆਤਮ, ਕਵਲ ਮੰਝਾਰੀ॥
ਤੂੰ ਹੀ ਮੇਰੇ ਮਨਸਾ, ਤੁਮ ਪਰਿਵਾਰੀ॥੧॥
ਤੂੰ ਹੀ ਮੇਰੇ ਮਨਿਹੀ, ਤੂੰ ਹੀ ਮੇਰੇ ਸਾਸਾ॥
ਤੂੰ ਹੀ ਮੇਰੇ ਸੁਰਤੈ, ਪੁਰਾਨ ਨਿਵਾਸਾ॥੨॥
ਤੂੰ ਹੀ ਮੇਰੇ ਨਖ ਸਿਖ ਸਕਲ ਸਰੀਰਾ॥
ਤੂੰ ਹੀ ਮੇਰੇ ਜੀਅਰੈ ਜਿਉ ਜਲ ਨੀਰਾ॥੩॥
ਤੁਮ ਬਿਨ ਮੇਰੇ ਅਉਰ, ਕੋ ਨਾਹੀ॥
ਤੂੰ ਹੀ ਮੇਰੇ ਜੀਵਣਿ ਦਾਦੂ ਮਾਹੀ॥੪॥34

ਭਗਤ ਕਾਨਾ ਦੁਆਰਾ ਰਚਿਤ ਚਉਪਦੇ ਵਿਚ ਹਰ ਪਦਾ ਦੋ-ਦੋ ਤੁਕਾਂ ਦਾ ਹੈ। ਹਰ ਪਦੇ ਦੀ ਪਹਿਲੀ ਤੁਕ ਦਾ ਤੁਕਾਂਤ ਦੂਜੀ ਤੁਕ ਦੇ ਤੁਕਾਂਤ ਨਾਲ ਮਿਲਦਾ ਹੈ। ਇਸ ਚਉਪਦੇ ਵਿਚ ਵੀ ਹਰ ਪਦੇ ਦੀਆਂ ਮਾਤਰਾਵਾਂ ਦੀ ਭਿੰਨਤਾ ਕਾਰਨ ਔਸਤ ਅਨੁਸਾਰ ਰੂਪ ਨਿਰਧਾਰਿਤ ਕੀਤਾ ਗਿਆ ਹੈ। ਇਸ ਚਉਪਦੇ ਵਿਚ ਹੰਸਗਤਿ ਛੰਦ35 ਦੀ ਵਰਤੋਂ ਕੀਤੀ ਗਈ ਹੈ। ਮਾਤਰਾਵਾਂ ਦੀ ਔਸਤ ਅਨੁਪਾਤ ਹੋਣ ਕਾਰਨ ਛੰਦ ਵਿਚ ਲਚਕੀਲੇਪਨ ਦੀ ਅੰਸ਼ ਹੈ ਜਿਸ ਕਾਰਨ ਇਹ ਚਉਪਦਾ ਕੱਟੜਤਾ ਦੇ ਨਿਯਮਾਂ ਨੂੰ ਭੰਗ ਕਰਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਦਾ ਰੂਪ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਾ ਰੂਪ ਦੀਆਂ ਵੱਖ-ਵੱਖ ਵੰਨਗੀਆਂ ਮਿਲਦੀਆਂ ਹਨ। ਸ਼ਾਸਤਰੀ ਨਿਯਮਾਂ ਅਨੁਸਾਰ, ਇਹਨਾਂ ਨੂੰ ਵੱਖ-ਵੱਖ ਰੂਪਾਂ ਵਿਚ ਵੰਡਿਆ ਗਿਆ ਹੈ। ਇਹਨਾਂ ਦੀ ਬਣਤਰ ਕਈ ਪ੍ਰਕਾਰ ਦੀ ਹੈ। ਇਹਸਾਰੇ ਰਾਗਾਂ ਵਿਚ ਮਿਸ਼ਰਿਤ ਰੂਪ ਵਿਚ ਪੇਸ਼ ਕੀਤੇ ਗਏ ਹਨ। ਇਹਨਾਂ ਚਉਪਦਿਆਂ ਦੀ ਬਣਤਰ ਨੂੰ ਵੇਖਦੇ ਹੋਏ ਰਹਾਉ ਦੀਆਂ ਪੰਕਤੀਆਂ ਨੂੰ ਚਉਪਦੇ ਦੀ ਬਣਤਰ ਵਿਚ ਦਰਜ ਨਹੀਂ ਕੀਤਾ ਜਾਂਦਾ। ਚਉਪਦਾ ਰੂਪ ਰਾਹੀਂ ਦੋ ਪ੍ਰਕਾਰ ਦੀਆਂ ਤੁਕਾਂ ਦੇ ਰੂਪ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ, ਜਦੋਂ ਚਉਪਦੇ ਦੀ ਬਣਤਰ ਇਕ ਇਕ ਤੁਕ ਦੀ ਹੋਵੇ। ਉਸ ਸਮੇਂ ਚਉਪਦੇ ਦੇ ਰੂਪ ਨੂੰ ਇਸ ਪ੍ਰਕਾਰ ਨਿਖੇੜਿਆ ਜਾਂਦਾ ਹੈ :

ਮੂ ਲਾਲਨ ਸਿਉ ਪ੍ਰੀਤਿ ਬਨੀ॥ਰਹਾਉ॥

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਬਨੀ॥੧॥

ਦਿਨਸ ਰੈਨਿ ਮਨ ਮਾਹਿ ਬਸਤੁ ਹੈ ਤੂ ਕਰ ਕਿਰਪਾ ਪ੍ਰਭ ਅਪਨੀ॥੨॥

ਬਲਿ ਬਲਿ ਜਾਉ ਸਿਆਮ ਸੁੰਦਰ ਕਉ, ਅਕਥ ਕਥਾ ਜਾ ਕੀ ਬਾਤ ਸੁਨੀ॥੩॥

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ, ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ॥੪॥

(ਗੁ. ਗ੍ਰੰ. 827)

ਇਸ ਚਉਪਦੇ ਨੂੰ ਰੂਪ ਪੱਖੋਂ ਛੋਟਾ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਇਕ-ਇਕ ਤੁਕ ਦਾ ਹੈ। ਇਸ ਚਉਪਦੇ ਵਿਚ ਵੀ ਹਰ ਤੁਕ ਦੀਆਂ ਮਾਤਰਾਵਾਂ ਵਿਚ ਵੱਖਰਤਾ ਹੋਣ ਕਾਰਨ, ਔਸਤ ਅਨੁਸਾਰ ਚਉਪਦੇ ਦੇ ਰੂਪ ਨੂੰ ਪੇਸ਼ ਕੀਤਾ ਗਿਆ ਹੈ। ਇਸ ਚਉਪਦੇ ਵਿਚ ਲੀਲਾਵਤੀ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਪ੍ਰਕਾਰ ਛੰਦ ਵਿਚ ਕੱਟੜਤਾ ਦੇ ਨਿਯਮਾਂ ਨੂੰ ਨਹੀਂ ਨਿਭਾਇਆ ਗਿਆ।

ਇਸ ਤੋਂ ਅਗਲੇ ਚਉਪਦੇ ਵਿਚ ਹਰ ਪਦਾ ਦੋ-ਦੋ ਤੁਕਾਂ ਦਾ ਹੈ। ਉਸ ਅਨੁਸਾਰ ਚਉਪਦੇ ਦੇ ਰੂਪ ਨੂੰ ਨਿਖੇੜਿਆ ਗਿਆ ਹੈ

ਘਰ ਮਹਿ ਠਾਕੁਰ ਨਦਰਿ ਨ ਆਵੈ॥

ਗਲ ਮਹਿ ਪਾਹਣੁ ਲੈ ਲਟਕਾਵੈ॥੧॥

ਭਰਮੇ ਭੂਲਾ ਸਾਕਤ ਫਿਰਤਾ॥

ਨੀਰ ਬਿਰੋਲੈ, ਖਪਿ ਖਪਿ ਮਰਤਾ॥੧॥ਰਹਾਉ॥

ਜਿਸ ਪਾਹਣ ਕਉ, ਠਾਕੁਰ ਕਰਤਾ॥

ਓਹੁ ਪਾਹੁਣ ਲੈ, ਉਸ ਕਉ ਡੁਬਤਾ॥੨॥

ਗੁਨਹਗਾਰ ਲੂਣ ਹਰਾਮੀ॥

ਪਾਹਣ ਨਾਵ ਨ ਪਾਰਗਿਰਾਮੀ॥੩॥

ਗੁਰ ਮਿਲਿ ਨਾਨਕ ਠਾਕੁਰ ਜਾਤਾ॥

ਜਲਿ ਥਲਿ ਮਹੀਅਲਿ, ਪੂਰਨ ਬਿਧਾਤਾ॥੪॥ (ਗੁ. ਗ੍ਰੰ. 739)

ਇਸ ਚਉਪਦੇ ਵਿਚ ਦੋ-ਦੋ ਤੁਕਾਂ ਦਾ ਤੁਕਾਂਤ ਮਿਲਦਾ ਹੈ। ਇਸ ਚਉਪਦੇ ਦੀ ਔਸਤ 16 ਮਾਤਰਾਂ ਬਣਦੀ ਹੈ। ਇਸ ਕਾਰਨ ਇਹ ਚਉਪਦਾ ਚੌਪਈ ਛੰਦ ਅਨੁਸਾਰ ਹੈ। ਗਾਇਨ ਪੱਖ ਕਾਰਨ ਛੰਦ ਵਿਚ ਲਚਕੀਲਾ ਆ ਜਾਂਦਾ ਹੈ ਤੇ ਮਾਤਰਾ ਘੱਟ ਵਧ ਜਾਂਦੀਆਂ ਹਨ।

ਨੋਟ : ਇਸ ਚਉਪਦੇ ਵਿਚ ਅੰਤ ਵਾਲੇ ਅੱਖਰ ਤੇ ਮਾਤਰਾ ਦੀ ਬੰਦਸ਼ ਨਹੀਂ ਹੈ। ਗਾਇਨ ਸ਼ੈਲੀ ਕਾਰਨ ਛੰਦ ਵਿਚ ਲਚਕੀਲੇਪਨ ਦੇ ਅੰਸ਼ਾਂ ਦੀ ਭਰਮਾਰ ਹੈ ਜਿਸ ਕਾਰਨ ਮਾਤਰਾ ਘੱਟ ਵਧ ਹੋ ਜਾਂਦੀਆਂ ਹਨ।

ਇਹਨਾਂ ਸਭ ਪਦਾ ਦੇ ਰੂਪ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਹਰ ਧਾਰਮਿਕ ਕਾਵਿ ਕਿਰਤ ਵਿਚ ਤੁਕਾਂਤ ਦੇ ਕੁਝ ਅੰਸ਼ ਛੁਪੇ ਹੁੰਦੇ ਹਨ। ਉਹਨਾਂ ਦੇ ਅਸਲ ਰੂਪ ਨੂੰ ਪੇਸ਼ ਕਰਨ ਵਾਸਤੇ, ਛੰਦਾਂ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ। ਇਸ ਨਾਲ ਲਿਖਤ ਇਕ ਸਾਰਥਕ ਰੂਪ ਵਿਚ ਆ ਜਾਂਦੀ ਹੈ ਅਤੇ ਰੂਪ ਦੁਆਰਾ ਅਸਲ ਅਰਥਾਂ ਦੀ ਸਪੱਸ਼ਟਤਾ ਹੋ ਜਾਂਦੀ ਹੈ। ਇਸ ਪ੍ਰਕਾਰ ਛੰਦ ਦੀ ਸਪੱਸ਼ਟਤਾ ਦੁਆਰਾ ਗਾਇਨ ਢੰਗ ਰਾਹੀਂ ਬਹਰ ਦੇ ਉਤਰਾਅ ਚੜਾਅ ਵਿਚ ਮੁਸ਼ਕਿਲ ਨਹੀਂ ਹੁੰਦੀ ਅਤੇ ਸੁਰਾਂ ਇਕ ਲਹਿਜੇ ਵਿਚ ਚਲਦੀਆਂ ਜਾਂਦੀਆਂ ਹਨ।

## (ੲ) ਲੋਕ-ਕਾਵਿ ਪਰੰਪਰਾ ਵਿਚ ਚਉਪਦਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਚਉਪਦਾ ਭਾਵ ਚਾਰ ਪਦਾ ਦੀ ਰਚਨਾ ਹੈ। ਇਹ ਲੋਕ-ਗੀਤ ਦੀ ਸਿਰਜਣਾ ਦਾ ਰੂਪਾਂਤਰਨ ਹੈ। ਇਹ ਲੋਕ-ਗੀਤ ਜਨ ਸਮੂਹ ਦੁਆਰਾ ਰਚੇ ਗਏ। ਜਨ-ਸਮੂਹ ਨੇ ਆਪਣੀ ਖੁਸ਼ੀ ਗਮੀ ਦੇ ਸੰਕਲਪਾਂ ਨੂੰ ਲੋਕ-ਗੀਤਾਂ ਦੁਆਰਾ ਪੇਸ਼ ਕੀਤਾ। ਲੋਕ-ਗੀਤ ਅਚੇਤ ਤੌਰ ਤੇ ਮਨੁੱਖੀ ਮਨ ਦੇ ਬੋਲ ਹੁੰਦੇ ਹਨ। ਵਣਜਾਰਾ ਬੇਦੀ ਅਨੁਸਾਰ, ਲੋਕ-ਗੀਤ ਪਰੰਪਰਾਗਤ ਵਿਰਸੇ ਦੇ ਰੂਪ ਵਿਚ ਸੁਤੇ ਸਿਧ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੇ ਜਾਂਦੇ ਹਨ।36 ਲੋਕ-ਗੀਤ ਉਸ ਸਮੇਂ ਤੋਂ ਹੀ ਘੜੇ ਜਾਣ ਲੱਗੇ ਹਨ, ਜਦੋਂ ਤੋਂ ਮਨੁੱਖ ਪ੍ਰਕ੍ਰਿਤਕ ਵਸਤਾਂ ਦੀ ਪੂਜਾ ਕਰਦਾ ਸੀ “ਆਦਿਮ ਕਾਲੀਨ ਤੋਂ ਵਿਕਾਸ ਦੇ ਨਾਲ-ਨਾਲ ਮਨੁੱਖ ਦੇ ਸੰਕਲਪਾਂ ਵਿਚ ਲੋਕ-ਗੀਤਾਂ ਲਈ ਵਿਕਾਸ ਉਭਰਿਆ। ਆਰੀਆ ਦੇ ਆਗਮਨ ਤੋਂ ਪਹਿਲਾਂ ਪੰਜਾਬ ਵਿੱਚ ਇਥੋਂ ਦੀ ਸਭ ਤੋਂ ਵੱਡੀ ਤੇ ਪਿਆਰੀ ਫਸਲ ਕਣਕ ਹੋਣ

ਕਾਰਨ ਲੋਕਗੀਤਾਂ ਵਿਚ ਕਣਕ ਦੇ ਸੰਕੇਤ ਨੂੰ ਲੈ ਕੇ ਬਹੁਤ ਲੋਕ-ਗੀਤ ਸਿਰਜੇ ਗਏ ਹਨ।"37ਇਸ ਪ੍ਰਕਾਰ ਲੋਕ-ਗੀਤ ਸਾਡੇ ਵਿਰਸੇ ਦਾ ਸਰਮਾਇਆ ਹਨ ਅਤੇ ਲੋਕ-ਪਰੰਪਰਾ ਅਨੁਸਾਰ ਜੀਵਨ ਵਿਚ ਲਗਾਤਾਰ ਚੱਲ ਰਹੇ ਹਨ।

**ਲੋਕ-ਗੀਤਾਂ ਦੀ ਪਰੰਪਰਾ :** ਲੋਕ-ਗੀਤ ਸਾਡਾ ਪੁਰਾਤਨ ਵਿਰਸਾ ਹਨ। ਇਹਨਾਂ ਤੋਂ ਬਿਨ੍ਹਾਂ ਮਨੁੱਖੀ ਜੀਵਨ ਨੂੰ ਆਪਣੀ ਸਾਰਥਕਤਾ ਦਾ ਗਿਆਨ ਨਹੀਂ ਹੁੰਦਾ। ਲੋਕ-ਗੀਤ ਸਾਨੂੰ ਇਤਿਹਾਸ ਦੇ ਅਸਲ ਪੰਨਿਆਂ ਤੋਂ ਜਾਣੂ ਕਰਵਾਉਂਦੇ ਹਨ। ਇਸ ਤੋਂ ਬਾਅਦ ਸਮੇਂ ਅਨੁਸਾਰ ਇਹਨਾਂ ਵਿਚ ਪਰਿਵਰਤਨ ਆਉਂਦਾ ਗਿਆ। ਜਿਸ ਤਰ੍ਹਾਂ ਸਮਾਜ ਵਿਚ ਲੋਕ ਜੀਵਨ ਦੇ ਸੰਕਲਪ ਬਦਲਦੇ ਰਹੇ, ਲੋਕ-ਗੀਤਾਂ ਵਿਚ ਵੱਖਰਤਾ ਵੇਖਣ ਵਿਚ ਆਉਂਦੀ ਰਹੀ ਹੈ। ਲੋਕ ਜੀਵਨ ਦੀ ਸਾਂਝ, ਮਨੁੱਖੀ ਮਨ ਦੀ ਹਰ ਪਰਤ ਨੂੰ ਫਰੋਲਣ ਵਿਚ ਕਾਮਯਾਬ ਹੋਈ ਹੈ। ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਿਤ ਕਾਵਿ ਰਚਿਆ ਜਾਣ ਲੱਗਾ। "ਰਾਜਸਥਾਨ ਵਿਖੇ ਵਿਆਹ ਤੋਂ ਬਾਅਦ ਜਦੋਂ ਲੜਕਾ ਆਪਣੀ ਵਹੁਟੀ ਨੂੰ ਲੈ ਕੇ ਘਰ ਆਉਂਦਾ ਹੈ, ਤਾਂ ਟੋਡਰਮੱਲ ਗੀਤ ਗਾਇਆ ਜਾਂਦਾ ਹੈ।"38 ਪੰਜਾਬੀਆਂ ਦੇ ਖ਼ੁਸ਼ੀ ਗਮੀ ਦੇ ਮੌਕਿਆਂ ਨੇ ਕਈ ਰੰਗ ਸਿਰਜੇ। ਇਸ ਪ੍ਰਕਾਰ ਲੋਕ ਕਾਵਿ ਰੂਪ ਬੋਲੀਆਂ, ਟੱਪੇ, ਮਾਹੀਆ, ਛੰਦ, ਲੋਕਗੀਤ, ਘੋੜੀਆਂ, ਸੁਹਾਗ, ਸਿੱਠਣੀਆਂ, ਅਲਾਹੁਣੀਆਂ ਹੋਂਦ ਵਿਚ ਆਏ। ਇਹਨਾਂ ਕਾਵਿ-ਰੂਪਾਂ ਦੀ ਆਮ ਲੋਕਾਈ ਨੂੰ ਸਮਝ ਹੋਣ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਾ, ਮੁੰਦਾਵਣੀ ਅਲਾਹੁਣੀ, ਛੰਤ ਆਦਿ ਦੀ ਵਰਤੋਂ ਕੀਤੀ ਗਈ ਹੈ।

**ਵਿਕਾਸ ਕ੍ਰਮ :** ਆਰੀਆ ਜਾਤੀ ਤੋਂ ਹੀ ਵੇਦਾਂ ਮੰਤਰਾਂ ਨੂੰ ਗੀਤ ਕਿਹਾ ਜਾਂਦਾ ਹੈ ਕਿਉਂਕਿ ਇਹ ਕਿਸੇ ਦੂਜੇ ਵਿਅਕਤੀ ਤੋਂ ਮੌਖਿਕ ਰੂਪ ਵਿਚ ਯਾਦ ਸ਼ਕਤੀ ਰਾਹੀਂ ਲਿਖਤ ਦਾ ਹਿੱਸਾ ਬਣੇ ਹਨ। "ਆਰੰਭ ਵਿਚ ਵੇਦਾਂ ਨੂੰ ਸ਼ਰੂਤੀ ਕਿਹਾ ਜਾਂਦਾ ਸੀ। ਵੇਦ ਵੀ ਆਰੀਆ ਦੀ ਮਹਾਨ ਜਾਤੀ ਦੇ ਗੀਤ ਹੀ ਸਨ ਅਤੇ ਗੀਤਾਂ ਦੀ ਤਰਾਂ ਹੀ ਇਹਨਾਂ ਨੂੰ ਇਕ ਦੂਜੇ ਤੋਂ ਸੁਣ ਕੇ ਯਾਦ ਕੀਤਾ ਜਾਂਦਾ ਸੀ।"39ਇਸ ਪ੍ਰਕਾਰ ਵੈਦਿਕ ਕਾਲ ਦੇ ਮੰਤਰਾਂ ਤੋਂ ਬਾਅਦ ਸੰਸਕ੍ਰਿਤ ਭਾਸ਼ਾ ਵਿਚ ਸਲੋਕ ਲਿਖੇ ਜਾਣ ਲੱਗੇ। ਇਸ ਤਰ੍ਹਾਂ ਪ੍ਰਾਕ੍ਰਿਤ ਭਾਸ਼ਾ ਵਿਚ ਥੇਰ ਗਾਥਾਵਾਂ ਦਾ ਅਰੰਭ ਹੋਇਆ। ਇਹ ਗਾਥਾਵਾਂ ਮਹਾਂਭਾਰਤ ਅਤੇ ਹੋਰ ਗ੍ਰੰਥਾਂ ਦੀਆਂ ਵੀ ਹੁੰਦੀਆਂ ਸਨ। ਇਹਨਾਂ ਵਿਚ ਸੰਗਠਿਤ ਸਮੂਹ ਦੇ ਸੰਕਲਪਾਂ ਦੀ ਭਰਮਾਰ ਹੁੰਦੀ ਸੀ। ਲੋਕ-ਗੀਤੋਂ ਕਾ ਵਿਕਾਸਕ੍ਰਮ ਪੁਸਤਕ ਵਿਚ ਕਿਹਾ ਗਿਆ ਹੈ ਕਿ ਰਿਗਵੇਦ ਵਿਚ ਗਾਥਾਵਾਂ ਦਾ ਉਲੇਖ ਹੈ। ਇਹ ਗਾਥਾਵਾਂ ਗੀਤਾਂ ਦੀ ਤਰ੍ਹਾਂ ਹਨ। ਬ੍ਰਾਹਮਣ, ਗ੍ਰੰਥਾਂ, ਮਹਾਭਾਰਤ ਅਤੇ ਹੋਰ ਗ੍ਰੰਥਾਂ ਵਿਚ ਗਾਥਾਵਾਂ ਨੂੰ ਗਾਇਨ ਕਰਨ ਦੀ ਪਰੰਪਰਾ ਦਿਖਾਈ ਦਿੰਦੀ ਹੈ। ਇਸੇ ਤਰ੍ਹਾਂ ਸਾਮਵੇਦ ਅਤੇ ਹੋਰ ਗ੍ਰੰਥਾਂ ਵਿਚ ਗਾਇਨ ਦੀ ਪਰੰਪਰਾ ਹੈ। ਸਾਮਵੇਦ ਦਾ ਗਾਇਨ ਧਾਰਮਿਕ ਹੀ ਹੈ ਅਤੇ ਉਹ ਲੋਕ ਜੀਵਨ ਦੀਆਂ ਮਨੋਵਿਰਤੀਆਂ ਦੇ ਸੂਚਕ ਵੀ ਹਨ।40ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗਾਥਾਵਾਂ ਤੋਂ ਲੋਕ-ਗੀਤਾਂ ਦਾ ਰੂਪ ਹੋਂਦ ਵਿਚ ਆਇਆ। ਸਮਾਜ ਦੀ ਸਮਾਜਿਕ ਅਵਸਥਾ ਨਾਲ ਸੰਕਲਪਾਂ ਵਿਚ ਪਰਿਵਰਤਨ

ਆਉਂਦਾ ਹੈ। ਇਸ ਵਾਸਤੇ ਕਿਹਾ ਜਾ ਸਕਦਾ, ਕਿ ਲੋਕ-ਗੀਤਾਂ ਦੇ ਰੂਪ ਵਿਚ ਬਦਲਾਵ ਦਾ ਕਾਰਨ ਸਮਾਜਿਕ ਅਵਸਥਾ ਦੇ ਪੁਰਾਣੇ ਨਵੇਂ ਤਜ਼ਰਬੇ ਦੇ ਅੰਸ਼ ਹੁੰਦੇ ਹਨ। ਇਸ ਕਾਵਿ-ਰੂਪ ਤੋਂ ਮਨੁੱਖੀ ਜਨ ਜੀਵਨ ਪ੍ਰਭਾਵਿਤ ਹੁੰਦਾ ਹੈ। ਇਸ ਕਾਵਿ-ਰੂਪ ਦੇ ਪ੍ਰਭਾਵ ਦੀ ਸਾਰਥਕਤਾ ਦੁਆਰਾ ਵੈਸ਼ਨਵ ਧਰਮ ਦੇ ਬਿਸ਼ਨਪਦੇ, ਨਾਥਾਂ ਜੋਗੀਆਂ ਦੇ ਪਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦੇ ਹੋਂਦ ਵਿਚ ਆਏ। ਲੋਕ-ਗੀਤ ਕਾਵਿ-ਰੂਪ ਆਮ ਜਨ-ਸਧਾਰਨ ਦੀ ਮਾਨਸਿਕਤਾ ਦੇ ਨੇੜੇ ਹੋਣ ਕਾਰਨ ਲੋਕਹਿੱਤਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸੇ ਕਾਰਨ ਸ੍ਰੀ ਗੁਰੂ ਗ਼ੰਥ ਸਾਹਿਬ ਦੇ ਚਉਪਦੇ ਇਸ ਕਾਵਿ-ਰੂਪ ਨਾਲ ਸਮਾਨਤਾ ਰੱਖਦੇ ਹਨ।

**ਲੋਕ-ਗੀਤਾਂ ਨਾਲ ਸੰਗੀਤ ਦੀ ਸੁਮੇਲਤਾ :** ਲੋਕ-ਗੀਤਾਂ ਨਾਲ ਸੰਗੀਤ ਦਾ ਸੰਬੰਧ ਧੁਨਾਂ ਅਨੁਸਾਰ ਬਣਦਾ ਹੈ, 'ਲੋਕ-ਗੀਤਾਂ ਵਿਚ ਆਉਣ ਵਾਲੀਆਂ ਧੁਨਾਂ ਤੋਂ ਓ, ਬੱਲੇ ਆਦਿ ਇਨਾਂ ਅਵਾਜ਼ਾਂ ਨਾਲ ਮੌਖਿਕ ਲੋਕ-ਗੀਤ ਨੂੰ ਯਾਦ ਸ਼ਕਤੀ ਵਿਚ ਲਿਆਂਦਾ ਜਾਂਦਾ ਅਤੇ ਇਹਨਾਂ ਆਵਾਜ਼ਾਂ ਨੇ ਲੋਕ-ਗੀਤ ਲਈ ਲੈਅ, ਬਹਰ ਬਣੀ ਹੈ।'41 ਇਸ ਤਰ੍ਹਾਂ ਲੋਕ-ਗੀਤਾਂ ਨੂੰ ਸੁਰਾਂ ਮਿਲੀਆਂ। ਇਹਨਾਂ ਸੁਰਾਂ ਦੀ ਮਦਦ ਨਾਲ ਸੰਗੀਤ ਦੇ ਸਾਜ਼ਾਂ ਦੀ ਸੁਮੇਲਤਾ ਮਨੁੱਖਤਾ ਦੇ ਭਾਵਾਂ ਅਨੁਸਾਰ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸੰਗੀਤ ਨਾਲ ਲੋਕ-ਗੀਤਾਂ ਦੀ ਵੱਖਰੀ ਪਛਾਣ ਬਣੀ। ਲੋਕ-ਗੀਤ ਸੰਗੀਤ ਨਾਲ ਰਲਗੱਡ ਹੋ ਕੇ ਵੱਖਰਾ ਪ੍ਰਭਾਵ ਸਿਰਜਦੇ ਹਨ। ਸੰਗੀਤ ਸਰੋਤਿਆਂ ਨੂੰ ਆਕਰਸ਼ਿਤ ਕਰਦਾ ਹੈ। ਲੋਕ-ਗੀਤਾਂ ਨੂੰ ਢੱਡ, ਸਾਰੰਗੀ, ਛੇਣੈ, ਚਿਮਟੇ ਨਾਲ ਗਾਇਆ ਜਾਂਦਾ ਹੈ। ਇਹਨਾਂ ਸਾਜ਼ਾਂ ਦੇ ਸੁਮੇਲ ਨਾਲ ਲੋਕ-ਗੀਤ ਵਿੱਚ ਸੁਰ, ਤਾਲ, ਲੈਅ ਇਕ ਰਿਦਮ ਵਿੱਚ ਆ ਜਾਂਦੇ ਹਨ। "ਲੋਕ ਧੁਨਾਂ ਲੋਕ ਸਾਜ਼ਾਂ ਦੀ ਸਹਾਇਤਾ ਨਾਲ ਲੈਅ-ਬੱਧ ਹੋ ਕੇ ਸਮਪੁਰ ਸੁਰਾਂ ਲੋਕ ਸੰਗੀਤ ਨੂੰ ਅਭਿਵਿਅਕਤ ਕਰਦੀਆਂ ਹਨ। ਸੁਰਾਂ ਦੇ ਮਾਧਿਅਮ ਦੁਆਰਾ ਇਕ ਚਿੱਤਰ ਅਨੇਕਾਂ ਰੂਪਾਂ ਵਿੱਚ ਪ੍ਰਸਤੁਤ ਕੀਤਾ ਜਾ ਸਕਦਾ ਹੈ। ਸਰੋਤਿਆਂ ਨੂੰ ਨਵੇਂ ਚਿੱਤਰ ਅਤੇ ਨਵੀਆਂ ਭਾਵਨਾਵਾਂ ਇਕ ਹੀ ਚਿਤਰ ਵਿੱਚ ਅਨੁਭਵ ਹੋਣ ਲੱਗਦੀਆਂ ਹਨ"42 ਇਕ ਲੋਕ-ਗੀਤ ਲਈ ਤਿਆਰ ਕੀਤੀ ਗਈ ਧੁਨ ਬਹੁਤ ਸਾਰੇ ਲੋਕ-ਗੀਤਾਂ ਵਿੱਚ ਕੰਮ ਆ ਜਾਂਦੀ ਹੈ। ਲੋਕ ਸੰਗੀਤ ਦਾ ਸੰਬੰਧ ਧੁਨ ਅਤੇ ਸਾਜ਼ ਦੇ ਸੁਮੇਲ ਨਾਲ ਬਣਦਾ ਹੈ।

**ਲੋਕਵਾਰਾਂ ਦੀਆਂ ਧੁਨਾਂ ਦਾ ਗੁਰਬਾਣੀ ਵਾਰਾਂ ਨਾਲ ਸੰਬੰਧ :**ਲੋਕ-ਗੀਤਾਂ ਤੋਂ ਬਾਅਦ ਯੋਧਿਆਂ ਸੂਰਬੀਰਾਂ ਦੀ ਬਹਾਦਰੀ ਦੇ ਕਿੱਸੇ ਲਿਖਣ ਲਈ ਵਾਰਾਂ ਹੋਂਦ ਵਿੱਚ ਆਈਆਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,ਵਾਰ ਉਹ ਰਚਨਾ ਜਿਸ ਵਿੱਚ ਸੂਰਵੀਰਤਾ ਦਾ ਵਰਣਨ ਹੋਵੇ ਜੈਸੇ ਵਾਰ ਸ੍ਰੀ ਭਗਉਤੀ ਜੀ ਕੀ , ਵਾਰ ਸ਼ਬਦ ਦਾ ਅਰਥ ਪੌੜੀ ਛੰਦ ਭੀ ਹੋ ਗਿਆ ਹੈ, ਕਿਉਂਕਿ ਯੋਧਿਆਂ ਦੀ ਸੂਰਵੀਰਤਾ ਦਾ ਜਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿੱਚ ਲਿਖਿਆ ਹੈ।43ਵਾਰ ਰਾਹੀਂ ਉਸ ਸਮੇਂ ਦੀ ਦਸ਼ਾ ਬਾਰੇ ਹਰ ਪ੍ਰਕਾਰ ਦੀ ਜਾਣਕਾਰੀ ਮਿਲ ਸਕਦੀ ਹੈ। ਵਾਰ ਨੂੰ ਮੂਲ ਰੂਪ ਵਿੱਚ ਉਸ ਦਾ ਅਧਿਐਨ ਕਰਨ ਤੇ ਸਮਝਿਆ ਜਾ ਸਕਦਾ ਹੈ। ਵਾਰ

ਆਪਣੇ ਵਿਸ਼ੇ ਕਾਰਨ ਕਈ ਪੱਖਾਂ ਵਿੱਚ ਨਿਖਰ ਕੇ ਸਾਹਮਣੇ ਆਉਂਦੀ ਹੈ। ਵਾਰ ਵਿੱਚ ਇੱਕ ਪੰਕਤੀ ਦਾ ਵਾਰ ਵਾਰ ਦੁਹਰਾਉ, ਉਸ ਵਾਰ ਦੇ ਕੇਂਦਰੀ ਨੁਕਤੇ ਨੂੰ ਰੂਪਮਾਨ ਕਰਦਾ ਹੈ। ਸੂਰਮਗਤੀ ਦੇ ਵਾਰਤਾ ਹੋਣ ਕਾਰਨ ਵਾਰ ਇਨਸਾਨ ਅੰਦਰ ਉਤਸ਼ਾਹ ਪੈਦਾ ਕਰਦੀ ਹੈ। ਵਾਰ ਰੂਪ ਪੱਖੋਂ ਚਾਰ ਜਾਂ ਅੱਠ ਤੁਕਾਂ ਦੀ ਹੋ ਸਕਦੀ ਹੈ। ਵਾਰ ਦੇ ਰੂਪ ਪ੍ਰਤੀ ਇਹ ਤੱਥ ਉਜਾਗਰ ਹੁੰਦਾ ਹੈ ਕਿ ਬਹਰ ਕਾਰਨ ਵਾਰ ਦੀ ਪਉੜੀ ਛੋਟੀ ਵੱਡੀ ਹੋ ਸਕਦੀ ਹੈ। ਵਾਰ ਦੀ ਪਉੜੀ ਵਿੱਚ ਵਿਸ਼ੇ ਨੂੰ ਸੰਖੇਪਤਾ ਦਿੰਦੇ ਸਮੇਂ ਧੁਨੀ ਦੇ ਮਿਲਾਪ ਦਾ ਵੀ ਸੰਖੇਪ ਧਿਆਨ ਰੱਖਿਆ ਜਾਂਦਾ ਹੈ। ਇਸ ਦਾ ਗਿਆਨ ਪੁਰਾਤਨ ਵਾਰਾਂ ਦੀਆਂ ਧੁਨੀਆਂ ਤੋਂ ਹੁੰਦਾ ਹੈ। ਪੁਰਾਤਨ ਨੌਂ ਵਾਰਾਂ ਦੀਆਂ ਧੁਨੀਆਂ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਲਈ ਆਧਾਰ ਬਣਾਇਆ ਗਿਆ ਹੈ। "ਕਰਮ ਸਿੰਘ ਹਿਸਟੋਰੀਅਨ ਨੇ ਫੁਲਵਾੜੀ ਲੇਖ ਵਿੱਚ ਢਾਡੀਆਂ ਦੇ ਖਾਨਦਾਨ ਦੀ ਭਾਲ ਕੀਤੀ। ਉਨਾਂ ਇੱਕ ਅਜਿਹੇ ਢਾਡੀ ਖਾਨਦਾਨ ਦੀ ਪਿੰਡ ਸੁਰ ਸਿੰਘ ਵਿੱਚ ਦਸ ਪਾਈ। ਜਿਨ੍ਹਾਂ ਪਾਸ ਉਨਾਂ ਨੇ ਧੁਨੀਆਂ ਦੀਆ ਵਾਰਾਂ ਅਤੇ ਪਉੜੀਆਂ ਬਾਰੇ ਕਾਫ਼ੀ ਸਮੱਗਰੀ ਦੇਖੀ ਸੀ। ਉਸ ਪਿੰਡ ਦਾ ਇਕੋ ਬਜ਼ੁਰਗ 'ਮੀਰ ਸਾਦਕ' ਜਿਸ ਨੂੰ ਜੰਗਾਂ ਯੁੱਧ ਦੀਆਂ ਕਈ ਪਉੜੀਆਂ ਯਾਦ ਸਨ।"44 ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਮੀਰੀ ਪੀਰੀ ਤਲਵਾਰ ਦੇ ਸੰਸਥਾਪਕ ਸਨ। ਉਹਨਾਂ ਨੇ ਢਾਡੀਆਂ ਤੋਂ ਵੀਰ ਰਸ ਦੀਆਂ ਵਾਰਾਂ ਸੁਣੀਆਂ। ਉਹਨਾਂ ਨੇ ਧੁਨ ਦੇ ਨਾਲ ਸਾਜ਼ ਦੀ ਕਮੀ ਨੂੰ ਮਹਿਸੂਸ ਕੀਤਾ। ਇਸ ਵਾਸਤੇ ਢੱਡ ਤੇ ਰਬਾਬ ਢਾਡੀਆਂ ਨੂੰ ਪੇਸ਼ ਕੀਤੀ ਗਈ। ਇਸ ਤੋਂ ਬਾਅਦ ਢਾਡੀ ਵਾਰਾਂ ਨੂੰ ਸਾਜ਼ ਦੀਆਂ ਧੁਨਾਂ ਨਾਲ ਗਾਇਨ ਕਰਨ ਲੱਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ 22 ਵਾਰਾਂ ਪੁਰਾਤਨ ਨੌਂ ਵਾਰਾਂ ਦੀਆਂ ਧੁਨਾਂ ਅਨੁਸਾਰ ਦਰਜ ਹਨ।

1. ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ — ਪੰਨਾ-137 'ਵਾਰ ਮਾਝ ਕੀ ਤਥਾ ਸਲੋਕ ਮਹਲਾ ੧'
2. ਰਾਏ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ — ਪੰਨਾ-318 'ਗਉੜੀ ਕੀ ਵਾਰ ਮਹਲਾ ੫'
3. ਟੁੰਡੇ ਅਸ ਰਾਜੈ ਕੀ ਧੁਨੀ — ਪੰਨਾ-462 'ਆਸਾ ਦੀ ਵਾਰ ਮਹਲਾ ੧'
4. ਸਿਕੰਦਰ ਬਿਰਾਹਿਮ ਕੀ ਵਾਰ — ਪੰਨਾ-508 'ਗੁਜਰੀ ਕੀ ਵਾਰ ਮਹਲਾ ੩'
5. ਲਲਾਂ ਬਹਲੀਮਾ ਕੀ ਧੁਨਿ ਗਾਵਣੀ — ਪੰਨਾ-585 'ਵਡਹੰਸ ਕੀ ਵਾਰ ਮਹਲਾ ੪'
6. ਜੋਧੈ ਵੀਰੈ ਪੂਰਬਾਣੀ ਕੀ ਧੁਨੀ — ਪੰਨਾ-947 'ਰਾਮਕਲੀ ਕੀ ਵਾਰ ਮਹਲਾ ੩'
7. ਰਾਇ ਮਹਮੇ ਹਸਨੇ ਕੀ ਧੁਨਿ — ਪੰਨਾ-1237 'ਸਾਰੰਗ ਕੀ ਵਾਰ ਮਹਲਾ ੪'

8. ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ਪੰਨਾ-1278 'ਵਾਰ ਮਲਾਰ ਕੀ ਮਹਲਾ ੧'

9. ਮੂਸੇ ਕੀ ਵਾਰ ਕੀ ਧੁਨੀ ਪੰਨਾ-1312 'ਕਾਨੜੇ ਕੀ ਵਾਰ ਮਹਲਾ ੪'45

ਇਹਨਾਂ ਵਾਰਾਂ ਦੀਆਂ ਕਹਾਣੀਆਂ ਵਿੱਚ ਨੇਕੀ ਬਦੀ ਦੀ ਗੱਲ ਕੀਤੀ ਗਈ ਹੈ। ਹਮੇਸ਼ਾ ਨੇਕੀ ਦੀ ਜਿੱਤ ਹੁੰਦੀ ਆਈ ਹੈ। ਇਸ ਨੇਕੀ ਦੁਆਰਾ ਮਨੁੱਖ ਵਿੱਚ ਕਈ ਨੈਤਿਕ ਮੁੱਲ ਪੈਦਾ ਹੁੰਦੇ ਹਨ। ਇਸੇ ਕਾਰਨ ਇਹਨਾਂ ਵਾਰਾਂ ਦੀਆਂ ਧੁਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਲਈ ਦਰਜ ਕੀਤਾ ਗਿਆ ਹੈ।

**ਲੋਕ ਗਾਇਨ ਪਰੰਪਰਾ :** ਢਾਡੀ ਵਾਰਾਂ ਨੂੰ ਢੰਡ ਤੇ ਸਾਰੰਗੀ ਸੰਗੀਤਕ ਸਾਜ਼ਾਂ ਨਾਲ ਉਚਾਰਦੇ ਹਨ। ਢੱਡ ਬਾਰੇ ਮਹਾਨ ਕੋਸ਼ ਵਿੱਚ ਲਿਖਿਆ ਹੈ, ਇਕ ਵਾਜਾ ਜਿਸ ਨੂੰ ਖੱਬੇ ਹੱਥ ਵਿਚ ਫੜ ਕੇ ਸੱਜੇ ਹੱਥ ਦੀਆਂ ਉਂਗਲਾਂ ਦੇ ਪ੍ਰਹਾਰ ਨਾਲ ਵਜਾਈਦਾ ਹੈ।46 ਡਮਰੂ ਦੀ ਸ਼ਕਲ ਵਾਲਾ ਸਾਜ਼ ਢੱਡ ਸਾਰੰਗੀ ਨਾਲ ਸੁਮੇਲ ਕਰਕੇ ਵਜਾਇਆ ਜਾਂਦਾ ਹੈ। ਢੱਡ ਤੇ ਸਾਰੰਗੀ ਨੂੰ ਇਕ ਜੁੱਟ ਕਰਕੇ ਵਜਾਉਣ ਵੇਲੇ ਗਵੱਈਏ ਢਾਡੀ ਕਹਿਲਾਉਂਦੇ ਹਨ। ਸਾਰੰਗੀ ਦੀ ਧੁਨ ਦੇ ਕੰਠ ਨਾਲ ਮਿਲਾਪ ਹੋਣ ਤੇ ਇਸ ਦੇ ਨਾਲ ਢੱਡ ਦੀ ਅਵਾਜ਼ ਤੇਜ਼ ਹੌਲੀ ਕੀਤੀ ਜਾ ਸਕਦੀ ਹੈ। ਸਾਰੰਗੀ ਇਕ ਅਜਿਹਾ ਸਾਜ਼ ਹੈ, ਜੋ ਸੁਰ ਨਾਲ ਆਪਣੀ ਸੁਮੇਲਤਾ ਕਰਕੇ ਕੰਠ ਨਾਲ ਰਲਗੱਡ ਹੋ ਜਾਂਦਾ ਹੈ। ਢੱਡ ਅਤੇ ਸਾਰੰਗੀ ਸਾਜ਼ ਨੂੰ ਵਜਾਉਣ ਦੀ ਸਮਝ ਤੋ ਬਿਨਾਂ ਨਹੀਂ ਵਜਾਇਆ ਜਾ ਸਕਦਾ। "ਪੰਜਾਬੀ ਲੋਕ-ਸੰਗੀਤ ਵਿੱਚ ਪ੍ਰਚਲਿਤ ਢਾਡੀ ਗਾਇਨ ਪ੍ਰਮੁੱਖ ਤੌਰ ਤੇ ਗਉੜੀ, ਤਿਲੰਗਾ, ਪਹਾੜੀ, ਜਿਲ੍ਹਾ, ਪੀਲੂ ਸਾਰੰਗ ਆਦਿ ਰਾਗਾਂ ਦੀਆਂ ਸੁਰਾਵਲੀਆਂ ਤੇ ਆਧਾਰਿਤ ਹੈ ਅਤੇ ਇਹਨਾਂ ਦੇ ਗਾਇਨ ਨਾਲ ਪਉੜੀ ਚੰਚਲ ਕਹਿਰਵਾ ਮਿਰਜ਼ਾ ਆਦਿ ਤਾਲਾਂ ਤੇ ਆਧਾਰਿਤ ਢੱਡ ਉਤੇ ਗਤਾਂ ਵਜਾਈਆਂ ਜਾਂਦੀਆਂ ਹਨ।"47 ਇੱਥੇ ਤੱਥ ਉਜਾਗਰ ਹੁੰਦਾ ਕਿ ਵਾਰਾਂ ਉਸ ਸਮੇਂ ਤੋਂ ਹੀ ਰਾਗਾਂ ਅਨੁਸਾਰ ਗਾਈਆਂ ਜਾਣ ਲੱਗੀਆਂ ਅਤੇ ਇਸੇ ਕਾਰਨ ਹੀ ਢੱਡ ਤੇ ਸਾਰੰਗੀ ਨੂੰ ਵੀ ਸੁਰ ਲੈਅ, ਤਾਲ ਅਨੁਸਾਰ ਵਜਾਇਆ ਜਾਂਦਾ ਹੈ। ਇਹਨਾਂ ਲੋਕਧੁਨਾਂ ਦੁਆਰਾ ਸੁਰਾਂ ਦੇ ਉਤਰਾ ਚੜਾਅ ਦੀ ਸਾਰਥਕਤਾ ਦਾ ਗਿਆਨ ਹੋਇਆ। ਇਸ ਪ੍ਰਕਾਰ ਸ਼ਾਸਤਰੀ ਸੰਗੀਤ ਦਾ ਪੱਥ ਪ੍ਰਦਰਸ਼ਕ ਲੋਕ ਧੁਨਾਂ ਹਨ। ਪੁਰਾਤਨ ਲੋਕ ਵਾਰਾਂ ਦੀਆਂ ਧੁਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਵਿਸ਼ੇ ਤੇ ਧੁਨ ਅਨੁਸਾਰ ਅਲੱਗ-ਅਲੱਗ ਰਾਗਾਂ ਵਿੱਚ ਨਿਖੇੜਿਆ ਹੈ। ਇਸੇ ਤਰ੍ਹਾਂ ਪਦਿਆਂ ਨੂੰ ਵੀ ਰਾਗਾਂ ਅਨੁਸਾਰ ਕੀਤਾ ਗਿਆ ਹੈ। ਪਦਿਆਂ ਦੀਆਂ ਵੰਨਗੀਆਂ ਇਕ ਪਦੇ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਵਿਚੋਂ ਸਭ ਤੋਂ ਵੱਧ ਚਉਪਦੇ ਸ਼ਾਸਤਰੀ ਰਾਗ ਅਧੀਨ ਗਾਏ ਗਏ ਹਨ। ਇਹ ਚਉਪਦੇ ਲੋਕ ਗੀਤਾਂ, ਵਾਰਾਂ ਤੋਂ ਬਾਅਦ ਹੋਂਦ ਵਿਚ ਆਏ।

**ਲੋਕ-ਗੀਤ ਅਤੇ ਚਉਪਦੇ ਦੇ ਤਾਲ ਦੀ ਸਮਾਨਤਾ :** ਲੋਕ-ਗੀਤ ਅਤੇ ਚਉਪਦੇ ਦੀ ਸਮਾਨਤਾ ਗਾਇਨ ਸ਼ੈਲੀ ਦੇ ਪੱਖਾਂ ਤੋਂ ਵੀ ਵੇਖੀ ਜਾ ਸਕਦੀ ਹੈ। ਲੋਕ-ਗੀਤ ਹਮੇਸ਼ਾ ਤਾਲ ਦੁਆਰਾ ਗਾਏ ਜਾਂਦੇ ਹਨ। ਤਾਲ ਮਾਤਰਾਵਾਂ ਨਾਲ ਬਣਦੇ ਹਨ। ਮਾਤਰਾਵਾਂ ਸਮ ਅਤੇ

ਅਨਿਸ਼ਚਿਤ ਹੁੰਦੀਆਂ ਹਨ। 'ਸਮ ਗਤੀ ਵਾਲੇ ਤਾਲ ਦੀਆਂ ਮਾਤਰਾਵਾਂ ਦੋ, ਚਾਰ, ਛੇ, ਅੱਠ ਹੁੰਦੀਆਂ ਹਨ ਅਤੇ ਅਨਿਸ਼ਚਿਤ ਮਾਤਰਾਵਾਂ ਦੇ ਤਾਲ ਕਠਿਨ ਹੁੰਦੇ ਹਨ'।48 ਅਨਿਸ਼ਚਿਤ ਮਾਤਰਾਵਾਂ 2 1/2, 3 1/2, 5, 7, 9, 11 1/2 ਦੇ ਤਾਲ ਦੀਆਂ ਬਣੀਆਂ ਹੁੰਦੀਆਂ ਹਨ। ਲੋਕ-ਗੀਤਾਂ ਵਿਚ ਬਹੁਤੀ ਵਰਤੋਂ ਸਮ ਮਾਤਰਾਵਾਂ ਦੀ ਹੁੰਦੀ ਹੈ। ਲੋਕ-ਗੀਤ ਛੇ, ਅੱਠ ਮਾਤਰਾਵਾਂ ਅਨੁਸਾਰ ਗਾਏ ਜਾਣ ਕਾਰਨ, ਦਾਦਰਾ ਅਤੇ ਕਹਿਰਵਾਂ ਤਾਲ ਵਧੇਰੇ ਵਰਤੋਂ ਵਿਚ ਆਉਂਦਾ ਹੈ। ਇਸੇ ਪ੍ਰਕਾਰ ਚਉਪਦਿਆਂ ਵਿਚ ਇਸੇ ਬਹਰ ਦੀ ਵਰਤੋਂ ਹੋਣ ਕਾਰਨ ਦਾਦਰਾ ਅਤੇ ਕਹਿਰਵਾ ਤਾਲ ਅਨੁਸਾਰ ਚਉਪਦੇ ਗਾਏ ਜਾਂਦੇ ਹਨ। ਲੋਕ-ਗੀਤ ਅਤੇ ਚਉਪਦੇ ਵਿਚ ਵਰਤੇ ਦਾਦਰਾ ਅਤੇ ਕਹਿਰਵਾ ਤਾਲ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ।

ਦਾਦਰਾ ਤਾਲ ਵਿਚ 6 ਮਾਤਰਾ ਅਤੇ 2 ਵਿਭਾਗ ਹਨ। ਚਉਪਦੇ ਅਤੇ ਲੋਕ-ਗੀਤ ਦੀ ਦਾਦਰਾ ਤਾਲ ਵਿਚ ਸਮਾਨਤਾ ਇਸ ਪ੍ਰਕਾਰ ਹੈ :

**ਚਉਪਦਾ :**

ਸਭਿ ਘਟ ਤੇਰੇ ਤੂ ਸਭਨਾ ਮਾਹਿ॥
ਤੁਝ ਤੇ ਬਾਹਰਿ ਕੋਈ ਨਾਹਿ॥੧॥
ਹਰਿ ਸੁਖਦਾਤਾ ਮੇਰੇ ਮਨ ਜਾਪੁ॥
ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ਬਾਪੁ॥੧॥ਰਹਾਉ॥
ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ॥
ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ॥੨॥
ਜਿਸ ਕਉ ਤੁਮ ਹਰਿ ਰਾਖਿਆ ਭਾਵੈ॥
ਤਿਸ ਕੈ ਨੇੜੇ ਕੋਇ ਨ ਜਾਵੈ॥੩॥
ਤੂ ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ॥
ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ॥੪॥ (ਗੁ. ਗ੍ਰੰ. 1134)

**ਤਾਲ :**

| | | | | | |
|---|---|---|---|---|---|
| 1 | 2 | 3 | 4 | 5 | 6 |

| | | | | | |
|---|---|---|---|---|---|
| ਧਾ | ਧਿੰ | ਨਾ | ਧਾ | ਤਿ | ਨਾ |
| | * | | | *49 | |

**ਲੋਕ-ਗੀਤ :**

ਵੇ ਲਹੌਰੋ ਮਾਲਣ ਆਈ ਵੀਰਾ,

ਤੇਰਾ ਸਿਹਰਾ ਗੁੰਦ ਲਿਆਈ ਵੀਰਾ।

ਤੇਰੇ ਸਿਹਰੇ ਦਾ ਕੀ ਮੁਲ ਵੀਰਾ,

ਇਕ ਲੱਖ ਤੇ ਡੇਢ ਹਜ਼ਾਰ ਬੀਬੀ।

ਵੇ ਲਹੌਰੋ ਮਾਲਣ ਆਈ ਵੀਰਾ

ਤੇਰਾ ਜੋੜਾ ਗੁੰਦ ਲਿਆਈ ਵੀਰਾ।

ਤੇਰੇ ਜੋੜੇ ਦਾ ਕੀ ਮੁਲ ਵੀਰਾ

ਇਕ ਲੱਖ ਤੇ ਡੇਢ ਹਜ਼ਾਰ ਬੀਬੀ।50

ਭਾਈ ਸੁਖਵੰਤ ਸਿੰਘ ਅਨੁਸਾਰ, ਇਸ ਚਉਪਦੇ ਅਤੇ ਲੋਕ-ਗੀਤ ਵਿਚ ਇਕ ਤਬਲੇ ਦੀ ਤਾਲ ਹੈ। ਸ਼ਬਦ, ਭਜਨ, ਗਜ਼ਲ, ਗੀਤ, ਲੋਕ-ਗੀਤ ਆਦਿ ਨਾਲ ਪ੍ਰਯੋਗ ਹੁੰਦਾ ਹੈ।51 ਇਸ ਪ੍ਰਕਾਰ ਕਹਿਰਵਾ ਤਾਲ ਵੀ ਲੋਕ-ਗੀਤਾਂ ਅਤੇ ਚਉਪਦਿਆਂ ਵਿਚ ਲੋਕਪ੍ਰਿਯ ਰਿਹਾ ਹੈ। ਕਹਿਰਵਾ ਤਾਲ ਅੱਠ ਮਾਤਰਾਵਾਂ ਅਤੇ ਚਾਰ ਵਿਭਾਗਾਂ ਦਾ ਬਣਦਾ ਹੈ। ਇਹਨਾਂ ਦੋਹਾਂ ਵਿਚ ਵਰਤੀ ਤਾਲ ਦੀ ਸਮਾਨਤਾ ਇਸ ਪ੍ਰਕਾਰ ਹੈ।

**ਚਉਪਦਾ :**

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥

ਸੇਵਾ ਕਛੂ ਨ ਜਾਨਊ ਨੀਚ ਮੂਰਖਾਰੇ॥੧॥

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥

ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥੧॥ਰਹਾਉ॥

(ਗੁ. ਗ੍ਰੰ.809)

**ਤਾਲ :**

| | | | | | |
|---|---|---|---|---|---|
| 1 | 2 | | 3 | 4 | 5 | 6 |
| | 7 | 8 | | | | |
| ਧਾ | ਗੇ | | ਨਾ | ਤੀ | ਨਾ | ਕੇ |
| | ਧਿੰ | ਨ52 | | | | |

**ਲੋਕ-ਗੀਤ :**

ਡਾਚੀ ਵਾਲਿਆ ਮੋੜ ਮੁਹਾਰ ਵੇ।

ਕਰਮਾਂ ਵਾਲਿਆ ਲੈ ਚਲ ਨਾਲ ਵੇ।

ਤੇਰਾ ਨਾਮ ਲਿਆ ਬੇੜਾ ਪਾਰ ਵੇ।

ਡਾਚੀ ਵਾਲਿਆ ਮੋੜ ਮੁਹਾਰ ਵੇ53

ਇਸ ਪ੍ਰਕਾਰ ਸੁਰ ਲਿਪੀਆਂ ਦੋਹਾਂ ਦੀਆਂ ਬੋਲਾਂ ਅਨੁਸਾਰ ਬਣਾਈਆਂ ਜਾਂਦੀਆਂ ਹਨ।

ਇਸ ਚਉਪਦੇ ਅਤੇ ਲੋਕ-ਗੀਤ ਵਿਚ ਕਹਿਰਵਾ ਤਾਲ ਦੀ ਵਰਤੋਂ ਕੀਤੀ ਗਈ ਹੈ। ਲੋਕ ਗੀਤਾਂ ਵਿਚ ਇਹਨਾਂ ਦੋਹਾਂ ਤਾਲਾਂ ਦੀ ਲੋਕਪ੍ਰਿਯਤਾ ਕਾਰਨ ਹੀ ਅਧਿਕਤਰ ਚਉਪਦੇ ਇਹਨਾਂ ਤਾਲਾਂ ਵਿਚ ਗਾਏ ਗਏ ਹਨ।

**ਗੁਰੂ ਗ੍ਰੰਥ ਦੀ ਸੰਪਾਦਨਾ ਦਾ ਪ੍ਰਭਾਵ :** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਮਨੁੱਖਤਾ ਦਾ ਤੀਸਰਾ ਨੇਤਰ ਖੁੱਲਣ ਵਾਂਗ ਸੀ। ਇਸ ਗ੍ਰੰਥ ਦਾ ਸਮਾਜ ਦੇ ਹਰ ਵਰਗ ਤੇ ਪ੍ਰਭਾਵ ਪਿਆ। ਇਸ ਗ੍ਰੰਥ ਵਿੱਚ ਗੁਰੂਆਂ, ਭਗਤਾਂ, ਭੱਟਾਂ ਦੀ ਬਾਣੀ ਸੰਗ੍ਰਹਿਤ ਹੋਣ ਕਾਰਨ ਗ੍ਰੰਥ ਸਰਬ-ਸਾਂਝਾ ਸੰਦੇਸ ਮੰਨਿਆ ਗਿਆ। ਇਸ ਗ੍ਰੰਥ ਦੇ ਪ੍ਰਭਾਵ ਅਧੀਨ ਰਾਏ ਖੁਸ਼ਹਾਲ ਨੇ ਬਿਸ਼ਨਪਦੇ ਪੁਸਤਕ ਰਚੀ। ਉਸ ਨੇ ਰਾਗਾਂ ਅਨੁਸਾਰ ਬਿਸ਼ਨਪਦਿਆਂ ਦੀ ਰਚਨਾ ਕੀਤੀ। ਹਰ ਇਕ ਰਾਗ ਦੇ ਅੱਗੇ ਕਈ ਤਾਲ ਬਣਾਏ ਹਨ। ਇਹਨਾਂ ਬਿਸ਼ਨਪਦਿਆਂ ਦੇ ਰੂਪ ਦੀ ਸੀਮਾ

ਨਿਸ਼ਚਿਤ ਨਹੀਂ ਹੈ। ਇਹ ਪੁਸਤਕ ਇਸ਼ਕ ਹਕੀਕੀ ਦੀ ਸੁਰ ਨੂੰ ਪੇਸ਼ ਕਰਦੀ ਹੈ। ਇਸ ਲਿਖਣ ਸ਼ੈਲੀ ਦੁਆਰਾ ਰਾਏ ਖੁਸ਼ਹਾਲ ਦੀ ਧਰਮ ਪ੍ਰਤੀ ਪਰਪੱਕਤਾ ਦਾ ਗਿਆਨ ਹੁੰਦਾ ਹੈ। ਰਹਾਉ ਅਤੇ ਵਿਸ਼ੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਾਨ ਦਿੱਤੇ ਗਏ ਹਨ। ਬਿਸ਼ਨਪਦੇ ਦੀ ਉਦਾਹਰਨ ਇਸ ਪ੍ਰਕਾਰ ਹੈ :

ਤੁਮ ਪ੍ਰਭ ਘਟ ਕੇ ਅੰਤਰ ਜਾਮੀ

ਤੁਮ ਬਿਨ ਕੌਨ ਜਾਨੈ ਮੇਰੇ ਮਨ ਕੀ॥ਰਹਾਉ

ਹਮਰੇ ਔਗਨ ਬਖਸ ਲੀਜੀਐ,

ਸਾਸ ਸਾਸ ਰਛਿਆ ਕੀਜੈ ਤਨ ਕੀ।੧।

ਕੋਟ ਖਤੇ ਇਕ ਛਿਨ ਮੈ ਬਖਸ਼ਨ

ਯਹੀ ਰੀਤ ਹੈ ਪਤਤ-ਪਾਵਨ ਕੀ

ਸੁਨ ਅਰਦਾਸ ਖੁਸ਼ਹਾਲ ਦਾਸ ਕੀ

ਰਾਖੀਐ ਲਾਜ, ਅਪਨੇ ਬਿਰਦ ਅਰੁ ਹਮਰੇ ਪ੍ਰਨ ਕੀ"54

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਦੇ ਪ੍ਰਭਾਵ ਅਧੀਨ ਹੀ ਜੋਗੀਆਂ ਬਾਰੇ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਲੋਕ-ਗੀਤ ਲਿਖੇ ਗਏ। ਇਹ ਲੋਕਗੀਤ ਲਿਖਣ ਪਿਛੇ ਧਾਰਨਾ ਪ੍ਰਤੀਤ ਹੁੰਦੀ ਹੈ ਕਿ ਸਮਾਜ ਇਸ ਗ੍ਰੰਥ ਨੂੰ ਕਥਨ ਕਰ ਰਿਹਾ ਹੈ। ਜੋਗੀ ਸਾਰੇ ਸੰਸਾਰ ਦਾ ਦੌਰਾ ਕਰਦੇ ਹਨ। ਇਸ ਦੇ ਆਧਾਰ ਤੇ ਇਹ ਲੋਕ ਗੀਤ ਹੋਂਦ ਵਿਚ ਆਇਆ :

"ਸਹਤੀ ਆਖਿਆ ਹੀਰੇ ਰਾਂਝਾ ਜੋਗੀ ਬਣ ਕੇ ਆਇਆ ਨੀ

ਕੰਨ ਪੜਵਾ ਕੇ ਮੁੰਦਰਾਂ ਪਾਈਆਂ ਮਥੇ ਤਿਲਕ ਲਗਾਇਆ ਨੀ।"55

ਇਸੇ ਪ੍ਰਕਾਰ ਗੁਰੂ ਨਾਨਕ ਸਾਹਿਬ ਜੀ ਦੀ ਸਖਸ਼ੀਅਤ ਨੂੰ ਲੈ ਕੇ ਹੇਠ ਲਿਖਿਆ ਲੋਕ-ਗੀਤ ਲਿਖਿਆ ਗਿਆ ਹੈ :

ਸਤਿਗੁਰ ਨਾਨਕ, ਸਤਿਗੁਰ ਨਾਨਕ

ਤੇਰੇ ਖੇਲ ਨਿਆਰੇ ਨੇ।

ਸਦਕੇ ਜਾਵਾਂ ਤੈਥੋਂ ਨਾਨਕ

ਤੂੰ ਡੁਬਦੇ ਪਾਪੀ ਤਾਰੇ ਨੇ।56

ਲੋਕ ਕਾਵਿ ਪਰੰਪਰਾ ਵਿਚ ਲੋਕ-ਗੀਤ ਸਾਡੀ ਲੋਕਧਾਰਾ ਦਾ ਮੁੱਢ ਹਨ। ਲੋਕ-ਗੀਤਾਂ ਦੀਆਂ ਧੁਨਾਂ ਦੁਆਰਾ ਪੁਰਾਤਨ ਧੁਨਾਂ ਨੂੰ ਸੁਰ, ਲੈਅ, ਤਾਲ ਮਿਲਿਆ ਹੈ। ਇਹ ਪੁਰਾਤਨ ਧੁਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਲਈ ਸਹਾਈ ਬਣੀਆਂ। ਇਹਨਾਂ ਧੁਨਾਂ ਦੁਆਰਾ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਾਸਤਰੀ ਸੰਗੀਤ ਨਾਲ ਜੋੜਿਆ ਗਿਆ। ਪਦਿਆਂ ਨੂੰ ਰਾਗ ਅਨੁਸਾਰ ਲਿਖ ਕੇ ਅਲੱਗ ਕੀਤਾ ਗਿਆ। ਪਦਿਆਂ ਦੀ ਵੰਨਗੀ ਚਉਪਦੇ ਦੇ ਰੂਪ ਵਿਚ ਪਹਿਲਾਂ ਵੀ ਲੋਕ-ਗੀਤ ਲਿਖੇ ਜਾਂਦੇ ਸਨ ਅਤੇ ਇਸ ਸਮੇਂ ਵੀ ਲਿਖੇ ਜਾ ਰਹੇ ਹਨ। ਲੋਕ ਕਾਵਿ ਪਰੰਪਰਾ ਹਰ ਪੀੜੀ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੈ।

## (ਸ) ਬਾਣੀ-ਰੂਪ ਚਉਪਦੇ ਵਿਚ ਕੀਰਤਨ ਪ੍ਰਬੰਧ

ਸਤਿਸੰਗਤ ਦੇ ਇਕੱਠ ਵਿੱਚ ਪ੍ਰਮਾਤਮਾ ਦੇ ਗੁਣਾਂ ਦਾ ਗਾਇਨ ਕਰਨਾ ਕੀਰਤਨ ਹੈ। ਕੀਰਤਨ ਦਾ ਫ਼ਲ ਸੰਗਤ ਵਿਚ ਬੈਠ ਕੇ ਸ੍ਰਵਣ ਕਰਨ ਨਾਲ ਮਿਲਦਾ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ, ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉ ਕੀਰਤਨ ਹੈ।57 ਭਜਨ ਕੀਰਤਨ ਸ਼ਬਦ ਹਿੰਦੂ ਧਰਮ ਵਿਚ ਵਰਤਿਆ ਜਾਂਦਾ ਹੈ, ਜਦਕਿ ਸਿੱਖ ਧਰਮ ਵਿਚ ਕੀਰਤਨ ਸ਼ਬਦ ਹੀ ਹੈ "ਹਿੰਦੂ ਧਰਮ ਅਨੁਸਾਰ ਕੀਰਤਨ ਕਿਸੇ ਦੇ ਗੁਣ, ਯਸ਼ ਆਦਿ ਦਾ ਬਾਰ-ਬਾਰ ਜਾ ਬਰਾਬਰ ਕੀਤਾ ਜਾਣ ਵਾਲਾ ਕਥਨ ਜਾਂ ਵਿਆਖਿਆ। ਈਸ਼ਵਰ ਜਾਂ ਦੇਵਤੇ ਦੇ ਨਾਮ ਅਤੇ ਯਸ਼ ਦਾ ਬਾਰ-ਬਾਰ ਪ੍ਰਯੋਗ ਗਾਉਂਦੇ ਵਜਾਉਂਦੇ ਹੋਏ ਕੀਤੇ ਜਾਣ ਵਾਲਾ ਕਥਨ"58 ਹਿੰਦੂ ਆਪਣੇ ਭਜਨ ਕੀਰਤਨ ਨੂੰ ਨ੍ਰਿਤ ਨਾਲ ਜੋੜਦੇ ਹਨ ਅਤੇ ਨ੍ਰਿਤ ਕਰਦੇ ਹੋਏ ਦੇਵਤਿਆਂ ਦੇ ਗੁਣਾਂ ਨੂੰ ਗਾਉਂਦੇ ਹਨ।

**ਕੀਰਤਨ ਅਤੇ ਸਿਮਰਨ ਦਾ ਸੰਬੰਧ :** ਮੁਕਤੀ ਪ੍ਰਾਪਤੀ ਲਈ ਮਨੁੱਖ ਨੂੰ ਸਮਾਜ ਵਿਚ ਜੀਵਨ ਬਤੀਤ ਕਰਦਿਆਂ ਪ੍ਰਮਾਤਮਾ ਪ੍ਰਤੀ ਵਿਸ਼ਵਾਸ ਬਣਾਉਣਾ ਜ਼ਰੂਰੀ ਹੈ।ਪਰਮਾਤਮਾ ਦੇ ਵਿਸ਼ਵਾਸ ਨਾਲ ਮਨੁੱਖ ਭਗਤੀ ਵੱਲ ਪ੍ਰੇਰਿਤ ਹੁੰਦਾ ਹੈ। ਭਗਤੀ ਨੂੰ ਸਿਮਰਨ ਦਾ ਰੂਪ ਕਿਹਾ ਜਾਂਦਾਹੈ। ਕੀਰਤਨ ਤੇ ਸਿਮਰਨ ਦਾ ਇਕ ਦੂਜੇ ਨਾਲ ਅਟੁੱਟ ਸੰਬੰਧ ਹੈ, ਇਹਨਾਂ ਦੋਹਾਂ ਦੇ ਸੁਮੇਲ ਤੋਂ ਬਿਨਾਂ ਮਨੁੱਖ ਦੇ ਮਨ ਦੀ ਪ੍ਰਕ੍ਰਿਤੀ ਨਹੀਂ ਬਦਲਦੀ। ਇੱਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਹਿਲਾਂ ਸਿਮਰਨ ਆਇਆ ਜਾਂ ਕੀਰਤਨ। ਕੀਰਤਨ ਸ੍ਰਵਣ ਕਰਨ ਦੀ ਕਾਬਲੀਅਤ ਵਾਲਾ ਮਨੁੱਖ ਹੀ ਸਿਮਰਨ ਕਰ ਸਕਦਾ ਹੈ,"ਨਾਮ ਤੋਂ ਮੁਰਾਦ ਇਕ ਸਰਬ ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਭਰਪੂਰ ਹੋ ਕੇ ਘਟ-ਘਟ ਨੂੰ ਤਾਰ ਰਹੀ ਹੈ।"59 ਅਸਲ ਵਿਚ ਨਾਮ ਅਹਿਸਾਸ ਜਾਂ ਅਨੁਭਵ ਹੈ, ਇਸ ਦੀ ਸਮਝ ਮਨੁੱਖ ਨੂੰ ਉਦੋਂ ਬਣਦੀ ਹੈ, ਜਦੋਂ ਮਨੁੱਖ ਦੇ ਮਨ ਵਿਚ ਅਨਹਦ ਨਾਦ ਵੱਜਣ ਲੱਗ ਜਾਂਦਾ ਹੈ। ਮਨ ਦਾ ਟਿਕਾਅ ਬਣ ਜਾਂਦਾ ਹੈ। ਸਿਮਰਨ ਦੀ ਬਿਰਤੀ ਮਨੁੱਖੀ ਮਨ ਵਿਚ ਫਿਰ ਹੀ ਬਣਦੀ ਹੈ, ਪਹਿਲਾਂ ਸਰਵ-ਵਿਆਪਕ ਦੇ ਗੁਣਾਂ ਨੂੰ ਮਨ ਵਿੱਚ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਕੀਰਤਨ ਮਨ ਦੀਆਂ ਬਿਰਤੀਆਂ ਨੂੰ ਬਦਲਦਾ ਹੈ। ਕੀਰਤਨ ਸ੍ਰਵਣ ਕਰਨ ਤੋਂ ਬਾਅਦ ਮਨੁੱਖ ਦਾ ਧਿਆਨ ਸਿਮਰਨ ਵਿਚ ਟਿਕਦਾ ਹੈ। "ਸਤਿਨਾਮ, ਵਾਹਿਗੁਰੂ, ਰਾਮ, ਅੱਲ੍ਹਾ ਜਾਂ ਗਾਡ ਕਹਿਣ ਨਾਲ ਇਨਾਂ ਦੇ ਪਿਛੇ ਕੋਈ ਹਸਤੀ ਹੁੰਦੀ ਹੈ, ਉਸ ਦਾ ਤਸੱਵਰ ਹੁੰਦਾ ਹੈ।"60 ਜਦੋਂ

ਰਸਨਾ ਤੋਂ ਅਪੁਹੁੰਚ, ਬ੍ਰਹਮ ਨੂੰ ਯਾਦ ਕੀਤਾ ਜਾਂਦਾ ਹੈ। ਉਸ ਦਾ ਅਸਰ ਮਨੁੱਖੀ ਮਾਨਸਿਕਤਾ ਤੇ ਜ਼ਰੂਰ ਹੁੰਦਾ ਹੈ। ਮਨੁੱਖ ਦੀ ਇਸ ਬਿਰਤੀ ਨੂੰ ਕੀਰਤਨ ਹੀ ਬਣਾ ਸਕਦਾ ਹੈ। ਕੀਰਤਨ ਮਨੁੱਖ ਨੂੰ ਸਿਮਰਨ ਲਈ ਪ੍ਰੇਰਦਾ ਹੈ। ਕੀਰਤਨ ਰਾਗ ਦੀਆਂ ਸੁਰਾਂ ਦੁਆਰਾ ਅਜਿਹਾ ਰਸ ਪੈਦਾ ਕਰ ਦਿੰਦਾ ਹੈ, ਜਿਸ ਦੁਆਰਾ ਮਨੁੱਖ ਆਪਣੀਆਂ ਕਮੀਆਂ ਨੂੰ ਦੂਰ ਕਰਨਾ ਚਾਹੁੰਦਾ ਹੈ। ਉਹ ਸਵੈ-ਪੜਚੋਲ ਦੇ ਕਾਰਜ ਵਿਚ ਲੱਗ ਜਾਂਦਾ ਹੈ। ਆਪਣੇ ਮਨ ਨੂੰ ਮੰਦੇ ਕਾਰਜਾਂ ਤੋਂ ਦੂਰ ਕਰਨ ਲਈ ਸਿਮਰਨ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਮਨੁੱਖ ਦੀ ਅਵਸਥਾ ਅਜਿਹੀ ਬਣ ਜਾਣੀ ਚਾਹੀਦੀ ਹੈ ਕਿ ਨਾਮ ਉਸ ਲਈ ਖੁਰਾਕ ਬਣ ਜਾਵੇ :

ਬਿਨ ਸਿਮਰਨਿ ਦਿਨ ਰੈਨਿ ਬਿਰਥਾ ਬਿਹਾਵੈ

ਮੇਘ ਬਿਨਾ ਜਿਉ ਖੇਤੀ ਜਾਵੈ। (ਗੁ. ਗ੍ਰੰ. 268)

**ਕੀਰਤਨ ਦਾ ਪਿਛੋਕੜ :** ਸਮਾਜ ਦੀਆਂ ਪਦਾਰਥਕ ਵਸਤਾਂ ਅਤੇ ਜੀਵ ਜੰਤੂ ਜਿਨ੍ਹਾਂ ਦੇ ਹਿਲਣ ਜਾਂ ਬੋਲਣ ਨਾਲ ਕੁਝ ਅਵਾਜ਼ਾਂ ਪੈਦਾ ਹੁੰਦੀਆਂ ਹਨ। ਇਸੇ ਨੂੰ ਸੰਗੀਤ ਕਿਹਾ ਜਾਂਦਾ ਹੈ। ਹਲਟਰਿਸ ਆਈਬੋ ਅਨੁਸਾਰ, ਅਰਬ ਵਿਚ ਇਹ ਯਕੀਨ ਹੈ ਕਿ ਸਭ ਤੋਂ ਪਹਿਲਾਂ ਸੰਗੀਤ ਮਾਨਵ ਨੇ ਬੁਲਬੁਲ ਕੋਲੋਂ ਸੁਣਿਆ। ਈਸ਼ਵਰ ਨੇ ਬੁਲਬੁਲ ਨੂੰ ਸੰਗੀਤ ਦਾ ਤੋਹਫ਼ਾ ਇਸ ਕਾਰਨ ਦਿੱਤਾ ਕਿ ਉਹ ਮਨੁੱਖ ਅਤੇ ਨਾਰੀ ਦਾ ਮਨੋਰੰਜਨ ਕਰ ਸਕੇ।61 ਸੰਗੀਤ ਸਮਾਜ ਵਿਚ ਪੂਰਵ ਪੱਥਰ ਕਾਲ ਤੋਂ ਹੀ ਅਰੰਭ ਹੋ ਗਿਆ। ਇਸ ਯੁੱਗ ਵਿਚ ਮਨੁੱਖ ਨੂੰ ਹਾ-ਹਾ, ਹੀ-ਹੀ ਦੀ ਅਵਾਜ਼ ਹੀ ਸੰਗੀਤ ਲੱਗਦੀ ਸੀ। ਸਮੇਂ ਅਨੁਸਾਰ ਵਿਕਾਸ ਹੋਣ ਦੇ ਨਾਲ-ਨਾਲ ਸੰਗੀਤ ਦਾ ਰੂਪ ਬਦਲਦਾ ਗਿਆ। ਭਾਰਤੀ ਸੰਗੀਤ ਨੂੰ ਮਨ ਦੀ ਤ੍ਰਿਪਤੀ ਕਰਨ ਦਾ ਸੋਮਾ ਸਮਝਿਆ ਗਿਆ। ਸੰਗੀਤ ਆਪਣੇ ਸੁਰਾਂ ਨਾਲ ਮਨੁੱਖੀ ਮਨ ਨੂੰ ਚਿੰਤਾਵਾਂ ਤੋਂ ਮੁਕਤ ਕਰ ਦਿੰਦਾ ਹੈ। ਇਸ ਤੋਂ ਬਾਅਦ ਸੰਗੀਤ ਨੇ ਧਾਰਮਿਕ ਗ੍ਰੰਥਾਂ ਨਾਲ ਸੁਮੇਲਤਾ ਕਰਕੇ ਆਪਣੀ ਵੱਖਰੀ ਪਛਾਣ ਬਣਾਈ।

ਹਿੰਦੂ ਧਰਮ ਦੇ ਧਾਰਮਿਕ ਗ੍ਰੰਥ ਰਮਾਇਣ ਤੇ ਮਹਾਂਭਾਰਤ ਦੁਆਰਾ ਸਮਾਜ ਦੇ ਜੀਵਨ ਵਿਚ ਤਬਦੀਲੀ ਵਾਪਰੀ। ਮਹਾਂਭਾਰਤ ਵਿਚ ਭਗਵਤ ਗੀਤਾ ਦੁਆਰਾ ਕ੍ਰਿਸ਼ਨ ਦੇ ਅਵਤਾਰ ਧਾਰਨ ਬਾਰੇ ਲਿਖਿਆ ਗਿਆ ਹੈ। ਹਿੰਦੂ ਧਰਮ ਵਿਚ ਬ੍ਰਹਮਾ, ਵਿਸ਼ਨੂੰ, ਰਾਮ, ਸ਼ਿਵ ਨੂੰ ਅਵਤਾਰ ਮੰਨ ਕੇ ਇਹਨਾਂ ਦੀ ਪੂਜਾ ਕੀਤੀ ਜਾਂਦੀ ਅਤੇ ਮੰਦਰਾਂ ਵਿਚ ਉਹਨਾਂ ਦੀਆਂ ਮੂਰਤੀਆਂ ਸਥਾਪਿਤ ਕਰਕੇ ਹਿੰਦੂ ਲੋਕ ਉਹਨਾਂ ਦੇ ਭਗਤ ਬਣ ਗਏ। ਮੰਦਰਾਂ ਵਿਚ ਮੂਰਤੀਆਂ ਨੂੰ ਅਵਤਾਰ ਮੰਨ ਕੇ ਆਰਤੀ ਤੇ ਭਜਨ ਗਾਏ ਜਾਣ ਲੱਗੇ ਹਨ। ਹਿੰਦੂ ਧਰਮ ਵਿਚ ਸੂਰਦਾਸ ਨੂੰ ਨਿਪੁੰਨ ਸੰਗੀਤਕਾਰ ਮੰਨਿਆ ਜਾਂਦਾ ਹੈ। ਉਹਨਾਂ ਦੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਵਲਭਾਚਾਰੀਆ ਨੇ ਉਹਨਾਂ ਨੂੰ ਮੰਦਰਾਂ ਦੀ ਸੇਵਾ ਸੌਂਪੀ "ਜਿਹੜੇ ਲੋਕ ਈਸ਼ਵਰ ਨੂੰ ਮੰਨਣ ਲੱਗ ਪਏ, ਉਹਨਾਂ ਨੇ ਬ੍ਰਹਮ, ਆਤਮਾ, ਸੰਸਾਰ, ਕਰਮ ਅਤੇ ਮੁਕਤੀ ਆਦਿ ਸੰਕਲਪਾਂ ਦੀ ਅਭਿਵਿਅਕਤੀ ਕੀਤੀ। ਇਸ ਜੁਗ ਨੂੰ ਸੱਚੇ ਤੌਰ ਤੇ ਹਿੰਦੂ ਧਰਮ ਦੀ ਪਹਿਲੀ ਪੁਨਰ ਜਾਗਰਣ ਦਾ ਯੁੱਗ ਕਿਹਾ ਗਿਆ ਹੈ।"62 ਸੰਸਾਰ ਵਿਚ ਵਿਚਰ ਕੇ ਚੰਗੇ ਕਰਮ ਕਰਕੇ ਆਤਮਾ ਦੀ ਸ਼ੁੱਧਤਾ ਦੁਆਰਾ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ

ਹੈ। ਮਨੁੱਖ ਦਾ ਅੰਦਰੂਨੀ ਗਿਆਨ ਸੰਸਾਰ ਨੂੰ ਸੁਪਨਾ ਸਮਝਣ ਦੀ ਸੋਝੀ ਦਿੰਦਾ ਹੈ। "ਆਪਣੇ ਅਗਿਆਨ, ਕਲਪਨਾ ਅਤੇ ਝੂਠੇ ਰੂਪ ਨੂੰ ਛੱਡ ਕੇ ਆਪਣੇ ਵਾਸਤਵਿਕ ਰੂਪ ਦੀ ਸਥਿਤੀ ਨੂੰ ਸਮਝਣਾ ਮੁਕਤੀ ਹੈ।"63 ਮੁਕਤੀ ਪ੍ਰਾਪਤੀ ਲਈ ਮਨੁੱਖ ਨੂੰ ਸਮਾਜ ਵਿਚ ਜੀਵਨ ਬਸਰ ਕਰਦਿਆਂ, ਪ੍ਰਮਾਤਮਾ ਪ੍ਰਤੀ ਵਿਸ਼ਵਾਸ ਬਣਾਉਣਾ ਜ਼ਰੂਰੀ ਹੈ।

ਭਾਰਤ ਵਿਚ ਵੱਖ-ਵੱਖ ਧਰਮਾਂ ਦੇ ਹੋਂਦ ਵਿਚ ਆਉਣ ਕਾਰਨ, ਹਰ ਧਰਮ ਵਿਚ ਪ੍ਰਭੂ ਮਿਲਾਪ ਦਾ ਚਿੰਤਨ ਪ੍ਰਗਟ ਹੋਇਆ। ਇਸ ਵਾਸਤੇ ਸੰਗੀਤ ਮੂਲ ਸੋਮੇ ਦੀ ਤਰ੍ਹਾਂ ਪੈਦਾ ਹੋਇਆ। ਜੈਨ ਧਰਮ ਦੇ ਪ੍ਰਸਿੱਧ ਕਵੀ ਸੁਧਾਕਖਸ, ਪਾਸਾਵਦੇਣ ਨੇ ਸੰਗੀਤ ਪ੍ਰਤੀ ਜਿਹੜੇ ਗ੍ਰੰਥ ਲਿਖੇ ਹਨ, ਉਹਨਾਂ ਵਿਚ ਸੰਗੀਤ ਸੰਬੰਧੀ ਵਧੇਰੇ ਜਾਣਕਾਰੀ ਹੈ। ਸੁਰ, ਸ਼ਰੂਤੀਆਂ, ਮੂਰਤਨਾ, ਗਮਕ, ਅਲਾਪ ਅਤੇ ਹਰ ਤਰ੍ਹਾਂ ਦੇ ਰਾਗਾਂ ਬਾਰੇ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਇੱਥੋ ਸੰਕੇਤ ਮਿਲਦਾ ਕਿ ਸੰਗੀਤ ਦੇ ਇਨ੍ਹਾਂ ਗ੍ਰੰਥਾ ਨੇ ਜੈਨ ਧਰਮ ਦੀ ਵਿਲੱਖਣ ਪਛਾਣ ਬਣਾਈ। ਸੰਗੀਤ ਦੇ ਸਾਰੇ ਸਿਧਾਂਤਾਂ ਦੀ ਜਾਣਕਾਰੀ ਇਹਨਾਂ ਗ੍ਰੰਥਾਂ ਤੋਂ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਸੰਗੀਤ ਦੇ ਸਾਜ਼ ਜੈਨ ਧਰਮ ਅਤੇ ਹੋਰ ਧਰਮਾਂ ਲਈ ਉਨਤੀ ਦੇ ਪ੍ਰਤੀਕ ਹਨ। ਸਾਜ਼ਾਂ ਦੁਆਰਾ ਮਨੁੱਖ ਪਰਮਾਤਮਾ ਦੇ ਗੁਣ ਗਾਉਣ ਲੱਗਾ। ਸਾਜ਼ ਮਨੁੱਖ ਅਤੇ ਪਰਮਾਤਮਾ ਵਿਚ ਏਕਤਾ ਪੈਦਾ ਕਰਨ ਦੇ ਸਾਧਨ ਹਨ। ਮਨ ਦੀ ਸ਼ੁਧਤਾ ਵਾਸਤੇ ਸੰਗੀਤ ਅਤੇ ਭਜਨ ਦੀ ਸੁਮੇਲਤਾ ਤੇ ਜ਼ੋਰ ਦਿੱਤਾ। ਉਸ ਸਮੇਂ ਵੀ ਕੀਰਤਨ ਧਰੁਮਪਦ ਅਤੇ ਧਮਾਰ ਸ਼ੈਲੀ ਵਿਚ ਕੀਤਾ ਜਾਂਦਾ ਸੀ। ਇਥੇ ਸੰਕੇਤ ਮਿਲਦਾ ਹੈ ਕਿ ਹਿੰਦੂ ਧਰਮ ਦੇ ਭਗਤਾਂ ਨੂੰ ਵੀ ਸੰਗੀਤ ਦੀ ਜਾਣਕਾਰੀ ਸੀ। ਇਹ ਸ਼ੈਲੀਆਂ ਅੱਗੇ ਮੁਸਲਮਾਨ ਸ਼ਾਸਕਾਂ ਦੇ ਸੰਗੀਤਕਾਰਾਂ ਤੱਕ ਪਹੁੰਚੀਆਂ। ਮੁਗਲ ਕਾਲ ਦੇ ਸਮੇਂ ਬਾਦਸ਼ਾਹ ਅਕਬਰ ਨੂੰ ਸੰਗੀਤ ਨਾਲ ਸਭ ਤੋਂ ਵੱਧ ਸਨੇਹ ਸੀ। ਉਹ ਧਰੁਪਦ ਗਾਇਨ ਸ਼ੈਲੀਆਂ ਨੂੰ ਬਹੁਤ ਪਸੰਦ ਕਰਦੇ ਸਨ। "ਆਪਣੇ ਦਰਬਾਰ ਵਿਚ ਆਏ ਤਲਵੰਡੀ ਵਾਲਿਆਂ ਨੂੰ ਅਕਬਰ ਨੇ ਪੁਛਿਆ, ਤੁਸੀਂ ਕਿੰਨੀ ਕਿਸਮ ਦਾ ਧਰੁਪਦ ਗਾ ਲੈਂਦੇ ਹੋ। ਇਕ ਘੜਾ ਛੋਲਿਆਂ ਦਾ ਭਰ ਦੇਵੋ ਜਿੰਨੇ ਦਾਣੇ ਉਸ ਵਿਚੋਂ ਨਿਕਲਣਗੇ ਉਹਨੀਆਂ ਕਿਸਮਾਂ ਦੇ ਅਸੀਂ ਧਰੁਪਦ ਪੇਸ਼ ਕਰ ਦੇਵਾਂਗੇ।"64 ਇਸ ਤੋਂ ਸੰਕੇਤ ਮਿਲਦਾ ਹੈ ਕਿ ਉਸ ਸਮੇਂ ਧਰੁਪਦ ਸ਼ੈਲੀਆਂ ਦੀਆਂ ਬਹੁਤ ਕਿਸਮਾਂ ਪ੍ਰਚਲਿਤ ਸਨ। ਕੁਝ ਸ਼ੈਲੀਆਂ ਅਲੋਪ ਹੋ ਗਈਆਂ ਹਨ। ਬਾਕੀ ਬਚੀਆਂ ਸ਼ੈਲੀਆਂ ਉੱਤਰੀ ਅਤੇ ਦੱਖਣੀ ਸੰਗੀਤ ਪੱਧਤੀ ਦੁਆਰਾ ਸੰਭਾਲੀਆਂ ਗਈਆਂ ਹਨ। "ਭਾਰਤੀ ਸੰਗੀਤ ਸ਼ਾਸਤਰ ਦੀਆਂ ਪ੍ਰਮੁੱਖ ਪੱਧਤੀਆਂ ਉੱਤਰੀ ਅਤੇ ਦੱਖਣੀ ਸੰਗੀਤ ਪੱਧਤੀਆਂ ਨਿਖੜਦੀਆਂ ਹਨ। ਤੇਰਵੀਂ ਸਦੀ ਤੱਕ ਇਹ ਉੱਤਰੀ ਅਤੇ ਦੱਖਣੀ ਵੰਡ ਨਹੀਂ ਪਈ ਸੀ। ਉੱਤਰੀ ਸੰਗੀਤ ਪੱਧਤੀ ਅੱਗੇ ਚਾਰ ਨਿਖੜਵੇ ਮੱਤ ਦਰਸ਼ਨਾਂ ਵਿਚ ਵੰਡੀ ਹੈ। ਜਿਨ੍ਹਾਂ ਵਿਚੋਂ ਹਨੂਮਾਨ ਮਤ ਵਧੇਰੇ ਵਰਤੋਂ ਵਿਚ ਆਉਂਦਾ ਹੈ। ਗੁਰਮਤਿ ਸੰਗੀਤ ਇਨ੍ਹਾਂ ਮਤਾਂ ਤੋ ਨਿਆਰਾ ਸਿੱਧ ਕੀਤਾ ਜਾ ਚੁੱਕਾ ਹੈ।"65 ਗੁਰਮਤਿ ਸੰਗੀਤ ਦੇਸੀ ਅਤੇ ਮਾਰਗੀ ਸੰਗੀਤ ਦਾ ਸੁਮੇਲ ਹੈ। ਸੰਗੀਤ ਦੀਆਂ ਇਹਨਾਂ ਦੋਹਾਂ ਕਿਸਮਾਂ ਵਿਚ ਅੰਤਰ ਹੈ। ਦੇਸੀ ਸੰਗੀਤ ਵਿਚ ਭਾਵਾਂ ਦੁਆਰਾ ਧੁਨਾਂ ਹੋਂਦ ਵਿਚ ਆਉਂਦੀਆਂ ਹਨ। ਮਾਰਗੀ ਸੰਗੀਤ ਵਿਚ ਰਾਗ ਅਨੁਸਾਰ ਸੁਰ ਲੈਅ ਨੂੰ ਮਿਲਾਇਆ ਜਾਂਦਾ ਹੈ।

**ਕੀਰਤਨ ਦੀ ਪਰੰਪਰਾ :**ਕੀਰਤਨ ਦੀ ਪਰੰਪਰਾ ਹਿੰਦੂ ਧਰਮ ਤੋਂ ਅਰੰਭ ਹੋਈ। ਵੇਦਾਂ, ਉਪਨਿਸ਼ਦਾਂ ਦੇ ਮੰਤਰਾਂ ਤੋਂ ਬਾਅਦ ਧਾਰਮਿਕ ਗ੍ਰੰਥ ਰਮਾਇਣ, ਗੀਤਾ ਦਾ ਗਾਇਨ ਹੋਣ ਲੱਗਾ। ਸੰਗੀਤ ਦੀਆਂ ਸੁਰਾਂ ਨੇ ਭਗਤੀ ਭਾਵਨਾ ਦੀਆਂ ਤਰੰਗਾਂ ਨੂੰ ਪ੍ਰਚਲਿਤ ਕੀਤਾ। ਇਸ ਨਾਲ ਜਨ-ਸਧਾਰਨ ਭਗਤੀ ਤੇ ਗਾਇਨ ਦੀ ਸੁਮੇਲਤਾ ਵੱਲ ਆਕਰਸ਼ਿਤ ਹੋਣ ਲੱਗਾ, ਜੋ ਭਜਨ ਜਾਂ ਕੀਰਤਨ ਦੇ ਰੂਪ ਵਿਚ ਵਿਕਸਿਤ ਹੋਇਆ। "ਵੇਦ ਬਾਣੀ ਅਤੇ ਬੁੱਧ ਬਾਣੀ ਜੋ ਉੱਤਰ ਭਾਰਤ ਤੋਂ ਦੱਖਣ ਭਾਰਤ ਵਿਚ ਪਹੁੰਚੀਆਂ, ਉਹਨਾਂ ਦਾ ਲੇਖਾ ਚੁਕਾਉਣ ਲਈ ਸ਼ੰਕਰ, ਰਾਮਾਨੁਜ ਆਦਿ ਆਚਾਰੀਆਂ ਨੇ ਭਗਤੀ ਦਾ ਪ੍ਰਵਾਹ ਦੱਖਣ ਭਾਰਤ ਤੋਂ ਉੁੱਤਰ ਭਾਰਤ ਵੱਲ ਪਰਤਾਇਆ।"66 ਹਿੰਦੁਸਤਾਨ ਸੰਗੀਤ ਪੱਧਤੀ ਨੂੰ ਉੱਤਰੀ ਭਾਰਤ ਅਤੇ ਕਰਨਾਟਕੀ ਸੰਗੀਤ ਪੱਧਤੀ ਨੂੰ ਦੱਖਣੀ ਭਾਰਤ ਦਾ ਹਿੱਸਾ ਸਮਝਿਆ ਜਾਂਦਾ ਹੈ। ਦੋ ਸੰਗੀਤ ਪੱਧਤੀਆਂ ਦੀ ਵੱਖਰਤਾ ਨਾਲ ਸੰਗੀਤ ਦੀਆਂ ਸੁਰਾਂ ਦਾ ਨਿਸ਼ਚਿਤ ਰੂਪ ਹੋਂਦ ਵਿਚ ਆਇਆ। "ਪਹਿਲੀ ਵਾਰੀ ਕਰਨਾਟਕੀ ਅਤੇ ਹਿੰਦੁਸਤਾਨੀ ਸੰਗੀਤ ਦਾ ਭੇਦ ਹਰੀਪਾਲ ਦੇਵ ਦੇ (ਸੰਗੀਤ-ਸੁਧਾਕਰ) ਵਿਚ ਹੋਇਆ ਮਿਲਦਾ ਹੈ।"67 ਇਸ ਤੋਂ ਬਾਅਦ ਜਯਦੇਵ ਦੇ ਦੋਹਿਆਂ ਵਿਚ ਸੰਗੀਤਕ ਧੁਨਾਂ ਦੀ ਭਰਮਾਰ ਵੇਖੀ ਗਈ। ਸੰਗੀਤਕ ਧੁਨਾਂ ਕਾਰਨ ਇਹਨਾਂ ਦੇ ਦੋਹਿਆਂ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਮਨੁੱਖੀ ਮਾਨਸਿਕਤਾ ਵਿਚ ਨਵੀਨ ਤਰੰਗਾਂ ਨੂੰ ਪੈਦਾ ਕਰਦੇ ਹਨ। ਇਸ ਤੋਂ ਬਾਅਦ ਗੀਤ ਗੋਬਿੰਦ, ਸੂਰਦਾਸ ਰਚਨਾਵਲੀ, ਤੁਲਸੀਦਾਸ ਅਤੇ ਮੀਰਾਬਾਈ ਦੇ ਪਦਿਆਂ ਨੂੰ ਸੰਗੀਤਕ ਧੁਨਾਂ ਅਨੁਸਾਰ ਗਾਇਨ ਕੀਤਾ ਜਾਣ ਲੱਗਾ। ਸੰਗੀਤ ਕਾਰਨ ਹੀ ਕੀਰਤਨ ਪ੍ਰਸਾਰ ਵਲ ਵਧਿਆ, ਕਿਉਂਕਿ ਸਾਜ਼ਾਂ ਦਾ ਮਨੁੱਖੀ ਮਾਨਸਿਕਤਾ ਨਾਲ ਸੰਬੰਧ ਹੈ। ਸੰਗੀਤ ਮਨੁੱਖ ਨੂੰ ਚਿਤਾਵਾਂ ਤੋਂ ਮੁਕਤ ਕਰਕੇ ਮਨੁੱਖ ਦੀ ਮਾਨਸਿਕ ਬਿਰਤੀ ਨੂੰ ਇਕਾਗਰਤਾ ਬਖ਼ਸ਼ਦਾ ਹੈ। ਰਾਗ ਅਨੁਸਾਰ ਕੀਰਤਨ ਕਰਨ ਨਾਲ ਮਨ ਇਕਚਿਤ ਹੋ ਜਾਂਦਾ ਹੈ। ਮਨ ਵਿਚ ਅਨਹਦ ਨਾਦ ਵੱਜਣੇ ਅਰੰਭ ਹੋ ਜਾਂਦੇ ਹਨ। ਅੱਗੇ ਅਸੀ ਮਨ ਨੂੰ ਇਕਚਿਤ ਕਰਨ ਵਾਲੇ ਕੀਰਤਨ ਦੇ ਵਿਕਾਸ ਬਾਰੇ ਜਾਣਨਾ ਹੈ।

**ਕੀਰਤਨ ਦਾ ਅਰੰਭ :** ਸੰਗੀਤ ਨੂੰ ਪੁਰਾਤਨ ਸਮੇਂ ਤੋਂ ਮਨੋਰੰਜਨ ਦੇ ਸਾਧਨ ਦੀ ਤਰ੍ਹਾਂ ਲਿਆ ਜਾਂਦਾ ਸੀ। ਰਾਜੇ ਮਹਾਰਾਜੇ ਸੰਗੀਤ ਦੁਆਰਾ ਅਨੁਚਿਤ ਪ੍ਰਵਿਰਤੀਆਂ ਵੱਲ ਵੱਧ ਰਹੇ ਸਨ। ਉਸ ਸਮੇਂ ਰਾਜੇ ਪਰਜਾ ਤੇ ਬੇਰਹਿਮੀ ਨਾਲ ਜ਼ੁਲਮ ਕਰੀ ਜਾ ਰਹੇ ਸਨ। ਅਜਿਹੇ ਸਮੇਂ ਵਿਚ ਕਿਸੇ ਤਰ੍ਹਾਂ ਵੀ ਸਮਾਜ ਦਾ ਵਾਤਾਵਰਨ ਬਦਲਣਾ ਬਹੁਤ ਜ਼ਰੂਰੀ ਸੀ। ਸਮਾਜ ਦਾ ਮਨ ਧਾਰਮਿਕ ਕਾਰਜਾਂ ਤੋਂ ਉਪਰਾਮ ਹੋ ਚੁੱਕਾ ਸੀ। ਇਸ ਵਾਸਤੇ ਕੀਰਤਨ ਇਕ ਅਜਿਹੀ ਰੂਹਾਨੀ ਉਪਜ ਸੀ, ਜਿਸ ਦਾ ਝਲਕਾਰਾ ਹੀ ਮਨੁੱਖ ਲਈ ਬਹੁਤ ਸੀ। ਕੀਰਤਨ ਦੇ ਪ੍ਰਸਾਰ ਲਈ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਮੂਲ ਨੁਕਤਾ, ਮੰਨ ਕੇ ਬਾਣੀ ਨੂੰ ਰਾਗ ਅਧੀਨ ਸੰਕਲਿਤ ਕੀਤਾ। ਇਸ ਤਰ੍ਹਾਂ ਅਕਾਲ ਪੁਰਖ ਅੱਗੇ ਕੀਰਤਨ ਦੇ ਰੂਪ ਵਿਚ ਪ੍ਰਾਰਥਨਾ ਹੋਣ ਲੱਗੀ :

ਕਲਜੁਗ ਮਹਿ ਕੀਰਤਨ ਪ੍ਰਧਾਨਾ

ਗੁਰਮੁਖਿ ਜਪੀਐ ਲਾਇ ਧਿਆਨਾ (ਗੁ. ਗ੍ਰੰ. 1075)

ਕਲਜੁਗ ਵਿਚ ਕੀਰਤਨ ਦੇ ਪ੍ਰਸਾਰ ਦਾ ਇਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ "ਜੋ ਫਲ ਸਤਿਜੁਗ ਵਿਚ ਧਯਾਨ, ਤ੍ਰੇਤੇ ਵਿਚ ਯੰਗ ਦ੍ਵਾਪਰ ਵਿਚ ਦੇਵ ਪੂਜਾ ਕਰਨ ਤੇ ਪ੍ਰਾਪਤ ਹੰੁਦਾ ਹੈ। ਉਹ ਫਲ ਕਲਜੁਗ ਵਿਚ ਸ੍ਰੀ ਕ੍ਰਿਸ਼ਨ ਚੰਦ੍ਰ ਦੇ ਨਾਮ ਕੀਰਤਨ ਤੋਂ ਮਿਲ ਜਾਂਦਾ ਹੈ।"68 ਇਸ ਵਾਸਤੇ ਕਲਜੁਗ ਵਿਚ ਕੀਰਤਨ ਨੂੰ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ। ਕੀਰਤਨ ਮਨੁੱਖ ਦੇ ਮਨ ਦੀ ਕਠੋਰ ਬਿਰਤੀ ਨੂੰ ਨਿਮਰਤਾ ਵਾਲੀ ਬਣਾ ਦਿੰਦਾ ਹੈ।

ਕੀਰਤਨ ਦਾ ਅਰੰਭ ਡੂੰਮਾਂ ਮਿਰਾਸੀਆਂ ਦੁਆਰਾ ਕੀਤਾ ਗਿਆ। ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ ਰਿਹਾ। ਮਰਦਾਨੇ ਨਾਲ ਗੁਰੂ ਜੀ ਦੀ ਸਾਂਝ ਵਿਚਾਰਾਂ ਕਾਰਨ ਬਣੀ। ਫਿਰੰਦੇ ਦੁਆਰਾ ਰਬਾਬ ਨੂੰ ਬਣਾਇਆ ਗਿਆ ਅਤੇ ਮਰਦਾਨਾ ਫਿਰੰਦੇ ਤੋਂ ਗੁਰੂ ਜੀ ਲਈ ਰਬਾਬ ਲੈ ਕੇ ਆਇਆ। ਇਸ ਤਰ੍ਹਾਂ ਗੁਰੂ ਜੀ ਨੇ ਪਹਿਲਾਂ ਰਬਾਬ ਨਾਲ ਕੀਰਤਨ ਕਰਨਾ, ਅਰੰਭ ਕੀਤਾ। ਇਸ ਤੋਂ ਬਾਅਦ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਅਨੁਸਾਰ ਵਰਤੋਂ ਵਿਚ ਆਉਣ ਵਾਲੇ ਰਾਗਾਂ ਅਨੁਸਾਰ ਲਿਖਿਆ। ਗੁਰਬਾਣੀ ਨੂੰ ਰਾਗ ਅਨੁਸਾਰ, ਰੱਖਣ ਅਤੇ ਰਾਗ ਦੇ ਸਮੇਂ ਅਨੁਸਾਰ ਕੀਰਤਨ ਕਰਨ ਦੀ ਪਰੰਪਰਾ ਨੂੰ ਅਰੰਭ ਕੀਤਾ। ਇਸ ਤਰ੍ਹਾਂ ਕੀਰਤਨ ਚੌਂਕੀਆਂ ਦੀ ਪਰੰਪਰਾ ਚਲਾਈ ਗਈ।

**ਸਿੱਖ ਗੁਰੂ ਸਾਹਿਬਾਨ ਦਾ ਯੋਗਦਾਨ :** ਸਿੱਖ ਧਰਮ ਵਿਚ ਕੀਰਤਨ ਦਾ ਅਰੰਭ ਗੁਰੂ ਨਾਨਕ ਸਾਹਿਬ ਦੁਆਰਾ ਕੀਤਾ ਗਿਆ। ਇਹਨਾਂ ਨੇ ਸੰਸਾਰਕ ਯਾਤਰਾਵਾਂ ਦੁਆਰਾ ਥਾਂ-ਥਾਂ ਦੀ ਜਨਤਾ ਦੇ ਮਨ ਦਾ ਅਧਿਐਨ ਕੀਤਾ। ਇਸ ਤੋਂ ਬਾਅਦ ਉਹ ਮਨੁੱਖਤਾ ਦੀ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦੇ ਕਾਰਜ ਲਈ ਯਤਨਸ਼ੀਲ ਰਹੇ। ਇਹ ਕਾਰਜ ਗੁਰੂ ਦੁਆਰਾ ਕਰਤਾਰਪੁਰ ਵਿਖੇ ਅਰੰਭ ਕੀਤਾ ਗਿਆ। ਇਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਸੌਂਪੀ ਗਈ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਸਾਇਆ ਅਤੇ ਉਥੇ ਕੀਰਤਨ ਦਾ ਪ੍ਰਸਾਰ ਕੀਤਾ :

ਗੁਰੂ ਨਾਨਕ ਹੁੰਦੀ ਮੋਹਰ ਹੱਥ

ਗੁਰੂ ਅੰਗਦ ਦੀ ਦੋਹੀ ਫਿਰਾਈ

ਦਿੱਤਾ ਛੱਡ ਕਰਤਾਰਪੁਰ

ਬੈਠ ਖਡੂਰੇ ਜੋਤ ਜਗਾਈ69

ਇਸ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ, ਕੀਰਤਨ ਦਾ ਪ੍ਰਸਾਰ ਕੀਤਾ। ਗੁਰੂ ਅਮਰਦਾਸ ਜੀ ਪਹਿਲਾਂ ਵਿਸ਼ਨੂੰ ਦੇ ਭਗਤ ਸਨ, ਇਹਨਾਂ ਨੂੰ ਗੁਰੂ ਘਰ ਦੀ ਸੋਝੀ ਵੱਡੀ ਉਮਰ ਵਿਚ ਹੋਈ, ਇਹਨਾਂ ਨੇ ਸਮਾਜ ਦੇ ਚਿੰਤਨ ਵਿਚ ਪਰਿਵਰਤਨ

ਕਰਨ ਲਈ 84 ਪੌੜੀਆਂ ਵਾਲੀ ਬਉਲੀ ਦਾ ਨਿਰਮਾਣ ਕਰਵਾਇਆ। ਬਾਉਲੀ ਸਾਹਿਬ ਕਾਰਨ ਸੰਗਤਾਂ ਦਾ ਆਗਮਨ ਹੁੰਦਾ ਅਤੇ ਉਥੇ ਸੰਗਤ ਵਿਚ ਕੀਰਤਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੰਗਤਾਂ ਦੇ ਮਨ ਦੇ ਸੰਕਲਪ ਤਬਦੀਲ ਹੋ ਰਹੇ ਸਨ :

ਕਲੀ ਕਾਲ ਇਕ ਪੈਰ ਹੁਇ ਚਾਰ ਚਰਣ ਕਰਿ ਧਰਮ ਧਰਾਯਾ।

ਭਲਾ ਭਲਾ ਭਲਿਆਈਅਹੁੰ ਪਿਉ ਦਾਦੇ ਦਾ ਰਾਹੁ ਚਲਾਯਾ।70

ਇਸ ਤੋਂ ਬਾਅਦ ਗੁਰੂ ਰਾਮਦਾਸ ਸਾਹਿਬ ਨੇ ਅੰਮ੍ਰਿਤਸਰ ਵਿਖੇ ਸਰੋਵਰ ਬਣਵਾਇਆ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦਾ ਪ੍ਰਚਾਰ ਹੋਣ ਲੱਗਾ। ਇਸ ਸਥਾਨ ਤੇ ਚੌਂਕੀਆਂ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ, ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਗੁਰੂ ਰਾਮਦਾਸ ਜੀ ਬਾਰੇ ਇਸ ਪ੍ਰਕਾਰ ਅੰਕਿਤ ਕੀਤਾ ਹੈ :

ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥

ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ॥71

ਗੁਰੂ ਰਾਮਦਾਸ ਜੀ ਦੇ ਸਪੁੱਤਰ ਗੁਰੂ ਅਰਜਨ ਦੇਵ ਜੀ ਗੱਦੀ ਤੇ ਬੈਠੇ ਗੁਰਬਾਣੀ ਸੰਗੀਤ ਵਿਚ ਸਭ ਤੋਂ ਵਧੇਰੇ ਯੋਗਦਾਨ ਗੁਰੂ ਜੀ ਦਾ ਹੈ। ਇਹਨਾਂ ਨੇ ਸਾਰੇ ਗੁਰੂਆਂ ਦੀ ਬਾਣੀ ਨੂੰ ਸੰਕਲਿਤ ਕਰਕੇ ਇਕ ਤਰਤੀਬ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ਿਤ ਕਰਵਾਇਆ :

ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨੱਤਾ।

ਤਖਤ ਬਖਤ ਲੈ ਮਲਿਆ ਸ਼ਬਦ ਸੁਰਤਿ ਵਾਪਾਰ ਸਪੱਤਾ।

ਗੁਰਬਾਣੀ ਭੰਡਾਰਿ ਭਰਿ ਕੀਰਤਨੁ ਕਥਾ ਰਹੈ ਰੰਗ ਰੱਤਾ

ਧੁਨਿ ਅਨਹਦਿ ਨਿਝਹੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮੱਤਾ72

ਅੰਮ੍ਰਿਤ ਵੇਲੇ ਕੀਤਾ ਆਸਾ ਦੀ ਵਾਰ ਦਾ ਕੀਰਤਨ ਵਿਸ਼ੇਸ਼ ਪ੍ਰਸਿੱਧੀ ਰੱਖਦਾ ਹੈ। ਮਹੰਤ ਗੱਜਣ ਸਿੰਘ ਨੂੰ ਵੀਣਾ ਵਾਦਨ ਕਾਰਨ ਪ੍ਰਸਿੱਧੀ ਹਾਸਲ ਹੋਈ। ਭਾਈ ਚਾਂਦ ਨੂੰ ਰਬਾਬ ਵਾਦਕਾਂ ਵਿਚ ਵਿਲੱਖਣ ਕੀਰਤਨੀਏ ਕਿਹਾ ਗਿਆ। ਭਾਈ ਸਮੁੰਦ ਸਿੰਘ ਜੀ ਨੂੰ ਉਚ ਕੋਟੀ ਦੇ ਕੀਰਤਨੀਆਂ ਵਿਚ ਗਿਣਿਆ ਜਾਂਦਾ ਹੈ। ਇਹਨਾਂ ਨੂੰ ਰਾਗ ਦੀ ਪੂਰੀ ਸਮਝ ਸੀ। ਇਹ ਕੀਰਤਨ ਵਿਚ ਸੁਰ, ਲੈਅ, ਤਾਲ ਦੇ ਸੁਮੇਲ ਨੂੰ ਰਾਗ ਅਨੁਸਾਰ ਕੀਰਤਨ ਕਰਦਿਆਂ ਵਰਤਦੇ ਸਨ। ਸੁਰਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਿੱਖਾਂ ਦੇ ਅਹਿਮ ਰਾਗੀ ਭਾਈ ਸਮੁੰਦ ਸਿੰਘ ਨੂੰ ਕਿਹਾ ਹੈ।73

ਇਸ ਤੋਂ ਬਾਅਦ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਡਾ. ਤਾਰਾ ਸਿੰਘ ਦਾ ਵਧੇਰੇ ਯੋਗਦਾਨ ਰਿਹਾ। ਇਹਨਾਂ ਨੇ ਰਾਗ ਦੀ ਸੂਖਮ ਸੁਰ ਨੂੰ ਪਛਾਨਣ ਦਾ ਯਤਨ ਕੀਤਾ ਅਤੇ ਗੁਰਮਤਿ ਸੰਗੀਤ ਵਿਚ ਕਾਫ਼ੀ ਪੁਸਤਕਾਂ ਦੀ ਰਚਨਾ ਕੀਤੀ। ਇਸ ਤੋਂ ਬਾਅਦ ਭਾਈ ਸ਼ਰਨ ਸਿੰਘ ਨੇ ਵੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਹਜ਼ੂਰੀ ਰਾਗੀ ਵਜੋਂ ਨਿਭਾਈ। ਭਾਈ ਹਰੀ ਸਿੰਘ ਦੁਆਰਾ 50 ਸਾਲ ਤੋਂ ਵਧੇਰੇ ਸਮੇਂ ਲਈ ਕੀਰਤਨ ਦੀ ਸੇਵਾ ਕੀਤੀ ਗਈ। ਇਸ ਤੋਂ ਇਲਾਵਾ ਜਿਹੜੇ ਕੀਰਤਨੀਏ ਸਿੰਘਾਂ ਨੇ ਗੁਰਬਾਣੀ ਕੀਰਤਨ ਵਿਚ ਵਡਮੁੱਲਾ ਯੋਗਦਾਨ ਦਿੱਤਾ, ਉਹਨਾਂ ਦੇ ਨਾਮ ਇਸ ਪ੍ਰਕਾਰ ਹਨ। ਸੰਤ ਕਰਤਾਰ ਸਿੰਘ, ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ, ਭਾਈ ਚਰਨਜੀਤ ਸਿੰਘ ਜੀ ਦੀਪ, ਭਾਈ ਮੁਨਸ਼ਾ ਸਿੰਘ ਜੀ, ਭਾਈ ਤਰਲੋਚਨ ਸਿੰਘ ਜੀ ਦਿੱਲੀ ਵਾਲੇ, ਭਾਈ ਪ੍ਰਿਥੀਪਾਲ ਸਿੰਘ ਜੀ, ਭਾਈ ਅੰਗਦ ਸਿੰਘ ਜੀ ਦਿੱਲੀ, ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਭਾਈ ਗੁਰਮੇਜ਼ ਸਿੰਘ ਜੀ, ਭਾਈ ਸਾਧੂ ਸਿੰਘ ਜੀ ਡੇਰਾ ਨਾਦੂਨ ਵਾਲੇ, ਪ੍ਰੋ. ਪਰਮਜੋਤ ਸਿੰਘ ਜੀ, ਭਾਈ ਜਸਬੀਰ ਸਿੰਘ (ਪਠਾਨਕੋਟ ਵਾਲੇ), ਡਾ. ਜਾਗੀਰ ਸਿੰਘ ਜੀ ਰਾਗੀ ਭਾਈ ਨਿਰਮਨ ਸਿੰਘ ਜੀ ਖਾਲਸਾ, ਡਾ. ਗੁਰਨਾਮ ਸਿੰਘ ਜੀ, ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਅਜੀਤ ਸਿੰਘ ਪੈਂਟਲ ਆਦਿ ਪ੍ਰਸਿੱਧ ਰਾਗੀ ਅਤੇ ਵਿਦਵਾਨ ਹਨ। ਇਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਭਾਈ ਰਵਿੰਦਰ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਗਗਨਦੀਪ ਸਿੰਘ, ਭਾਈ ਰਣਬੀਰ ਸਿੰਘ, ਭਾਈ ਉਂਕਾਰ ਸਿੰਘ ਆਦਿ ਰਾਗੀਆਂ ਦੁਆਰਾ ਕੀਰਤਨ ਕੀਤਾ ਜਾਂਦਾ ਹੈ।

ਕੀਰਤਨ ਦੀ ਨਿਰੰਤਰਤਾ ਨੂੰ ਬਣਾਈ ਰੱਖਣ ਵਾਸਤੇ ਕੀਰਤਨ ਚੌਂਕੀ ਦੀ ਪਰਪੱਕਤਾ ਕੀਤੀ ਗਈ। ਚੌਂਕੀ ਸ਼ਬਦ ਦਾ ਅਰਥ, ਕਾਨ੍ਹ ਸਿੰਘ ਨਾਭਾ ਅਨੁਸਾਰ,'ਚਾਰ ਰਾਗੀਆਂ ਦੀ ਮੰਡਲੀ'74ਨੂੰ ਕਿਹਾ ਗਿਆ ਹੈ। ਇਹ ਚਾਰ ਰਾਗੀਆਂ ਦਾ ਜਥਾ ਹੰੁਦਾ ਹੈ।

ਇਸ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਵਿਚ ਕੀਰਤਪੁਰ ਸਾਹਿਬ ਵਿਖੇ ਕੀਰਤਨ ਦੇ ਦੀਵਾਨ ਹੁੰਦੇ ਸਨ। ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਦੀ ਸਾਰੀ ਬਾਣੀ ਮੌਤ ਦੇ ਸੰਕਲਪ ਨੂੰ ਚਿੰਤਨ ਦਾ ਹਿੱਸਾ ਬਣਾ ਕੇ ਰਚੀ ਗਈ। ਗੁਰੂ ਜੀ ਦੇ ਸਲੋਕਾਂ ਦਾ ਗਾਇਨ ਕੀਰਤਨ ਸਮੇਂ ਰਾਗ ਅਨੁਸਾਰ ਕਰਨ ਨਾਲ ਵੈਰਾਗ ਉਪਜਦਾ ਹੈ। ਕੀਰਤਨ ਦੀ ਨਿਰੰਤਰਤਾ ਅਨੰਦਪੁਰ ਸਾਹਿਬ ਵਿਖੇ ਵੀ ਵੇਖੀ ਜਾ ਸਕਦੀ ਹੈ। ਇੱਥੇ ਹੌਲੇ-ਮੁਹੱਲੇ ਸਮੇਂ ਸੰਗਤਾਂ ਦੇ ਇਕੱਠ ਹੁੰਦੇ ਹਨ ਅਤੇ ਕੀਰਤਨ ਦੀਵਾਨ ਚਲਦੇ ਰਹਿੰਦੇ ਹਨ।

**ਸਿੱਖ ਰਾਗੀਆਂ ਦਾ ਯੋਗਦਾਨ :** ਸਭ ਤੋਂ ਪਹਿਲਾ ਭਾਈ ਮਰਦਾਨੇ ਨੇ ਗੁਰੂ ਜੀ ਦੀ ਸੰਗਤ ਦੁਆਰਾ ਕੀਰਤਨ ਅਰੰਭ ਕੀਤਾ। ਮਰਦਾਨੇ ਦੀ ਰਬਾਬ ਕਾਰਨ ਪਹਿਚਾਣ ਬਣੀ। ਇਸ ਤੋਂ ਬਾਅਦ ਸੱਤਾ ਤੇ ਬਲਵੰਡ ਜਿਹੜੇ ਰਬਾਬ ਨਾਲ ਕੀਰਤਨ ਕਰਦੇ ਸਨ। ਇਹ ਰਾਮਕਲੀ ਦੀ ਵਾਰ ਕਾਰਨ ਬਹੁਤ ਪ੍ਰਸਿੱਧ ਹੋਏ। ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਭਾਈ ਬਾਬਕ ਗੁਰੂ ਹਰਗੋਬਿੰਦ

ਸਾਹਿਬ ਦੇ ਸਮੇਂ ਸਿੱਖ ਸਨ। "ਇਹ ਜੁਧ ਵਿਚ ਵੀਰਤਾ ਦੀਆਂ ਵਾਰਾਂ ਦਾ ਗਾਇਨ ਕਰਦੇ ਹਨ। ਇਸ ਤੋਂ ਬਾਅਦ ਭਾਈ ਅਬਦੁਲਾ ਅਤੇ ਨਖਮਲ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਅਕਾਲ ਤਖਤ ਸਾਹਿਬ ਕੀਰਤਨ ਕਰਨ ਲੱਗ ਗਏ ਸਨ।"75ਇਹਨਾਂ ਨੇ ਢਾਡੀ ਵਾਰਾਂ ਦਾ ਗਾਇਨ ਕੀਤਾ। ਜੱਸਾ ਸਿੰਘ ਆਹਲੂਵਾਲੀਆ ਬਚਪਨ ਤੋਂ ਕੀਰਤਨ ਨਾਲ ਜੁੜੇ ਸਨ। ਇਹਨਾਂ ਨੇ ਆਪਣੀ ਮਾਂ ਨਾਲ ਮਾਤਾ ਸੁੰਦਰੀ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਈ। ਭਾਈ ਮਣਸਾ ਸਿੰਘ ਦੁਆਰਾ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਦੇ ਸਨ। ਘਰੇਲੂ ਤੰਗੀਆਂ ਹੋਣ ਦੇ ਬਾਵਜੂਦ ਵੀ ਇਹਨਾਂ ਜ਼ਿੰਦਗੀ ਵਿਚ ਕਦੇ ਕਿਸੇ ਕਿਸਮ ਦਾ ਚੜਤ ਚੜਾਵਾ ਨਹੀਂ ਲਿਆ। ਇਹਨਾਂ ਦੀ ਸੋਚ ਸੀ ਕਿ ਜੋ ਲੈਣਾ ਹੈ ਉਹ ਕੇਵਲ ਗੁਰੂ ਘਰ ਤੋਂ ਹੀ ਉਸ ਦੀ ਬਖ਼ਸ਼ੀਸ਼ ਹੋਣੀ ਚਾਹੀਦੀ ਹੈ। ਭਾਈ ਸ਼ਾਮ ਸਿੰਘ ਅੰਮ੍ਰਿਤਸਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਦੇ ਰਹੇ। ਇਹਨਾਂ ਨੇ ਉਮਰ ਦਾ ਲੰਮਾ ਸਫ਼ਰ ਗੁਰੂ ਘਰ ਵਿਖੇ ਬਿਤਾਇਆ। ਭਾਈ ਹੀਰਾ ਸਿੰਘ ਨੇ ਸਾਰਾ ਜੀਵਨ ਕੀਰਤਨ ਕਰਦਿਆਂ ਬਤੀਤ ਕੀਤਾ। ਉਹਨਾਂ ਦਾ ਕੀਰਤਨ ਵਾਤਾਵਰਨ ਵਿਚ ਅਲੌਕਿਕ ਅਨੰਦ ਭਰਨ ਵਾਲਾ ਸੀ। ਭਾਈ ਸੰਤਾ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਦੇ ਰਹੇ। ਇਹ ਸੁਰ, ਲੈਅ, ਤਾਲ ਨੂੰ ਰਾਗਾਂ ਅਨੁਸਾਰ ਸਮਝਦੇ ਸਨ। ਭਾਈ ਸੁਰਜਨ ਸਿੰਘ ਨੂੰ ਵੀ ਕੀਰਤਨ ਕਰਨ ਵਿਚ ਨਿਪੁੰਨਤਾ ਹਾਸਲ ਸੀ। ਉਹਨਾਂ ਦੁਆਰਾ ਕੀਰਤਨ ਚੌਂਕੀ ਦਾ ਅਰੰਭ ਕਿਹਾ ਜਾ ਸਕਦਾ ਹੈ। ਕੀਰਤਨ ਦੀਆਂ ਚੌਂਕੀਆਂ ਸਮੇਂ ਅਤੇ ਰਾਗ ਦੇ ਸੁਮੇਲ ਨੂੰ ਆਧਾਰ ਬਣਾ ਕੇ ਤਿਆਰ ਕੀਤੀਆਂ ਗਈਆਂ ਹਨ। ਚੌਂਕੀਆਂ ਨੂੰ ਪਹਿਰਾ ਦੇ ਅਨੁਸਾਰ ਰੱਖਿਆ ਗਿਆ ਹੈ। ਇਹ ਚਾਰ ਚੌਂਕੀਆਂ ਸਮੇਂ ਦੇ ਵੱਖ-ਵੱਖ ਪਹਿਰ ਨੂੰ ਪ੍ਰਭਾਵਿਤ ਕਰਦੀਆਂ ਹਨ। ਹਰ ਚੌਂਕੀ ਸਮੇਂ ਗੁਰਬਾਣੀ ਦਾ ਗਾਇਨ ਕਰਕੇ ਪਰਮਾਤਮਾ ਦੀ ਵਡਿਆਈ ਕੀਤੀ ਜਾਂਦੀ ਹੈ ਕਾਨ੍ਹ ਸਿੰਘ ਨਾਭਾ ਅਨੁਸਾਰ ਚਾਰ ਚੌਂਕੀਆਂ ਬਾਰੇ ਇਸ ਪ੍ਰਕਾਰ ਲਿਖਿਆ ਗਿਆ ਹੈ।

- ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਂਕੀ

- ਸਵਾ ਪਹਿਰ ਦਿਨ ਚੜੇ ਚਰਨਕਵਲ ਦੀ ਚੌਂਕੀ "ਚਰਨਕਵਲ ਪ੍ਰਭ ਕੇ ਨਿਤ ਧਿਆਏ

- ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਂਕੀ।

- ਚਾਰ ਘੜੀ ਰਾਤ ਬੀਤਣ ਤੇ ਕਲਿਆਣ ਦੀ ਚੌਂਕੀ ਜਿਸ ਵਿਚ ਕਲਿਆਣ ਰਾਗ ਦੇ ਸ਼ਬਦ ਗਾਏ ਜਾਂਦੇ ਹਨ।76 ਇਹਨਾਂ ਚੌਂਕੀਆਂ ਦੁਆਰਾ ਹਰ ਪਹਿਰ ਵਿਚ ਕੀਰਤਨ ਹੋਣ ਕਾਰਨ ਮਨੁੱਖੀ ਮਾਨਸਿਕਤਾ ਦੀ ਤ੍ਰਿਪਤੀ ਹੁੰਦੀ ਰਹਿੰਦੀ ਹੈ। ਇਹਨਾਂ ਚੌਂਕੀਆਂ ਨੂੰ ਅਰੰਭ ਕਰਨ ਦਾ ਕਾਰਜ ਗੁਰੂ ਅਰਜਨ ਸਾਹਿਬ ਨੇ ਸੱਤੇ ਬਲਵੰਡ ਤੋਂ ਕਰਵਾਇਆ। ਇਹ ਕੀਰਤਨ ਦੇ ਰਸੀਏ ਸਨ ਅਤੇ ਗੁਰੂ ਸਾਹਿਬ ਨੂੰ ਸੰਗੀਤ ਦੀ ਸਮਝ ਸੀ। ਸ੍ਰੀ ਹਰਿਮੰਦਰ ਸਾਹਿਬ ਦੀਆਂ ਚੌਂਕੀਆ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਅਰੰਭ ਵਿਚ ਚੌਂਕੀਆਂ ਦੀਆਂ ਕਿਸਮਾਂ ਸਨ। ਇਕ ਰਾਗੀਆਂ ਦੀ ਇਕ ਰਬਾਬੀਆਂ ਦੀ। "ਦਸਤੂਰਉਲ ਅਮਲ ਸ੍ਰੀ ਦਰਬਾਰ ਸਾਹਿਬ ਨਾਮ ਦੀ ਉਰਦੂ ਵਿਚ ਛਪੀ ਪੁਸਤਕ ਜੋ 1916 ਤੋਂ 1940 ਬਿਕ੍ਰਮੀ ਦੇ ਦਰਮਿਆਨ ਲਿਖੀ ਗਈ ਵਿਚ ਲਿਖਿਆ ਹੈ ਕਿ ਉਸ ਸਮੇਂ ਰਾਗੀਆਂ ਤੇ ਰਬਾਬੀਆਂ

ਦੀਆਂ ਕੁਲ 15 ਚੌਂਕੀਆਂ ਸਨ। ਜਿਨ੍ਹਾਂ ਚੋਂ ਅੱਠ ਚੌਂਕੀਆਂ ਰਾਗੀਆਂ ਦੀਆਂ ਸੱਤ ਚੌਂਕੀਆਂ ਰਬਾਬੀਆਂ ਦੀਆਂ ਹਨ।"77 ਹਰ ਚੌਂਕੀ ਵਿਚ ਅਲਗ ਰਾਗੀ ਤੇ ਰਬਾਬੀ ਹੁੰਦੇ ਸਨ। ਰਬਾਬੀ ਪਾਕਿਸਤਾਨ ਬਣਨ ਤੇ, ਉਸ ਪੰਜਾਬ ਵਿਚ ਵੱਸ ਗਏ ਕਿਉਂਕਿ ਉਹਨਾ ਨੂੰ ਮਹਿਸੂਸ ਹੁੰਦਾ ਸੀ ਕਿ ਸਾਨੂੰ ਸਾਡੇ ਹੁਨਰ ਦੀ ਠੀਕ ਮਿਹਨਤ ਨਹੀਂ ਮਿਲਦੀ। ਇਸ ਤੋਂ ਬਾਅਦ ਰਾਗੀਆਂ ਦਾ ਕੀਰਤਨ ਹੀ ਪ੍ਰਸਿੱਧ ਰਿਹਾ। ਹੁਣ ਹਰਿਮੰਦਰ ਸਾਹਿਬ ਵਿਖੇ ਕੁਝ ਕੀਰਤਨੀਏ ਜਥੇ ਰਬਾਬ ਨਾਲ ਕੀਰਤਨ ਕਰਨ ਲੱਗ ਪਏ ਹਨ। ਚੌਂਕੀਆ ਸੰਬੰਧੀ ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿਚ ਪੰਜ ਚੌਂਕੀਆਂ ਦੇ ਨਿਯਤ ਹੋਣ ਬਾਰੇ ਲਿਖਿਆ ਹੈ। ਇਸ ਸਮੇਂ ਹਰਿਮੰਦਰ ਸਾਹਿਬ ਵਿਖੇ 6 ਚੌਂਕੀਆਂ ਦੀ ਕੀਰਤਨ ਪਰੰਪਰਾ ਨਿਭਾਈ ਜਾ ਰਹੀ ਹੈ।

**ਕੀਰਤਨ ਦਾ ਮਹੱਤਵ :** ਮਨੁੱਖ ਦਾ ਮਨ ਅਜਿਹੀਆਂ ਸੂਖਮ ਤੰਦਾਂ ਦਾ ਬਣਿਆ ਹੁੰਦਾ ਹੈ। ਜਿਸ ਵਿਚ ਕਿਸੇ ਵੀ ਪ੍ਰਕਾਰ ਦੇ ਵਿਚਾਰ ਪੈਦਾ ਹੁੰਦੇ ਰਹਿੰਦੇ ਹਨ। ਇਹ ਵਿਚਾਰ ਹਾਵੀ ਹੋ ਕੇ ਮਨ ਨੂੰ ਉਹਨਾਂ ਗਲੀ ਗੇੜਿਆਂ ਵਿਚ ਪਾ ਦਿੰਦੇ ਹਨ, ਜਿਸ ਨਾਲ ਮਨੁੱਖ ਉਹਨਾਂ ਸੰਕਲਪਾਂ ਦੇ ਅਧੀਨ ਹੋ ਕੇ ਚੰਗੇ ਬੁਰੇ ਕਾਰਜ ਕਰਦਾ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ 'ਮਨ ਖੋਟੇ ਤੇਰਾ ਨਹੀਂ ਵਿਸਾਹ' ਭਾਵ ਕਿ ਮਨ ਦਾ ਕੋਈ ਪਤਾ ਨਹੀਂ ਇਹ ਕਿਸ ਤਰ੍ਹਾਂ ਦਾ ਬਣ ਜਾਵੇ। ਇਸ ਵਾਸਤੇ ਮਨੁੱਖ ਨੂੰ ਮਨ ਦੇ ਅਸਲ ਘਰ ਤੱਕ ਪਹੁੰਚਣ ਦਾ ਢੰਗ ਆਉਣਾ ਚਾਹੀਦਾ ਹੈ। ਮਨ ਨੂੰ ਜਗਾਉਣ ਦਾ ਅਸਲ ਸਾਧਨ ਗੁਰਬਾਣੀ ਹੈ। ਗੁਰਬਾਣੀ ਮਨੁੱਖੀ ਮਨ ਦੇ ਸੰਕਲਪਾਂ ਵਿਚ ਪਰਿਵਰਤਨ ਕਰਦੀ ਹੈ। ਇਸ ਤੋਂ ਬਾਅਦ ਮਨੁੱਖ ਸ਼ਬਦ ਨੂੰ ਪਹਿਚਾਨਣਾ ਸ਼ੁਰੂ ਕਰਦਾ ਹੈ। ਸ਼ਬਦ ਧੁਨ ਦੁਆਰਾ ਮਨ ਨੂੰ ਇਕ ਛੋਹ ਦਿੰਦਾ ਹੈ। ਸ਼ਬਦ ਦਾ ਇਹ ਸਪਰਸ਼ ਮਨੁੱਖ ਲਈ ਦਸਮ ਦੁਆਰ ਖੁਲਣ ਦਾ ਢੰਗ ਹੈ। ਇਸ ਮਨ ਨੂੰ ਅਸਲ ਮਾਰਗ ਦੀ ਪਛਾਣ ਕਰਾਉਣ ਦਾ ਢੰਗ ਕੀਰਤਨ ਹੈ।

ਕੀਰਤਨ ਸਮਾਜਿਕ ਸੱਚ ਦਾ ਅਜਿਹਾ ਚੌਖਟਾ ਤਿਆਰ ਕਰਦਾ ਹੈ। ਜਿਸ ਨਾਲ ਜ਼ਿੰਦਗੀ ਦੀ ਨਿਖੜਵੀਂ ਹਕੀਕਤ ਮਨੁੱਖ ਦੇ ਸਾਹਮਣੇ ਆ ਜਾਂਦੀ ਹੈ। ਮਨੁੱਖ ਜ਼ਿੰਦਗੀ ਦੇ ਕੌੜੇ ਮਿੱਠੇ ਤਜ਼ਰਬਿਆਂ ਨੂੰ ਪਰਮਾਤਮਾ ਦਾ ਭਾਣਾ ਸਮਝਣ ਲੱਗ ਜਾਂਦਾ ਹੈ। ਮਨੁੱਖ ਦੀ ਸਮਝ ਵਿਚ ਆ ਜਾਂਦਾ, ਇਹ ਜਨਮ ਪਿਛਲੇ ਕਈ ਜਨਮਾਂ ਦਾ ਫ਼ਲ ਹੈ। ਇਸ ਜਨਮ ਨੂੰ ਅਜਾਈ ਗਵਾਉਣਾ, ਮਨੁੱਖ ਦੀ ਮੂਰਖਤਾ ਹੈ, ਪਰੰਤੂ ਪਰਮਾਤਮਾ ਨੇ ਸੰਸਾਰ ਦੇ ਭਰਮ ਜਾਲ ਵਿਚ ਮਨੁੱਖ ਅਜਿਹਾ ਜਕੜਿਆ ਹੈ ਕਿ ਇਸ ਅਸਲੀਅਤ ਨੂੰ ਸਮਝਦਾ ਹੋਇਆ ਵੀ ਮਨੁੱਖ ਚੰਗੇ ਬੁਰੇ ਕਰਮ ਕਰੀ ਜਾ ਰਿਹਾ ਹੈ। ਇਸ ਸਾਰੇ ਪਸਾਰੇ ਨੂੰ ਕਾਬੂ ਕਰਨ ਵਾਲਾ ਮਨ ਹੈ। ਮਨ ਨੂੰ ਸੁਧਾਰਨ ਵਾਸਤੇ ਗੁਰਬਾਣੀ ਅਤੇ ਕੀਰਤਨ ਵਿਚ ਵਿਲੀਨ ਹੋਣਾ, ਮਨੁੱਖ ਲਈ ਬਹੁਤ ਜ਼ਰੂਰੀ ਹੈ। ਕੀਰਤਨ ਮਨੁੱਖ ਦੇ ਮਨ ਨੂੰ ਇਕਾਗਰ ਕਰਕੇ ਉਸ ਦੀ ਸਾਂਝ ਅਕਾਲ ਪੁਰਖ ਨਾਲ ਬਣਾਉਣ ਵਿਚ ਸਹਾਈ ਹੁੰਦਾ ਹੈ। ਜਦੋਂ ਰਸਨਾ ਤੋਂ ਅਪਹੁੰਚ ਬ੍ਰਹਮ ਨੂੰ ਯਾਦ ਕੀਤਾ ਜਾਂਦਾ ਹੈ। ਉਸ ਦਾ ਅਸਰ ਮਨੁੱਖੀ ਮਾਨਸਿਕਤਾ ਤੇ ਜ਼ਰੂਰ ਹੁੰਦਾ ਹੈ। ਮਨੁੱਖ ਦੀ ਇਸ ਬਿਰਤੀ ਨੂੰ ਕੀਰਤਨ ਹੀ ਬਣਾ ਸਕਦਾ ਹੈ। ਕੀਰਤਨ ਰਾਗ ਦੀਆਂ ਸੁਰਾਂ ਦੁਆਰਾ ਅਜਿਹਾ ਰਸ ਪੈਦਾ ਕਰ ਦਿੰਦਾ ਹੈ, ਜਿਸ ਦੁਆਰਾ ਮਨੁੱਖ ਆਪਣੀਆਂ ਕਮੀਆਂ ਨੂੰ ਦੂਰ ਕਰਨਾ ਚਾਹੁੰਦਾ ਹੈ। ਉਹ ਸਵੈ-ਪੜਚੋਲ ਦੇ

ਕਾਰਜ ਵਿਚ ਲੱਗ ਜਾਂਦਾ ਹੈ। ਆਪਣੇ ਮਨ ਨੂੰ ਮੰਦੇ ਕਾਰਜਾਂ ਤੋਂ ਦੂਰ ਕਰਨ ਲਈ ਸਿਮਰਨ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਮਨੁੱਖ ਦੀ ਅਵਸਥਾ ਅਜਿਹੀ ਬਣ ਜਾਣੀ ਚਾਹੀਦੀ ਹੈ ਕਿ ਉਹ ਨਾਮ ਵਾਸਤੇ ਜ਼ਿੰਦਗੀ ਬਸਰ ਕਰੇ :

ਬਿਨ ਸਿਮਰਨਿ ਦਿਨ ਰੈਨਿ ਬਿਰਥਾ ਬਿਹਾਵੈ

ਮੇਘ ਬਿਨਾ ਜਿਉ ਖੇਤੀ ਜਾਵੈ (ਗੁ. ਗ੍ਰੰ. 268)

ਕੀਰਤਨ ਆਪਣੀ ਮਹੱਤਤਾ ਰਾਗਾਂ ਕਾਰਨ ਰੱਖਦਾ ਹੈ। ਰਾਗ ਵਿਚ ਕੀਰਤਨ ਕਰਨਾ, ਇਕ ਅਜਿਹੀ ਵਿਸ਼ੇਸ਼ਤਾ ਹੈ ਜਿਸ ਨਾਲ ਕੀਰਤਨ ਅਸਲ ਰੂਪ ਨੂੰ ਪ੍ਰਾਪਤ ਹੁੰਦਾ ਹੈ। ਰਾਗਾਂ ਦਾ ਕੀਰਤਨ ਅੰਮ੍ਰਿਤ ਵੇਲੇ ਹੋਣ ਤੋਂ ਸੰਕੇਤ ਮਿਲਦਾ, ਕਿ ਸਾਰਾ ਦਿਨ ਖੁਸ਼ਹਾਲੀ ਤੇ ਖੇੜਾ ਬਣਿਆ ਰਹੇ। "ਗੁਰੂ ਨਾਨਕ ਦੇਵ ਜੀ ਬਾਰੇ ਜ਼ਿਕਰ ਆਉਂਦਾ ਹੈ ਕਿ ਜਦੋਂ ਬਾਬਾ ਨਾਨਕ ਖੇਤੀਆਂ ਦੇ ਬੰਨਿਆ ਤੇ ਰਬਾਬ ਨਾਲ ਕੀਰਤਨ ਕਰਦਾ ਸੀ ਤਾਂ ਫਸਲਾਂ ਝੂਮਣ ਲੱਗ ਪੈਂਦੀਆਂ ਸਨ"78 ਇਥੇ ਸੰਕੇਤ ਮਿਲਦਾ ਕਿ ਪ੍ਰਕ੍ਰਿਤੀ ਦੀ ਹਰ ਸੰਜੀਵ ਵਸਤੂ ਰਾਗ ਦੇ ਅਸਰ ਤੋਂ ਪ੍ਰਭਾਵਿਤ ਹੁੰਦੀ ਹੈ। ਕੀਰਤਨ ਵਿਚਲੇ ਵਸਤੂ ਦੀ ਪੇਸ਼ਕਾਰੀ ਰਾਗੀ ਸਿੰਘਾਂ ਦੇ ਰਸ ਤੇ ਨਿਰਭਰ ਕਰਦੀ ਹੈ। ਰਾਗੀ ਸਿੰਘਾਂ ਦੀ ਮਨੋਬਿਰਤੀ ਦਾ ਸਹਿਜ ਵਾਲੀ ਹੋਣਾ ਬਹੁਤ ਲੋੜੀਂਦਾ ਹੈ। ਆਪਣੇ ਮਨ ਨੂੰ ਗੁਰੂ ਅੱਗੇ ਸਮਰਪਿਤ ਕਰਕੇ, ਹੀ ਉਹ ਆਪਣੇ ਸੁਰਾਂ ਨਾਲ ਸੰਗਤ ਦੇ ਇਕੱਠ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਨੂੰ ਤਰਤੀਬ ਵਾਰ ਰੱਖਿਆ ਗਿਆ ਹੈ। ਇਸੇ ਤਰਤੀਬ ਅਧੀਨ ਨਿਸ਼ਚਿਤ ਸਮੇਂ ਅਨੁਸਾਰ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ। ਰਾਗ ਅਨੁਸਾਰ ਹੀ ਸਮਾਜਿਕ ਜੀਵਨ ਦੀਆਂ ਖੁਸ਼ੀਆਂ ਗਮੀਆਂ ਵਿਚ ਵੀ ਕੀਰਤਨ ਕੀਤਾ ਜਾਂਦਾ ਹੈ। ਮਨੁੱਖ ਕੀਰਤਨ ਦਾ ਆਸਰਾ ਲੈ ਕੇ ਆਪਣੇ ਦੁੱਖ ਨੂੰ ਘੱਟ ਕਰਦਾ ਹੈ। ਕੀਰਤਨ ਮਨੁੱਖ ਨੂੰ ਹੌਸਲਾ ਦੇ ਕੇ ਆਸ ਨਾਲ ਜੀਵਨ ਜਿਊਣ ਦਾ ਰਾਹ ਦਿਖਾਉਂਦਾ ਹੈ :

ਹਰਿ ਕੇ ਚਰਨ ਹਿਰਦੇ ਗਾਇ

ਸੀਤਲਾ ਸੁਖ ਸਾਂਤਿ ਮੂਰਤਿ

ਸਿਮਰਿ ਸਿਮਰਿ ਨਿਤ ਧਿਆਇ (ਗੁ. ਗ੍ਰੰ. 1300)

**ਕੀਰਤਨ ਦਾ ਪ੍ਰਭਾਵ :** ਕੀਰਤਨ ਮਨੁੱਖ ਦੇ ਮਨ ਨੂੰ ਬਾਣੀ ਦੀ ਸਪਸ਼ਟਤਾ ਕਰਵਾਉਂਦਾ ਹੈ। ਕੀਰਤਨ ਮਨੁੱਖੀ ਮਨ ਦੀਆਂ ਬਿਰਤੀਆਂ ਵਿਚ ਬਦਲਾਵ ਕਰਕੇ ਮਨੁੱਖ ਨੂੰ ਸੰਜਮ ਵਿਚ ਕਰ ਦਿੰਦਾ ਹੈ। ਸੰਜਮ ਵਿਚ ਹੋਣ ਤੋਂ ਬਾਅਦ ਮਨੁੱਖੀ ਮਨ ਵਿਕਾਸ ਕਰਦਾ ਹੈ, ਕਿਉਂਕਿ ਵਿਕਾਰੀ ਬਿਰਤੀਆਂ ਸੰਜਮ ਵਿਚ ਬੱਝ ਜਾਂਦੀਆਂ ਹਨ। ਮਨ ਸਹਿਜ ਵਿਚ ਹੋਣਾ ਅਰੰਭ ਹੋ ਜਾਂਦਾ ਹੈ। ਇਸ ਪ੍ਰਕਾਰ ਮਨੁੱਖ ਭਗਤੀ ਨਾਲ ਜੁੜਦਾ ਹੈ। ਮਨੁੱਖ ਅਕਾਲ ਪੁਰਖ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦਾ ਹੈ, ਉਹ ਆਪਣੇ ਸਾਰੇ ਕਾਰਜਾਂ ਨੂੰ ਅਕਾਲ

ਪੁਰਖ ਦੇ ਓਟ ਆਸਰੇ ਨਾਲ ਕਰਦਾ ਹੈ। ਸਹਿਜ ਵਿਚ ਰਹਿ ਕੇ ਮਨੁੱਖ ਗ੍ਰਿਹਸਤੀ ਜੀਵਨ ਸਫਲਤਾ ਨਾਲ ਜਿਊਂਦਾ ਹੈ। ਇਕ ਪਰਿਵਾਰ ਵਿਚ ਘਰ ਦੇ ਮੁੱਖ ਪਾਤਰ ਦੇ ਸੰਕਲਪਾਂ ਦਾ ਪਰਿਵਰਤਨ ਸਾਰੇ ਪਰਿਵਾਰ ਦੇ ਮੈਂਬਰਾਂ ਨੂੰ ਪ੍ਰਭਾਵਿਤ ਕਰਦਾ ਹੈ।

ਮਨੁੱਖੀ ਮਨ ਦਾ ਚੜ੍ਹਦੀ ਕਲਾ ਵਿਚ ਰਹਿਣਾ ਬਹੁਤ ਜ਼ਰੂਰੀ ਹੈ, ਮਨ ਚੜ੍ਹਦੀ ਕਲਾ ਵਿਚ ਰਹਿਣਾ ਟਿਕਾਅ ਦੀ ਨਿਸ਼ਾਨੀ ਹੈ। ਮਨ ਦਾ ਟਿਕਾਅ ਸਤਿਸੰਗਤ ਵਿਚ ਬੈਠ ਕੇ, ਕੀਰਤਨ ਸ੍ਰਵਣ ਕਰਨ ਨਾਲ ਬਣਦਾ ਹੈ। ਕੀਰਤਨ ਦੇ ਸੰਚਾਰ ਨਾਲ ਮਨ ਵਿਚ ਇਕ ਅਜਿਹੀ ਜੋਤ ਜਗ ਜਾਂਦੀ ਹੈ, ਜਿਹੜੀ ਮਨ ਵਿਚ ਸੰਸਾਰਕ ਫੁਰਨੇ ਪੈਦਾ ਨਹੀਂ ਹੋਣ ਦਿੰਦੀ। ਮਨੁੱਖ ਨੂੰ ਨਾਮ ਦੀ ਖੁਮਾਰੀ ਦਾ ਰੰਗ ਚੜ੍ਹਨ ਲੱਗ ਜਾਂਦਾ ਹੈ। ਉਸ ਦੀ ਬਿਰਤੀ ਭਗਤੀ ਦੀ ਅਵਸਥਾ ਵਾਲੀ ਬਣ ਜਾਂਦੀ ਹੈ, ਕਿਉਂਕਿ ਮਨੁੱਖ ਆਪਣੇ ਅੰਦਰ ਦੀ ਅਵਾਜ਼ ਨੂੰ ਖੁਦ ਸੁਣ ਕੇ ਮਹਿਸੂਸ ਕਰਨੀ ਸ਼ੁਰੂ ਕਰ ਦਿੰਦਾ ਹੈ। ਜਿਹੜੀ ਸੰਸਾਰਕ ਜੰਜਾਲਾਂ ਤੋਂ ਪਰੇ ਦੀ ਹੁੰਦੀ ਹੈ। ਉਹ ਅਵਾਜ਼ ਰਾਗ, ਸਾਜ਼, ਤਾਲ ਦੀ ਸੁਮੇਲਤਾ ਬਣੀ ਹੋਣ ਕਾਰਨ ਮਨੁੱਖ ਨੂੰ ਅਮੁੱਕ ਰਸ ਪ੍ਰਦਾਨ ਕਰਦੀ ਹੈ। ਮਨੁੱਖ ਇਸ ਰਸ ਨੂੰ ਲੈਣ ਦਾ ਆਦਿ ਹੋ ਜਾਂਦਾ ਹੈ। ਇਸ ਵਾਸਤੇ ਮਨੁੱਖ ਅੰਮ੍ਰਿਤ ਵੇਲੇ ਨੂੰ ਸੰਭਾਲਦਾ ਹੋਇਆ ਸਿਮਰਨ ਦੁਆਰਾ ਕੁਝ ਬੀ-ਬੀ ਦੀਆਂ ਅਵਾਜ਼ਾਂ ਨੂੰ ਸੁਣਦਾ ਹੈ। ਉਹ ਅਵਾਜ਼ ਮਨੁੱਖ ਨੂੰ ਸੁਚੇਤ ਕਰਦੀ ਹੈ ਕਿ ਉਸ ਨੂੰ ਅਸਲ ਮਾਰਗ ਤੇ ਚੱਲਣ ਦਾ ਰਸਤਾ ਮਿਲ ਗਿਆ ਹੈ। ਮਨੁੱਖ ਨੇ ਚਲਣਾ ਆਪ ਹੈ। ਅੰਮ੍ਰਿਤ ਵੇਲਾ ਦਿਨ ਦੇ ਸਾਰੇ ਪਹਿਰਾ ਤੋਂ ਅਮੋਲਕ ਹੁੰਦਾ ਹੈ। ਇਸ ਵੇਲੇ ਸਭ ਬਖ਼ਸ਼ੀਸਾਂ ਵਾਲੀਆਂ ਰੂਹਾਂ ਗੁਰੂ ਦੇ ਸ਼ਬਦ ਦਾ ਅਲਾਪ ਕਰਦੀਆਂ ਹਨ। ਇਸ ਸਮੇਂ ਦੀ ਇਕਾਗਰਤਾ ਨੂੰ ਕੋਈ ਭੰਗ ਨਹੀਂ ਕਰ ਸਕਦਾ। ਇਸ ਸੁਚੇ ਪਹਿਰ ਵਿਚ ਜਾਗਣਾ ਮਨੁੱਖ ਦੇ ਜੀਵਨ ਦੀ ਨੁਹਾਰ ਨੂੰ ਬਦਲਦਾ ਹੈ :

ਜਾ ਕੋ ਹਰਿ ਰੰਗ ਲਾਗੋ ਇਸ ਜੁਗ ਸਹਿ
ਤਉ ਕਹੀਅਤ ਹੈ ਸੂਰਾ (ਗੁ. ਗ੍ਰੰ. 679)

ਕੀਰਤਨ ਦੇ ਸੰਚਾਰ ਦਾ ਪ੍ਰਭਾਵ ਦਿਸਦੇ ਸੰਸਾਰ ਨੂੰ ਝੂਠ ਅਤੇ ਗੁਰ ਸ਼ਬਦ ਦੁਆਰਾ ਜੁੜੀ ਸੁਰਤਿ ਨੂੰ ਅਸਲੀਅਤ ਸਮਝਣ ਲੱਗ ਜਾਂਦਾ ਹੈ। ਇਸ ਸਾਰੀ ਇਕਾਗਰਤਾ ਨੂੰ ਬਣਾਈ ਰੱਖਣਾ ਰਾਗੀ ਸਿੰਘਾਂ ਤੇ ਨਿਰਭਰ ਕਰਦਾ ਹੈ। ਕੀਰਤਨ ਦਾ ਪ੍ਰਭਾਵ ਦੋ ਤਰ੍ਹਾਂ ਪੈਦਾ ਹੈ। ਇਕ ਪ੍ਰਭਾਵ ਕੀਰਤਨੀਏ ਸਿੰਘ ਜੋ ਕੀਰਤਨ ਕਰ ਰਹੇ ਹਨ। ਉਹਨਾਂ ਦੇ ਮਨ ਦਾ ਇਕਚਿਤ ਹੋਣਾ ਬਹੁਤ ਜ਼ਰੂਰੀ ਹੈ, ਜਦੋਂ ਉਹ ਖੁਦ ਅਕਾਲ ਪੁਰਖ ਅੱਗੇ ਸਮਰਪਿਤ ਹਨ, ਉਹਨਾਂ ਦੀਆਂ ਇੰਦਰੀਆਂ ਉਹ ਰਸ ਲੈ ਰਹੀਆਂ ਹਨ। ਉਸ ਸਮੇਂ ਸੰਗਤ ਦੀ ਇਕਾਗਰਤਾ ਆਪਣੇ ਆਪ ਬਣ ਜਾਂਦੀ ਹੈ।

ਕੀਰਤਨ ਵਿਚ ਇਕਸੁਰ ਹੋ ਕੇ ਇਨਸਾਨ ਆਪ ਮੁਹਾਰੇ ਸ਼ਰਧਾ ਭਾਵਨਾ ਨਾਲ ਅਜਿਹੀ ਪ੍ਰਾਰਥਨਾ ਕਰਦਾ ਹੈ, ਜਿਸ ਵਿਚ ਪਦਾਰਥਕ ਵਸਤਾਂ ਦੀ ਬਜਾਏ, ਨਾਮ ਸਿਮਰਨ ਦੀ ਦਾਤ ਮੰਗੀ ਜਾਂਦੀ ਹੈ। ਇਸ ਅਰਦਾਸ ਦੇ ਪ੍ਰਵਾਨ ਹੋਣ ਤੇ ਮਨੁੱਖ ਨੂੰ ਹਮੇਸ਼ਾ ਲਈ ਆਤਮਿਕ

ਸੁੱਖ ਪ੍ਰਾਪਤ ਹੁੰਦਾ ਹੈ। ਕਿਉਂਕਿ ਨਾਮ ਸਿਮਰਨ ਮਨ ਦਾ ਹਿੱਸਾ ਬਣ ਜਾਂਦਾ ਹੈ, ਭਾਵ ਮਨੁੱਖ ਨੂੰ ਭਗਤੀ ਦੀ ਲਗਨ ਲੱਗ ਜਾਂਦੀ ਹੈ। ਭਗਤੀ ਦੁਆਰਾ ਮਨ ਵਿਚ ਚਾਉ ਤੇ ਵਿਗਾਸ ਬਣਿਆ ਰਹਿੰਦਾ ਹੈ। ਮਨੁੱਖ ਨੂੰ ਹੁਕਮ ਤੇ ਰਜ਼ਾ ਵਿਚ ਰਹਿਣ ਪ੍ਰਤੀ ਸੋਝੀ ਆ ਜਾਂਦੀ ਹੈ। ਇਸ ਸੋਝੀ ਵਾਸਤੇ ਮਨੁੱਖ ਨੂੰ ਪਹਿਲਾਂ ਆਪਣੀ ਹਸਤੀ ਨੂੰ ਸਮਝਣ ਦੀ ਲੋੜ ਹੈ। ਮਨੁੱਖ ਪੰਜਾ ਤੱਤਾਂ ਦੀ ਬਨਾਵਟ ਹੈ। ਇਕ ਤੱਤ ਦੇ ਨਾ ਹੋਣ ਤੇ ਵੀ ਮਨੁੱਖ ਕਾਇਆ ਨਹੀਂ ਸਿਰਜੀ ਜਾ ਸਕਦੀ। ਅਜਿਹੇ ਪ੍ਰਸ਼ਨ ਮਨੁੱਖ ਦੇ ਮਨ ਵਿਚ ਸ੍ਰਿਸਟੀ ਦੀ ਸਿਰਜਣਾ ਕਰਨ ਵਾਲੇ ਅਕਾਲ ਪੁਰਖ ਦੀ ਵਡਿਆਈ ਵਿਚ ਆਪ ਮੁਹਾਰੇ ਉਸ ਦੀ ਉਸਤਤ ਕਰਦੇ ਹਨ। ਮਨੁੱਖ ਸਮੇਂ ਦੀ ਨਬਜ਼ ਨੂੰ ਪਛਾਣਦਾ ਹੈ। ਆਪਣੀ ਅਜ਼ਾਈ ਹੋਈ ਉਮਰ ਪ੍ਰਤੀ ਝੂਰਦਾ ਹੈ। ਆਉਣ ਵਾਲੇ ਸਮੇਂ ਪ੍ਰਤੀ ਚੇਤੰਨ ਰਹਿੰਦਾ ਹੈ :

ਹਰਿ ਦਿਨ ਰੈਨਿ ਕੀਰਤਨ ਗਾਈਐ
ਬਹੁੜਿ ਨ ਜੋਨੀ ਪਾਈਐ (ਗੁ. ਗ੍ਰੰ. 623)

**ਅਜੋਕੇ ਸਮੇਂ ਵਿਚ ਕੀਰਤਨ ਪ੍ਰਸਾਰ ਦੇ ਸ੍ਰੋਤ :** ਸਭ ਤੋਂ ਪਹਿਲਾਂ ਕੀਰਤਨ ਰਬਾਬ ਨਾਲ ਕੀਤਾ ਜਾਂਦਾ ਸੀ। ਸਾਜ਼ਾਂ ਨਾਲ ਕੀਰਤਨ ਕਰਨ ਦਾ ਕਾਰਜ ਨਿਪੁੰਨ ਰਾਗੀ ਸਿੰਘ ਕਰਦੇ ਸਨ। ਇਸ ਤੋਂ ਬਾਅਦ ਸਰੰਦਾ ਸਾਜ਼ ਹੋਂਦ ਵਿਚ ਆਇਆ ਇਹ ਸਾਜ ਢਾਡੀਆਂ ਵੱਲੋਂ ਵਰਤੇ ਗਏ ਸਾਰੰਗੀ ਸਾਜ਼ ਦੀ ਤਰ੍ਹਾਂ ਦਿਖਾਈ ਦਿੰਦਾ ਹੈ "ਐਫ. ਆਰ. ਬੇਗਮ-ਸ਼ਰਿੰਦਾ-ਇੰਡੀਅਨ ਮਿਊਜ਼ਿਕ ਅਤੇ ਸਾਦਿਕ ਅਲੀ ਖਾਂ ਨੇ ਆਪਣੀ ਪੁਸਤਕ ਵਿਚ ਸਿੱਖ ਧਰਮ ਦੇ ਤੀਜੇ ਗੁਰੂ ਨੂੰ ਸਾਰੰਦੇ ਦਾ ਅਵਿਸ਼ਕਾਰਕ ਮੰਨਿਆ ਹੈ।"79 ਇਸ ਸਾਜ਼ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਸਾਰੰਦਾ ਸਾਜ਼ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਹੈ, ਤਾਊਸ ਤੇ ਦਿਲਬਰੁਾ ਸ਼ਾਸਤਰੀ ਸੰਗੀਤ ਨਾਲ ਸੰਬੰਧਿਤ ਹੋਣ ਕਾਰਨ ਏਨੇ ਲੋਕਪ੍ਰਿਯ ਨਾ ਹੋ ਸਕੇ। ਇਸ ਤੋਂ ਬਾਅਦ ਹਾਰਮੋਨੀਅਮ ਇਕ ਅਜਿਹਾ ਸਾਜ਼ ਹੋਂਦ ਵਿਚ ਆਇਆ, ਜਿਸ ਨੂੰ ਵਜਾਉਣ ਹਰ ਇਕ ਨੂੰ ਆਸਾਨ ਲੱਗਿਆ, ਕਿਉਂਕਿ ਇਸ ਸਾਜ਼ ਦੀ ਲੋਕ-ਸੰਗੀਤ ਵਾਲੇ ਵੀ ਵਧੇਰੇ ਵਰਤੋਂ ਕਰਦੇ ਹਨ। ਹਾਰਮੋਨੀਅਮ ਦੇ ਨਾਲ ਤਬਲਾ ਅਤੇ ਦਿਲਰੁਬਾ ਨੂੰ ਮਿਲਾ ਕੇ ਰਿਦਮ ਬਣਾ ਕੇ ਕੀਰਤਨ ਹੋਣਾ, ਅਰੰਭ ਹੋ ਗਿਆ। ਨੌਜਵਾਨ ਪੀੜੀ ਦੀ ਇਸ ਕਾਰਜ ਵਿਚ ਦਿਲਚਸਪੀ ਹੋਣ ਕਾਰਨ, ਯੂਨੀਵਰਸਿਟੀਆਂ ਵਿਚ ਅਕਾਦਮਿਕ ਪੱਧਰ ਤੇ ਇਸ ਸਿਖਿਆ ਦਾ ਪ੍ਰਸਾਰ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਦੇ ਸੰਕਲਨ ਤੋਂ ਬਾਅਦ ਰਾਗ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ। ਉਸ ਰਾਗ ਅਨੁਸਾਰ ਢੁਕਵੇਂ ਸੁਰਾਂ ਅਤੇ ਸਾਜ਼ ਦੇ ਨਿਯਮਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ। ਕੁਝ ਵਿਦਵਾਨਾਂ ਦਾ ਕਹਿਣਾ "ਸੰਗੀਤ ਦੇ ਸਿਧਾਂਤਾਂ ਨੂੰ ਕੀਰਤਨ ਲਈ ਬੰਦਸ਼ ਦੇ ਤੌਰ ਤੇ ਨਹੀਂ ਲੈਣਾ ਚਾਹੀਦਾ, ਅਜਿਹੇ ਜੱਥੇ ਤਿਆਰ ਕਰਨੇ ਚਾਹੀਦੇ ਹਨ ਜੋ ਸੰਗੀਤ ਦੇ

ਨਿਯਮਾਂ ਨੂੰ ਸਮਝਦੇ ਹੋਣ।"80 ਸੰਗੀਤ ਦੇ ਨਿਯਮਾਂ ਨੂੰ ਸਿਖਿਆ ਤੋਂ ਬਿਨਾ ਨਹੀਂ ਸਮਝਿਆ ਜਾ ਸਕਦਾ। ਹਰ ਸ਼ਬਦ ਵਿਚ ਭਾਵ ਅਤੇ ਛੰਦ ਅਨੁਸਾਰ ਸੁਰ ਵਰਤੇ ਜਾਂਦੇ ਹਨ। ਇਹਨਾਂ ਸੁਰਾਂ ਦੁਆਰਾ ਤਾਲ ਤਿਆਰ ਕੀਤੇ ਜਾਂਦੇ ਹਨ। ਤਾਲ ਰਾਗ ਅਨੁਸਾਰ ਰਸ ਪੈਦਾ ਕਰਦੇ ਹਨ। ਕੀਰਤਨੀਏ ਸਿੰਘ ਸੰਗੀਤ ਦੇ ਸਿਧਾਂਤਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ।ਇਸ ਵਾਸਤੇ ਰਾਗੀ ਸਿੰਘਾਂ ਨੂੰ ਰਾਗ ਅਤੇ ਘਰੁ ਅਨੁਸਾਰ ਕੀਰਤਨ ਕਰਨਾ ਚਾਹੀਦਾ ਹੈ। ਰਾਗ ਅਨੁਸਾਰ ਕੀਰਤਨ ਕਰਨ ਵਾਸਤੇ ਘਰੁ ਪ੍ਰਬੰਧ ਦੀ ਅਰੰਭਕ ਸੁਰ ਸਥਾਨ ਦੇ ਵੇਰਵੇ ਦੀ ਜਾਣਕਾਰੀ ਵੀ ਦਿੱਤੀ ਗਈ ਹੈ।

### (ਹ) ਰਾਗ ਅਨੁਸਾਰ ਘਰੁ ਪ੍ਰਬੰਧ ਦਾ ਗਾਇਨ ਪੱਖ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 17 ਘਰੁ ਦਰਜ ਹਨ। ਹਰ ਰਾਗ ਵਿਚ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਗਈ ਹੈ। ਘਰੁ ਪ੍ਰਬੰਧ ਨੂੰ ਤਾਲਾਂ ਨਾਲ ਸੰਬੰਧਤ ਕਰਕੇ ਵੀ ਪੇਸ਼ ਕੀਤਾ ਜਾਂਦਾ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ "ਅਮੀਰ ਖੁਸਰੋ ਨੇ ਫ਼ਾਰਸੀ ਬਹਿਰ ਦੀ ਬੁਨਿਆਦ ਤੇ ਭਾਰਤੀ ਪ੍ਰਾਚੀਨ ਤਾਲਾਂ ਦੇ ਜੁਆਬ ਹਿਤ 17 ਤਾਲ ਈਜ਼ਾਦ ਕੀਤੇ ਸਨ। ਇਹ ਤਾਲ ਮੱਧਕਾਲ ਵਿਚ ਫ਼ਾਰਸੀ ਨਾਵਾਂ ਅਧੀਨ ਪ੍ਰਚਲਿਤ ਵੀ ਰਹੇ ਸੰਭਵ ਹੈ ਏਹੋ 17 ਤਾਲ ਗੁਰੂ ਸਾਹਿਬ ਨੇ ਘਰਾਂ ਦੇ ਰੂਪ ਵਿਚ ਵਰਤੇ ਹੋਣ।"81 ਇਹ ਘਰੁ ਤਾਲ ਨਾਲ ਸੰਬੰਧਿਤ ਹਨ ਇਸ ਸੰਕਲਪ ਨੂੰ ਸਾਰਥਕ ਨਹੀਂ ਮੰਨਿਆ ਜਾ ਸਕਦਾ। ਪ੍ਰੋ. ਵਿਕਰਮ ਸਿੰਘ ਨੇ ਗੁਰਮਤਿ ਸੰਗੀਤ ਦੇ ਘਰੁ ਪ੍ਰਬੰਧ ਨੂੰ ਈਰਾਨੀ ਸੰਗੀਤ ਵਿਚ ਗਾਹ ਦੇ ਸਮਾਂਨਤਰ ਸਮਝਿਆ ਹੈ। ਗਾਹ ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਵਰਤ ਅਤੇ ਸਥਾਨ ਹੈ। ਉਹਨਾਂ ਨੇ ਇਸ ਗਾਹ ਨੂੰ ਭਾਰਤੀ ਸੰਗੀਤ ਲਈ ਜਰੂਰੀ ਸਮਝਿਆ ਹੈ, ਗੁਰਮਤਿ ਸੰਗੀਤ ਲਈ ਨਹੀਂ। ਗੁਰਮਤਿ ਸੰਗੀਤ ਵਿਚ ਸਪਤਕਾਂ ਦੁਆਰਾ ਘਰੁ ਦਾ ਨਿਖੇੜਾ ਹੋ ਗਿਆ ਹੈ।82 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਅਨੁਸਾਰ ਘਰੁ ਪ੍ਰਬੰਧ ਨੂੰ ਗਾਇਨ ਪੱਖ ਤੋਂ ਲੈਣ ਲਈ ਅਰੰਭਿਕ ਸੁਰ ਨੂੰ ਕੇਂਦਰ ਬਿੰਦੂ ਬਣਾਇਆ ਜਾਂਦਾ ਹੈ, ਰਾਗ ਵਿਚ ਸਤ ਸੁਰਾਂ ਸਾ, ਰੇ, ਗਾ, ਮਾ, ਪਾ, ਧਾ, ਨੀ ਹੁੰਦੀਆਂ ਹਨ। "ਰਾਗ ਲਈ ਵਜਾਏ ਜਾਣ ਵਾਲੇ ਸਾਜ਼ਾਂ ਵਿਚ ਵੀ ਸਤ-ਸਤ ਸੁਰਾਂ ਦੇ ਤਿੰਨ (ਮੰਦਰ ਮਧ ਤੇ ਤਾਰ) ਸਪਤਕ ਸਤ ਸੁਰਾਂ ਦਾ ਇਕੱਠ ਹੁੰਦੇ ਹਨ। ਸੋ ਤਿੰਨਾਂ ਸਪਤਕਾਂ ਦੇ ਕੁੱਲ ੩¿੭=੨੧ ਮੁੱਖ ਸੁਰ ਹੋ ਜਾਂਦੇ ਹਨ। ਗੁਰਬਾਣੀ ਵਿਚ ਇਹਨਾਂ ਵਿਚੋਂ ਪਹਿਲੇ ਸਤਾਰਾ ਸੁਰ ਹੀ ਘਰੁ (ਗ੍ਰਹ, ਟਿਕਾਣੇ, ਸੁਰ-ਸਥਾਨ) ਹਨ, ਜਿਨਾਂ ਤੋਂ ਰਾਗ, ਰਾਗ ਲਈ ਸਾਜ਼ ਵਜਾਉਣਾ ਅਤੇ ਸ਼ਬਦ ਨੂੰ ਰਾਗ ਵਿਚ ਗਾਉਣਾ ਸ਼ੁਰੂ ਕੀਤਾ ਜਾਂਦਾ ਹੈ।"83 ਰਾਗ ਦੇ ਅਰੰਭਕ ਸੁਰ ਨੂੰ ਸਪਤਕ ਅਨੁਸਾਰ ੨, ੩, ੪ ਸਥਾਨ ਤੋਂ ਅਰੰਭ ਕਰਕੇ (ਮੰਦਰ, ਮਧ ਤੇ ਤਾਰ) ਸਪਤਕਾਂ ਦੇ ਮਾਧਿਅਮ ਦੁਆਰਾ ਘਰੁ ਦਾ ਸੰਕੇਤ ਦਿੱਤਾ ਜਾਂਦਾ ਹੈ। ਇਹਨਾਂ ਤਿੰਨ ਸਪਤਕਾਂ (ਮੰਦਰ, ਮੱਧ, ਤਾਰ) ਦੇ 21 ਸੁਰਾਂ ਵਿਚੋਂ

ਪਹਿਲੇ 17 ਸੁਰਾਂ ਨੂੰ 17 ਘਰੁ ਕਿਹਾ ਗਿਆ ਹੈ। ਇਹਨਾਂ ਸਪਤਕਾਂ ਤੋਂ ਧੁਨੀਆਂ ਹੋਂਦ ਵਿਚ ਆਉਂਦੀਆਂ ਹਨ। ਇਸ ਧੁਨੀ ਨਾਲ ਸੁਰ ਦੀ ਪਕੜ ਬਣਦੀ ਹੈ। ਇਸ ਪ੍ਰਕਾਰ ਹਰ ਰਾਗ ਦੇ ਅਰੰਭ ਦਾ ਸੁਰ ਘਰ ਦਾ ਸੰਕੇਤ ਦਿੰਦਾ ਹੈ। ਰਾਗ ਆਸਾ ਵਿਚ ਮੁਕੰਮਲ 17 ਘਰਾਂ ਦੀ ਜੁਗਤ ਹੈ ਅਤੇ ਇਸ ਨੂੰ ਸਪਤਕਾਂ ਅਨੁਸਾਰ ਹਰ ਘਰੁ ਨੂੰ ਵੱਖਰੇ ਸੁਰ ਵਿਚ ਗਾਇਨ ਕਰਨ ਦੀ ਹਦਾਇਤ ਹੈ।

**ਚਉਪਦਿਆਂ ਦੇ ਸਿਰਲੇਖਾਂ ਵਿਚ ਘਰੁ ਸੂਚਨਾ ਦੀ ਸੰਗੀਤਾਤਮਕਤਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਉਪਦਿਆਂ ਦੇ ਸਿਰਲੇਖ ਵਿਚ ਘਰੁ ਦੀ ਸੂਚਨਾ ਤੋਂ ਸੰਕੇਤ ਮਿਲਦਾ ਹੈ ਕਿ ਰਾਗ ਅਨੁਸਾਰ ਕੀਰਤਨ ਕਰਨ ਤੇ ਘਰੁ ਦੇ ਮਾਧਿਅਮ ਨਾਲ ਵੀ ਕੀਰਤਨ ਕੀਤਾ ਜਾਂਦਾ ਹੈ। ਇਸ ਦਾ ਪ੍ਰਮਾਣ ਗੁਰਬਾਣੀ ਵਿਚ 'ਏਕ ਸੁਆਨੁ ਕੈ ਘਰਿ ਗਾਵਣਾ'84 ਅਤੇ 'ਪਹਰਿਆ ਕੈ ਘਰਿ ਗਾਵਣਾ'85 ਤੋਂ ਮਿਲਦਾ ਹੈ। ਗੁਰਬਾਣੀ ਵਿਚ 'ਏਕ ਸੁਆਨੁ ਕੈ ਘਰਿ ਗਾਵਣਾ' ਦੋ ਵਾਰ ਹੈ, ਇਕ ਵਾਰ ਗੁਰੂ ਨਾਨਕ ਸਾਹਿਬ ਦੁਆਰਾ ਸਿਰੀ ਰਾਗੁ ਵਿਚ ਵਰਤੋਂ ਕੀਤੀ ਗਈ ਅਤੇ ਦੂਸਰੀ ਵਾਰ ਭਗਤ ਕਬੀਰ ਜੀ ਦੇ ਸ਼ਬਦ ਵਿਚ ਸਿਰਲੇਖ ਅਨੁਸਾਰ ਇਹ ਵਾਕ ਲਿਖਿਆ ਮਿਲਦਾ ਹੈ। ਦੋਹਾ ਸਿਰਲੇਖਾਂ ਵਿਚੋਂ ਇਕ ਸਿਰਲੇਖ ਤੇ ਘਰਿ ਦਾ ਸੰਕੇਤ ਦਿੱਤਾ ਗਿਆ ਹੈ। "ਇਹ ਸ਼ਬਦ 'ਏਕੁ ਸੁਆਨ ਦੁਇ ਸੁਆਨੀ ਨਾਲਿ' (ਸਿਰੀਰਾਗ ਮ:੧ ਘਰੁ ੪) ਵਾਲੇ ਸ਼ਬਦ ਦੀ ਸੁਰ ਨਾਲ ਗਾਉਣਾ ਹੈ, ਇਹ ਭੀ ਘਰ ੪ ਵਿਚ ਗਾਉਣਾ ਹੈ।"86 ਇਸ ਦਾ ਅਰਥ ਦੂਜੇ ਸਿਰਲੇਖ ਨੂੰ ਵੀ ਉਸੇ ਘਰੁ ਅਨੁਸਾਰ ਗਾਇਨ ਕਰਨਾ ਹੈ। ਇਸੇ ਤਰ੍ਹਾ ਪਹਰਿਆ ਕੈ ਘਰਿ ਗਾਵਣਾ ਭਗਤ ਬੇਣੀ ਅਤੇ ਗੁਰੂ ਨਾਨਕ ਸਾਹਿਬ ਦੇ ਸ਼ਬਦ ਤੋਂ ਇਕ ਘਰ ਵਿਚ ਗਾਉਣ ਦੀ ਹਦਾਇਤ ਹੈ।

**ਸਿਰਲੇਖ ਅਨੁਸਾਰ ਲਟਕਵੇਂ ਰੂਪ ਵਿਚ ਘਰੁਪ੍ਰਬੰਧ ਦੀ ਜੁਗਤ :** ਇਸ ਜੁਗਤ ਦੀ ਵਰਤੋਂ ਕੇਵਲ ਗਉੜੀ ਰਾਗ ਵਿਚ ਕੀਤੀ ਗਈ ਮਿਲਦੀ ਹੈ। ਇਹ ਸੰਕੇਤ ਇਸ ਤੋਂ ਮਿਲਦਾ ਕਿ ਇਸ ਰਾਗ ਵਿਚ ਘਰੁ ਪ੍ਰਬੰਧ ਦੀ ਸਿੱਧੇ ਰੂਪ ਵਿਚ ਸਿਰਲੇਖ ਵਿਚ ਵਰਤੋਂ ਨਹੀਂ ਹੈ। ਇਸ ਦੀ ਵਰਤੋਂ ਸਿਰਲੇਖ ਦੇ ਹੇਠਾਂ ਲਟਕਵੇਂ ਰੂਪ ਵਿਚ ਕੀਤੀ ਗਈ ਹੈ। "ਗਉੜੀ ਰਾਗ ਵਿਚ ਕਿਧਰੇ ਕਿਧਰੇ ਸਿਰਲੇਖ ਦੇ ਹੇਠਾ ਛੋਟੇ ਅੰਗ (੧, ੨, ੩ ਆਦਿ) ਆਉਂਦੇ ਹਨ। ਇਹ 'ਘਰ' ਦੇ ਸੂਚਕ ਹਨ; ਭਾਵ ਇਹ ਸ਼ਬਦ ਘਰੁ ੧, ਘਰੁ ੨ ਆਦਿ ਵਿਚ ਗਾਏ ਜਾਣੇ ਹਨ।"87 ਇਸ ਲਟਕਵੇ ਕ੍ਰਮ ਦੀ ਵਰਤੋਂ ਮਹਲਾ ੫ ਦੁਆਰਾ ਕੀਤੀ ਗਈ ਹੈ ਇਸ ਦੀ ਵਰਤੋਂ  ਇਸ ਰਾਗ ਵਿਚ ਕੁੱਲ 17 ਵਾਰ ਹੋਈ ਹੈ।

1. ਰਾਗੁ ਗਉੜੀ ਪੂਰਬ੍ਹੀ ਮਹਲਾ ੫ = ਪੰਨਾ = 204

ਲਟਕਵੇ ਰੂਪ ਦਾ ਸਿਰਲੇਖ ਵਧੇਰੇ ਚਉਪਦਿਆਂ ਵਿਚ ਦਿੱਤਾ ਗਿਆ ਹੈ। 6 ਨੰਬਰ ਤੱਕ ਲਟਕਵੇਂ ਰੂਪ ਦੀ ਵਰਤੋਂ ਕਰਕੇ ਅੱਗੇ ਫਿਰ ਇਕ ਘਰ ਤੋਂ ਸ਼ੁਰੂ ਕਰ ਲਿਆ ਗਿਆ ਹੈ।

**ਗਿਣਤੀ ਕ੍ਰਮ ਅਨੁਸਾਰ ਘਰੁ ਪ੍ਰਬੰਧ ਦੀ ਜੁਗਤ :**

ਗਉੜੀ ਰਾਗ ਵਿਚ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ।

| | |
|---|---|
| ਗਉੜੀ ੯ | ਗਉੜੀ ਘਰੁ ਨੌਵਾਂ (ਪੰਨਾ ੩੩੭) |
| ਗਉੜੀ ੧੧ | ਗਉੜੀ ਘਰੁ ਗਿਆਰਾਂ (ਪੰਨਾ ੩੩੮) |
| ਗਉੜੀ ੧੨ | ਗਉੜੀ ਘਰੁ ਬਾਰਵਾ (ਪੰਨਾ ੩੩੮) |
| ਗਉੜੀ ੧੩ | ਗਉੜੀ ਘਰ ਤੇਰਵਾਂ (ਪੰਨਾ ੩੩੮) |

"ਇਹ ਅੰਕ 'ਘਰ' ਦਾ ਸੂਚਕ ਹੈ। ਕਦੀ ਇਹ ਅੰਕ ਸਿਰਲੇਖ ਦੇ ਕਿਸੇ ਲਫ਼ਜ਼ ਦੇ ਹੇਠਾਂ ਆ ਜਾਂਦਾ ਹੈ (ਜਿਵੇ ਪਿਛਲੇ ਪੰਨੇ ਤੇ ਗਉੜੀ ਆਇਆ ਹੈ।) ਅਤੇ ਕਦੀ ਰਾਗ ਦੇ ਸਿਰਲੇਖ ਨਾਲ ਮੋਟਾ ਕਰਕੇ ਦਿੱਤਾ ਹੁੰਦਾ ਹੈ।"88

**ਸੰਗੀਤਕ ਅੰਗਾਂ ਅਨੁਸਾਰ ਘਰੁ ਦੀ ਵਰਤੋਂ :** ਜਤਿ ਸ਼ਬਦ ਦੀ ਵਰਤੋਂ ਸਿਰਲੇਖ ਵਿਚ ਕੀਤੀ ਗਈ ਹੈ। ਇਸ ਸਿਰਲੇਖ ਦੀ ਵਰਤੋਂ ਆਪਣੇ ਅਰਥਾਂ ਨੂੰ ਪੂਰਨ ਕਰਨੀ ਹੈ। "ਜਤਿ ਦੀ ਵਰਤੋਂ ਬਿਰਹੜੇ ਘਰ ੪ ਛੰਤਾਂ ਕੀ ਜਤਿ"89 ਏਥੇ ਭਾਵ ਛੰਤਾਂ ਕੀ ਧਾਰਨਾ ਪਰ ਗਾਵਣੇ ਕਾ ਹੈ, ਪਰੰਤੂ ਜਿਥੇ ਕੇਵਲ ਜਤਿ ਪਦ ਹੈ ਉਥੇ ਜੋੜੀ ਦੀ ਜਤ ਵਲ ਸੂਚਨਾ ਹੈ। "ਬਿਲਾਵਲ ਮਹਲਾ ੧ ਘਰੁ ੧੦ ਜਤਿ' ਏਥੇ ਜੋੜੀ ਦੀ ਜਤਿ ਸਮਝਾਣੀ ਪਵੇਗੀ। ਜਿਸ ਵੇਲੇ ਸੱਜਾ ਹੱਥ ਗਤਿ ਦਾ ਕੰਮ ਕਰੇ ਅਮਸੱਤ ਗਤਿ ਵਾਕਰ ਉਂਗਲੀਆਂ ਵਿਚੋਂ ਜੋੜੀ ਦੇ ਕਿਨਾਰੇ ਤੇ ਵਿਚਕਾਰ ਕੰਮ ਕਰੇ ਅਤੇ ਖੱਬਾ ਹੱਥ ਸਾਥ ਵਾਕਰ ਖੁਲਾਸਾ ਵਜਾਵੇ ਤਾਂ ਉਸ ਨੂੰ ਜਤਿ ਕਹਿੰਦੇ ਹਨ ਅਤੇ ਜਦੋਂ ਦੋਹਾਂ ਹੱਥਾਂ ਦੀਆਂ ਉਂਗਲੀਆਂ ਹਰਫ ਕੱਢਣ, ਆਵਾਜ਼ ਵੀ ਨਰਮ ਨਰਮ ਨਿਕਲੇ ਉਸ ਨੂੰ ਗਤਿ ਕਹਿੰਦੇ ਹਨ।"90 ਜਤਿ ਦੀ ਵਰਤੋ 'ਬਿਲਾਵਲ ਮਹਲਾ ੧ ਥਿਤੀ ਘਰ ੧੦ ਜਤਿ' ਨਾਲ ਕੀਤੀ ਜਾਂਦੀ ਹੈ। ਥਿਤੀ ਦਾ ਅਰਥ ਮਿਤੀ ਹੈ। ਇਸ ਤੋਂ ਸੰਕੇਤ ਮਿਲਦਾ ਜਤਿ ਦਾ ਸੰਬੰਧ ਗਤਿ ਨਾਲ ਹੋਣ ਕਾਰਨ ਗਤੀ ਤੋਂ ਭਾਵ ਹੈ ਕਿ ਦਿਨ ਦੇ ਸੂਰਜ ਚੜ੍ਹਨ ਨਾਲ ਹਜ਼ਾਰਾ ਚੰਦਰਮਾ ਦਾ ਕੋਈ ਮੁੱਲ ਨਹੀਂ ਰਹਿੰਦਾ। ਉਸੇ ਤਰ੍ਹਾਂ ਮਨੁੱਖ ਕੇਵਲ ਇਕ ਪਰਮਸੱਤ ਤੋਂ ਬਿਨਾਂ ਹੋਰ ਕਿਸੇ ਤੇ ਵਿਸ਼ਵਾਸ ਨਾ ਕਰੇ, ਕਿਉਂਕਿ ਬਾਕੀ ਸਭ ਭਰਮਾਂ ਵਿਚ ਪਾਉਂਦੇ ਹਨ ਇਸੇ ਕਾਰਨ ਦੋਵਾਂ ਹੱਥਾਂ ਦੀ ਟੁਣਕਾਰ ਮਨੁੱਖ ਦੇ ਸੰਕਲਪਾ ਵਿਚ ਬਦਲਾਵ ਲਈ ਹੈ। ਥਿਤੀ ਬਾਰੇ ਸ਼ਬਦਾਰਥ ਵਿਚ ਕਿਹਾ ਜਾਂਦਾ ਕਿ "ਚੰਨ ਦੀ ਤ੍ਰੀਕਾਂ ਨੂੰ ਲੈ ਕੇ ਪੁਰਾਣੇ ਖਿਆਲਾਂ ਵਾਲੇ ਲੋਕਾਂ, ਖਾਸ ਕਰਕੇ ਜੋਗੀਆਂ ਦੇ ਭਰਮ ਦੂਰ ਕਰਦੇ ਹਨ ਅਤੇ ਇਕ ਜਗਦੀਸ਼ ਦੀ ਨਰੋਲ ਭਗਤੀ ਸਿਖਾਂਦੇ ਹਨ।"91 ਇਸ ਤੋਂ ਸੰਕੇਤ ਮਿਲਦਾ ਕਿ ਜੋੜੀ ਵਜਾਉਣ ਦੇ ਇਸ ਢੰਗ ਨੂੰ ਥਿਤੀ ਨਾਲ ਸੁਮੇਲਤਾ ਕਾਰਨ ਪਿਛੇ ਕਰਨਾ, ਸਮਾਜ ਨੂੰ ਜਤਿ ਦੀ ਗੂੰਜ਼ ਦੁਆਰਾ ਲੋਭ ਭਰਮਾਂ ਤੋਂ ਮੁਕਤ ਕਰਨਾ ਹੈ।

**ਰਹੋਆ :** ਰਹੋਆ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਸਥਾਨ ਤੇ ਵਰਤਿਆ ਗਿਆ ਹੈ। "ਰਹੋਆ ਇਕ ਤਰ੍ਹਾਂ ਦਾ ਪੁਰਾਣਾ ਗੀਤ ਹੈ, ਜੋ ਲੰਮੇ ਰਹਾਉ ਜਾ ਹੇਕ ਨਾਲ ਗਾਇਆ ਜਾਂਦਾ ਹੈ, ਕਦੀ ਕਦੀ ਵਿਆਹਾਂ ਉੱਤੇ ਅਜੇ ਵੀ ਇਸਤਰੀਆਂ ਇਸ ਧਾਰਨਾ ਤੇ ਗਾਉਂਦੀਆਂ ਸੁਣੀਦੀਆਂ ਹਨ।"92 ਇਸ ਵਿਚ ਕਿਸੇ ਖਾਸ ਘਰ ਦਾ ਉਲੇਖ ਨਹੀਂ ਦਿੱਤਾ ਗਿਆ। ਕੇਵਲ ਲੰਮੀ ਹੇਕ ਕਿਹਾ ਗਿਆ ਭਾਵ ਲੰਮੀ ਹੇਕ ਵਾਲੇ ਘਰ ਵਿਚ ਇਹਨਾਂ ਸ਼ਬਦਾਂ ਦਾ ਗਾਇਨ ਕਰਨਾ ਹੈ।

ਇਹ ਸ਼ਬਦ 'ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮ:ਪ' ਇਹ ਸ਼ਬਦ ਗਉੜੀ ਰਾਗ ਦੇ ਚਉਪਦਿਆਂ ਵਿਚ ਦਰਜ ਹੈ, ਇਹ ਚਉਪਦਾ ਹੈ ਪਰੰਤੂ ਇਸ ਦਾ ਗਾਇਨ ਛੰਤ ਦੇ ਘਰਿ ਅਨੁਸਾਰ ਕਰਨ ਦੀ ਹਦਾਇਤ ਦਿੱਤੀ ਗਈ ਹੈ।

**ਧੁਨੀ :** ਧੁਨੀ ਤੋਂ ਭਾਵ ਆਵਾਜ਼ ਜਾਂ ਨਾਦ ਤੋਂ ਲਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ, ਧੁਨੀ ਨੂੰ ਗਾਉਣ ਦੀ ਧਾਰਨਾ ਜਾਂ ਗਾਉਣ ਦੇ ਢੰਗ ਲਈ ਵਰਤਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌਂ ਵਾਰਾਂ ਅਜਿਹੀਆਂ ਚੁਣੀਆਂ, ਜਿਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨੂੰ ਉਸ ਧੁਨ ਅਨੁਸਾਰ ਗਾਇਆ ਜਾਂਦਾ ਹੈ।93 ਧੁਨੀ ਨੂੰ ਆਧਾਰ ਬਣਾ ਕੇ ਵਾਰਾਂ ਦਾ ਗਾਇਨ ਕੀਤਾ ਜਾਂਦਾ ਹੈ।

"ਵਾਰ ਮਾਝ ਕੀ ਤਥਾ ਸਲੋਕ ਮਹਲਾ ੧

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ ਗਾਵਣੀ"94

ਮਾਝ ਦੀ ਵਾਰ ਨੂੰ ਮਲਕ ਮੁਰੀਦ ਦੀ ਧੁਨੀ ਤੇ ਗਾਇਨ ਕਰਨ ਦੀ ਹਦਾਇਤ ਹੈ। ਇਸੇ ਤਰ੍ਹਾਂ ਪੁਰਾਤਨ ਅੱਠ ਹੋਰ ਵਾਰਾਂ ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਨਾਲ ਸੰਬੰਧਿਤ ਕਰਕੇ ਗਾਇਨ ਲਈ ਕਿਹਾ ਜਾਂਦਾ ਹੈ।

**ਸੁਧੰਗ :** ਸੁਧੰਗ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਸਥਾਨਾਂ ਤੇ ਕੀਤੀ ਗਈ ਹੈ। "ਮਹਾਨ ਕੋਸ਼ ਅਨੁਸਾਰ ਸ਼ੁਖ-ਅੰਕ (ਅੰਗ) ਸ਼ੁੱਧਾਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦਾਂ ਦੇ ਅੰਗ ਸਹੀ ਵੇਖ ਕੇ ਇਹ ਸ਼ਬਦ ਲਿਖਿਆ ਹੈ ਕਿ ਜੋੜ ਅੰਗਾਂ ਦਾ ਠੀਕ ਹੈ। ਆਸਾ ਰਾਗ ਵਿਚ ਚੌਥੀ ਪਾਤਸ਼ਾਹੀ ਦਾ ਸ਼ਬਦ 'ਹਉ ਅਨਦਿਨੁ ਹਰਿਨਾਮੁ ਕੀਰਤਨ ਕਰਉ।' ਵਿ-ਸ਼ੁਧ ਸੂਰ ਸਹਿਤ "ਸਾਰੰਗ ਟੋਡੀ ਬਿਭਾਸ ਸੁਧੰਗ" ਸਿੱਧਾ ਅੰਗ ਸੁਢੰਗ "ਕਬਹੂ ਚਲਤ ਸੁਧੰਗ ਗਤਿ (ਸੂਰ ਸਾਗਰ)"95 "ਸੁਧੰਗ ਨੂੰ ਸੰਸਕ੍ਰਿਤ ਵਿਚ ਸ਼ੁਧ ਕਿਹਾ ਜਾਂਦਾ ਹੈ ਅਥਵਾ (ਸ਼ਦਿ+ਅੰਗ) ਇਹ ਸਿਰਲੇਖ ਆਸਾਵਰੀ ਦੇ ਸਿਰ ਤੇ ਹੈ ਜੋ ਮਹਲੇ ੪ ਦੀ ਹੈ। ਆਸਾਵਰੀ ਵੱਖਰਾ ਰਾਗ ਨਹੀਂ ਲਿਖਯਾ ਤੇ ਇਹ ਰਾਗਨੀ ਸ਼ੁਧ ਰਾਗਨੀ ਹੈ।"96 ਇਹਨਾਂ ਵਿਦਵਾਨਾਂ ਦੁਆਰਾ ਸੁਧੰਗ ਸ਼ਬਦ ਦੀ ਵਰਤੋਂ ਤੋਂ ਇਹ ਸਿੱਧ ਹੁੰਦਾ ਹੈ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੰਪਾਦਿਤ ਕੀਤੀ ਜਾ ਰਹੀ ਸੀ, ਉਸ ਸਮੇਂ ਰਾਗਾਂ ਦੀ ਲਗਾਤਾਰ ਵਰਤੋਂ ਕੀਤੀ ਗਈ। ਕਿਸੇ ਵੀ ਰਾਗਨੀ ਦੀ

ਪਹਿਲੇ ਤਿੰਨ ਰਾਗਾਂ ਵਿਚ ਵਰਤੋਂ ਨਹੀਂ ਕੀਤੀ ਗਈ, ਸੁਧੰਗ ਰਾਗਮਾਲਾ ਵਿਚ ਵਰਤੇ ਸ੍ਰੀ ਰਾਗ ਨਾਲ ਵਰਤਿਆ ਗਿਆ, ਇਸ ਤੋਂ ਸੰਕੇਤ ਮਿਲਦਾ ਕਿ ਗੁਰਬਾਣੀ ਦੇ ਰਾਗਾਂ ਵਿਚ ਅੰਗ ਪ੍ਰਬੰਧ ਸਹੀ ਨੇਮ ਅਨੁਸਾਰ ਚਲਦਾ ਆ ਰਿਹਾ ਹੈ, ਜਦੋਂ ਗੁਰੂ ਸਾਹਿਬ ਦੁਆਰਾ ਇਸ ਦੀ ਵਰਤੋਂ ਕੀਤੀ ਗਈ ਉਸ ਰਾਗ ਤੇ ਆ ਕੇ ਅੰਗਾਂ ਦੀ ਗਿਣਤੀ ਕਰ ਲਈ ਜਾਂਦੀ ਸੀ। ਇਸ ਗਿਣਤੀ ਵਿਚ ਸਾਰੇ ਕਾਵਿ-ਰੂਪਾਂ ਵਿਚਲੇ ਅੰਗ ਪ੍ਰਬੰਧ ਵੀ ਸ਼ਾਮਲ ਕੀਤੇ ਗਏ ਹਨ। ਸੁਧੰਗ ਸ਼ਬਦ ਦੀ ਵਰਤੋ ਆਸਾ, ਟੋਡੀ, ਪ੍ਰਭਾਤੀ ਨਾਲ ਕੀਤੀ ਗਈ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਠੀਕ ਅੰਕਣ ਕ੍ਰਮ ਵਿਚ ਲਿਖਤ ਦਾ ਕਾਰਜ ਚਲਾਉਣ ਲਈ ਸੁਧੰਗ ਸ਼ਬਦ ਵਰਤਿਆ ਗਿਆ।

ਇਸ ਸਾਰਨੀ ਰਾਹੀਂ ਬਾਣੀ-ਰੂਪ ਚਉਪਦੇ ਵਿਚ ਹਰ ਰਾਗ ਅਧੀਨ ਘਰਾਂ ਦੀ ਗਿਣਤੀ ਅਤੇ ਹਰ ਘਰੁ ਅਧੀਨ ਸ਼ਬਦਾਂ ਦੀ ਗਿਣਤੀ ਨੂੰ ਅੰਕਿਤ ਕੀਤਾ ਗਿਆ ਹੈ।

**ਸਾਰਨੀ ਨੰ. 1**

**ਰਾਗਾਂ ਅਨੁਸਾਰ ਘਰਾਂ ਅਤੇ ਸ਼ਬਦਾਂ ਦੀ ਗਿਣਤੀ ਦੀ ਸਾਰਨੀ**

| ਲੜੀ ਨੰ. | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਘਰੁ ੧੧ | ਘਰੁ ੧੨ | ਘਰੁ ੧੩ | ਘਰੁ ੧੪ | ਘਰੁ ੧੫ | ਘਰੁ ੧੬ | ਘਰੁ ੧੭ | ਕੁੱਲ |
|---|---|---|---|---|---|---|---|---|---|---|---|---|---|---|---|---|---|---|---|
| 1 | ਸਿਰੀ | 85 | 4 | 2 | 5 | 1 | 3 | 1 | - | - | - | - | - | - | - | - | - | - | 101 |
| 2 | ਮਾਝ | 50 | - | - | - | - | - | - | - | - | - | - | - | - | - | - | - | - | 50 |

| | | | | | | | | |
|---|---|---|---|---|---|---|---|---|
| 3 | ਗਉੜੀ | - | - | - | - | - | - | - |
| | - | - | - | - | - | - | - | - |
| | - | - | - | | | | | |
| 4 | ਆਸਾ | 2 | 30 | 3 | 1 | 2 | 17 | 51 |
| | 21 | 2 | 6 | 6 | 5 | 9 | 2 | 5 |
| | - | 7 | 169 | | | | | |
| 5 | ਗੂਜਰੀ | 16 | 25 | 3 | 6 | - | - | - |
| | - | - | - | - | - | - | - | - |
| | - | - | 50 | | | | | |
| 6 | ਦੇਵਗੰਧਾਰੀ | 6 | 24 | 5 | 1 | 2 | 4 | 1 |
| | - | - | - | - | - | - | - | - |
| | - | - | 43 | | | | | |
| 7 | ਬਿਹਾਗੜਾ | - | 1 | - | - | - | - | - |
| | - | - | - | - | - | - | - | - |
| | - | - | 1 | | | | | |
| 8 | ਵਡਹੰਸੁ | 21 | 3 | - | - | - | - | - |
| | - | - | - | - | - | - | - | - |
| | - | - | 24 | | | | | |

| | | | | | | | | |
|---|---|---|---|---|---|---|---|---|
| 9 | ਸੋਰਠਿ | 46 | 43 | 45 | - | - | - | - |
| | - | - | - | - | - | - | - | - |
| | - | - | 134 | | | | | |
| 10 | ਧਨਾਸਰੀ | 29 | 20 | 1 | 1 | 7 | 2 | 1 |
| | 21 | 2 | - | - | 4 | - | - | - |
| | - | - | 88 | | | | | |
| 11 | ਜੈਤਸਰੀ | 6 | 5 | 4 | 9 | - | - | - |
| | - | - | - | - | - | - | - | - |
| | - | - | 24 | | | | | |
| 12 | ਟੋਡੀ | 2 | 13 | 2 | 2 | 11 | - | - |
| | - | - | - | - | - | - | - | - |
| | - | - | 30 | | | | | |
| 13 | ਬੈਰਾੜੀ | 7 | - | - | - | - | - | - |
| | - | - | - | - | - | - | - | - |
| | - | - | 7 | | | | | |
| 14 | ਤਿਲੰਗ | 2 | 4 | 5 | - | - | - | - |
| | - | - | - | - | - | - | - | - |
| | - | - | 11 | | | | | |

| | | | | | | | | |
|---|---|---|---|---|---|---|---|---|
| 15 | ਸੂਹੀ | 11 | 4 | 33 | 3 | 3 | 10 | 17 |
| | - | - | - | - | - | - | - | - |
| | - | - | 81 | | | | | |
| 16 | ਬਿਲਾਵਲੁ | 10 | 2 | 6 | 27 | 50 | 6 | 31 |
| | 9 | 2 | - | - | - | 1 | - | - |
| | - | - | 144 | | | | | |
| 17 | ਗੋੜ | 15 | 33 | - | - | - | - | - |
| | - | - | - | - | - | - | - | - |
| | - | - | 48 | | | | | |
| 18 | ਰਾਮਕਲੀ | 29 | 50 | 2 | - | - | - | - |
| | - | - | - | - | - | - | - | - |
| | - | - | 81 | | | | | |
| 19 | ਨਟ ਨਾਰਾਇਨ | - | - | - | - | - | - | - |
| | - | - | - | - | - | - | - | - |
| | - | - | - | | | | | |
| 20 | ਮਾਲੀ ਗਉੜਾ | - | - | - | - | - | - | - |
| | - | - | - | - | - | - | - | - |
| | - | - | - | | | | | |

| | | | | | | | | |
|---|---|---|---|---|---|---|---|---|
| 21 | ਮਾਰੂ | 14 | 11 | 7 | 7 | 3 | 7 | 2 |
| | - | - | - | - | - | - | - | - |
| | - | - | 51 | | | | | |
| ਲੜੀ ਨੰ. | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ | ੬ |
| | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਘਰੁ ੧੧ | ਘਰੁ ੧੨ | ਘਰੁ | ੧੩ |
| | ਘਰੁ ੧੪ | ਘਰੁ ੧੫ | ਘਰੁ ੧੬ | ਘਰੁ ੧੭ | ਕੁੱਲ | | | |
| 22 | ਤੁਖਾਰੀ | - | - | - | - | - | - | - |
| | - | - | - | - | - | - | - | - |
| | - | - | - | | | | | |
| 23 | ਕੇਦਾਰਾ | 2 | 1 | 1 | 6 | 7 | - | - |
| | - | - | - | - | - | - | - | - |
| | - | - | 17 | | | | | |
| 24 | ਭੈਰਉ | 26 | 65 | 1 | - | - | - | - |
| | - | - | - | - | - | - | - | - |
| | - | - | 92 | | | | | |
| 25 | ਬਸੰਤੁ | 39 | 13 | - | - | - | - | - |
| | - | - | - | - | - | - | - | - |
| | - | - | 52 | | | | | |

| | | | | | | | | |
|---|---|---|---|---|---|---|---|---|
| 26 | ਸਾਰੰਗ | 23 | 5 | 5 | 104 | 7 | 10 | - |
| | - | - | - | - | - | - | - | - |
| | - | - | 154 | | | | | |
| 27 | ਮਲਾਰ | 39 | 4 | 10 | - | - | - | - |
| | - | - | - | - | - | - | - | - |
| | - | - | 53 | | | | | |
| 28 | ਕਾਨੜਾ | 6 | 11 | 7 | 13 | 1 | 3 | 1 |
| | 2 | 5 | 1 | 5 | - | - | - | - |
| | - | - | 55 | | | | | |
| 29 | ਕਲਿਆਨ | - | - | - | - | - | - | - |
| | - | - | - | - | - | - | - | - |
| | - | - | - | | | | | |
| 30 | ਪ੍ਰਭਾਤੀ | 17 | 3 | - | - | - | - | - |
| | - | - | - | - | - | - | - | - |
| | - | - | 20 | | | | | |
| 31 | ਜੈਜਾਵੰਤੀ | - | - | - | - | - | - | - |
| | - | - | - | - | - | - | - | - |
| | - | - | - | | | | | |

| | | | | | | | | |
|---|---|---|---|---|---|---|---|---|
| | | 503 | 374 | 142 | 185 | 94 | 62 | |
| | 105 | 53 | 11 | 7 | 11 | 9 | 10 | 2 |
| | 5 | | 7 | 1580 | | | | |

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚ ਘਰ ਪ੍ਰਬੰਧ ਦੀ ਵਰਤੋਂ ਕ੍ਰਮ ਅਨੁਸਾਰ ਇਸ ਪ੍ਰਕਾਰ ਹੈ। ਇਹਨਾਂ ਚਉਪਦਿਆਂ ਦੇ ਘਰ ਪ੍ਰਬੰਧ ਅਨੁਸਾਰ ਗਾਇਨ ਪੱਖ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ। ਜਿਸ ਨਾਲ ਉਸ ਰਾਗ ਦੇ ਘਰ ਪ੍ਰਬੰਧ ਅਨੁਸਾਰ ਗਾਇਨ ਕੀਤਾ ਜਾਂਦਾ ਹੈ।

| ਲੜੀ ਨੰ. | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ |
|---|---|---|---|---|---|---|---|---|
| 1 | ਰਾਗੁ ਸਿਰੀਰਾਗੁ | 85 | 4 | 2 | 5 | 1 | 3 | 1 |

ਸਿਰੀਰਾਗੁ ਵਿਚ ਸੱਤ ਘਰਾਂ (੧, ੨, ੩, ੪, ੫, ੬, ੭)ਦੀ ਵਰਤੋਂ ਕੀਤੀ ਗਈ ਹੈ। ਹਰ ਘਰ ਅਧੀਨ ਕਿੰਨੇ ਚਉਪਦੇ ਹਨ ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗ ਦੇ ਗਾਇਨ ਪੱਖ ਅਨੁਸਾਰ ਰਾਗ ਦੇ ਘਰੁ ੧ ਅਨੁਸਾਰ ਗਾਇਨ ਲਈ ਅਰੰਭਿਕ ਸੁਰ-ਸਥਾਨ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਸੁਰ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) (ਪੰਨਾ)

ਚਉਪਦਾ - ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ (੧੪)

ਸਪਤਕਘਰੁ ੧ - ਸਾ ਰੇ ਗਾ ਮਾ ਪਾ ਧਾ ਨੀ ਸਾ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਪਹਿਲੇ ਘਰ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾਂ ਨੂੰ ਆਧਾਰ ਬਣਾਇਆ ਗਿਆ ਹੈ।

ਇਸ ਤਰ੍ਹਾਂ ਘਰੁ ੧ ਅਧੀਨ ਆਏ 84 ਸ਼ਬਦਾਂ ਲਈ ਵੀ ਇਸੇ ਸੁਰ ਸਾ਼ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਧਨ ਜੋਬਨ ਘਰੁ ਫੁਲੜਾ ਨਾਠੀਅੜੇ ਦਿਨ ਚਾਰਿ॥ ੨੩

ਸਪਤਕ ਘਰੁ ੨- ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਦੂਜੇ ਘਰ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਜੀ ਸੁਰ ਰੇ਼ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੨ ਅਧੀਨ ਆਏ 3 ਸ਼ਬਦਾਂ ਲਈ ਵੀ ਇਸੇ ਸੁਰ ਰੇ਼ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ਘਰੁ ੩: (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਇਹ ਤਨੁ ਧਰਤੀ ਬੀਜ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥ ੨੩

ਸਪਤਕ ਘਰੁ ੩ -ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰ਼ੇ ਗ਼ਾ ਮ਼ਾ ਪ਼ਾ ਧ਼ਾ ਨ਼ੀ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗ਼ਾ ਨੂੰ ਆਧਾਰ ਬਣਾਇਆ ਗਿਆ ਹੈ। ਘਰੁ ੩ ਦਾ ਅਗਲਾ ਸ਼ਬਦ ਵੀ ਇਸੇ ਸੁਰ ਅਧੀਨ ਗਾਇਨ ਕੀਤਾ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ਘਰੁ ੪ : (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥ ੨੪

ਸਪਤਕ ਘਰੁ ੪ - ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰ਼ੇ ਗ਼ਾ ਮ਼ਾ ਪ਼ਾ ਧ਼ਾ ਨ਼ੀ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਗਾਇਨ ਕਰਨ ਵਾਸਤੇ ਸੁਰ ਮ਼ਾ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੪ ਅਧੀਨ ਆਏ 4 ਸ਼ਬਦਾਂ ਲਈ ਵੀ ਇਸੇ ਮਾ ਨੂੰ ਆਰੰਭਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਿਰੀਰਾਗ ਮਹਲਾ ੧ ਘਰੁ ੫ - (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ੨੫

ਸਪਤਕ ਘਰੁ ੫ - ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਸੁਰ ਪਾ਼ ਨੂੰ ਆਧਾਰ ਬਣਾਇਆ ਗਿਆ ਹੈ।

ਸਿਰੀਰਾਗ ਮਹਲਾ ੧ ਘਰੁ ੬ - (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ। ੫੧

ਸਪਤਕ ਘਰੁ ੬ - ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਗਾਇਨ ਕਰਨ ਵਾਸਤੇ ਸੁਰ ਧਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੬ ਅਧੀਨ ਆਏ 2 ਸ਼ਬਦਾਂ ਲਈ ਵੀ ਇਸੇ ਸੁਰ ਧਾ਼ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਿਰੀਰਾਗੁ ਮਹਲਾ ੧ ਘਰੁ ੭ - (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਤੇਰੈ ਭਰੋਸੇ ਪਿਆਰੇ ਮੈ ਲਾਡ ਲਡਾਇਆ। ੫੧

ਸਪਤਕ ਘਰੁ ੭ - ਸ ਰੇ ਗ ਮਾ ਪਾ ਧਾ ਨੀ

ਆਰੋਹ - ਸ ਰੇ ਮ। ਪ ਨੀ ਸਂ

ਅਵਰੋਹ - ਸਂ ਨੀ ਧੁ ਪ ਮ। ਗ ਰੇ ਸ97

ਸਪਤਕ - ਮੰਦਰ

ਮਧ

ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰ਼ੇ ਗ਼ਾ ਮ਼ਾ ਪ਼ਾ ਧ਼ਾ ਨ਼ੀ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਨ਼ੀ ਸੁਰ ਨੂੰ ਆਧਾਰ ਬਣਾਇਆ ਜਾਵੇਗਾ।

ਰਾਗੁ ਮਾਝ :

| ਲੜੀ ਨੰ: | ਰਾਗੁ | ਘਰੁ ੧ |
|---|---|---|
| 1 | ਰਾਗੁ ਮਾਝ | 50 |

ਰਾਗੁ ਮਾਝ ਵਿਚ ਇਕ ਘਰ ਦੀ ਵਰਤੋਂ ਕੀਤੀ ਗਈ ਹੈ। ਘਰੁ ੧ ਅਧੀਨ ਕਿੰਨੇ ਚਉਪਦੇ ਹਨ, ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗ ਨੂੰ ਗਾਇਨ ਪੱਖ ਅਨੁਸਾਰ ਰਾਗ ਦੇ ਘਰੁ ੧ ਅਨੁਸਾਰ ਗਾਇਨ ਕਰਨ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ।

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ (ਗਾਉਣ ਲਈ ਆਰੰਭਕ ਸੁਰ ਸਥਾਨ) ਪੰਨਾ

ਚਉਪਦਾ - ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ

੬੧

ਸਪਤਕ ਘਰੁ ੧ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ, ਮ ਪ, ਨੀ ਸਂ

ਅਵਰੋਹ - ਸਂ ਨੀ ਧ ਪ, ਧ ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨੀ਼ ਸ98

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਪਹਿਲੇ ਘਰੁ ਅਨੁਸਾਰ ਗਾਇਨ ਕਰਨ ਲਈ ਮੰਦਰ ਸਪਤਕ ਦੀ ਪਹਿਲੀ ਸੁਰ ਸ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾ ਘਰੁ ੧ ਅਧੀਨ ਆਏ 49 ਸ਼ਬਦਾਂ ਲਈ ਵੀ ਇਸੇ ਸੁਰ ਸਾ਼ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਰਾਗੁ ਆਸਾ :

| | | | | | | | | |
|---|---|---|---|---|---|---|---|---|
| ਲੜੀ ਨੰ: | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ | ੬ |
| | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਘਰੁ ੧੧ | ਘਰੁ ੧੨ | ਘਰੁ | ੧੩ |
| | ਘਰੁ ੧੪ | ਘਰੁ ੧੫ | ਘਰੁ ੧੬ | ਘਰੁ ੧੭ | | | | |
| 1 | ਰਾਗੁ ਆਸਾ | 2 | 30 | 3 | 1 | 2 | 17 | 51 |
| | 21 | 2 | 6 | 6 | 5 | 9 | 2 | 5 |
| | - | 7 | | | | | | |

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ॥ ਪੰਨਾ

ਚਉਪਦਾ - ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ। ੩੪੭

ਸਪਤਕ ਘਰੁ ੧ - ਸਾ ਰੇ ਗਾ ਮਾ ਪਾ ਧਾ ਨੀ ਸਾਂ

ਆਰੋਹ - ਸ, ਰੇ, ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਆਧਾਰ ਬਣਾਇਆ ਗਿਆ ਹੈ। ਘਰੁ ੧ ਦਾ ਅਗਲਾ ਸ਼ਬਦ ਵੀ ਇਸੇ ਸੁਰ ਅਧੀਨ ਗਾਇਨ ਕੀਤਾ ਜਾ ਸਕਦਾ ਹੈ।

ਰਾਗੁ ਆਸਾ ਘਰੁ ੨ - (ਗਾਉਣ ਲਈ ਅਰੰਭਿਕ ਸੁਰ ਸਥਾਨ)

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ਪੰਨਾ

ਚਉਪਦਾ - ਸੁਣਿ ਵਡਾ ਆਖੈ ਸਭ ਕੋਈ॥ ੩੪੮

ਸਪਤਕ ਘਰੁ ੧ - ਸਾ ਰੇ ਗਾ ਮਾ ਪਾ ਧਾ ਨੀ ਸਾਂ

ਆਰੋਹ - ਸ, ਰੇ, ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਸੁਰ ਰੇ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰਾਂ ਘਰੁ ੨ ਅਧੀਨ ਆਏ 29 ਸ਼ਬਦਾਂ ਨੂੰ ਵੀ ਇਸੇ ਸੁਰ ਰੇ ਨੂੰ ਅਰੰਭਿਕ ਸੁਰ ਬਣਾ ਕੇ ਗਾਉਣ ਲਈ ਵਰਤਿਆ ਜਾ ਸਕਦਾ ਹੈ।

ਰਾਗ ਆਸਾ ਘਰੁ ੩ - (ਗਾਉਣ ਲਈ ਅਰੰਭਿਕ ਸੁਰ ਸਥਾਨ)

ਆਸਾ ਘਰੁ ੩ ਮਹਲਾ ੧

ਪੰਨਾ

ਚਉਪਦਾ - ਲਖ ਲਸਕਰ, ਲਖ ਵਾਜੇ ਨੇਜ਼ੇ ਲਖ ਉਠਿ ਕਰਹਿ ਸਲਾਮੁ॥ ੩੫੮

ਸਪਤਕ ਘਰੁ ੩ - ਸਾ ਰੇ ਗਾ ਮਾ ਪਾ ਧਾ ਨੀ ਸਾਂ

ਆਰੋਹ - ਸ, ਰੇ, ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗਾ਼ ਨੂੰ ਆਧਾਰ ਬਣਾਇਆ ਗਿਆ ਹੈ।ਇਸ ਤਰ੍ਹਾਂ ਘਰੁ ੩ ਅਧੀਨ ਆਏ 2 ਹੋਰ ਸ਼ਬਦਾਂ ਨੂੰ ਵੀ ਇਸੇ ਸੁਰ ਗਾ਼ ਨੂੰ ਗਾਇਨ ਲਈ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾ ਸਕਦਾ ਹੈ।

ਆਸਾ ਘਰੁ ੪ ਮਹਲਾ ੧ - (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਦੇਵਤਿਆਂ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ੩੫੮

ਸਪਤਕ ਘਰੁ ੪ - ਸਾ ਰੇ ਗਾ ਮਾ ਪਾ ਧਾ ਨੀ ਸਾਂ

ਆਰੋਹ - ਸ, ਰੇ, ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਚੌਥੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਚੌਥੀ ਸੁਰ ਮਾ਼ ਨੂੰ ਆਧਾਰ ਬਣਾਇਆ ਗਿਆ ਹੈ। ਰਾਗੁ ਆਸਾ ਦੇ ਚੌਥੇ ਘਰ ਵਿਚ ਕੇਵਲ ਇਕ ਸ਼ਬਦ ਹੈ।

ਆਸਾ ਘਰੁ ੫ ਮਹਲਾ ੧(ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਭੀਤਰਿ ਪੰਚ ਗੁਪਤ ਮਨਿ ਵਾਸੇ॥ ੩੫੯

ਸਪਤਕ ਘਰੁ ੫ - ਸਾ ਰੇ ਗਾ ਮਾ ਪਾ ਧਾ ਨੀ ਸਾਂ

ਆਰੋਹ - ਸ, ਰੇ, ਮ, ਪ, ਧ ਸਂ

ਅਵਰੋਹ - ਸਂ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਪੰਜਵੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪੰਜਵੀ ਸੁਰ ਪਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੫ ਅਧੀਨ ਆਏ 1 ਹੋਰ ਸ਼ਬਦ ਨੂੰ ਗਾਇਨ ਵਾਸਤੇ ਸੁਰ ਪਾ਼ ਨੂੰ ਆਰੰਭ ਸੁਰ ਵਜੋਂ ਆਧਾਰ ਬਣਾਇਆ ਜਾ ਸਕਦਾ ਹੈ।

ਆਸਾ ਘਰੁ ੬ ਮਹਲਾ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥ ੩੫੯

ਸਪਤਕ ਘਰੁ ੬ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ, ਪ, ਧ ਸं

ਅਵਰੋਹ - ਸं ਨੀ ਧ ਪ, ਮ, ਗ ਰੇ ਸ ਰੇ ਗ ਮ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਛੇਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਛੇਵੀਂਸੁਰ ਧਾਂ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਰਾਗੁ ਆਸਾ ਦੇ ਘਰੁ ੬ ਅਧੀਨ ਆਏ 16 ਸ਼ਬਦਾਂ ਦੀ ਗਾਇਨ ਵਾਸਤੇ ਸੁਰ ਧਾ਼ ਨੂੰ ਆਰੰਭ ਸੁਰ ਵਜੋਂ ਆਧਾਰ ਬਣਾਇਆ ਜਾ ਸਕਦਾ ਹੈ।

ਰਾਗੁ ਆਸਾ ਘਰੁ ੭ ਮਹਲਾ ੫ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਲਾਲੁ ਚੋਲਨਾ ਤੈ ਤਨਿ ਸੋਹਿਆ ੩੮੪

ਸਪਤਕ ਘਰੁ ੭ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ, ਪ, ਧ ਸं

ਅਵਰੋਹ - ਸं ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸੱਤਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਸੱਤਵੀਂ ਸੁਰ ਨੀ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਰਾਗ ਆਸਾ ਦੇ ਘਰੁ ੭ ਅਧੀਨ ਆਏ 50 ਸ਼ਬਦਾਂ ਦੇ ਗਾਇਨ ਵਾਸਤੇ ਸੁਰ ਨੀ਼ ਨੂੰ ਅਰੰਭਕ ਸੁਰ ਵਜੋਂ ਆਧਾਰ ਬਣਾਇਆ ਜਾ ਸਕਦਾ ਹੈ।

ਆਸਾ ਘਰੁ ੮ ਕਾਫੀ ਮਹਲਾ ੫ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮੈ ਬੰਦਾ ਬੈ ਖਰੀਦੁ ਸਚੁ ਸਾਹਿਬ ਮੇਰਾ॥ ੩੯੬

ਸਪਤਕ ਘਰੁ ੮ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ, ਪ, ਧ ਸੰ

ਅਵਰੋਹ - ਸੰ ਨੀ ਧ ਪ, ਮ, ਗ ਰੇ ਸ ਰੇ ਗ ਸ99

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਰਾਗੁ ਕੇਦਾਰਾ ਵਿਚ ਪੰਜ ਘਰਾਂ (੧,੨,੩,੪,੫) ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਆਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਕੇਦਾਰਾ ਮਹਲਾ ੪ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ॥ ੧੧੧੮

ਸਪਤਕ ਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਮ, ਮ ਪ, ਧ ਪ, ਨੀ ਧ ਸਂ

ਅਵਰੋਹ - ਸਂ ਨੀ ਧ ਪ ਮ। ਪ ਧ ਪ ਮ, ਰੇ ਸ115

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕੇਦਾਰਾ ਰਾਗੁ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰ ੧ ਦਾ ਇਕ ਹੋਰ ਚਉਪਦਾ ਇਸੇ ਅਰੰਭਿਕ ਸੁਰ ਅਨੁਸਾਰ ਗਾਇਨ ਕੀਤਾ ਜਾ ਸਕਦਾ ਹੈ।

ਕੇਦਾਰਾ ਮਹਲਾ ੫ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਸਾਈ ਸੰਤਸੰਗਿ ਜਾਗੀ॥ ੧੧੧੯

ਸਪਤਕਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਮ, ਮ ਪ, ਧ ਪ, ਨੀ ਧ ਸਂ

ਅਵਰੋਹ - ਸਂ ਨੀ ਧ ਪ ਮ ਪ ਧ ਪ ਮ, ਰੇ ਸ115

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕੇਦਾਰਾ ਰਾਗੁ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਸਰੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਰਾਗੁ ਕੇਦਾਰਾ ਦੇ ਘਰੁ ੨ ਦਾ ਕੇਵਲ ਇਕ ਚਉਪਦਾ ਹੈ।

ਕੇਦਾਰਾ ਮਹਲਾ ੫ ਘਰੁ ੩॥ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਦੀਨ ਬਿਨਉ ਸੁਨੁ ਦਇਆਲ॥ ੧੧੧੯

ਸਪਤਕਘਰੁ ੩ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਮ, ਮ ਪ, ਧ ਪ, ਨੀ ਪ ਸਂ

ਅਵਰੋਹ - ਸਂ ਨੀ ਧ ਪ, ਮ। ਪ ਧ ਪ ਮ, ਰੇ ਸ115

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕੇਦਾਰਾ ਰਾਗੁ ਦੇ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਰਾਗੁ ਕੇਦਾਰਾ ਦੇ ਘਰੁ ੩ ਦਾ ਕੇਵਲ ਇਕ ਚਉਪਦਾ ਹੈ।

ਕੇਦਾਰਾ ਮਹਲਾ ੫ ਘਰੁ ੪ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਸਰਨੀ ਆਇਓ ਨਾਥ ਨਿਧਾਨ॥ ੧੧੧੯

ਸਪਤਕਘਰੁ ੪ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਮ, ਮਪ, ਧ ਪ, ਨੀ ਪ ਸਂ

ਅਵਰੋਹ - ਸਂ ਨੀ ਧ ਪ, ਮ।ਪ ਧ ਪ ਮ, ਰੇ ਸ115

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕੇਦਾਰਾ ਰਾਗੁ ਦੇ ਚੌਥੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਚੌਥੀ ਸੁਰ ਮਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਰਾਗੁ ਕੇਦਾਰਾ ਦੇ ਘਰੁ ੪ ਦੇ ਹੋਰ ੫ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਮਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾਵੇਗਾ।

ਕੇਦਾਰਾ ਮਹਲਾ ੫ ਘਰੁ ੫ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਬਿਸਰਤ ਨਾਹਿ ਮਨ ਤੇ ਹਰੀ॥ ੧੧੨੦

ਸਪਤਕ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਮ, ਮ ਪ, ਧ ਪ, ਨੀ ਪ ਸਂ

ਅਵਰੋਹ - ਸਂ ਨੀ ਧ ਪ, ਮ।ਪ ਧ ਪ ਮ, ਰੇ ਸ115

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰ਼ੇ ਗ਼ਾ ਮ਼ਾ ਪ਼ਾ ਧ਼ਾ ਨ਼ੀ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕੇਦਾਰਾ ਰਾਗੁ ਦੇ ਪੰਜਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪੰਜਵੀਂ ਸੁਰ ਪ਼ਾ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਰਾਗੁ ਕੇਦਾਰਾ ਦੇ ਘਰੁ ੫ ਦੇ ੬ ਹੋਰ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਪ਼ਾ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾਵੇਗਾ।

ਰਾਗੁ ਭੈਰਉ :

| ਲੜੀ ਨੰ: | ਰਾਗੁ | ਘਰੁ ੧ | ਘਰੁ ੨ | ਘਰੁ ੩ |
|---|---|---|---|---|
| 21 | ਭੈਰਉ | 26 | 65 | 1 |

ਰਾਗੁ ਭੈਰਉ ਵਿਚ ਤਿੰਨ ਘਰਾਂ (੧,੨,੩) ਦੀ ਵਰਤੋਂ ਕੀਤੀ ਗਈ ਹੈ, ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਤੁਝ ਤੇ ਬਾਹਰਿ ਕਿਛੂ ਨ ਹੋਇ॥

੧੧੨੫

ਸਪਤਕਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗ ਮ ਪ, ਧ, ਨੀ ਸਂ

ਅਵਰੋਹ - ਸਂ ਨੀ ਧੁ ਧੁ ਪ, ਗ ਮ ਰੁੇ ਰੁੇ ਸ116

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਭੈਰਉ ਰਾਗੁ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੧ ਦੇ ੨੫ ਹੋਰ ਚਉਪਦੇ ਇਸੇ ਅਰੰਭਿਕ ਸੁਰ ਸਾ਼ ਅਨੁਸਾਰ ਗਾਇਨ ਕੀਤੇ ਜਾ ਸਕਦੇ ਹਨ।

ਭੈਰਉ ਮਹਲਾ ੩ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਦੁਬਿਧਾ ਮਨਮੁਖ ਰੋਗੁ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ॥ ੧੧੩੦

ਸਪਤਕਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗ ਮ ਪ, ਧੁ, ਨੀ ਸਂ

ਅਵਰੋਹ - ਸਂ ਨੀ ਧੁ ਧੁ ਪ, ਗ ਮ ਰੁੇ ਰੁੇ, ਸ116

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਭੈਰਉ ਰਾਗੁ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਜੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੨ ਦੇ ੬੪ ਹੋਰ ਚਉਪਦੇ ਇਸੇ ਅਰੰਭਿਕ ਸੁਰ ਰੇ਼ ਅਨੁਸਾਰ ਗਾਇਨ ਕੀਤੇ ਜਾ ਸਕਦੇ ਹਨ।

ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨਗਨੀ

੧੧੫੩

ਸਪਤਕ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੁੇ, ਗ ਮ ਪ, ਧੁ ਨੀ ਸਂ

ਅਵਰੋਹ - ਸਂ ਨੀ ਧੁ ਧੁ ਪ, ਗ ਮ ਰੁੇ ਰੁੇ,116

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਭੈਰਉ ਰਾਗੁ ਦੇ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੩ ਦਾ ਇਕ ਚਉਪਦਾ ਹੀ ਹੈ।

ਰਾਗੁ ਬਸੰਤ :

| ਲੜੀ ਨੰ: | ਰਾਗੁ | ਘਰੁ ੧ | ਘਰੁ ੨ |
|---|---|---|---|
| 22 | ਬਸੰਤ | 39 | 13 |

ਰਾਗੁ ਬਸੰਤ ਵਿਚ ਦੋ ਘਰਾਂ (੧,੨) ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ। ਇਸ ਦਾ ਸਰਵੇਖਣ ਕੀਤਾ ਗਿਆਹ ੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਅਰੰਭਿਥ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਬਸੰਤ ਮਹਲਾ ੧ ਘਰੁ ੧ ਚਉਪਦੇ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥ ੧੧੬੮

ਸਪਤਕਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਗ ਮ, ਧ ਨੀ ਸਂ

ਅਵਰੋਹ - ਸਂ ਨੀਧ ਪ ਮ, ਗ, ਰੇ ਸ117

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਬਸੰਤ ਰਾਗੁ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੧ ਦੇ ੩੮ ਹੋਰ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਗਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਬਸੰਤ ਹਿੰਡੋਲ ਮਹਲਾ ੩ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹ ਬਲਿ ਜਾਈ॥ ੧੧੭੭

ਸਪਤਕਘਰੁ ੨-ਸਾ ਰੇ ਗਾ ਮਾ ਪਾ ਧ ਨੀ

ਆਰੋਹ - ਸ ਗ ਮ, ਧ ਪ ਨੀ ਸਂ

ਅਵਰੋਹ - ਸਂ ਨੀ ਧ ਪ ਮ, ਗ ਰੇ ਸ117

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਬਸੰਤ ਰਾਗੁ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਸਰੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੨ ਦੇ ੧੨ ਹੋਰ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਰੇ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਰਾਗੁ ਸਾਰੰਗ :

| ਲੜੀ ਨੰ: | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ |
|---|---|---|---|---|---|---|---|
| 23 | ਸਾਰੰਗ | 23 | 5 | 5 | 104 | 7 | 10 |

ਰਾਗੁ ਸਾਰੰਗ ਵਿਚ ਛੇ ਘਰਾਂ (੧,੨,੩,੪,੫,੬) ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ। ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੂਸਾਰ ਘਰੁ ੧ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਸਾਰੰਗ ਚਉਪਦੇ ਮਹਲਾ ੧ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਅਪੁਨੇ ਠਾਕੁਰ ਕੀ ਹਉ ਚੇਰੀ॥ ੧੧੯੭

ਸਪਤਕ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸਂ

ਅਵਰੋਹ - ਸਂ ਨੀ ਪ, ਮ ਰੇ ਨੀ਼ ਸ118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰੰਗ ਰਾਗੁ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੧ ਦੇ ਬਾਕੀ ੨੨ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਸਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਾਰਗ ਮਹਲਾ ੫ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਕੈਸੇ ਕਹਉ ਮੋਹਿ ਜੀਅ ਬੇਦਨਾਈ॥ ੧੨੦੬

ਸਪਤਕਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸਂ

ਅਵਰੋਹ - ਸਂ ਨੀ਼ ਪ, ਮ ਰੇ, ਨੀ਼ ਸ118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰਗ ਰਾਗੁ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਜੀ ਸੁਰ ਰੇ਼ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੨ ਦੇ ਬਾਕੀ ੮ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਰੇ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਾਰਗ ਮਹਲਾ ੫ ਘਰੁ ੩ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮਲ ਕਹਾ ਲੁਭਾਈਐ ਆਨ ਕਉ॥ ੧੨੦੮

ਸਪਤਕਘਰੁ ੩- ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸਂ

ਅਵਰੋਹ - ਸਂ ਨ਼ੀ ਪ, ਸ ਰੇ, ਨ਼ੀ ਸ118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰਗ ਰਾਗੁ ਦੇ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਘਰੁ ੩ ਦੇ ਬਾਕੀ ੪ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਗਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਾਰਗ ਮਹਲਾ ੫ ਘਰੁ ੪ ਦੁਪਦਾ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮੋਹਨ ਘਰਿ ਆਵਹੁ ਕਰਉ ਜੋਦਰੀਆ॥ ੧੨੦੯

ਸਪਤਕਘਰੁ ੪ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸਂ

ਅਵਰੋਹ - ਸਂ ਨ਼ੀ ਪ, ਮ ਰੇ, ਨ਼ੀ 118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰਗ ਰਾਗੁ ਦੇ ਚੌਥੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਚੌਥੀ ਸੁਰ ਮਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੪ ਦੇ ਬਾਕੀ ੧੦੩ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਮਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਾਰੰਗ ਮਹਲਾ ੫ ਚਉਪਦੇ ਘਰੁ ੫ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਹਰਿ ਭਜਿ ਆਨ ਕਰਮ ਬਿਕਾਰ॥ ੧੨੨੯

ਸਪਤਕਘਰੁ ੫ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸੰ

ਅਵਰੋਹ - ਸੰ ਨੁੀ ਪ, ਮ ਰੇ, ਨੀ਼ ਸ118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰਗ ਰਾਗੁ ਦੇ ਪੰਜਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪੰਜਵੀਂ ਸੁਰ ਪਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੫ ਦੇ ਬਾਕੀ ੬ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਪਾ਼ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਸਾਰਗ ਮਹਲਾ ੫ ਘਰੁ ੬ ਪੜਤਾਲ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਸੁਭ ਬਚਨ ਬੋਲਿ ਗੁਨ ਅਮੋਲ ੧੨੨੯

ਸਪਤਕਘਰੁ ੬ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਮ ਪ, ਨੀ ਸੰ

ਅਵਰੋਹ - ਸੰ ਨੁੀ ਪ,ਮ ਰੇ, ਨੀ ਸ118

ਸਪਤਕ - ਮੰਦਰ ਮਧ ਤਾਰ

ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਸਾਰਗ ਰਾਗੁ ਦੇ ਛੇਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਛੇਵੀਂ ਸੁਰ ਧਾ਼ ਨੂੰ ਆਧਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਘਰੁ ੬ ਦੇ ਬਾਕੀ ੯ ਸ਼ਬਦਾਂ ਨੂੰ ਗਾਇਨ ਕਰਨ ਵਾਸਤੇ ਧਾ਼ ਸੁਰ ਨੂੰ ਅਰੰਭਿਕ ਸੁਰ ਬਣਾ ਕੇ ਗਾਇਨ ਲਈ ਵਰਤਿਆ ਜਾ ਸਕਦਾ ਹੈ।

ਰਾਗੁ ਮਲਾਰ :

| ਲੜੀ ਨੰ: | ਰਾਗੁ | ਘਰੁ ੧ | ਘਰੁ ੨ | ਘਰੁ ੩ |
|---|---|---|---|---|
| 24 | ਮਲਾਰ | 39 | 4 | 10 |

ਰਾਗੁ ਮਲਾਰ ਵਿਚ ਤਿੰਨ ਘਰਾਂ (੧,੨,੩) ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ। ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਮਲਾਰ ਮਹਲਾ ੨ ਚਉਪਦੇ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਨਿਰੰਕਾਰ ਆਕਾਰ ਹੈ ਆਪੇ ਆਪੇ ਭਰਮਿ ਭੁਲਾਏ॥ ੧੨੫੭

ਸਪਤਕ ਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਗ ਮ, ਮ ਰੇ ਪ, ਨੀ ਧ ਨੀ ਸं

ਅਵਰੋਹ - ਸं ਧ ਨੀ ਪ ਮ, ਗ ਮ ਰੇ, ਸ119

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਰਾਗੁ ਮਲਾਰ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੧ ਦੇ ੩੮ ਹੋਰ ਚਉਪਦੇ ਇਸੇ ਅਰੰਭਿਕ ਸੁਰ ਸਾ਼ ਅਨੁਸਾਰ ਗਾਇਨ ਕੀਤੇ ਜਾਣਗੇ।

ਮਲਾਰ ਮਹਲਾ ੩ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਇਹ ਮਨ ਗਿਰਹੀ ਕਿ ਇਹ ਮਨੁ ਉਦਾਸੀ॥ ੧੨੬੧

ਸਪਤਕ ਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਗ ਮ, ਮ ਰੇ ਪ, ਨੁੀ ਧ ਨੀ ਸं

ਅਵਰੋਹ - ਸं ਧ ਨੁੀ ਪ ਮ, ਗ ਮ ਰੇ, ਸ119

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਰਾਗੁ ਮਲਾਰ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਜੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੨ ਦੇ ਬਾਕੀ ੩ ਹੋਰ ਚਉਪਦੇ ਇਸੇ ਅਰੰਭਿਕ ਸੁਰ ਰੇ਼ ਅਨੁਸਾਰ ਗਾਇਨ ਕੀਤੇ ਜਾਣਗੇ।

ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ॥ ੧੨੭੧

ਸਪਤਕ ਘਰੁ ੩- ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੇ ਗ ਮ, ਮ ਰੇ ਪ ਨੁੀ ਧ ਨੀ ਸं

ਅਵਰੋਹ - ਸं ਧ ਨੀ ਪ ਮ ਗ ਮ ਰੇ ਸ119

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਰਾਗੁ ਮਲਾਰ ਦੇ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਜੀ ਸੁਰ ਗਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੩ ਦੇ ੯ ਹੋਰ ਚਉਪਦੇ ਇਸੇ ਅਰੰਭਿਕ ਸੁਰ ਗਾ਼ ਅਨੁਸਾਰ ਗਾਇਨ ਕੀਤੇ ਜਾਣਗੇ।

**ਰਾਗੁ ਕਾਨੜਾ**

| ਲੜੀ ਨੰ: | ਰਾਗੁ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਘਰੁ ੧੧ |
|---|---|---|---|---|---|---|---|---|---|---|---|---|
| 25 | ਕਾਨੜਾ | 6 | 11 | 7 | 13 | 1 | 3 | 1 | 2 | 5 | 1 | 5 |

ਰਾਗੁ ਕਾਨੜਾ ਵਿਚ ਗਿਆਰਾਂ (੧,੨,੩,੪,੫,੬,੭,੮,੯,੧੦,੧੧) ਘਰਾਂ ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਕਾਨੜਾ ਚਉਪਦੇ ਮਹਲਾ ੪ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਮੇਰਾ ਮਨ ਜਨਾਂ ਮਿਲਿ ਹਰਿਆ॥ ੧੨੯੪

ਸਪਤਕ ਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨੁੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰੇ਼ ਗ਼ਾ ਮ਼ਾ ਪ਼ਾ ਧ਼ਾ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪਹਿਲੀ ਸੁਰ ਸ਼ਾ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੧ ਦੇ ੫ ਹੋਰ ਚਉਪਦੇ ਇਸੇ ਅਰੰਭਿਕ ਸੁਰ ਸ਼ਾ ਅਨੁਸਾਰ ਗਾਇਨ ਕੀਤੇ ਜਾਣਗੇ।

ਕਾਨੜਾ ਮਹਲਾ ੫ ਘਰੁ ੨ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ॥ ੧੨੯੮

ਸਪਤਕ ਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨੁ਼ੀ ਪ, ਮ਼ ਪ਼, ਗ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸ਼ਾ ਰੇ਼ ਗ਼ਾ ਮ਼ਾ ਪ਼ਾ ਧ਼ਾ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਦੂਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਦੂਸਰੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੨ ਦੇ ੧੦ ਚਉਪਦੇ ਇਸੇ ਅਰੰਭਿਕ ਸੁਰ ਰੇ਼ ਅਨੁਸਾਰ ਗਾਇਨ ਕੀਤੇ ਜਾਣਗੇ।

ਕਾਨੜਾ ਮਹਲਾ ੫ ਘਰੁ ੩ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਕਥੀਐ ਸੰਤਸੰਗਿ ਪ੍ਰਭ ਗਿਆਨੁ ੧੩੦੦

ਸਪਤਕ ਘਰੁ ੩- ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨੁ਼ੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਤੀਜੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਤੀਸਰੀ ਸੁਰ ਗਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੩ ਦੇ ੬ ਹੋਰ ਚਉਪਦੇ ਇਸੇ ਅਰੰਭਿਕ ਸੁਰ ਗਾ਼ ਅਨੁਸਾਰ ਗਾਇਨ ਕੀਤੇ ਜਾਣਗੇ।

ਕਾਨੜਾ ਮਹਲਾ ੫ ਘਰੁ ੪ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਨਾਰਾਇਨ ਨਰਪਤਿ ਨਮਸਕਾਰ॥ ੧੩੦੧

ਸਪਤਕ ਘਰੁ ੪ ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸੰ

ਅਵਰੋਹ - ਸੰ, ਨੀ਼ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਚੌਥੇ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਚੌਥੀ ਸੁਰ ਮਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੪ ਦੇ ੧੨ ਹੋਰ ਚਉਪਦੇ ਇਸੇ ਅਰੰਭਿਕ ਸੁਰ ਮਾ਼ ਅਨੁਸਾਰ ਗਾਇਨ ਕੀਤੇ ਜਾਣਗੇ।

ਕਾਨੜਾ ਮਹਲਾ ੫ ਘਰੁ ੫ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਪ੍ਰਭ ਪੂਜਹੋ ਨਾਮੁ ਅਰਾਧਿ॥ ੧੩੪੪

ਸਾਪਤਕ ਘਰੁ ੫ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨ਼ੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਪੰਜਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਪੰਜਵੀਂ ਸੁਰ ਪਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੫ ਦਾ ਇਕ ਚਉਪਦਾ ਹੈ।

ਕਾਨੜਾ ਮਹਲਾ ੫ ਘਰੁ ੬ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਜਗਤ ਉਧਾਰਨ ਨਾਮ ਪ੍ਰਿਅ ਤੇਰੈ॥ ੧੩੦੪

ਸਪਤਕ ਘਰੁ ੬ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨ਼ੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਛੇਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਛੇਵੀਂ ਸੁਰ ਧਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੬ ਦੇ ੨ ਹੋਰ ਚਉਪਦੇ ਇਸੇ ਅਰੰਭਿਕ ਸੁਰ ਧਾ਼ ਅਨੁਸਾਰ ਗਾਇਨ ਕੀਤੇ ਜਾਣਗੇ।

ਕਾਨੜਾ ਮਹਲਾ ੫ ਘਰੁ ੭ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ॥ ੧੩੦੫

ਸਾਪਤਕ ਘਰੁ ੭ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ ਨ਼ੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਸੱਤਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮੰਦਰ ਸਪਤਕ ਦੀ ਸੱਤਵੀਂ ਸੁਰ ਨੀ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੭ ਦਾ ਕੇਵਲ ਇਕ ਚਉਪਦਾ ਹੈ।

ਕਾਨੜਾ ਮਹਲਾ ੫ ਘਰੁ ੮ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਤਿਆਗੀਐ ਸੁਮਾਨ ਮਾਨੁ ਪੇਖਤਾ॥ ੧੩੦੫

ਸਪਤਕ ਘਰੁ ੮ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨ਼ੀ ਪ, ਮ ਪ ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਸੱਤਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮਧ ਸਪਤਕ ਦੀ ਪਹਿਲੀ ਸੁਰ ਸਾ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੮ ਦਾ ਇਕ ਹੋਰ ਚਉਪਦਾ ਇਸੇ ਅਰੰਭਿਕ ਸੁਰ ਸਾ ਅਨੁਸਾਰ ਗਾਇਨ ਕੀਤਾ ਜਾਵੇਗਾ।

ਕਾਨੜਾ ਮਹਲਾ ੫ ਘਰੁ ੯ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਪਤਿਤ ਪਾਵਨ ਭਗਤਿ ਬਛਲੁ ਭੈ ਹਰਨ ਤਾਰਨ ਤਰਨ॥ ੧੩੦੬

ਸਪਤਕ ਘਰੁ ੯ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ, ਨੁੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਨੌਂਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮਧ ਸਪਤਕ ਦੀ ਦੂਸਰੀ ਸੁਰ ਰੇ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੯ ਦੇ ੪ ਹੋਰ ਚਉਪਦੇ ਇਸੇ ਅਰੰਭਿਕ ਸੁਰ ਰੇ ਅਨੁਸਾਰ ਗਾਇਨ ਕੀਤੇ ਜਾਵੇਗਾ।

ਕਾਨੜਾ ਮਹਲਾ ੫ ਘਰੁ ੧੦ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ॥ ੧੩੦੭

ਸਪਤਕ ਘਰੁ ੧੦ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ, ਮ ਪ, ਨੀ ਸਂ

ਅਵਰੋਹ - ਸਂ ਨੁੀ ਪ, ਮ ਪ, ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਦਸਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮਧ ਸਪਤਕ ਦੀ ਤੀਜੀ ਸੁਰ ਗਾ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੧੦ ਦਾ ਕੇਵਲ ਇਕ ਚਉਪਦਾ ਹੈ।

ਕਾਨੜਾ ਮਹਲਾ ੫ ਘਰੁ ੧੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਸਹਜ ਸੁਭਾਏ ਆਪਨ ਆਏ॥ ੧੩੦੭

ਸਪਤਕ ਘਰੁ ੧੧ - ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ ਰੇ ਗੁ ਮ ਪ, ਨੀ ਸਂ

ਅਵਰੋਹ - ਸਂ ਨੀ ਪ, ਮ ਪ ਗੁ ਮ ਰੇ ਸ120

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਕਾਨੜਾ ਰਾਗੁ ਦੇ ਗਿਆਰਵੇਂ ਘਰੁ ਵਿਚ ਗਾਇਨ ਕਰਨ ਵਾਸਤੇ ਮਧ ਸਪਤਕ ਦੀ ਚੌਥੀ ਸੁਰ ਮਾ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੧੧ ਦੇ ੪ ਹੋਰ ਚਉਪਦੇ ਇਸੇ ਅਰੰਭਿਕ ਸੁਰ ਮਾ ਅਨੁਸਾਰ ਗਾਇਨ ਕੀਤੇ ਜਾਣਗੇ।

**ਰਾਗੁ ਪ੍ਰਭਾਤੀ**

| ਲੜੀ ਨੰ: | ਰਾਗੁ | ਘਰੁ ੧ | ਘਰੁ ੨ |
|---|---|---|---|
| 26 | ਪ੍ਰਭਾਤੀ | 17 | 3 |

ਰਾਗੁ ਪ੍ਰਭਾਤੀ ਵਿਚ (੧,੨) ਘਰਾਂ ਦੀ ਵਰਤੋਂ ਕੀਤੀ ਗਈ ਹੈ। ਹਰ ਘਰੁ ਅਧੀਨ ਕਿੰਨੇ ਚਉਪਦੇ ਆਉਂਦੇ ਹਨ। ਇਸ ਦਾ ਸਰਵੇਖਣ ਕੀਤਾ ਗਿਆ ਹੈ। ਇਸ ਰਾਗੁ ਦੇ ਗਾਇਨ ਪੱਖ ਅਨੁਸਾਰ ਘਰੁ ੧ ਲਈ ਅਰੰਭਿਕ ਸੁਰ ਸਥਾਨ ਦਾ ਵੇਰਵਾ ਦਿੱਤਾ ਗਿਆ ਹੈ। ਜਿਸ ਤੋਂ ਅੱਗੇ ਉਸ ਘਰੁ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦਾ ਘਰੁ ੧ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਨਾਇ ਤੇਰੈ ਤਰਣਾ ਨਾਇ ਪਤਿ ਪੂਜ॥ ੧੩੨੭

ਸਪਤਕ ਘਰੁ ੧-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੁੇ ਗ ਪ, ਧੁ ਸं

ਅਵਰੋਹ - ਸਂ, ਨੀ ਧ ਨੀ ਪ, ਗ ਰੇ ਸ121

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਰਾਗੁ ਪ੍ਰਭਾਤੀ ਦੇ ਪਹਿਲੇ ਘਰੁ ਵਿਚ ਗਾਇਨ ਕਰਨ ਸਮੇਂ ਮੰਦਰ ਸਪਤਕ ਦੀ ਪਹਿਲੀ ਸੁਰ ਸਾ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੧ ਦੇ ਬਾਕੀ ੧੬ ਚਉਪਦੇ ਇਸ ਅਰੰਭਿਕ ਸੁਰ ਸਾ਼ ਅਨੁਸਾਰ ਗਾਇਨ ਕੀਤੇ ਜਾਣਗੇ।

ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ॥ (ਗਾਉਣ ਲਈ ਅਰੰਭਿਕ ਸੁਰ ਸਥਾਨ) ਪੰਨਾ

ਚਉਪਦਾ - ਅਵਰੁ ਨ ਦੂਜਾ ਠਾਉ॥ ੧੩੪੧

ਸਪਤਕ ਘਰੁ ੨-ਸਾ ਰੇ ਗਾ ਮਾ ਪਾ ਧਾ ਨੀ

ਆਰੋਹ - ਸ, ਰੁੇ ਗ, ਪ ਧੁ ਸਂ

ਅਵਰੋਹ - ਸਂ, ਨੀ ਧ ਨੀ ਪ, ਗ ਰੇ ਸ121

ਸਪਤਕ - ਮੰਦਰ ਮਧ ਤਾਰ ਅਤਿ

ਸੁਰ-ਸਥਾਨ- 1 2 3 4 5 6 7 8 9 10 11 12 13 14 15 16 17 18 19 20 21 22 23 24

ਸੁਰ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼ ਸਾ ਰੇ ਗਾ ਮਾ ਪਾ ਧਾ ਨੀ ਸਾਂ ਰੇਂ ਗਾਂ ਮਾਂ ਪਾਂ ਧਾਂ ਨੀਂ ਸਾ ਰੇ ਗਾ

ਇਸ ਸ਼ਬਦ ਨੂੰ ਰਾਗੁ ਪ੍ਰਭਾਤੀ ਦੇ ਦੂਜੇ ਘਰੁ ਵਿਚ ਗਾਇਨ ਕਰਨ ਸਮੇਂ ਮੰਦਰ ਸਪਤਕ ਦੀ ਦੂਜੀ ਸੁਰ ਰੇ਼ ਨੂੰ ਅਰੰਭਿਕ ਸੁਰ ਵਜੋਂ ਆਧਾਰ ਬਣਾਇਆ ਜਾਵੇਗਾ। ਇਸ ਤਰ੍ਹਾਂ ਘਰੁ ੨ ਦੇ ਬਾਕੀ ੨ ਚਉਪਦੇ ਇਸੇ ਅਰੰਭਿਕ ਸੁਰ ਰੇ਼ ਅਨੁਸਾਰ ਗਾਇਨ ਕੀਤੇ ਜਾਣਗੇ।

ਸੋ ਉਪਰੋਕਤ ਰਾਗਾਂ ਦੇ ਘਰੁ ਪ੍ਰਬੰਧ ਦੇ ਗਾਇਨ ਪੱਖ ਨੂੰ ਪ੍ਰਵੇਸ਼ ਕੀਤਾ ਗਿਆ ਹੈ। ਇਸ ਰਾਹੀਂ ਹਰ ਰਾਗ ਦੇ ਵੱਖਰੇ ਘਰੁ ਪ੍ਰਬੰਧ ਅਨੁਸਾਰ, ਉਸ ਘਰੁ ਦੇ ਅਰੰਭਿਕ ਸੁਰ ਸਥਾਨ ਨੂੰ ਵੇਖਿਆ ਗਿਆ ਹੈ। ਇਸ ਨਾਲ ਹਰ ਰਾਗ ਦੇ ਘਰੁ ਪ੍ਰਬੰਧ ਦਾ ਗਾਇਨ ਕਰਨ ਸਮੇਂ ਅਰੰਭਿਕ ਸੁਰ ਦੀ ਪ੍ਰਾਪਤੀ ਨਾਲ ਸਪਤਕ ਦੇ ਮੰਦਰ, ਮਧ, ਤਾਰ ਹੋਣ ਦੀ ਜਾਣਕਾਰੀ ਮਿਲ ਜਾਂਦੀ ਹੈ। ਇਸ ਤਰ੍ਹਾਂ ਅਰੰਭਿਕ ਸੁਰ ਨਾਲ ਸਪਤਕ ਦੇ ਗਾਇਨ ਢੰਗ ਵਿਚ ਵੱਖਰਤਾ ਦੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਅੱਗੇ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਹਰ ਚਉਪਦੇ ਨਾਲ ਘਰੁ ਪ੍ਰਬੰਧ ਦੀ ਵਰਤੋਂ, ਸ਼ਬਦ ਦੇ ਭਾਵਾਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਗਈ ਹੈ। ਸ਼ਬਦ ਦੇ ਭਾਵਾਂ ਅਨੁਸਾਰ ਹੀ ਮੰਦਰ, ਮਧ, ਤਾਰ ਸੁਰ ਦੀ ਵਰਤੋਂ ਸ਼ਬਦ ਨਾਲ ਸਾਰਥਕ ਹੋਈ ਹੈ। ਇਸ ਪ੍ਰਕਾਰ ਗਾਇਨ ਦੇ ਢੰਗ ਨਾਲ ਮੰਦਰ, ਮਧ, ਤਾਰ ਦੀ ਭਿੰਨਤਾ ਸ਼ਬਦ ਦੇ ਅਸਲ ਅਰਥਾਂ ਨੂੰ ਪੇਸ਼ ਕਰਦੀ ਹੈ।

## (ਕ) ਉਘੇ ਕੀਰਤਨੀਆਂ ਵੱਲੋਂ ਰਾਗ ਅਨੁਸਾਰ ਗਾਏ ਹੋਏ ਚਉਪਦੇ

ਇਥੇ ਉਹਨਾਂ ਰਾਗੀਆਂ ਅਤੇ ਚਉਪਦਿਆਂ ਦੀ ਸੂਚੀ ਬਣਾਈ ਗਈ ਹੈ ਜੋ ਸ਼ਾਸਤਰੀ ਰਾਗ ਵਿਚ ਕੀਰਤਨ ਕਰਦੇ ਹਨ। ਇਹਨਾਂ ਰਾਗੀਆਂ ਸੰਬੰਧੀ ਜਾਣਕਾਰੀ ਕਿਸੇ ਪੁਸਤਕ ਵਿਚੋਂ ਪ੍ਰਾਪਤ ਨਾ ਹੋਣ ਕਾਰਨ, ਸਿੱਖ ਨੈਟ ਸਾਈਟ ਨੂੰ ਆਧਾਰ ਬਣਾਇਆ ਗਿਆ ਹੈ।

**1. ਭਾਈ ਸਮੁੰਦ ਸਿੰਘ :** ਇਹਨਾਂ ਦੇ ਪਿੰਡ ਦਾ ਨਾਮ ਮੁੱਲਾਹਾਜਮਾ ਸੀ ਜੋ ਕਿ ਹੁਣ ਪਾਕਿਸਤਾਨ ਵਿਚ ਹੈ। ਭਾਈ ਹਜ਼ੂਰ ਸਿੰਘ ਇਹਨਾਂ ਦੇ ਪਿਤਾ ਸਨ ਜਿਨ੍ਹਾਂ ਨੇ ਬਚਪਨ ਤੋਂ ਉਹਨਾਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਇਹਨਾਂ ਨੇ ਬਹੁਤ ਸਾਰੇ ਸਨਮਾਨ ਪ੍ਰਾਪਤ ਕੀਤੇ। ਇਹਨਾਂ ਨੇ ਜੀਵਨ ਵਿਚ 60 ਸਾਲ ਕੀਰਤਨ ਕੀਤਾ। ਇਹ ਨਨਕਾਣਾ ਸਾਹਿਬ ਵੀ ਕੀਰਤਨ ਕਰਦੇ ਰਹੇ। ਇਹਨਾਂ ਦੇ ਕੀਰਤਨ ਦਾ ਪ੍ਰਸਾਰਣ ਆਲ ਇੰਡੀਆ ਰੇਡੀਓ ਲਾਹੌਰ ਤੋਂ ਵੀ ਹੁੰਦਾ ਸੀ।122 ਉਹਨਾਂ ਦੇ ਸ਼ਾਸਤਰੀ ਸੰਗੀਤ ਵਿਚ ਗਾਏ ਦੋ ਚਉਪਦੇ ਇਸ ਪ੍ਰਕਾਰ ਹਨ।

1. ਗਾਈਐ ਗੁਣ ਗੋਪਾਲ ਕ੍ਰਿਪਾ ਨਿਧਿ

ਦੁਖ ਬਿਦਾਰਨ ਸੁਖ ਦਾਤੇ ਸਤਿਗੁਰ ਜਾ ਕਉ

ਭੇਵਤ ਹੋਇ ਸਗਲ ਸਿਧਿ॥੧॥ਰਹਾਉ॥ (ਗੁ. ਗ੍ਰੰ. ਅੰਕ-1298)

2. ਸੋ ਕਿਉ ਵਿਸਰੈ ਮੇਰੀ ਮਾਇ॥

ਸਾਚਾ ਸਾਹਿਬ ਸਾਚੈ ਨਾਇ॥੧॥ਰਹਾਉ॥ (ਗੁ. ਗ੍ਰੰ. ਅੰਕ. 349)

**2.ਭਾਈ ਬਖਸ਼ੀਸ ਸਿੰਘ :** ਇਹ ਦਰਬਾਰ ਸਾਹਿਬ ਦੇ ਹਾਜ਼ਰੀ ਰਾਗੀ ਸਨ। ਇਹਨਾਂ ਨੇ ਅਲਗ ਅਲਗ ਧਾਰਮਿਕ ਸੰਗੀਤ ਦੀ ਰਚਨਾ ਕੀਤੀ। ਇਹਨਾਂ ਦਾ ਕਹਿਣਾ ਹੈ ਕਿ ਪਰਮਾਤਮਾ ਨੇ ਇਹਨਾਂ ਨੂੰ ਸੁਨਹਿਰੀ ਆਵਾਜ਼ ਦਿੱਤੀ ਹੈ। ਜਿਸ ਨਾਲ ਇਹ ਸੰਗੀਤ ਦਾ ਵਿਕਾਸ ਕਰ ਰਹੇ ਹਨ।123 ਉਹਨਾਂ ਦੁਆਰਾ ਗਾਇਨ ਕੀਤੇ ਦੋ ਸ਼ਬਦ ਇਸ ਪ੍ਰਕਾਰ ਹਨ।

1. ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣ ਅਵਗੁਣ ਨ ਬੀਚਾਰਹੁ ਕੋਈ॥

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ॥ (ਗੁ. ਗ੍ਰੰ. ਅੰਕ. 882)

2. ਪਾਤੀ ਤੋਰੈ ਅਲਿਨੀ ਪਾਤੀ ਪਾਤੀ ਜੀਉ॥

ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ (ਗੁ. ਗ੍ਰੰ. ਅੰਕ. 479)

**3. ਭਾਈ ਅਵਤਾਰ ਸਿੰਘ ਭਮਰਾ :** ਇਹਨਾਂ ਦੇ ਜੀਵਨ ਕਾਲ ਦਾ ਸਮਾਂ 1925 ਤੋਂ 2006 ਤੱਕ ਦਾ ਹੈ। ਇਹ ਗੁਰਮਤਿ ਸੰਗੀਤ ਦੇ ਅਰਥਦਰਸ਼ਕ (ਪ੍ਰਤੀਨਿਧੀ) ਸੀ। ਜਿਨ੍ਹਾਂ ਨੇ ਪ੍ਰਾਚੀਨ ਸੰਗੀਤ ਨੂੰ ਗੁਰੂ ਦੇ ਰਾਗ ਵਿਚ ਲਿਆਂਦਾ।124 ਉਹਨਾਂ ਦੇ ਗਾਇਨ ਕੀਤੇ ਸ਼ਬਦ ਇਸ ਪ੍ਰਕਾਰ ਹਨ।

1. ਮੇਰਾ ਮਨੁ ਲਾਗਾ ਹੈ ਰਾਮ ਪਿਆਰੈ॥

ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ॥੧॥ਰਹਾਉ॥ (ਗੁ. ਗ੍ਰੰ. ਅੰਕ. 670)

2. ਤੁਮ ਕਰਹੁ ਦਇਆ ਮੇਰੇ ਸਾਈ।

ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ॥੧॥ਰਹਾਉ॥ (ਗੁ. ਗ੍ਰੰ. ਅੰਕ. 673)

**4. ਭਾਈ ਬਲਬੀਰ ਸਿੰਘ :** ਇਹਨਾਂ ਦਾ ਜਨਮ ਮਰਗਿੰਦਪੁਰਾ () ਨਜਦੀਕ ਭਿੰਖੀਵਿੰਡ ਅੰਮ੍ਰਿਤਸਰ ਵਿਖੇ ਹੋਇਆ। ਇਹਨਾਂ ਦੇ ਪਿਤਾ ਭਾਈ ਸੰਤਾ ਸਿੰਘ ਤਬਲਾ ਵਾਦਕ ਸਨ। ਇਹਨਾਂ ਨੇ ਆਪਣੇ ਪਿਤਾ ਤੋਂ ਸਿਖਿਆ ਹਾਸਲ ਕੀਤੀ। ਇਹ ਚਾਰ ਸਾਲ ਦੀ ਉਮਰ ਤੋਂ ਹੀ ਕੀਰਤਨ ਸਿੱਖਣ ਲੱਗ ਪਏ ਸਨ। ਸੱਤ ਸਾਲ ਦੀ ਉਮਰ ਵਿਚ ਤਰਨਤਾਰਨ ਵਿਖੇ ਕੀਰਤਨ ਦਰਬਾਰ ਕਰਨੇ ਆਰੰਭ ਕਰ ਦਿੱਤੇ।125 ਇਹਨਾਂ ਦੁਆਰਾ ਸ਼ਾਸਤਰੀ ਸੰਗੀਤ 'ਚ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਇਸ ਮਨ ਕਉ ਬਸੰਤ ਕੀ ਲਗੈ ਨ ਸੋਇ॥

ਇਹ ਮਨ ਜਲਿਆ ਦੂਜੈ ਦੋਇ॥੧॥ਰਹਾਉ॥ (ਗੁ. ਗ੍ਰੰ. ਅੰਕ. 1176)

2. ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥

ਧੰਨੁ ਸੁ ਤੇਰਾ ਥਾਨ॥੧॥ਰਹਾਉ॥ (ਗੁ. ਗ੍ਰੰ. ਅੰਕ. 50)

**5. ਭਾਈ ਨਿਰਮਲ ਸਿੰਘ ਖਾਲਸਾ :** ਇਹਨਾਂ ਦਾ ਜਨਮ 1952 ਵਿਚ ਪਿੰਡ ਜੇਡਵਾਲਾ ਭੀਮਾਰ ਜਿਨਾ ਫਿਰੋਜਪੁਰ ਵਿਖੇ ਹੋਇਆ। ਇਹਨਾਂ ਨੇ ਗੁਰਮਤਿ ਸੰਗੀਤ ਦਾ ਡਿਪਲੋਮਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ ਕੀਤਾ। ਇਹਨਾਂ ਨੇ ਬਹੁਤ ਸਾਰੇ ਗੁਰਮਤਿ ਕਾਲਜਾਂ ਵਿਚ ਅਧਿਆਪਨ ਦਾ ਕਾਰਜ ਵੀ ਕੀਤਾ। ਇਹ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਵੀਹਨ। ਇਹਨਾਂ ਨੇ ਪੰਜ ਤਖਤਾਂ ਅਤੇ 53 ਹੋਰ ਦੇਸ਼ਾਂ ਵਿਚ ਵੀ ਕੀਰਤਨ ਕੀਤਾ ਹੈ। ਇਹਨਾਂ ਨੂੰ ਪਦਮ ਸ੍ਰੀ ਅਵਾਰਡ ਮਿਲ ਚੁੱਕਾ ਹੈ।126 ਇਹਨਾਂ ਦੁਆਰਾ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥

ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥੧॥ (ਗੁ. ਗ੍ਰੰ. ਅੰਕ. 816)

2. ਤੂ ਦਰੀਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ॥

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਇ ਮਰਾ॥੧॥ (ਗੁ. ਗ੍ਰੰ. ਅੰਕ. 25)

**7. ਭਾਈ ਰਣਧੀਰ ਸਿੰਘ :** ਭਾਈ ਰਣਧੀਰ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀ ਹਨ। ਇਹ ਹਮੇਸ਼ਾ ਸ਼ਾਸਤਰੀ ਸੰਗੀਤ ਅਨੁਸਾਰ ਕੀਰਤਨ ਕਰਦੇ ਹਨ।

ਇਹਨਾਂ ਦੁਆਰਾ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਇਸ ਮਨ ਕਉ ਬਸੰਤ ਕੀ ਲਗੈ ਨ ਸੋਇ॥

ਇਹ ਮਨੁ ਜਲਿਆ ਦੂਜੈ ਦੋਇ॥੧॥ਰਹਾਉ॥ (ਗੁ. ਗ੍ਰੰ. ਅੰਕ. 1176)

2. ਆਵਹੁ ਸਜਣ ਹਉ ਦੇਖਾ ਦਰਸਨੁ ਤੇਰਾ ਰਾਮ॥

ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥ (ਗੁ. ਗ੍ਰੰ. ਅੰਕ. 764)

**6. ਭਾਈ ਗੁਰਮੇਜ ਸਿੰਘ :** ਇਹ ਨੇਤਰਹੀਣ ਹਨ। ਇਹਨਾਂ ਨੇ ਬਰੇਲੀ ਭਾਸ਼ਾ ਵਿਚ ਸਿੱਖਾਂ ਲਈ ਧਾਰਮਿਕ ਪੁਸਤਕ ਲਿਖੀ ਜਿਸ ਨੂੰ ਲਿਖਣ ਵਿਚ 12 ਸਾਲ ਲੱਗੇ। ਇਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਜ਼ੂਰੀ ਰਾਗੀ ਹਨ।127 ਇਹਨਾਂ ਦੁਆਰਾ ਸ਼ਾਸਤਰੀ ਰਾਗ ਅਨੁਸਾਰ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ॥

ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਣੈ॥ (ਗੁ. ਗ੍ਰੰ. ਅੰਕ. 1122)

2. ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗੀਤ ਮੈਲ ਭਰੀਜੈ ਜੀਉ॥੩॥ (ਗੁ. ਗ੍ਰੰ. ਅੰਕ. 95)

**8. ਭਾਈ ਸੁਖਵੰਤ ਸਿੰਘ :** ਭਾਈ ਸੁਖਵੰਤ ਸਿੰਘ ਜਵੱਦੀ ਟਕਸਾਲ ਵਿਖੇ ਗੁਰਮਤਿ ਸੰਗੀਤ ਪਰੰਪਰਾ ਨਿਭਾ ਰਹੇ ਹਨ। ਇਹਨਾਂ ਨੂੰ ਗੁਰਮਤਿ ਸੰਗੀਤ ਦੇ ਰਾਗਾਂ ਦੀ ਗਾਇਨ ਪੱਖ ਤੋਂ ਮੁਹਾਰਤ ਹਾਸਲ ਹੈ। ਜਵੱਦੀ ਟਕਸਾਲ ਵਿਖੇ ਇਹਨਾਂ ਦੁਆਰਾ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਸਿੱਖਿਆ ਵੀ ਪ੍ਰਦਾਨ ਕੀਤੀ ਜਾਂਦੀ ਹੈ। ਇਹਨਾਂ ਦੁਆਰਾ ਜਵੱਦੀ ਟਕਸਾਲ ਵਿਖੇ ਰਾਗ ਅਨੁਸਾਰ ਕੀਰਤਨ ਦੇ ਸਮਾਗਮ ਵੀ ਕਰਵਾਏ ਜਾਂਦੇ ਹਨ। ਇਹਨਾਂ ਦੁਆਰਾ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਸੁਣਿ ਮੀਤਾ ਪੂਰੀ ਕਉ ਬਲਿ ਜਾਈ॥

ਇਹ ਮਨੁ ਤੇਰਾ ਭਾਈ॥ਰਹਾਉ॥ (ਗੁ. ਗ੍ਰੰ. ਅੰਕ. 611)

2. ਐਸੋ ਸਹਾਈ ਹਰਿ ਕੋ ਨਾਮ॥

ਸਾਧਸੰਗਤਿ ਭਜੁ ਪੂਰਨ ਕਾਮ॥੧॥ਰਹਾਉ॥ (ਗੁ. ਗ੍ਰੰ. ਅੰਕ. 986)

**9. ਭਾਈ ਦਿਲਬਾਗ ਸਿੰਘ :** ਇਹਨਾਂ ਨੇ ਭਾਈ ਮਰਦਾਨਾ ਜੀਦੀ ਸੰਗੀਤ ਕਲਾ ਨੂੰ ਅਪਨਾਇਆ ਹੈ। ਇਹ ਸ਼ਾਸਤਰੀ ਸੰਗੀਤ ਨੂੰ ਮਹੱਤਤਾ ਦਿੰਦੇ ਹਨ। ਇਹਨਾਂ ਨੇ ਗੁਲਬਾਗ ਸਿੰਘ ਨਾਲ ਮਿਲ ਕੇ ਰਾਗੀ ਜਥਾ ਬਣਾਇਆ।128 ਇਹਨਾਂ ਦੁਆਰਾ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਤੂ ਬੇਅੰਤ ਕੋ ਵਿਰਲਾ ਜਾਣੈ॥

ਗੁਰ ਪ੍ਰਸਾਦਿ ਕੋ ਸ਼ਬਦ ਪਛਾਣੈ॥੧॥ (ਗੁ. ਗ੍ਰੰ. ਅੰਕ. 562)

2. ਝਿਮਿ ਝਿਮਿ ਬਵਰਸੈ ਅੰਮ੍ਰਿਤ ਧਾਰਾ॥

ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ (ਗੁ. ਗ੍ਰੰ. ਅੰਕ. 102)

**10. ਡਾ. ਗੁਰਨਾਮ ਸਿੰਘ :** ਗੁਰਨਾਮ ਸਿੰਘ ਕਈ ਸਮੇਂ ਤੋਂ ਕੀਰਤਨ ਦੀ ਪਰੰਪਰਾ ਨਾਲ ਜੁੜੇ ਰਹੇ। ਇਸ ਤੋਂ ਬਾਅਦ ਗੁਰਮਤਿ ਸੰਗੀਤ ਦੀ ਉਚੇਰੀ ਵਿੱਦਿਆ ਹਾਸਲ ਕਰਕੇ ਪੰਜਾਬੀ ਯੂਨੀਵਰਸਿਟੀ ਵਿਖੇ ਅਧਿਆਪਨ ਦਾ ਕਾਰਜ ਆਰੰਭ ਕੀਤਾ। ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਵਿਭਾਗ ਬਣਵਾਇਆ ਉਥੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਡਾ. ਗੁਰਨਾਮ ਸਿੰਘ ਗੁਰਮਤਿ ਸੰਗੀਤ ਅਨੁਸਾਰ ਬਣਾਏ ਸਾਰੇ ਰਾਗਾਂ ਵਿਚ ਕੀਰਤਨ ਕਰ ਲੈਂਦੇ ਹਨ। ਇਹਨਾਂ ਦੁਆਰਾ ਗਾਇਨ ਕੀਤੇ ਦੋ ਚਉਪਦੇ ਇਸ ਪ੍ਰਕਾਰ ਹਨ।

1. ਮੇਰਾ ਮਨੁ ਰਾਮ ਨਾਮਿ ਰਸਿ ਲਾਗਾ॥

ਕਮਲ ਪ੍ਰਗਾਸ ਭਇਆ ਗੁਰ ਪਾਇਆ ਹਰਿ ਜਪਿਓ ਭ੍ਰਮ ਭਉ ਭਾਗਾ॥੧॥ਰਹਾਉ॥ (ਗੁ. ਗ੍ਰੰ. ਅੰਕ. 985)

2. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥

ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥ (ਗੁ. ਗ੍ਰੰ. ਅੰਕ. 103)

ਸੋ ਉਪਰੋਕਤ ਵਿਚਾਰ ਚਰਚਾ ਨੂੰ ਸਮੇਟਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਚਉਪਦਾ ਬਾਣੀ-ਰੂਪ ਵਸਤੂ ਤੇ ਰੂਪ ਦੀ ਸੁਮੇਲਤਾ ਦੁਆਰਾ ਪੇਸ਼ ਕੀਤਾ ਗਿਆ ਹੈ। ਲਿਖਤ ਦਾ ਅਸਲ ਮੁਹਾਂਦਰਾ ਪਛਾਨਣ ਲਈ ਰੂਪ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਲਿਖਤ ਦੇ ਉਸ ਰੂਪ ਵੱਲ ਵੇਖਿਆ ਜਾਂਦਾ ਹੈ ਕਿ ਲਿਖਤ ਗਦ ਜਾਂ ਪਦ ਕਾਵਿ ਰੂਪ ਅਨੁਸਾਰ ਹੈ। ਇਸ ਤਰ੍ਹਾਂ ਪਦਾ ਕਾਵਿ-ਰੂਪ ਦੀਆਂ ਲਿਖਤਾਂ ਦੇ ਰੂਪ ਨੂੰ ਵਸਤੂ ਦੀ ਦ੍ਰਿਸ਼ਟੀ ਨਾਲ ਘੋਖਿਆ ਜਾਂਦਾ ਹੈ। ਵਸਤੂ ਤੇ ਰੂਪ ਦੇ ਸੰਬੰਧ ਨੂੰ ਸਮਝਣ ਵੱਲ ਧਿਆਨ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾਂ ਚਉਪਦੇ ਵਿਚ ਵਸਤੂ ਦੇ ਤੁਕਾਂਤ ਦੀ ਸੁਮੇਲਤਾ ਨੂੰ ਵੇਖਿਆ ਜਾਂਦਾ ਹੈ। ਕੁਝ ਚਉਪਦਿਆਂ ਵਿਚ ਪੂਰੇ ਚਉਪਦੇ ਦੇ ਤੁਕਾਂਤ ਵਿਚ ਸੁਮੇਲਤਾ ਹੁੰਦੀ ਹੈ ਅਤੇ ਕੁਝ ਚਉਪਦਿਆਂ ਵਿਚ ਹਰਪ ਦੇ ਤੋਂ ਬਾਅਦ ਤੁਕਾਂਤ ਵਿਚ ਵਿਭਿੰਨਤਾ ਨਜਰ ਆਉਂਦੀ ਹੈ। ਇਸ ਤੋਂ ਇਲਾਵਾ ਹਰ ਚਉਪਦੇ ਵਿਚ ਰਹਾਉ ਦੀਆਂ ਪੰਗਤੀਆਂ ਦਾ ਤੁਕਾਂਤ ਵੱਖਰਾ ਹੁੰਦਾ ਹੈ। ਅਜਿਹਾ ਰੂਪ ਦੀ ਵੱਖਰਤਾ ਕਾਰਨ ਹੁੰਦਾ ਹੈ। ਬਾਣੀ-ਰੂਪ ਚਉਪਦੇ ਦੇ ਰੂਪ ਵਿਚ ਵੱਖਰਤਾ ਰਾਗਾਂ ਦੇ ਕ੍ਰਮ ਅਨੁਸਾਰ ਵੀ ਨਜਰ ਆਉਂਦੀ ਹੈ। ਹਰ ਰਾਗ ਦੇ ਚਉਪਦੇ ਵੱਖਰੇ ਰੂਪ ਵਿਚ ਨਜਰ ਆਉਂਦੇ ਹਨ। ਇਸ ਤੋਂ ਇਲਾਵਾ ਇਕ ਰਾਗ ਦੇ ਚਉਪਦਿਆਂ ਦੇ ਰੂਪ ਵਿਚ ਘਰੁ ਪ੍ਰਬੰਧ ਅਨੁਸਾਰ ਵੱਖਰਤਾ ਪਾਈ ਜਾਂਦੀ ਹੈ।

ਬਾਣੀ ਰੂਪ ਚਉਪਦੇ ਦੇ ਰੂਪ ਵਿਚ ਰਾਗ ਅਨੁਸਾਰ ਤਬਦੀਲੀ ਪਾਈ ਜਾਂਦੀ ਹੈ। ਹਰ ਰਾਗ ਦੇ ਚਉਪਦਿਆਂ ਨੂੰ ਗੁਰੂਆਂ ਦੁਆਰਾ ਆਪਣੇ ਅਨੁਭਵ ਅਨੁਸਾਰ ਉਚਾਰਿਆ ਗਿਆ ਹੈ। ਇਹ ਚਉਪਦੇ ਮਨੁੱਖੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਸਾਹਿਤਕ ਕਿਰਤ ਦੇ ਰੂਪ ਵਿਚਲੇ ਵਸਤੂ ਵਿਚ ਮਨੁੱਖ ਦੇ ਨਿੱਜੀ ਤੇ ਸਮੂਹਿਕ ਸੰਕਲਪ ਪੇਸ਼ ਕੀਤੇ ਜਾਂਦੇ ਹਨ। "ਹਰੇਕ ਮਨੁੱਖ ਸੰਚਾਰ ਜਾ ਗਿਆਨ ਪ੍ਰਬੰਧ ਦੀ ਸੁਨਿਸ਼ਚਿਤ ਅਤੇ ਸੰਰਚਨਾਤਮਕ ਸੰਰਚਨਾ ਹੁੰਦੀ ਹੈ ਜਿਹੜੀ ਵਿਭਿੰਨ ਤਰਾਂ ਦੇ ਆਪਸੀ ਜੀਵੰਤ ਅੰਤਰ-ਸੰਬੰਧਾਂ ਰਾਹੀਂ ਸਿਰਜੀ ਗਈ ਹੁੰਦੀ ਹੈ। ਜਿਸ ਵਿਚ ਇਹ ਸਮਝਣ ਯੋਗ ਸੀਮਿਤ ਨਿਯਮ ਕਾਰਜਸ਼ੀਲ ਹੁੰਦੇ ਹਨ।"129 ਇਹਨਾ ਨਿਯਮਾਂ ਨੂੰ ਅਨੁਭਵ ਦੀ ਕਸਵੱਟੀ ਤੇ ਪਰਖਿਆ ਗਿਆ ਹੈ। ਜਦੋਂ ਕਾਵਿ ਕਿਰਤ ਰੂਪ ਰਾਹੀਂ ਭਾਵਾਂ ਨੂੰ ਸਪੱਸ਼ਟ ਕਰਨ ਵਿਚ ਸਫਲ ਹੋ ਜਾਂਦੀ ਹੈ ਤਾਂ ਉਹ ਰਚਨਾ ਆਪ-ਹੁਦਰੀ ਸੰਚਾਰਿਤ ਹੋ ਜਾਂਦੀ ਹੈ। ਇਸ ਤਰ੍ਹਾਂ ਕਾਵਿ ਕਿਰਤ ਸੰਚਾਰ ਤੇ ਰੂਪ ਦਾ ਹਿੱਸਾ ਬਣਦੀ ਹੈ। ਸੰਚਾਰ ਰੂਪ ਤੋਂ ਬਿਨਾ ਹੋਣਾ ਸੰਭਵ ਨਹੀ। ਚਉਪਦਿਆਂ ਦੇ ਰੂਪ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਸੰਚਾਰ ਦਾ ਸਾਧਨ ਬਣਾਇਆ ਗਿਆ ਹੈ। ਇਸ ਵਾਸਤੇ ਚਉਪਦਿਆਂ ਦੇ ਰੂਪ ਨੂੰ ਛੰਦ ਅਨੁਸਾਰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਹਰ ਰਾਗ ਦੇ ਰੂਪ ਦੀ ਵੱਖਰਤਾ ਅਨੁਸਾਰ ਇਕ ਰਾਗ ਵਿਚ ਕਈਂ ਛੰਦਾਂ ਦੀ ਵਰਤੋਂ ਹੋ ਸਕਦੀ ਹੈ। ਗਾਇਨ ਸਮੇਂ ਛੰਦ ਦੇ ਬੰਧਨਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਅਤੇ

ਸ਼ਬਦ ਦੇ ਭਾਵਾਂ ਨੂੰ ਵੀ ਧਿਆਨ ਵਿਚ ਰਖਿਆ ਜਾਂਦਾ ਹੈ ਭਾਵ ਵਸਤੂ ਅਨੁਸਾਰ ਗਾਇਨ ਕਰ ਲਿਆ ਜਾਂਦਾ ਹੈ। ਇਸ ਨੂੰ ਸੰਰਚਨਾ ਦੀ ਵਿਧੀ ਨਾਲ ਵਧੇਰੇ ਸੁਖਾਵੇ ਢੰਗ ਨਾਲ ਸਮਝਿਆ ਜਾ ਸਕਦਾ ਹੈ। ਵਸਤੂ ਦੇ ਰੂਪ ਰਾਹੀਂ ਕਾਵਿ ਕਿਰਤ ਵਿਚਲੇ ਭਾਵਾਂ ਦੀ ਦ੍ਰਿਸ਼ਟੀ ਸਾਹਮਣੇ ਆਉਂਦੀ ਹੈ। ਮਨੁੱਖੀ ਮਨ ਦੀ ਬਿਰਤੀ ਖਿੰਡਾਅ ਤੇ ਇਕਾਗਰਤਾ ਨੂੰ ਘੋਖਦੀ ਹੈ।

## ਹਵਾਲੇ ਤੇ ਟਿੱਪਣੀਆਂ


1. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 740.

2. ਲੋਕਧਾਰਾ ਵਿਸ਼ਵਕੋਸ਼, (ਪੋਥੀ ਚੌਥੀ), ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਨਾ 1676.

3. ਸ੍ਰੀ ਗੁਰੂ ਗ੍ਰੰਥ ਕੋਸ਼, ਭਾਈ ਵੀਰ ਸਿੰਘ, ਪੰਨਾ 209.

4. ਮਹਾਨ ਕੋਸ਼, ਉਹੀ, ਪੰਨਾ 449.

5. ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਰਤਨ ਸਿੰਘ ਜੱਗੀ, ਪੰਨਾ 465-466.

6. ਸਤਿੰਦਰ ਸਿੰਘ ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਉਧਰਿਤ, ਪੰਨਾ 16.

7. ਮਾਤ੍ਰਿਕ ਛੰਦੋ ਕਾ ਵਿਕਾਸ, ਸ਼ਿਵਨੰਦਨ ਪ੍ਰਸ਼ਾਦ, ਪੰਨਾ 9.

8. ਉਹੀ

9. ਰਿਕਤ ਸੁਕਤ ਸਮੁਚਯ, ਰਾਮ ਕ੍ਰਿਸ਼ਨ ਅਚਾਰਯ, ਪੰਨਾ 71.

10. ਉਹੀ, ਪੰਨਾ 201.

11. ਉਹੀ, ਪੰਨਾ 244.

12. ਲੌਕਿਕ ਸੰਸਕ੍ਰਿਤ ਸਾਹਿਤਯ, ਸ੍ਰੀ ਚਾਰੂਚੰਦ ਸ਼ਾਸਤਰੀ, ਪੰਨਾ 3.

13. ਉਹੀ, ਪੰਨਾ 4.

14. ਸ੍ਰੀ ਮਦ ਬਾਲਮੀਕੀ ਰਾਮਾਇਣਯਮ, ਪੰਨਾ 41.

15. ਅਭਿਗਿਆਨ ਸ਼ਕੁੰਤਲਮ, ਕਪਿਲ ਦੇਵ ਦ੍ਵਿਵੇਦੀ, ਰਾਮ ਨਾਰਾਇਣ ਲਾਲ, ਵਿਜਯਕੁਮਾਰ, ਪੰਨਾ 46.

16. ਉਹੀ, ਪੰਨਾ 8.

17. ਸੰਸਕ੍ਰਿਤ ਸਾਹਿਤਯ ਕਾ ਇਤਿਹਾਸ, ਏ. ਬੀ. ਕੀਥ, (ਅਨੁ.) ਮੰਗਲਦੇਵ ਸ਼ਾਸਤਰੀ, ਪੰਨਾ 79.

18. ਪ੍ਰਾਕ੍ਰਿਤ ਔਰ ਅਪਭ੍ਰੰਸ਼ ਸਾਹਿਤਯ ਤਥਾ ਉਨਕਾ ਹਿੰਦੀ ਸਾਹਿਤਯ ਪਰ ਪ੍ਰਭਾਵ, ਰਾਮ ਸਿੰਘ ਤੋਮਰ, ਪੰਨਾ 49.

19. ਪ੍ਰਾਕ੍ਰਿਤ ਭਾਸ਼ਾ ਔਰ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਨੇਮੀਚੰਦਰ ਸ਼ਾਸਤਰੀ, ਪੰਨਾ 528.

20. ਉਹੀ, ਪੰਨਾ 525.

21. ਗੁਰਛੰਦ ਦਿਵਾਕਰ, ਕਾਨ੍ਹ ਸਿੰਘ ਨਾਭਾ, ਪੰਨਾ 186.

22. ਉਹੀ, ਰਾਮ ਸਿੰਘ ਤੋਮਰ, ਪੰਨਾ 54.

23. ਉਹੀ, ਪੰਨਾ 61.

24. ਅਪਭ੍ਰੰਸ਼ ਸਾਹਿਤ, ਹਰਿਵੰਸ਼ ਕੋਛੜ, ਪੰਨਾ 15.

25. ਗੋਰਖਬਾਣੀ, ਪੀਤਾਂਬਰ ਬੜਥਵਾਲ, ਪੰਨਾ 139.

26. ਗੁਰਛੰਦ ਦਿਵਾਕਰ, ਉਹੀ, ਪੰਨਾ 178.

27. ਕਬੀਰ ਵਾਣੀ, ਸਰਨਾਮ ਸਿੰਘ ਸ਼ਰਮਾ, ਪੰਨਾ 155.

28. ਵਿਦਿਆਪਤੀ ਔਰ ਉਨਕੀ ਪਦਾਵਲੀ, ਕ੍ਰਿਸ਼ਨਦੇਵ ਸ਼ਰਮਾ, ਪੰਨਾ 45.

29. ਗੁਰਛੰਦ ਦਿਵਾਕਰ, ਉਹੀ, ਪੰਨਾ 110.

30. ਮੀਰਾਬਾਈ ਕੀ ਪਦਾਵਲੀ, ਆਚਾਰਯ ਪਰਸ਼ੁਰਾਮ ਚਤੁਰਵੇਦੀ, ਪੰਨਾ 155.

31. ਗੁਰਛੰਦ ਦਿਵਾਕਰ, ਉਹੀ, ਪੰਨਾ 161.

32. ਸ੍ਰੀ ਗੁਰੂ ਨਾਨਕ ਸਾਹਿਬ ਦੇ ਅਤੇ ਸ਼ਬਦ ਸਲੋਕ ਭਗਤਾਂ ਦੇ , ਗੁਲਾਬ ਸਿੰਘ, ਪੰਨਾ 2 ਤੋਂ 5.

33. ਉਹੀ, ਪੰਨਾ 97.

34. ਉਹੀ, ਗੁਲਾਬ ਸਿੰਘ, ਪੰਨਾ 53.

35. ਗੁਰਛੰਦ ਦਿਵਾਕਰ, ਉਹੀ, ਪੰਨਾ 86.

36. ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਅੱਠਵੀਂ), ਵਣਜਾਰਾ ਬੇਦੀ, ਪੰਨਾ 2052.

37. ਲੋਕਗੀਤ ਦਾ ਜਨਮ, ਦਵਿੰਦਰ ਸਤਿਆਰਥੀ, ਪੰਨਾ 3.

38. ਲੋਕ ਸਾਹਿਤਯ ਕੀ ਸਾਂਸਕ੍ਰਿਤਿਕ ਪਰੰਪਰਾ, ਮਨੋਹਰ ਸ਼ਰਮਾ, ਪੰਨਾ 126.

39. ਲੋਕਗੀਤੋਂ ਕਾ ਵਿਕਾਸਾਤਮਕ ਅਧਿਐਨ, ਕੁਲਦੀਪ, ਪੰਨਾ 49.

40. ਉਹੀ, ਪੰਨਾ 17.

41. ਉਹੀ

42. ਪੰਜਾਬ ਦਾ ਲੋਕ ਵਿਰਸਾ (ਭਾਗ ਦੂਜਾ), ਕਰਨੈਲ ਸਿੰਘ ਥਿੰਦ, ਪੰਨਾ 34.

43. ਮਹਾਨ ਕੋਸ਼, ਉਹੀ, ਪੰਨਾ 1091.

44. ਆਦਿ ਗ੍ਰੰਥ ਵਿੱਚ ਧੁਨਾਂ, (ਪੰਜਾਬੀ ਦੁਨੀਆ) ਗਿ. ਗੁਰਦਿੱਤ ਸਿੰਘ, ਪੰਨਾ. 9.

45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 137-1312.

46. ਮਿਰਾਸੀਆਂ ਦਾ ਪਿਛੋਕੜ ਅਤੇ ਭਾਈ ਮਰਦਾਨਾ, ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ. 9.

47. ਪੰਜਾਬੀ ਲੋਕ ਸੰਗੀਤ ਵਿਰਾਸਤ (ਭਾਗ ਪਹਿਲਾ), ਗੁਰਨਾਮ ਸਿੰਘ, ਪੰਨਾ. 127.

*48. ਭਾਰਤੀਯ ਤਾਲੋਂ ਦਾ ਸਾਸ਼ਤਰੀਯ*ਵਿਵੇਚਨ, ਅਰੁਣ ਕੁਮਾਰ ਸੇਨ, ਪੰਨਾ 81.

49. 'ਰਤਨ ਜੋਤ', ਕੀਰਤਨ ਦੀ ਦਾਤ, (ਭਾਗ ਦੂਜਾ), ਮਨੋਹਰ ਸਿੰਘ, ਪੰਨਾ 23.

50. ਗੀਤ ਮੁਟਿਆਰਾਂ ਦੇ, (ਲੋਕ ਸੰਗੀਤ ਦੇ ਸੰਦਰਭ ਵਿਚ), ਰਣਜੀਤ ਸਿੰਘ ਸੈਂਭੀ, ਪੰਨਾ 112.

51. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ, ਸੁਖਵੰਤ ਸਿੰਘ, ਪੰਨਾ 163.

52. ਰਤਨਜੋਤ ਕੀਰਤਨ ਦੀ ਦਾਤ (ਭਾਗ ਦੂਜਾ), ਉਹੀ, ਪੰਨਾ 23.

53. ਨੀਲੀ ਤੇ ਰਾਵੀ, ਕਰਤਾਰ ਸਿੰਘ ਸ਼ਮਸ਼ੇਰ, ਪੰਨਾ 202.

54. ਬਿਸ਼ਨਪਦੇ, ਖੁਸ਼ਹਾਲ ਰਾਏ, ਪੰਨਾ ਨੰ. 149.

55. ਪੰਜਾਬ ਦੇ ਲੋਕ ਗੀਤ, ਮਹਿੰਦਰ ਸਿੰਘ ਰੰਧਾਵਾ, ਪੰਨਾ 425.

56. ਚੋਣਵੇ ਲੋਕਗੀਤ, ਬਖਸ਼ੀਸ਼ ਸਿੰਘ ਬਖਸ਼ੀ, ਪੰਨਾ 107.

57. ਮਹਾਨ ਕੋਸ਼, ਉਹੀ, ਪੰਨਾ 332.

58. ਮਾਨਕ ਹਿੰਦੀ ਕੋਸ਼ (ਭਾਗ ਪਹਿਲਾ), ਰਾਮ ਚੰਦਰ ਵਰਮਾ, ਪੰਨਾ 536.

59. ਗੁਰਮਤਿ ਫਿਲਾਸਫੀ, ਪ੍ਰਤਾਪ ਸਿੰਘ ਗਿਆਨੀ, ਪੰਨਾ 200.

60. ਉਹੀ, ਪੰਨਾ 207.

61. ਵਾਦਨ ਕਲਾ, ਤਾਰਾ ਸਿੰਘ, ਪੰਨਾ 196. ਉਧਰਿਤ

62. ਗੁਰੂ ਨਾਨਕ ਅਤੇ ਭਗਤੀ ਲਹਿਰ, (ਸੰਪਾ) ਬਲਕਾਰ ਸਿੰਘ, ਗੁਰਨਾਮ ਕੌਰ (ਅਨੁ), ਪੰਨਾ 79.

63. ਸ੍ਰੀਮਦਭਾਗਵਤ ਕਾ ਸੂਰਦਾਸ ਪਰ ਪ੍ਰਭਾਵ, ਵੇਦ ਪ੍ਰਕਾਸ਼ ਸ਼ਾਸਤ੍ਰੀ, ਪੰਨਾ 75.

64. ਨਿਰਬਾਣ ਕੀਰਤਨ ਉਦਯ, ਗੁਰਦਿੱਤ ਸਿੰਘ, ਪੰਨਾ 31.

65. ਗੁਰਮਤਿ ਸੰਗੀਤ ਬਨਾਮ ਸ਼ਾਸਤ੍ਰੀ, ਸੰਗੀਤ ਵਿਸਮਾਦ ਨਾਦੁ, (ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਦਵਿੰਦਰ ਸਿੰਘ ਵਿਦਿਆਰਥੀ, ਪੰਨਾ 104.

66. ਲੰਮੀ ਨਦਰ, ਬਲਬੀਰ ਸਿੰਘ, ਪੰਨਾ 24-25.

67. ਕੀਰਤਨ ਸੰਦਰਭ ਅਤੇ ਸਰੂਪ, ਦਵਿੰਦਰ ਸਿੰਘ ਵਿਦਿਆਰਥੀ, ਪੰਨਾ 196-197.

68. ਉਹੀ

69. ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਦੀ ਕੁੰਜੀ ਵਾਰਾਂ, ਨਰੈਣ ਸਿੰਘ, ਪੰਨਾ 49.

70. ਉਹੀ, ਪੰਨਾ 476.

71. ਉਹੀ, ਪੰਨਾ 50.

72. ਉਹੀ, ਪੰਨਾ 481.

73. ਗੁਰਮਤਿ ਸੰਗੀਤ : ਵਿਭਿੰਨ ਪਰਿਪੇਖ, ਵਰਿੰਦਰ ਸਿੰਘ ਪਰਧਾਨਗੀ ਭਾਸ਼ਣ, (ਸੰਪਾ.) ਗੁਰਨਾਮ ਸਿੰਘ, , ਪੰਨਾ 18.

74. ਮਹਾਨ ਕੋਸ਼, ਉਹੀ, ਪੰਨਾ 449.

75. ਆਦਿ ਗ੍ਰੰਥ ਵਿਚ ਧੁਨਾਂ (ਪੰਜਾਬੀ ਦੁਨੀਆਂ), ਉਹੀ, ਪੰਨਾ 9.

76. ਮਹਾਨ ਕੋਸ਼, ਉਹੀ, ਪੰਨਾ 463.

77. ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਕਿਰਪਾਲ ਸਿੰਘ, ਪੰਨਾ 216.

78. ਧਰਮ ਦਾ ਮਾਰਗ, ਪ੍ਰੋ. ਬਚਨ ਸਿੰਘ ਬਚਨ, ਪੰਨਾ 45.

79. ਗੁਰਮਤਿ ਸੰਗੀਤ ਪਰੰਪਰਾ, ਮਨਜੀਤ ਕੌਰ, ਪੰਨਾ 24.

80. ਗੁਰਬਾਣੀ ਸੰਗੀਤ ਦੀ ਮਾਨਤਾ ਸਰੂਪ ਤੇ ਵਿਕਾਸ (ਸੰਪਾ.), ਸੁਖਵੰਤ ਸਿੰਘ, ਦਰਸ਼ਨ ਸਿੰਘ ਨਰੂਲਾ, ਪੰਨਾ 122.

81. ਜਸਬੀਰ ਸਿੰਘ ਸਾਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਸੂਚਕ ਸੰਕੇਤ, (ਸੰਪਾ.) ਸੁਖਵੰਤ ਸਿੰਘ, ਪੰਨਾ 267.

82. ਵਿਕਰਮ ਸਿੰਘ, ਗੁਰਬਾਣੀ ਵਿਚ ਘਰ ਪ੍ਰਬੰਧ, (ਸੰਪਾ.) ਪ੍ਰਿੰ: ਸੁਖਵੰਤ ਸਿੰਘ, ਗੁਰਮਤਿ ਸੰਗੀਤ ਆਧੁਨਿਕ ਪਰਿਪੇਖ ਸ਼ਬਦ ਨਾਦ, ਪੰਨਾ 48.

83. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 47.

84. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 91.

85. ਉਹੀ, ਪੰਨਾ 93.

86. ਉਹੀ, ਪੰਨਾ 90.

87. ਉਹੀ, ਪੰਨਾ 204.

88. ਉਹੀ, ਪੰਨਾ 337.

89. ਮਹਾਨ ਕੋਸ਼, ਉਹੀ, ਪੰਨਾ 669.

90. ਚਰਨ ਸਿੰਘ, ਨਿਰਗੁਣੀਆਰਾ, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, 1945, ਪੰਨਾ 25.

91. ਸ਼ਬਦਾਰਥ, ਉਹੀ, ਪੰਨਾ 838.

92. ਸ਼ਬਦਾਰਥ, ਉਹੀ, ਪੰਨਾ 203.

93. ਮਹਾਨ ਕੋਸ਼, ਉਹੀ, ਪੰਨਾ 609.

94. ਸ਼ਬਦਾਰਥ, ਉਹੀ, ਪੰਨਾ 137.

95. ਮਹਾਨ ਕੋਸ਼, ਉਹੀ, ਪੰਨਾ 497.

96. ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਪੰਨਾ 130.

97. ਰਾਗ ਸਰੂਪ ਨਿਰਣੈ : ਸ੍ਰੀ ਗੁਰੂ ਗ੍ਰੰਥ ਸਾਹਿਬ, ਸੁਖਵੰਤ ਸਿੰਘ, ਪੰਨਾ 9.

98. ਉਹੀ

99. ਉਹੀ, ਪੰਨਾ 10.

100. ਉਹੀ

101. ਉਹੀ

102. ਉਹੀ

103. ਉਹੀ, ਪੰਨਾ 12.

104. ਉਹੀ

105. ਉਹੀ

106. ਉਹੀ, ਪੰਨਾ 13.

107. ਉਹੀ

108. ਉਹੀ

109. ਉਹੀ, ਪੰਨਾ 14.

110. ਉਹੀ

111. ਉਹੀ, ਪੰਨਾ 15.

112. ਉਹੀ

113. ਉਹੀ

114. ਉਹੀ, ਪੰਨਾ 17.

115. ਉਹੀ

116. ਉਹੀ, ਪੰਨਾ 18.

117. ਉਹੀ

118. ਉਹੀ

119. ਉਹੀ, ਪੰਨਾ 19.

120. ਉਹੀ

121. ਉਹੀ

122. https://www.sikhnet.com/gurbani/artist/bhai-samund-singh-jee. ਵੇਖਣ ਦੀ ਮਿਤੀ, 14 ਮਈ, 2017.

123. https://www.sikhnet.com/gurbani/artist/bhai-bakshish-singh-patialaਵੇਖਣ ਦੀ ਮਿਤੀ, 14 ਮਈ, 2017.

124. https://www.sikhnet.com/gurbani/artist/bhai-avtar-singhਵੇਖਣ ਦੀ ਮਿਤੀ, 14 ਮਈ, 2017.

125. https://www.sikhnet.com/gurbani/artist/bhai-balbir-singhਵੇਖਣ ਦੀ ਮਿਤੀ, 14 ਮਈ, 2017.

126. https://www.sikhnet.com/gurbani/artist/bhai-nirmal-singhਵੇਖਣ ਦੀ ਮਿਤੀ, 14 ਮਈ, 2017.

127. https://www.sikhnet.com/gurbani/artist/bhai-gurmej-singh-hazoori-ragiਵੇਖਣ ਦੀ ਮਿਤੀ, 14 ਮਈ, 2017.

128. https://www.sikhnet.com/gurbani/artist/bhai-dilbagh-singh-gulbagh-singh/ ਵੇਖਣ ਦੀ ਮਿਤੀ, 14 ਮਈ, 2017.

129. ਜਸਵਿੰਦਰ ਸਿੰਘ, ਸੰਰਚਨਾਵਾਦ, (ਮੁਖ ਸੰਪਾ.) ਰਤਨ ਸਿੰਘ ਜੱਗੀ, ਖੋਜ ਪੱਤ੍ਰਿਕਾ, ਪੰਨਾ 124.

# ਅਧਿਆਇ ਤੀਜਾ

## ਬਾਣੀ ਰੂਪ ਚਉਪਦੇ ਦੀ ਪ੍ਰਕਿਰਤੀ

ਲਿਖਤ ਦੀ ਪ੍ਰਕਿਰਤੀ ਤੋਂ ਭਾਵ ਰਚਨਾ ਦੇ ਅੰਦਰੂਨੀ ਸੰਕਲਪਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਹਰ ਲਿਖਤ ਮਨੁੱਖ ਦੇ ਜੀਵਨ ਦਾ ਅੰਦਰੂਨੀ ਦਰਪਣ ਹੁੰਦੀ ਹੈ। ਲੇਖਕ ਕਲਮ ਦੇ ਸਹਾਰੇ ਜੀਵਨ ਦੀਆਂ ਕਈ ਸੱਚਾਈਆਂ ਨੂੰ ਕਲਪਨਾ ਦੇ ਤੌਰ ਤੇ ਪੇਸ਼ ਕਰਦਾ ਹੈ। ਇਸ ਨਾਲ ਮਨੁੱਖ ਦੇ ਅੰਦਰੂਨੀ ਸੰਕਲਪ ਨਿਖੜ ਕੇ ਸਾਹਮਣੇ ਆਉਂਦੇ ਹਨ। ਪਾਠਕ ਨੂੰ ਲਿਖਤ ਵਿਚ ਜੀਵਨ ਦਾ ਤਜ਼ਰਬਾ ਝਲਕਦਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਲਿਖਤ ਦਾ ਪ੍ਰਭਾਵ ਪੇਸ਼ ਹੁੰਦਾ ਹੈ। ਮਨੁੱਖੀ ਮਨ ਉਸ ਕਲਪਨਾ ਦੀ ਸਿਰਜਣਾ ਦਾ ਧਾਰਨੀ ਬਣ ਜਾਂਦਾ ਹੈ। ਲਿਖਤ ਵਿਚਲੀਆਂ ਕਲਪਨਾ ਦੀਆਂ ਪਰਤਾਂ ਮਨੁੱਖੀ ਜੀਵਨ ਨੂੰ ਸੇਧ ਦੇਣ ਲਈ ਵੀ ਸਹਾਈ ਬਣ ਜਾਂਦੀਆਂ ਹਨ।

ਮਨੁੱਖ ਦਾ ਵਿਵਹਾਰਕ ਜੀਵਨ ਉਸ ਨੂੰ ਆਪੇ ਦੀ ਸੋਝੀ ਕਰਵਾਉਣ ਵਿਚ ਸਹਾਈ ਹੁੰਦਾ ਹੈ। ਇਸ ਦੀ ਪ੍ਰੇਰਨਾ ਸਦਕਾ ਮਨੁੱਖ ਅਗਲੇਰੇ ਪੜਾਵਾਂ ਵੱਲ ਵਧਦਾ ਹੈ। ਜੀਵਨ ਦੇ ਅਗਲੇਰੇ ਪੜਾਅ ਮਨੁੱਖ ਵਿਚ ਅਜਿਹੀ ਸੂਝ ਪੈਦਾ ਕਰਦੇ ਹਨ, ਜਿਸ ਨਾਲ ਮਨੁੱਖ ਅਜਿਹੀਆਂ ਕਲਾਵਾਂ ਦੀ ਸਿਰਜਣਾ ਕਰਦਾ ਹੈ, ਜੋ ਜੀਵਨ ਦੀਆਂ ਪ੍ਰਸਥਿਤੀਆਂ ਵਿਚ ਮਨੁੱਖ ਦੀਆਂ ਹਾਣੀ ਬਣ ਜਾਂਦੀਆਂ ਹਨ। ਇਹਨਾਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਕੇ ਮਨੁੱਖੀ ਜੀਵਨ ਨੂੰ ਸੇਧ ਮਿਲਦੀ ਹੈ। ਇਸ ਤਰ੍ਹਾਂ ਮਨ ਦੇ ਸੰਕਲਪ ਮਨੁੱਖ ਦੇ ਜੀਵਨ ਦਾ ਰੂਪਾਂਤਰਨ ਕਰਦੇ ਹਨ। "ਅਸਲ ਵਿਚ ਕਲਾਕਾਰ, ਕਲਾਰੂਪਾਂ ਦੁਆਰਾ ਆਪੇ ਦਾ ਪ੍ਰਗਟਾਵਾ ਨਹੀਂ ਕਰਦਾ ਆਪੇ ਨੂੰ ਢੂੰਡਦਾ ਹੈ। ਕਲਾ ਆਤਮ-ਅਭਿਵਿਅਕਤੀ ਨਹੀ, ਆਤਮ ਦੀ ਖੋਜ ਹੈ। ਇਹ ਇਕ ਨਵੇਂ ਆਪੇ ਦੀ ਸਿਰਜਣਾ ਹੁੰਦੀ ਹੈ"1 ਇਸ ਪ੍ਰਕਾਰ ਲਿਖਤ ਮਨ ਦੀ ਸੰਵੇਦਨਾ ਹੋ ਨਿਬੜਦੀ ਹੈ। ਲਿਖਤ ਨੂੰ ਯਥਾਰਥਕ ਰੂਪ ਵਿਚ ਨਿਭਾਉਣਾ, ਪਾਠਕ ਦੀ ਸੁਹਜਾਤਮਿਕ ਸਮਰੱਥਾ ਤੇ ਨਿਰਭਰ ਕਰਦਾ ਹੈ, ਉਹ ਬੌਧਿਕ ਤੌਰ ਤੇ ਜੀਵਨ ਦੀਆਂ ਸੱਚਾਈਆਂ ਦਾ ਸਾਹਮਣਾ ਕਰਨ ਦੇ ਯੋਗ ਹੋ ਸਕਦਾ ਹੈ। ਇਹ ਸਭ ਮਨੁੱਖ ਦੇ ਚਿੰਤਨ ਪੱਧਰ ਤੇ ਨਿਰਭਰ ਕਰਦਾ ਹੈ।

ਜੀਵਨ ਦੇ ਸਰਬ ਸਾਂਝੇ ਸੰਕਲਪਾਂ ਨੂੰ ਸੰਗਠਨ ਦੇ ਰੂਪ ਵਿਚ ਪੇਸ਼ ਕਰਨਾ ਕਵੀ ਦੀ ਯੋਗਤਾ ਤੇ ਨਿਰਭਰ ਕਰਦਾ ਹੈ। ਉਹ ਸੰਕਲਪ ਇਸ ਤਰ੍ਹਾਂ ਨਿਖੜੇ ਹੋਣੇ ਚਾਹੀਦੇ ਹਨ, ਜਿਸ ਸ੍ਰੋਤਾ/ਪਾਠਕ ਉਹਨਾਂ ਦ੍ਰਿਸ਼ਾਂ ਨੂੰ ਆਪ ਮੁਹਾਰੇ ਅਨੁਭਵ ਕਰੇ। ਇਸ ਵਾਸਤੇ ਕਾਵਿ ਲਿਖਤ ਵਿਚ ਤ੍ਰਾਸਦੀ ਅਤੇ ਭੈਅ ਦਾ ਅਨੁਭਵ ਹੋਣਾ ਚਾਹੀਦਾ ਹੈ। ਇਹ ਸੰਕਲਪ ਮਨੁੱਖ ਦੇ ਮਨ ਨੂੰ ਸਥਿਰਤਾ ਦੇਣ ਲਈ ਅਤੇ ਲਿਖਤ ਵਿਚ ਗੁਣਾਂ ਦੀ ਭਰਮਾਰ ਲਈ ਜ਼ਰੂਰੀ ਹੁੰਦੇ ਹਨ। ਇਹਨਾਂ ਗੁਣਾਂ ਨਾਲ ਮਨੁੱਖ ਦਾ ਚਰਿੱਤਰ ਘੜਿਆ ਜਾਂਦਾ ਹੈ, ਜੋ ਅਸਲ ਜੀਵਨ ਦੀ ਸੂਝ ਦੇਣ ਲਈ ਸਹਾਈ ਹੁੰਦਾ ਹੈ। ਇਸ ਵਾਸਤੇ ਕਵੀ ਮਨ ਦੀ ਇਕਾਗਰਤਾ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। "ਅਰਸਤੂ ਅਨੁਸਾਰ ਕਾਵਿ ਉਤਪਤੀ ਦੇ ਦੋ ਮੂਲ ਕਾਰਣ ਹਨ : ਅਨੁਕਰਨ ਅਤੇ ਇਕਸੁਰਤਾ। ਅਨੁਕਰਨ ਕਿਸੇ ਕਲਾ ਕਿਰਤ ਨੂੰ

ਕਿਸੇ ਇਕ ਸੰਗਠਨਾਤਮਕ ਇਕਾਈ ਵਿਚ ਬੰਨ ਦੇਣ ਵਾਲਾ ਸਿਧਾਂਤ ਹੈ। ਕਲਾ ਰਚਨਾ ਤੋਂ ਪਹਿਲਾਂ ਕਲਾਕਾਰ ਦੇ ਮਨ ਵਿਚ ਪ੍ਰਕਿਰਤੀ ਦੀ ਕਿਸੇ ਪ੍ਰਕਿਰਿਆ ਜਾਂ ਰੂਪ ਦੀ ਮੂਰਤ ਹੁੰਦੀ ਹੈ ਤੇ ਉਹ ਆਪਣੀ ਕਲਾ ਕਿਰਤ ਨੂੰ ਇਸੇ ਮੂਰਤ ਦੇ ਮੁਹਾਂਦਰੇ ਉਪਰ ਢਾਲਦਾ ਹੈ।"2 ਕਲਾਕਾਰ ਦੀ ਲਿਖਤ ਵਿਚ ਪਾਠਕ ਦੀ ਮਾਨਸਿਕਤਾ ਦਾ ਪਰਛਾਵਾਂ ਹੁੰਦਾ ਹੈ। ਪਾਠਕ ਸ਼ਬਦਾਂ ਦੀ ਨੁਹਾਰ ਨੂੰ ਪਹਿਚਾਣਦੇ ਹੋਏ ਉਸ ਰਚਨਾ ਨੂੰ ਜੀਵਨ ਦਾ ਅਸਤਿਤਵ ਬਣਾਉਣਾ ਲੋਚਦੇ ਹਨ, ਕਿਉਂਕਿ ਕਾਵਿ ਦੇ ਤੱਤ ਗਿਆਨ ਦੇ ਸਾਗਰ ਦੀ ਤਰ੍ਹਾਂ ਮਨੁੱਖ ਨੂੰ ਸਕਾਰਾਤਮਕ ਕਰਮ ਕਰਨ ਲਈ ਪ੍ਰੇਰਦੇ ਹਨ। ਇਹ ਸਾਹਿਤ ਦੀ ਪ੍ਰਕਿਰਤੀ ਬਣ ਜਾਂਦੀ ਹੈ। ਇਸ ਤਰ੍ਹਾਂ ਸਰੋਤੇ ਕਾਵਿ ਰਚਨਾ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ, ਜੋ ਉਹਨਾਂ ਦੀਆਂ ਭਾਵਨਾਵਾਂ ਨੂੰ ਟੁੰਭਦੀ ਹੈ ਅਤੇ ਅਨੰਦ ਦਾ ਅਨੁਭਵ ਕਰਾਉਂਦੀ ਹੈ। ਮਨੁੱਖ ਨੂੰ ਅਨੰਦ ਦਾ ਅਨੁਭਵ ਕਾਵਿ ਲਿਖਤ ਰਾਹੀਂ ਸੰਗੀਤ ਨਾਲ ਹੁੰਦਾ ਹੈ।

ਸਮਾਜ ਵਿਚ ਪ੍ਰਕਿਰਤੀ ਕਾਰਨ ਹਰ ਵਸਤ ਦੂਸਰੀ ਤੋਂ ਭਿੰਨ ਹੈ ਪ੍ਰਕਿਰਤੀ ਦਾ ਅਰਥ 'ਕੁਦਰਤ, ਮਾਇਆ, ਸੁਭਾਅ, ਮਿਜਾਜ਼' ਲਿਆ ਜਾਂਦਾ ਹੈ।3 ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ ਦੀ ਸਿਰਜਣਾ ਅਕਾਲ ਪੁਰਖ ਨਾਲ ਗੁਰੂ ਸਾਹਿਬਾਨ ਦੀ ਇਕਸੁਰਤਾ ਤੋਂ ਬਾਅਦ ਧੁਰ ਦਰਗਾਹ ਦਾ ਫਰਮਾਨ ਕਹੀ ਜਾਂਦੀ ਹੈ। ਇਹਨਾਂ ਦੀ ਪ੍ਰਕਿਰਤੀ ਮਨੁੱਖੀ ਮਨ ਦੇ ਘੇਰੇ ਦੇ ਸੰਕਲਪਾਂ ਤੋਂ ਬਹੁਤ ਵਿਸ਼ਾਲ ਹੈ। ਇਸ ਪ੍ਰਕਾਰ ਚਉਪਦਿਆਂ ਦੀ ਪ੍ਰਕਿਰਤੀ ਸੰਬੰਧੀ ਕਿਸੇ ਪ੍ਰਕਾਰ ਦਾ ਵਾਦ-ਵਿਵਾਦ ਨਹੀਂ ਕੀਤਾ ਜਾ ਸਕਦਾ।

ਬਾਣੀ-ਰੂਪ ਚਉਪਦੇ ਵਿਚ ਮਨੁੱਖ ਨੂੰ ਵਿਵਹਾਰਕ ਜੀਵਨ ਵਿਚ ਪਰਮ ਸੱਤ ਪਰਮਾਤਮਾ ਦੀ ਉੱਚੀ ਸ਼ਖ਼ਸੀਅਤ ਨਾਲ ਇਕਸੁਰ ਹੋਣ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖ ਦਾ ਚਿੰਤਨ ਪਾਰਲੌਕਿਕ ਸੰਸਾਰ ਪ੍ਰਤੀ ਹੋਣਾ, ਸਭ ਤੋਂ ਪ੍ਰਮੁੱਖ ਸੁਰ ਮੰਨੀ ਜਾਂਦੀ ਹੈ। "ਇਸ ਪ੍ਰਕਾਰ ਗੁਰਬਾਣੀ ਦਾ ਸੰਬੰਧ ਦ੍ਰਿਸ਼ਟਮਾਨ ਜਗਤ ਤੋਂ ਪਾਰ ਜਾਣ ਵਾਲੀ ਪ੍ਰਕਿਰਿਆ ਨਾਲ ਹੈ। ਏਸੇ ਕਰਕੇ ਇਹ ਪਾਰਗਾਮੀ ਰਚਨਾ ਹੈ ਅਤੇ ਰਹੱਸਮਇਤਾ ਇਸ ਦੀ ਪ੍ਰਕਿਰਤੀ ਦੇ ਵਿਸ਼ੇਸ਼ ਲੱਛਣ ਵਜੋਂ ਉਭਰਦੀ ਹੈ।"4 ਬਾਣੀ-ਰੂਪ ਚਉਪਦੇ ਵਿਚਲੇ ਰਹੱਸ ਦੀ ਸਮਝ ਵਾਸਤੇ ਅਕਾਲ ਪੁਰਖ ਦੀ ਉਸਤਤ ਦੇ ਪ੍ਰਮਾਣ ਮੂਲ-ਮੰਤਰ ਨੂੰ ਦਿਬ-ਦ੍ਰਿਸ਼ਟੀ ਨਾਲ ਮੰਨਣ ਦੀ ਲੋੜ ਹੈ, ਜਦੋਂ ਮਨੁੱਖ ਪਰਮ ਸੱਤ ਦੇ ਗੁਣਾਂ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਉਹ ਵਿਸਮਾਦ ਦੀ ਅਵਸਥਾ ਨੂੰ ਪ੍ਰਾਪਤ ਕਰਨ ਤੱਕ ਪਹੁੰਚ ਕਰਨੀ ਚਾਹੁੰਦਾ ਹੈ। ਮਨੁੱਖ ਵਿਵਹਾਰਕ ਜੀਵਨ ਵਿਚ ਪ੍ਰੇਮ, ਭਗਤੀ ਦੀ ਭਾਵਨਾ ਅਤੇ ਮਨ ਦੇ ਸੰਕਲਪਾਂ ਨੂੰ ਰੂਪਾਂਤਰਨ ਕਰਨਾ ਚਾਹੁੰਦਾ ਹੈ, ਜੋ ਮਨੁੱਖ ਨੂੰ ਜੀਵਨ ਦੇ ਅਸਲ ਮਨੋਰਥ ਲਈ ਪ੍ਰੇਰਿਤ ਕਰਦੇ ਹਨ। ਇਸ ਮਨੋਰਥ ਦੀ ਪ੍ਰਾਪਤੀ ਲਈ ਮਨੁੱਖ ਸਮਾਜ ਵਿਚ ਵਿਚਰਦਾ ਹੋਇਆ ਵੀ ਨਿਰਲੇਪਤਾ ਨੂੰ ਗ੍ਰਹਿਣ ਕਰਕੇ ਪਰਮ ਸੱਤ ਦੀ ਪ੍ਰਾਪਤੀ ਲਈ ਯਤਨ ਕਰਦਾ ਹੈ। ਮਨੁੱਖ ਦੀ ਇਹ ਸਮਝ ਬਣ ਚੁੱਕੀ ਹੈ ਕਿ ਉਸ ਦੀ ਜੋਤ ਪਰਮ ਸੱਤ ਪਰਮਾਤਮਾ ਤੋਂ ਪ੍ਰਕਾਸ਼ਮਾਨ ਹੋ ਕੇ ਉਸੇ ਵਿਚ ਹੀ ਸਮਾਉਣੀ ਚਾਹੀਦੀ ਹੈ ਅਤੇ ਉਸ ਦਾ ਸੰਸਾਰ ਵਿਚ ਆਗਮਨ

ਸਾਰਥਕ ਮੰਨਿਆ ਜਾਣਾ ਹੈ। ਇਹ ਸੰਬੰਧ ਆਤਮਾ ਪਰਮਾਤਮਾ ਦਾ ਰਿਸ਼ਤਾ ਬਣ ਜਾਂਦਾ ਹੈ, ਕਿਉਂਕਿ ਇਸ ਰਿਸ਼ਤੇ ਵਿਚ ਕਿਸੇ ਤਰ੍ਹਾਂ ਦਾ ਸੁਆਰਥ ਨਹੀਂ ਰਹਿੰਦਾ। "ਨਿੱਜੀ ਅਪਣਤ ਤੋਂ ਉਪਰ ਉਠੀ ਆਤਮਾ ਦੇਸ, ਕਾਲ ਤੇ ਹਾਲਾਤ ਤੋਂ ਉਪਰ ਉਠ ਚੁੱਕੀ ਹੁੰਦੀ ਹੈ। ਇਨ੍ਹਾਂ ਤੋਂ ਆਜ਼ਾਦ ਹੋ ਗਈ ਹੁੰਦੀ ਹੈ।"5 ਇਸ ਪ੍ਰਕਾਰ ਦੀ ਆਤਮਾ ਨੂੰ ਮਾਇਆ ਦਾ ਜਾਲ਼ ਆਪਣੇ ਵਿਚ ਨਹੀਂ ਫਸਾ ਸਕਦਾ ਕਿਉਂਕਿ ਉਸ ਮਨੁੱਖ ਦੀ ਲਿਵ ਪਰਮਾਤਮਾ ਨਾਲ ਲੱਗ ਚੁਕੀ ਹੁੰਦੀ ਹੈ। ਅਜਿਹੀ ਆਤਮਾ ਨੂੰ ਸੰਸਾਰਕ ਰਿਸ਼ਤੇ ਆਡੰਬਰ ਪ੍ਰਤੀਤ ਹੁੰਦੇ ਹਨ।

ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ ਆਪਣੇ ਆਕਾਰ ਅਤੇ ਵਿਵਹਾਰਕ ਪੱਧਰ ਅਨੁਸਾਰ ਭਿੰਨਤਾ ਨੂੰ ਪੇਸ਼ ਕਰਦੀ ਹੈ ਇਹ ਇਸ ਦਾ ਮੁੱਖ ਲੱਛਣ ਹੈ। ਆਕਾਰ ਪੱਖੋਂ ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ ਚਾਰ ਪਦਾਂ ਵਿਚ ਪੇਸ਼ ਕੀਤੀ ਜਾਂਦੀ ਹੈ ਅਤੇ ਵਿਸ਼ੇ ਦੀ ਸੰਖੇਪਤਾ ਵਿਸ਼ਾਲਤਾ ਇਸ ਦੇ ਆਕਾਰ ਨੂੰ ਪੇਸ਼ ਕਰਦੀ ਹੈ। ਰਹਾਉ ਦੀਆਂ ਤੁਕਾਂ ਬਾਣੀ-ਰੂਪ ਚਉਪਦੇ ਦੀ ਖਾਸ ਵਿਸ਼ੇਸ਼ਤਾ ਹੈ, ਜੋ ਗਾਇਨ ਪੱਖ ਦੁਆਰਾ ਉਜਾਗਰ ਹੁੰਦੀ ਹੈ। ਇਸ ਨਾਲ ਪ੍ਰਕਿਰਤੀ ਅੰਦਰੂਨੀ ਸੰਕਲਪਾਂ ਦੀ ਸਪੱਸ਼ਟਤਾ ਕਰਵਾਉਂਦੀ ਹੈ। ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ ਵਿਵਹਾਰਕ ਪੱਧਰ ਤੇ ਮਨੁੱਖ ਨੂੰ ਜੀਵਨ ਵਿਚ ਅਜਿਹੇ ਗੁਣਾਂ ਦੀ ਭਰਮਾਰ ਲਈ ਪ੍ਰੇਰਿਤ ਕਰਦੀ ਹੈ, ਜਿਸ ਨਾਲ ਮਾਨਵ ਸਮਾਜ ਦੀ ਬੁਨਿਆਦ ਨੂੰ ਮਜ਼ਬੂਤ ਬਣਾ ਸਕੇ। ਇਸ ਵਾਸਤੇ ਮਨੁੱਖ ਨੂੰ ਉੱਚ ਆਚਰਣ ਦੇ ਗੁਣਾਂ ਦਾ ਹਾਣੀ ਹੋਣ ਦੀ ਪਹਿਲੀ ਸਿੱਖਿਆ ਬਾਣੀ-ਰੂਪ ਚਉਪਦੇ ਦੇ ਗਾਇਨ ਪੱਖ ਤੋਂ ਮਿਲਦੀ ਹੈ। "ਮਨੁੱਖੀ ਆਚਾਰ ਬਾਹਰਲੀ ਸ਼ਕਤੀ ਦੀ ਤਾਬਿਆਦਾਰੀ ਅਤੇ ਆਚਰਣ ਅੰਦਰਲੀ ਵਿਅਕਤੀਗਤ ਪ੍ਰੇਰਨਾ ਦੀ ਅਭਿਵਿਅਕਤੀ। ਇਹ ਠੀਕ ਹੈ ਆਚਾਰ ਵੀ ਅਭਿਆਸ ਨਾਲ ਅੰਦਰਲੀ ਪ੍ਰੇਰਨਾ ਦੀ ਅਭਿਵਿਅਕਤੀ ਵਿਚ ਬਦਲ ਜਾਂਦਾ ਹੈ, ਪਰ ਵਿਅਕਤੀਗਤ ਪ੍ਰੇਰਨਾ ਨਹੀਂ ਹੁੰਦੀ। ਆਚਰਨ ਵਿਅਕਤੀਗਤ ਵਸਤੂ ਹੈ। ਮਨੁੱਖ ਦੇ ਆਚਰਨ ਨੂੰ ਉਤਮ ਬਣਾਉਣ ਲਈ ਸ਼ੁਭ ਗੁਣਾਂ ਦੇ ਅਭਿਆਸ ਦੀ ਲੋੜ ਹੈ ਅਤੇ ਰੱਬ ਨੂੰ ਭਾਵਵਾਚਕ ਗੁਣਾਂ ਦਾ ਭੰਡਾਰ ਜਾਣ ਕੇ ਉਸ ਦੀ ਉਪਾਸਨਾ ਕਰਨ ਲਈ ਮਨੁੱਖੀ ਆਚਰਨ ਵਿਚ ਗੁਣਾਂ ਦਾ ਸੰਚਾਰ ਹੋ ਜਾਂਦਾ ਹੈ।"6 ਅਜਿਹੇ ਗੁਣ ਸਮਾਜ ਲਈ ਪ੍ਰੇਰਨਾ ਦਾ ਸਬੂਤ ਹੁੰਦੇ ਹਨ, ਜਿਸ ਨਾਲ ਮਨੁੱਖਤਾ ਵਿਚ ਸਮਾਨਤਾ ਦਾ ਦਰਜਾ ਪੈਦਾ ਹੁੰਦਾ ਹੈ। ਸ਼ੁਭ ਆਚਰਨ ਦਾ ਧਾਰਨੀ ਮਨੁੱਖ ਸਮਾਜ ਦੀਆਂ ਮੁਸ਼ਕਿਲਾਂ ਨੂੰ ਸਮਝਦਾ ਹੋਇਆ ਲੋਕ ਭਲਾਈ ਦੇ ਕਾਰਜਾਂ ਵਿਚ ਅੱਗੇ ਆਉਂਦਾ ਹੈ, ਕਿਉਂਕਿ ਇਹ ਗੁਣ ਮਨੁੱਖ ਵਿਚ ਚਉਪਦੇ ਦੀ ਪ੍ਰਕਿਰਤੀ ਦੇ ਗਾਇਨ ਪੱਖ ਦੁਆਰਾ ਸੰਚਾਰਿਤ ਹੋਏ ਹਨ :

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ (ਗੁ. ਗ੍ਰੰ. 526)

ਬਾਣੀ ਰੂਪ ਚਉਪਦੇ ਅਨੁਸਾਰ ਮਨੁੱਖ ਦਾ ਜੀਵਨ ਮਰਯਾਦਾ ਵਿਚ ਬੱਝ ਜਾਂਦਾ ਹੈ। ਇਥੇ ਸੰਕੇਤ ਮਿਲਦਾ ਹੈ ਕਿ ਚਉਪਦੇ ਦੀ ਪ੍ਰਕਿਰਤੀ ਮਨੁੱਖਤਾ ਦੀ ਵਿਚਾਰਧਾਰਾ ਦਾ ਰੂਪਾਂਤਰਨ ਕਰਦੀ ਹੈ।

ਕਾਵਿ ਅਤੇ ਬਾਣੀ ਦਾ ਬੁਨਿਆਦੀ ਫ਼ਰਕ ਪੇਸ਼ ਕਰਕੇ, ਇਹਨਾਂ ਦੀ ਪ੍ਰਕਿਰਤੀ ਦੇ ਅੰਤਰ ਨੂੰ ਸਪਸ਼ਟ ਕੀਤਾ ਜਾ ਸਕਦਾ ਹੈ। ਕਾਵਿ ਦੇ ਅਨੰਦ ਦੁਆਰਾ ਸਰੋਤੇ ਦੇ ਮਨ ਵਿਚ ਜੋ ਸੁਹਜ ਪੈਦਾ ਹੁੰਦਾ ਹੈ, ਉਸ ਦੁਆਰਾ ਮਨੁੱਖ ਚਿੰਤਨ ਦੇ ਪ੍ਰਸਾਰ ਵੱਲ ਵੱਧਦਾ ਹੈ। ਉਹ ਸਰਬੱਤ ਦੇ ਭਲੇ ਲਈ ਸਿਧਾਂਤਾਂ ਨੂੰ ਉਜਾਗਰ ਕਰਦਾ ਹੈ ਪਰੰਤੂ ਗੁਰਬਾਣੀ ਦੀ ਪ੍ਰਕਿਰਤੀ ਦੁਆਰਾ ਪੈਦਾ ਹੋਇਆ ਸੁਹਜ, ਅਨੰਦ, ਮਨੁੱਖਤਾ ਨੂੰ ਅਕਾਲ ਪੁਰਖ ਦੀ ਇਕਸੁਰਤਾ ਲਈ ਤਾਂਘ ਪੈਦਾ ਕਰ ਦਿੰਦੀ ਹੈ। "ਭਾਰਤੀ ਕਾਵਿ ਸਾਸ਼ਤਰ ਨੇ ਕਵਿਤਾ ਦੇ ਸੁਹਜ ਨੂੰ ਅਨੰਦ ਜਾਂ ਹਿਰਦੇ ਦੀ ਮੁਕਤ ਅਵੱਸਥਾ ਦਾ ਨਾਮ ਦਿੱਤਾ ਹੈ। ਇਸ ਅਵਸਥਾ ਤੇ ਪਹੁੰਚ ਕੇ ਕਾਵਿ ਸਰੋਤੇ ਜਾਂ ਕਾਵਿ-ਪਾਠਕ ਦਾ ਹਿਰਦਾ ਆਪਣੀ ਨਿੱਜੀ ਹਉ ਤੋਂ ਮੁਕਤ ਹੋ ਜਾਂਦਾ ਹੈ ਅਤੇ ਉਹ ਦਾ ਵਿਅਕਤੀ ਹਿਰਦਾ ਸਮੁੱਚੀ ਲੁਕਾਈ ਦਾ ਹਿਰਦਾ ਜਾਂ ਲੋਕ ਹਿਰਦਾ ਬਣ ਜਾਂਦਾ ਹੈ।"7 ਬਾਣੀ ਮਨੁੱਖ ਦੇ ਮਨ ਨੂੰ ਪਦਾਰਥਕ ਸੰਸਾਰ ਤੋਂ ਅਵੇਸਲਾ ਕਰਨ ਦਾ ਕਾਰਜ ਕਰਦੀ ਹੈ। ਕਾਵਿ ਰਾਹੀਂ ਮਨੁੱਖ ਅੰਦਰੂਨੀ ਮਨ ਦੇ ਸੰਕਲਪਾਂ ਦਾ ਵਿਵੇਚਨ ਕਰਕੇ ਅਨੰਦ ਪ੍ਰਾਪਤ ਕਰਦਾ ਹੈ ਜਦਕਿ ਗੁਰਬਾਣੀ ਮਨੁੱਖ ਨੂੰ ਨਵੇਂ ਸੰਕਲਪਾਂ ਦੀ ਧਾਰਨਾ ਦੁਆਰਾ ਅਨੰਦ ਦੀ ਪ੍ਰਾਪਤੀ ਕਰਵਾਉਂਦੀ ਹੈ। ਇਹਨਾ ਨਵੇਂ ਸੰਕਲਪਾਂ ਦੀ ਪ੍ਰਾਪਤੀ ਮਨੁੱਖ ਨੂੰ ਭਾਸ਼ਾ ਰਾਹੀਂ ਹੁੰਦੀ ਹੈ। ਭਾਸ਼ਾ ਦੁਆਰਾ ਵਸਤੂ ਦੇ ਬਿੰਬ ਉਭਰਦੇ ਹਨ ਅਤੇ ਮਨੁੱਖ ਉਹਨਾਂ ਦੀ ਪ੍ਰਤੀਤ ਕਰਦਾ ਹੈ।

ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ ਵਿਚ ਪਰਮਾਤਮਾ ਨਾਲ ਮਨੁੱਖ ਦੇ ਰਿਸ਼ਤੇ ਦੀ ਸਾਂਝ ਸਾਰੇ ਸਮਾਜਿਕ ਰਿਸ਼ਤਿਆਂ ਵਿਚ ਵੇਖੀ ਗਈ ਹੈ। ਇਹ ਸਾਰੇ ਰਿਸ਼ਤੇ ਮਨੁੱਖ ਦੇ ਜੀਵਨ ਵਿਚ ਨਾਲ-ਨਾਲ ਚਲਦੇ ਹਨ ਅਤੇ ਮਨੁੱਖ ਇਹਨਾਂ ਰਿਸ਼ਤਿਆਂ ਨਾਲ ਇਕ ਦੂਜੇ ਦਾ ਸੰਗੀ ਰਹਿੰਦਾ ਹੈ। ਇਹਨਾਂ ਸਾਰੇ ਰਿਸ਼ਤਿਆਂ ਵਿਚੋਂ ਵਧੇਰੇ ਸਾਂਝ ਪਿਤਾ ਦੇ ਰਿਸ਼ਤੇ ਦੀ ਹੈ, ਜੋ ਮਨੁੱਖ ਨੂੰ ਪੜਾ ਲਿਖਾ ਕੇ ਜੀਵਨ ਜਿਊਣ ਦੇ ਯੋਗ ਬਣਾਉਂਦਾ ਹੈ। ਇਸੇ ਤਰ੍ਹਾਂ ਬਾਣੀ ਵਿਚਲੇ ਵਸਤੂ ਦੀ ਪ੍ਰਕ੍ਰਿਤੀ ਮਨੁੱਖ ਨੂੰ ਪਾਰਲੌਕਿਕ ਸੰਸਾਰ ਦੀ ਸਿੱਖਿਆ ਦਿੰਦੀ ਹੈ ਅਤੇ ਪਰਮਾਤਮਾ ਮਨੁੱਖ ਦਾ ਪਿਤਾ ਬਣ ਕੇ ਬਾਣੀ ਦੇ ਵਸਤੂ ਰਾਹੀਂ ਮਨੁੱਖ ਨੂੰ ਸੁਚੇਤ ਕਰਦਾ ਰਹਿੰਦਾ ਹੈ। ਇਥੇ ਸੰਕੇਤ ਮਿਲਦਾ ਕਿ ਬਾਣੀ ਦੀ ਪ੍ਰਕਿਰਤੀ ਰਾਹੀਂ ਸਮਾਜ ਦੇ ਪਦਾਰਥਕ ਸੰਕੇਤਾਂ ਨੂੰ ਜੀਵ ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਇਸ ਵਾਸਤੇ ਬਾਣੀ ਦੀ ਪ੍ਰਕਿਰਤੀ ਵਿਚ ਸਮਾਜਿਕ ਜੀਵਨ ਦੇ ਪ੍ਰਤੀਕ ਵਰਤ ਕੇ ਮਨੁੱਖਤਾ ਦੇ ਸੰਕਲਪਾਂ ਵਿਚ ਪਰਿਵਰਤਨ ਕੀਤਾ ਜਾਣਾ ਚਾਹੀਦਾ ਹੈ।

ਬਾਣੀ ਦੀ ਪ੍ਰਕਿਰਤੀ ਮਨੁੱਖ ਦੇ ਚਿੰਤਨ ਨਾਲ ਸੰਬੰਧਿਤ ਹੈ। ਇਹ ਮਨੁੱਖ ਦੇ ਮਨ ਵਿਚ ਦੋ ਪ੍ਰਕਾਰ ਦੇ ਵਿਵਾਦਾਂ ਨੂੰ ਪੈਦਾ ਕਰ ਦਿੰਦੀ ਹੈ। ਮਾਇਆ ਦਾ ਜੰਜਾਲ ਅਤੇ ਬ੍ਰਹਮ ਦੀ ਸੁਮੇਲਤਾ, ਇਹ ਦੋਵੇਂ ਇਕ ਦੂਜੇ ਨਾਲ ਸੰਬੰਧਿਤ ਹੋਣ ਤੇ ਇਕ ਦੂਜੇ ਦੇ ਵਿਰੋਧੀ ਵੀ ਹਨ। ਮਾਇਆ ਮਨੁੱਖ ਨੂੰ ਤਣਾਉ ਵਿਚ ਜਕੜਦੀ ਹੈ ਤੇ ਬ੍ਰਹਮ ਸਾਰੇ ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ। ਇਸ ਵਾਸਤੇ

ਮਨੁੱਖ ਨੇ ਸੁਚੇਤ ਹੋ ਕੇ ਸਹਿਜ ਦੀ ਪ੍ਰਾਪਤੀ ਕਰਨੀ ਹੈ। ਬਾਣੀ ਦੇ ਅਧਿਐਨ ਦੁਆਰਾ ਸੁਹਜ ਨੂੰ ਪ੍ਰਾਪਤ ਕਰਨਾ, ਮਨੁੱਖ ਦੀ ਮਾਨਸਿਕਤਾ ਤੇ ਨਿਰਭਰ ਕਰਦਾ ਹੈ। ਮਨੁੱਖ ਬ੍ਰਹਮ ਦੀ ਹੋਂਦ ਨੂੰ ਸਮਝਣ ਦੇ ਸਮਰਥ ਹੈ। ਬ੍ਰਹਮ ਦੀ ਹੋਂਦ ਮਨੁੱਖ ਵਿਚ ਇਕਾਗਰਤਾ ਬਖ਼ਸ਼ਦੀ ਹੈ, ਜਿਸ ਨਾਲ ਵਿਸਮਾਦ ਪੈਦਾ ਹੁੰਦਾ ਹੈ। ਇਸ ਵਿਸਮਾਦ ਦੇ ਅਨੰਦ ਨੂੰ ਅਨੁਭਵ ਨਾਲ ਜਾਣਿਆ ਜਾ ਸਕਦਾ ਹੈ। ਹਰ ਪ੍ਰਾਣੀ ਦੀ ਜਾਗਰੁਕਤਾ ਇਸ ਅਨੰਦ ਪ੍ਰਤੀ ਵੱਖਰੀ ਹੁੰਦੀ ਹੈ। ਇਹ ਅਨੰਦ ਮਨੁੱਖ ਨੂੰ ਬੰਧਨਾਂ ਤੋਂ ਮੁਕਤ ਕਰਦਾ ਹੈ ਅਤੇ ਮਨੁੱਖ ਨੂੰ ਸਹਿਜ ਦੀ ਬਿਰਤੀ ਵੱਲ ਲੈ ਜਾਂਦਾ ਹੈ। "ਸਹਿਜ ਛਿਣ ਭਰ ਦਾ ਵੇਗ ਨਹੀ, ਇਕ ਨਵੀ ਪ੍ਰਕਾਰ ਦੀ ਜੀਵਨ ਚੇਤਨਾ ਦਾ ਉਦੈ ਹੈ। ਮਨੁੱਖ ਛਿਣ ਭਰ ਲਈ ਜੀਵਨ ਦੇ ਬੋਝ ਤੋਂ ਮੁਕਤ ਨਹੀਂ ਹੁੰਦਾ ਸਗੋਂ ਉਸ ਵਿਚ ਜੀਵਨ ਸੰਬੰਧੀ ਨਵੀਂ ਚੇਤਨਾ ਜਾਗਦੀ ਹੈ ਅਤੇ ਫੇਰ ਲਗਾਤਾਰ ਬਣੀ ਰਹਿੰਦੀ ਹੈ ਇਸ ਪ੍ਰਕਾਰ ਮਨੁੱਖ ਦੇ ਜੀਵਨ ਦਾ ਵਾਤਾਵਰਨ ਬਦਲ ਜਾਂਦਾ ਹੈ।"8 ਬਾਣੀ ਦੀ ਪ੍ਰਕਿਰਤੀ ਮਨੁੱਖ ਵਿਚ ਸਹਿਜ ਪੈਦਾ ਕਰਕੇ ਅਜਿਹੀ ਚਿਣਗ ਪੈਦਾ ਕਰਦੀ ਹੈ, ਮਨੁੱਖ ਆਪਣੇ ਬਾਹਰੀ ਵਾਤਾਵਰਣ ਨੂੰ ਬਦਲਣਾ ਚਾਹੁੰਦਾ ਹੈ। ਇਸ ਵਾਸਤੇ ਮਨੁੱਖ ਬੁਰੇ ਕਰਮਾਂ ਤੋਂ ਦੂਰ ਰਹਿਣਾ ਚਾਹੁੰਦਾ ਹੈ।

ਚਉਪਦੇ ਦੀ ਪ੍ਰਕਿਰਤੀ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੀ ਹੈ। ਇਸ ਨੂੰ ਕਿਸੇ ਇਕ ਧਰਮ ਨਾਲ ਨਹੀਂ ਜੋੜਿਆ ਜਾ ਸਕਦਾ। "ਇਹ ਅਸੰਪ੍ਰਦਾਇਕ ਪ੍ਰਕਿਰਤੀ ਵਾਲੀ ਰਚਨਾ ਹੈ। ਇਸ ਗੱਲ ਦਾ ਪ੍ਰਮਾਣ ਏਥੋਂ ਵੀ ਮਿਲ ਜਾਂਦਾ ਹੈ ਕਿ ਬਾਣੀ ਵਿਚ ਹੋਰ ਸਮਕਾਲੀ ਜਾਂ ਪੂਰਵਕਾਲੀ ਧਰਮਾਂ ਫਿਰਕਿਆਂ ਉਨ੍ਹਾਂ ਦੇ ਕਰਮਕਾਂਡਾਂ ਤੇ ਉਨ੍ਹਾਂ ਦੀਆਂ ਸਾਧਨਾ ਵਿਧੀਆਂ ਦਾ ਵੀ ਜ਼ਿਕਰ ਆਉਂਦਾ ਹੈ।"9 ਇਸ ਦੇ ਅਸੰਪ੍ਰਦਾਇਕ ਪ੍ਰਕਿਰਤੀ ਦੇ ਹੋਣ ਦਾ ਕਾਰਨ ਇਸ ਵਿਚ 11 ਭੱਟ ਤੇ 16 ਭਗਤਾਂ ਦੀ ਬਾਣੀ ਦਾ ਦਰਜ ਹੋਣਾ ਹੈ, ਜੋ ਵੱਖ-ਵੱਖ ਧਰਮਾਂ ਜਾਂ ਜਾਤਾਂ ਨਾਲ ਸੰਬੰਧਿਤ ਸਨ। ਉਹਨਾਂ ਨੇ ਅਕਾਲ ਪੁਰਖ ਨਾਲ ਇਕਸੁਰਤਾ ਕਾਇਮ ਕਰਕੇ ਮਨੁੱਖਤਾ ਨੂੰ ਭਰਮ ਭੁਲੇਖਿਆਂ 'ਚੋਂ ਕੱਢਣ ਵਿਚ ਯੋਗਦਾਨ ਪਾਇਆ ਹੈ।

ਮਨੁੱਖ ਵਿਚ ਇੰਦ੍ਰਆਵੀ ਗਿਆਨ ਕਾਰਨ ਈਰਖਾ ਅਤੇ ਪ੍ਰੇਮ ਦੇ ਬੀਜ ਫੁਟਦੇ ਰਹਿੰਦੇ ਹਨ। ਮਨੁੱਖ ਦੀਆਂ ਇਹ ਅਵਸਥਾਵਾਂ ਹਲਾਤਾਂ ਤੇ ਨਿਰਭਰ ਕਰਦੀਆਂ ਹਨ। "ਸੱਚ, ਪਿਆਰ, ਦਇਆ, ਤਿਆਗ, ਨਿਮਰਤਾ, ਆਦਿਕ ਮਨੁੱਖੀ ਮਨ ਦੀਆਂ ਦੈਵੀ ਸ਼ਕਤੀਆਂ ਹਨ ਅਤੇ ਲੋਭ, ਮੋਹ, ਹੰਕਾਰ, ਕ੍ਰੋਧ, ਕਾਮ ਆਦਿ ਅਸੁਰੀ ਸ਼ਕਤੀਆਂ ਹਨ।"10 ਮਨੁੱਖ ਵਿਚ ਇਹਨਾਂ ਦੋਹਾਂ ਸ਼ਕਤੀਆਂ ਦੀ ਪੈਦਾਇਸ਼ ਜਨਮ ਤੋਂ ਹੁੰਦੀ ਹੈ। ਇਹਨਾਂ ਅਸੁਰੀ ਸ਼ਕਤੀਆਂ ਦੀ ਮਾਤਰਾ ਦੇ ਵਧਣ ਨਾਲ ਮਨੁੱਖ ਦਾ ਸੰਤੁਲਨ ਵਿਗੜ ਜਾਂਦਾ ਹੈ, ਜਿਸ ਨਾਲ ਮਨੁੱਖ ਦੈਂਤ ਬਣ ਜਾਂਦਾ ਹੈ ਉਸ ਨੂੰ ਆਪਣੇ ਪਰਾਏ ਦੀ ਸਮਝ ਵੀ ਨਹੀਂ ਰਹਿੰਦੀ। ਇਹਨਾਂ ਦੇ ਸੰਤੁਲਨ ਵਾਸਤੇ ਬਾਣੀ ਦੀ ਪ੍ਰਕਿਰਤੀ ਦੁਆਰਾ ਅਧਿਆਤਮਿਕ ਵਿਚਾਰਾਂ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ। ਇਸ ਨਾਲ ਮਨੁੱਖ ਦੇ ਮਨ ਦਾ ਵਿਕਾਸ ਹੁੰਦਾ ਹੈ।

ਭਾਵ ਮਨ ਗਿਆਨ, ਪ੍ਰਕਾਸ਼ ਦੀਆਂ ਤਰੰਗਾਂ ਵੱਲ ਵੱਧਦਾ ਹੈ। ਬਾਣੀ ਰੂਪ ਚਉਪਦੇ ਵਿਚ ਵਿਕਾਸ ਦੇ ਸਥਾਨ ਤੇ ਵਿਗਾਸ ਸ਼ਬਦ ਵਰਤਿਆ ਗਿਆ ਹੈ। ਮਹਾਨ ਕੋਸ਼ ਅਨੁਸਾਰ, ਵਿਗਾਸ ਦਾ ਅਰਥ ਵਿਕਾਸ, ਖਿੜਨਾ, ਪ੍ਰਸੰਨਤਾ ਲਏ ਜਾਂਦੇ ਹਨ।11 ਬਾਣੀ ਮਨੁੱਖ ਦੇ ਮਨ ਨੂੰ ਚੜਦੀ ਕਲਾ ਵਿਚ ਰੱਖਦੀ ਹੈ। "ਵਿਗਾਸ ਚਿੰਨ/ਸ਼ਬਦ/ਸੰਕਲਪ ਵਜੋਂ ਸਾਰੀ ਵਿਸ਼ਵ ਸਭਿਆਚਾਰ ਨੂੰ ਵਿਸ਼ੇਸ਼ ਅਤੇ ਮੌਲਿਕ ਦੇਣ ਹੈ। ਵਿਗਾਸ ਵਿਚ ਖਿੜਨਾ ਵੀ ਸ਼ਾਮਿਲ ਹੈ, ਜੇ ਯੋਗ ਸੰਸਥਾਵਾਂ, ਰਾਜਨੀਤੀ ਅਤੇ ਆਰਥਿਕਤਾ ਕਿਸੇ ਸਭਿਆਚਾਰ, ਵਿਅਕਤੀ ਅਤੇ ਭਾਸ਼ਾ ਨੂੰ ਖਿੜਨ ਤੱਕ ਨਹੀਂ ਪਹੁੰਚਾਉਂਦੇ ਤਾਂ ਉਹ ਵਿਗਾਸਮੁਖੀ ਨਹੀਂ ਹਨ।"12 ਕਿਸੇ ਸਭਿਆਚਾਰ ਨੂੰ ਜਾਨਣ ਵਾਸਤੇ ਧਰਮ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਥੇ ਬਾਣੀ ਦੀ ਪ੍ਰਕਿਰਤੀ ਦਾ ਵਿਸ਼ੇਸ਼ ਸਥਾਨ ਹੈ। ਇਥੇ ਸੰਕੇਤ ਮਿਲਦਾ ਕਿ ਬਾਣੀ ਕਾਰਨ ਸੰਸਥਾਵਾਂ ਦੇ ਕਰਮਚਾਰੀ ਕਿਸੇ ਪ੍ਰਕਾਰ ਦਾ ਭ੍ਰਿਸ਼ਟਾਚਾਰ ਨਹੀਂ ਕਰਨਗੇ। ਸਾਰੇ ਵਰਗਾਂ ਵਿਚ ਸਮਾਨਤਾ ਹੋਣ ਕਾਰਨ ਸਮਾਜ ਵਿਕਾਸ ਕਰੇਗਾ ਅਤੇ ਰਾਜਨੀਤਿਕ ਆਗੂ ਆਪਣੇ ਕਰਤੱਵ ਨੂੰ ਸਮਝਦੇ ਹੋਏ ਸਮਾਜ ਦੀ ਭਲਾਈ ਦੇ ਕਾਰਜ ਕਰਨਗੇ, ਪਰੰਤੂ ਇਹ ਸਾਰਾ ਪਸਾਰਾ ਚਉਪਦੇ ਦੀ ਗਾਇਨ ਸ਼ੈਲੀ ਦੇ ਪ੍ਰਭਾਵ ਕਾਰਨ ਹੋਣਾ ਸੰਭਵ ਹੋ ਸਕਦਾ ਹੈ। ਜੋ ਸਮਾਜ ਦੀ ਵਿਚਾਰਧਾਰਾ ਦਾ ਬਦਲਾਵ ਕਰ ਸਕਦੀ ਹੈ ਅਤੇ ਸਮਾਜ ਦਾ ਹਰ ਵਰਗ ਆਪਣੀ ਜ਼ਰੂਰਤਾਂ ਦੀ ਪੂਰਤੀ ਹੋਣ ਕਾਰਨ ਮਾਨਸਿਕ ਅਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਵਾਸਤੇ ਰਾਜਨੀਤਿਕ ਸੰਸਥਾਵਾਂ ਦੇ ਮੁਖੀਆਂ ਦੇ ਸੰਕਲਪਾਂ ਦਾ ਨਿਸ਼ਕਾਮ ਹੋਣਾ ਬਹੁਤ ਜਰੂਰੀ ਹੈ। ਉਹਨਾਂ ਨੂੰ ਸਮਾਜ ਕਲਿਆਣ ਦੇ ਕਾਰਜਾਂ ਨੂੰ ਮੁੱਖ ਰੱਖ ਕੇ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ ਹਨ।

ਬਾਣੀ ਵਿਚ ਬਿੰਬ, ਅਲੰਕਾਰਾਂ, ਪ੍ਰਤੀਕਾਂ ਆਦਿ ਦੀ ਵਰਤੋਂ ਸਮਾਜ ਨੂੰ ਸੇਧ ਦੇਣ ਵਾਸਤੇ ਕੀਤੀ ਗਈ ਹੈ। ਇਸੇ ਕਾਰਨ ਗੁਰੂ ਸਾਹਿਬਾਨ ਧੁਰ ਦੀ ਬਾਣੀ ਨੂੰ ਰਿਦਮ ਵਿਚ ਗਾਇਨ ਕਰਦੇ ਹਨ, ਜਿਸ ਕਾਰਨ ਸ੍ਰਿਸ਼ਟੀ ਦੀ ਹਰ ਵਸਤ ਪ੍ਰਭਾਵਿਤ ਹੁੰਦੀ ਹੈ। ਇਸ ਅਲੌਕਿਕ ਦ੍ਰਿਸ਼ਟੀ ਦੀ ਪ੍ਰਾਪਤੀ ਅਕਾਲ ਪੁਰਖ ਦੀ ਮਿਹਰ ਉਤੇ ਨਿਰਭਰ ਕਰਦੀ ਹੈ। ਬਾਣੀ ਦੀ ਪ੍ਰਕਿਰਤੀ ਨੂੰ ਮਨੁੱਖੀ ਮਾਨਸਿਕਤਾ ਵਿਚ ਪੈਦਾ ਕਰਨ ਵਾਸਤੇ ਪਾਰਲੌਕਿਕ ਸੰਸਾਰ ਦੀ ਹੋਂਦ ਦਾ ਚੌਖਟਾ ਤਿਆਰ ਕਰਨਾ ਜ਼ਰੂਰੀ ਹੈ। ਇਸ ਤਰ੍ਹਾਂ ਮਨੁੱਖ ਨਾਮ ਨੂੰ ਬਿਹਬਲਤਾ ਨਾਲ ਗ੍ਰਹਿਣ ਕਰੇਗਾ।

### (ੳ) ਦਾਰਸ਼ਨਿਕ ਪੱਖ

ਦਰਸ਼ਨ ਲਈ ਅੰਗਰੇਜ਼ੀ ਵਿਚ ਫ਼ਿਲਾਸਫ਼ੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਦਾਰਸ਼ਨਿਕ ਅਧਿਐਨ ਵਿਚ ਤਰਕ ਦੇ ਆਧਾਰ ਤੇ ਸੋਚਿਆ ਜਾਂਦਾ ਹੈ। ਇਸ ਵਿਚ ਬੁੱਧੀ ਦਾ ਘੇਰਾ ਇਨਾਂ ਵਿਸ਼ਾਲ ਹੋ ਜਾਂਦਾ ਹੈ ਕਿ ਮਨੁੱਖ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਅੰਤਿਮ ਸੱਚ ਤੱਕ ਪਹੁੰਚਣਾ ਚਾਹੁੰਦਾ ਹੈ। ਅਜਿਹੇ ਸੱਚ ਨੂੰ ਜਾਣਨ ਵਾਸਤੇ ਮਨੁੱਖ ਨੂੰ ਕੁਝ ਅਜਿਹੇ ਸੰਕਲਪਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਮਨੁੱਖ ਦੇ ਮਨ ਵਿਚ ਦਵੰਦ ਉਪਜਦਾ ਹੈ। ਦਾਰਸ਼ਨਿਕ ਪੱਖ ਵਿਚ, ਮਨੁੱਖ ਦੇ ਚਿੰਤਨ ਨੂੰ ਪਹਿਲ ਦਿੱਤੀ

ਜਾਂਦੀ ਹੈ। ਇਸੇ ਦੇ ਆਧਾਰ ਤੇ ਮਨੁੱਖ ਪਦਾਰਥਵਾਦੀ ਜਗਤ ਦੀ ਵਿਸ਼ਾਲਤਾ ਨੂੰ ਸਮਝ ਸਕਦਾ ਹੈ। ਇਸ ਲਈ ਮਨੁੱਖ ਦੀ ਅਨੁਭੂਤੀ ਦਾ ਘੇਰਾ ਵਿਸ਼ਾਲ ਹੋਣਾ ਚਾਹੀਦਾ ਹੈ। ਇਸ ਅਨੁਭਵ ਦੇ ਪ੍ਰਸਾਰ ਨਾਲ ਮਨੁੱਖ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਸਮਝਦਾ ਹੋਇਆ, ਇਸ ਦੇ ਅਛੋਹ ਪ੍ਰਤੀਕਾਂ ਤੋਂ ਦੂਰ ਨਹੀਂ ਹੋ ਸਕਦਾ। ਵੇਦਾਂ, ਉਪਨਿਸ਼ਦਾਂ ਦੇ ਸਮੇਂ ਮਨੁੱਖ ਬ੍ਰਹਮ ਦੀ ਹੋਂਦ ਪ੍ਰਤੀ ਜਗਿਆਸਾ ਪ੍ਰਾਪਤ ਕਰਨ ਵਾਸਤੇ ਜਗਤ ਨੂੰ ਮਾਇਆ ਦਾ ਪਸਾਰਾ ਜਾਣਦਾ ਹੈ। ਮਾਇਆ ਦੇ ਪਸਾਰੇ ਦੇ ਪ੍ਰਭਾਵ ਨੂੰ ਘੱਟ ਕਰਨ ਵਾਸਤੇ ਵੇਦਾਂ ਉਪਨਿਸ਼ਦਾਂ ਦੇ ਮੰਤਰਾਂ ਨੂੰ ਗਾਇਨ ਸ਼ੈਲੀ ਦੁਆਰਾ ਪੇਸ਼ ਕੀਤਾ ਜਾਣ ਲੱਗਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਹੋਣ ਲੱਗ ਪਈ।

ਵਲਭਾਚਾਰੀਆ ਦੇ ਪ੍ਰਭਾਵ ਤੋਂ ਉਤਸ਼ਾਹਿਤ ਹੋ ਕੇ ਸੂਰਦਾਸ ਨੇ ਭਗਤੀ ਕਾਵਿ ਦੇ ਪਦੇ ਰਚੇ ਹਨ। ਇਸ ਪ੍ਰਕਾਰ ਸੂਰਦਾਸ, ਤੁਲਸੀਦਾਸ, ਮੀਰਾਬਾਈ ਨੇ ਭਗਤੀ ਲਹਿਰ ਦੀ ਪਰੰਪਰਾ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਇਹਨਾਂ ਨੇ ਪਰਮਾਤਮਾ ਦੇ ਸਰਗੁਣ ਸਰੂਪ ਨੂੰ ਅਪਨਾਇਆ। ਇਹਨਾਂ ਨੇ ਸਰਗੁਣ ਸਰੂਪ ਰਾਮ ਅਤੇ ਕ੍ਰਿਸ਼ਨ ਦੀ ਮਹਿਮਾ ਵਿਚ ਪਦੇ ਰਚੇ ਅਤੇ ਗਾਇਨ ਕੀਤੇ। ਇਹਨਾਂ ਦੇਵਤਿਆਂ ਤੋਂ ਬ੍ਰਾਹਮਣਵਾਦ ਹੋਂਦ ਵਿਚ ਆਇਆ। ਗੁਰਚਰਨ ਸਿੰਘ ਅਨੁਸਾਰ, ਜਿਸ ਨਾਲ ਮਨੁੱਖਤਾ ਵਿਚ ਭੇਦਭਾਵ ਦਾ ਪਸਾਰਾ ਵਧਿਆ। ਮਨੁੱਖ ਬ੍ਰਹਮ ਨੂੰ ਜਾਣਨ ਦੀ ਬਜਾਏ ਊਚ-ਨੀਚ ਦੇ ਚੱਕਰਾਂ ਵਿਚ ਪੈ ਗਿਆ। ਇਸ ਮੋਹ ਮਾਇਆ ਦੇ ਪਸਾਰੇ ਵਿਚੋਂ ਊਚ-ਨੀਚ ਨੂੰ ਖ਼ਤਮ ਕਰਨ ਲਈ ਭਗਤੀ ਲਹਿਰ ਹੋਂਦ ਵਿਚ ਆਈ।14 ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਹੋਂਦ ਵਿਚ ਆਉਣ ਕਾਰਨ ਇਸ ਗ੍ਰੰਥ ਵਿਚ ਭਗਤ ਬਾਣੀ ਦੀ ਸੁਮੇਲਤਾ ਨੇ ਊਚ-ਨੀਚ ਦੀ ਭੇਦਤਾ ਨੂੰ ਖ਼ਤਮ ਕਰ ਦਿੱਤਾ ਅਤੇ ਬ੍ਰਹਮ ਦੀ ਹੋਂਦ ਨੂੰ ਅਨੁਭਵ ਕੀਤਾ ਜਾਣ ਲੱਗਾ। ਇਸ ਅਨੁਭਵ ਦੇ ਅਹਿਸਾਸ ਨੇ ਆਤਮਿਕ ਅਨੰਦ ਦਾ ਬੀਜ ਪੈਦਾ ਕੀਤਾ, ਜਿਸ ਨਾਲ ਮਨੁੱਖ ਗਿਆਨ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਉਸ ਦੇ ਨਿਰਗੁਣ ਸਰੂਪ ਨੂੰ ਮਨੁੱਖ ਅਨੁਭਵ ਦੁਆਰਾ ਪੇਸ਼ ਕਰ ਸਕਦਾ ਹੈ। ਇਸ ਦਾ ਅਹਿਸਾਸ ਮਨੁੱਖ ਨੂੰ ਨਾਮ ਨਾਲ ਲਿਵ ਜੋੜਨ ਨਾਲ ਹੋਣ ਲੱਗ ਜਾਂਦਾ ਹੈ :

ਤੂੰ ਨਿਰਗੁਣ ਸਰਗੁਣ ਸੁਖਦਾਤਾ॥

ਤੂੰ ਨਿਰਬਾਣ ਰਸੀਆ ਰੰਗਿ ਰਾਤਾ॥ (ਗੁ. ਗ੍ਰੰ. 102)

**ਬ੍ਰਹਮ :** ਸਾਰੀ ਮਨੁੱਖਤਾ ਵਿਚ ਬ੍ਰਹਮ ਦਾ ਪਸਾਰਾ ਹੈ। ਬ੍ਰਹਮ ਨਿਰਗੁਣ ਸਰੂਪ ਵਿਚ ਪ੍ਰਕਿਰਤੀ ਦੀ ਹਰ ਵਸਤ ਵਿਚ ਵਿਦਮਾਨ ਹੈ। ਸਾਰੇ ਜਗਤ ਦਾ ਨਿਰਮਾਣ ਕਰਕੇ ਉਹ ਇਸ ਵਿਚ ਆਪ ਪਸਰਿਆ ਹੈ। ਸਾਰੇ ਜੀਵ ਉਸ ਬ੍ਰਹਮ ਦੇ ਅੰਸ਼ ਹਨ। ਮਨੁੱਖ ਨੇ ਆਪਣੇ ਸੰਕਲਪਾਂ ਦੁਆਰਾ ਬ੍ਰਹਮ ਦੀ ਜੋਤ ਵਿਚ ਵਿਲੀਨ ਹੋਣਾ ਹੈ। ਬ੍ਰਹਮ ਦੀ ਹੋਂਦ ਆਪਣੇ ਆਪ ਤੋਂ ਹੋਈ ਹੈ। ਇਹ ਸਾਰਾ ਹੁਕਮ ਦਾ ਪਸਾਰਾ ਹੈ। ਇਸ ਹੁਕਮ ਵਿਚ ਉਹ ਆਪ ਮੌਜੂਦ ਹੈ। ਉਸ ਦੇ ਹੁਕਮ ਅਨੁਸਾਰ ਮਨੁੱਖਤਾ ਕਾਰਜਾਂ ਵਿਚ ਲੱਗੀ ਹੋਈ ਹੈ। "ਬ੍ਰਹਮ

ਆਪਣੇ ਹੁਕਮ ਅਨੁਸਾਰ ਵਿਸ਼ਵ ਨੂੰ ਆਪਣੇ ਮਨੋਰਥਾਂ ਦੀ ਸੇਧ ਵਿਚ ਚਲਾਉਂਦਾ ਹੈ, ਸਾਧਕ ਉਨਾਂ ਮਨੋਰਥਾਂ ਦੀ ਪੂਰਤੀ ਦਾ ਇਕ ਸੰਦ ਹੈ, ਔਜਾਰ ਹੈ।"15 ਬ੍ਰਹਮ ਦੇ ਹੁਕਮ ਵਿਚ ਨਿਰਗੁਣ ਸਰਗੁਣ ਸਰੂਪ ਹੋਂਦ ਵਿਚ ਆਏ। ਨਿਰੰਕਾਰ, ਅੱਲਾ, ਰਾਮ, ਅਕਾਲ ਪੁਰਖ ਇਹ ਬ੍ਰਹਮ ਦੇ ਨਾਮ ਹਨ। ਉਸ ਨੇ ਸਰਗੁਣ ਨਿਰਗੁਣ ਸਰੂਪ ਦੁਆਰਾ ਸ੍ਰਿਸ਼ਟੀ ਦੀ ਰਚਨਾ ਕੀਤੀ। ਇਸ ਕਾਰਜ ਲਈ ਅਕਾਲ ਪੁਰਖ ਨੇ ਇਕ ਅਜਿਹਾ ਹੁਕਮ ਵਰਤਾਇਆ ਜਿਸ ਵਿਚ ਸਾਰੀ ਸ੍ਰਿਸ਼ਟੀ ਨੂੰ ਨਿਯਮ ਵਿਚ ਬੰਨ੍ਹ ਕੇ ਇਕ ਦੀ ਹੋਂਦ ਦੇ ਪਸਾਰੇ ਦਾ ਪ੍ਰਮਾਣ ਦਿੱਤਾ ਹੈ। ਇਹ ਏਕੰਕਾਰ ਦਾ ਫ਼ਰਮਾਨ ਹੈ, ਜੋ ਸਾਂਝ ਦੇ ਪ੍ਰਤੀਕ ਦੇ ਤੌਰ ਤੇ ਮਨੁੱਖ ਨੂੰ ਅਜਿਹਾ ਸੰਦੇਸ ਦਿੰਦਾ ਹੈ ਜਿਸ ਨਾਲ ਸਮਾਜ ਵਿਚ ਏਕਤਾ ਪਸਰਦੀ ਹੈ। ਬਰੈਡਲੇ ਅਨੁਸਾਰ, ਇਹ ਸਮੁੱਚੀ ਹਕੀਕਤ ਮਨੁੱਖ ਦੇ ਅੰਤਰਬੋਧੀ ਅਨੁਭਵ ਦਾ ਵਿਸ਼ਾ ਬਣ ਸਕਦੀ ਹੈ ਜਿਥੇ ਆਤਮਾ ਅਤੇ ਪਰਮ ਹਕੀਕਤ ਅਭੇਦ ਹੋ ਜਾਂਦੇ ਹਨ।16 ਮਨੁੱਖ ਦੀ ਆਤਮਿਕ ਪਵਿਤਰਤਾ ਕਾਰਨ ਬਾਣੀ ਰੂਪ ਚਉਪਦੇ ਵਿਚ ਇਸ ਨੂੰ ਬੰਧਪ, ਸਖਾ, ਭਾਈ, ਮਿਤਰ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।

ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹੁ॥ (ਗੁ. ਗ੍ਰੰ. 399)

ਸਖੀ ਮਿਲਹੁ ਮਿਲਿ ਗੁਣ ਗਾਵਾਹਾ॥ (ਗੁ. ਗ੍ਰੰ. 699)

ਬ੍ਰਹਮ ਦੇ ਮਿਲਾਪ ਲਈ ਡਰ ਬਹੁਤ ਜ਼ਰੂਰੀ ਹੈ। ਮਨੁੱਖ ਦੀ ਬਿਰਤੀ ਵਿਚ ਡਰ ਪੈਦਾ ਕਰਕੇ ਮਨੁੱਖ ਦੀ ਸ਼ਖ਼ਸੀਅਤ ਨੂੰ ਵੱਖਰੀ ਬਣਾਇਆ ਜਾ ਸਕਦਾ ਹੈ। "ਭੈ ਦੇ ਭਾਵ ਦਾ ਡੂੰਘਾ ਵਿਸ਼ਲੇਸ਼ਣ ਇਹ ਸਿਧ ਕਰਦਾ ਹੈ ਕਿ ਜੀਵਨ ਵਿਚ ਕਈ ਪ੍ਰਕਾਰ ਦੀ ਕੁਰੂਪਤਾ ਦਾ ਕਾਰਨ ਹੋਣ ਉਤੇ ਵੀ ਭੈ ਇਕ ਉਪਯੋਗੀ ਭਾਵ ਹੈ ਅਤੇ ਸਮਾਜਿਕ ਵਿਕਾਸ ਵਿਚ ਇਸ ਦਾ ਵਿਸ਼ੇਸ਼ ਹੱਥ ਹੈ।"17 ਇਸ ਤਰ੍ਹਾਂ ਮਨੁੱਖ ਦਾ ਪਰਮਾਤਮਾ ਲਈ ਭੈਅ ਉਸ ਵਿਚ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨ ਵਿਚ ਸਹਾਇਤਾ ਕਰਦਾ ਹੈ। ਇਸ ਭੈਅ ਕਾਰਨ ਹਮੇਸ਼ਾ ਕਾਇਮ ਰਹਿਣ ਵਾਲੇ ਪਰਮਾਤਮਾ ਵੱਲ ਮਨੁੱਖ ਦਾ ਧਿਆਨ ਕੇਂਦਰਿਤ ਰਹਿੰਦਾ ਹੈ, ਜਿਹੜਾ ਸਦਾ ਕਾਇਮ ਰਹਿਣ ਵਾਲਾ, ਸਰਬ-ਵਿਆਪਕ ਅਤੇ ਨਾਸ਼ ਰਹਿਤ ਹੋਂਦ ਵਾਲਾ ਹੈ। ਮਨੁੱਖ ਉਸ ਦੀ ਸਮ੍ਰਿਤੀ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਉਸ ਇਕ ਤੋਂ ਬਿਨ੍ਹਾਂ ਸੰਸਾਰ ਵਿਚ ਦੂਜੀ ਕੋਈ ਉਸ ਜਿਹੀ ਹਸਤੀ ਨਹੀਂ ਹੈ।

ਪਾਰਬ੍ਰਹਮ ਪ੍ਰਭ ਏਕੁ ਹੈ ਦੂਜਾ ਨਾਹੀ ਕੋਇ॥ (ਗੁ. ਗ੍ਰੰ. 45)

ਮਨੁੱਖ ਦਾ ਪਰਮਾਤਮਾ ਨਾਲੋਂ ਵਿਜੋਗ ਮਨੁੱਖ ਦੇ ਅਸਤਿਤਵ ਨੂੰ ਖ਼ਤਮ ਕਰ ਦਿੰਦਾ ਹੈ। ਮਨੁੱਖ ਦਾ ਇਹ ਜਨਮ ਅਜਾਈ ਚਲਾ ਜਾਂਦਾ ਹੈ। ਅਜਿਹੇ ਮਨੁੱਖ ਦਾ ਸਮਾਜ ਅਤੇ ਪਾਰਲੌਕਿਕ ਸੰਸਾਰ ਵਿਚ ਕੋਈ ਸਥਾਨ ਨਹੀਂ ਰਹਿੰਦਾ । "ਮਨੁੱਖ ਦੇ ਰੱਬ ਨਾਲੋਂ

ਵਿਜੋਗੇ ਜਾਣ ਵਿਚ ਤਿੰਨ ਵਿਜੋਗ ਹੁੰਦੇ ਹਨ ਮਨੁੱਖ ਮਨੁੱਖੀ ਮੂਲ ਤੋਂ ਵਿਜੋਗਿਆ ਜਾਂਦਾ ਹੈ, ਆਪਣੇ ਮਨੁੱਖੀ ਮੂਲ ਤੇ ਉਹ ਪਹੁੰਚਦਾ ਹੀ ਨਹੀਂ, ਹਰ ਮਨੁੱਖ ਬਾਕੀ ਦਿਆਂ ਸਭ ਮਨੁੱਖਾਂ ਨਾਲੋਂ ਵਿਜੋਗਿਆ ਜਾਂਦਾ ਹੈ, ਸਭ ਕੋਈ ਆਪੋ ਆਪਣਾ ਹੁੰਦਾ ਹੈ, ਕਿਸੇ ਦਾ ਕੋਈ ਨਹੀਂ ਹੁੰਦਾ, ਮਨੁੱਖ ਬਤੌਰ ਮਨੁੱਖ ਆਪਣੀ ਸਭਿਅਤਾ, ਆਪਣੀ ਸੰਸਕ੍ਰਿਤੀ ਆਪਣੇ ਸਮਾਜ, ਆਪਣੀ ਅਸਲ ਜ਼ਿੰਦਗੀ ਨਾਲੋਂ ਵਿਜੋਗਿਆ ਜਾਂਦਾ ਹੈ।"18 ਮਨੁੱਖ ਜ਼ਿੰਦਗੀ ਵਿਚ ਗ਼ਲਤ ਰਸਤੇ ਚੁਣ ਲੈਂਦਾ ਹੈ। ਉਹ ਮਾਇਆ ਤੇ ਹਉਮੈਂ ਦੇ ਪਸਾਰੇ ਵਿਚ ਗਲਤਾਨ ਬੇਈਮਾਨੀ, ਈਰਖਾ, ਵੈਰ, ਵਿਰੋਧ ਜਿਹੀਆਂ ਅਲਾਮਤਾਂ ਕਾਰਨ ਮਨੁੱਖਤਾ ਪ੍ਰਤੀ ਬਿਲਕੁਲ ਜਾਗਰੁਕ ਨਹੀਂ ਰਹਿੰਦਾ, ਸਰਬੱਤ ਦੀ ਭਲਾਈ ਸੱਚਾਈ ਪ੍ਰਤੀ ਉਸ ਦਾ ਕੋਈ ਅਨੁਭਵ ਨਹੀਂ ਹੁੰਦਾ। ਅਜਿਹੇ ਮਨੁੱਖ ਇਸ ਗਿਆਨ ਤੋਂ ਵੀ ਵਾਂਝੇ ਰਹਿ ਜਾਂਦੇ ਹਨ ਕਿ ਇਸ ਆਤਮਾ ਦੀ ਸੱਚਾਈ ਨੇ ਹੀ ਤੁਹਾਡਾ ਸਾਥ ਦੇਣਾ ਹੈ ਬਾਕੀ ਸਭ ਝੂਠ ਦਾ ਪਸਾਰਾ ਹੈ, ਕੇਵਲ ਉਸ ਬ੍ਰਹਮ ਦੀ ਹੋਂਦ ਨੂੰ ਅਨੁਭਵ ਕਰਨਾ ਚਾਹੀਦਾ ਹੈ :

ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ॥

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ (ਗੁ. ਗ੍ਰੰ. 846)

ਬ੍ਰਹਮ ਦੀ ਦ੍ਰਿਸ਼ਟੀ ਸਮਾਜ ਨੂੰ ਚਿੰਤਨ ਦੇ ਪੱਧਰ ਤੇ ਲੈ ਆਉਂਦੀ ਹੈ। ਮਨੁੱਖ ਇਹ ਸਮਝਣ ਲੱਗ ਜਾਂਦਾ ਹੈ ਕਿ ਉਸ ਨੂੰ ਸਭ ਕਿਸਮ ਦੀਆਂ ਸੁੱਖ ਸਹੂਲਤਾਂ ਦੇਣ ਵਾਲਾ ਪਰਮਾਤਮਾ ਹੈ। ਮਨੁੱਖ ਪਰਮਾਤਮਾ ਨੂੰ ਮਾਤ-ਪਿਤਾ, ਸਖਾ ਸਮਝਦਾ ਹੋਇਆ ਪਰਮਾਤਮਾ ਨਾਲ ਹਰ ਦੁੱਖ-ਸੁੱਖ ਸਾਂਝਾ ਕਰਦਾ ਹੈ, ਕਿਉਂਕਿ ਮਨੁੱਖ ਸਮਝਦਾ ਹੈ ਕਿ ਉਸ ਨੂੰ ਅਜਿਹੀ ਸਥਿਤੀ ਵਿਚ ਰੱਖਣ ਵਾਲਾ ਪਰਮਾਤਮਾ ਹੀ ਹੈ, ਜੇਕਰ ਸਰੀਰ ਨੂੰ ਕੋਈ ਕਸ਼ਟ ਸਹਿਣਾ ਪੈਂਦਾ ਹੈ ਤਾਂ ਗੁਰਮੁਖ ਉਸ ਨੂੰ ਸੁਖ ਵਾਂਗ ਜਾਣਦਾ ਹੈ। ਇਹ ਸਾਰਾ ਕੁਝ ਮਨੁੱਖੀ ਆਤਮਾ ਦੀ ਪ੍ਰਕਿਰਤੀ ਦੇ ਪਰਿਵਰਤਨ ਕਾਰਨ ਸੰਭਵ ਹੋ ਸਕਦਾ ਹੈ ਕਿਉਂਕਿ ਇਸ ਸਰੀਰ ਦੀ ਆਤਮਾ ਵਿਚ ਪਰਮਾਤਮਾ ਨੇ ਪ੍ਰਕਾਸ਼ ਕੀਤਾ ਹੈ।

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥(ਗੁ. ਗ੍ਰੰ. 1255)

ਇਸ ਕਰਤਾ ਨੇ ਮਨੁੱਖ ਨੂੰ ਸਭ ਤਰਾਂ ਦੀਆਂ ਸੁਖ ਸਹੂਲਤਾਂ ਦੇ ਨਾਲ-ਨਾਲ ਇੰਦਰੀਆਂ ਦੇ ਅਨੁਭਵ ਦੀ ਬਖ਼ਸ਼ੀਸ਼ ਦਿੱਤੀ ਹੈ। ਅੱਖਾਂ ਗੁਰੂ ਦੇ ਦਰਸ਼ਨਾਂ ਲਈ, ਕੰਨ ਬਾਣੀ ਸ੍ਰਵਣ ਕਰਨ ਲਈ ਅਤੇ ਮਨ ਉਸ ਤੇ ਚਿੰਤਨ ਲਈ ਬਖ਼ਸ਼ਿਆ ਹੈ। ਗੁਰਮੁਖ ਪਰਮਾਤਮਾ ਦੀਆਂ ਬਖ਼ਸ਼ੀਸਾਂ ਤੋਂ ਬਾਅਦ ਉਸ ਨੂੰ ਮਿਹਰਵਾਨ ਸ਼ਬਦ ਨਾਲ ਚਿੰਤਨ ਵਿਚ ਲਿਆਉਂਦਾ ਹੈ :

ਮਿਹਰਵਾਨ ਸਾਹਿਬ ਮਿਹਰਵਾਨ॥

ਸਾਹਿਬ ਮੇਰਾ ਮਿਹਰਵਾਨੁ॥ (ਗੁ. ਗ੍ਰੰ. 724)

ਇਸੇ ਤਰ੍ਹਾਂ ਜੀਵ, ਜੰਤੂ ਵੀ ਉਸੇ ਬ੍ਰਹਮ ਦੀ ਹੋਂਦ ਤੇ ਅਨੁਭਵ ਦੁਆਰਾ ਅਲਾਪ ਕਰਦੇ ਹਨ ਅਤੇ ਉਸ ਨੂੰ ਯਾਦ ਕਰਦੇ ਹਨ।

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨ ਹਰਿ ਜਾਪਤ ਹੈ ਨਹੀ ਹੋਰ॥ (ਗੁ. ਗ੍ਰੰ. 1265)

ਇਸ ਪ੍ਰਕਾਰ ਇਹ ਸਾਰੇ ਜੀਵਨ ਸ੍ਰਿਸ਼ਟੀ ਦੇ ਪਸਾਰੇ ਵਿਚ ਆਪਣੀ ਮਾਨਸਿਕ ਕਿਰਿਆ ਦੁਆਰਾ ਜੀਵਨ ਬਤੀਤ ਕਰ ਰਹੇ ਹਨ।

**ਜਗਤ :** ਬ੍ਰਹਮ ਦੀ ਹੋਂਦ ਤੋਂ ਅੱਗੇ ਚਿੰਤਨ ਦਾ ਵਿਸ਼ਾ ਜਗਤ ਹੈ। ਇਸ ਦੇ ਹੋਂਦ ਵਿਚ ਆਉਣ ਦੇ ਕਾਰਨ ਮਨੁੱਖ ਦੀ ਮਾਨਸਿਕਤਾ ਨੂੰ ਹਲੂਣਦੇ ਹਨ। ਮਨੁੱਖੀ ਮਾਨਸਿਕਤਾ ਦੇ ਭੈਅ ਨੇ ਮਨੁੱਖਤਾ ਤੋਂ ਪ੍ਰਕਿਰਤਕ ਵਸਤਾਂ ਦੀ ਪੂਜਾ ਕਰਵਾਈ। ਉਹ ਸਮਾਂ ਕਬੀਲਿਆਂ ਵਿਚ ਰਹਿੰਦੇ ਆਦਿ ਮਾਨਵ ਦਾ ਕਿਹਾ ਜਾ ਸਕਦਾ ਹੈ। ਸਮੇਂ ਦੇ ਪਰਿਵਰਤਨ ਨਾਲ ਬੌਧਿਕ ਵਿਕਾਸ ਨੇ ਮਨੁੱਖੀ ਚਿੰਤਨ ਨੂੰ ਹਲੂਣਿਆ। ਮਨੁੱਖ ਜਗਤ ਨੂੰ ਬ੍ਰਹਮ ਦੇ ਪਸਾਰੇ ਦਾ ਰੂਪ ਸਮਝਣ ਲੱਗਾ। ਇਸ ਪ੍ਰਕਾਰ ਜਗਤ ਦੀ ਹਰ ਸ਼ੈਅ ਦੀ ਸਜੀਵ ਪ੍ਰਕਿਰਿਆ ਨੂੰ ਬ੍ਰਹਮ ਚਲਾ ਰਿਹਾ ਹੈ ਅਤੇ ਇਹ ਪਸਾਰਾ ਸਮੇਂ ਦੀ ਨਿਸ਼ਚਿਤ ਮਿਆਦ ਤੱਕ ਕਾਇਮ ਰਹੇਗਾ। ਇਸ ਤਰਕ ਨੂੰ ਸਪਸ਼ਟ ਕਰਨ ਵਾਸਤੇ ਚਾਰਲਸ ਡਾਰਵਿਨ ਦੀ ਅਨੁਵਾਦਕ ਪੁਸਤਕ 'ਜੀਵ ਦੀ ਉਤਪਤੀ ਵਿਚ ਵਿਕਾਸਵਾਦ ਦਾ ਸਿਧਾਂਤ'19 ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਬ੍ਰਹਿਮੰਡ ਤੇ ਧਰਤੀ ਦੀ ਅੰਦਰੂਨੀ ਬਣਤਰ ਬਾਰੇ ਨਿਸ਼ਚਿਤ ਤੌਰ ਤੇ ਮੁਕੰਮਲ ਜਾਣਕਾਰੀ ਨਾ ਹੋਣ ਕਰਕੇ, ਇਸ ਬਾਰੇ ਕੁਝ ਅਨੁਮਾਨ ਲਗਾਏ ਜਾਂਦੇ ਹਨ। ਇਸ ਪ੍ਰਕਾਰ ਸ੍ਰਿਸ਼ਟੀ ਵਿਕਾਸ ਦੇ ਸਿਧਾਂਤ ਨੂੰ ਵਿਗਿਆਨਕ ਸੰਕੇਤ ਦੇ ਤੌਰ ਤੇ ਲਿਆ ਜਾ ਸਕਦਾ ਹੈ। ਕਿਸੇ ਜੀਵ ਦੇ ਵਿਕਾਸ ਲਈ ਉਸ ਦੇ ਭੂਗੋਲਿਕ ਵਾਤਾਵਰਨ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਸਮਤਲ ਧਰਾਤਲ ਤੇ ਪਹਾੜੀ ਸਥਾਨਾਂ ਦੇ ਨਿਵਾਸੀਆਂ ਦੀ ਜੀਵਨ ਵਿਉਂਤ ਇਕ ਦੂਜੇ ਤੋਂ ਵੱਖਰੀ ਹੁੰਦੀ ਹੈ। ਇਸ ਦਾ ਕਾਰਨ ਧਰਤੀ ਦੇ ਵਿਭਿੰਨ ਸਥਾਨਾਂ ਦੀ ਭੂਗੋਲਿਕਤਾ ਹੈ। ਧਰਤੀ ਦੀ ਹੋਂਦ ਚੌਗਿਰਦੇ ਵਿਚ ਪਸਰੀਆਂ ਗੈਸਾਂ ਅਤੇ ਉਹਨਾਂ ਦੁਆਰਾ ਗ੍ਰਹਿਆਂ ਦੀ ਉਤਪਤੀ ਤੋਂ ਹੋਈ। ਇਹਨਾਂ ਗ੍ਰਹਿਆ ਵਿਚੋਂ ਧਰਤੀ ਨੂੰ ਮਨੁੱਖਤਾ ਦੇ ਜੀਵਨ ਲਈ ਸੁਖਦਾਈ ਮੰਨਿਆ ਗਿਆ, ਜਦਕਿ ਦੂਜੇ ਗ੍ਰਹਿਆਂ ਤੇ ਜੀਵਨ ਦੀ ਮਿਆਦ ਨੂੰ ਘੱਟ ਸਮਝਿਆ ਜਾਂਦਾ ਹੈ। ਧਰਤੀ ਦੀ ਹੋਂਦ ਚੱਟਾਨਾਂ ਤੋਂ ਨਿਕਲੀਆਂ ਗੈਸਾਂ ਨੇ ਗ੍ਰਹਿਆ ਦਾ ਰੂਪ ਧਾਰਿਆ ਅਤੇ ਇਹਨਾਂ ਗ੍ਰਹਿਆਂ ਵਿਚੋਂ ਧਰਤੀ ਵੀ ਇਕ ਗ੍ਰਹਿ ਹੈ ਅਤੇ ਸੂਰਜ ਚੰਦਰਮਾ ਤਾਰੇ ਵੀ ਗ੍ਰਹਿ ਹਨ। ਧਰਤੀ ਨੂੰ ਗੁਰੂਆਂ, ਪੀਰਾਂ ਦੀ ਜਨਨੀ ਕਿਹਾ ਗਿਆ ਹੈ ਅਤੇ ਇਸੇ ਕਾਰਨ

ਸ੍ਰਿਸ਼ਟੀ ਦੀ ਸੰਭਾਲ ਵਿਚ ਇਹਨਾ ਗੁਰੂਆਂ, ਪੀਰਾਂ ਪਿਛੇ ਅਕਾਲ ਪੁਰਖ ਦੀ ਹੋਂਦ ਦਾ ਹੱਥ ਹੈ, ਜਿਸ ਕਾਰਨ ਮਨੁੱਖਤਾ ਨੂੰ ਧਰਤੀ ਤੇ ਰਹਿ ਕੇ ਨਾਮ ਜਪ ਕੇ ਸੰਸਾਰ ਸਾਗਰ ਨੂੰ ਪਾਰ ਕਰਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ :

ਏਕ ਨਾਮੁ ਆਧਾਰ ਭਉਜਲੁ ਤਰਬੀਐ॥ (ਗੁ. ਗ੍ਰੰ. 398)

ਜਗਤ ਲਈ ਭਉਜਲੁ ਸ਼ਬਦ ਵੀ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਸੰਸਾਰ, ਜਗਤ, ਸ੍ਰਿਸ਼ਟੀ ਸ਼ਬਦ ਵੀ ਚਉਪਦਿਆਂ ਵਿਚ ਵਰਤੇ ਗਏ ਹਨ। ਚਉਪਦਿਆਂ ਵਿਚ ਸ੍ਰਿਸ਼ਟੀ ਦੀ ਸਿਰਜਣਾ ਲਈ ਅਕਾਲ ਪੁਰਖ ਨੂੰ ਹੀ ਉਸ ਦਾ ਸਿਰਜਕ ਮੰਨਿਆ ਗਿਆ ਹੈ। ਜੋ ਸ੍ਰਿਸ਼ਟੀ ਦੀ ਰਚਨਾ ਵਿਧੀ ਦਾ ਪ੍ਰਤੀਕ ਹੈ :

ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜ ਚੰਦੁ ਚਾਨਾਣੁ॥ (ਗੁ. ਗ੍ਰੰ. 606)

ਇਸ ਪ੍ਰਕਾਰ ਸ੍ਰਿਸ਼ਟੀ ਦੀ ਰਚਨਾ ਨੂੰ ਗੁਰਬਾਣੀ ਵਿਚ ਹੁਕਮ ਦਾ ਫ਼ਰਮਾਨ ਕਿਹਾ ਗਿਆ ਹੈ ਜੋ ਕਿ ਪਰਮਾਤਮਾ ਦੀ ਬਿਰਤੀ ਵਿਚ ਆਉਂਦੀ ਹੈ :

ਏਕ ਕਵਾਵੈ ਤੇ ਸਭਿ ਹੋਆ॥ (ਗੁ. ਗ੍ਰੰ. 1003)

ਸ੍ਰਿਸ਼ਟੀ ਪੰਜਾਂ ਤੱਤਾਂ (ਮਿੱਟੀ, ਪਾਣੀ, ਹਵਾ, ਅਗਨੀ, ਅਕਾਸ਼) ਦੇ ਸੰਜੋਗ ਨਾਲ ਰਚੀ ਗਈ ਅਤੇ ਇਹਨਾਂ ਪੰਜਾਂ ਤੱਤਾਂ ਦੁਆਰਾ ਬ੍ਰਹਮ ਨੇ ਮਨੁੱਖ ਦਾ ਪੁਤਲਾ ਬਣਾਇਆ ਹੈ। ਇਹ ਉਸ ਦੀ ਸ੍ਰਿਸ਼ਟੀ ਸਿਰਜਨ ਤੇ ਮਨੁੱਖ ਦੀ ਹੋਂਦ ਨੂੰ ਬਣਾਉਣ ਦਾ ਢੰਗ ਹੈ :

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ॥ (ਗੁ. ਗ੍ਰੰ. 736)

ਇਸ ਪ੍ਰਕਾਰ ਜਗਤ ਅਕਾਲ ਪੁਰਖ ਦੀ ਅਜਿਹੀ ਸਿਰਜਣਾ ਹੈ, ਜਿਸ ਵਿਚ ਸਾਰੇ ਪ੍ਰਾਣੀ ਅਤੇ ਜੀਵ ਜੰਤੂ ਰਹਿੰਦੇ ਹਨ। ਸਾਰੇ ਜਗਤ ਦੀ ਪਾਲਣਾ ਅਕਾਲ ਪੁਰਖ ਕਰ ਰਿਹਾ ਹੈ। ਉਸ ਨੇ ਹਰ ਜੀਵ ਲਈ ਨਿਸ਼ਚਿਤ ਸਥਾਨ ਬਣਾਇਆ ਹੋਇਆ ਹੈ। ਹੁਣ ਸਵਾਲ ਪੈਦਾ ਹੁੰਦਾ ਜਗਤ ਸੱਚ ਹੈ, ਜਾਂ ਝੂਠ ਦਾ ਪਸਾਰਾ ਹੈ। ਇਸ ਨੂੰ ਝੂਠ ਦਾ ਪਸਾਰਾ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਮਨੁੱਖ ਜਨਮ ਧਾਰਨ ਕਰਕੇ ਪ੍ਰਾਣੀ ਨੇ ਇਸੇ ਜਨਮ ਵਿਚ ਰਹਿ ਕੇ ਹੀ ਬ੍ਰਹਮ ਦੀ ਪ੍ਰਾਪਤੀ ਕਰਨੀ ਹੁੰਦੀ ਹੈ। ਬ੍ਰਹਮ ਨੇ ਜਗਤ ਨੂੰ ਅਨੇਕ ਸ਼ਕਤੀਆਂ ਦੁਆਰਾ ਸਿਰਜਿਆ ਹੈ ਅਤੇ ਹੁਣ ਉਹ ਇਕ ਅਨੇਕਤਾ ਤੋਂ ਏਕਤਾ ਦੇ ਬੀਜ ਵੇਖਣੇ ਚਾਹੁੰਦਾ ਹੈ। "ਬਾਣੀ ਦੀ ਭਾਵਨਾ ਦਾ

ਸਾਰ ਇਹ ਹੈ ਕਿ ਜਗਤ ਹਕੀਕੀ ਤਦ ਹੈ ਜੇਕਰ ਇਸ ਦੇ ਹਰ ਭਾਗਤੇ ਕੋਨੇ ਵਿਚ ਵਿਆਪਕਤਾ ਨੂੰ ਪਰਵਾਨ ਕੀਤਾ ਜਾਏ, ਉਹੀ ਜਗਤ ਕੂੜ ਤੇ ਅਸਤਿ ਹੈ, ਜੇਕਰ ਕੁਦਰਤ ਦੇ ਖੰਡਾਂ-ਮੰਡਲਾ ਵਿਚ ਅਸੀ ਕਾਦਰ ਨੂੰ ਵਸਿਆ ਰਸਿਆਂ ਅਨੁਭਵ ਨਾ ਕਰੀਏ।"20 ਇਸ ਜਗਤ ਦੇ ਹਰ ਪ੍ਰਾਣੀ ਨੂੰ ਬ੍ਰਹਮ ਨੇ ਆਪਣੀ ਜੋਤ ਦੁਆਰਾ ਪ੍ਰਕਾਸ਼ਮਾਨ ਕੀਤਾ ਹੈ। ਹੁਣ ਜੀਵ ਤੇ ਨਿਰਭਰ ਕਰਦਾ ਹੈ ਕਿ ਉਸ ਨੇ ਜਗਤ ਵਿਚ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿ ਕੇ ਕਿਵੇਂ ਇਕ ਜੋਤ ਹੋਣਾ ਹੈ? ਇਹ ਸਾਰਾ ਕਾਰਜ ਮਨੁੱਖ ਆਤਮਾ ਨੇ ਕਰਨਾ ਹੈ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥

ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥ (ਗੁ. ਗ੍ਰੰ. 846)

ਮਨੁੱਖ ਦੀ ਆਤਮਾ ਪਰਮਾਤਮਾ ਦਾ ਸਰੂਪ ਸ੍ਰਿਸ਼ਟੀ ਕਾਰਨ ਬਣ ਸਕਦੀ ਹੈ। ਪਰਮਾਤਮਾ ਦੀ ਹੋਂਦ ਤੋਂ ਬਿਨਾ ਆਤਮਾ ਪ੍ਰਕਾਸ਼ਮਾਨ ਨਹੀ ਹੋ ਸਕਦੀ।

**ਆਤਮਾ :** ਆਤਮਾ ਦੀ ਪਛਾਣ ਮਨੁੱਖ ਲਈ ਬਹੁਤ ਜ਼ਰੂਰੀ ਹੈ, ਕਿਉਂਕਿ ਆਤਮਿਕ ਪਛਾਣ ਬਣਾਉਣ ਵਾਸਤੇ ਮਨੁੱਖ ਨੂੰ ਪਰਮਾਤਮਾ ਨੇ ਤਨ ਰੂਪੀ ਚੋਲਾ ਦਿੱਤਾ ਹੈ। ਇਸ ਸਰੀਰ ਦੇ ਬਾਣੇ ਨਾਲ ਮਨੁੱਖ ਨੇ ਆਤਮਾ ਨੂੰ ਪਵਿਤਰ ਬਣਾਉਣਾ ਹੈ। ਆਤਮਾ ਦੀ ਪਛਾਣ ਹਰ ਮਨੁੱਖ ਨਹੀਂ ਕਰ ਸਕਦਾ। ਇਸ ਕਾਰਜ ਨੂੰ ਗੁਰੂ ਤੋਂ ਬਿਨਾਂ ਨਹੀਂ ਸਮਝਿਆ ਜਾ ਸਕਦਾ। ਆਮ ਤੌਰ ਤੇ ਲੋਕ ਸਰੀਰ ਦੇ ਬਾਹਰੀ ਰਸਾਂ-ਕਸਾਂ ਵਿਚ ਪਏ ਰਹਿੰਦੇ ਹਨ ਅਤੇ ਆਤਮਾ ਦੀ ਅਵਾਜ਼ ਨੂੰ ਨਹੀਂ ਪਛਾਣਦੇ। ਪਰਮਾਤਮਾ ਦੀ ਸੋਝੀ ਵਾਸਤੇ ਮਨੁੱਖ ਨੂੰ ਆਤਮਾ ਦਾ ਅਸਲ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਮਨੁੱਖ ਦੀ ਆਤਮਾ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਪਰਮਾਤਮਾ ਹੈ। ਇਸ ਤਰ੍ਹਾਂ ਆਤਮਿਕ ਜੋਤ ਦੇ ਪ੍ਰਕਾਸ਼ ਦੀ ਅਸਲ ਪਛਾਣ ਕਰਨ ਪ੍ਰਤੀ ਮਨੁੱਖ ਦੀ ਮਾਨਸਿਕਤਾ ਵਿਚ ਤਾਂਘ ਉਪਜਦੀ ਹੈ। ਇਸ ਵਾਸਤੇ ਮਨੁੱਖ ਬਾਣੀ ਦਾ ਅਧਿਐਨ ਕਰਦਾ ਹੈ ਤੇ ਗੁਰੂ ਦੀ ਪ੍ਰੀਤ ਦਾ ਪਾਤਰ ਬਣਦਾ ਹੈ। ਬਾਣੀ ਰੂਪ ਚਉਪਦੇ ਵਿਚ ਦਰਜ ਹੈ :

ਆਤਮ ਚੀਨਿ ਪਰਮ ਸੁਖੁ ਪਾਇਆ॥ (ਗੁ. ਗ੍ਰੰ. 374)

ਕੁਝ ਮਨਮੁਖ ਸਾਰੀ ਜ਼ਿੰਦਗੀ ਵਿਚ ਆਤਮਾ ਪ੍ਰਤੀ ਚੇਤੰਨ ਨਹੀਂ ਹੁੰਦੇ ਅਤੇ ਭਰਮ ਵਿਚ ਹੀ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ :

ਆਤਮ ਨ ਚੀਨੈ ਭਰਮੈ ਵਿਚਿ ਸੂਤਾ (ਗੁ. ਗ੍ਰੰ. 362)

ਆਤਮਾ ਦੀ ਪਛਾਣ ਸਦਕਾ ਮਨੁੱਖ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਸਮਝ ਸਕਦਾ ਹੈ, ਤੇ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਮਨੁੱਖ ਉਸ ਜੋਤ ਦਾ ਇਕ ਅੰਸ਼ ਹੈ, ਜਿਸ ਨਾਲ ਉਸ ਦੇ ਸੁਆਸ ਚਲ ਰਹੇ ਹਨ। ਇਸ ਵਾਸਤੇ ਮਨੁੱਖ ਨੂੰ ਜੋਤ ਨਾਲ ਇਕਸੁਰਤਾ ਬਣਾਉਣ ਵਾਸਤੇ, ਬ੍ਰਹਮ ਦੀ ਹੋਂਦ ਤੱਕ ਪਹੁੰਚ ਕਰਨੀ ਹੈ ਕਿਉਂਕਿ ਆਤਮਾ ਵਿਚ ਚੇਤਨਾ ਦਾ ਅੰਸ਼ ਹੁੰਦਾ ਹੈ, ਜਿਸ ਨਾਲ ਉਹ ਸਰੀਰ ਦੇ ਹਰ ਅੰਗ ਨੂੰ ਨਿਯੰਤਰਨ ਵਿਚ ਰੱਖਦੀ ਹੈ। "ਸਾਰੇ ਸਰੀਰਾਂ ਵਿਚ ਜਾਂ ਸਾਰੇ ਜੀਵਾਂ ਵਿਚ ਜਿਹੜੀ ਚੇਤਨ ਸ਼ਕਤੀ ਹੈ ਉਹੀ ਆਤਮਾ ਹੈ। ਮਨ, ਬੁੱਧੀ, ਇੰਦ੍ਰੀਆਂ, ਪ੍ਰਾਣ ਆਦਿ ਤੱਤਾਂ ਵਿਚ ਜਿਸ ਚੇਤਨਾ ਦਾ ਬੋਧ ਹੁੰਦਾ ਹੈ, ਉਹੀ ਆਤਮਾ ਹੈ ਇਹ ਆਤਮਾ ਚੇਤਨ ਹੋਣ ਕਰਕੇ ਗਿਆਨ - ਸਰੂਪ ਹੈ ਇਹੀ ਗਿਆਤਾ ਹੈ ਅਤੇ ਇਹੀ ਗਿਆਨ ਦਾ ਪ੍ਰਕਾਸ਼ਕ ਹੈ।"21 ਬੁੱਧੀ ਮਨ ਤੋਂ ਸ੍ਰੇਸ਼ਟ ਹੁੰਦੀ ਹੈ। ਆਪਣੇ ਗਿਆਨ ਅਤੇ ਬੁੱਧੀ ਨਾਲ ਮਨੁੱਖ ਇੰਦਰੀਆਂ ਤੇ ਕਾਬੂ ਪਾਉਂਦਾ ਹੈ। ਇਸ ਕ੍ਰਮ ਦੀ ਪ੍ਰਕਿਰਿਆ (ਬੁੱਧੀ, ਮਨ, ਗਿਆਨ, ਇੰਦ੍ਰੀਆਂ) ਨੂੰ ਨਾਮ ਦੇ ਜਾਪ ਦੁਆਰਾ ਹੀ ਬਣਾਇਆ ਜਾ ਸਕਦਾ ਹੈ, ਜੋ ਮਨੁੱਖ ਦੇ ਮਨ ਨੂੰ ਸੰਗਲੀ ਦੇ ਕੁੰਡਿਆਂ ਵਾਂਗਰ ਰੱਖਦਾ ਹੈ। ਕਿਸੇ ਪਾਸੇ ਤੋਂ ਟੁੱਟਣ ਨਹੀਂ ਦਿੰਦਾ। ਆਤਮਾ ਵਿਚ ਅਨੁਭਵ ਕਰਨ ਦੀ ਸ਼ਕਤੀ ਹੈ, ਜੋ ਮਨੁੱਖ ਦੇ ਸੰਕਲਪਾਂ ਨੂੰ ਘੜਦੀ ਹੈ। ਉਹਨਾਂ ਸੰਕਲਪਾਂ ਦੀ ਚੇਤਨਾ ਦੁਆਰਾ ਮਨੁੱਖ ਪਦਾਰਥਕ ਵਸਤਾਂ ਨੂੰ ਜਾਣਦਾ ਸਮਝਦਾ ਹੈ। ਇਸ ਵਾਸਤੇ ਆਤਮਾ ਦੇ ਸੰਕਲਪਾਂ ਵਿਚ ਪਰਿਵਰਤਨ ਆ ਜਾਂਦੇ ਹਨ। ਚਉਪਦੇ ਦਾ ਕੀਰਤਨ ਗਾਇਨ ਪੱਖ ਦੁਆਰਾ ਮਨੁੱਖ ਦੀ ਆਤਮਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਨੁੱਖ ਦੀ ਬੁੱਧੀ ਸ੍ਰੇਸ਼ਟ ਸੰਕਲਪਾਂ ਦੀ ਧਾਰਨੀ ਬਣਦੀ ਹੈ। ਇਸੇ ਕਾਰਨ ਮਨੁੱਖ ਕਿਸੇ ਨਾਲ ਬੁਰਾ ਵਿਤਕਰਾ ਨਹੀਂ ਕਰਦਾ ਕਿਉਂਕਿ ਉਸ ਨੂੰ ਅਸਲ ਸੱਚ ਦੀ ਸਮਝ ਆ ਗਈ ਹੈ। ਕਿਸੇ ਦੂਸਰੇ ਦੀ ਆਤਮਾ ਨੂੰ ਦੁਖੀ ਕਰਨਾ, ਪਰਮਾਤਮਾ ਨੂੰ ਠੇਸ ਪਹੁੰਚਾਉਣ ਦੇ ਬਰਾਬਰ ਹੈ, ਪਰੰਤੂ ਮਨੁੱਖਤਾ ਇਸ ਸੰਕਲਪ ਦਾ ਚਿੰਤਨ ਨਹੀਂ ਕਰਦੀ ਅਤੇ ਸਮਾਜ ਵਿਚ ਭ੍ਰਿਸ਼ਟਾਚਾਰ ਉਸੇ ਤਰ੍ਹਾਂ ਫੈਲਿਆ ਹੋਇਆ ਹੈ।

ਆਮ ਤੌਰ ਤੇ ਆਤਮਾ ਬਾਰੇ ਕਿਹਾ ਜਾਂਦਾ ਹੈ ਕਿ ਆਤਮਾ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੀ, ਕਿਉਂਕਿ ਆਤਮਾ ਹਵਾ ਦੀ ਤਰ੍ਹਾਂ ਹੁੰਦੀ ਹੈ। ਸਰੀਰ ਮਰ ਜਾਵੇ ਉਸ ਨੂੰ ਸਾੜ ਦਿੱਤਾ ਜਾਂਦਾ ਹੈ। ਆਤਮਾ ਸੂਖ਼ਮ ਹੁੰਦੀ ਹੈ, ਜਿਸ ਤੇ ਪ੍ਰਕਿਰਤੀ ਦੇ ਪਦਾਰਥਕ ਤੱਤਾਂ ਦਾ ਕੋਈ ਅਸਰ ਨਹੀਂ ਹੁੰਦਾ। ਇਸੇ ਕਾਰਨ ਆਤਮਾ ਨੂੰ ਨਾਮ ਦੁਆਰਾ ਬ੍ਰਹਮ ਦਾ ਰੂਪ ਬਣਾਉਣ ਲਈ ਮਨੁੱਖਤਾ ਯਤਨ ਕਰਦੀ ਹੈ, ਨਹੀਂ ਤਾਂ ਸਰੀਰ ਦੇ ਸੜਨ ਤੋਂ ਬਾਅਦ ਸਾਰੇ ਦੁੱਖ ਆਤਮਾ ਨੂੰ ਬਰਦਾਸ਼ਤ ਕਰਨੇ ਪੈਂਦੇ ਹੈ। ਇਸ ਲਈ ਆਤਮਾ ਦਾ ਨਾਮ ਵਿਚ ਰੰਗੀ ਜਾਣਾ ਜ਼ਰੂਰੀ ਹੈ, ਇਸ ਨਾਲ ਉਹ ਬ੍ਰਹਮ ਦਾ ਰੂਪ ਹੋ ਜਾਂਦੀ ਹੈ, ਆਤਮਾ ਦਾ ਅਨੰਦ ਰੂਪ ਵਿਚ ਨਿਵਾਸ ਬ੍ਰਹਮ ਦੀ ਇਕਸੁਰਤਾ ਕਾਰਨ ਹੁੰਦਾ ਹੈ। ਮੁੰਡਕ ਉਪਨਿਸ਼ਦ ਵਿਚ ਆਤਮਾ ਨੂੰ ਅਨੰਦ ਰੂਪ ਕਿਹਾ ਗਿਆ ਹੈ।22 ਆਤਮਾ ਦਾ ਅਨੰਦ ਰੂਪ ਵਿਚ

ਨਿਵਾਸ ਬ੍ਰਹਮ ਦੀ ਇਕਸੁਰਤਾ ਕਾਰਨ ਹੁੰਦਾ ਹੈ। ਇਸ ਅਨੰਦ ਨਾਲ ਮਨੁੱਖ ਦੇ ਮਨ ਵਿਚ ਖੇੜਾ ਭਰਿਆ ਜਾਂਦਾ ਹੈ। ਉਸ ਅਨੁਭੂਤੀ ਨੂੰ ਮਨੁੱਖ ਦੀ ਆਤਮਾ ਰਸ ਰੂਪ ਵਿਚ ਮਹਿਸੂਸ ਕਰਦੀ ਹੈ। ਉਸ ਅਨੰਦ ਨੂੰ ਸਾਰੇ ਰਸਾਂ-ਕਸਾਂ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ। ਆਤਮਾ ਨੂੰ ਉਹ ਅਨੰਦ ਬ੍ਰਹਮ ਦੀ ਪ੍ਰਾਪਤੀ ਨਾਲ ਮਿਲਦਾ ਹੈ। ਮਨੁੱਖ ਦੀ ਆਤਮਾ ਹਰ ਖੁਸ਼ੀ-ਗਮੀ ਨੂੰ ਅਨੁਭਵ ਕਰਦੀ ਹੈ ਅਤੇ ਇਸ ਪ੍ਰਕਿਰਿਆ ਵਿਚ ਮਨ ਉਸ ਦਾ ਸਾਥ ਦਿੰਦਾ ਹੈ। ਆਤਮਾ ਦੇ ਨਾਲ ਮਨੁੱਖ ਦੀਆਂ ਗਿਆਨ ਇੰਦਰੀਆਂ ਦਾ ਸੰਬੰਧ ਉਸ ਦੇ ਸੰਕਲਪਾਂ ਅਨੁਸਾਰ ਬਣਦਾ ਹੈ। ਗਿਆਨ ਇੰਦ੍ਰੀਆਂ ਤੇ ਸੰਕਲਪਾਂ ਵਿਚ ਏਕਤਾ ਮਨੁੱਖ ਦੀ ਬੁੱਧੀ ਕਾਰਨ ਬਣਦੀ ਹੈ ਅਤੇ ਸਮੇਂ ਦੀਆਂ ਪਰਿਸਥਿਤੀਆਂ ਵੀ ਇਸ ਵਾਸਤੇ ਜਿੰਮੇਵਾਰ ਹੁੰਦੀਆਂ ਹਨ। ਮਨੁੱਖੀ ਆਤਮਾ ਦੇ ਦੋ ਪੱਖ ਨੇਕੀ ਅਤੇ ਬਦੀ ਹੋਂਦ ਵਿਚ ਆਉਂਦੇ ਹਨ। ਚੰਗੇ ਕਰਮਾਂ ਵਾਲੀਆਂ ਆਤਮਾਵਾਂ ਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਮੰਦੇ ਕਰਮਾਂ ਵਾਲੀ ਆਤਮਾ ਨੂੰ ਦੁਖ ਝਲਣੇ ਪੈਂਦੇ ਹਨ। ਇਸ ਵਾਸਤੇ ਆਤਮਾ ਦੀ ਸ਼ੁੱਧਤਾ ਲਈ ਮਨੁੱਖ ਜਨਮ ਦੀ ਪ੍ਰਾਪਤੀ ਹੋਈ ਹੈ।

**ਮਨੁੱਖ :** ਨਾਮ ਨਾਲ ਲਿਵ ਜੋੜਨ ਤੋਂ ਬਾਅਦ ਮਨੁੱਖ ਆਪਣੀ ਆਤਮਾ ਨੂੰ ਸਰਵ ਸ਼ਕਤੀਮਾਨ ਪਰਮਾਤਮਾ ਦਾ ਸਰੂਪ ਮੰਨਣ ਲੱਗ ਜਾਂਦਾ ਹੈ। ਮਨੁੱਖ ਨੂੰ ਆਪਣੀ ਹੋਂਦ ਦਾ ਅਹਿਸਾਸ ਹੋ ਜਾਂਦਾ ਹੈ। ਇਸ ਸੰਕਲਪ ਤੋਂ ਮਨੁੱਖ ਦਾ ਪਰਮਾਤਮਾ ਵਿਚ ਵਿਸ਼ਵਾਸ ਤੇ ਸ਼ਰਧਾ ਪਨਪਦੀ ਹੈ। ਉਸ ਨੂੰ ਇਸ ਵਿਚਾਰ ਦਾ ਅਹਿਸਾਸ ਹੋ ਜਾਂਦਾ ਹੈ ਕਿ ਇਹ ਜਨਮ ਬਹੁਤ ਯੁਗਾਂ ਤੋਂ ਬਾਅਦ ਮਿਲਿਆ ਹੈ। ਅਜਿਹੇ ਵਿਚਾਰਾਂ ਕਾਰਨ ਮਨੁੱਖ ਦੇ ਮਨ ਵਿਚ ਨਰਕ, ਸਵਰਗ ਜਿਹੇ ਸਵਾਲ ਅਤੇ ਆਤਮਾ ਦੇ ਅਮਰ ਹੋਣ ਸੰਬੰਧੀ, ਪ੍ਰਸ਼ਨ ਭੈਅ ਪੈਦਾ ਕਰ ਦਿੰਦੇ ਹਨ। ਮਨੁੱਖ ਨੂੰ ਇਸ ਜੀਵਨ ਦੀ ਸੱਚਾਈ ਦਾ ਅਨੁਭਵ ਹੁੰਦਾ ਹੈ ਕਿ ਲੱਖਾਂ ਜੂਨਾਂ ਤੋਂ ਬਾਅਦ ਇਹ ਸ੍ਰੇਸ਼ਟ ਜਨਮ ਮਿਲਿਆ ਹੈ। ਇਸ ਜਨਮ ਦੇ ਮਨੋਰਥ ਨੂੰ ਅੱਖੋ ਓਹਲੇ ਨਹੀਂ ਕੀਤਾ ਜਾ ਸਕਦਾ।

ਗੁਰਬਾਣੀ ਸਰਬ ਸਾਂਝੀ ਮਨੁੱਖਤਾ ਦੇ ਸੰਕਲਪਾਂ ਨੂੰ ਉਜਾਗਰ ਕਰਦੀ ਹੈ। ਇਸੇ ਕਾਰਨ ਬਾਣੀ ਵਿਚ ਕਿਸੇ ਪ੍ਰਕਾਰ ਦੇ ਵਿਤਕਰੇ ਨੂੰ ਪੇਸ਼ ਨਹੀਂ ਕੀਤਾ ਜਾਂਦਾ ਬਲਕਿ ਮਨੁੱਖਤਾ ਦੀ ਆਤਮਾ ਵਿਚ ਪਰਮ ਸੱਤ ਦੀ ਜੋਤ ਦਾ ਪਸਾਰਾ ਅਨੁਭਵ ਕੀਤਾ ਜਾਂਦਾ ਹੈ। ਮਨੁੱਖਤਾ ਵਿਚ ਇਹ ਚਿੰਤਨ ਨਾਮ ਦੁਆਰਾ ਪੈਦਾ ਹੁੰਦਾ ਹੈ। ਨਾਮ ਜਪਣ ਲਈ ਮਨੁੱਖ ਦਾ ਪਰਮਾਤਮਾ ਤੇ ਵਿਸ਼ਵਾਸ ਬਣਨਾ ਬਹੁਤ ਜ਼ਰੂਰੀ ਹੁੰਦਾ ਹੈ। ਪਿਆਰੇ ਪ੍ਰਭੂ ਪ੍ਰੀਤਮ ਨਾਲ ਮੋਹ ਦੀ ਲੋਚਾ ਹੀ ਮਨੁੱਖ ਦੇ ਵਿਸ਼ਵਾਸ ਨੂੰ ਬੁਣਦੀ ਹੈ। ਇਹ ਪ੍ਰੇਮ ਆਤਮਾ ਪਰਮਾਤਮਾ ਦਾ ਪ੍ਰੇਮ ਬਣ ਜਾਂਦਾ ਹੈ। ਗੁਰਬਾਣੀ ਵਿਚ ਇਸ ਪ੍ਰੇਮ ਲਈ ਪਤੀ-ਪਤਨੀ ਦੇ ਬਿੰਬਾਂ ਦੀ ਵਰਤੋਂ ਕੀਤੀ ਗਈ ਹੈ। ਇਸ ਪ੍ਰੀਤ ਦੁਆਰਾ ਵਿਸ਼ਵਾਸ ਤੇ ਸਮਰਪਣ ਦੀ ਭਾਵਨਾ ਪੈਦਾ ਹੁੰਦੀ ਹੈ :

ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ॥
ਤਿਨ ਪਾਇਆ ਰਾਮ॥ (ਗੁ. ਗ੍ਰੰ. 771)

ਮਨੁੱਖ ਦਾ ਰੱਬ ਨਾਲ ਸੰਜੋਗ ਬਣਨਾ ਬਹੁਤ ਮੁਸ਼ਕਿਲ ਹੁੰਦਾ ਹੈ। ਮਨੁੱਖ ਨੂੰ ਆਪਣੀ ਮਾਨਸਿਕਤਾ ਨੂੰ ਖੁਦਗ਼ਰਜ਼ੀ ਤੋਂ ਉਪਰ ਚੁੱਕਣਾ ਪੈਂਦਾ ਹੈ। ਸੱਚਾਈ ਦੀ ਦ੍ਰਿਸ਼ਟੀ ਨੂੰ ਧਾਰਨ ਕਰਨਾ ਪੈਂਦਾ ਹੈ। ਅਜਿਹੀ ਸ਼ਖ਼ਸੀਅਤ ਦੇ ਗੁਣ ਪੈਦਾ ਕਰਨ ਵਾਸਤੇ ਨਾਮ ਸਿਮਰਨ ਨੂੰ ਜੀਵਨ ਦਾ ਆਧਾਰ ਬਣਾਉਣਾ ਪੈਂਦਾ ਹੈ। ਨਾਮ ਦੁਆਰਾ ਮਨੁੱਖ ਨੂੰ ਹਰ ਇਕ ਸਰੂਪ ਵਿਚ ਪਰਮਾਤਮਾ ਦੀ ਜੋਤ ਨਜਰ ਆਉਣ ਲੱਗਦੀ ਹੈ। ਉਸ ਅੰਦਰੋਂ ਆਪਣੇ ਪਰਾਏ ਦੇ ਸੰਕਲਪ ਖ਼ਤਮ ਹੋ ਜਾਂਦੇ ਹਨ। ਅਜਿਹੇ ਮਨੁੱਖ ਸਰਬੱਤ ਦੇ ਭਲੇ ਲਈ ਕਾਰਜ ਕਰਦੇ ਹਨ ਅਤੇ ਪਰਮ ਸੱਤਾ ਦੀ ਜੋਤ ਦਾ ਸਰੂਪ ਹੋ ਜਾਂਦੇ ਹਨ। ਉਹਨਾਂ ਨੂੰ ਮਾਇਆ ਦਾ ਜਾਲ਼ ਆਪਣੇ ਅਧੀਨ ਨਹੀਂ ਕਰ ਸਕਦਾ। ਉਹ ਮਾਇਆ ਨੂੰ ਜੀਵਨ ਦਾ ਹਿੱਸਾ ਨਹੀਂ ਬਣਨ ਦਿੰਦੇ ਬਲਕਿ ਜਰੂਰਤਾਂ ਦੀ ਪੂਰਤੀ ਕਰਦੇ ਹਨ। "ਗੁਰਬਾਣੀ ਵਿਚ ਮਨੁੱਖ ਦੀ ਅਜ਼ਾਦੀ ਰੱਬ ਨਾਲ ਸੰਜੋਗ ਦੇ ਰੂਪ ਵਿਚ ਪ੍ਰਗਟ ਹੋਈ ਤੇ ਉਸ ਦੀ ਗੁਲਾਮੀ ਰੱਬ ਨਾਲ ਵਿਜੋਗ ਦੀ ਸ਼ਕਲ ਵਿਚ ਮਾਇਆ ਦੇ ਬੰਧਨ ਵਿਚ"23 ਮਨੁੱਖ ਦਾ ਪਰਮਾਤਮਾ ਨਾਲ ਵਿਜੋਗ ਮਨੁੱਖਹੀਣ ਹੋਣ ਦੀ ਨਿਸ਼ਾਨੀ ਹੈ, ਕਿਉਂਕਿ ਇਸ ਜਨਮ ਦਾ ਅਸਲ ਅਰਥ ਪਰਮਾਤਮਾ ਦੇ ਮਿਲਾਪ ਨੂੰ ਮੰਨਿਆ ਜਾਂਦਾ ਹੈ। ਇਸ ਸੰਕਲਪ ਤੋਂ ਬਿਨਾ ਮਨੁੱਖ ਪਸ਼ੂ ਸਮਾਨ ਹੈ। ਮਨੁੱਖ ਨੂੰ ਇਸ ਵਿਚਾਰ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਉਸ ਨੂੰ ਮਨੁੱਖਾ ਜਨਮ ਪਰਮਾਤਮਾ ਦੇ ਸੰਜੋਗ ਵਾਸਤੇ ਮਿਲਿਆ ਹੈ, ਪਰੰਤੂ ਇਸ ਸੰਜੋਗ ਦੀ ਪ੍ਰਾਪਤੀ ਅੱਗੇ ਫਿਰ ਕਰਮਾਂ ਅਨੁਸਾਰ ਹੁੰਦੀ ਹੈ। ਮਨੁੱਖ ਨੂੰ ਇਸ ਕਾਰਜ ਦਾ ਪੂਰਾ ਯਤਨ ਕਰਨਾ ਚਾਹੀਦਾ ਹੈ। ਇਸ ਵਿਜੋਗ ਦੀ ਸਥਿਤੀ ਨੂੰ ਸੰਜੋਗ ਵਿਚ ਨਾਮ ਦੁਆਰਾ ਬਦਲਿਆ ਜਾ ਸਕਦਾ ਹੈ :

ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ (ਗੁ. ਗ੍ਰੰ. 365)

ਇਸ ਵਾਸਤੇ ਵਿਜੋਗੇ ਮਨੁੱਖ ਨੂੰ ਇਹ ਜਨਮ ਪਰਮਾਤਮਾ ਨਾਲ ਸੰਜੋਗ ਵਾਸਤੇ ਮਿਲਿਆ ਹੈ। ਇਸ ਵਾਸਤੇ ਮਨੁੱਖ ਆਦਰਸ਼ ਜੀਵਨ ਜਿਊਂਦਾ ਹੈ, ਕਿਉਂਕਿ ਉਸ ਨੂੰ ਗਿਆਨ ਹੋ ਚੁੱਕਾ ਹੈ ਕਿ ਅਸਲ ਸੱਚ ਕੀ ਹੈ? ਇਸੇ ਕਾਰਨ ਗੁਰਬਾਣੀ ਵਿਚ ਮਨੁੱਖ ਨੂੰ ਉੱਚਤਾ ਦਾ ਦਰਜਾ ਦਿੱਤਾ ਗਿਆ ਹੈ। ਮਨੁੱਖ ਨੂੰ ਸਾਰੀਆਂ ਜੂਨਾਂ ਤੋਂ ਸ੍ਰੇਸਟ ਜੀਵ ਮੰਨਿਆ ਜਾਂਦਾ ਹੈ। ਇਸ ਦੀ ਬ੍ਰਹਮ ਤੋਂ ਭੇਦਤਾ ਦਾ ਕਾਰਨ ਹਉਮੈਂ ਹੈ। ਮਨੁੱਖ ਸੰਸਾਰਕ ਰਿਸ਼ਤਿਆਂ ਕਾਰਨ, ਅਜਿਹੇ ਬੰਧਨਾਂ ਵਿਚ ਪਿਆ ਹੋਇਆ ਹੈ, ਜੋ ਮਨੁੱਖ ਦਾ ਸੰਸਾਰਕ ਮੋਹ ਘੱਟਣ ਨਹੀਂ ਦਿੰਦੇ, ਇਸ ਵਾਸਤੇ ਮਨੁੱਖ ਨੂੰ ਸਾਧ ਸੰਗਤ ਕਰਨੀ ਚਾਹੀਦੀ ਹੈ। ਇਸ ਨਾਲ ਸੰਕਲਪਾਂ ਦਾ ਸੰਚਾਰ ਹੁੰਦਾ ਹੈ ਅਤੇ ਸਾਧ ਸੰਗਤ ਕਰਨ ਨਾਲ ਮਨੁੱਖਤਾ ਦੀ ਦ੍ਰਿਸ਼ਟੀ ਵਿਚ ਸਮਾਨਤਾ ਦਾ ਦਰਜਾ ਪੈਦਾ ਹੁੰਦਾ ਹੈ। ਸਾਧਸੰਗਤ ਵਿਚ ਗੁਰੂ ਦੀ ਹੋਂਦ ਨੂੰ ਅਨੁਭਵ ਕੀਤਾ ਜਾਂਦਾ ਹੈ L

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥ (ਗੁ. ਗ੍ਰੰ. 394)

ਮਨੁੱਖ ਦੀਆਂ ਗਿਆਨ ਇੰਦਰੀਆਂ ਨਿਯੰਤਰਨ ਵਿਚ ਆ ਜਾਂਦੀਆਂ ਹਨ। ਮਨੁੱਖ ਰਜੋ, ਤਮੋ, ਸਤੋ ਗੁਣਾਂ ਤੋਂ ਉਪਰ ਉਠ ਕੇ ਸਹਿਜ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ :

ਜਿਨ ਕਉ ਭਾਡੈ ਭਾਉ ਤਿਨਾ ਸਵਾਰਸੀ (ਗੁ. ਗ੍ਰੰ. 729)

ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥ (ਗੁ. ਗ੍ਰੰ. 46)

ਗੁਰਬਾਣੀ ਮਨੁੱਖ ਨੂੰ ਅਜਿਹੀ ਸ਼ਖ਼ਸੀਅਤ ਦੇ ਗੁਣਾਂ ਵਾਲਾ ਬਣਾਉਂਦੀ ਹੈ, ਜਿਸ ਨਾਲ ਮਨੁੱਖ ਜੀਵਨ ਨੂੰ ਸੁਚੱਜੇ ਢੰਗ ਨਾਲ ਜਿਊਂਦਾ ਹੈ। ਉਸ ਦਾ ਦ੍ਰਿਸ਼ਟੀਕੋਣ ਅਧਿਆਤਮਿਕ ਹੋ ਜਾਂਦਾ ਹੈ। ਉਹ ਆਪਣੇ ਕਾਰਜਾਂ ਤੋਂ ਉੱਪਰ ਉਠ ਕੇ ਸਮਾਜ ਭਲਾਈ ਦੇ ਕਾਰਜਾਂ ਨੂੰ ਨਿਸ਼ਕਾਮ ਹੋ ਕੇ ਕਰਦਾ ਹੈ। ਉਸ ਦਾ ਅਜਿਹਾ ਸੁਭਾਅ ਸੰਸਾਰਕ ਨਿਰਲੇਪਤਾ ਦਾ ਪ੍ਰਤੀਕ ਹੈ। ਸੱਚ, ਦਇਆ, ਸੰਜਮਤਾ ਦੇ ਗੁਣਾਂ ਦੁਆਰਾ ਆਪਣੇ ਅਤੀਤ ਨੂੰ ਸਵਾਰਨਾ ਚਾਹੁੰਦਾ ਹੈ। ਅਜਿਹੇ ਗੁਣਾਂ ਵਾਲਾ ਮਨੁੱਖ ਕਿਸੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੋਇਆ, ਦੂਜਿਆਂ ਦੀ ਸਹਾਇਤਾ ਕਰਦਾ ਹੈ। ਅਜਿਹੇ ਕਾਰਜਾਂ ਨਾਲ ਉਸ ਦੀ ਆਤਮਾ ਨੂੰ ਅਨੰਦ ਮਿਲਦਾ ਹੈ। ਅਜਿਹੇ ਮਨੁੱਖ ਦੀ ਕਿਰਤ ਸੱਚੀ ਸੁੱਚੀ ਹੁੰਦੀ ਹੈ। ਗੁਰ ਦੇ ਹੁਕਮ ਅਨੁਸਾਰ ਦਸਵੇਂ ਹਿੱਸੇ ਤੇ ਗੁਰੂ ਦੀ ਮੋਹਰ ਸਮਝਦਾ ਹੈ। ਇਹ ਗੁਰਸਿੱਖ ਦੀ ਅਸਲ ਨਿਸ਼ਾਨੀ ਦਾ ਪ੍ਰਤੀਕ ਹੈ :

ਗੁਰਮੁਖਿ ਸਿਖ ਸੋਈ ਜਨ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ (ਗੁ. ਗ੍ਰੰ. 1255)

ਉਪਰੋਕਤ ਵਿਚਾਰ ਚਰਚਾ ਨੂੰ ਸਮੇਟਣ ਤੋਂ ਬਾਅਦ ਇਸ ਸੰਕਲਪ ਤੇ ਪਹੁੰਚਿਆ ਗਿਆ ਹੈ ਕਿ ਮਨੁੱਖ ਬਾਣੀ ਰੂਪ ਚਉਪਦੇ ਦੇ ਦਾਰਸ਼ਨਿਕ ਪੱਖ ਰਾਹੀਂ ਬ੍ਰਹਮ, ਜਗਤ, ਆਤਮਾ ਦੇ ਆਪਸੀ ਸੰਬੰਧ ਨੂੰ ਸਮਝਣ ਦੇ ਸਮਰੱਥ ਹੋਇਆ ਹੈ। ਇਹਨਾਂ ਦੇ ਆਪਸੀ ਸੰਬੰਧ ਨਾਲ ਮਨੁੱਖ ਦੀ ਸ਼ਖ਼ਸੀਅਤ ਸਾਹਮਣੇ ਆਈ ਹੈ। ਬਾਣੀ-ਰੂਪ ਚਉਪਦੇ ਦੇ ਕੀਰਤਨ ਰਾਹੀਂ ਇਸ ਸ਼ਖ਼ਸੀਅਤ ਨੂੰ ਸੰਵਾਰਨਾ ਹੈ।

### (ਅ) ਸਮਾਜਿਕ ਪੱਖ

ਮਨੁੱਖ ਦੀ ਹੋਂਦ ਸਮਾਜ ਨਾਲ ਸਾਰਥਕ ਬਣਦੀ ਹੈ। ਉਸ ਦੇ ਸੰਕਲਪਾਂ ਦਾ ਵਿਕਾਸ ਸਮਾਜ ਵਿਚ ਰਹਿ ਕੇ ਹੁੰਦਾ ਹੈ। ਸਮਾਜ ਦਾ ਢਾਂਚਾ ਵੱਖ-ਵੱਖ ਸ੍ਰੇਣੀਆਂ ਦੇ ਸਹਿਯੋਗ ਨਾਲ ਉਸਰਦਾ ਹੈ। ਇਹ ਸ੍ਰੇਣੀਆਂ ਸਮਾਜਿਕ ਲੋੜਾਂ ਲਈ ਇਕ ਦੂਜੇ ਤੇ ਨਿਰਭਰ ਕਰਦੀਆਂ

ਹਨ। ਸਮਾਜਿਕ ਲੋੜਾਂ ਦੀ ਪੂਰਤੀ ਕਾਰਨ ਸਮਾਜ ਵਿਚ ਵਿਤਕਰੇ ਦੀ ਭਾਵਨਾ ਪੈਦਾ ਨਹੀਂ ਹੁੰਦੀ। ਇਸ ਤਰ੍ਹਾਂ ਸਮਾਜ ਵਿਚ ਹਰ ਵਿਅਕਤੀ ਨੂੰ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਲਈ ਵੀ ਸਮਾਨਤਾ ਦੇ ਮੌਕੇ ਮਿਲਦੇ ਹਨ, ਪਰੰਤੂ ਕੁਝ ਸੰਕਲਪਾਂ ਕਾਰਨ ਪੁਰਾਤਨ ਸਮੇਂ ਤੋਂ ਵਿਤਕਰੇ ਦੀ ਭਾਵਨਾ ਮਨੁੱਖੀ ਮਾਨਸਿਕਤਾ ਵਿਚ ਦਵੰਦ ਪੈਦਾ ਕਰਦੀ ਹੈ। ਸਮਾਜ ਵਿਚ ਵਿਤਕਰੇ ਦੀ ਭਾਵਨਾ ਨੂੰ ਖ਼ਤਮ ਕਰਨ ਲਈ ਬਾਣੀ-ਰੂਪ ਚਉਪਦੇ ਰਾਹੀਂ ਕੁਝ ਸੰਕਲਪਾਂ ਤੇ ਵਿਚਾਰ ਚਰਚਾ ਕੀਤੀ ਗਈ ਹੈ।

**ਇਸਤਰੀ ਦਾ ਸਤਿਕਾਰ :** ਮੁੱਢ ਕਦੀਮ ਤੋਂ ਸਮਾਜ ਵਿਚ ਇਸਤਰੀ ਨੂੰ ਕਮਜ਼ੋਰ ਸਮਝਿਆ ਜਾਂਦਾ ਸੀ। ਇਸ ਦਾ ਅਸਲ ਕਾਰਨ ਔਰਤ ਦੀ ਮਰਦ ਉਤੇ ਨਿਰਭਰਤਾ ਸੀ। ਇਸੇ ਕਾਰਨ ਔਰਤ ਆਪਣੇ ਅਸਤਿਤਵ ਦੀ ਪਛਾਣ ਨਹੀਂ ਬਣਾ ਸਕਦੀ। ਈਸਾਈ ਮਤ ਵਿਚ ਔਰਤ ਨੂੰ ਸਤਿਕਾਰ ਦਾ ਦਰਜਾ ਨਹੀਂ ਦਿੱਤਾ ਜਾਂਦਾ ਸੀ। ਮਰਦ ਦੇ ਮਨ ਦੀ ਸਥਿਰਤਾ ਨੂੰ ਭੰਗ ਕਰਨ ਵਾਲੀ ਔਰਤ ਹੈ ਇਸ ਵਾਸਤੇ "ਸਭ ਪਾਪਾਂ ਤੇ ਗੁਨਾਹਾਂ ਦਾ ਸੋਮਾ ਤੇ ਸਾਧਨ ਇਹ ਇਸਤ੍ਰੀ ਹੈ। ਸ਼ੈਤਾਨ ਇਸ ਨੂੰ ਸਾਧਨ ਬਣਾ ਕੇ ਮਨੁੱਖ ਨੂੰ ਡੇਗਦਾ ਹੈ। ਸ਼ਾਦੀ ਤਾਂ ਕਾਮ ਚੇਸ਼ਟਾ ਲਈ ਇਕ ਰਿਆਇਤ ਹੈ। ਇਸਤ੍ਰੀ ਹਰ ਕੰਮ ਵਿਚ ਮਰਦ ਤੇ ਟੇਕ ਰੱਖਦੀ ਹੈ। ਰਵਾਜ ਅਤੇ ਕਾਨੂੰਨ ਦੋਹਾਂ ਵਿਚ ਇਸਤ੍ਰੀ ਦਾ ਦਰਜਾ ਘਟੀਆ ਹੈ। ਇਹ ਅਜ਼ਾਦ ਜੀਵਨ ਜਾਂ ਕਾਨੂੰਨੀ ਅਧਿਕਾਰਾਂ ਦੀ ਹੱਕਦਾਰ ਨਹੀਂ। ਇਹ ਆਪਣੇ ਪਤੀ ਨੂੰ ਤਲਾਕ ਨਹੀਂ ਦੇ ਸਕਦੀ।"24 ਔਰਤ ਆਪਣੇ ਜੀਵਨ ਨੂੰ ਸੁਤੰਤਰਤਾ ਨਾਲ ਮਾਣਨ ਦੀ ਹੱਕਦਾਰ ਨਹੀਂ ਸੀ। ਔਰਤ ਨੂੰ ਪਿਤਾ ਅਤੇ ਪਤੀ ਦੀ ਸੰਪਤੀ ਵਿੱਚੋਂ ਹੱਕ ਬਹੁਤ ਸਮੇਂ ਬਾਅਦ ਮਿਲੇ ਹਨ।

ਇਸੇ ਤਰ੍ਹਾਂ ਇਸਲਾਮ ਧਰਮ ਵਿਚ ਔਰਤ ਦੀ ਸਥਿਤੀ ਪੁਰਸ਼ ਤੋਂ ਨੀਵੀਂ ਸਮਝੀ ਗਈ। ਔਰਤ ਤੇ ਕਈ ਤਰ੍ਹਾਂ ਦੇ ਅਤਿਆਚਾਰ ਕੀਤੇ ਜਾਂਦੇ, ਇਸ ਦਾ ਕਾਰਨ ਬਹੁ-ਵਿਆਹ ਸਨ ਅਤੇ ਔਰਤ ਨੂੰ ਉਸ ਦਾ ਬਣਦਾ ਹੱਕ ਨਹੀਂ ਮਿਲਦਾ ਸੀ। ਇਸ ਧਰਮ ਨੇ ਪਰਦੇ ਦੀ ਪ੍ਰਥਾ ਨੂੰ ਪ੍ਰਚਲਿਤ ਕੀਤਾ। ਸਮੇਂ ਅਨੁਸਾਰ ਕੁਝ ਪਰਿਵਰਤਨ ਆਏ। ਮਹਿੰਦਰ ਕੌਰ ਗਿੱਲ ਅਨੁਸਾਰ, ਪਿਤਾ ਦੀ ਜਾਇਦਾਦ ਵਿਚ ਜੇ ਲੜਕੇ ਦਾ ਹਿੱਸਾ ਇਕ ਹੈ ਤਾਂ ਲੜਕੀ ਦਾ ਅੱਧਾ ਹਿੱਸਾ ਮੰਨਿਆ ਜਾਵੇਗਾ।25 ਇਸ ਕਾਨੂੰਨ ਅਨੁਸਾਰ ਔਰਤ ਦੀ ਸਥਿਤੀ ਕੁਝ ਸੁਖਾਵੀਂ ਮਹਿਸੂਸ ਕੀਤੀ ਜਾਣ ਲੱਗੀ।

ਹਿੰਦੂ ਸਮਾਜ ਵਿਚ ਵੀ ਔਰਤ ਦੀ ਸਥਿਤੀ ਡਾਵਾਂਡੋਲ ਰਹੀ ਹੈ। ਵੇਦਾਂ ਦੇ ਸਮੇਂ ਔਰਤ ਨੂੰ ਪਰਿਵਾਰ ਵਿਚ ਬਹੁਤ ਸਤਿਕਾਰ ਦਿੱਤਾ ਜਾਂਦਾ ਸੀ। ਹਰ ਕਾਰਜ ਕਰਨ ਤੋਂ ਪਹਿਲਾਂ ਔਰਤ ਦੀ ਸਲਾਹ ਲਈ ਜਾਂਦੀ ਸੀ। ਸਮੇਂ ਦੇ ਪਰਿਵਰਤਨ ਕਾਰਨ ਮੁਸਲਮਾਨਾਂ ਵੱਲੋਂ ਜਦੋਂ ਔਰਤਾਂ ਨੂੰ ਬੇਪਤ ਕੀਤਾ ਜਾਣ ਲੱਗਾ ਅਤੇ ਉਹਨਾਂ ਦੀ ਸੁਰੱਖਿਆ ਦਾ ਵਧੇਰੇ ਧਿਆਨ ਰੱਖਿਆ ਜਾਣ ਲੱਗਾ, ਉਸ ਸਮੇਂ ਤੋਂ ਹਿੰਦੂ ਲੋਕ ਮਨੂੰ ਦੇ ਸਿਧਾਂਤ ਨੂੰ ਅਪਨਾ ਰਹੇ ਹਨ। "ਇਸਤਰੀ ਦੀ ਰੱਖਿਆ ਬਚਪਨ ਵਿਚ ਪਿਤਾ ਕਰਦਾ ਹੈ। ਜੁਆਨੀ ਵਿਚ ਪਤੀ ਇਸਤਰੀ ਦਾ ਰੱਖਿਅਕ ਹੁੰਦਾ ਹੈ। ਬੁਢਾਪੇ ਵਿਚ ਪੁਤਰ ਇਸਤਰੀ ਦੀ ਰੱਖਿਆ ਕਰਦੇ ਹਨ; ਇਸਤਰੀ ਕਦੇ ਵੀ ਸੁਤੰਤਰ ਰਹਿਣ ਦੇ

ਯੋਗ ਨਹੀਂ ਹੈ"26 ਇਹਨਾਂ ਤਿੰਨਾਂ ਧਰਮਾਂ ਵਿਚ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿਚ ਰਹਿਣ ਵਾਲੀ ਕਮਜ਼ੋਰ ਇਸਤਰੀ ਸਮਝਿਆ ਜਾਂਦਾ ਹੈ। ਉਹ ਆਪਣੇ ਪ੍ਰਤੀ ਚੇਤੰਨ ਨਹੀਂ, ਕਿਉਂਕਿ ਉਹ ਜ਼ਿੰਮੇਵਾਰੀਆਂ ਵਿਚ ਇਸ ਪ੍ਰਕਾਰ ਉਲਝ ਜਾਂਦੀ ਹੈ ਕਿ ਘਰੇਲੂ ਕਾਰਜਾਂ ਨੂੰ ਆਪਣਾ ਕਰਤੱਵ ਸਮਝਦੀ ਹੈ। ਮਰਦ ਨੂੰ ਘਰੇਲੂ ਕਾਰਜਾਂ ਤੋਂ ਸੁਤੰਤਰ ਕਰਨ ਵਿਚ ਔਰਤ ਦਾ ਹੱਥ ਹੁੰਦਾ ਹੈ। ਔਰਤ ਮਰਦ ਦੀ ਵਿਰੋਧਤਾ ਇਸ ਕਾਰਨ ਨਹੀਂ ਕਰਦੀ ਕਿ ਸਮਾਜਿਕ ਰਿਸ਼ਤਿਆਂ ਵਿਚ ਦਰਾੜਾਂ ਉਸਰ ਸਕਦੀਆਂ ਹਨ। ਔਰਤ ਆਪਣੇ ਗ੍ਰਹਿਸਥ ਜੀਵਨ ਦੇ ਸੁਖ ਨੂੰ ਭੰਗ ਨਹੀਂ ਕਰਨਾ ਚਾਹੁੰਦੀ ਕਿਉਂਕਿ ਉਹ ਸਮਾਜ ਵਿਚ ਨਿਰਾਦਰ ਦੀ ਪਾਤਰ ਬਣ ਸਕਦੀ ਹੈ। ਗ੍ਰਹਿਸਥ ਜੀਵਨ ਦਾ ਨਿਰਾਦਰ ਕਰਨ ਵਾਲੇ ਜੋਗੀ ਵੀ ਔਰਤ ਨੂੰ ਮੋਹ ਮਾਇਆ ਦਾ ਜਾਲ਼ ਸਮਝਦੇ ਸਨ। ਉਹਨਾਂ ਦੁਆਰਾ ਬ੍ਰਹਮ ਦੀ ਪ੍ਰਾਪਤੀ ਵਾਸਤੇ ਔਰਤ ਨੂੰ ਵੱਡੀ ਰੁਕਾਵਟ ਸਮਝਿਆ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਹਨਾਂ ਵਿਚਾਰਾਂ ਦਾ ਖੰਡਨ ਕਰਦੀ ਹੈ।

ਬਾਣੀ-ਰੂਪ ਚਉਪਦੇ ਵਿਚ ਇਸਤਰੀ ਨੂੰ ਸਮਾਜ ਦੀ ਨੀਂਹ ਕਿਹਾ ਗਿਆ ਹੈ। ਇਸਤਰੀ ਗ੍ਰਹਿਸਥ ਜੀਵਨ ਦਾ ਧੁਰਾ ਹੈ। ਇਸ ਦੁਆਰਾ ਪਰਿਵਾਰ ਹੋਂਦ ਵਿਚ ਆਉਂਦਾ ਅਤੇ ਰਿਸ਼ਤੇ ਬਣਦੇ ਹਨ। ਔਰਤ ਤੋਂ ਬਿਨ੍ਹਾਂ ਸਮਾਜ ਦਾ ਵਿਕਾਸ ਨਹੀਂ ਹੋ ਸਕਦਾ। ਮਨੁੱਖਤਾ ਦੇ ਚਿੰਤਨ ਦਾ ਘੇਰਾ ਵਿਸ਼ਾਲ ਕਰਨ ਵਾਸਤੇ ਬਾਣੀ ਵਿਚ ਔਰਤ ਨੂੰ ਜਨਨੀ, ਧਨ, ਦਾਰਾ ਜਿਹੇ ਬਿੰਬਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਸਮੁੱਚੇ ਜਗਤ ਨੂੰ ਸਿਰਜਣ ਵਾਲੀ ਔਰਤ ਨੂੰ ਕਦੇ ਵੀ ਬੁਰਾ ਨਹੀਂ ਕਿਹਾ ਜਾ ਸਕਦਾ। ਇਕ ਬੱਚੇ ਦੀ ਹਰ ਦੁਖ ਤਕਲੀਫ ਨੂੰ ਕੇਵਲ ਮਾਂ ਹੀ ਸਮਝ ਸਕਦੀ ਹੈ। ਇਸ ਪ੍ਰਕਾਰ ਜਿਵੇਂ ਮਨੁੱਖਤਾ ਦੀ ਹਰ ਪੀੜ ਪਰਮਾਤਮਾ ਆਪ ਜਾਣਦਾ ਹੈ, ਇਸੇ ਕਾਰਨ ਪਰਮਾਤਮਾ ਨੂੰ ਮਾਈ ਪ੍ਰਤੀਕ ਦੁਆਰਾ ਬਾਣੀ ਰੂਪ ਚਉਪਦੇ ਵਿਚ ਵਰਤਿਆ ਗਿਆ ਹੈ :

ਜੋ ਮੈ ਬੇਦਨ ਸਾ ਕਿਸੁ ਆਖਾ ਮਾਈ॥ (ਗੁ. ਗ੍ਰੰ. 990)

ਇਸੇ ਪ੍ਰਕਾਰ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਵਿਚ ਨਾਮ ਰੂਪੀ ਸ਼ਬਦ ਦੀ ਸਥਿਰਤਾ ਹੋਣੀ ਚਾਹੀਦੀ ਹੈ ਤਾਂ ਹੀ ਜਨਮ ਲੈਣ ਵਾਲਾ ਬਾਲਕ ਉਸ ਬਿਰਤੀ ਦਾ ਮਾਲਕ ਬਣ ਸਕੇਗਾ :

ਧਨ ਪਿਰੁ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ॥ (ਗੁ. ਗ੍ਰੰ. 439)

ਪਰਮਾਤਮਾ ਦੇ ਮਿਲਾਪ ਲਈ ਮਰਦ ਜਾਂ ਇਸਤਰੀ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੁੰਦਾ, ਉਸ ਸਮੇਂ ਜੀਵਾਤਮਾ ਦੀ ਪਵਿੱਤਰਤਾ ਨੂੰ ਵੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਮਨਮੁਖ ਬਿਰਤੀ ਦੀ ਜੀਵਾਤਮਾ ਜਿਸ ਦੇ ਮਨ ਦੀ ਇਕਾਗਰਤਾ ਨਹੀਂ ਬਣਦੀ ਅਤੇ ਆਪਣੇ ਮਨ ਪਿਛੇ ਲੱਗੀ ਜੀਵਾਤਮਾ ਬੁਰੇ ਕਰਮ ਕਰਦੀ ਹੈ :

ਮਨਮੁਖਿ ਕੰਤੁ ਨ ਪਛਾਣਈ ਤਿਨ ਕਉ ਰੈਣਿ ਵਿਹਾਇ॥

ਗਰਬਿ ਅਈਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੇ ਭਾਇ॥ (ਗੁ. ਗ੍ਰੰ. 37)

ਅਜਿਹੀ ਜੀਵਾਤਮਾ ਮਾਇਆ ਦੇ ਜੰਜਾਲ਼ ਵਿਚ ਫਸੀ ਰਹਿੰਦੀ ਹੈ। ਇਸ ਵਾਸਤੇ ਜੀਵਾਤਮਾ ਦਾ ਵਿਵਹਾਰਿਕ ਜੀਵਨ ਤਰਕ ਦੀ ਕਸਵੱਟੀ ਤੇ ਪਰਖਿਆ ਜਾਣਾ ਹੈ। ਇਸ ਵਾਸਤੇ ਬ੍ਰਹਮ ਦੀ ਯਾਦ ਰਾਹੀਂ ਪਲਾਂ-ਛਿਣਾਂ ਨੂੰ ਸੰਭਾਲਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਸਰਵ ਸ਼ਕਤੀਮਾਨ ਦੀਆਂ ਸ਼ਕਤੀਆਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਹ ਮਨੁੱਖ ਵਿਚ ਹਰ ਪ੍ਰਕਾਰ ਦੀਆਂ ਸ਼ਕਤੀਆਂ ਭਰਨ ਦੀ ਸਮਰੱਥਾ ਰੱਖਦਾ ਹੈ :

ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ ਤੇ ਜੋ ਨਾਰੀ (ਗੁ. ਗ੍ਰੰ. 1252)

ਬਾਣੀ-ਰੂਪ ਚਉਪਦੇ ਰਾਹੀਂ ਮਰਦ ਦੀ ਸਿਰਜਣਾ ਲਈ ਔਰਤ ਨੂੰ ਜ਼ਿੰਮੇਵਾਰ ਕਿਹਾ ਗਿਆ ਹੈ। ਇਸ ਵਾਸਤੇ ਔਰਤ ਨਾਲ ਭਿੰਨ-ਭੇਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਮਾਜ ਤੋਂ ਕੂਚ ਕਰਨ ਸਮੇਂ ਔਰਤ, ਮਰਦ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਹਰ ਇਕ ਇਨਸਾਨ ਨੇ ਕਰਤੇ ਦੇ ਫ਼ਰਮਾਨ ਅਨੁਸਾਰ ਚਲੇ ਜਾਣਾ ਹੈ।

**ਜਾਤ-ਪਾਤ ਦੀ ਵਿਰੋਧਤਾ :** ਸਮਾਜ ਵਿਚ ਚਾਰ ਧਰਮਾਂ ਦੇ ਲੋਕ ਰਹਿੰਦੇ ਹਨ। ਹਿੰਦੂ, ਮੁਸਲਿਮ, ਸਿੱਖ, ਈਸਾਈ। ਜਾਤ ਪ੍ਰਥਾ ਨੂੰ ਪੈਦਾ ਕਰਨ ਵਿਚ ਸਮਾਜ ਦੀ ਪ੍ਰਕਿਰਤੀ ਦੇ ਪੱਖਾਂ ਦਾ ਯੋਗਦਾਨ ਹੈ। ਇਸ ਤੋਂ ਸਮਾਜ ਦੇ ਵੱਖ-ਵੱਖ ਵਰਗਾਂ ਦੀਆਂ ਸਮੱਸਿਆਵਾਂ ਉਜਾਗਰ ਹੁੰਦੀਆਂ ਹਨ। ਜਾਤ-ਪਾਤ ਦੀ ਪੈਦਾਇਸ਼ ਦਾ ਕਾਰਨ ਆਰਥਿਕਤਾ ਨੂੰ ਮੰਨਿਆ ਜਾ ਸਕਦਾ ਹੈ। ਪੈਦਾਵਾਰ ਦੇ ਸਾਧਨਾਂ ਕਾਰਨ ਸਮਾਜਵਾਦੀ ਵਰਗ ਨੂੰ ਪੂੰਜੀਵਾਦੀ ਵਰਗ ਦੇ ਅਧੀਨ ਰਹਿਣਾ ਪੈਂਦਾ ਸੀ। ਕਿਰਤ ਦੀ ਵੰਡ ਸਮੇਂ ਹੀ ਵਿਤਕਰਾ ਕੀਤਾ ਜਾਣ ਲੱਗਾ। ਮਨੁੱਖੀ ਮਿਹਨਤ ਦੇ ਅਨੁਸਾਰ ਮੁਆਵਜ਼ਾ ਵੀ ਨਹੀਂ ਦਿੱਤਾ ਜਾਂਦਾ ਸੀ। 'ਕਿਰਤ ਦੇ ਆਧਾਰ ਤੇ ਜਾਤ-ਪਾਤ ਦੀ ਉਤਪਤੀ ਦੀ ਵਿਆਖਿਆ Nesfield ਨੇ ਪੇਸ਼ ਕੀਤੀ। ਉਸ ਦੇ ਸਿਧਾਂਤ ਮੁਤਾਬਿਕ ਕੇਵਲ ਕਿੱਤਾ ਹੀ ਜਾਤ-ਪਾਤ ਦਾ ਮੂਲ-ਆਧਾਰ ਹੈ। ਵਿਭਿੰਨ ਜਾਤਾਂ ਵਿਚ ਜੋ ਭੇਦ ਵੇਖਣ ਨੂੰ ਮਿਲਦੇ ਹਨ ਉਹਨਾਂ ਦਾ ਮੁੱਖ ਕਾਰਨ ਉਹਨਾਂ ਵਿਚਲੇ ਕਿੱਤਿਆਂ ਨੂੰ ਕਿਹਾ ਜਾਂਦਾ ਹੈ।'27 ਸਮਾਜ ਦਾ ਢਾਂਚਾ ਵੱਖ-ਵੱਖ ਸ੍ਰੇਣੀਆਂ ਦੇ ਸਹਿਯੋਗ ਦੁਆਰਾ ਉਸਰਦਾ ਹੈ। ਆਪਸੀ ਜ਼ਰੂਰਤਾਂ ਦੀ ਪੂਰਤੀ ਕਾਰਨ ਇਹ ਵਰਗ ਇਕ ਦੂਸਰੇ ਤੇ ਨਿਰਭਰ ਕਰਦੇ ਸਨ। ਆਪਣੇ ਆਪ ਨੂੰ ਬੁਨਿਆਦੀ ਲੋੜਾਂ ਕਾਰਨ ਸੁਰੱਖਿਅਤ ਮਹਿਸੂਸ ਕਰਦੇ ਹਨ। ਸਮਾਜ ਦੀਆਂ ਵੱਖ-ਵੱਖ ਸ਼੍ਰੇਣੀਆਂ ਹੋਂਦ ਵਿਚ ਆਉਂਦੀਆਂ ਹਨ। ਸਮਾਜ ਦੀ ਇਸ ਵਰਗ ਵੰਡ ਦਾ ਕਾਰਨ ਸਮਾਜਿਕ ਵਿਕਾਸ ਸੀ। ਇਸ ਵਰਗ ਵੰਡ ਵਿਚ

ਵੱਖਰੀਆਂ-ਵੱਖਰੀਆਂ ਸ਼੍ਰੇਣੀਆਂ ਦੇ ਲੋਕ ਸ਼ਾਮਲ ਸਨ। ਇਹਨਾਂ ਵੱਖ-ਵੱਖ ਸ਼੍ਰੇਣੀਆਂ ਨੂੰ ਵਰਣ ਅਨੁਸਾਰ ਵੰਡ ਦਿੱਤਾ ਗਿਆ। ਮਹਾਨ ਕੋਸ਼ ਅਨੁਸਾਰ, ਵਰਣ ਦਾ ਅਰਥ ਭੇਦ ਜਾ ਫਰਕ ਹੈ। ਸੰਸਕ੍ਰਿਤ ਦੇ ਵਿਦਵਾਨਾਂ ਨੇ ਗੋਰਾ ਰੰਗ ਬ੍ਰਾਹਮਣ ਦਾ, ਲਾਲ ਛਤ੍ਰੀ ਦਾ, ਪੀਲਾ ਵੈਸ਼ਯ ਦਾ ਅਤੇ ਕਾਲਾ ਸ਼ੂਦ੍ਰ ਦਾ ਦਸਿਆ ਹੈ।29 ਇਸ ਵਰਣ ਵਿਵਸਥਾ ਨੂੰ ਹਿੰਦੂ ਅਤੇ ਇਸਲਾਮ ਧਰਮ ਵਿਚ ਵੇਖਿਆ ਜਾ ਸਕਦਾ ਹੈ। ਚਾਰ ਵਰਣਾਂ ਵਿਚ ਹਿੰਦੂ ਸਭ ਤੋਂ ਉਚ ਕੋਟੀ ਦੇ ਸਮਝੇ ਜਾਂਦੇ ਸਨ। ਕਸ਼ਤਰੀਆਂ ਨੂੰ ਰਾਜ ਸੱਤਾ ਦੇ ਕੰਮ ਸੌਂਪੇ ਗਏ, ਵੈਸ਼ ਸਮਾਜ ਦੀਆਂ ਸਹੂਲਤਾਂ ਦੇ ਕਾਰਜਾਂ ਖੇਤੀ ਅਤੇ ਵਪਾਰ ਕਰਦੇ, ਚੌਥਾ ਵਰਗ ਸ਼ੂਦਰ ਜੋ ਸਭ ਤੋਂ ਨਿਮਨ ਵਰਗ ਸਮਝਿਆ ਜਾਂਦਾ ਸੀ। ਸਮਾਜ ਦੇ ਇਹਨਾ ਵਰਗਾਂ ਤੋਂ ਜਾਤ ਪਾਤ ਪੈਦਾ ਹੋਣੀ ਆਰੰਭ ਹੋ ਗਈ। ਇਸ ਵਰਗ ਤੋਂ ਸੇਵਾਦਾਰਾਂ ਦੀ ਤਰ੍ਹਾਂ ਕੰਮ ਲਿਆ ਜਾਂਦਾ ਸੀ। ਇਹਨਾਂ ਵਰਗਾਂ ਦੇ ਰੰਗ ਭੇਦ ਅਤੇ ਕਿਰਤ ਵੰਡ ਨੇ ਜਾਤ-ਪਾਤ ਨੂੰ ਪੈਦਾ ਕੀਤਾ। ਇਕ ਸਮਾਜ ਤੋਂ ਪੈਦਾ ਹੋਈਆਂ ਇਹਨਾਂ ਸਾਰੀਆਂ ਜਾਤਾਂ ਵਿਚ ਆਪਸੀ ਵਿਰੋਧ ਪੈਦਾ ਹੋ ਗਿਆ। ਇਹ ਵਰਗ ਇਕ ਦੂਜੇ ਨੂੰ ਆਪਣੇ ਅਧੀਨ ਸਮਝਦੇ ਸਨ। ਸਭ ਤੋਂ ਵਧ ਬੁਰਾ ਸਲੂਕ ਕਸ਼ਤਰੀਆਂ ਨਾਲ ਕੀਤਾ ਜਾਂਦਾ ਸੀ।

ਈਸਾਈ ਮਤ ਵਿਚ ਵੀ ਜਾਤ-ਪਾਤ ਦਾ ਵਿਰੋਧ ਕੀਤਾ ਜਾਂਦਾ। 'ਭਾਰਤੀ ਕੈਥੋਲਿਕ ਲੋਕ ਜਾਤ-ਪਾਤ ਦੇ ਨਿਯਮਾਂ ਦਾ ਪਾਲਨ ਕਰਦੇ ਹਨ ਪਰੰਤੂ ਸਹਿਭੋਜ ਸੰਬੰਧੀ ਨਿਯਮਾਂ ਦੀ ਪਾਲਣਾ ਕਰਦੇ'29 ਇਹਨਾਂ ਦਾ ਆਪਸ ਵਿਚ ਜਾਤ-ਪਾਤ ਦਾ ਵਿਰੋਧ ਨਿਸ਼ਾਨ ਤੋਂ ਕੀਤਾ ਜਾਂਦਾ। ਇਹ ਗ੍ਰਹਿਸਥੀ ਮਨੁੱਖ ਨੂੰ ਆਪਣੇ ਤੋਂ ਵੱਖਰਾ ਰੱਖ ਕੇ ਆਪਣੀ ਸ਼ੁੱਧਤਾ ਦਾ ਪ੍ਰਮਾਣ ਦਿੰਦੇ ਸਨ। ਇਸਲਾਮ ਧਰਮ ਵਿਚ ਵੀ ਮੁਸਲਮਾਨਾਂ ਨੂੰ ਚਾਰ ਵਰਗਾਂ ਵਿਚ ਰੱਖਿਆ ਗਿਆ ਹੈ, 'ਇਹਨਾ ਚਾਰ ਵਰਗਾਂ ਦੇ ਨਾਮ ਇਸ ਪ੍ਰਕਾਰ ਹਨ - ਸਯਦ, ਮੁਗਲ, ਸੇਖ, ਪਠਾਣ।'30 ਇਹਨਾਂ ਨੂੰ ਵੀ ਹਿੰਦੂ ਸਮਾਜ ਦੀ ਤਰ੍ਹਾਂ ਚਾਰ ਸ੍ਰੇਣੀਆਂ ਵਿਚ ਵੰਡ ਕੇ ਉੱਚ ਤੇ ਨਿਮਨ ਵਰਗ ਬਣਾਏ ਗਏ। ਇਹ ਬਾਹਰੀ ਸ਼੍ਰੇਣੀਆਂ ਨਾਲ ਵਿਆਹ ਨੂੰ ਪ੍ਰਮੁੱਖਤਾ ਨਹੀਂ ਦਿੰਦੇ ਸਨ ਅਤੇ ਆਪਸ ਵਿਚ ਵਿਆਹ ਕਰ ਲੈਂਦੇ ਸਨ, ਕਿਉਂਕਿ ਇਹਨਾਂ ਦੀਆਂ ਆਪਣੇ ਧਰਮ ਵਿਚ ਹੀ ਜਾਤਾਂ ਬਹੁਤ ਹੁੰਦੀਆਂ ਸਨ। ਇਹਨਾਂ ਵਿਚ ਵਿਤਕਰੇ ਦੀ ਭਾਵਨਾ ਕਿਸੇ ਭਾਰੀ ਸਮੱਸਿਆ ਕਾਰਨ ਪੈਦਾ ਹੁੰਦੀ ਸੀ।

ਇਹਨਾਂ ਤਿੰਨਾਂ ਧਰਮਾਂ ਤੋਂ ਸਿੱਖ ਧਰਮ ਦਾ ਸਿਧਾਂਤ ਵਿਕੋਲਿਤਰਾ ਹੈ। ਗੁਰਬਾਣੀ ਵਿਚ ਰੱਬ ਦੀ ਏਕਤਾ ਦਾ ਸੰਦੇਸ ਦਿੱਤਾ ਜਾਂਦਾ ਹੈ। ਇਸ ਏਕਤਾ ਨੂੰ ਸਮਾਜ ਵਿਚ ਵੱਸਦੇ ਵੱਖ-ਵੱਖ ਵਰਗਾਂ ਦੇ ਆਪਸੀ ਮਿਲਾਪ ਨਾਲ ਵੇਖਿਆ ਜਾ ਸਕਦਾ ਹੈ। ਧਰਮ ਅਨੁਸਾਰ ਆਪਸੀ ਮਿਲਾਪ ਲੋਕ ਹਿੱਤਾਂ ਦੇ ਕਾਰਜਾਂ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ। ਜਿਸ ਦੁਆਰਾ ਮਨੁੱਖਤਾ ਵਿਚ ਭਿੰਨ-ਭੇਦ ਦੇ ਵਿਚਾਰ ਖ਼ਤਮ ਹੋ ਜਾਂਦੇ ਹਨ। ਇਸ ਨਾਹਰੇ ਦੁਆਰਾ ਸਮਾਨਤਾ ਦਾ ਦਰਜਾ ਪੈਦਾ ਹੁੰਦਾ ਹੈ। ਗੁਰਬਾਣੀ ਮਨੁੱਖਤਾ ਲਈ ਵਿਕਾਸ ਦਾ

ਅਜਿਹਾ ਪੜਾਅ ਹੈ ਜਿਸ ਨੂੰ ਅਮਲ ਲਈ ਪ੍ਰਵਾਨ ਕੀਤਾ ਗਿਆ। "ਬ੍ਰਾਹਮਣ ਮਤ ਤੇ ਸਿੱਖੀ ਮਨ ਤਾਂ ਦੋਵੇਂ ਮਜ੍ਹਬ ਹੀ, ਪਰ ਦੋਹਾਂ ਦਾ ਮੁਕਾਬਲਾ ਕੀਤਿਆਂ ਗੁਰਬਾਣੀ ਦੀ ਸਟਰਕਚਰ ਦਾ ਲੋਕ-ਹਿਤੀ ਜੁੱਸਾ ਪ੍ਰਤੱਖ ਹੋ ਜਾਂਦਾ ਹੈ।"31 ਬ੍ਰਾਹਮਣ ਵਿਚ ਜਾਤ-ਪਾਤ ਦਾ ਵਿਵਾਦ ਉਚ ਕੋਟੀ ਤੇ ਸੀ। ਧਰਮ ਦੇ ਦ੍ਰਿਸ਼ਟੀਕੋਣ ਤੋਂ ਸੰਕੇਤ ਮਿਲਦਾ ਹੈ ਕਿ ਸਮਾਜਿਕ ਵਸਤੂ ਵਿਚ ਅਸਮਾਨਤਾ ਦਾ ਸਭ ਤੋਂ ਵੱਡਾ ਕਾਰਨ ਧਰਮ ਹੈ। ਇਸ ਅਸਮਾਨਤਾ ਦੇ ਬੀਜਾਂ ਨੂੰ ਹਿੰਦੂ ਧਰਮ ਨੇ ਪੈਦਾ ਕੀਤਾ। ਮੰਦਰਾਂ ਵਿਚ ਨੀਵੇ ਵਰਗ ਨੂੰ ਜਾਣ ਦੀ ਇਜ਼ਾਜਤ ਨਹੀਂ ਸੀ ਦਿੱਤੀ ਜਾਂਦੀ, ਪਰੰਤੂ ਸਿੱਖ ਧਰਮ ਦੇ ਧਾਰਮਿਕ ਗ੍ਰੰਥ ਵਿਚ ਸਭ ਧਰਮਾਂ ਦੇ ਗੁਰੂਆਂ ਪੀਰਾਂ ਨੂੰ ਸਮਾਨਤਾ ਦਾ ਦਰਜਾ ਦਿੱਤਾ ਗਿਆ। ਇਸ ਬਾਣੀ ਦੀ ਸਟਰਕਚਰ ਵਿਚ ਇਕ ਜੋਤ ਦੀ ਸਮਾਨਤਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੰਗਤ-ਪੰਗਤ ਦੇ ਸਾਧਨ ਦੁਆਰਾ ਭੇਦ-ਭਾਵ ਨੂੰ ਖਤਮ ਕਰ ਦਿੱਤਾ ਗਿਆ। ਬਾਣੀ ਦੀ ਵਿਆਖਿਆ ਤੇ ਪਾਠ ਕਰਨ ਵਾਲਾ ਕਿਸੇ ਵੀ ਧਰਮ ਦਾ ਹੋ ਸਕਦਾ ਹੈ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ (ਗੁ. ਗ੍ਰੰ. 349)

ਦੂਜੇ ਪੱਖ ਵਿਚ ਹਿੰਦੂ ਉਚ ਜਾਤ ਦਾ ਮਾਣ ਕਰਦੇ ਹਨ, ਪਰੰਤੂ ਜਦੋਂ ਮੁਸਲਮਾਨਾਂ ਵੱਲੋਂ ਹਿੰਦੂਆਂ ਨੂੰ ਧਰਮ ਛੱਡਣ ਲਈ ਕਿਹਾ ਗਿਆ ਤਾਂ ਆਪਣੀ ਜਾਨ ਦੇ ਬਦਲੇ ਕੁਝ ਹਿੰਦੂ ਮੁਸਲਮਾਨ ਬਣ ਗਏ :

ਖਤ੍ਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ (ਗੁ. ਗ੍ਰੰ. 662)

ਇਹ ਹਿੰਦੂ ਹੁਣ ਮੁਸਲਮਾਨਾ ਦਾ ਪਹਿਰਾਵਾ ਪਾਉਂਦੇ ਸਨ :

ਪਤਿਤ ਜਾਤ ਉਤਮੁ ਭਇਆ ਚਾਰ ਵਰਨ ਪਏ ਪਗਿ ਆਇ॥(ਗੁ. ਗ੍ਰੰ. 733)

ਇਸ ਤੁਕ ਤੋਂ ਸੰਕੇਤ ਮਿਲਦਾ ਕਿ ਜੋਤ ਦੀ ਪ੍ਰਾਪਤੀ ਵਾਸਤੇ ਕਿਸੇ ਜਾਤ ਧਰਮ ਦਾ ਕੋਈ ਸੰਬੰਧ ਨਹੀਂ ਹੈ ਸਮਾਜ ਵਿਚ ਸਾਰੀ ਮਨੁੱਖਤਾ ਇਕ ਜੋਤ ਦੀ ਬਣੀ ਹੋਈ ਹ। ਸਮਾਜ ਨੂੰ ਵੱਖ-ਵੱਖ ਵਰਗਾਂ ਵਿਚ ਵੰਡਣ ਭਿੰਨ-ਭੇਦ ਦਾ ਕਾਰਨ ਬਣਿਆ। ਅਜਿਹੀ ਭਿੰਨ-ਭੇਦ ਦੀ ਬਿਰਤੀ ਨੂੰ ਅਪਨਾਉਣਾ ਮਨਮੁਖ ਦਾ ਕਾਰਜ ਹੈ, ਮਨਮੁਖ ਇਕ ਜੋਤ ਦੇ ਸਰੂਪ ਨੂੰ ਸਮਝਣ ਦੇ ਸਮਰੱਥ ਨਹੀਂ ਹੁੰਦਾ, ਪਰੰਤੂ ਮਨੁੱਖ ਨੂੰ ਇਸ ਗੱਲ ਦੀ ਵੀ ਸਮਝ ਆ ਜਾਂਣੀ ਚਾਹੀਦੀ ਹੈ ਕਿ ਸਮਾਜ ਵਿਚ ਇਕ ਦੂਸਰੇ ਦੇ ਸੰਪਰਕ ਤੋਂ ਬਿਨਾ ਵਿਚਰਨਾ ਮੁਸ਼ਕਿਲ ਹੈ। ਇਸ ਨਾਲ ਸਾਡਾ ਸਭਿਆਚਾਰ ਪਸਰਦਾ ਹੈ ਅਤੇ ਮਨੁੱਖ ਆਪਣੀ ਸਖਸ਼ੀਅਤ ਨੂੰ ਅਜ਼ਾਦ ਤਬੀਅਤ ਦਾ ਮਹਿਸੂਸ ਕਰਦਾ ਹੈ। ਇਸ ਸਾਰੇ ਪਸਾਰੇ ਪਿਛੇ ਮਾਇਆ ਮਨੁੱਖ ਨੂੰ ਕੇਂਦਰਿਤ ਕਰਦੀ ਹੈ। ਮਾਇਆ ਦੇ ਹੁਕਮ ਵਿਚ ਮਨੁੱਖ ਸੰਸਾਰਕ ਕਾਰਜਾਂ

ਵਿਚ ਪਿਆ ਰਹਿੰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਨੂੰ ਨਾਮ ਤੋਂ ਵਿਸਾਰਨ ਵਾਲੀ ਤੇ ਜਾਤ-ਪਾਤ ਦੀ ਗੁਲਾਮੀ ਦੇ ਨੁਕਤਿਆ ਵਿਚ ਪਾਉਣ ਵਾਲੀ ਮਾਇਆ ਹੈ, ਪਰਮਾਤਮਾ ਦਾ ਨਾਮ ਉਸ ਨੂੰ ਆਜ਼ਾਦ ਤਬੀਅਤ ਦਾ ਬਣਾਉਣ ਵਿਚ ਸਹਾਈ ਹੈ, ਕਿਉਂਕਿ ਇਹ ਸੰਸਾਰਕ ਬੰਧਨਾਂ ਤੋਂ ਮਨੁੱਖ ਨੂੰ ਅਜ਼ਾਦ ਕਰਵਾ ਦਿੰਦਾ ਹੈ। ਇਸ ਵਾਸਤੇ ਗੁਰ ਸ਼ਬਦ ਨਾਲ ਸਾਂਝ ਬਣਾਉਣੀ ਚਾਹੀਦੀ ਹੈ :

ਭਵਜਲੁ ਬਿਨੁ ਸਬਦੈ ਜਿਉ ਤਰੀਐ (ਗੁ. ਗ੍ਰੰ. 1125)

**ਕਰਮਕਾਂਡਾਂ ਦਾ ਖੰਡਨ :** ਕਰਮਕਾਂਡ ਦੀ ਉਤਪਤੀ ਮਨੁੱਖ ਦੀ ਮਾਨਸਿਕਤਾ ਦੇ ਭੈਅ ਕਾਰਨ ਹੁੰਦੀ ਹੈ। ਆਦਿ ਕਾਲ ਤੋਂ ਮਨੁੱਖ ਭੈਅ ਤੋਂ ਨਿਰਲੇਪ ਹੋਣ ਵਾਸਤੇ ਪ੍ਰਕਿਰਤਕ ਸ਼ਕਤੀਆਂ ਦੀ ਪੂਜਾ ਕਰਦਾ ਰਿਹਾ। ਧਰਮ ਦੇ ਅਸਤਿਤਵ ਵਿਚ ਆਉਣ ਕਾਰਨ ਕੁਝ ਅਜਿਹੀਆਂ ਰਸਮਾਂ ਦੀ ਪ੍ਰਕਿਰਿਆ ਚੱਲੀ, ਜੋ ਕਿਸੇ ਧਾਰਮਿਕ ਸਥਾਨ ਮੰਦਰ ਜਾਂ ਮਸਜਿਦ ਵਿਚ ਕੀਤੀਆਂ ਜਾਂਦੀਆਂ ਸਨ। ਇਹ ਵਿਧੀਆਂ ਮਨੁੱਖ ਦੇ ਜੀਵਨ ਦਾ ਅਜਿਹਾ ਹਿੱਸਾ ਬਣ ਚੁੱਕੀਆਂ ਹਨ, ਜਿਨ੍ਹਾਂ ਦੁਆਰਾ ਮਨੁੱਖੀ ਮਾਨਸਿਕਤਾ ਸ਼ਾਂਤੀ ਮਹਿਸੂਸ ਕਰਦੀ ਹੈ। ਇਸ ਨਿੱਤ ਵਰਤੋਂ ਦੇ ਕਰਮ ਨਾਲ ਮਨੁੱਖਤਾ ਵਿਚ ਅਜਿਹਾ ਸੰਸਕਾਰ ਪਨਪਦਾ ਹੈ, ਜਿਸ ਨਾਲ ਇਹ ਇਕ ਰਸਮ ਬਣ ਜਾਂਦੀ ਹੈ ਅਤੇ ਮਨੁੱਖ ਇਸ ਵਲ ਆਕਰਸ਼ਿਤ ਹੁੰਦਾ ਹੋਇਆ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਇਹਨਾ ਰਸਮਾਂ ਦਾ ਮਨੁੱਖ ਦੇ ਗਿਆਨ ਨਾਲ ਕੋਈ ਸੰਬੰਧ ਨਹੀਂ। ਮਨੁੱਖ ਦਾ ਗਿਆਨ ਸ਼ਬਦ ਦੇ ਸੰਕਲਪ ਨਾਲ ਬਣਦਾ ਹੈ। "ਰੀਤਾਂ ਅਤੇ ਸੰਸਕਾਰ ਕਿਸੇ ਵੀਚਾਰ ਦਾ ਭਾਵ ਬੜੇ ਅਸਪਸ਼ਟ ਅਤੇ ਅਨਿਸ਼ਚਿਤ ਢੰਗ ਨਾਲ ਕਰਦੇ ਹਨ। ਆਤਮਾ ਨੂੰ ਅਸਲੀਅਤ ਦਾ ਗਿਆਨ ਨਿਰਅਕਾਰ ਧਿਆਨ ਨਾਲ ਹੀ ਹੁੰਦਾ ਹੈ। ਇਸ ਲਈ ਜੋ ਮਨੁੱਖ ਜੀਵਨ ਦੇ ਅਸਲੀ ਆਦਰਸ਼ ਦੀ ਪ੍ਰਾਪਤੀ ਲੋੜਦੇ ਹਨ ਉਨ੍ਹਾਂ ਲਈ ਜਿਤਨੇ ਸੰਸਕਾਰ ਤੇ ਰੀਤਾਂ ਥੋੜੀਆਂ ਹੋਣ ਉਨਾਂ ਹੀ ਚੰਗਾ ਹੈ।"32 ਇਥੇ ਸੰਕੇਤ ਮਿਲਦਾ ਕਿ, ਰੀਤਾਂ ਮਨੁੱਖ ਦੇ ਮਨ ਵਿਚ ਦਵੰਦ ਪੈਦਾ ਕਰਦੀਆਂ ਹਨ। ਮਨੁੱਖ ਵਹਿਮ ਭਰਮ ਕਰਨ ਲੱਗ ਜਾਂਦਾ ਹੈ। ਮਨੁੱਖਤਾ ਵਿਚ ਵਹਿਮਾਂ ਭਰਮਾਂ ਨੂੰ ਪੈਦਾ ਕਰਨ ਵਾਲੇ ਮੰਦਰਾਂ ਦੇ ਪੁਜਾਰੀ ਹਨ। ਇਹ ਰਸਮਾਂ ਮੰਦਰਾਂ ਦੇ ਪੁਜਾਰੀਆਂ ਵੱਲੋਂ ਕੀਤੀਆਂ ਜਾਂਦੀਆਂ ਸਨ ਅਤੇ ਇਸ ਤਰ੍ਹਾਂ ਉਹਨਾਂ ਦੇ ਹੱਥਾਂ ਵਿਚ ਇਕ ਵੱਡੀ ਸ਼ਕਤੀ ਸੀ, ਜਿਸ ਨਾਲ ਉਹਨਾ ਦੀ ਰੋਜ਼ੀ ਰੋਟੀ ਦਾ ਗੁਜ਼ਾਰਾ ਹੁੰਦਾ ਹੈ। ਇਸ ਵਾਸਤੇ ਉਹ ਰਸਮਾਂ ਦੁਆਰਾ ਸਮਾਜ ਤੋਂ ਪੂੰਜੀ ਦਾ ਸ਼ੋਸ਼ਣ ਵੀ ਕਰਦੇ ਸਨ। ਦੂਜੇ ਪੱਖ ਵਿਚ, ਸ਼ਬਦ ਦੇ ਸੰਕਲਪ ਨੂੰ ਜੀਵਨ ਦਾ ਆਦਰਸ਼ ਬਣਾ ਕੇ ਮਨੁੱਖੀ ਆਤਮਾ ਸ਼ਾਂਤੀ ਪ੍ਰਾਪਤ ਕਰਦੀ ਹੈ, ਕਿਉਂਕਿ ਇਸ ਸ਼ਬਦ ਨਾਲ ਆਤਮਿਕ ਪਵਿੱਤਰਤਾ ਦੀ ਪ੍ਰਾਪਤੀ ਹੁੰਦੀ ਹੈ। ਆਤਮਾ ਦੀ ਸ਼ਬਦ ਨਾਲ ਸੁਮੇਲਤਾ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਹੈ।

ਅਸਲ ਵਿਚ ਕਰਮਕਾਂਡ ਤੇ ਮਨੁੱਖਤਾ ਦਾ ਵਿਸ਼ਵਾਸ ਕਿਵੇਂ ਬਣ ਜਾਂਦਾ ਹੈ? ਸਮਾਜ ਵਿਚ ਕੁਝ ਰਸਮਾਂ ਨਾਲ ਮਨੁੱਖ ਆਪਣੇ ਆਪ ਨੂੰ ਸ਼ਾਂਤ ਚਿਤ ਮਹਿਸੂਸ ਕਰਦਾ ਹੈ ਜਿਵੇਂ ਸੂਰਜ ਨੂੰ ਪਾਣੀ ਦੇਣਾ ਜਾਂ ਮੰਦਰ ਵਿਚ ਜਾ ਕੇ ਮੂਰਤੀ ਪੂਜਾ ਕਰਨੀ। ਇਹ ਰਸਮਾਂ ਮਨੁੱਖ ਦੀ ਮਾਨਸਿਕਤਾ ਦਾ ਹਿੱਸਾ ਬਣ ਚੁੱਕੀਆਂ ਹਨ। ਮਨੁੱਖ ਦਾ ਇਹਨਾਂ ਤੋਂ ਮੁਨਕਰ ਹੋਣਾ ਸੰਭਵ ਨਹੀ। ਵਣਜਾਰਾ ਬੇਦੀ ਅਨੁਸਾਰ, ਅਸਲ ਵਿਚ ਕਰਮ ਕਾਂਡ ਨੂੰ ਸਾਸ਼ਤ੍ਰੀਆਂ ਨੇ ਦੋ ਭਾਗਾਂ ਵਿਚ ਵੰਡਿਆ ਹੈ ਨਿਤ ਅਤੇ ਨਮਿਤ ਕਰਮ, ਨਿਤ ਕਰਮਾਂ ਵਿਚ ਸੰਧਿਆ ਪੂਜਾ, ਕਰਮ ਪੂਜਾ ਅਤੇ ਨਿਤ ਕਰਮ ਸ਼ਾਮਲ ਹਨ ਜਦਕਿ ਨਮਿਤ ਕਰਮ ਵਿਚ ਸੰਸਕਾਰ ਅਤੇ ਕਲਾ ਵਰਤ ਨੂੰ ਸ਼ਾਮਲ ਕੀਤਾ ਜਾਂਦਾ ਹੈ।33 ਨਿਤ ਕਰਮ ਵਿਚ ਸੂਰਜ ਦੀ ਪੂਜਾ, ਕਰਮ ਪੂਜਾ ਵਿਚ ਮੂਰਤੀਆਂ ਨੂੰ ਫੁੱਲਾਂ ਦੁਆਰਾ ਸਤਿਕਾਰਿਆ ਜਾਣਾ ਇਸ ਤੋਂ ਇਲਾਵਾ ਵਡੇਰਿਆਂ ਤੱਕ ਪਹੁੰਚਾਉਣ ਲਈ ਪੁੰਨ ਦਾਨ ਕੀਤਾ ਜਾਂਦਾ ਹੈ। ਨਮਿਤ ਕਰਮ ਵਿਚ ਮੌਤ ਨਾਲ ਸੰਬੰਧਿਤ ਰਸਮਾਂ ਅਤੇ ਵਰਤ ਆ ਜਾਂਦੇ ਹਨ, ਜੋ ਕਿ ਮਨੁੱਖ ਧਰਮ ਅਨੁਸਾਰ ਕਰਦਾ ਹੈ। ਅਜਿਹੇ ਵਧੇਰੇ ਕਰਮ ਹਿੰਦੂ ਧਰਮ ਵਿਚ ਕੀਤੇ ਜਾਂਦੇ ਹਨ। ਇਹਨਾਂ ਰਸਮਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਾਸਤੇ ਕੁਝ ਉਪਰਾਲੇ ਕੀਤੇ ਗਏ, "ਸਿੰਘ ਸਭਾ ਲਹਿਰ ਦੇ ਸਮੇਂ ਤੋਂ ਸਿੱਖੀ ਨੂੰ ਗੈਰ-ਇਸਤਰੀ ਭਾਰਤੀ ਧਰਮਾਂ ਦੇ ਟਾਕਰੇ ਉਤੇ ਇਹ ਸਿਧਾਂਤ ਵਜੋਂ ਕੁਝ ਘੱਟ ਅਤੇ ਧਰਮ ਵਜੋਂ ਕੁਝ ਵੱਖ ਨਵੇਕਲਾ ਨਿਆਰਾ ਦਰਸਾਉਣ ਲਈ ਬ੍ਰਾਹਮਣਵਾਦ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੈਰ ਇਸਲਾਮੀ ਭਾਰਤੀ ਧਰਮਾਂ ਵਿਚੋਂ ਬ੍ਰਾਹਮਣਵਾਦ ਹਰ ਭਾਂਤ ਦੇ ਅੰਧਕਾਰਵਾਦ ਤੇ ਆਡੰਬਰਵਾਦ ਦੀ ਨੋਕ ਸੀ"34 ਮੁਸਲਮਾਨ ਅਤੇ ਹਿੰਦੂ ਧਰਮ ਤੋਂ ਬਾਅਦ ਸਿੱਖ ਧਰਮ ਦੇ ਗ੍ਰੰਥ ਦੁਆਰਾ ਕਰਮਕਾਂਡਾਂ ਦਾ ਖੰਡਨ ਕੀਤਾ ਗਿਆ। ਮੂਰਤੀ ਪੂਜਾ ਦੇ ਖੰਡਨ ਵਾਸਤੇ ਮਨੁੱਖਤਾ ਨੂੰ ਸਰਗੁਣ ਸਰੂਪ ਤੋਂ ਉਪਰ ਉਠਾ ਕੇ ਸਮਾਜ ਦੇ ਚਿੰਤਨ ਵਿਚ ਵਰਣਾਂ ਦੀ ਅਭੇਦਤਾ ਕਰਨ ਵਾਸਤੇ ਗੁਰਬਾਣੀ ਨੂੰ ਸਿਧਾਂਤ ਦੇ ਤੌਰ ਤੇ ਲਿਆ ਗਿਆ ਹੈ। ਬਾਣੀ ਰੂਪ ਚਉਪਦੇ ਵਿਚ ਕਰਮਕਾਂਡਾਂ ਦੇ ਬਾਰੇ ਇਸ ਪ੍ਰਕਾਰ ਕਿਹਾ ਗਿਆ ਹੈ :

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲ ਖੁਆਰ॥ (ਗੁ. ਗ੍ਰੰ. 28)

ਪਾਖੰਡ ਮਨੁੱਖ ਦੇ ਜੀਵਨ ਨੂੰ ਨਿਯਮਾਂ ਵਿਚ ਨਹੀਂ ਰਹਿਣ ਦਿੰਦੇ ਬਲਕਿ ਮਨ ਵਿਚ ਸੰਸੇ ਪੈਦਾ ਕਰਦੇ ਹਨ। ਮਨੁੱਖ ਨਿਰਜੀਵ ਪੱਧਰ ਦੀ ਪੂਜਾ ਵਾਸਤੇ ਸਜੀਵ ਫੁੱਲਾ ਨੂੰ ਤੋੜਦਾ ਹੈ ਇਸ ਨਾਲ ਹਰ ਫੁੱਲ ਆਤਮਿਕ ਮੌਤ ਮਰਦਾ ਹੈ।

ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ (ਗੁ. ਗ੍ਰੰ. 479)

**ਸਭਿਆਚਾਰਕ ਚੇਤਨਾ :** ਗੁਰਬਾਣੀ ਮਨੁੱਖ ਵਿਚ ਅਜਿਹੇ ਸਭਿਆਚਾਰਕ ਚੇਤਨਾ ਦੇ ਸੰਕਲਪ ਪੈਦਾ ਕਰਦੀ ਹੈ ਜਿਸ ਨਾਲ ਮਨੁੱਖ ਇਹਨਾ ਕਰਮ-ਕਾਂਡਾਂ ਨੂੰ ਜੀਵਨ ਦਾ ਹਿੱਸਾ (ਪੱਖ) ਨਾ ਬਣਾ ਸਕੇ। ਇਸ ਬਾਰੇ ਰਤਨ ਸਿੰਘ ਜੱਗੀ ਦਾ ਵਿਚਾਰ ਹੈ। "ਨਵੀਂ ਚੇਤਨਾ

ਯੁਗ ਪੁਰਸ਼ਾ ਦੀ ਦੇਣ ਹੁੰਦੀ ਹੈ ਜੋ ਆਪਣੇ ਅਨੁਭਵ ਅਤੇ ਚਿੰਤਨ ਨਾਲ ਮਨੁੱਖਤਾ ਨੂੰ ਸਹੀ ਮਾਰਗ ਉਤੇ ਪਾਣ ਦਾ ਉਪਰਾਲਾ ਕਰਦੇ ਹਨ। ਇਹੋ ਜਿਹਾ ਉਪਰਾਲਾ ਜਨ ਅੰਦੋਲਨ ਦਾ ਰੂਪ ਧਾਰਦਾ ਹੈ। ਇਸ ਨੂੰ ਸਭਿਆਚਾਰਕ ਚੇਤਨਾ ਦਾ ਨਾਂ ਦਿੱਤਾ ਜਾਂਦਾ ਹੈ।"35 ਸਭਿਆਚਾਰ ਸੰਗਠਿਤ ਲੋਕਾਂ ਦਾ ਅਜਿਹਾ ਸਮੂਹ ਹੁੰਦਾ ਹੈ, ਜਿਸ ਵਿਚ ਮਨੁੱਖ ਦੇ ਵਿਵਹਾਰਕ ਜੀਵਨ ਦੀਆਂ ਕਿਰਿਆਵਾਂ ਨੂੰ ਸਮਾਜ ਵੱਲੋਂ ਸਿਰਜਿਆ ਜਾਂਦਾ ਹੈ। ਜਿਸ ਵਿਚ ਮਨੁੱਖ ਦਾ ਜੀਵਨ ਮਰਯਾਦਾ ਵਿਚ ਰਹਿੰਦਾ ਹੈ। ਕਿਸੇ ਵਿਅਕਤੀ ਦੀ ਪਹਿਚਾਣ ਉਸ ਦੇ ਸਭਿਆਚਾਰ ਤੋਂ ਕੀਤੀ ਜਾਂਦੀ ਹੈ, ਚਾਹੇ ਸਭਿਆਚਾਰ ਵਿਚ ਨਿਰੰਤਰ ਪਰਿਵਰਤਨ ਆਉਂਦੇ ਰਹਿੰਦੇ ਹਨ, ਜਿਸ ਨਾਲ ਮਨੁੱਖਤਾ ਵਿਕਾਸ ਵੱਲ ਵੱਧਦੀ ਹੈ। ਗੁਰਬਾਣੀ ਦੁਆਰਾ ਸਭਿਆਚਾਰ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਗੁਰੂ ਸਾਹਿਬਾਨ ਨੇ ਮਨੁੱਖ ਦੀ ਚੇਤਨਾ ਦੇ ਪੱਧਰ ਨੂੰ ਤਰਕ ਅਨੁਸਾਰ ਸਮਝਾਉਂਦੇ ਹੋਏ, ਕੁਝ ਬਾਹਰੀ ਆਡੰਬਰਾ ਤੋਂ ਵਰਜਿਆ ਹੈ :

ਅਸਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ॥

ਰਾਮ ਨਾਮ ਸਹਿ ਤਉ ਨ ਪੂਜੈ॥

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥ (ਗੁ. ਗ੍ਰੰ. 973)

ਸਿੱਖ ਧਰਮ ਵਿਚ ਨਾਮ ਦੀ ਪ੍ਰਾਪਤੀ ਦੇ ਤੁਲ ਹੋਰ ਕੋਈ ਵਸਤ ਨਹੀਂ। ਗੁਰਬਾਣੀ ਵਿਚ ਹੋਰ ਸਭ ਕਿਰਿਆਵਾਂ ਨੂੰ ਵਿਅਰਥ ਕਿਹਾ ਗਿਆ ਹੈ।

ਸਿੱਖ ਧਰਮ ਵਿਚ ਸ਼ੁਭ ਕਾਰਜ ਕਰਨ ਤੋਂ ਪਹਿਲਾਂ ਅਕਾਲ ਪੁਰਖ ਦਾ ਨਾਮ ਸਿਮਰਿਆ ਜਾਂਦਾ ਹੈ ਹੋਰ ਕਿਸੇ ਪ੍ਰਕਾਰ ਦੇ ਸ਼ਗਨ ਅਪਸ਼ਗਨ ਨੂੰ ਨਹੀਂ ਵਿਚਾਰਿਆ ਜਾਂਦਾ :

ਸਗਨ ਅਪਸਗਨ ਤਿਸ ਕਉ ਲਗਹਿ

ਜਿਸ ਚੀਤ ਨਾ ਆਵੈ॥ (ਗੁ. ਗ੍ਰੰ. 400)

ਨਾਮ ਸਿਮਰਨ ਕਰਨ ਵਾਲਾ ਗੁਰਸਿਖ ਅਜਿਹੇ ਕਰਮਕਾਂਡ ਤੋਂ ਨਿਰਲੇਪ ਰਹਿੰਦਾ ਹੈ। ਇਸੇ ਤਰ੍ਹਾਂ ਗੁਰਸਿਖ ਕਿਸੇ ਕਾਰਜ ਦੇ ਅਰੰਭ ਤੋਂ ਪਹਿਲਾਂ ਮਹੂਰਤ ਕਢਵਾਉਣ ਬਾਰੇ ਨਹੀਂ ਸੋਚਦਾ। ਉਸ ਲਈ ਚੰਗਾ ਸਮਾਂ ਉਹ ਹੁੰਦਾ ਹੈ ਜਦੋਂ ਮਨੁੱਖ ਪਰਮਾਤਮਾ ਦੇ ਨਾਮ ਦੁਆਰਾ ਉਸ ਦੀ ਦਰਗਾਹ ਵਿਚ ਬਖ਼ਸ਼ਸ਼ ਦਾ ਪਾਤਰ ਬਣਦਾ ਹੈ :

ਪ੍ਰਭੂ ਹਮਾਰੇ ਸਾਸਤ ਸਉਣ॥

ਸੁਖ ਸਹਜ ਆਨੰਦ ਗ੍ਰਿਹ ਭਉਣ॥ (ਗੁ. ਗ੍ਰੰ. 1137)

ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ-ਰੂਪ ਚਉਪਦੇ ਵਿਚ ਹਰ ਤਰ੍ਹਾਂ ਦੀ ਜੋਤਿਸ਼ ਵਿਦਿਆ ਦੀ ਵੀ ਮਨਾਹੀ ਕੀਤੀ ਗਈ ਹੈ :

ਸੋਈ ਸਾਸਤ ਸਉਣ ਸੋਇ

ਜਿਤ ਜਪੀਐ ਹਰਿ ਨਾਉ (ਗੁ. ਗ੍ਰੰ. 48)

ਬਾਣੀ-ਰੂਪ ਚਉਪਦੇ ਦੇ ਸ਼ਬਦ ਅਨੁਸਾਰ ਸ਼ਾਸਤਰ ਤੇ ਜੋਤਿਸ਼ ਗੁਰੂ ਹੈ। ਕਿਉਂਕਿ ਨਾਮ ਜਪਣ ਦੀ ਰਮਜ਼ ਗੁਰੂ ਦੁਆਰਾ ਸਮਝੀ ਜਾ ਸਕਦੀ ਹੈ। ਇਸੇ ਤਰ੍ਹਾਂ ਤੀਰਥ ਯਾਤਰਾ ਨੂੰ ਬਾਹਰੀ ਆਡੰਬਰ ਕਿਹਾ ਗਿਆ ਹੈ ਅਸਲ ਵਿਚ ਸਰੀਰ ਦੀ ਪਵਿੱਤਰਤਾ ਦੀ ਥਾਂ ਆਤਮਾ ਅਤੇ ਮਨ ਦੀ ਪਵਿੱਤਰਤਾ ਵਲ ਧਿਆਨ ਦੇਣਾ ਚਾਹੀਦਾ ਹੈ :

ਤੀਰਥ ਨਾਵਣ ਜਾਉ, ਤੀਰਥ ਨਾਮੁ ਹੈ।

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ (ਗੁ. ਗ੍ਰੰ. 687)

ਅਸਲ ਤੀਰਥ ਯਾਤਰਾ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਕੀਤੀ ਜਾ ਸਕਦੀ ਹੈ :

ਤੀਰਥ ਨਾਇ ਨ ਉਤਰਸਿ ਮੈਲ

ਕਰਮ ਧਰਮ ਸਭਿ ਹਉਮੈ ਫੈਲੁ (ਗੁ. ਗ੍ਰੰ. 890)

ਮਨੁੱਖ ਦੀ ਤੀਰਥ ਸਥਾਨਾਂ ਤੇ ਕੀਤੀ ਯਾਤਰਾ ਹਉਂਮੈਂ ਨੂੰ ਜਨਮ ਦਿੰਦੀ ਹੈ ਅਤੇ ਮਨੁੱਖ ਮਾਇਆ ਵਿਚ ਹੋਰ ਗਲਤਾਨ ਹੁੰਦਾ ਹੈ। ਇਸ ਵਾਸਤੇ ਸਭ ਤੋਂ ਵੱਡਾ ਤੀਰਥ ਗੁਰੂ ਦੇ ਮਿਲਾਪ ਨੂੰ ਕਿਹਾ ਗਿਆ ਹੈ :

ਗੁਰ ਦਰਿਆਉ ਸਦਾ ਜਲੁ ਨਿਰਮਲ

ਮਿਲਿਆ ਦੁਰਮਤਿ ਮੈਲੁ ਹਰੇ॥

ਸਤਿਗੁਰ ਪਾਇਐ ਪੂਰਾ ਨਾਵਣੁ

ਪਸੂ ਪਰੇਤਹੁ ਦੇਵ ਕਰੈ। (ਗੁ. ਗ੍ਰੰ. 1328)

ਮਨੁੱਖ ਨੂੰ ਗੁਰੂ ਦੀ ਪ੍ਰਾਪਤੀ ਹੋਣੀ ਬਹੁਤ ਜ਼ਰੂਰੀ ਹੈ। ਇਹ ਮਨੁੱਖ ਦਾ ਅਸਲ ਤੀਰਥ ਹੈ। ਜਿਸ ਨਾਲ ਮਨੁੱਖ ਦੀ ਬੁੱਧੀ ਵਿਚ ਚੰਗੇ ਸੰਕਲਪ ਪੈਦਾ ਹੁੰਦੇ ਹਨ ਅਤੇ ਪਸ਼ੂ ਬਿਰਤੀ ਖਤਮ ਹੋਣੀ ਅਰੰਭ ਹੋ ਜਾਂਦੀ ਹੈ।

ਇਸ ਪ੍ਰਕਾਰ ਸਮੇਂ ਦੀ ਸਮਾਜਿਕ ਸਥਿਤੀ ਅਨੁਸਾਰ ਸਮਾਜਿਕ ਪੱਖ ਵਿਚ ਔਰਤ ਦੀ ਦਸ਼ਾ, ਜਾਤ-ਪਾਤ ਦੀ ਵਿਰੋਧਤਾ, ਕਰਮਕਾਂਡਾਂ ਦਾ ਖੰਡਨ ਵਿਸ਼ਿਆਂ ਨੂੰ ਪੇਸ਼ ਕੀਤਾ ਗਿਆ ਹੈ। ਇਥੇ ਸੰਕੇਤ ਮਿਲਦਾ ਹੈ ਕਿ ਇਹ ਸਭ ਕਿਰਿਆਵਾਂ ਮਨੁੱਖ ਦੇ ਮਨ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੁੰਦੀਆਂ ਹਨ। ਮਨ ਦੀ ਅਸਥਿਰਤਾ ਕਾਰਨ ਮਨੁੱਖ ਅਜਿਹੇ ਵਿਅਰਥ ਬਾਹਰੀ ਆਡੰਬਰ ਕਰਦਾ ਹੈ। ਸਮਾਜ ਦੀਆਂ ਇਹਨਾਂ ਕੁਰੀਤੀਆਂ ਤੋਂ ਬਚਾਉਣ ਲਈ ਮਨੁੱਖੀ ਮਾਨਸਿਕਤਾ ਵਿਚ ਬਾਣੀ-ਰੂਪ ਚਉਪਦੇ ਦੇ ਕੀਰਤਨ ਦੁਆਰਾ ਪਰਿਵਰਤਨ ਲਿਆਂਦਾ ਜਾ ਸਕਦਾ ਹੈ। ਬਾਣੀ-ਰੂਪ ਚਉਪਦੇ ਮਨੁੱਖ ਵਿਚ ਸਭਿਆਚਾਰਕ ਚੇਤਨਾ ਦੇ ਸੰਕਲਪ ਪੈਦਾ ਕਰਦੇ ਹਨ।

## (ੲ) ਧਾਰਮਿਕ ਪੱਖ

ਅਧਿਆਤਮਵਾਦ ਇਕ ਦ੍ਰਿਸ਼ਟੀ ਹੈ ਜੋ ਮਨੁੱਖ ਦੀ ਸ਼ਖ਼ਸੀਅਤ ਨੂੰ ਪੇਸ਼ ਕਰਦੀ ਹੈ। ਮਨੁੱਖ ਦੇ ਸੰਕਲਪ ਉਸ ਦੇ ਅਧਿਆਤਮਕ ਹੋਣ ਦੀ ਹਾਮੀ ਭਰਦੇ ਹਨ। ਮਨੁੱਖ ਦੇ ਵਿਵਹਾਰਿਕ ਜੀਵਨ ਦੀ ਜੁਗਤੀ ਤੋਂ ਵੀ ਇਸ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਅਸਲ ਵਿਚ ਅਧਿਆਤਮਕ ਦ੍ਰਿਸ਼ਟੀ ਵਾਲੇ ਇਨਸਾਨ ਦਾ ਗਿਆਨ ਅਤੇ ਜਗਿਆਸਾ ਅਜਿਹੇ ਵਿਚਾਰਾਂ ਤੋਂ ਪ੍ਰਤੱਖ ਤੌਰ ਤੇ ਸਾਹਮਣੇ ਆਉਂਦਾ ਹੈ, ਜਦੋਂ ਉਹ ਕੁਦਰਤ ਦੇ ਪਸਾਰਿਆ ਪ੍ਰਤੀ ਤਰਕ ਕਰਦਾ ਹੈ। ਇਹ ਮਨੁੱਖ ਦੀ ਅਧਿਆਤਮਕ ਸ਼ਖ਼ਸੀਅਤ ਦਾ ਵਿਲੱਖਣ ਗੁਣ ਹੈ। ਅਧਿਆਤਮਿਕ ਦ੍ਰਿਸ਼ਟੀ ਵਾਲੇ ਮਨੁੱਖ ਦੀ ਸਭ ਤੋਂ ਪਹਿਲੀ ਤੜਫ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਵੇਦਾਂ, ਉਪਨਿਸ਼ਦਾਂ ਦੇ ਸਮੇਂ ਤੋਂ ਇਸ ਕਾਰਜ ਦੀ ਪ੍ਰਾਪਤੀ ਦੇ ਯਤਨ ਕੀਤੇ ਜਾ ਰਹੇ ਹਨ। ਹਰ ਧਰਮ ਮਨੁੱਖ ਤੇ ਅਧਿਆਤਮਿਕ ਪ੍ਰਭਾਵ ਪਾਉਂਦਾ ਹੈ। ਧਰਮ ਮਨੁੱਖ ਨੂੰ ਜੀਵਨ ਦੀ ਅਸਲ ਸੂਝ ਬਖਸ਼ਦਾ ਹੈ। ਪਰਮਾਤਮਾ ਦੇ ਵਿਸ਼ਵਾਸ ਦੀ ਪਰਪੱਕਤਾ ਧਰਮ ਦੁਆਰਾ ਬਣਦੀ ਹੈ। ਧਾਰਮਿਕ ਗ੍ਰੰਥਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਲੋਕ-ਗੀਤਾਂ ਵਿਚ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਗਈ ਹੈ। ਇਸ ਦਾ ਕਾਰਨ ਇਹ ਸੀ ਕਿ ਸਮਾਜ ਨੇਕ ਕਦਰਾਂ-ਕੀਮਤਾਂ ਦਾ ਧਾਰਨੀ ਬਣਨਾ ਚਾਹੀਦਾ ਹੈ। ਇਸ ਤਰ੍ਹਾਂ ਨੈਤਿਕ ਗੁਣ ਮਨੁੱਖ ਵਿਚ ਸਭ ਤੋਂ ਵਧੇਰੇ ਅਧਿਆਤਮਕ ਦ੍ਰਿਸ਼ਟੀ ਬਣਾਉਂਦੇ ਹਨ ਜਿਸ ਨਾਲ ਮਨੁੱਖ ਧਾਰਮਿਕ ਕਾਰਜਾਂ ਵਾਸਤੇ ਅੱਗੇ ਆਉਂਦਾ ਹੈ।

ਧਰਮ ਦੀ ਗੁੜ੍ਹਤੀ ਮਨੁੱਖ ਨੂੰ ਜਨਮ ਸਮੇਂ ਤੋਂ ਹੀ ਪ੍ਰਾਪਤ ਹੁੰਦੀ ਹੈ। ਬੱਚੇ ਦੇ ਜਨਮ ਸਮੇਂ ਉਸ ਦਾ ਨਾਮ ਧਰਮ ਅਨੁਸਾਰ ਰੱਖਿਆ ਜਾਂਦਾ ਹੈ। ਜਿਸ ਤੋਂ ਮਨੁੱਖ ਦੇ ਧਰਮ ਸੰਬੰਧੀ ਅੰਦਾਜ਼ਾ ਲਾ ਲਿਆ ਜਾਂਦਾ ਹੈ। "ਧਰਮ ਨੂੰ ਮਨੁੱਖ ਦੇ ਦੋ ਦ੍ਰਿਸ਼ਟੀਕੋਣਾਂ ਤੋਂ

ਪਰਖਿਆ ਗਿਆ ਹੈ। ਧਾਰਮਿਕ ਅਨੁਭਵ ਤੇ ਧਾਰਮਿਕ ਵਤੀਰਾ।"36 ਮਨੁੱਖ ਦੇ ਧਾਰਮਿਕ ਅਨੁਭਵ ਤੋਂ ਭਾਵ ਮਨੁੱਖ ਧਰਮ ਪ੍ਰਤੀ ਕਿਸ ਤਰ੍ਹਾਂ ਦੀ ਭਾਵਨਾ ਰੱਖਦਾ ਹੈ ਅਤੇ ਉਸ ਦੇ ਧਰਮ ਪ੍ਰਤੀ ਗਿਆਨ ਨਾਲ ਹੈ, ਗਿਆਨ ਦੁਆਰਾ ਅਮਲੀ ਤੌਰ ਤੇ ਮਨੁੱਖ ਜੀਵਨ ਨੂੰ ਅਸਲ ਨਜ਼ਰੀਏ ਨਾਲ ਵੇਖਦਾ ਹੈ। ਧਾਰਮਿਕ ਵਤੀਰੇ ਵਿਚ ਮਨੁੱਖ ਦੀਆਂ ਉਹ ਕਿਰਿਆਵਾਂ ਸ਼ਾਮਲ ਹਨ, ਜਿਨ੍ਹਾਂ ਨੂੰ ਵਿਵਹਾਰਕ ਪੱਧਰ ਤੇ ਮਨੁੱਖ ਦੁੱਖ-ਸੁੱਖ ਸਮੇਂ ਅਪਣਾਉਂਦਾ ਹੈ। ਇਸ ਦਾ ਮਨੁੱਖ ਦੇ ਸਮਾਜਿਕ ਵਤੀਰੇ ਨਾਲ ਵੀ ਸੰਬੰਧ ਹੈ। ਮਨੁੱਖ ਦੀਆਂ ਧਾਰਮਿਕ ਕਿਰਿਆਵਾਂ ਉਸ ਨੂੰ ਸਮਾਜ ਵਿਚ ਨੈਤਿਕ ਗੁਣਾਂ ਲਈ ਪ੍ਰੇਰਿਤ ਕਰਦੀਆਂ ਹਨ। ਧਾਰਮਿਕ ਅਨੁਭਵ ਮਨੁੱਖ ਦੇ ਮਨ ਵਿਚ ਪਰਮਾਤਮਾ ਪ੍ਰਤੀ ਭਉ ਅਤੇ ਭਾਉ ਪੈਦਾ ਕਰਦਾ ਹੈ ਅਤੇ ਧਾਰਮਿਕ ਵਤੀਰਾ ਨੇਕ ਕਿਰਤ ਕਮਾਈ ਅਤੇ ਚੰਗੇ ਆਚਰਨ ਜਿਹੇ ਗੁਣਾਂ ਨੂੰ ਵੀ ਪੈਦਾ ਕਰਦਾ ਹੈ ਕਿਉਂ ਕਿ ਮਨੁੱਖ ਇਕ ਮਰਯਾਦਾ ਵਿਚ ਬੱਝਾ ਹੋਇਆ ਗ਼ਲਤ ਕਾਰਜ ਨਹੀਂ ਕਰਦਾ।

ਸਿੱਖ ਧਰਮ ਦੀ ਅਰਦਾਸ ਵਿਚ ਮਨੁੱਖ ਦੇ ਅਨੁਭਵ ਤੇ ਵਤੀਰਾ ਦੋਵਾਂ ਸੰਕਲਪਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਜਦੋਂ ਸਿੱਖ ਅਰਦਾਸ ਕਰਦਾ ਹੈ ਤਾਂ ਉਸ ਦਾ ਅਨੁਭਵ ਕਾਰਜ ਕਰਦਾ ਹੈ ਅਤੇ ਉਸ ਦੀ ਅਰਦਾਸ ਸਫਲਤਾ ਪੂਰਵਕ ਪਰਵਾਨ ਹੋਣ ਤੇ ਉਸ ਦੇ ਵਤੀਰੇ ਦਾ ਅਮਲੀ ਰੂਪ ਵੇਖਿਆ ਜਾਂਦਾ ਹੈ। ਬਾਣੀ-ਰੂਪ ਚਉਪਦੇ ਦੇ ਧਾਰਮਿਕ ਵਿਸ਼ੇ ਵਿਚ ਹੁਕਮ, ਮਾਇਆ, ਹਉਮੈਂ, ਗੁਰੂ, ਨਾਮ ਰੂਪੀ ਸ਼ਬਦ ਦਾ ਸਿਮਰਨ, ਕਰਮ, ਸਤਸੰਗਿ, ਸੇਵਾ ਅਤੇ ਮੁਕਤੀ ਸ਼ਾਮਲ ਹਨ। ਇਹਨਾਂ ਵਿਸ਼ਿਆਂ ਦੁਆਰਾ ਮਨੁੱਖ ਦੇ ਅਨੁਭਵ ਤੇ ਵਤੀਰੇ ਨੂੰ ਪੇਸ਼ ਕੀਤਾ ਗਿਆ ਹੈ। ਇਹ ਸਾਰੇ ਵਿਸ਼ੇ ਮਨੁੱਖ ਦੀ ਮਾਨਸਿਕਤਾ ਨੂੰ ਵਲੂੰਧਰਦੇ ਹਨ ਜਿਸ ਨਾਲ ਮਨੁੱਖ ਪਾਰਲੌਕਿਕ ਸੰਸਾਰ ਪ੍ਰਤੀ ਉਤਸੁਕ ਹੁੰਦਾ ਹੈ। ਇਹਨਾਂ ਵਿਸ਼ਿਆਂ ਦੇ ਸੰਕਲਪਾਂ ਦੁਆਰਾ ਮਨੁੱਖ ਜੀਵਨ ਜਾਂਚ ਨੂੰ ਸੋਧਣਾ ਚਾਹੁੰਦਾ ਹੈ।

**ਹੁਕਮ :** ਹੁਕਮ ਸ਼ਬਦ ਦੇ ਲਫ਼ਜ਼ੀ ਅਰਥ ਭਾਣਾ, ਰਜ਼ਾ ਦੇ ਤੌਰ ਤੇ ਲਏ ਜਾਂਦੇ ਹਨ। ਇਸ ਸ਼ਬਦ ਦੇ ਅਰਥਾਂ ਨੂੰ ਮਨੁੱਖ ਚੇਤੰਨਤਾ ਦੇ ਪੱਧਰ ਤੇ ਪਰਖਦਾ ਹੈ। ਮਨੁੱਖ ਦਾ ਸਮਾਜ ਵਿਚ ਜਨਮ ਵੀ ਪਰਮਾਤਮਾ ਦੇ ਹੁਕਮ ਵਿਚ ਹੁੰਦਾ ਹੈ। ਹੁਕਮ ਵਿਚ ਹੀ ਮਨੁੱਖ ਦੀ ਜ਼ਿੰਦਗੀ ਦਾ ਸਫ਼ਰ ਚਲਦਾ ਹੈ। ਉਸ ਪਰਮਾਤਮਾ ਦੀ ਰਜ਼ਾ ਵਿਚ ਹੀ ਮਨੁੱਖ ਮਾਇਆ ਮੋਹ ਵੱਲ ਖਿੱਚਿਆ ਜਾਂਦਾ ਹੈ ਅਤੇ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਵਾਸਤੇ ਮਨੁੱਖ ਬੁਰੇ ਕਾਰਜ ਕਰਕੇ ਬਦੀ ਦੀ ਸੀਮਾ ਤੱਕ ਪਹੁੰਚ ਜਾਂਦਾ ਹੈ। "ਨੇਕੀ ਤੇ ਬਦੀ, ਨਾਮ ਤੇ ਮਾਇਆ ਪੈਦਾ ਤਾ ਰੱਬ ਦੇ ਹੁਕਮ ਵਿਚ ਹੀ ਹੋਏ ਹਨ ਪਰ ਗੁਰਬਾਣੀ ਦਾ ਰੱਬ ਤੇ ਉਸ ਦਾ ਹੁਕਮ ਇਨਾਂ ਦੋਹਾਂ ਵਿਚ ਨਿਰਪੱਖ ਨਹੀਂ। ਉਸ ਦੇ ਹੁਕਮ ਵਿਚ ਹੀ ਨੇਕੀ ਬਦੀ, ਚੰਗੇ ਮਾੜੇ, ਨਾਮ ਤੇ ਮਾਇਆ ਦੀ ਪਰਖ ਪੈਦਾ ਹੁੰਦੀ ਹੈ।"37 ਮਨੁੱਖ ਸਮਾਜ ਵਿਚ ਆ ਕੇ ਜੀਵਨ ਬਤੀਤ ਕਰਦਾ ਹੈ। ਹਰ ਇਨਸਾਨ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਦਾ ਹੈ, ਪਰੰਤੂ ਜਦੋਂ ਮਨੁੱਖ ਵਿਚ ਲੋੜ ਤੋਂ ਵੱਧ ਸੰਗ੍ਰਹਿਤ ਕਰਨ ਦੇ ਸੰਕਲਪ ਪੈਦਾ ਹੋ ਜਾਣ, ਉਸ ਸਮੇਂ ਹਉਮੈਂ ਵਿਚ ਫਸਿਆ ਮਨੁੱਖ ਬਦੀ ਦੇ ਕਾਰਜ ਕਰਨ ਲੱਗ ਜਾਂਦਾ ਹੈ।

ਉਸ ਨੂੰ ਆਪਣੇ ਪਰਾਏ ਦੀ ਕੋਈ ਪਛਾਣ ਨਹੀਂ ਰਹਿੰਦੀ ਅਤੇ ਮਨੁੱਖ ਮਨਮੁੱਖ ਬਣ ਕੇ ਆਉਣ ਜਾਣ ਦੇ ਜੰਜਾਲ਼ ਵਿਚ ਪਿਆ ਰਹਿੰਦਾ ਹੈ :

ਹੁਕਮ ਨ ਬੂਝੈ ਆਵਣ ਜਾਣੈ॥ (ਗੁ. ਗ੍ਰੰ. 676)

ਮਨੁੱਖ ਅਜਿਹੇ ਕਰਮਾਂ ਦਾ ਭਾਗੀ ਵੀ ਉਸ ਕਰਤਾ ਦੇ ਹੁਕਮ ਅਨੁਸਾਰ ਹੀ ਬਣਦਾ ਹੈ :

ਜੇਹਾ ਤੂੰ ਹੁਕਮ ਕਰਹਿ ਤੇਹੋ ਕੋ ਕਰਮ ਕਮਾਵੈ॥

ਜੇਹਾ ਤੁਧ ਧੁਰਿ ਲਿਖਿ ਪਾਇਆ॥ (ਗੁ. ਗ੍ਰੰ. 736)

ਮਨੁੱਖ ਨੂੰ ਇਹਨਾਂ ਕਰਮਾਂ ਦੀ ਸਜ਼ਾ ਇਸੇ ਜਨਮ ਵਿਚ ਹੀ ਮਿਲ ਜਾਂਦੀ ਹੈ ਕਿਉਂਕਿ ਸਰਬ-ਸ਼ਕਤੀਮਾਨ ਪਰਮਾਤਮਾ ਅਗਲੇ ਜਨਮਾਂ ਦਾ ਬਿਉਰਾ ਤਿਆਰ ਕਰਦਾ ਹੈ ਅਤੇ ਸਮੇਂ-ਸਮੇਂ ਤੇ ਮਨੁੱਖ ਨੂੰ ਉਸ ਦੇ ਕਾਰਜਾਂ ਵਿਚ ਹਾਨੀ ਦੁਆਰਾ ਸਾਵਧਾਨ ਕਰਦਾ ਹੈ। ਇਸ ਸੰਕਲਪ ਦੀ ਸਮਝ ਮਨੁੱਖ ਨੂੰ ਬਾਣੀ ਤੇ ਵਿਚਾਰ ਕੀਤਿਆ ਹੀ ਹੋ ਸਕਦੀ ਹੈ ਕਿ ਮਾਇਆ ਦੇ ਜੰਜਾਲ਼ ਨੂੰ ਕਿਵੇ ਘੱਟ ਕੀਤਾ ਜਾ ਸਕਦਾ ਹੈ। ਇਹ ਕਾਰਜ ਮਨੁੱਖ ਹਉਮੈਂ ਦੇ ਬੰਧਨਾਂ ਤੋਂ ਨਿਕਲ ਕੇ ਕਰ ਸਕਦਾ ਹੈ ਪਰੰਤੂ ਮਨੁੱਖ ਇਹਨਾਂ ਸੰਸਾਰਕ ਕਾਰਜਾਂ ਵਿਚ ਵੀ ਪਰਮਾਤਮਾ ਦੇ ਹੁਕਮ ਕਾਰਨ ਹੀ ਗਲਤਾਨ ਹੋਇਆ ਪਿਆ ਹੈ :

ਹੁਕਮੇ ਬਾਧਾ ਕਾਰ ਕਮਾਵੈ॥ (ਗੁ. ਗ੍ਰੰ. 390)

ਪਰਮਾਤਮਾ ਦੇ ਹੁਕਮ ਵਿਚ ਹੀ ਸਮਾਜ ਵੱਖ-ਵੱਖ ਵਰਗਾਂ ਵਿਚ ਉਸਰਿਆ ਹੋਇਆ ਹੈ। ਸਮਾਜਕ ਵਿਕਾਸ ਕਾਰਨ ਕੁਝ ਸ਼੍ਰੇਣੀਆਂ ਦੇ ਲੋਕ ਨਿਮਨ ਵਰਗ ਨੂੰ ਆਪਣੇ ਹੱਥਾ ਦੀ ਕਠਪੁਤਲੀ ਬਣਾ ਕੇ, ਉਹਨਾਂ ਦਾ ਸ਼ੋਸ਼ਣ ਕਰਦੇ ਹਨ। ਇਹਨਾ ਵਰਗਾਂ ਦੀ ਭਿੰਨਤਾ ਕਾਰਨ ਉੱਚ ਵਰਗ ਸੰਪਤੀ ਦੇ ਸੰਗ੍ਰਹਿ ਵਾਸਤੇ ਮਾਇਆ ਤੇ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ। ਮਨੁੱਖ ਮਾਇਆ ਦੇ ਜੰਜਾਲ਼ ਕਾਰਨ ਬਾਣੀ ਦੇ ਸਿਧਾਂਤਾਂ ਨੂੰ ਨਹੀਂ ਸਮਝ ਸਕਦਾ। ਬਾਣੀ ਇਨਕਲਾਬ ਦੇ ਦੌਰ ਦੀ ਤਰ੍ਹਾਂ ਮਨੁੱਖ ਦੀ ਮਾਨਸਿਕਤਾ ਨੂੰ ਅੰਦਰੂਨੀ ਜਖਮਾਂ ਨਾਲ ਵਲੂੰਧਰਦੀ ਹੈ, ਤਾਂ ਜੋ ਮਨੁੱਖਤਾ ਵਿਚ ਇਕ ਦੂਜੇ ਲਈ ਸਮਾਨਤਾ ਦਾ ਦਰਜਾ ਆ ਸਕੇ। ਮਨੁੱਖ ਪਰਮਾਤਮਾ ਦੇ ਹੁਕਮ ਨੂੰ ਸਮਝਣ ਦੇ ਯੋਗ ਹੋ ਸਕੇ :

ਹੁਕਮ ਮੰਨੇ ਸੋ ਜਨ ਪਰਵਾਣ॥ (ਗੁ. ਗ੍ਰੰ. 1175)

ਜੋ ਇਨਸਾਨ ਪਰਮਾਤਮਾ ਦੇ ਹੁਕਮ ਨੂੰ ਮੰਨ ਲੈਂਦਾ ਹੈ ਉਸ ਦਾ ਹੰਕਾਰ ਖ਼ਤਮ ਹੋ ਜਾਂਦਾ ਹੈ :

ਮਾਨੈ ਹੁਕਮ ਤਜੈ ਅਭਿਮਾਨੈ॥ (ਗੁ. ਗ੍ਰੰ. 737)

ਪਰਮਾਤਮਾ ਦੇ ਹੁਕਮ ਵਿਚ ਬੱਝਾ ਮਨੁੱਖ ਉਸ ਦੁਆਰਾ ਦਿੱਤੇ ਦੁੱਖ ਨੂੰ ਵੀ ਪਰਵਾਨ ਕਰ ਲੈਂਦਾ ਹੈ ਕਿਉਂ ਕਿ ਉਹ ਦੁੱਖ-ਸੁੱਖ ਨੂੰ ਸਰੀਰ ਦੇ ਦੋ ਪਹੀਏ ਸਮਝਦਾ ਹੋਇਆ ਪਰਮਾਤਮਾ ਦਾ ਹੁਕਮ ਸਮਝਦਾ ਹੈ ਅਤੇ ਉਸ ਦੇ ਹੁਕਮ ਨੂੰ ਭਾਣਾ ਸਮਝ ਕੇ ਮੰਨ ਲੈਂਦਾ ਹੈ :

ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ (ਗੁ. ਗ੍ਰੰ. 747)

ਇਸ ਪ੍ਰਕਾਰ ਪਰਮਾਤਮਾ ਦੇ ਹੁਕਮ ਦੁਆਰਾ ਹੀ ਮਾਇਆ ਦਾ ਪ੍ਰਸਾਰ ਹੋਇਆ ਹੈ।

**ਮਾਇਆ :** ਮਾਇਆ ਸ਼ਬਦ ਨੂੰ ਕਈ ਅਰਥਾਂ ਵਿਚ ਲਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ, ਮਾਇਆ ਨੂੰ ਕਪਟ, ਛਲ, ਦੰਭ ਕਿਹਾ ਜਾਂਦਾ ਹੈ।38 ਵੇਦਾਂ, ਉਪਨਿਸ਼ਦਾਂ ਵਿਚ ਮਾਇਆ ਨੂੰ ਇਕ ਅਜਿਹੀ ਤਾਕਤ ਕਿਹਾ ਗਿਆ, ਜਿਸ ਨੂੰ ਬ੍ਰਹਮ ਨੇ ਸੰਸਾਰ ਦੀ ਸਿਰਜਣਾ ਲਈ ਹੋਂਦ ਵਿਚ ਲਿਆਂਦਾ ਹੈ। ਬਾਣੀ ਰੂਪ ਚਉਪਦੇ ਵਿਚ ਮਾਇਆ ਲਈ ਮਾਈ ਸ਼ਬਦ ਦੀ ਵਰਤੋਂ ਇਹ ਸੰਕੇਤ ਕਰਦੀ ਹੈ ਕਿ ਮਾਇਆ ਮਾਂ ਦੇ ਪ੍ਰਸਾਰ ਨਾਲ ਤ੍ਰੈ-ਗੁਣ ਸੰਸਾਰ ਹੋਂਦ ਇਹ ਆਇਆ ਹੈ ਅਤੇ ਤਿੰਨ ਗੁਣ ਰਜੋ, ਤਮੋ, ਸਤੋ ਉਸਦੇ ਬੱਚੇ ਹਨ। ਪਰਮਾਤਮਾ ਨੇ ਇਸ ਦੀ ਪਾਲਣਾ ਕੀਤੀ ਹੈ :

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥ (ਗੁ. ਗ੍ਰੰ. 1066)

ਮਾਇਆ ਮਨੁੱਖ ਦੇ ਜੀਵਨ ਦੇ ਵਿਕਾਸ ਨਾਲ ਪਸਰਦੀ ਹੈ। ਮਾਇਆ ਕਾਰਨ ਮਨੁੱਖ ਆਪਣੀ ਅੰਦਰੂਨੀ ਬਣਤਰ ਭਾਵ ਆਤਮਾ ਦੀ ਜੋਤ ਦੇ ਪ੍ਰਕਾਸ਼ ਨੂੰ ਨਹੀਂ ਸਮਝ ਸਕਦਾ। ਮਾਇਆ ਦੇ ਪ੍ਰਸਾਰ ਨਾਲ ਮਨੁੱਖ ਦੇ ਸਰੀਰ ਦੀਆਂ ਪੰਜ ਬਿਰਤੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੇ ਮਨੁੱਖ ਨੂੰ ਅਜਿਹਾ ਆਪਣੇ ਕਲਾਵੇ ਵਿਚ ਲਿਆ ਕਿ ਮਨੁੱਖ ਉਸ ਕ੍ਰੋਧ ਤੋਂ ਬਚ ਨਹੀਂ ਸਕਦਾ ਅਤੇ ਮਨੁੱਖ ਨਾਮ ਨੂੰ ਮਨ ਵਿਚ ਨਹੀਂ ਵਸਾਉਂਦਾ :

ਬਾਬਾ ਮਾਇਆ ਰਚਨਾ ਮੋਹ

ਅੰਧੈ ਨਾਮੁ ਵਿਸਾਰਿਆ ਨਾ ਤਿਸ ਏਹ ਨ ਓਹੁ (ਗੁ. ਗ੍ਰੰ. 15)

ਮਨੁੱਖ ਇਸ ਮਾਇਆਵੀ ਝੂਠੇ ਸੰਸਾਰ ਨੂੰ ਸੱਚ ਸਮਝ ਲੈਂਦਾ ਹੈ। ਉਹ ਸੰਸਾਰਕ ਕਾਰਜਾਂ ਨੂੰ ਪਹਿਲ ਦੇਣ ਲੱਗ ਜਾਂਦਾ ਹੈ ਅਤੇ ਆਪਣੀਆਂ ਬੁਨਿਆਦੀ ਲੋੜਾਂ ਪ੍ਰਤੀ ਵਧੇਰੇ ਚਿੰਤਤ ਹੁੰਦਾ ਹੈ :

ਮਾਇਆ ਮੋਹਣੀ ਨੀਘਰਿਆ ਜੀਉ ਕੂੜਿ ਮੁਠੀ ਕੂੜਿਆਰੇ (ਗੁ. ਗ੍ਰੰ. 243)

ਇਸ ਵਿਵਾਦ ਵਿਚ ਪਿਆ ਹੋਇਆ ਮਨੁੱਖ ਪਰਮਾਤਮਾ ਪ੍ਰਤੀ ਨਾਸਤਿਕਤਾ ਵਾਲਾ ਨਜ਼ਰੀਆ ਰੱਖਦਾ ਹੈ ਕਿਉਂਕਿ ਉਹ ਆਤਮਾ ਦੀ ਪਛਾਣ ਕਰਨ ਤੋਂ ਅਸਮਰਥ ਰਹਿੰਦਾ ਹੈ :

ਜਗ ਸਿਉ ਝੂਠ ਪ੍ਰੀਤਿ ਮਨ ਬੇਧਿਆ ਜਨ ਸਿਉ ਵਾਦ ਰਚਾਈ (ਗੁ. ਗ੍ਰੰ. 596)

ਇਸ ਕਾਰਨ ਮਨੁੱਖ ਰੱਬ ਦੀ ਹੋਂਦ ਤੇ ਵੀ ਸ਼ੱਕ ਕਰਦਾ ਹੈ। ਇਸ ਦਾ ਕਾਰਨ ਮਨੁੱਖ ਦਾ ਅਗਿਆਨ ਹੈ। ਮਨੁੱਖ ਹਉਮੈਂ ਵਿਚ ਪੈ ਜਾਂਦਾ ਹੈ। ਹਉਮੈਂ ਵੱਸ ਹੋ ਕੇ ਉਹ ਹਮੇਸ਼ਾ ਅਜਿਹੇ ਕਰਮ ਕਰਦਾ ਹੈ, ਜਿਸ ਨਾਲ ਮਨੁੱਖ ਵਿਚ ਆਪਣੇ ਹੱਕ ਦੀ ਪ੍ਰਾਪਤੀ ਲਈ ਭਾਵਨਾ ਉਭਰਦੀ ਹੈ ਅਤੇ ਉਸ ਦੀ ਪ੍ਰਾਪਤੀ ਹੋਣ ਤੇ ਵੀ ਮਨੁੱਖ ਦੁਖੀ ਹੁੰਦਾ ਹੈ। ਮਾਇਆ ਵਿਚ ਫਸੇ ਮਨੁੱਖ ਲਈ ਵਿਕਾਰਾਂ ਦੇ ਜਾਲ਼ ਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ :

ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ

ਸਤ ਕੈ ਆਸਣਿ ਪੁਰਖੁ ਰਹੈ (ਗੁ. ਗ੍ਰੰ. 877)

ਸਾਰੀ ਜ਼ਿੰਦਗੀ ਮਨੁੱਖ ਮਾਇਆ ਦੇ ਪ੍ਰਸਾਰ ਤੋਂ ਬਚ ਨਹੀਂ ਸਕਦਾ, ਕਿਉਂ ਕਿ ਉਹ ਗੁਰੂ ਦੀ ਸਿੱਖਿਆ ਨੂੰ ਮਨ ਵਿਚ ਨਹੀਂ ਵਸਾਉਂਦਾ ਅਤੇ ਮਨੁੱਖ ਮੌਤ ਦੇ ਅੰਤਿਮ ਸਮੇਂ ਤੱਕ ਮਾਇਆ ਵਿਚ ਉਲਝਿਆ ਰਹਿੰਦਾ ਹੈ ਅਤੇ ਮਨੁੱਖ ਦਾ ਪਦਾਰਥਕ ਸੰਸਾਰ ਨਾਲ ਮੋਹ ਬਣਿਆ ਰਹਿੰਦਾ ਹੈ :

ਦਿਨ ਦਿਨੁ ਆਵੈ ਤਿਲ ਤਿਲੁ ਛੀਜੈ ਮਾਇਆ ਮੋਹ ਘਟਾਈ॥ (ਗੁ. ਗ੍ਰੰ. 1330)

ਮਾਇਆ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਸਾਧਨ ਤੋਂ ਅਵੇਸਲਾ ਕਰਦੀ ਹੈ। ਅਗਿਆਨ ਕਾਰਨ ਮਾਇਆ ਮਨੁੱਖ ਨੂੰ ਛਲ ਲੈਂਦੀ ਹੈ। ਇਸੇ ਕਾਰਨ ਮਨੁੱਖ ਦੀ ਤ੍ਰਿਸ਼ਨਾ ਵੱਧਦੀ ਹੈ, ਮਨੁੱਖ ਵੱਧ ਤੋਂ ਵੱਧ ਵਸਤਾਂ ਦੀ ਪ੍ਰਾਪਤੀ ਕਰਨੀ ਚਾਹੁੰਦਾ ਹੈ। ਉਹ ਪ੍ਰਾਪਤੀ ਧਨ ਦੌਲਤ ਜਾਂ ਜਾਇਦਾਦ ਦੀ ਹੋ ਸਕਦੀ ਹੈ। ਮਨੁੱਖ ਇਹਨਾਂ ਪਦਾਰਥਕ ਵਸਤਾਂ ਨੂੰ ਸਥਾਈ ਸੁੱਖ ਸਮਝਣ ਲੱਗ ਜਾਂਦਾ ਹੈ :

ਮਾਇਆ ਜਾਲ ਪਸਾਰਿਆ ਭੀਤਰਿ ਚੋਗ ਬਣਾਇ॥ (ਗੁ. ਗ੍ਰੰ. 50)

ਵਿਸ਼ਿਆਂ ਵਿਕਾਰਾਂ ਕਾਰਨ ਮਾਇਆ ਮਨੁੱਖ ਤੇ ਭਾਰੂ ਹੋ ਜਾਂਦੀ ਹੈ। ਇਸ ਦੇ ਪ੍ਰਭਾਵ ਤੋਂ ਮੁਕਤੀ ਪ੍ਰਾਪਤ ਕਰਨ ਲਈ ਪਰਮਾਤਮਾ ਦੀ ਪ੍ਰੀਤ ਪ੍ਰਾਪਤ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਉਸ ਦੀ ਪ੍ਰੀਤ ਹੀ ਮਾਇਆ ਦੇ ਬੰਧਨਾਂ ਤੋਂ ਮੁਕਤ ਕਰ ਸਕਦੀ ਹੈ :

ਹਰਿ ਜਪਿ ਮਾਇਆ ਬੰਧਨ ਤੂਟੇ॥ (ਗੁ. ਗ੍ਰੰ. 497)

ਗੁਰਬਾਣੀ ਵਿਚ ਮਾਇਆ ਨੂੰ ਨਾਗਣੀਂ ਵੀ ਕਿਹਾ ਗਿਆ ਹੈ ਪਰੰਤੂ ਪਰਮਾਤਮਾ ਕੀ ਯਾਦ ਵਿਚ ਰਹਿਣ ਵਾਲਿਆਂ ਤੇ ਇਹ ਆਪਣਾ ਅਸਰ ਨਹੀਂ ਕਰ ਸਕਦੀ, ਤੇ ਉਹਨਾਂ ਲਈ ਇਹ ਦਾਸੀ ਬਣ ਜਾਂਦੀ ਹੈ। ਇਸ ਪ੍ਰਕਾਰ ਮਾਇਆ ਦੇ ਪ੍ਰਭਾਵ ਨੂੰ ਨਾਮ ਸਿਮਰਨ ਦੁਆਰਾ ਘਟ ਕਰਕੇ ਮਨੁੱਖ ਦੇ ਮਨ ਨੂੰ ਸਥਿਰ ਕੀਤਾ ਜਾ ਸਕਦਾ ਹੈ :

**ਹਉਂਮੈਂ :** ਮਾਇਆ ਮਨੁੱਖ ਨੂੰ ਅਜਿਹੇ ਬੰਧਨਾਂ ਵਿਚ ਬੰਨ੍ਹ ਦਿੰਦੀ ਹੈ, ਜਿਸ ਨਾਲ ਮਨੁੱਖ ਹਊਮੈਂ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਨਾਲ ਮਨੁੱਖ ਦੇ ਮਨ ਵਿਚ ਵਸਤਾਂ ਦੇ ਸੰਕਲਨ ਦੀ ਇੱਛਾ ਅਤੇ ਹੰਕਾਰ ਪ੍ਰਫੁਲਿਤ ਹੁੰਦਾ ਹੈ :

ਹਉਮੈ ਵਿਚਿ ਸਭ ਕਾਰ ਕਮਾਹਿ॥ (ਗੁ. ਗ੍ਰੰ. 666)

ਹਉਮੈ ਰੋਗਿ ਸਭ ਜਗਤ ਬਿਆਪਿਆ

ਤਿਨ ਕਉ ਜਨਮ ਮਰਨ ਦੁਖ ਭਾਈ (ਗੁ. ਗ੍ਰੰ. 735)

ਹਉਂਮੈਂ ਕਾਰਨ ਮਨੁੱਖ ਜਨਮ ਮਰਨ ਦੇ ਗੇੜ ਵਿਚ ਫਸਿਆ ਰਹਿ ਕੇ ਦੁਖੀ ਹੁੰਦਾ ਹੈ। ਮਨੁੱਖ ਜਿਨਾਂ ਹਉਂਮੈਂ ਕਰਕੇ ਵਸਤਾਂ ਦਾ ਸੰਗ੍ਰਹਿ ਕਰਦਾ ਹੈ ਅਤੇ ਦੂਜਿਆਂ ਦੇ ਹੱਕ ਨੂੰ ਖਾਂਦਾ ਹੈ ਉਸੇ ਪ੍ਰਕਾਰ ਮਨੁੱਖ ਸਜ਼ਾ ਦਾ ਭਾਗੀਦਾਰ ਬਣਦਾ ਹੈ :

ਹਉਮੈ ਕਰੇ ਬਹੁਤੀ ਮਿਲੈ ਸਜਾਇ (ਗੁ. ਗ੍ਰੰ. 733)

ਮਨੁੱਖ ਨੂੰ ਜੀਵਨ ਦੀ ਅਸਲ ਜ਼ਰੂਰਤ ਦੀ ਸਮਝ ਨਹੀਂ ਆਉਂਦੀ :

ਅੰਤਰਿ ਮੈਲੁ ਨ ਉਤਰੈ ਹਉਮੈ ਬਿਨ ਗੁਰ ਬਾਜੀ ਹਾਰੀ॥ (ਗੁ. ਗ੍ਰੰ. 495)

ਹਉਮੈਂ ਨੂੰ ਖ਼ਤਮ ਕਰਨ ਵਾਸਤੇ ਗੁਰੂ ਦੇ ਲੜ ਲਗ ਕੇ ਸ਼ਬਦ ਨੂੰ ਅਪਣਾਉਣਾ ਚਾਹੀਦਾ ਹੈ। ਸ਼ਬਦ ਦੁਆਰਾ ਹੀ ਮਨੁੱਖ ਹਉਮੈਂ ਨੂੰ ਛੱਡ ਸਕਦਾ ਹੈ :

ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ

ਜਿਸ ਦੀ ਸਾਚੀ ਬਾਣੀ॥ (ਗੁ. ਗ੍ਰੰ. 768)

ਸ਼ਬਦ ਦੇ ਸਿਮਰਨ ਦੁਆਰਾ ਮਨੁੱਖ ਦੇ ਪਾਪ ਖ਼ਤਮ ਹੋ ਜਾਂਦੇ ਹਨ ਅਤੇ ਪਰਮਾਤਮਾ ਮਨ ਨੂੰ ਸਥਿਰ ਬਣਾਉਂਦਾ ਹੈ :

ਹਉਮੈ ਸਭ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ॥ (ਗੁ. ਗ੍ਰੰ. 769)

ਇਸ ਪ੍ਰਕਾਰ ਮਨੁੱਖ ਨੂੰ ਹਉਮੈਂ ਨੂੰ ਖਤਮ ਕਰਨ ਵਾਸਤੇ ਗੁਰੂ ਅਤੇ ਨਾਮ ਰੂਪੀ ਸ਼ਬਦ ਨੂੰ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

**ਗੁਰੂ :** ਸਿੱਖ ਧਰਮ ਵਿਚ ਗੁਰੂ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਮਨੁੱਖ ਦਾ ਪਥ-ਪ੍ਰਦਰਸ਼ਕ ਹੈ। ਇਸ ਭਵਜਲ ਸੰਸਾਰ ਤੋਂ ਪਾਰ ਕਰਵਾਉਣ ਵਾਲਾ ਗੁਰੂ ਹੈ। ਗੁਰੂ ਨੇ ਸੰਸਾਰ ਸਾਗਰ ਤੋਂ ਬੇੜੀ ਬਣ ਕੇ ਪਾਰ ਕਰਵਾਉਣਾ ਹੁੰਦਾ ਹੈ। ਇਸ ਵਾਸਤੇ ਉਹ ਨਾਮ ਨੂੰ ਸਾਧਨ ਬਣਾਉਂਦਾ ਹੈ। ਨਾਮ ਰੂਪੀ ਸ਼ਬਦ ਜਹਾਜ਼ ਦੀ ਤਰ੍ਹਾਂ ਹੁੰਦਾ ਹੈ, ਜੋ ਮਨੋ ਸਥਿਤੀ ਨੂੰ ਬਦਲ ਕੇ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਤੇ ਪਹੁੰਚਾ ਦਿੰਦਾ ਹੈ :

ਗੁਰ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥

ਗੁਰ ਸਰੁ ਸਾਗਰੁ ਬੋਹਿਥੋ ਗੁਰੁ ਤੀਰਥ ਦਰੀਆਉ॥ (ਗੁ. ਗ੍ਰੰ. 17)

ਸਿੱਖ ਧਰਮ ਦੇ ਗੁਰੂ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਦੇ ਰੂਪ ਵਿਚ ਹੋਈ ਅਤੇ ਅਕਾਲ ਪੁਰਖ ਨੇ ਗੁਰੂ ਸਾਹਿਬਾਨ ਨੂੰ ਮਾਧਿਅਮ ਬਣਾ ਕੇ ਸਿੱਖ ਧਰਮ ਦੀ ਬਾਣੀ ਨੂੰ ਦਰਜ ਕਰਵਾਇਆ ਮਨੁੱਖਤਾ ਨੂੰ ਸੇਧ ਦੇਣ ਲਈ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ ਗਈ। ਹਰ ਮਹਲੇ ਅਨੁਸਾਰ ਗੁਰੂ ਦੀ ਬਾਣੀ ਮਨੁੱਖਤਾ ਲਈ ਹੁਕਮ ਦਾ ਫ਼ਰਮਾਨ ਹੈ। ਇਸ ਹੁਕਮ ਨੂੰ ਸਵੀਕਾਰ ਕਰਨਾ ਮਨੁੱਖ ਦੀ ਮਾਨਸਿਕਤਾ ਤੇ ਨਿਰਭਰ ਕਰਦਾ ਹੈ :

ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ॥ (ਗੁ. ਗ੍ਰੰ. 361)

ਪਹਿਲਾ ਮਨੁੱਖ ਗੁਰੂ ਦੁਆਰਾ ਦਿੱਤੀ ਸਿੱਖਿਆ ਨੂੰ ਸੁਣਦਾ ਹੈ। ਉਸ ਨੂੰ ਧਾਰਨ ਕਰਨ ਵਾਸਤੇ ਗੁਰੂ ਮੰਤਰ ਦੀ ਪਰਪੱਕਤਾ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸ ਮੰਤਰ ਨੂੰ ਵਾਹਿਗੁਰੂ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦੀ ਗੂੰਜ ਮਨੁੱਖ ਦੇ ਮਨ ਵਿਚ ਵਸ ਜਾਂਦੀ ਹੈ :

ਗੁਰ ਕੈ ਸਬਦਿ ਸਾਚੁ ਉਰ ਧਾਰੈ (ਗੁ. ਗ੍ਰੰ. 1174)

ਮਨੁੱਖ ਦੀ ਆਤਮਾ ਸੁਖ ਦਾ ਅਨੁਭਵ ਮਹਿਸੂਸ ਕਰਦੀ ਹੈ, ਕਿਉਂਕਿ ਉਸ ਜੀਵਨ ਦਾ ਗਿਆਨ ਆਤਮਾ ਨੇ ਕਰਵਾਇਆ ਹੈ। ਮਨੁੱਖ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਆਤਮਿਕ ਪ੍ਰਕਾਸ਼ ਦੀ ਹੋਂਦ ਵਿਚ ਪਰਮਾਤਮਾ ਹੈ। ਉਸ ਦੀ ਪ੍ਰਾਪਤੀ ਕਰਨੀ ਜੀਵਨ ਦਾ ਮਨੋਰਥ ਹੈ। ਮਨੁੱਖ ਆਪਣੇ ਸੰਕਲਪਾਂ ਦੁਆਰਾ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ :

ਗੁਰ ਆਦਿ ਪੁਰਖੁ ਹਰਿ ਪਾਇਆ (ਗੁ. ਗ੍ਰੰ. 879)

ਪਰਮਾਤਮਾ ਗੁਰੂ ਦੀ ਅਸਲ ਪਛਾਣ ਕਰਨ ਦੇ ਸਮਰੱਥ ਹੈ, ਕਿਉਂਕਿ ਬ੍ਰਹਮ ਨੂੰ ਇਸ ਗੱਲ ਦਾ ਗਿਆਨ ਹੈ ਕਿ ਗੁਰੂ ਹੀ ਮਾਇਆ ਤੋਂ ਨਿਰਲੇਪ ਰਹਿ ਕੇ ਮਨੁੱਖਤਾ ਵਿਚ ਸਮਰਪਣ ਦੀ ਭਾਵਨਾ ਪੈਦਾ ਕਰ ਸਕਦਾ ਹੈ। ਗੁਰੂ ਨੇ ਹੀ ਮਨੁੱਖ ਵਿਚ ਸਚਾਈ, ਇਮਾਨਦਾਰੀ ਦੇ ਗੁਣ ਪੈਦਾ ਕਰਕੇ ਉਸ ਨੂੰ ਸਚਿਆਰਾ ਬਣਾਉਣਾ ਹੈ। ਜਿਸ ਨਾਲ ਮਨੁੱਖ ਅਤੇ ਬ੍ਰਹਮ ਦੀ ਸੁਮੇਲਤਾ ਹੋ ਸਕਦੀ ਹੈ। ਗੁਰੂ ਮਨੁੱਖ ਨੂੰ ਨਾਮ-ਰੂਪੀ ਸ਼ਬਦ ਨਾਲ ਜੋੜਨ ਦਾ ਕਾਰਜ ਕਰਦਾ ਹੈ :

ਗੁਰੂ ਬਿਨਾ ਮੈ ਨਾਹੀ ਹੋਰ (ਗੁ. ਗ੍ਰੰ. 864)

ਗੁਰੂ ਨੂੰ ਅਕਾਲ ਪੁਰਖ ਨੇ ਸਭ ਬਖ਼ਸ਼ਸ਼ਾਂ ਦੇ ਕੇ ਭੇਜਿਆ ਹੁੰਦਾ ਹੈ, ਤਾ ਜੋ ਮਨੁੱਖਤਾ ਦਾ ਕਲਿਆਣ ਹੋ ਸਕੇ :

ਲਖ ਖੁਸ਼ੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇ॥ (ਗੁ. ਗ੍ਰੰ. 44)

ਸਿੱਖ ਧਰਮ ਵਿਚ ਗੁਰੂ ਸਾਹਿਬਾਨ ਦੀ ਜੋਤ ਇਕ ਸਰੂਪ ਤੋਂ ਦੂਜੇ ਸਰੂਪ ਵਿਚ ਪ੍ਰਵੇਸ਼ ਕਰਦੀ ਗਈ। ਗੁਰੂ ਸਾਹਿਬਾਨ ਦੀ ਜੋਤ ਅਕਾਲ ਪੁਰਖ ਦੀ ਜੋਤ ਸੀ ਅਤੇ ਉਹਨਾਂ ਦਾ ਸਰੂਪ ਕੇਵਲ ਮਾਧਿਅਮ ਸੀ। ਇਸ ਰਹੱਸ ਦੇ ਸੰਕਲਪ ਰਾਹੀਂ ਮਨੁੱਖਤਾ ਨੂੰ ਸੇਧ ਦਿੱਤੀ ਗਈ ਕਿ ਆਤਮਾ ਸਭ ਵਿਚ ਪਸਰੀ ਹੋਈ ਹੈ :

ਗੁਰ ਪਰਮੇਸਰ ਏਕ ਹੈ ਸਭਿ ਮਹਿ ਰਹਿਆ ਸਮਾਇ॥ (ਗੁ. ਗ੍ਰੰ. 52)

"ਗੁਰੂ ਸਾਹਿਬਾਨ ਨੇ ਗੁਰਮਤ ਮਾਰਗ ਰਾਹੀਂ ਮਨੁੱਖੀ ਸਖਸ਼ੀਅਤ ਨੂੰ ਵਿਸਮਾਦੀ ਪੁਠ ਦੇ ਕੇ ਇਸ ਦੇ ਸਾਰੇ ਅੰਗਾਂ ਦੀ ਸਮੁੱਚੀ ਉੱਨਤੀ ਤੇ ਜ਼ੋਰ ਦਿੰਦਾ ਹੈ।"39 ਗੁਰੂ ਦੀ ਹੋਂਦ ਨੂੰ ਮਨ ਵਿਚ ਵਸਾ ਕੇ ਮਨੁੱਖੀ ਮਾਨਸਿਕਤਾ ਬਦਲ ਜਾਂਦੀ ਹੈ। ਮਨੁੱਖ ਨੂੰ ਗੁਰੂ ਪਰਮ ਪਿਤਾ ਪਰਮਾਤਮਾ ਦਾ ਅਨੁਭਵ ਕਰਵਾਉਂਦਾ ਹੈ :

ਸਤਿਗੁਰ ਜੇਵਡ ਅਵਰ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ॥ (ਗੁ. ਗ੍ਰੰ. 881)

ਨਾਮ ਸਿਮਰਨ ਦੀ ਪ੍ਰਾਪਤੀ ਉਸ ਪ੍ਰਤੀ ਵਿਸ਼ਵਾਸ ਨਾਲ ਬਣਦੀ ਹੈ।

ਸਤਿਗੁਰ ਜੇਵਡੁ ਅਵਰੁ ਨ ਕੋਇ॥

ਗੁਰ ਪਾਰਬ੍ਰਹਮ ਪਰਮੇਸਰੁ ਸੋਇ॥ (ਗੁ. ਗ੍ਰੰ. 1271)

ਗੁਰੂ ਮਨੁੱਖ ਨੂੰ ਨਾਮ ਰੂਪੀ ਸ਼ਬਦ ਦੇ ਸਿਮਰਨ ਦੀ ਸਿੱਖਿਆ ਦੇ ਕੇ ਆਪਣਾ ਪਾਰਲੌਕਿਕ ਸੰਸਾਰ ਸੁਧਾਰਨ ਦੀ ਸਿੱਖਿਆ ਦਿੰਦਾ ਹੈ।

**ਨਾਮ :** ਸਮਾਜ ਵਿਚ ਮਨੁੱਖ ਦੀ ਹੋਂਦ ਪਦਾਰਥਕ ਜਗਤ ਨਾਲ ਜੁੜਦੀ ਹੈ। ਇਸ ਪਦਾਰਥਕ ਸੰਸਾਰ ਦੀਆਂ ਵਸਤਾਂ ਉਸ ਲਈ ਨਿੱਤ ਵਰਤੋਂ ਦਾ ਮਾਧਿਅਮ ਹਨ। ਇਸ ਤੋਂ ਬਾਅਦ ਮਨੁੱਖ ਦੀ ਰੂਹਾਨੀ ਲੋੜ ਨਾਮ ਹੈ। ਇਸ ਨਾਮ ਨੂੰ ਬਾਣੀ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ। ਨਾਮ ਦੀ ਵਾਸਤਵਿਕ ਪਛਾਣ ਮਨੁੱਖ ਦੇ ਮਨ ਵਿਚ ਸ਼ਬਦ ਦੇ ਰੂਪ ਵਿਚ ਹੁੰਦੀ ਹੈ। ਧੁਨੀ ਰਾਹੀਂ ਸ਼ਬਦ ਦੀ ਗੂੰਜ ਮਨੁੱਖ ਵਿਚ ਵਿਸਮਾਦ ਪੈਦਾ ਕਰ ਦਿੰਦੀ ਹੈ :

ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡ॥ (ਗੁ. ਗ੍ਰੰ. 49)

ਇਸ ਤਰ੍ਹਾਂ ਨਾਮ ਨੂੰ ਸ਼ਬਦ ਵੀ ਕਹਿ ਲਿਆ ਜਾਂਦਾ ਹੈ। ਇਸ ਦੁਆਰਾ ਸਿਮਰਨ ਦਾ ਅਭਿਆਸ ਕੀਤਾ ਜਾਂਦਾ ਹੈ :

ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥ (ਗੁ. ਗ੍ਰੰ. 27)

ਇਹ ਸ਼ਬਦ ਅਭਿਆਸ ਗੁਰ ਕਿਰਪਾ ਦੁਆਰਾ ਦਰਗਾਹ ਵਿਚ ਕਬੂਲ ਹੁੰਦਾ ਹੈ। "ਇਸੇ ਨਾਮ ਨੂੰ ਰਤਾ ਉਘੜਵੇਂ ਅਰਥਾਂ ਵਿਚ ਵਿਆਖਿਆ ਦੇਣ ਵਾਲਾ ਦੂਸਰਾ ਸੰਕਲਪ ਸ਼ਬਦ ਦਾ ਹੈ। ਨਾਮ ਪ੍ਰਤੀਕ ਪਾਸਾਰ ਨਾਲ ਸੰਬੰਧਿਤ ਹੋ ਕੇ ਵਿਸ਼ੁਧ ਲਿਖਿਤ ਜਗਤ ਨਾਲ ਜੁੜ ਜਾਂਦਾ ਹੈ। ਪਰ ਇਸ ਦੇ ਮੁਕਾਬਲੇ ਉਤੇ ਸ਼ਬਦ ਧੁਨੀ ਤੋਂ ਸ਼ੁਰੂ ਹੋ ਕੇ ਸੰਸਾਰਿਕਤਾ ਵਿਚ ਫੈਲਦਾ ਹੈ।"40 ਨਾਮ ਸੰਸਾਰ ਦੀ ਇਕਾਗਰਤਾ ਨੂੰ ਬਣਾਉਣ ਵਾਲਾ ਹੈ। ਨਾਮ ਦਾ ਸ਼ਬਦ ਦੇ ਰੂਪ ਵਿਚ ਸੰਚਾਰ ਹੁੰਦਾ ਹੈ। ਸ਼ਬਦ ਧੁਨੀ ਦੇ ਰੂਪ ਵਿਚ ਪਸਰ ਕੇ ਅਜਿਹਾ ਅਨੰਦ ਬੰਨ੍ਹਦਾ ਹੈ, ਜਿਸ ਨਾਲ ਵਿਸਮਾਦ ਦੀ ਅਵਸਥਾ ਪੈਦਾ ਹੋਣੀ ਅਰੰਭ ਹੋ ਜਾਂਦੀ ਹੈ। ਇਸ ਪ੍ਰਕਾਰ ਨਾਮ ਸ਼ਬਦ ਦੇ ਅਨਹਦ ਨਾਦ ਸਮਾਜ ਨੂੰ ਨਿਯੰਤਰਨ ਵਿਚ ਰੱਖਣ ਲਈ ਪ੍ਰਤੀਕ ਦਾ ਕਾਰਜ ਕਰਦੇ ਹਨ। ਇਸ ਨਾਲ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝਣ ਦੇ ਯੋਗ ਹੋ ਜਾਂਦਾ ਹੈ। ਉਸਨੂੰ ਪਰਮਾਤਮਾ ਦੀ ਰਜ਼ਾ ਕਾਰਨ ਦੁੱਖ-ਸੁੱਖ ਉਸ ਦਾ ਹੁਕਮ ਅਨੁਭਵ ਹੁੰਦਾ ਹੈ। ਇਸ ਪ੍ਰਕਾਰ ਮਨੁੱਖੀ ਮਾਨਸਿਕਤਾ ਦੇ ਬਦਲਾਵ ਲਈ ਗਿਆਨ ਇੰਦ੍ਰੀਆਂ ਤੇ ਨਿਯੰਤਰਨ ਕਰਨ ਦੀ ਵੀ ਬਹੁਤ ਜ਼ਰੂਰਤ ਹੁੰਦੀ ਹੈ। ਇਸ ਲਈ ਸ਼ਬਦ ਦੇ ਅਨਹਦ ਨਾਦ ਦੇ ਪਸਾਰੇ ਦੁਆਰਾ ਪਰਿਵਰਤਨ ਨੂੰ ਸਾਕਾਰ ਕੀਤਾ ਜਾਂਦਾ ਹੈ। ਸ਼ਬਦ ਦੀ ਬਿਰਤੀ ਮਨੁੱਖ ਜਾਤੀ ਨੂੰ ਪਰਮਾਤਮਾ ਦੀ ਬਖ਼ਸ਼ੀਸ਼ ਹੈ, ਇਸ ਨਾਲ ਮਨੁੱਖੀ ਮਨ ਦੇ ਸੰਕਲਪ ਅਵਚੇਤਨ ਤੋਂ ਦੂਰ ਬ੍ਰਹਮ ਦੀ ਇਕਸਾਰਤਾ ਵੱਲ ਲੱਗ ਜਾਂਦੇ ਹਨ :

ਨਾਮੈ ਹੀ ਤੇ ਸੁਖ ਪਾਈਐ ਸਚੈ ਸਬਦਿ ਸੁਹਾਇ॥ (ਗੁ. ਗ੍ਰੰ. 34)

ਮਨੁੱਖ ਆਤਮਿਕ ਅਨੰਦ ਦੀ ਪ੍ਰਾਪਤੀ ਮਹਿਸੂਸ ਕਰਦਾ ਹੈ। ਉਸ ਦਾ ਮਨ ਉਸੇ ਰਸ ਵਿਚ ਰਹਿਣਾ ਚਾਹੁੰਦਾ ਹੈ :

ਨਾਮਿ ਤੇਰੈ ਰਹੈ ਮਨੁ ਰਾਤਾ॥ (ਗੁ. ਗ੍ਰੰ. 180)

ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੋ ਜਾਣ ਤੇ ਉਹ ਕੁਦਰਤ ਦੇ ਹਰ ਪਸਾਰੇ ਨੂੰ ਉਸ ਦੇ ਨਾਮ ਦੀ ਬੁਨਿਆਦ ਸਮਝਦਾ ਹੈ। ਨਾਮ ਮਨੁੱਖ ਦੀ ਸਿਰਜਣਾ ਦੇ ਘੇਰੇ ਨੂੰ ਵਿਸ਼ਾਲ ਕਰਦਾ ਹੈ। ਮਨੁੱਖ ਦਾ ਵਸਤਾਂ ਨੂੰ ਪਰਖਣ ਦਾ ਨਜ਼ਰੀਆ ਬਦਲ ਜਾਂਦਾ ਹੈ। ਸਭਿਆਚਾਰ ਵੱਖਰਤਾ ਹੋਣ ਤੇ ਵੀ ਮਨੁੱਖ ਦਾ ਸ਼ਬਦ ਪ੍ਰਤੀ ਨਜ਼ਰੀਆ ਨਹੀਂ ਬਦਲਦਾ। ਇਸ ਦਾ ਕਾਰਨ ਇਹ ਹੈ ਕਿ ਸ਼ਬਦ ਦੀ ਗੂੰਜ ਦੇ ਅਰਥ ਨਹੀਂ ਬਦਲਦੇ ਅਤੇ ਸਦਾ ਸਥਿਰ ਰਹਿਣ ਵਾਲਾ ਸੱਚ ਬਣ ਕੇ ਸ਼ਬਦ ਦੀ ਹੋਂਦ ਸਾਹਮਣੇ ਆਉਂਦੀ ਹੈ :

ਸਬਦ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ॥ (ਗੁ. ਗ੍ਰੰ. 1126)

ਗੁਰੂ ਤੇ ਸ਼ਬਦ ਦਾ ਮਿਲਾਪ ਵੀ ਮਨੁੱਖ ਨੂੰ ਆਪਣੇ ਕਰਮਾਂ ਅਨੁਸਾਰ ਹੁੰਦਾ ਹੈ।

**ਕਰਮ :** ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਕੀਤੇ ਕਾਰਜ ਕਰਮ ਹੁੰਦੇ ਹਨ। ਪਰਮਾਤਮਾ ਦੇ ਹੁਕਮ ਦਾ ਬੱਝਾ ਮਨੁੱਖ ਸਮਾਜ ਵਿਚ ਕਰਮ ਕਰਦਾ ਹੈ। ਮਨੁੱਖ ਦੇ ਮਨ ਵਿਚਲੇ ਭਰਮ ਉਸ ਦੇ ਪਿਛਲੇ ਕਰਮ ਕਾਰਨ ਹੁੰਦੇ ਹਨ। ਇਸੇ ਕਾਰਨ ਮਨੁੱਖ ਮਨਮੁਖ ਬਣਿਆ ਰਹਿੰਦਾ ਹੈ। ਇਸ ਜਨਮ ਵਿਚ ਰੱਬ ਨਾਲ ਸੰਯੋਗ ਵੀ ਪਿਛਲੇ ਕਰਮਾਂ ਅਨੁਸਾਰ ਬਣਦਾ ਹੈ। ਇਸ ਵਾਸਤੇ ਮਨੁੱਖਤਾ ਨੂੰ ਇਸ ਜਨਮ ਵਿਚ ਬਾਣੀ ਨਾਲ ਜੁੜ ਕੇ ਨੇਕ ਕਰਮ ਕਰਨੇ ਚਾਹੀਦੇ ਹਨ। ਜਿਸ ਨਾਲ ਮਨੁੱਖ ਅਗਲੇ ਜਨਮ ਤੋਂ ਮੁਕਤ ਹੋ ਜਾਵੇ ਅਤੇ ਪ੍ਰਮਾਤਮਾ ਦੇ ਮੇਲ ਦੀ ਪ੍ਰਾਪਤੀ ਹੋ ਸਕੇ :

ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ॥ (ਗੁ. ਗ੍ਰੰ. 812)

ਇਸ ਜਨਮ ਦੀ ਕੀਮਤ ਨੂੰ ਸਮਝਦੇ ਹੋਏ ਨਾਮ ਰੂਪੀ ਬੀਜ ਬੀਜਣਾ ਚਾਹੀਦਾ ਹੈ। ਇਸ ਜਗਤ ਵਿਚ ਮਨੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਇਸ ਜਨਮ ਨੂੰ ਬਤੀਤ ਕਰਦਾ ਹੈ। ਮਨੁੱਖ ਦੇ ਦੁੱਖ-ਸੁੱਖ ਕਰਮਾਂ ਨਾਲ ਬੱਝੇ ਹੁੰਦੇ ਹਨ। ਵਜ਼ੀਰ ਸਿੰਘ ਅਨੁਸਾਰ, ਭਾਰਤੀ ਫ਼ਲਸਫ਼ੇ ਵਿਚ ਕਰਮ ਸੰਬੰਧੀ ਧਾਰਨਾ ਹੈ ਕਿ ਵਰਤਮਾਨ ਕਰਮ ਮਨੁੱਖ ਦੇ ਭਵਿਖ ਨੂੰ ਪ੍ਰਭਾਵਿਤ ਕਰਦੇ ਹਨ।41 ਮਨੁੱਖ ਕਰਮਾਂ ਅਨੁਸਾਰ ਸਮਾਜ ਵਿਚ ਜੀਵਨ ਬਤੀਤ ਕਰਦਾ ਹੋਇਆ, ਆਪਣੇ ਭਵਿੱਖ ਪ੍ਰਤੀ ਚਿੰਤਤ ਹੁੰਦਾ ਹੈ। ਇਸ ਵਾਸਤੇ ਮਨੁੱਖ ਪ੍ਰਕਿਰਤੀ ਦੇ ਨਿਯਮਾਂ ਨੂੰ ਕੇਂਦਰ ਬਿੰਦੂ ਬਣਾ ਕੇ ਅਜਿਹੇ ਕਾਰਜ ਕਰੇ, ਜਿਸ ਨਾਲ ਸਮਾਜ ਦੀ ਭਲਾਈ ਹੋ ਸਕਦੀ ਹੈ :

ਸੇਵਕ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ (ਗੁ. ਗ੍ਰੰ. 802)

ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜ ਸੇਵਾ ਹੁੰਦੇ ਹਨ। ਇਸ ਜਨਮ ਵਿਚ ਕੀਤੇ ਕਰਮਾਂ ਦਾ ਫਲ ਮਨੁੱਖ ਨੂੰ ਅਗਲੇ ਜਨਮ ਵਿਚ ਮਿਲਦਾ ਹੈ :

ਪੂਰਬਿ ਲਿਖਤ ਲਿਖੇ ਗੁਰ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ॥ (ਗੁ. ਗ੍ਰੰ. 13)

ਮਨੁੱਖ ਨੈਤਿਕ ਸਿੱਖਿਆ ਅਨੁਸਾਰ ਆਦਰਸ਼ਵਾਦੀ ਜੀਵਨ ਬਤੀਤ ਕਰਦਾ ਹੈ। ਮਨੁੱਖ ਨੂੰ ਇਹ ਗਿਆਨ ਹੈ ਕਿ ਚੰਗੇ, ਬੁਰੇ ਕਰਮਾਂ ਦੇ ਦੁਖ-ਸੁਖ ਭੋਗਣੇ ਪੈ ਸਕਦੇ ਹਨ। ਮਨੁੱਖ ਦੇ ਕਰਮਾਂ ਨੂੰ ਬਦਲਣ ਵਾਲਾ ਅਕਾਲ ਪੁਰਖ ਹੈ। ਆਪਣੇ ਕਰਮਾਂ ਵਿਚ ਸੁਧਾਰ ਕਰਨ ਵਾਸਤੇ ਮਨੁੱਖ ਨੂੰ ਨਾਮ-ਸਿਮਰਨ ਕਰਨਾ ਚਾਹੀਦਾ ਹੈ :

ਕਰਮ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ॥ (ਗੁ. ਗ੍ਰੰ. 28)

ਨਾਮ ਸਿਮਰਨ ਦੁਆਰਾ ਪਰਮ ਸੱਤ ਦੀ ਛੋਹ ਮਿਲ ਜਾਂਦੀ ਹੈ। ਅਜਿਹੇ ਕਰਮ ਕਰਦਿਆਂ ਹਉਮੈਂ ਵਿਚ ਨਹੀਂ ਆਉਣਾ ਚਾਹੀਦਾ ਅਜਿਹਾ ਕਰਨ ਨਾਲ ਮਨੁੱਖ ਦਾ ਕਰਮ ਨਿਰਾਰਥਕ ਹੋ ਜਾਂਦਾ ਹੈ। ਪ੍ਰਕਿਰਤੀ ਦੇ ਨਿਯਮਾਂ ਤੋਂ ਉਲਟ ਕੀਤੇ ਕਰਮਾਂ ਦਾ ਫਲ ਵੀ ਮਨੁੱਖ ਨੂੰ ਮਿਲਦਾ ਹੈ, ਕਿਉਂਕਿ ਇਸ ਕਰਮ ਨੂੰ ਮਨੁੱਖ ਨੇ ਸਭ ਕੁਝ ਜਾਣਦਿਆਂ ਹੋਇਆ ਹੈ। ਇਸ ਵਾਸਤੇ ਕਰਮ ਅਨੁਸਾਰ ਮਨੁੱਖ ਸਜ਼ਾ ਦਾ ਭਾਗੀ ਹੈ :

ਕਰਮਹੀਣਿ ਮਨਮੁਖਿ ਦੁਖੁ ਪਾਵੈ॥ (ਗੁ. ਗ੍ਰੰ. 737)

ਇਸ ਵਾਸਤੇ ਕਰਮਾਂ ਨੂੰ ਬਦਲਣ ਵਾਸਤੇ ਮਨੁੱਖ ਸਾਧਸੰਗਤ ਕਰਨੀ ਚਾਹੀਦੀ ਹੈ।

**ਸੇਵਾ :** ਮਨੁੱਖ ਦੇ ਜੀਵਨ ਵਿਚ ਸਭ ਤੋਂ ਵੱਡਾ ਬਦਲਾਵ ਸੇਵਾ ਦੁਆਰਾ ਹੁੰਦਾ ਹੈ। ਮਨੁੱਖ ਵਿਚ ਸੇਵਾ ਦੀ ਭਾਵਨਾ ਗੁਰੂ ਨਾਲ ਮੋਹ ਦੁਆਰਾ ਪੈਦਾ ਹੁੰਦੀ ਹੈ। ਸੇਵਾ ਦੁਆਰਾ ਮਨੁੱਖ ਗੁਰੂ ਦੇ ਸਨਮੁਖ ਹੋਣ ਦਾ ਸਤਿਕਾਰ ਪ੍ਰਾਪਤ ਕਰਦਾ ਹੈ :

ਵਿਚਿ ਦੁਨੀਆ ਸੇਵ ਕਮਾਈਐ॥

ਤਾ ਦਰਗਹ ਬੈਸਣੁ ਪਾਈਐ॥ (ਗੁ. ਗ੍ਰੰ. 25)

ਇਸ ਵਾਸਤੇ ਸੇਵਾ ਕਰਨ ਵਾਲੇ ਮਨੁੱਖ ਵਿਚ ਸਹਿਨਸ਼ੀਲਤਾ ਸਹਿਜ ਦਾ ਹੋਣਾ ਬਹੁਤ ਜ਼ਰੂਰੀ ਹੈ। ਮਨੁੱਖ ਦੀ ਇਹ ਬਿਰਤੀ ਉਸ ਨੂੰ ਸੇਵਾ ਕਰਨ ਦੇ ਯੋਗ ਬਣਾਉਂਦੀ ਹੈ, ਪਰੰਤੂ ਮਨੁੱਖ ਵਿਚ ਕਦੇ ਵੀ ਫ਼ਲ ਦੀ ਇੱਛਾ ਭਾਵਨਾ ਨਹੀਂ ਹੋਣੀ ਚਾਹੀਦੀ, ਕਿਉਂਕਿ ਪਰਮਾਤਮਾ ਨੇ ਆਪਣੇ ਸੇਵਕ ਦੇ ਅੰਗ ਸੰਗ ਆਪ ਸਹਾਈ ਰਹਿਣਾ ਹੁੰਦਾ ਹੈ। ਮਨੁੱਖ ਦੇ ਮਨ ਦੀ ਪਵਿਤਰਤਾ ਤੇ ਨਿਰਮਲਤਾ ਸੇਵਾ ਕਰਨ ਨਾਲ ਬਣਦੀ ਹੈ। ਅਜਿਹੀ ਮਨ ਦੀ ਅਵਸਥਾ ਵੇਖ ਕੇ ਗੁਰੂ ਮੁਸੀਬਤ ਵਿਚ ਆਪ ਮਨੁੱਖ ਦੀ ਸਹਾਇਤਾ ਕਰਦਾ ਹੈ। ਇਸ ਵਾਸਤੇ ਮਨੁੱਖ ਵਿਚ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਲਈ ਤੜਫ ਨਹੀਂ ਹੋਣੀ ਚਾਹੀਦੀ :

ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾ ਮੇਰੇ ਮਨ ਸਰਬ ਸੁਖ ਪਾਈਐ॥ (ਗੁ. ਗ੍ਰੰ. 861)

ਗੁਰੂ ਘਰ ਵਿਚ ਸੇਵਾ ਕਰਨ ਨਾਲ ਮਨੁੱਖ ਪਰਮ ਸੱਤ ਪਰਮਾਤਮਾ ਦੀ ਪ੍ਰਾਪਤੀ ਕਰਨ ਦੇ ਯੋਗ ਬਣਦਾ ਹੈ :

ਹਰਿ ਸੇਵਾ ਮਹਿ ਪਰਮ ਨਿਧਾਨੁ॥

ਹਰਿ ਸੇਵਾ ਮੁਖਿ ਅੰਮ੍ਰਿਤ ਨਾਮੁ॥ (ਗੁ. ਗ੍ਰੰ. 375)

ਸੇਵਾ ਕਰਨ ਵਾਲਾ ਮਨੁੱਖ ਹਮੇਸ਼ਾ ਗੁਰੂ ਦੀ ਟੇਕ ਵਿਚ ਰਹਿਣ ਕਾਰਨ ਸੁਰੱਖਿਅਤ ਰਹਿੰਦਾ ਹੈ ਉਸ ਨੂੰ ਕਿਸੇ ਪ੍ਰਕਾਰ ਦਾ ਭੈਅ ਨਹੀਂ ਲਗਦਾ। ਇਸੇ ਕਾਰਨ ਬਾਣੀ-ਰੂਪ ਚਉਪਦੇ ਵਿਚ ਦਰਜ ਹੈ :

ਪ੍ਰਭ ਸੇਵਾ ਜਮ ਲਗੈ ਨ ਨੇਰੇ॥ (ਗੁ. ਗ੍ਰੰ. 197)

ਇਸ ਪ੍ਰਕਾਰ ਮਨੁੱਖ ਪਾਰਲੌਕਿਕ ਸੰਸਾਰ ਵਿਚ ਪਰਵਾਨ ਹੁੰਦਾ ਹੈ। ਸਮਾਜ ਵਿਚ ਜੀਵਨ ਬਤੀਤ ਕਰਦਿਆਂ ਮਨੁੱਖ ਸਭ ਪ੍ਰਕਾਰ ਦੀਆਂ ਸੁੱਖ-ਸਹੂਲਤਾਂ ਚਾਹੁੰਦਾ ਹੈ। ਉਹ ਹਰ ਪ੍ਰਕਾਰ ਦੇ ਸੁਖਾਂ ਨਾਲ ਕਿਸੇ ਪ੍ਰਕਾਰ ਦਾ ਦੁੱਖ ਬਰਦਾਸ਼ਤ ਨਹੀਂ ਕਰ ਸਕਦਾ। ਇਸ ਵਾਸਤੇ ਮਨੁੱਖ ਦਾ ਜੀਵਨ ਪ੍ਰਤੀ ਨਜ਼ਰੀਆ ਰੂਪਾਂਤਰਨ ਵਾਲਾ ਹੋ ਜਾਂਦਾ ਹੈ। ਇਸ ਵਾਸਤੇ ਉਹ ਪਾਰਲੌਕਿਕ ਸੰਸਾਰ ਬਾਰੇ ਸੋਚਦਾ ਹੈ ਅਤੇ ਸਤਿਸੰਗਤ ਕਰਨੀ ਚਾਹੁੰਦਾ ਹੈ।

**ਸਤਿਸੰਗਤ :** ਮਨੁੱਖ ਦੇ ਜੀਵਨ ਵਿਚ ਸੰਗਤ ਦਾ ਵਿਸ਼ੇਸ਼ ਸਥਾਨ ਹੈ। ਸੰਗਤ ਦੇ ਪ੍ਰਭਾਵ ਅਨੁਸਾਰ ਮਨੁੱਖ ਦੀ ਮਾਨਸਿਕਤਾ ਬਦਲ ਜਾਂਦੀ ਹੈ। ਸਿੱਖ ਧਰਮ ਵਿਚ ਗੁਰੂ ਦੀ ਸੰਗਤ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਗੁਰੂ ਦੀ ਪ੍ਰਾਪਤੀ ਹੋ ਜਾਣ ਤੋਂ ਬਾਅਦ ਮਨੁੱਖ ਲਈ ਗੁਰੂ ਦੀ ਸੰਗਤ ਕਰਨੀ ਬਹੁਤ ਜ਼ਰੂਰੀ ਹੈ। ਗੁਰੂ ਦੀ ਸੰਗਤ ਵਿਚ ਬੈਠ ਕੇ ਨਾਮ ਰੂਪ ਸ਼ਬਦ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਨਾਲ ਮਨੁੱਖ ਪਾਰਲੌਕਿਕ ਸੰਸਾਰ ਦੀ ਪ੍ਰਾਪਤੀ ਲਈ ਮੁਕਤੀ ਦਾ ਪਾਤਰ ਬਣਦਾ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਪਾਰਲੌਕਿਕ ਸੰਸਾਰ ਲਈ ਆਪਣਾ ਮਾਰਗ ਬਣਾਉਣਾ ਅਰੰਭ ਕਰ ਲੈਂਦਾ ਹੈ :

ਸੰਤਸੰਗਤਿ ਮੇਲਾਪ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ॥ (ਗੁ. ਗ੍ਰੰ. 997)

ਸਾਧ ਸੰਗਤ ਕਰਨ ਨਾਲ ਮਨੁੱਖ ਦੇ ਮਨ ਵਿਚ ਨਿਮਰਤਾ ਆਉਂਦੀ ਹੈ। ਮਨੁੱਖ ਦੀ ਸ਼ਖ਼ਸੀਅਤ ਵਿਚ ਸਭ ਤੋਂ ਵਧੇਰੇ ਪਰਿਵਰਤਨ ਸੰਗਤ ਦੁਆਰਾ ਵਾਪਰਦਾ ਹੈ। ਮਨੁੱਖ ਨੂੰ ਹਰ ਪ੍ਰਾਣੀ ਵਿਚ ਪਰਮਾਤਮਾ ਦਾ ਰੂਪ ਨਜ਼ਰ ਆਉਣ ਲੱਗ ਜਾਂਦਾ ਹੈ। ਮਨੁੱਖ ਦੀ ਆਤਮਾ ਨੂੰ ਨਾਮ ਰੂਪੀ ਸ਼ਬਦ ਦੀ ਅਜਿਹੀ ਚੇਟਕ ਲੱਗ ਜਾਂਦੀ ਹੈ ਕਿ ਮਨੁੱਖ ਇਸ ਅਨੁਭਵ ਤੋਂ ਇਕ ਛਿਨ ਵੀ ਦੂਰ ਨਹੀਂ ਰਹਿਣਾ ਚਾਹੁੰਦਾ। ਇਹ ਅਵਸਥਾ ਮਨੁੱਖ ਦੀ ਪ੍ਰਭੂ ਨਾਲ ਪ੍ਰੀਤ ਕਾਰਨ ਬਣੀ ਹੈ ਅਤੇ ਬਖ਼ਸ਼ਸ਼ ਸਾਧ ਸੰਗਤ ਕਾਰਨ ਮਿਲੀ ਹੈ :

ਸੰਤਸੰਗਿ ਹੋਇ ਏਕ ਪਰੀਤਿ॥ (ਗੁ. ਗ੍ਰੰ. 1146)

ਗੁਰੂ ਦੀ ਸੰਗਤ ਦੁਆਰਾ ਮਨੁੱਖ ਦੀ ਬੁੱਧੀ ਉੱਚੇ ਮੰਡਲਾਂ ਦੀ ਛੋਹ ਨੂੰ ਪ੍ਰਾਪਤ ਕਰਦੀ ਹੈ। ਉਸ ਦੀ ਮਾਨਸਿਕਤਾ ਇਸ ਵਿਸਮਾਦ ਲਈ ਤਤਪਰ ਰਹਿੰਦੀ ਹੈ। ਮਨੁੱਖ ਨੂੰ ਇਸ ਸੰਕਲਪ ਦੀ ਸੋਝੀ ਹੋ ਗਈ ਹੈ ਕਿ ਜਗਤ ਵਿਚ ਆ ਕੇ ਆਪਣਾ ਸਮਾ ਅਜਾਈ

ਨਹੀਂ ਗਵਾਉਣਾ ਚਾਹੀਦਾ ਅਤੇ ਹਰ ਸਮੇਂ ਮਨ ਨੂੰ ਬ੍ਰਹਮ ਦੇ ਜਾਪ ਵਿਚ ਵਿਲੀਨ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਮਨੁੱਖ ਜਨਮ ਨੂੰ ਸਫਲਤਾ ਦੀ ਪ੍ਰਾਪਤ ਹੁੰਦੀ ਹੈ :

ਸਫਲ ਜਨਮ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ (ਗੁ. ਗ੍ਰੰ. 750)

ਗੁਰੂ ਦੀ ਸੰਗਤ ਕਰਨ ਨਾਲ ਮਨੁੱਖ ਨਿੰਦਾ, ਚੁਗਲੀ, ਝੂਠ, ਬੇਈਮਾਨੀ, ਪਰਾਇਆ ਧਨ, ਪਰਾਏ ਰੂਪ ਦੀ ਲਾਲਸਾ ਆਦਿ ਵਿਕਾਰਾਂ ਤੋਂ ਬਚ ਜਾਂਦਾ ਹੈ। ਇਹਨਾਂ ਤੋਂ ਬਚਣ ਵਾਸਤੇ ਗੁਰ ਸ਼ਬਦ ਦਾ ਆਸਰਾ ਲੈਣਾ ਬਹੁਤ ਜ਼ਰੂਰੀ ਹੈ। ਸਾਧ ਸੰਗਤ ਦੁਆਰਾ ਮਨੁੱਖ ਸਥਾਈ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ :

ਸਾਧਸੰਗਿ ਕੈ ਬਾਸਬੈ ਕਲਮਲ ਸਭਿ ਨਸਨਾ (ਗੁ. ਗ੍ਰੰ. 811)

ਇਸ ਪ੍ਰਕਾਰ ਸਾਧਸੰਗਤ ਮਨੁੱਖ ਨੂੰ ਸਭ ਪ੍ਰਕਾਰ ਦੇ ਪਾਪਾਂ ਤੋਂ ਬਚਾ ਲੈਂਦੀ ਹੈ।

**ਮੁਕਤੀ :** ਮਨੁੱਖ ਦਾ ਸਭ ਤੋਂ ਵੱਡਾ ਉਦੇਸ਼ ਮੁਕਤੀ ਪ੍ਰਾਪਤ ਕਰਨੀ ਹੈ। ਇਸ ਵਾਸਤੇ ਮਨੁੱਖ ਆਪਣੀ ਆਤਮਾ ਨੂੰ ਪਵਿੱਤਰ ਕਰਨੀ ਚਾਹੁੰਦਾ ਹੈ, ਜਿਸ ਨਾਲ ਉਸ ਵਿਚ ਕਿਸੇ ਪ੍ਰਕਾਰ ਦੀ ਅਸ਼ੁਧਤਾ ਨਾ ਰਹਿ ਜਾਵੇ। "ਜੇ ਕਰਮਾਂ ਦਾ ਬੰਧਨ ਖ਼ਤਮ ਹੋ ਜਾਵੇ ਤਾਂ ਵਿਅਕਤੀ ਮੁਕਤ ਹੋ ਜਾਂਦਾ ਹੈ। ਇਸ ਕਰਕੇ ਆਤਮ ਗਿਆਨ ਹੀ ਕਰਮ ਬੰਧਨ ਨੂੰ ਖ਼ਤਮ ਕਰਦਾ ਹੈ।"42 ਬਾਣੀ-ਰੂਪ ਚਉਪਦੇ ਵਿਚ ਅਜਿਹਾ ਸ਼ਬਦ ਜੋ ਮਨੁੱਖ ਨੂੰ ਬੰਧਨਾਂ ਵਿਚ ਪੈਣ ਤੋਂ ਵਰਜਦਾ ਹੈ ਪਰੰਤੂ ਇਨਸਾਨ ਬੰਧਨਾਂ ਤੋਂ ਮੁਕਤ ਗੁਰੂ ਦੀ ਸਿੱਖਿਆ ਤੇ ਅਮਲ ਕਰਕੇ ਹੋ ਸਕਦਾ ਹੈ :

ਬੰਧਨ ਕਾਟਿ ਮੁਕਤਿ ਗੁਰ ਕੀਨਾ॥ (ਗੁ. ਗ੍ਰੰ. 803)

ਗੁਰੂ ਦੀ ਸਿੱਖਿਆ ਤੇ ਅਮਲ ਕਰਕੇ ਨਾਮ ਰੂਪੀ ਸ਼ਬਦ ਦੇ ਸਿਮਰਨ ਦੁਆਰਾ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ :

ਬਿਨੁ ਕਰਤੂਤੀ ਮੁਕਤਿ ਨ ਪਾਈਐ॥

ਮੁਕਤਿ ਪਦਾਰਥ ਨਾਮੁ ਧਿਆਈਐ (ਗੁ. ਗ੍ਰੰ. 201)

ਇਸ ਵਾਸਤੇ ਨਾਮ ਰੂਪੀ ਸ਼ਬਦ ਨਾਲ ਸੁਰਤ ਜੋੜ ਕੇ ਮਨੁੱਖ ਬ੍ਰਹਮ ਨਾਲ ਅਭੇਦ ਹੋ ਸਕਦਾ ਹੈ ਅਤੇ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਸਕਦਾ ਹੈ :

ਮੁਕਤਿ ਪਦਾਰਥੁ ਤਿਨ ਕਉ ਪਾਏ॥

ਹਰਿ ਕੈ ਨਾਮਿ ਰਤੇ ਲਿਵ ਲਾਏ (ਗੁ. ਗ੍ਰੰ. 664)

ਗਿਆਨ ਦੀ ਦ੍ਰਿਸ਼ਟੀ ਮਨੁੱਖ ਨੂੰ ਅਜਿਹਾ ਰੰਗ ਚਾੜ੍ਹਦੀ ਹੈ। ਮਨੁੱਖ ਲਈ ਪਦਾਰਥਕ ਸੰਸਾਰ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ ਅਤੇ ਮਨੁੱਖ ਆਪਣੇ ਆਪ ਨੂੰ ਕਰਮਾਂ ਦੇ ਬੰਧਨਾਂ ਤੋਂ ਕੋਹਾ ਦੂਰ ਕਰ ਲੈਂਦਾ ਹੈ, ਕਿਉਂਕਿ ਉਸ ਦੇ ਅਸਲ ਨਾਮ ਗਿਆਨ ਦੀ ਪ੍ਰਾਪਤੀ ਦੁਆਰਾ ਮੁਕਤੀ ਪ੍ਰਾਪਤ ਕਰਨੀ ਹੈ। ਮਨੁੱਖ ਨੇ ਜਿਊਂਦਿਆਂ ਜੀਵਨ ਮੁਕਤ ਹੋਣਾ ਹੈ। ਗਿਆਨ ਦੀ ਅਨੁਭੂਤੀ ਹਰ ਮਨੁੱਖ ਦੀ ਵੱਖਰੀ ਹੁੰਦੀ ਹੈ। ਅਨੁਭਵ ਦੇ ਆਧਾਰ ਤੇ ਗਿਆਨ ਪ੍ਰਾਪਤ ਕਰਕੇ ਉਸ ਦਾ ਪ੍ਰਗਟਾ ਦੂਜੇ ਦੀ ਸਮਝ ਦਾ ਹਿੱਸਾ ਬਣਾਉਣ ਲਈ ਸਾਂਝੇ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਗਿਆਨ ਦੀ ਪੇਸ਼ਕਾਰੀ ਲਈ ਮਨੁੱਖ ਵਲੋਂ ਹੋਂਦ ਵਿਚ ਲਿਆਂਦੇ, ਪ੍ਰਤੀਕਾਂ ਦਾ ਪ੍ਰਭਾਵ ਮਨੁੱਖਤਾ ਦੀ ਬੁੱਧੀ ਦਾ ਕੇਂਦਰ ਬਿੰਦੂ ਬਣ ਸਕਦਾ ਹੈ। ਅਜਿਹੇ ਗਿਆਨ ਨਾਲ ਮਨੁੱਖ ਦਾ ਜੀਵਨ ਸਬਰ ਸੰਤੋਖ ਵਾਲਾ ਹੋ ਜਾਂਦਾ ਹੈ। ਇਸ ਗਿਆਨ ਰਾਹੀਂ ਸ਼ਬਦ ਦੀ ਗੂੰਜ ਮਨੁੱਖ ਨੂੰ ਅਸਲੀਅਤ ਦੇ ਸੱਚ ਕੋਲ ਲੈ ਜਾਂਦੀ ਹੈ :

ਸਾਚੇ ਸਬਦਿ ਮੁਕਤਿ ਗਤਿ ਪਾਏ॥ (ਗੁ. ਗ੍ਰੰ. 352)

ਬਿਨ ਨਾਮੁ ਹਰਿ ਕੇ ਮੁਕਤਿ ਨਾਹੀ ਕਹੇ ਨਾਨਕੁ ਦਾਸੁ॥ (ਗੁ. ਗ੍ਰੰ. 662)

ਬਾਣੀ ਅਨੁਸਾਰ ਮਨੁੱਖ ਨਾਮ ਦੇ ਜਾਪ ਦੁਆਰਾ ਜੀਵਨ ਮੁਕਤ ਹੋ ਜਾਂਦਾ ਹੈ। ਉਸ ਦੀ ਹਉਮੈਂ ਖ਼ਤਮ ਹੋ ਜਾਂਦੀ ਹੈ ਅਤੇ ਮਨੁੱਖ ਆਤਮਿਕ ਸਰੂਪ ਨੂੰ ਜਾਣ ਲੈਂਦਾ ਹੈ।

ਮੁਕਤੀ ਦੀ ਪ੍ਰਾਪਤੀ ਵਿਚ ਮਨ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਮਨ ਨੂੰ ਅਨੰਦ ਦੀ ਅਵਸਥਾ ਦਾ ਅਨੁਭਵ ਨਾਮ ਸਿਮਰਨ ਦੁਆਰਾ ਹੋਣ ਲੱਗ ਜਾਂਦਾ ਹੈ। ਮਨੁੱਖ ਦਾ ਮਨ ਵਸ ਵਿਚ ਆ ਜਾਂਦਾ ਹੈ :

ਜਬ ਗੁਰ ਮਿਲਿਆ ਤਬ ਮਨੁ ਵਸਿ ਆਇਆ

ਧਾਵਤ ਪੰਚ ਰਹੇ ਹਰਿ ਧਿਆਇਆ (ਗੁ. ਗ੍ਰੰ. 165)

ਗੁਰੂ ਦੇ ਮਿਲਾਪ ਨਾਲ, ਨਾਮ ਰੂਪੀ ਸ਼ਬਦ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਇਹ ਅਨੁਭਵ ਹੋ ਜਾਂਦਾ ਹੈ ਕਿ ਗੁਰੂ ਨੇ ਹੀ ਮਨੁੱਖ ਦੀਆਂ ਇਛਾਵਾਂ ਪੂਰੀਆਂ ਕਰਨੀਆਂ ਹਨ ਤੇ ਉਸ ਦਾ ਸਾਥ ਦੇਣਾ ਹੈ :

ਜਿਤੜੇ ਫਲ ਮਨਿ ਬਾਛੀਅਤਿ ਤਿਤੜੇ ਸਤਿਗੁਰਿ ਪਾਸਿ (ਗੁ. ਗ੍ਰੰ. 52)

ਇਸ ਕਾਰਨ ਮਨੁੱਖ ਦੇ ਮਨ ਵਿਚ ਗੁਰੂ ਲਈ ਸਰਬ ਵਿਆਪਕ, ਅਲਖ, ਜਿਹੇ ਸੰਕਲਪ ਬਣੇ ਹੋਵੇ ਹਨ। ਮਨੁੱਖ ਦਾ ਵਿਸ਼ਵਾਸ਼ ਬਣ ਚੁੱਕਾ ਹੈ ਕਿ ਮੁਕਤੀ ਪ੍ਰਾਪਤੀ ਵਿਚ ਵੀ ਗੁਰੂ ਨੇ ਮੇਰਾ ਸਾਥ ਦੇਣਾ ਹੈ। ਗੁਰੂ ਦੀ ਕਿਰਪਾ ਨਾਲ ਮਨੁੱਖ ਨੇ ਬ੍ਰਹਮ ਦੀ ਜੋਤ ਦਾ ਸਰੂਪ ਹੋਣਾ ਹੈ। ਇਸ ਵਾਸਤੇ ਮੁਕਤੀ ਪ੍ਰਾਪਤੀ ਲਈ ਮਨੁੱਖ ਜਨਮ ਹੀ ਅਸਲ ਮਾਰਗ ਹੈ।

ਇਸ ਪ੍ਰਕਾਰ ਧਾਰਮਿਕ ਪੱਖ ਰਾਹੀਂ ਮਨੁੱਖ ਹੁਕਮ, ਮਾਇਆ, ਹਉਮੈਂ, ਗੁਰੂ, ਨਾਮ, ਕਰਮ, ਸੇਵਾ, ਸਤਿਸੰਗਤ ਅਤੇ ਮੁਕਤੀ ਦੇ ਸੰਕਲਪਾਂ ਨੂੰ ਸਮਝਣ ਦੇ ਸਮਰੱਥ ਬਣਦਾ ਹੈ। ਧਾਰਮਿਕ ਪੱਖ ਦੇ ਇਹ ਸੰਕਲਪ ਇਕ ਦੂਜੇ ਨਾਲ ਜੁੜੇ ਹੋਏ ਹਨ। ਇਹਨਾਂ ਵਿਚੋਂ ਜੇਕਰ ਮਨੁੱਖ ਇਕ ਗੁਣ ਨੂੰ ਅਪਨਾ ਲੈਂਦਾ ਹੈ, ਤਾਂ ਦੂਜੇ ਸੰਕਲਪਾਂ ਦੀ ਸਾਰਥਕਤਾ ਮਨੁੱਖੀ ਮਨ ਬਾਣੀ-ਰੂਪ ਚਉਪਦੇ ਰਾਹੀਂ ਗ੍ਰਹਿਣ ਕਰ ਲੈਂਦਾ ਹੈ।

## (ਸ) ਰਾਜਨੀਤਿਕ ਪੱਖ

ਸਮਾਜ ਦੇ ਅਰੰਭ ਵਿਚ ਰਾਜਨੀਤੀ ਦੇ ਸੰਕਲਪਾਂ ਦੀ ਕੋਈ ਹੋਂਦ ਨਹੀਂ ਸੀ। ਸਮੇਂ ਦੇ ਪਰਿਵਰਤਨ ਨਾਲ ਜਦੋਂ ਪੂੰਜੀਪਤੀ ਵਰਗ ਸਮਾਜ ਉੱਤੇ ਆਪਣਾ ਕੰਟਰੋਲ ਸਥਾਪਿਤ ਕਰਨਾ ਚਾਹੁੰਦਾ ਸੀ, ਉਸ ਸਮੇਂ ਰਾਜ ਦੀ ਸੱਤਾ ਹੋਂਦ ਵਿਚ ਆਈ। ਸੱਤਾ ਦਾ ਹੋਂਦ ਵਿਚ ਆਉਣਾ, ਮਨੁੱਖ ਦੇ ਜੀਵਨ ਵਿਚ ਬਦਲਾਵ ਕਰਨ ਦੀ ਜੁਗਤ ਸੀ ਪਰ ਸ਼ੋਸ਼ਕ ਸੱਤਾ ਦਾ ਆਪਣੇ ਅਸਤਿਤਵ ਦੀ ਮਜ਼ਬੂਤੀ ਲਈ ਯਤਨ ਕਰਨਾ, ਸਮਾਜ ਦੇ ਵਿਕਾਸ ਨੂੰ ਅੱਖੋਂ ਪਰੋਖੇ ਕਰਨ ਸਮਾਨ ਹੈ। "ਇਕ ਜਮਾਤ ਦੇ ਤੌਰ ਤੇ ਸਟੇਟ ਦੀ ਬਣਤਰ ਦੀ ਸਥਿਤੀ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਇਸ ਦੀਆਂ ਕਾਰਗੁਜ਼ਾਰੀਆਂ ਅਤੇ ਪੇਚੀਦਾ ਮਸ਼ੀਨਰੀ ਦਾ ਲੋਕਾਂ ਨੂੰ ਉੱਕਾ ਹੀ ਪਤਾ ਨਹੀਂ ਲਗ ਰਿਹਾ।"43 ਕਵੀ ਇਸ ਤੋਂ ਅਵੇਸਲਾ ਹੋ ਕੇ ਨਹੀਂ ਰਹਿ ਸਕਦਾ। ਆਪਣੀ ਕਲਮ ਦੀ ਤਾਕਤ ਨਾਲ ਲੇਖਕ ਉਸ ਨੂੰ ਪੂੰਜੀਪਤੀ ਵਰਗ ਦੇ ਸ਼ੋਸ਼ਣ ਕਰਨ ਦੇ ਰੂਪ ਨੂੰ ਪੇਸ਼ ਕਰਦਾ ਹੈ। ਲੇਖਕ ਸਮਾਜ ਸੁਧਾਰ ਲਈ ਅਜਿਹੇ ਯਤਨ ਕਰਦਾ ਹੈ, ਜਿਸ ਨਾਲ ਹਰ ਵਰਗ ਦੇ ਧਰਮ ਦਾ ਸਤਿਕਾਰ ਕਰਦੇ ਹੋਏ, ਸਮਾਨਤਾ ਦਾ ਸੰਦੇਸ ਦਿੱਤਾ ਜਾਂਦਾ ਹੈ। ਇਸ ਸਾਰੇ ਕਾਰਜ ਦੀ ਪਰਪੱਕਤਾ ਵਾਸਤੇ ਮਨੁੱਖ ਦੀ ਵਿਚਾਰਧਾਰਾ ਵਿਚ ਆਧੁਨਿਕਤਾ ਦੇ ਅੰਸ਼ਾਂ ਦਾ ਸਰੂਪ ਹੋਣਾ ਚਾਹੀਦਾ ਹੈ.

ਸਾਹਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ। ਸਮਾਜ ਦੇ ਜੀਵਨ ਦੀ ਬੁਨਿਆਦ ਰਾਜਨੀਤਿਕ ਢਾਂਚੇ ਦੇ ਹੱਥ ਵਿਚ ਹੁੰਦੀ ਹੈ। ਮਨੁੱਖ ਦੀ ਪਛਾਣ ਰਾਜ ਵਿਚ ਜੀਵਨ ਬਸਰ ਕਰਕੇ ਬਣਦੀ ਹੈ, ਜਿਸ ਨਾਲ ਮਨੁੱਖ ਨੂੰ ਉਸ ਰਾਜ ਦੀ ਨਾਗਰਿਕਤਾ ਦੇ ਅਧਿਕਾਰ ਮਿਲਦੇ ਹਨ ਅਤੇ ਉਸ ਨੂੰ ਕੁਝ ਕਾਨੂੰਨਾਂ ਦੀ ਪਾਲਣਾ ਵੀ ਕਰਨੀ ਪੈਂਦੀ ਹੈ। ਇਹ ਕਾਨੂੰਨ ਮਨੁੱਖ ਨੂੰ ਨੈਤਿਕ ਨਿਯਮਾਂ ਵਿਚ ਬੰਨ੍ਹਦੇ ਹਨ। ਇਹਨਾਂ ਨਿਯਮਾਂ ਦੀ ਵਾਗਡੋਰ ਸੰਭਾਲਣ ਵਾਸਤੇ ਇਕ ਰਾਜੇ ਦੀ ਚੋਣ ਕੀਤੀ ਜਾਂਦੀ ਹੈ। ਉਸ ਵਿਅਕਤੀ ਨੂੰ ਸਮਾਜ ਸਰਬ-ਸੰਮਤੀ ਨਾਲ ਚੁਣਦਾ ਹੈ। ਇਸ ਬਾਰੇ ਪਲੈਟੋ ਦਾ ਵਿਚਾਰ ਹੈ, "ਰਾਜ ਉਤੇ ਚੰਗਾ ਸ਼ਾਸਨ ਉਹ ਕਰ ਸਕਦੇ ਹਨ, ਜਿਹੜੇ ਰਾਜ ਦੇ ਹਿੱਤ ਨੂੰ ਪ੍ਰਾਥਮਿਕਤਾ ਦੇਂਦੇ ਹਨ ਅਤੇ ਰਾਜ ਦੇ ਕਲਿਆਣ ਵਿਚ ਆਪਣਾ ਕਲਿਆਣ ਤੇ ਰਾਜ ਦੇ ਬੁਰੇ ਵਿਚ ਆਪਣਾ ਬੁਰਾ ਸਮਝਦੇ ਹਨ।"44 ਇਸ ਵਾਸਤੇ ਰਾਜਾ ਨਿੱਜੀ ਹਿੱਤਾਂ ਨੂੰ ਅੱਖੋਂ ਪਰੋਖੇ ਕਰਨ ਵਾਲਾ ਹੋਣਾ ਚਾਹੀਦਾ ਹੈ। ਅਜਿਹੇ ਗੁਣਾਂ ਵਾਲਾ ਸ਼ਾਸਕ ਹੀ ਰਾਜ ਦੀ ਵਾਗਡੋਰ ਨੂੰ ਠੀਕ ਢੰਗ ਨਾਲ ਸੰਭਾਲ ਸਕਦਾ ਹੈ ਅਤੇ ਸਮੁੱਚੀ ਮਨੁੱਖਤਾ ਦਾ ਕਲਿਆਣ ਹੋ ਸਕਦਾ ਹੈ। ਇਸ ਵਾਸਤੇ ਰਾਜੇ ਦੀ ਬਿਰਤੀ ਅਜਿਹੀ ਹੋਣੀ ਚਾਹੀਦੀ ਹੈ ਉਹ ਰੱਬ ਦੇ ਹੁਕਮ ਅਨੁਸਾਰ ਕਾਰਜ ਕਰੇ। ਪਲੈਟੋ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਰੱਬ ਨੂੰ ਮੰਨਦਾ ਹੈ। ਉਸ ਅਨੁਸਾਰ ਦੁਨੀਆ ਦੀ ਸਾਰੀ ਕਾਰ ਵਿਹਾਰ ਉਸ ਦੇ ਹੁਕਮ ਅੰਦਰ ਹੈ।45 ਸ੍ਰਿਸ਼ਟੀ ਦੀ ਸਿਰਜਣਾ ਦੇ ਨਾਲ ਮਨੁੱਖਤਾ ਨੂੰ ਕਾਰ ਵਿਹਾਰ ਤੇ ਲਗਾਉਣ ਵਾਲਾ ਰੱਬ ਹੈ। ਰਾਜ ਦੀ ਵਾਗਡੋਰ ਸੰਭਾਲ਼ਨ ਦਾ ਕਾਰਜ ਰੱਬ ਨੇ ਮਨੁੱਖ ਨੂੰ ਸੌਂਪ ਕੇ ਉਸ ਨੂੰ ਰਾਜੇ ਦੀ ਪਧਵੀ ਦਿੱਤੀ। ਇਸ ਵਾਸਤੇ ਸ਼ਾਸਕ ਨੂੰ ਹਰ ਕਾਰਜ ਰੱਬ ਦਾ ਹੁਕਮ ਸਮਝ ਕੇ ਕਰਨਾ ਚਾਹੀਦਾ ਹੈ।

**ਰਾਜਨੀਤੀ ਤੇ ਧਰਮ :** ਰਾਜਨੀਤੀ ਲਈ ਧਰਮ ਇਕ ਨੀਂਹ ਸਮਾਨ ਹੈ, ਜਿਸ ਦੇ ਸਹਾਰੇ ਰਾਜਨੀਤੀ ਨੂੰ ਚਲਾਇਆ ਜਾਂਦਾ ਹੈ। ਧਰਮ ਤੇ ਰਾਜਨੀਤੀ ਦਾ ਸੰਬੰਧ ਬਹੁਤ ਗੂੜਾ ਹੈ, ਧਰਮ ਮਨੁੱਖ ਵਿਚ ਰਾਜਨੀਤਿਕ ਸੰਕਲਪਾਂ ਨੂੰ ਪੈਦਾ ਕਰਦਾ ਹੈ। ਜਿਸ ਨਾਲ ਮਨੁੱਖ ਆਪਣੇ ਕਰੱਤਵਾਂ ਤੇ ਅਧਿਕਾਰਾਂ ਤੋਂ ਜਾਣੂ ਹੁੰਦਾ ਹੈ। ਰਾਜ ਪ੍ਰਸ਼ਾਦ ਮਿਸ਼ਰ ਅਨੁਸਾਰ, ਆਪਣੇ ਕਰੱਤਵ ਨੂੰ ਸਮਝ ਕੇ ਚੱਲਣ ਵਾਲਾ ਵਿਅਕਤੀ, ਨਿਡਰ ਅਤੇ ਨਿਰੋਗ ਰਹਿੰਦਾ ਹੈ। ਇਸ ਨੂੰ ਧਰਮ ਅਤੇ ਰਾਜਨੀਤੀ ਹੀ ਨਹੀਂ, ਚਿਕਿਤਸਾ ਸ਼ਾਸਤਰ ਅਤੇ ਮਨੋਵਿਗਿਆਨ ਵੀ ਸਵੀਕਾਰ ਕਰਦੇ ਹਨ।46 ਮਰਯਾਦਾ ਵਿਚ ਬੱਝ ਕੇ ਮਨੁੱਖ ਦਾ ਮਾਨਸਿਕ ਵਿਕਾਸ ਵੀ ਸਹੀ ਰੂਪ ਵਿਚ ਹੁੰਦਾ ਹੈ। ਸਮਾਜ ਨੂੰ ਮਰਯਾਦਾ ਵਿਚ ਬੰਨ੍ਹਣ ਵਾਲਾ ਧਰਮ ਹੈ। "ਹਿੰਦੂ ਰਾਜਨੀਤਿਕ ਵਿਚਾਰਕਾਂ ਨੇ ਮੰਨਿਆ ਹੈ ਕਿ ਪ੍ਰਾਚੀਨ ਭਾਰਤ ਵਿਚ ਧਰਮ ਦੀ ਪ੍ਰਭੂਸਤਾ ਸੀ। ਕੁਝ ਲੇਖਕਾਂ ਨੇ ਧਰਮ ਦਾ ਅਨੁਵਾਦ ਕਾਨੂੰਨ ਨਾਲ ਕੀਤਾ ਹੈ ਅਤੇ ਉਹ ਲੋਕ ਧਰਮ ਦੀ ਪ੍ਰਭੂਸਤਾ ਨੂੰ ਸਵੀਕਾਰ ਕਰਦੇ ਸਨ ਕਿਉਂਕਿ ਧਰਮ ਮਨੁੱਖ ਦੇ, ਜੀਵਨ ਵਿਚ ਪਰਿਵਰਤਨ ਨਹੀਂ ਕਰਦਾ ਬਲਕਿ ਸਥਿਰਤਾ ਦਿੰਦਾ ਹੈ।"47 ਇਥੇ ਸੰਕੇਤ ਮਿਲਦਾ ਮਨੁੱਖ ਵਿਚ ਨੈਤਿਕ ਕਦਰਾਂ-ਕੀਮਤਾਂ ਧਰਮ ਅਨੁਸਾਰ ਪੈਦਾ ਹੁੰਦੀਆਂ ਹਨ। ਇਹ ਕਾਨੂੰਨ ਦੇ ਰੂਪ ਵਿਚ ਹਨ। ਇਸ ਵਾਸਤੇ ਧਰਮ ਨੂੰ ਮਾਨਸਿਕਤਾ ਵਿਚ ਰੱਖ ਕੇ ਮਨੁੱਖਤਾ ਦੇ ਕਰਤੱਵ ਅਤੇ ਅਧਿਕਾਰ ਬਣਾਏ ਗਏ ਹਨ।

ਪੁਰਾਤਨ ਸਮੇਂ ਵਿਚ ਧਰਮ ਅਨੁਸਾਰ ਮਨੁੱਖ ਸਰਵ ਉਚ ਸ਼ਕਤੀ ਨੂੰ ਰਾਜੇ ਸਮਾਨ ਮੰਨਦਾ ਸੀ, ਕਹਿਣ ਦਾ ਭਾਵ ਕਿ ਆਪਣੇ ਭਗਵਾਨ ਨੂੰ ਰਾਜਾ ਸਮਾਨ ਸਮਝਿਆ ਜਾਂਦਾ ਸੀ। ਆਪਣੀ ਰੱਖਿਆ ਦੀ ਜ਼ਿੰਮੇਵਾਰੀ ਲਈ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ। ਹੌਲੀ ਹੌਲੀ ਭਵਿੱਖ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਮਾਜ ਵਿਚ ਸਾਂਝੇ ਰਾਜੇ ਦੀ ਚੋਣ ਜਨਤਾ ਦੀ ਪ੍ਰਭੂਸਤਾ ਨਾਲ ਹੋਣ ਲੱਗੀ। ਪੁਰਾਤਨ ਸਮੇਂ ਦੇ ਲੋਕ ਰਾਜਨੀਤਿਕ ਕਾਰਜਾਂ ਤੋਂ ਜਾਣੂ ਨਹੀਂ ਸਨ। ਉਹ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਸਨ, ਪਰੰਤੂ ਜਦੋਂ ਉਹਨਾਂ ਦੇ ਧਰਮ ਨੂੰ ਕਿਸੇ ਪ੍ਰਕਾਰ ਨਾਲ ਤ੍ਰਿਸਕਾਰਿਆ ਜਾਂਦਾ, ਉਸ ਸਮੇਂ ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਵਿਚ ਇਕ ਅਜਿਹਾ ਜਜ਼ਬਾ ਆ ਜਾਂਦਾ ਜੋ ਇਨਕਲਾਬ ਲਿਆ ਦਿੰਦਾ। "ਸੰਸਾਰ ਵਿਚ ਹੋਰ ਕਿਤੇ ਵੀ ਰਾਜਨੀਤਿਕ ਅੰਦੋਲਨ ਦਾ ਧਰਮ ਨਾਲ ਇਤਨਾ ਨੇੜੇ ਦਾ ਸੰਬੰਧ ਨਹੀਂ ਰਿਹਾ, ਜਿਤਨਾ ਕਿ ਭਾਰਤ ਵਿਚ 1857 ਦਾ ਵਿਦਰੋਹ ਮੁੱਖ ਤੌਰ ਤੇ ਹਿੰਦੂ ਅਤੇ ਮੁਸਲਮਾਨ ਸੈਨਿਕਾਂ ਦੀਆਂ ਉਨ੍ਹਾਂ ਧਾਰਮਿਕ ਭਾਵਨਾਵਾਂ ਦਾ ਪਰਿਣਾਮ ਸੀ। ਜਿਨਾ ਉਤੇ ਚਰਬੀ ਵਾਲੇ ਕਾਰਤੂਸਾਂ ਦੁਆਰਾ ਭਾਰੀ ਸੱਟ ਵੱਜੀ ਸੀ।"48 ਉਸ ਸਮੇਂ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਗਿਆ ਅਤੇ ਮੁਸਲਮਾਨਾਂ ਨੇ ਰਾਜ ਵਿਚ ਦਹਿਸ਼ਤ ਦਾ ਮਾਹੌਲ ਬਣਾ ਦਿੱਤਾ ਗਿਆ। ਅਸਲ ਵਿਚ ਧਰਮ ਦਾ ਰਾਜਨੀਤੀ ਨਾਲ ਸੰਬੰਧ ਪੈਦਾ ਹੋਣ ਦਾ ਕਾਰਨ ਮੁਸਲਮਾਨਾਂ ਦੁਆਰਾ ਆਪਣੇ ਰਾਜ ਦਾ ਵਿਸਥਾਰ ਕਰਨਾ ਸੀ। ਉਸ ਸਮੇਂ ਕਿਸੇ ਪ੍ਰਕਾਰ ਦਾ ਸੰਵਿਧਾਨ ਅਤੇ ਧਾਰਾਵਾਂ ਨਹੀਂ ਸਨ। ਮੁਸਲਮਾਨ ਸ਼ਾਸਕਾਂ ਨੇ ਜਦੋਂ ਦਿੱਲੀ ਤੇ ਆਪਣਾ ਅਧਿਕਾਰ ਜਮਾਉਣਾ ਚਾਹਿਆ, ਤਾਂ ਇਸ ਵਾਸਤੇ ਉਹਨਾਂ ਨੇ ਹਿੰਦੂ ਧਰਮ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। "ਧਰਮ ਬਦਲੀ ਦੀ ਲਹਿਰ ਇਸੇ ਸੂਬੇ ਵਿਚ ਪੂਰੀ ਤਾਕਤ ਨਾਲ ਫੈਲਾਈ ਜਾ ਚੁੱਕੀ ਸੀ। ਹਿੰਦੂ ਮੰਦਰ ਢਾਹ ਦਿੱਤੇ ਗਏ ਸਨ, ਹਿੰਦੂ ਧਰਮ ਦੀ ਮਹਾਨਤਾ ਦੇ ਸਾਰੇ ਚਿੰਨ੍ਹ ਮਲੀਆਮੇਟ ਕਰ ਦਿੱਤੇ ਗਏ ਸਨ।"49 ਅਜਿਹੇ ਹਾਲਾਤ ਹਿੰਦੂ ਧਰਮ ਨੂੰ ਖ਼ਤਮ ਕਰਨ ਦੇ ਸਨ। ਅਜਿਹੇ ਸਮੇਂ ਵਿਚ ਸਿੱਖ ਧਰਮ ਦਾ ਪੈਦਾ ਹੋਣਾ ਹਿੰਦੂ ਧਰਮ ਦੀ ਦੇਣ ਹੈ। "ਸਿੱਖ ਧਰਮ ਹਿੰਦੂ ਧਰਮ ਦੀ ਇਕ ਸ਼ਾਖ਼ ਹੈ। ਇਹ ਹਿੰਦੂ ਧਰਮ ਵਿਚੋਂ ਨਿਕਲਿਆ ਹੈ। ਇਸ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ ਹਿੰਦੂ ਘਰ ਦਾ ਹੈ।"50 ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਅਤੇ ਉਹਨਾਂ ਦੇ ਸਰਗੁਣ ਸਰੂਪ ਭਗਤਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਮ ਵੇਖਿਆ ਜਾਂਦਾ ਹੈ। ਹਿੰਦੂ ਧਰਮ ਦੇ ਬਚਾਅ ਵਾਸਤੇ ਨੌਵੇਂ ਪਾਤਸ਼ਾਹ ਦੀ ਕੁਰਬਾਨੀ ਇਸ ਦਾ ਪ੍ਰਤੱਖ ਪ੍ਰਮਾਣ ਹੈ। ਅਜਿਹੇ ਧਾਰਮਿਕ ਜਜ਼ਬਿਆਂ ਨੇ ਮਨੁੱਖਤਾ ਵਿਚ ਰਾਜਨੀਤੀ ਦੇ ਬੀਜ ਪੁੰਗਰਾਏ ਸਨ। ਦੇਸ਼ ਦੀ ਵੰਡ ਅਤੇ ਮੁਸਲਮਾਨਾਂ ਦੇ ਪਾਕਿਸਤਾਨ ਵਿਚ ਚਲੇ ਜਾਣ ਤੋਂ ਬਾਅਦ ਹਿੰਦੂ ਅਤੇ ਸਿੱਖ ਹਿੰਦੁਸਤਾਨ ਵਿਚ ਰਹਿਣ ਲੱਗੇ। ਇਹਨਾਂ ਦੇ ਧਰਮ ਅਨੁਸਾਰ ਸਰਗੁਣ ਨਿਰਗੁਣ ਸਰੂਪਾਂ ਦਾ ਵਿਵਾਦ ਰਿਹਾ। ਹਿੰਦੂ ਸਰਗੁਣ ਸਰੂਪ ਦੇ ਧਾਰਨੀ ਹੋਣ ਕਾਰਨ ਮੂਰਤੀ ਪੂਜਾ ਨੂੰ ਪਹਿਲ ਦਿੰਦੇ ਜਦਕਿ ਸਿੱਖ ਪਰਮਾਤਮਾ ਦੇ ਨਿਰਗੁਣ ਸਰਗੁਣ ਸਰੂਪ ਨੂੰ ਹਰ ਮਨੁੱਖ ਵਿਚ ਮਹਿਸੂਸ ਕਰਦੇ ਹਨ।

ਇਹਨਾਂ ਦੇ ਪ੍ਰਭੂ ਪ੍ਰਾਪਤੀ ਦੇ ਸੰਕਲਪ ਵੀ ਵੱਖਰੇ ਹਨ। ਹਿੰਦੂ ਸਰਗੁਣ ਸਰੂਪ ਦੀ ਪੂਜਾ ਕਰਦੇ ਹਨ, ਜਦਕਿ ਸਿੱਖ ਬਾਣੀ ਸਿਮਰਨ ਦੁਆਰਾ ਭਗਤੀ ਦੀ ਪ੍ਰਾਪਤੀ ਕਰਦੇ ਹਨ :

'ਭਗਤਿ ਭੰਡਾਰ ਗੁਰਬਾਣੀ ਲਾਲ' (ਗੁ. ਗ੍ਰੰ. 376)

ਭਗਤੀ ਸਿਮਰਨ ਨਾਲ ਮਨੁੱਖ ਦੀ ਆਪਣੇ ਧਰਮ ਵਿਚ ਪਰਪੱਕਤਾ ਬੱਝਦੀ ਹੈ। ਇਸ ਵਾਸਤੇ ਰਾਜਨੀਤਿਕ ਕਾਰਜਾਂ ਵਿਚ ਧਾਰਮਿਕਤਾ ਦੇ ਹੱਥਕੰਡੇ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਮਨੁੱਖਤਾ ਦੀਆਂ ਭਾਵਨਾਵਾਂ ਨੂੰ ਉਭਾਰਿਆ ਜਾਂਦਾ ਹੈ।

**ਪੁਰਾਤਨ ਸਮੇਂ ਵਿਚ ਰਾਜਨੀਤੀ ਸੰਬੰਧੀ ਸੰਕਲਪ :** ਪੁਰਾਤਨ ਸਮੇਂ ਵਿਚ ਰਾਜਨੀਤੀ ਦਾ ਸੰਕਲਪ ਕੁਝ ਹੋਰ ਅਰਥਾਂ ਵਿਚ ਰੂਪਮਾਨ ਹੁੰਦਾ ਹੈ। ਉਸ ਸਮੇਂ ਰਾਜਾ ਦਾ ਸਭ ਤੋਂ ਵੱਡਾ ਕਰਤੱਵ ਆਪਣੀ ਪਰਜਾ ਦੀ ਰੱਖਿਆ ਅਤੇ ਹਰ ਪ੍ਰਕਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਸੀ। ਸ਼ਾਸਕ ਜਨਤਾ ਲਈ ਰੱਬ ਸਮਾਨ ਸੀ। ਜਨਤਾ ਹਰ ਕਾਰਜ ਲਈ ਸ਼ਾਸਕ ਤੇ ਨਿਰਭਰ ਕਰਦੀ ਸੀ। ਰਾਜਾ ਸਾਮਰਾਜ ਦੇ ਵਿਸਥਾਰ ਤੋਂ ਵਧੇਰੇ ਪਰਜਾ ਦੀਆਂ ਸੁਖ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੰਦਾ ਸੀ। ਰਾਜ ਪ੍ਰਸ਼ਾਦ ਮਿਸ਼ਰ ਅਨੁਸਾਰ, ਅਜਿਹੇ ਰਾਜਿਆਂ ਵਿਚ ਰਾਮ, ਸਮੁੰਦਰ ਗੁਪਤ, ਮੋਰੀਆ ਸਾਮਰਾਜ ਨੂੰ ਲਿਆ ਜਾ ਸਕਦਾ ਹੈ। ਗੁਪਤਕਾਲ ਵਿਚ ਰਾਜਾ-ਰਾਮ ਦੇ ਪਦ ਚਿੰਨ੍ਹਾਂ ਨੂੰ ਧਾਰਨ ਕੀਤਾ ਗਿਆ।51 ਇਥੇ ਸੰਕੇਤ ਮਿਲਦਾ ਕਿ ਇਕ ਸ਼ਾਸਕ ਦੂਸਰੇ ਸ਼ਾਸਕ ਦੀਆਂ ਨੀਤੀਆਂ ਨੂੰ ਇੱਛਾ ਅਨੁਸਾਰ ਧਾਰਨ ਕਰ ਲੈਂਦਾ, ਕਿਸੇ ਪ੍ਰਕਾਰ ਦਾ ਭੇਦ ਭਾਵ ਨਹੀਂ ਕੀਤਾ ਜਾਂਦਾ ਸੀ।

ਪੁਰਾਣ ਵਿਚ ਰਾਜਿਆ ਬਾਰੇ ਕਿਹਾ ਗਿਆ ਹੈ ਕਿ ਕਲਜੁਗ ਵਿਚ ਰਾਜੇ ਅਤਿਆਚਾਰੀ ਅਤੇ ਧਰਮ ਤੋਂ ਮੂੰਹ ਮੋੜਨ ਵਾਲੇ ਹੋਣਗੇ ਉਥੇ ਜਨਤਾ ਬਾਰੇ ਕਿਹਾ ਗਿਆ ਕਿ ਉਹ ਵੀ ਧਰਮ ਵਿਚ ਕੋਈ ਰੁਚੀ ਨਹੀਂ ਲਵੇਗੀ।52 ਇਸ ਦਾ ਸੰਕੇਤ ਤੁਲਸੀਦਾਸ ਦੁਆਰਾ ਆਪਣੇ ਸਮੇਂ ਦੇ ਸ਼ਾਸਕਾਂ ਦੁਆਰਾ ਲਗਾਇਆ ਗਿਆ। ਪੁਰਾਤਨ ਸਮੇਂ ਦੇ ਸ਼ਾਸਕਾਂ ਵਲੋਂ ਜਨਤਾ ਦੀ ਭਲਾਈ ਦੇ ਵੱਧ ਤੋਂ ਵੱਧ ਕਾਰਜ ਕੀਤੇ ਜਾਂਦੇ, ਜਦਕਿ ਅਕਬਰ ਅਤੇ ਉਸਦੇ ਉਤਰਾਧਿਕਾਰੀਆਂ ਦੇ ਸ਼ਾਸਨ ਕਾਲ ਵਿਚ ਪਿਤਾ ਪੁਤਰ ਦਾ ਵੈਰੀ ਹੁੰਦਾ ਜਨਤਾ ਦੀ ਭਲਾਈ ਦਾ ਸਵਾਲ ਦੂਰ ਦੀ ਗੱਲ ਹੈ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗ੍ਰਹਿ ਵਿਚ ਵੀ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਨੇ ਇਸ ਨਿਰਾਰਥਕ ਕਾਰਜ ਨੂੰ ਬੁਰਾ ਕਿਹਾ ਹੈ। ਪਾਰਲੌਕਿਕ ਸੰਸਾਰ ਵਿਚ ਇਸ ਕਾਰਜ ਦਾ ਕੋਈ ਲਾਭ ਨਹੀਂ ਹੋਣਾ ਬਲਕਿ ਨਿਰਾਦਰ ਦੇ ਪਾਤਰ ਬਣਨਾ ਅਤੇ ਆਪਣੇ ਕਰਮਾਂ ਨੂੰ ਮਾੜਾ ਬਣਾਉਣਾ ਹੈ।

**ਸਾਹਿਤ ਅਤੇ ਰਾਜਨੀਤੀ :** ਸਾਹਿਤ ਨਾਲ ਰਾਜਨੀਤਿਕ ਵਿਚਾਰ ਸਮੇਂ ਅਨੁਸਾਰ ਨਿਰੰਤਰ ਚਾਲ ਵਿਚ ਚਲਦੇ ਰਹਿੰਦੇ ਹਨ। ਇਸ ਦਾ ਪ੍ਰਮਾਣ ਕਾਵਿ ਰਚਨਾਵਾਂ ਨੂੰ ਕਿਹਾ ਜਾ ਸਕਦਾ ਹੈ। ਸਾਹਿਤ ਵਿਚ ਪੇਸ਼ ਕੀਤੇ ਅਜਿਹੇ ਵਿਚਾਰ ਆਮ ਤੌਰ ਤੇ ਕਵੀ ਦੇ ਨਜਰੀਏ ਤੇ

ਨਿਰਭਰ ਕਰਦੇ ਹਨ। ਕਿਸੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਕਵੀ ਵਧੇਰੇ ਪ੍ਰੋਖ ਨਜ਼ਰੀਏ ਨਾਲ ਵੇਖ ਸਕਦਾ ਹੈ। ਕਵੀ ਦੀ ਦ੍ਰਿਸ਼ਟੀ ਨੂੰ ਸਮਾਜ ਗ੍ਰਹਿਣ ਕਰਦਾ ਹੈ। ਉਸ ਸਮੇਂ ਦੇ ਸਮਾਜ ਦੀ ਜੀਵਨ ਵਿਉਂਤ ਦਾ ਢਾਂਚਾ ਰਾਜਨੀਤਿਕ ਹਾਲਾਤਾਂ ਤੇ ਨਿਰਭਰ ਕਰਦਾ ਹੈ। ਕਿਸੇ ਸਮੇਂ ਵਿਚ ਸ਼ਾਸਕ ਦੁਆਰਾ ਲਿਖੀ ਸਵੈ-ਜੀਵਨੀ ਆਪਣੇ ਆਪ ਵਿਚ ਸਾਹਿਤ ਅਤੇ ਰਾਜਨੀਤੀ ਦੀ ਉਦਾਹਰਨ ਕਹੀ ਜਾ ਸਕਦੀ ਹੈ।

ਸਾਹਿਤ ਵਿਚ ਰਾਜਨੀਤਿਕ ਸੰਕਲਪਾਂ ਨੂੰ ਪੇਸ਼ ਕਰਕੇ ਸਰਕਾਰ ਦੀਆਂ ਵੱਖ-ਵੱਖ ਨੀਤੀਆਂ ਨੂੰ ਸਮਝਿਆ ਜਾ ਸਕਦਾ ਹੈ, ਜਿਨ੍ਹਾਂ ਰਾਜ ਦੀਆਂ ਘਟਨਾਵਾਂ ਨੂੰ ਕਿਸੇ ਸਾਹਿਤ ਰੂਪ ਵਿਚ ਪੇਸ਼ ਕੀਤਾ ਜਾਂਦਾ ਉਹ ਨਿੱਤ ਦੇ ਜੀਵਨ ਵਿਚ ਚਲਦੀਆਂ ਦੁਖ ਤਕਲੀਫਾਂ ਹੁੰਦੀਆਂ ਹਨ। ਇਹਨਾਂ ਲੋਕਾਂ ਨੂੰ ਸਮਾਜ ਵਿਚ ਰਹਿ ਕੇ ਠੀਕ ਨਿਆਂ ਨਹੀਂ ਮਿਲਦਾ ਪਰੰਤੂ ਸਮਾਜ ਉਸ ਸਜ਼ਾ ਅਤੇ ਦੋਸ਼ ਪ੍ਰਤੀ ਚੇਤੰਨ ਹੁੰਦਾ ਹੈ। ਕਵੀ ਜਾਂ ਲੇਖਕ ਦੀ ਪ੍ਰਤੀਕਿਰਿਆ ਸਾਹਿਤ ਰਾਹੀਂ ਸਮਾਜ ਨੂੰ ਜਾਗ੍ਰਿਤ ਕਰਨ ਦੀ ਹੁੰਦੀ ਹੈ। ਕਈ ਵਾਰ ਰਾਜਨੀਤੀ ਵਿਚ ਵੀ ਕੁਝ ਸਰੋਕਾਰ ਅਜਿਹੇ ਹੁੰਦੇ ਹਨ। ਜਿਸ ਨਾਲ ਰਾਜਨੀਤਿਕ ਆਗੂ ਠੀਕ ਫੈਸਲੇ ਲੈਣ ਵਿਚ ਸਫਲ ਨਹੀਂ ਹੁੰਦੇ। ਹਰ ਦੋਸ਼ ਲਈ ਸਜ਼ਾ ਦੀ ਸੀਮਾ ਨੂੰ ਇਕ ਸੀਮਿਤ ਘੇਰੇ ਵਿਚ ਰੱਖਣਾ ਚਾਹੀਦਾ ਹੈ ਅਤੇ ਸਰਵ ਸੰਮਤੀ ਨਾਲ ਸਜ਼ਾ ਨੂੰ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਕੁਝ ਸਜ਼ਾਵਾਂ ਨੂੰ ਨੈਤਿਕ ਸਿੱਖਿਆ ਦੇ ਆਧਾਰ ਤੇ ਨਿਸ਼ਚਿਤ ਕਰਕੇ ਵੀ ਦੋਸ਼ੀ ਦੀ ਮਾਨਸਿਕਤਾ ਨੂੰ ਸੁਧਾਰਿਆ ਜਾ ਸਕਦਾ ਹੈ। ਇਹ ਅਸਲ ਰਾਜਨੀਤੀ ਹੈ। "ਦੰਡ ਰਹਿਤ ਰਾਜਨੀਤੀ ਸਰਵਉੱਚ ਰਾਜਨੀਤੀ ਹੈ। ਦੰਡ ਪ੍ਰਧਾਨ ਰਾਜਨੀਤੀ ਨੀਵੀ ਰਾਜਨੀਤੀ ਹੈ। ਜੇਕਰ ਕਿਸੇ ਨਿਰਦੋਸ਼ ਨੂੰ ਦੰਡ ਦਿੱਤਾ ਜਾਵੇ ਤਾਂ ਦੰਡ ਦਾ ਸਥੂਲ ਪ੍ਰਯੋਗ ਸਮਾਪਤ ਹੋ ਜਾਂਦਾ ਹੈ। ਇਸ ਨਾਲ ਦੁਰ-ਉਪਯੋਗ ਦੀ ਸੰਭਾਵਨਾ ਵਧਦੀ ਹੈ।"53 ਅਜਿਹੇ ਸੰਕਲਪਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਬਰ ਬਾਣੀ ਵਿਚ ਵੀ ਦਰਜ ਹੈ। ਇਹ ਬਾਣੀ ਦੁਪਦੇ ਦੀ ਵੰਨਗੀ ਵਿਚ ਦਰਜ ਹੈ। ਮੁਗਲ ਸ਼ਾਸਕ ਬਾਬਰ ਵੱਲੋਂ ਨਿਰਦੋਸ਼ ਅਤੇ ਨਿਹੱਥੀ ਜਨਤਾ ਤੇ ਜ਼ੁਲਮ ਕੀਤੇ ਗਏ। ਇਸ ਜ਼ੁਲਮ ਨੂੰ ਅਕਾਲ ਪੁਰਖ ਵੇਖ ਰਿਹਾ ਸੀ, ਇਸੇ ਕਾਰਨ ਅਕਾਲ ਪੁਰਖ ਦੁਆਰਾ ਗੁਰੂ ਦੇ ਬੋਲਾਂ ਰਾਹੀਂ ਜਨਤਾ ਨੂੰ ਜਾਗ੍ਰਿਤ ਕੀਤਾ ਗਿਆ। ਗੁਰੂ ਜਨਤਾ ਤੱਕ ਫ਼ਰਮਾਨ ਭੇਜਣ ਲਈ ਸੰਦੇਸ ਵਾਹਕ ਰਿਹਾ ਹੈ। ਇਸ ਪ੍ਰਕਾਰ ਸਮਾਜ ਦੀਆਂ ਰਾਜਨੀਤਿਕ ਹਾਲਾਤਾਂ ਬਾਰੇ ਸਭ ਤੋਂ ਪਹਿਲਾਂ ਪਰਮ ਸੱਤ ਪ੍ਰਮਾਤਮਾ ਜਾਣੂ ਹੁੰਦਾ ਹੈ ਅਤੇ ਗੁਰੂ ਦੁਆਰਾ ਸੰਦੇਸ ਪਹੁੰਚਾ ਕੇ ਜਨਤਾ ਵਿਚ ਚਿੰਤਨ ਦੀ ਭਾਵਨਾ ਨੂੰ ਪੈਦਾ ਕਰਦਾ ਹੈ। ਇਸ ਨਾਲ ਜਨਤਾ ਆਪਣੇ ਅਧਿਕਾਰ ਪ੍ਰਤੀ ਅਗਾਂਹ ਹੁੰਦੀ ਹੈ ਅਤੇ ਉੱਚ ਵਰਗ ਦੁਆਰਾ ਕਿਸੇ ਪ੍ਰਕਾਰ ਦੇ ਜ਼ੁਲਮ ਨੂੰ ਬਰਦਾਸ਼ਤ ਨਹੀਂ ਕਰਦੀ :

ਜੈਸੀ ਮੈ ਆਵੈ ਖਸਮ ਕੀ ਬਾਣੀ (ਗੁ. ਗ੍ਰੰ. 722)

ਇਸ ਚਉਪਦੇ ਦਾ ਵਸਤੂ ਇਕ ਘੱਲੂਘਾਰੇ ਦੀ ਤਰ੍ਹਾਂ ਹੈ। ਇਸ ਵਿਚ ਮੁਗਲ ਸ਼ਾਸਕ ਬਾਬਰ ਆਪਣੇ ਰਾਜ ਦਾ ਵਿਸਥਾਰ ਕਰਨਾ ਚਾਹੁੰਦਾ ਸੀ। ਉਸ ਸਮੇਂ ਬੇਕਸੂਰ ਜਨਤਾ ਤੇ ਬਹੁਤ ਜ਼ੁਲਮ ਹੋ ਰਹੇ ਸਨ, ਜਨਤਾ ਨੂੰ ਕਿਸੇ ਪਾਸਿਉਂ ਕੋਈ ਸਹਾਰਾ ਨਹੀਂ ਸੀ।

ਇਸ ਤ੍ਰਾਸਦੀ ਦੇ ਮਾਹੌਲ ਨੂੰ ਗੁਰਬਾਣੀ ਵਿਚ ਪੇਸ਼ ਕਰਕੇ ਮਨੁੱਖੀ ਮਾਨਸਿਕਤਾ ਨੂੰ ਜਗਤ ਦੀ ਸਚਾਈ ਤੋਂ ਜਾਣੂ ਕਰਵਾਇਆ ਹੈ। ਇਸ ਇਕ ਚਉਪਦੇ ਨੂੰ ਦੂਜੇ ਪਦਿਆਂ ਵਿਚ ਪੇਸ਼ ਕਰਕੇ ਜਨਤਾ ਦੀਆਂ ਭਾਵਨਾਵਾਂ ਨੂੰ ਹਲੂਣਿਆ ਗਿਆ ਹੈ। ਕਿ ਮਨੁੱਖਤਾ ਇਸ ਅਸਲੀਅਤ ਨੂੰ ਸਮਝ ਸਕੇ ਅਤੇ ਸੰਸਾਰ ਦੀ ਹਰ ਵਸਤੂ ਨੂੰ ਨਾਸ਼ਵਾਨ ਸਮਝ ਕੇ ਨਾਮ ਦੀ ਅਸਲੀਅਤ ਨੂੰ ਜੀਵਨ ਦੀ ਅਜਿਹੀ ਧੁਨੀ ਬਣਾ ਲਵੇ ਜਿਸ ਨਾਲ ਹਰ ਪਾਸੇ ਨਾਮ ਦੇ ਬਿੰਬ ਪਨਪਦੇ ਵਿਖਾਈ ਦੇਣੇ ਚਾਹੀਦੇ ਹਨ।

**ਪਰਿਵਰਤਨ :** ਸਿੱਖ ਸਿਧਾਂਤਾਂ ਅਨੁਸਾਰ ਰਾਜ ਸ਼ਬਦ ਵਿਚ ਬਹੁਤ ਪਰਿਵਰਤਨ ਵੇਖਣ ਨੂੰ ਮਿਲਦੇ ਹਨ। ਸਿੱਖ ਧਰਮ ਵਿਚ ਸਭ ਤੋਂ ਸਰਵ ਸ੍ਰੇਸ਼ਟ ਹਸਤੀ ਅਕਾਲ ਪੁਰਖ ਹੈ, ਜੋ ਸਾਰੀ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। ਅਕਾਲ ਪੁਰਖ ਨੇ ਆਪਣੀ ਇੱਛਾ ਅਨੁਸਾਰ ਸ੍ਰੇਸ਼ਟ ਬੁੱਧੀ ਜੀਵੀਆਂ ਨੂੰ ਸੰਸਾਰ ਦੇ ਕੁਝ ਵਿਹਾਰਕ ਕਾਰਜ ਸੌਂਪੇ। ਸਮਾਜ ਨੇ ਇਹਨਾਂ ਬੁੱਧੀ ਜੀਵੀਆਂ ਨੂੰ ਰਾਜਾ ਕਹਿ ਕੇ ਨਿਵਾਜਿਆ। ਬਾਣੀ-ਰੂਪ ਚਉਪਦੇ ਵਿਚ ਕਿਹਾ ਗਿਆ ਕਿ ਰਾਜ ਦੀ ਪ੍ਰਾਪਤੀ ਵੀ ਮਨੁੱਖ ਨੂੰ ਸਰਬ-ਉੱਚ ਨਹੀਂ ਕਰ ਸਕਦੀ :

ਜੋ ਰਾਜੁ ਦੇਹਿ ਤਾ ਕਵਨ ਬਡਾਈ (ਗੁ. ਗ੍ਰੰ. 525)

ਸੰਸਾਰ ਵਿਚ ਰਾਜ ਤੋਂ ਵੀ ਉੱਚਾ ਪ੍ਰਮਾਤਮਾ ਦਾ ਨਾਮ ਹੈ। ਬਾਕੀ ਸਭ ਸੰਸਾਰਕ ਪਦਾਰਥ ਨਾਸ਼ਵਾਨ ਹਨ :

ਰਾਜੁ ਜੋਬਨੁ ਅਵਧ ਜੋ ਦੀਸੈ ਸਭ ਕਿਛੁ ਜਗੁ ਮਹਿ ਘਾਟਿਆ (ਗੁ. ਗ੍ਰੰ. 207)

ਸਮਾਜ ਵਿਚ ਹਰ ਵਸਤ ਦਾ ਸਮਾ ਨਿਸ਼ਚਿਤ ਹੈ ਅਤੇ ਸਮੇਂ ਦੇ ਪਰਿਵਰਤਨ ਨਾਲ ਉਸ ਨੇ ਖ਼ਤਮ ਹੋ ਜਾਣਾ ਹੈ। ਪਰਮਾਤਮਾ ਦਾ ਨਾਮ ਹੀ ਸਦਾ ਸਥਿਰ ਰਹਿਣਾ ਹੈ :

ਰਾਜੁ ਰੂਪੁ ਝੂਠਾ ਦਿਨ ਚਾਰਿ (ਗੁ. ਗ੍ਰੰ. 795)

ਮਨੁੱਖ ਦਾ ਸਮਾਜ ਵਿਚ ਆ ਕੇ ਰਾਜ ਕਰਨਾ ਨਿਰਾਰਥਕ ਹੈ ਜੇਕਰ ਉਹ ਨਾਮ ਨੂੰ ਗ੍ਰਹਿਣ ਕਰ ਲਵੇ, ਤਾਂ ਉਸ ਦੇ ਜੀਵਨ ਵਿਚ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ।

ਮਨੁੱਖ ਸਮਾਜ ਵਿਚ ਜੀਵਨ ਬਸਰ ਕਰਦਿਆਂ, ਸਭ ਤਰਾਂ ਦੀਆਂ ਸੁਖ ਸਹੂਲਤਾਂ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰੰਤੂ ਇਹ ਸਭ ਪਦਾਰਥ ਸਥਾਈ ਨਹੀਂ ਹਨ :

ਰਾਜ ਰੰਗ ਰੂਪ ਸਭਿ ਕੂਰ (ਗੁ. ਗ੍ਰੰ. 888)

ਇਸ ਵਾਸਤੇ ਜੇਕਰ ਮਨੁੱਖ ਸਥਾਈ ਰੂਪ ਵਿਚ ਰਾਜ ਦੀ ਕਾਮਨਾ ਕਰਦਾ ਹੈ, ਪਰ ਇਹ ਮਨੁੱਖ ਦਾ ਭਰਮ ਭੁਲੇਖਾ ਹੈ। ਇਸੇ ਭਰਮ ਭੁਲੇਖੇ ਵਿਚੋਂ ਨਿਕਲ ਕੇ ਮਨੁੱਖ ਨੂੰ ਹਰ ਧਰਮ ਦਾ ਸਤਿਕਾਰ ਅਤੇ ਸਰਬੱਤ ਦੇ ਭਲੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਨਾਲ ਮਨੁੱਖਤਾ ਦੇ ਜੀਵਨ ਢੰਗ ਵਿਚ ਪਰਿਵਰਤਨ ਆ ਸਕਦਾ ਹੈ।

**ਸਰਵ ਧਰਮ ਸਤਿਕਾਰ:** ਸਰਵ ਧਰਮ ਸਤਿਕਾਰ ਦਾ ਅਰਥ ਮਨੁੱਖ ਦਾ ਰੱਬ ਨਾਲ ਸਨੇਹ ਦਾ ਰਿਸ਼ਤਾ ਪੇਸ਼ ਕਰਨਾ ਹੈ। ਰੱਬ ਕਿਸੇ ਮਜ਼ਹਬ ਦਾ ਧਾਰਨੀ ਨਹੀਂ, ਬਲਕਿ ਉਹ ਸਚਾਈ ਤੇ ਸਮਾਨਤਾ ਨੂੰ ਪਹਿਲ ਦਿੰਦਾ ਹੈ। ਸਭ ਤੋਂ ਪਹਿਲਾਂ ਰੱਬ ਸ਼ਬਦ ਦੇ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ। ਰੱਬ ਅਕਾਲ ਪੁਰਖ ਹੈ, ਜੋ ਹਰ ਵਸਤ ਵਿਚ ਸਮਾਇਆ ਹੋਇਆ ਹੈ। ਨਿਰਗੁਣ ਸਰਗੁਣ ਸਰੂਪ ਉਸ ਦੇ ਰੂਪ ਹਨ। ਉਹ ਨਿਰਵੈਰ ਨਿਰਾਕਾਰ ਹੈ ਅਤੇ ਜੂਨਾਂ ਦੇ ਗੇੜ ਤੋਂ ਬਾਹਰ ਹੈ :

ਸੋ ਮੁਖ ਜਲਉ ਜਿਤੁ ਕਹਹਿ ਠਾਕੁਰ ਜੋਨੀ॥ (ਗੁ. ਗ੍ਰੰ. 1136)

ਕਿਸੇ ਮਨੁੱਖ ਨੂੰ ਰੱਬ ਅਨੁਸਾਰ ਮੰਨਣਾ ਮਨੁੱਖ ਦੀ ਭੁੱਲ ਹੈ। ਹਰ ਧਰਮ ਦੇ ਭਗਤਾਂ ਵਿਚ ਇਕ ਰੱਬ ਦੀ ਜੋਤ ਵਿਦਮਾਨ ਹੈ। ਹਰ ਮਨੁੱਖ ਦਾ ਕਰਮਾਂ ਅਨੁਸਾਰ ਵੱਖ-ਵੱਖ ਵਰਗਾਂ ਵਿਚ ਜਨਮ ਹੋ ਜਾਂਦਾ ਹੈ। ਸਮਾਜ ਵਿਚ ਮਿਲੇ ਦੁੱਖ-ਸੁੱਖ ਉਸ ਦੇ ਆਪਣੇ ਕਰਮਾਂ ਅਨੁਸਾਰ ਹਨ। ਮਨੁੱਖ ਆਪਣੇ ਕਰਮਾਂ ਦਾ ਦੋਸ਼ ਕਿਸੇ ਨੂੰ ਨਹੀਂ ਦੇ ਸਕਦਾ। ਇਸ ਵਾਸਤੇ ਮਨੁੱਖ ਨੂੰ ਆਪਣੀ ਜ਼ਿੰਦਗੀ ਦਾ ਅਜਿਹਾ ਸਮਾਂ ਸਾਰੀ ਮਨੁੱਖਤਾ ਨਾਲ ਮੇਲ ਕੇ ਵੇਖਣਾ ਚਾਹੀਦਾ ਹੈ। "ਹਰ ਸਭਿਅਤਾ ਹਰ ਮਨੁੱਖ, ਹਰ ਵਿਚਾਰਧਾਰਾ ਦੀ ਅੰਤਲੀ ਤੇ ਅਸਲੀ ਪਰੀਖਿਆ ਉਸ ਦੀ ਕਰਨੀ ਹੁੰਦੀ ਹੈ। ਅਮਲ ਦੀ ਪਰੀਖਿਆ ਤੋਂ ਆਪਣਾ ਆਪ ਤੇ ਆਪਣਾ ਅਸਲ ਕੋਈ ਲੁਕਾ ਨਹੀਂ ਸਕਦਾ।"54 ਹਰ ਮਨੁੱਖ ਨੂੰ ਇਕ ਵਾਤਾਵਰਨ ਮਿਲਿਆ ਹੁੰਦਾ ਹੈ। ਇਸ ਵਾਤਾਵਰਨ ਵਿਚ ਰਹਿ ਕੇ ਮਨੁੱਖ ਜੀਵਨ ਬਤੀਤ ਕਰਦਾ ਹੈ। ਮਨੁੱਖ ਦੇ ਕੁਝ ਸੰਕਲਪਾਂ ਦਾ ਸੰਗ੍ਰਹਿ ਉਸ ਦੀ ਜੀਵਨ ਵਿਉਂਤ ਨੂੰ ਅੱਗੇ ਤੋਰਦਾ ਹੈ। ਇਸ ਸਦਕਾ ਮਨੁੱਖ ਇਨਸਾਨੀਅਤ ਦੀਆਂ ਭਾਵਨਾਵਾਂ ਨੂੰ ਸਮਝਦਾ ਹੋਇਆ, ਸਮਾਜ ਭਲਾਈ ਦੇ ਕਾਰਜ ਕਰਦਾ ਹੈ। ਇਸ ਲਈ ਇਨਸਾਨ ਦਾ ਧਰਮ ਨਿਰਪੱਖ ਹੋਣਾ ਬਹੁਤ ਜ਼ਰੂਰੀ ਹੈ, ਜਿਸ ਨਾਲ ਮਨੁੱਖ ਰੱਬ ਦੀ ਹੋਂਦ ਨੂੰ ਮੰਨਦਾ ਹੈ।

**ਸਰਬੱਤ ਦਾ ਭਲਾ:** ਗੁਰਬਾਣੀ ਵਿਚ ਹਮੇਸ਼ਾ ਸਰਬੱਤ ਦੇ ਭਲੇ ਦੀ ਗੱਲ ਕੀਤੀ ਜਾਂਦੀ ਹੈ। ਸਰਬੱਤ ਦਾ ਭਲਾ ਸਮੂਹਿਕ ਹਿੱਤਾਂ ਦੀ ਪੈਰਵੀਂ ਕਰਦਾ ਹੈ। ਸਮੂਹਿਕ ਹਿੱਤ ਸਮਾਜ ਦੀ ਆਪਸੀ ਏਕਤਾ ਦੁਆਰਾ ਪਸਰਦੇ ਹਨ। ਇਸ ਵਾਸਤੇ ਮਨੁੱਖ ਦਾ ਨਿੱਜੀ ਸੁਆਰਥ ਤੋਂ ਉਪਰ ਹੋਣਾ ਬਹੁਤ ਜ਼ਰੂਰੀ ਹੈ। ਬਾਣੀ-ਰੂਪ ਚਉਪਦੇ ਵਿਚ ਉਸ ਸਮੇਂ ਦੇ ਹਾਲਾਤਾਂ ਦੀ ਗੱਲ ਕੀਤੀ ਗਈ ਹੈ। ਉਸ ਸਮੇਂ ਦੇ ਰਾਜਨੀਤਿਕ ਹਾਲਾਤਾਂ ਸਮਾਜ ਵਿਚ ਚੇਤਨਾ ਦੇ ਪ੍ਰਵਾਹ ਨੂੰ ਉਜਾਗਰ ਕਰਦੇ ਹਨ। ਇਹ ਮਨੁੱਖਤਾ ਦੇ ਮਨ ਵਿਚ ਸਰਬੱਤ ਦੇ ਭਲੇ

ਲਈ ਬੀਜ ਬੀਜਦੇ ਹਨ। ਗੁਰਬਾਣੀ ਦੇ ਅਜਿਹੇ ਬੋਲਾਂ ਨਾਲ ਸਮਾਜ ਵਿਚ ਪਰਿਵਰਤਨ ਦੀ ਲਹਿਰ ਉਭਰਦੀ ਹੈ। ਜਿਸ ਕਾਰਨ ਇਨਕਲਾਬ ਦਾ ਨਾਹਰਾ ਲੱਗਦਾ ਹੈ। "ਮੂਲ ਤਣਾਉ ਜੋਤਿ ਚੇਤਨਾ ਅਤੇ ਜੋਤਿ ਨਾਚੇਤਨਾ ਵਿਚਕਾਰ ਹੈ ਵਿਅਕਤੀ ਜਾਤੀ ਦੇ ਨੇਮ ਤੇ ਚਲਾਇਆ ਚਲਦਾ ਹੈ ਜਾਤਿ-ਜੋਤ ਦੇ ਨੇਮ ਚਲਾਇਆ ਚਲਦੀ ਹੈ।"55 ਇਥੇ ਸੰਕੇਤ ਮਿਲਦਾ ਕਿ ਸਾਰੀ ਮਨੁੱਖ ਜਾਤੀ ਪਰਮ ਪੁਰਖ ਪਰਮਾਤਮਾ ਦੀ ਜੋਤ ਦਾ ਸਰੂਪ ਹੈ। ਇਥੇ ਕਿਸੇ ਪ੍ਰਕਾਰ ਦੀ ਵਰਗ-ਵੰਡ ਦਾ ਮਸਲਾ ਨਹੀਂ ਆ ਸਕਦਾ। ਬਾਬਰ ਦੇ ਹਮਲੇ ਸਮੇਂ ਵੀ ਅਜਿਹੇ ਹਾਲਾਤ ਸਨ ਕਿ ਬਾਬਰ ਮਾਇਆ ਦੇ ਜਾਲ਼ ਵਿਚ ਫਸਿਆ ਹੋਇਆ ਅਤੇ ਰਾਜ ਦੇ ਵਿਸਥਾਰ ਲਈ ਹਿੰਦੂਆਂ ਦਾ ਧਰਮ ਪਰਿਵਰਤਨ ਅਤੇ ਕਤਲੇਆਮ ਕਰਵਾ ਰਿਹਾ ਸੀ। ਭਟਕਣਾ ਦੀ ਇਸ ਸਮੱਸਿਆ ਨੂੰ ਗੁਰੂ ਸਾਹਿਬ ਨਾਮ ਰੂਪੀ ਸ਼ਬਦ ਦੁਆਰਾ ਦੂਰ ਕਰਨਾ ਚਾਹੁੰਦੇ ਹਨ, ਜੋ ਸਰਬ-ਸਾਂਝੀਵਾਲਤਾ ਦਾ ਸੰਦੇਸ ਦੇ ਕੇ ਮਨੁੱਖਤਾ ਦੀ ਪਰਮ ਪੁਰਖ ਪਰਮਾਤਮਾ ਦੀ ਜੋਤ ਨਾਲ ਸੁਮੇਲਤਾ ਕਰਵਾਉਣਾ ਚਾਹੁੰਦੇ ਹਨ।

ਸਰਬੱਤ ਦੇ ਭਲੇ ਵਾਸਤੇ ਮਾਇਆ ਦੇ ਜੰਜਾਲ਼ ਤੋਂ ਨਿਰਲੇਪ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਮਾਇਆ ਦਾ ਜੰਜਾਲ਼ ਮਨੁੱਖ ਨੂੰ ਨਿਸ਼ਕਾਮ ਨਹੀਂ ਬਣਨ ਦਿੰਦਾ। ਮਾਇਆ ਮਨੁੱਖ ਨੂੰ ਰਾਜ ਸੱਤਾ ਦੇ ਵਿਸਥਾਰ ਵਾਸਤੇ ਪ੍ਰੇਰਦੀ ਹੈ, ਪਰੰਤੂ ਗੁਰਬਾਣੀ ਦੁੱਖਾਂ, ਤਕਲੀਫਾਂ ਨਾਲ ਲਤਾੜੀ ਮਨੁੱਖਤਾ ਦੇ ਅਨੁਭਵ ਨੂੰ ਪੇਸ਼ ਕਰਕੇ ਸਮਾਜ ਦੀ ਵਿਚਾਰਧਾਰਾ ਨੂੰ ਬਦਲਦੀ ਹੈ। ਸਮੂਹਿਕ ਹਿੱਤ ਪ੍ਰਤੀ ਚਿੰਤਨ ਜੀਵਨ ਦਾ ਅਜਿਹਾ ਪਥ ਹੈ, ਜਿਸ ਨਾਲ ਮਨੁੱਖ ਰੱਬ ਦਾ ਪੈਰੋਕਾਰ ਬਣ ਜਾਂਦਾ ਹੈ।

**ਪ੍ਰਭਾਵ:** ਗੁਰਬਾਣੀ ਮਨੁੱਖ ਵਿਚ ਚੰਗੇ ਆਦਰਸ਼ ਪੈਦਾ ਕਰਦੀ ਹੈ। ਇਹ ਸਿੱਖ ਕੌਮ ਦੀ ਉਹ ਨਿਸ਼ਾਨੀ ਹੈ, ਜਿਸ ਨਾਲ ਮਨੁੱਖ ਨੇਕੀ ਦੇ ਰਸਤੇ ਤੇ ਚਲਦਾ ਹੈ। ਜੀਵਨ ਵਿਚ ਚੰਗੇ ਕਰਮ ਕਰ ਕੇ ਮਨੁੱਖ ਜਨਮ ਸਫ਼ਲ ਕਰਦਾ ਹੈ। ਇਸ ਜਨਮ ਦੀ ਸਾਰਥਕਤਾ ਲਈ ਨਾਮ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੈ। ਨਾਮ ਤੋਂ ਬਿਨ੍ਹਾਂ ਮਨੁੱਖ ਦਾ ਮਨ ਹਉਮੈਂ ਤੇ ਮਾਇਆ ਦੇ ਜੰਜਾਲ਼ ਵਿਚ ਭਟਕਦਾ ਹੈ। "ਗੁਰਬਾਣੀ ਦਾ ਮਨੋਰਥ ਸਮਾਜਕ ਮਨੁੱਖੀ ਜ਼ਿੰਦਗੀ ਨੂੰ ਹਉਮੈ ਤੇ ਮਾਇਆ ਦੇ ਪਾਏ ਸਭ ਪੁਆੜਿਆਂ ਤੋਂ ਪਾਕ ਕਰਨਾ ਹੈ ਨਾ ਕਿ ਇਕ ਮਾਇਆ ਦੀ ਸਭਿਅਤਾ ਦੇ ਨਿਜ਼ਾਮ ਨੂੰ ਦੂਸਰੀ ਮਾਇਆ ਦੀ ਸਭਿਅਤ ਜਾ ਨਿਜ਼ਾਮ ਦੇ ਹਮਲੇ ਤੋਂ ਬਚਾਉਣਾ। ਬਾਣੀ ਮਨੁੱਖ ਦੇ ਦੁਖ ਦੀਆਂ ਅਲਾਮਤਾਂ ਦਾ ਇਲਾਜ ਨਹੀਂ ਕਰਦੀ ਜਿਸ ਕਾਰਨ ਤੋਂ ਉਸ ਦੀ ਜੜ੍ਹ ਤੁਰਦੀ ਹੈ, ਉਸ ਦਾ ਫਸਤਾ ਵੱਢਦੀ ਹੈ।"56 ਮਨੁੱਖ ਅਕਾਲ ਪੁਰਖ ਵੱਲੋਂ ਦਿੱਤੇ ਦੁੱਖ ਨੂੰ ਬਰਦਾਸ਼ਤ ਕਰਨ ਲਈ ਤਿਆਰ ਹੈ, ਕਿਉਂ ਕਿ ਉਹ ਮਨੁੱਖ ਨੂੰ ਕਰਮਾਂ ਅਨੁਸਾਰ ਮਿਲਿਆ ਹੈ। ਮਨੁੱਖ ਦੇ ਦੁੱਖਾਂ ਦਾ ਕਾਰਨ ਲੋਭ, ਮੋਹ, ਹੰਕਾਰ ਹਨ। ਇਹਨਾਂ ਤੋਂ ਨਿਰਲੇਪ ਕੇਵਲ ਨਾਮ ਦੁਆਰਾ ਰਿਹਾ ਜਾ ਸਕਦਾ ਹੈ। ਦੂਜੇ ਪੱਖ ਵਿਚ, ਜਦੋਂ ਮਨੁੱਖ ਦਾ ਦੁਸ਼ਮਣ ਮਨੁੱਖ ਹੁੰਦਾ ਹੈ ਉਸ ਸਮੇਂ ਗੁਰਬਾਣੀ ਉਸ ਨੂੰ ਇਨਕਲਾਬੀ ਬਣਾ ਦਿੰਦੀ ਹੈ। ਇਨਕਲਾਬ ਦੀ ਬਿਰਤੀ ਵਾਲਾ ਮਨੁੱਖ ਹਮੇਸ਼ਾ ਸਚਾਈ ਦਾ ਸਾਥ ਦਿੰਦਾ ਹੈ ਅਤੇ ਪਰਮਾਤਮਾ ਦੇ ਹੁਕਮ ਵਿਚ ਰਹਿੰਦਾ ਹੈ। ਇਸ ਵਾਸਤੇ ਮਨੁੱਖੀ ਮਾਨਸਿਕਤਾ ਨੂੰ

ਪ੍ਰਤੀਤ ਦੀ ਜ਼ਰੂਰਤ ਹੈ। ਲੋਭ, ਹੰਕਾਰ ਦਾ ਪ੍ਰਸਾਰ ਆਪਸੀ ਸਾਂਝ ਨੂੰ ਖਤਮ ਕਰਦਾ ਹੈ, ਪਰ ਨਾਮ ਮਨੁੱਖ ਦੀਆਂ ਇਛਾਵਾਂ ਨੂੰ ਖਤਮ ਕਰਕੇ ਸਥਿਰਤਾ ਦੇ ਮੰਡਲਾਂ ਦੁਆਰਾ ਪਰਮ-ਸੱਤਾ ਤੱਕ ਪਹੁੰਚਣ ਦੇ ਯੋਗ ਬਣਾ ਦਿੰਦਾ ਹੈ :

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥ (ਗੁ. ਗ੍ਰੰ. 992)

ਇਥੇ ਰਾਜਾ ਜੀਵਾਤਮਾ ਨੂੰ ਕਹਿ ਕੇ ਨਾਮ ਸਿਮਰਨ ਦੇ ਗੁਣਾਂ ਦੁਆਰਾ ਪਰਮਾਤਮਾ ਦੀ ਸਥਿਰਤਾ ਬਾਰੇ ਵਿਚਾਰ ਕਰਕੇ ਆਤਮਾ ਨੂੰ ਅਸਲ ਰਾਜ ਦੀ ਪ੍ਰਾਪਤੀ ਦੀ ਕਾਮਨਾ ਕੀਤੀ ਗਈ ਹੈ।

ਸਮਾਜ ਦੇ ਢਾਂਚੇ ਦੀ ਬੁਨਿਆਦ ਰਾਜਨੀਤੀ ਹੈ। ਰਾਜਨੀਤੀ ਨਾਲ ਧਰਮ ਦਾ ਸੰਬੰਧ ਅਰੰਭ ਤੋਂ ਚਲਦਾ ਆ ਰਿਹਾ ਹੈ। ਰਾਜ ਦੀ ਭਲਾਈ ਅਤੇ ਵਿਸਥਾਰ ਲਈ ਰਾਜੇ ਦੀ ਚੋਣ ਕੀਤੀ ਜਾਂਦੀ ਹੈ। ਰਾਜੇ ਨੂੰ ਧਰਮ ਨਿਰਪੱਖ ਹੋ ਕੇ ਆਪਣੇ ਕਰਤਵਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਬਾਣੀ-ਰੂਪ ਚਉਪਦੇ ਵਿਚ ਹਰ ਮਨੁੱਖ ਲਈ ਸਮਾਨਤਾ ਦੇ ਅਧਿਕਾਰ ਅਨੁਸਾਰ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਜਾਂਦੀ ਹੈ।

ਸੋ ਉਪਰੋਕਤ ਸੰਕਲਪਾਂ ਨੂੰ ਵਿਚਾਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਬਾਣੀ ਦੀ ਪ੍ਰਕਿਰਤੀ ਦਾ ਅਸਲ ਮੰਤਵ ਮਨੁੱਖੀ ਜੀਵਨ ਦੇ ਸਿਧਾਂਤਾਂ ਨੂੰ ਸਮਝਣਾ ਹੈ। ਜਿਸ ਨਾਲ ਮਨੁੱਖ ਜੀਵਨ ਦੇ ਸੱਚ ਨੂੰ ਸਮਝ ਸਕਦਾ ਹੈ। ਬਾਣੀ-ਰੂਪ ਚਉਪਦੇ ਦੇ ਪ੍ਰਭਾਵ ਦੁਆਰਾ ਮਨੁੱਖ ਦੇ ਸਾਹਮਣੇ ਬ੍ਰਹਮ, ਆਤਮਾ, ਜਗਤ ਦੇ ਆਪਸੀ ਚੱਕਰ ਰਾਹੀਂ ਜੀਵਨ ਦੀ ਅਸਲੀਅਤ ਸਾਹਮਣੇ ਆਉਂਦੀ ਹੈ। ਮਨੁੱਖ ਸਮਾਜਿਕ ਕੁਰੀਤੀਆਂ ਅਤੇ ਬਾਹਰੀ ਆਡੰਬਰਾਂ ਤੋਂ ਬਾਹਰ ਨਿਕਲਦਾ ਹੈ। ਨਾਮ ਦੁਆਰਾ ਮਨੁੱਖ ਪਾਰਲੌਕਿਕ ਸੰਸਾਰ ਵਿਚ ਪਰਮ-ਸੱਤ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਮਨੁੱਖ ਧਰਮ ਦੇ ਪ੍ਰਭਾਵ ਅਧੀਨ ਰਾਜ ਦੀ ਬੁਨਿਆਦ ਨੂੰ ਮਜ਼ਬੂਤ ਬਨਾਉਣਾ ਚਾਹੁੰਦਾ ਹੈ। ਇਸ ਵਾਸਤੇ ਮਨੁੱਖ ਬਾਣੀ-ਰੂਪ ਚਉਪਦੇ ਦੇ ਪ੍ਰਭਾਵ ਅਧੀਨ ਸਮਾਜ ਭਲਾਈ ਦੇ ਕਾਰਜ ਕਰਦਾ ਹੈ, ਅਜਿਹੇ ਕਾਰਜ ਪਰਮਾਤਮਾ ਦੀ ਦਰਗਾਹ ਵਿਚ ਪਰਵਾਨ ਹੁੰਦੇ ਹਨ। ਇਸ ਪ੍ਰਕਾਰ ਚਉਪਦਾ ਕੀਰਤਨ ਦਾ ਮਾਧਿਅਮ ਹੋਣ ਕਾਰਨ, ਆਮ ਤੌਰ ਤੇ ਮਨੁੱਖ ਦੇ ਸੰਕਲਪਾਂ ਵਿਚ ਤਬਦੀਲੀ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਸਾਹਿਤ ਦੀ ਪ੍ਰਕਿਰਤੀ (ਸੰਪਾ.) ਟੀ. ਆਰ ਵਿਨੋਦ, ਉਧਰਿਤ, ਕੇਸਰ ਸਿੰਘ ਕੇਸਰ, ਪੰਨਾ 45.

2. ਅਧਿਅਨ ਅਤੇ ਅਧਿਆਪਨ, ਹਰਿਭਜਨ ਸਿੰਘ, ਪੰਨਾ 110.

3. ਨੈਸ਼ਨਲ ਪੰਜਾਬੀ ਕੋਸ਼, ਬਲਦੇਵ ਸਿੰਘ ਬਦਨ, ਪੰਨਾ 266.

4. ਗੁਰਬਾਣੀ ਧਰਮ ਅਤੇ ਸਾਹਿਤ, ਬਲਜੀਤ ਕੌਰ, ਪੰਨਾ 25.

5. ਗੁਰਬਾਣੀ ਦੀ ਸੀਰਤ, ਸੁਰਜੀਤ ਸਿੰਘ ਭਾਟੀਆ, ਪੰਨਾ 5.

6. ਸ਼ਕਤੀ, ਪੂਰਨ ਸਿੰਘ, ਪੰਨਾ 264.

7. ਸਾਹਿਤ ਅਧਿਐਨ, ਹਰਭਜਨ ਸਿੰਘ, ਪੰਨਾ 113.

8. ਗੁਰਬਾਣੀ ਦੀ ਸੁਹਜ ਭਾਵਨਾ, ਹਰਭਜਨ ਸਿੰਘ, ਪੰਨਾ 114.

9. ਉਹੀ, ਬਲਜੀਤ ਕੌਰ, ਪੰਨਾ 29.

10. ਉਹੀ, ਪੂਰਨ ਸਿੰਘ, ਪੰਨਾ 49.

11. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 1097.

12. ਵਿਸਮਾਦੀ ਪੂੰਜੀ, ਗੁਰਭਗਤ ਸਿੰਘ, ਪੰਨਾ 31.

13. ਦਾਰਸ਼ਨਿਕ ਗਿਆਨ ਦੇ ਮੁੱਢਲੇ ਨਿਯਮ, ਵਿ. ਗਿ. ਅਫਾਨਾਸੀਏਵ, ਪੰਨਾ 16.

14. ਗੁਰਬਾਣੀ ਦਾ ਰਹਾਉ ਸ਼ਾਸਤਰ, ਗੁਰਚਰਨ ਸਿੰਘ, ਪੰਨਾ 100.

15. ਸਿਖ ਧਰਮ ਵਿਚ ਬ੍ਰਹਮ ਦਾ ਸੰਕਲਪ (ਸੰਪਾ.) ਪ੍ਰੀਤਮ ਸਿੰਘ, ਰਾਮ ਸਿੰਘ, ਪੰਨਾ 61.

16. ਗੁਰਮਤਿ ਵਿਚ ਹਸਤੀ ਤੇ ਹੋਂਦ ਦੀ ਸਮੱਸਿਆ, (ਸੰਪਾ) ਉਹੀ, ਉਧਰਿਤ ਵਜੀਰ ਸਿੰਘ, ਪੰਨਾ 34.

17. ਸ਼ਕਤੀ ਇਕ ਦਾਰਸ਼ਨਿਕ ਅਧਿਐਨ, ਪੂਰਨ ਸਿੰਘ, ਪੰਨਾ 211.

18. ਗੁਰਬਾਣੀ ਦਾ ਸੱਚ, ਕਿਸ਼ਨ ਸਿੰਘ, ਪੰਨਾ 87.

19. ਜੀਵ ਦੀ ਉਤਪਤੀ, (ਅਨੁ.), ਹਰਜੀਤ ਸਿੰਘ ਮਾਂਗਟ, ਚਾਰਲਸ ਡਾਰਵਿਨ, ਪੰਨਾ 320.

20. ਸਿੱਖ ਦਰਸ਼ਨਧਾਰਾ, ਵਜੀਰ ਸਿੰਘ, ਪੰਨਾ 38.

21. ਭਾਰਤੀ ਦਰਸ਼ਨ, ਆਰ. ਡੀ. ਨਿਰਾਕਾਰੀ, ਪੰਨਾ 138.

22. ਉਹੀ

23. ਉਹੀ, ਕਿਸ਼ਨ ਸਿੰਘ, ਪੰਨਾ 83.

24. ਸਿੱਖ ਵੀਚਾਰਧਾਰਾ, ਪ੍ਰੀਤਮ ਸਿੰਘ, ਪੰਨਾ 139.

25. ਧਰਮ ਸਮਾਜ ਅਤੇ ਨਾਰੀ, ਮਹਿੰਦਰ ਕੌਰ ਗਿੱਲ, ਪੰਨਾ 148.

26. ਮਨੂ ਸਿਮ੍ਰਿਤੀ (ਅਨੁ.), ਮੋਹਨ ਲਾਲ ਸ਼ਰਮਾ, ਪੰਨਾ 190.

27. ਉਧਰਿਤ, ਹਿੰਦੂ ਧਰਮ ਵਿਚ ਜਾਤ ਪਾਤ ਅਤੇ ਵਰਣ ਵਿਵਸਥਾ, ਜਸਵਿੰਦਰ ਕੌਰ ਵੀਨੂ, ਪੰਨਾ 13.

28. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 1084.

29. ਉਹੀ, ਜਸਵਿੰਦਰ ਕੌਰ ਵੀਨੂ, ਪੰਨਾ 77.

30. ਉਹੀ, ਪੰਨਾ 75.

31. ਗੁਰਬਾਣੀ ਦਾ ਸੱਚ, ਕਿਸ਼ਨ ਸਿੰਘ, ਪੰਨਾ 29.

32. ਉਹੀ, ਪ੍ਰੀਤਮ ਸਿੰਘ, ਪੰਨਾ 123.

33. ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਚੌਥੀ), ਵਣਜਾਰਾ ਬੇਦੀ, ਪੰਨਾ 576.

34. ਗੁਰਬਾਣੀ ਇਨਕਲਾਬ ਹੈ ਕਿ ......, ਕਿਰਪਾਲ ਸਿੰਘ ਆਜ਼ਾਦ, ਪੰਨਾ 109.

35. ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰਕ ਚੇਤਨਾ (ਮੁੱਖ ਸੰਪਾ.), ਧਨਵੰਤ ਕੌਰ, ਰਤਨ ਸਿੰਘ ਜੱਗੀ, ਪੰਨਾ 1.

36. ਧਰਮ ਦਾ ਦਾਰਸ਼ਨਿਕ ਪੱਖ, ਵਜ਼ੀਰ ਸਿੰਘ, ਪੰਨਾ 1.

37. ਗੁਰਬਾਣੀ ਦਾ ਸੱਚ, ਕਿਸ਼ਨ ਸਿੰਘ, ਪੰਨਾ 62.

38. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 958

39. ਗੁਰਮਤ ਦਰਸ਼ਨ, ਸ਼ੇਰ ਸਿੰਘ, ਪੰਨਾ 354.

40. ਵਚਨ/ਪ੍ਰਵਚਨ, ਤਰਲੋਕ ਸਿੰਘ ਕੰਵਰ, ਪੰਨਾ 70.

41. ਉਹੀ, ਵਜ਼ੀਰ ਸਿੰਘ, ਪੰਨਾ 127.

42. ਭਾਰਤੀ ਦਰਸ਼ਨ, ਆਰ. ਡੀ. ਨਿਰਾਕਾਰੀ, ਪੰਨਾ 73.

43. ਕਲਾ ਸਮਾਜ ਤੇ ਰਾਜਨੀਤੀ, ਗੁਰਬਖਸ਼ ਜੱਸ, ਪੰਨਾ 33.

44. ਰਾਜ ਦਾ ਸਿੱਖ ਸੰਕਲਪ, ਜਸਪਾਲ ਸਿੰਘ, ਪੰਨਾ 58.

45. ਉਹੀ

46. ਵਿਸ਼ਵਕਵੀ ਤੁਲਸੀ ਔਰ ਉਨਕੇ ਕਾਵਯ, ਰਾਜਪ੍ਰਸ਼ਾਦ ਮਿਸ਼ਰ, ਪੰਨਾ 73.

47. ਤੁਸਲੀ ਸਾਹਿਤਯ ਮੇਂ ਰਾਜਨੀਤਿਕ ਵਿਚਾਰ, ਸ਼ੀਲਵਤੀ ਗੁਪਤਾ, ਪੰਨਾ 68.

48. ਸਿੱਖ ਮਤ ਦਾ ਪਰਿਵਰਤਨ, ਗੋਕਲ ਚੰਦ ਨਾਰੰਗ, (ਅਨੁ.) ਗੁਰਚਰਨ ਸਿੰਘ, ਪੰਨਾ 2.

49. ਉਹੀ, ਪੰਨਾ 5.

50. ਧਰਮ ਕਿ ਰਾਜਨੀਤੀ ਭਾਈ ਮੇਹਰ ਸਿੰਘ, ਅਮਰ ਸਿੰਘ ਖਾਲਸ, ਪੰਨਾ 103.

51. ਉਹੀ, ਰਾਮਪ੍ਰਸ਼ਾਦ ਮਿਸ਼ਰ, ਪੰਨਾ 81.

52. ਤੁਲਸੀ ਸਾਹਿਤਯ ਮੇ ਰਾਜਨੀਤਿਕ ਵਿਚਾਰ, ਸ਼ੀਲਵਤੀ ਗੁਪਤਾ, ਪੰਨਾ 35.

53. ਵਿਸ਼ਵਕਵੀ ਤੁਸਲੀ ਔਰ ਉਨਕੇ ਕਾਵਯ, ਰਾਮਪ੍ਰਸ਼ਾਦ ਮਿਸ਼ਰ, ਪੰਨਾ 76.

54. ਗੁਰਬਾਣੀ ਦਾ ਸੱਚ, ਉਹੀ, ਪੰਨਾ 114.

55. ਸਾਹਿਤ ਅਧਿਐਨ, ਹਰਿਭਜਨ ਸਿੰਘ, ਪੰਨਾ 132.

56. ਗੁਰਬਾਣੀ ਦਾ ਸੱਚ, ਕਿਸ਼ਨ ਸਿੰਘ, ਪੰਨਾ 158.

# ਅਧਿਆਇ ਚੌਥਾ

## ਬਾਣੀ ਰੂਪ ਚਉਪਦੇ ਦਾ ਸਰੂਪ

ਇਸ ਅਧਿਆਇ ਰਾਹੀਂ ਚਉਪਦਿਆਂ ਦੇ ਰੂਪਗਤ ਲੱਛਣਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਐਨ ਰਾਹੀਂ ਚਉਪਦਿਆਂ ਦੀ ਬਣਤਰ, ਛੰਦ, ਪ੍ਰਤੀਕ, ਅਲੰਕਾਰ, ਬਿੰਬ, ਕਵੀ ਛਾਪ, ਸੰਬੋਧਨ, ਅਖਾਣ, ਮੁਹਾਵਰੇ, ਬੁਝਾਰਤਾਂ ਅਤੇ ਭਾਸ਼ਾ ਨੂੰ ਵਿਚਾਰਿਆ ਗਿਆ ਹੈ। ਇਹਨਾਂ ਰੂਪਗਤ ਪਰਤਾਂ ਰਾਹੀਂ ਚਉਪਦਾ ਨਿੱਖੜ ਕੇ ਸਾਹਮਣੇ ਆਇਆ ਹੈ।

### (ੳ) ਬਣਤਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕਪਦੇ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ, ਅਸ਼ਟਪਦੀਆਂ, ਸੋਲਹੇ ਆਦਿ ਰੂਪਾਂ ਵਿਚ ਬਾਣੀ ਦਰਜ ਕੀਤੀ ਗਈ ਹੈ। ਇਹਨਾਂ ਵਿਚੋਂ ਅਸੀਂ ਕੇਵਲ ਚਉਪਦੇ ਦੀ ਬਣਤਰ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ। ਚਉਪਦਾ ਹਰ ਵੱਖਰੇ ਰਾਗ ਅਧੀਨ ਦਰਜ ਹੈ। ਇਸ ਕਾਰਨ ਰਾਗ ਅਨੁਸਾਰ ਚਉਪਦੇ ਦੀ ਸੁਤੰਤਰ ਹਸਤੀ ਹੈ। ਚਉਪਦੇ ਦੀ ਬਣਤਰ ਇਕਤੁਕੇ, ਦੁਤੁਕੇ, ਤਿਤੁਕੇ, ਚੌਤੁਕੇ, ਪੰਚਤੁਕੇ ਆਦਿ ਆਕਾਰ ਵਾਲੀ ਹੈ। ਚਉਪਦਾ ਰੂਪਾਕਾਰ ਕਾਵਿ-ਕਿਰਤ ਦੀ ਵੰਨਗੀ ਹੈ। "ਕੋਈ ਵੀ ਵਿਸ਼ੇਸ਼ ਸੰਰਚਨਾ ਜਾਂ ਨਿਸ਼ਚਿਤ ਕਿਸਮ ਦਾ ਚੌਖਟਾ ਜਿਸ ਦੀ ਵਰਤੋਂ ਕੋਈ ਲੇਖਕ ਆਪਣੀ ਲਿਖਤ ਨੂੰ ਸ਼ਬਦਾਂ ਦਾ ਜਾਮਾਂ ਪਹਿਨਾਣ ਸਮੇਂ ਕਰਦਾ ਹੈ ਜਾਂ ਆਪਦੇ ਵਿਚਾਰਾਂ ਦੇ ਪ੍ਰਗਟਾਵੇ ਲਈ ਕਰਦਾ ਹੈ, ਰੂਪਾਕਾਰ ਕਿਹਾ ਜਾ ਸਕਦਾ ਹੈ।"1 ਹਰ ਰੂਪਾਕਾਰ ਵਿਚ ਵੱਖਰੇ ਅਨੁਭਵ ਪੇਸ਼ ਕੀਤੇ ਜਾਂਦੇ ਹਨ। ਰੂਪਾਕਾਰ ਰੂਪ ਦੀ ਸਿਰਜਣਾ ਕਰਦਾ ਹੈ। ਚਉਪਦੇ ਦਾ ਰੂਪ ਸਿਰਜਣਾ ਇਕ ਕਲਾ ਹੈ। ਕਲਾ ਸਿਰਜਣ ਦੇ ਨਾਲ ਹੀ ਮਨੁੱਖ ਦੇ ਮਨ ਵਿਚ ਵਸਤੂ ਤੇ ਰੂਪ ਹੋਂਦ ਵਿਚ ਆ ਜਾਂਦੇ ਹਨ, ਕਿਉਂਕਿ ਮਨੁੱਖੀ ਮਨ ਕੋਈ ਕਲਾ ਘੜ ਕੇ ਫਿਰ ਹੀ ਉਸ ਨੂੰ ਰੂਪਮਾਨ ਕਰਦਾ ਹੈ। ਉਸ ਕਲਾ ਦਾ ਸਿਰਜਣ ਕਰਕੇ ਮਨੁੱਖੀ ਮਨ ਦਾ ਵਿਰੇਚਨ ਹੋ ਜਾਂਦਾ ਹੈ। ਇਸ ਨਾਲ ਮਨੁੱਖੀ ਮਨ ਦੇ ਸੰਕਲਪ ਉਜਾਗਰ ਹੋ ਜਾਂਦੇ ਹਨ। ਇਹ ਸੰਕਲਪ ਮਾਨਵਤਾ ਲਈ ਵਰਤਾਰੇ ਦੇ ਤੌਰ ਤੇ ਹੋਂਦ ਵਿਚ ਆਉਂਦੇ ਹਨ। "ਕਲਾ ਦਾ ਆਮ ਲਖਣਾਇਕ ਚਿੰਨ੍ਹ ਜੋ ਇਸ ਦਾ ਸਾਰ ਤੱਤ ਪ੍ਰਗਟ ਕਰਦਾ ਹੈ। ਜ਼ਿੰਦਗੀ ਦਾ ਪੁਨਰ-ਸਿਰਜਨ ਹੈ। ਕਲਾ ਦੀਆਂ ਕ੍ਰਿਤਾਂ ਦਾ ਅਕਸਰ ਇਕ ਹੋਰ ਮਨੋਰਥ ਵੀ ਹੁੰਦਾ ਹੈ -ਜੀਵਨ ਦੀ ਵਿਆਖਿਆ ਕਰਨਾ ਬਹੁਤ ਵਾਰੀ ਉਹ ਜੀਵਨ ਦੇ ਵਰਤਾਰੇ ਦਾ ਮੁਲਾਂਕਣ ਹੁੰਦੀਆਂ ਹਨ।"2 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚਲੇ ਸੰਕਲਪ ਸਰਬ ਵਿਆਪਕਤਾ ਦਾ ਧਿਆਨ ਕੇਂਦਰਿਤ ਕਰਦੇ ਹਨ।

ਬਾਣੀ-ਰੂਪ ਚਉਪਦੇ ਵਿਚ ਰਹਾਉ ਦੀ ਵਰਤੋਂ ਇਸ ਦਾ ਵਿਸ਼ੇਸ਼ ਲੱਛਣ ਹੈ। ਸਭ ਤੋਂ ਜਿਆਦਾ ਰਹਾਉ ਦੀ ਵਰਤੋਂ ਚਉਪਦਿਆਂ ਵਿਚ ਕੀਤੀ ਗਈ ਹੈ। ਮਹਾਨ ਕੋਸ਼ ਅਨੁਸਾਰ, ਉਹ ਪਦ ਜੋ ਗਾਉਣ ਵੇਲੇ ਵਾਰ-ਵਾਰ ਅੰਤਰੇ ਪਿਛੋਂ ਵਰਤਿਆ ਜਾਵੇ।3 ਰਹਾਉ ਸ਼ਬਦ ਨਾਥ ਬਾਣੀ ਦੇ ਸਮੇਂ ਤੋਂ ਹੀ ਵਰਤੋਂ ਵਿਚ ਆ ਰਿਹਾ ਹੈ। ਬਿਸ਼ਨਪਦਿਆਂ ਵਿਚ ਵੀ ਰਹਾਉ ਦੀਆਂ ਤੁਕਾਂ ਦਰਜ ਹਨ। ਰਹਾਉ ਸ਼ਬਦ ਨੂੰ ਕੇਂਦਰੀ ਭਾਵ ਦੇ ਤੌਰ ਤੇ ਲੈ ਲਿਆ ਜਾਂਦਾ ਹੈ। ਰਹਾਉ ਦੀ ਪੰਕਤੀ ਕਾਰਨ ਚਉਪਦਿਆਂ ਵਿਚ ਠਹਿਰਾਉ ਆਉਂਦਾ ਹੈ। ਇਹ ਪੰਕਤੀਆਂ ਸ਼ਬਦ ਦੇ ਮੂਲ ਭਾਵ ਰਾਹੀਂ ਸਰੋਤੇ ਦਾ ਧਿਆਨ ਕੇਂਦਰਿਤ ਕਰਦੀਆਂ ਹਨ।

ਚਉਪਦਿਆਂ ਦੇ ਰੂਪ ਵਿਚ ਰਹਾਉ ਦੀਆਂ ਤੁਕਾਂ ਮਨੁੱਖੀ ਮਾਨਸਿਕਤਾ ਦੇ ਪਰਿਵਰਤਨ ਦਾ ਮੁਖ ਕਾਰਨ ਹਨ, ਕਿਉਂਕਿ ਇਕ ਚਉਪਦੇ ਦੇ ਬੰਦਾਂ ਵਿਚ ਸੰਸਾਰਕ ਪਦਾਰਥਾਂ ਦੁਆਰਾ ਸੁਖ-ਸਹੂਲਤਾਂ ਦੀ ਗੱਲ ਕੀਤੀ ਗਈ ਹੁੰਦੀ ਹੈ, ਪਰੰਤੂ ਰਹਾਉ ਦੀਆਂ ਤੁਕਾਂ ਮਨੁੱਖੀ ਮਨ ਨੂੰ ਨਾਮ ਦੇ ਅਭਿਆਸ ਦੁਆਰਾ ਸਥਿਰਤਾ ਬਖ਼ਸ਼ ਕੇ ਆਤਮਾ ਪਰਮਾਤਮਾ ਦੇ ਸੰਬੰਧ ਦੀ ਸੂਝ ਪੈਦਾ ਕਰਦੀਆਂ ਹਨ। ਇਹ ਪੰਕਤੀਆਂ ਸ਼ਬਦ ਦੇ ਮੂਲ ਭਾਵ ਰਾਹੀਂ ਸਰੋਤੇ ਦਾ ਧਿਆਨ ਕੇਂਦਰਿਤ ਕਰਦੀਆਂ ਹਨ। ਰਹਾਉ ਦੀ ਵਧੇਰੇ ਵਰਤੋਂ ਕਾਰਨ ਸ਼ਬਦ ਵਿਚ ਕੁਝ ਨਵੇਂ ਸੰਕਲਪ ਜੁੜਦੇ ਹਨ। ਇਸ ਦਾ ਗਾਇਨ ਕਰਨ ਤੇ ਲੈਅ ਦੀ ਵਰਤੋਂ ਬਦਲਦੀ ਹੈ। ਇਕ ਚਉਪਦੇ ਵਿਚ ਇਕ ਤੋਂ ਵਧ ਰਹਾਉ ਦੀ ਵਰਤੋਂ ਹੋਣ ਤੇ, ਦੂਜੇ ਪਦੇ ਦੇ ਸੰਪਰਕ ਵਿਚ ਵੱਖਰਤਾ ਆ ਜਾਂਦੀ ਹੈ। ਇਕ ਰਹਾਉ ਦਾ ਦੂਜੇ ਰਹਾਉ ਨਾਲ ਸੰਬੰਧ ਹੁੰਦਾ ਹੈ। ਇਸ ਲਈ ਵਿਸ਼ੇ ਦੀ ਅੰਦਰੂਨੀ ਸਮਝ ਵਾਸਤੇ ਮੂਲ ਪਾਠ ਦਾ ਅਧਿਐਨ ਬਹੁਤ ਜ਼ਰੂਰੀ ਹੁੰਦਾ ਹੈ। ਇਸ ਵਾਸਤੇ ਗੁਰਬਾਣੀ ਦੀ ਅੰਦਰੂਨੀ ਸੋਝੀ ਦਾ ਗਿਆਨ ਹੋਣਾ ਜ਼ਰੂਰੀ ਹੈ। ਮਾਝ ਰਾਗੁ ਦੇ ਕੇਵਲ ਇਕ ਚਉਪਦੇ ਵਿਚ ਹੀ ਚਾਰ ਵਾਰ ਰਹਾਉ ਦੀ ਵਰਤੋਂ ਇਹ ਤੱਥ ਉਜਾਗਰ ਕਰਦੀ ਹੈ ਕਿ ਮਨ ਦੀ ਅਵਸਥਾ ਕੀ ਹੈ? ਮਨ ਦੀ ਅਵਸਥਾ ਪ੍ਰਾਪਤੀ ਦੀ ਤਾਂਘ ਵਿਚ ਹੈ। ਮਨ ਦਰਸ਼ਨਾਂ ਦੀ ਪ੍ਰਾਪਤੀ ਲਈ ਬਿਹਬਲ ਹੈ। 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ' ਇਸ ਸ਼ਬਦ ਵਿਚ ਗੁਰੂ ਸਾਹਿਬ ਦਾ ਮਨ ਉਹਨਾਂ ਅਰਥਾਂ ਨੂੰ ਉਜਾਗਰ ਕਰ ਰਿਹਾ ਹੈ, ਜਿਨ੍ਹਾਂ ਵਿਚ ਵੈਰਾਗ ਦੀ ਭਾਵਨਾ ਪੂਰੀ ਬਿਹਬਲਤਾ ਵਿਚ ਰਹਾਉ ਦੀ ਪੰਕਤੀ ਰਾਹੀਂ ਵੱਖ-ਵੱਖ ਅੰਤਰ ਦ੍ਰਿਸ਼ਟੀਆਂ ਨਾਲ ਮਿਲਾਪ ਦੀ ਤਾਂਘ ਪ੍ਰਗਟ ਕਰਦੀ ਹੈ। ਇਸੇ ਰਾਗ ਵਿਚ ਰਹਾਉ ਦੀ ਕਿਸੇ ਹੋਰ ਚਉਪਦੇ ਵਿਚ ਵਰਤੋਂ ਦਾ ਨਾ ਹੋਣਾ, ਮਨ ਦੀ ਇਕ ਸਮਾਨ ਅਵਸਥਾ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਚਉਪਦੇ ਵਿਚ ਇਕ ਵਾਰ ਰਹਾਉ ਦੀ ਵਰਤੋਂ ਮੂਲ ਭਾਵ ਨੂੰ ਪੇਸ਼ ਕਰਕੇ ਸਰੋਤਿਆਂ ਦਾ ਧਿਆਨ ਕੇਂਦਰਿਤ ਕਰਦੀ ਹੈ।

ਚਉਪਦਿਆਂ ਵਿਚ ਰਹਾਉ ਮੂਲ ਤੱਤ ਹੋਣ ਕਾਰਨ ਇਸ ਦੀ ਕਿਹੜੇ ਚਉਪਦਿਆਂ ਵਿਚ ਵਧੇਰੇ ਵਰਤੋਂ ਹੋਈ। ਇਸ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ। ਗੁਰੂ ਬਾਣੀਕਾਰਾਂ ਦੇ ਅਤੇ ਭਗਤ ਬਾਣੀਕਾਰਾਂ ਦੇ ਕੁਲ 1395 ਚਉਪਦੇ ਹਨ। ਜਿਹੜੇ ਚਉਪਦਿਆਂ ਵਿਚ ਇਕ ਵਾਰ ਰਹਾਉ ਵਰਤਿਆ ਗਿਆ ਉਹ ਗਿਣਤੀ ਵਿਚ 1291 ਹੈ, ਦੋ ਵਾਰ ਰਹਾਉ ਦੀ ਵਰਤੋਂ ਵਾਲੇ ਚਉਪਦੇ 24 ਦੇ

ਕਰੀਬ ਹਨ ਅਤੇ ਚਾਰ ਵਾਰ ਵਰਤੋਂ ਵਾਲੇ ਚਉਪਦੇ 5 ਹਨ। ਜਿਨਾਂ ਚਉਪਦਿਆਂ ਵਿਚ ਰਹਾਉ ਦੀ ਵਰਤੋਂ ਨਹੀਂ ਕੀਤੀ ਗਈ ਉਹ 74 ਦੇ ਕਰੀਬ ਹਨ। ਇਸ ਨੂੰ ਨਿੱਜੀ ਸਰਵੇਖਣ ਦੁਆਰਾ ਵੇਖਿਆ ਗਿਆ ਹੈ।

**ਸੰਗੀਤ ਅਨੁਸਾਰ ਰਹਾਉ :** ਚਉਪਦਿਆਂ ਦਾ ਸੰਬੰਧ ਗਾਇਨ ਸ਼ੈਲੀ ਨਾਲ ਕੀਤਾ ਜਾਂਦਾ ਹੈ। "ਕੀਰਤਨ ਦੀ ਪਰੰਪਰਾ ਗੁਰਬਾਣੀ ਨੂੰ ਸੰਗੀਤਬੱਧ ਉਚਾਰਨ ਵਿਚ ਪੇਸ਼ ਕਰਕੇ ਰਹਾਉ ਦੀ ਪੰਗਤੀ ਨੂੰ ਦੁਹਰਾਉ ਵਜੋਂ ਵਰਤਿਆ ਜਾਂਦਾ ਹੈ।"4 ਇਸ ਧਾਰਨਾ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਹਰ ਚਉਪਦੇ ਵਿਚ ਰਹਾਉ ਨੂੰ ਦੁਹਰਾਉ ਵਜੋਂ ਨਹੀਂ ਵਰਤਿਆ ਗਿਆ ਹੈ। ਕੀਰਤਨ ਸ੍ਰਵਣ ਕਰਦਿਆਂ ਵੇਖਿਆ ਗਿਆ ਹੈ ਕਿ ਰਾਗੀ ਸਿੰਘ ਦੁਹਰਾਉ ਵਜੋਂ ਉਹਨਾਂ ਪੰਕਤੀਆਂ ਨੂੰ ਲੈਂਦੇ ਹਨ, ਜਿਥੇ ਮੂਲ ਭਾਵ ਅਸਾਨੀ ਨਾਲ ਪ੍ਰਗਟ ਹੋ ਜਾਂਦਾ ਹੈ, ਬਹੁਤ ਸਾਰੇ ਚਉਪਦੇ ਇਸ ਵੰਨਗੀ ਵਿਚ ਆਉਂਦੇ ਹਨ ਜਿਵੇਂ :

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥ (ਗੁ. ਗ੍ਰੰ. 23)

ਇਹ ਸਿਰੀਰਾਗੁ ਮਹਲਾ ੧ ਦੇ ਚਉਪਦੇ ਦਾ ਦੂਜਾ ਪਦਾ ਹੈ। ਇਥੇ ਰਾਗੀ ਸਿੰਘ ਕੀਰਤਨ ਪ੍ਰਤੀ ਚੇਤੰਨ ਨਹੀਂ ਹਨ। ਉਹ ਹਰ ਸ਼ਬਦ ਵਿਚ ਰਹਾਉ ਨੂੰ ਦੁਹਰਾਉ ਵਜੋਂ ਨਹੀਂ ਲੈ ਰਹੇ। ਕੁਝ ਚਉਪਦਿਆਂ ਵਿਚ ਉਹ ਦੂਜੇ ਚਉਪਦੇ ਦੀ ਪਹਿਲੀ ਜਾਂ ਦੂਜੀ ਪੰਕਤੀ ਨੂੰ ਦੁਹਰਾ ਵਜੋਂ ਲੈਂਦੇ ਹਨ। ਕੀ ਉਹਨਾਂ ਨੂੰ ਉਸ ਪੰਕਤੀ ਦਾ ਮੂਲ ਭਾਵ ਪ੍ਰਗਟ ਕਰਨਾ ਅਸਾਨ ਲੱਗਦਾ ਹੈ? ਅਜਿਹੇ ਪ੍ਰਸ਼ਨ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਤੇ ਕਿੰਤੂ ਪਰੰਤੂ ਪ੍ਰਗਟ ਕਰਦੇ ਹਨ? ਬਾਣੀਕਾਰਾਂ ਨੇ ਅਸਲ ਵਿਚ ਰਹਾਉ ਨੂੰ ਹੀ ਦੁਹਰਾਉ ਵਜੋਂ ਲਿਆ ਹੈ। ਜਦੋਂ ਚਉਪਦੇ ਵਿਚਲੀ ਰਹਾਉ ਦੀ ਤੁਕ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਉਸ ਸਮੇਂ ਸ਼ਬਦ ਦੇ ਅਰਥਾਂ ਦਾ ਮੂਲ ਭਾਵ ਅਸਲ ਅਰਥਾਂ ਦੀ ਸਾਰਥਕਤਾ ਪੇਸ਼ ਨਹੀਂ ਕਰ ਸਕਦਾ।

ਚਉਪਦੇ ਦੀ ਸ਼ਬਦਾਵਲੀ ਨੂੰ ਘੋਖਣ ਤੇ ਅਸੀਂ ਵੇਖਦੇ ਹਾਂ ਇਕ ਰਹਾਉ ਵਾਲੇ ਚਉਪਦੇ ਵਿਚ ਹਰ ਪਦੇ ਆਖਰੀ ਸ਼ਬਦ ਦੀ ਲੈਅ ਇਕ ਜਿਹੀ ਹੁੰਦੀ ਹੈ, ਪਰੰਤੂ ਰਹਾਉ ਵਾਲੀਆਂ ਤੁਕਾਂ ਦਾ ਆਖਰੀ ਸ਼ਬਦ ਵੱਖਰੀ ਸ਼ਬਦਾਵਲੀ ਕਾਰਨ ਵੱਖਰੀ ਲੈਅ ਪੇਸ਼ ਕਰ ਰਿਹਾ ਹੁੰਦਾ ਹੈ। ਇਥੇ ਤੱਥ ਉਜਾਗਰ ਹੁੰਦਾ ਹੈ ਰਹਾਉ ਗਾਇਨ ਵਿਚ ਵੱਖਰਤਾ ਲਿਆਉਂਦਾ ਹੈ। ਰਹਾਉ ਦੀਆਂ ਪੰਕਤੀਆਂ ਪਹਿਲੇ ਪਦੇ ਨਾਲ ਸੁਮੇਲਤਾ ਨਹੀਂ ਰੱਖਦੀਆਂ, ਤੁਕਾਂਤ ਦੇ ਕਾਰਨ ਹੀ ਬਹਰ ਵਿਚ ਪਰਿਵਰਤਨ ਆਉਂਦਾ ਹੈ। ਬਹਰ ਦਾ ਪਰਿਵਰਤਨ ਛੰਦ ਕਾਰਨ ਵੀ ਹੁੰਦਾ ਹੈ। ਕੁਝ ਚਉਪਦਿਆਂ ਵਿਚ ਰਹਾਉ ਦਾ ਤੁਕਾਂਤ ਦੂਜੇ, ਤੀਜੇ, ਚੌਥੇ ਬੰਦ ਨਾਲ ਸਮਾਨਤਾ ਦਰਸਾਓਂਦਾ ਹੈ। ਇਸੇ

ਤਰਾ ਰਹਾਉ ਤੋਂ ਬਿਨਾ ਵਾਲੇ ਚਉਪਦਿਆਂ ਨੂੰ ਅਧਿਐਨ ਦੀ ਦ੍ਰਿਸ਼ਟੀ ਤੋਂ ਪਰਖਿਆ ਗਿਆ। ਚਉਪਦੇ ਵਿਚ ਹਰ ਪਦੇ ਦੀ ਤੀਜੀ ਪੰਕਤੀ ਇਕ ਰਹਾਉ ਦਾ ਸੰਕੇਤ ਦਿੰਦੀ ਹੈ। ਇਸ ਰਾਗ ਦੇ ਸਾਰੇ ਚਉਪਦੇ ਆਪਣੇ ਰੂਪ ਕਾਰਨ, ਰਹਾਉ ਨਾ ਹੋਣ ਤੇ ਵੀ ਰਹਾਉ ਦਾ ਸੰਕੇਤ ਦੇ ਰਹੇ ਹਨ। ਜੈਤਸਰੀ ਰਾਗ ਅਤੇ ਗਉੜੀ ਗੁਆਰੇਰੀ ਦੇ ਕੁਝ ਚਉਪਦਿਆਂ ਵਿਚ ਰਹਾਉ ਦੀ ਵਰਤੋਂ ਨਹੀਂ ਕੀਤੀ ਗਈ। ਜੈਤਸਰੀ ਰਾਗੁ ਵਿਚ ਮਹਲਾ ੪ ਦੇ ਚਉਪਦੇ ਅਜਿਹੇ ਹਨ। ਜੈਤਸਰੀ ਰਾਗੁ ਦੇ ਚਉਪਦਿਆਂ ਦਾ ਰੂਪ ਮਾਝ ਰਾਗੁ ਦੇ ਚਉਪਦਿਆਂ ਨਾਲ ਸਮਾਨਤਾ ਰੱਖਦਾ ਹੈ.

ਦੋ ਰਹਾਉ ਦੀ ਵਰਤੋਂ ਪਿਛੇ ਜਿਹੜੇ ਤੱਥ ਉਜਾਗਰ ਹੁੰਦੇ ਹਨ, ਚਉਪਦਿਆਂ ਵਿਚ ਦੋ ਰਹਾਉ ਦਾ ਪ੍ਰਯੋਗ ਕਾਰਜ ਕਾਰਨ ਸੰਬੰਧ ਨੂੰ ਪੇਸ਼ ਕਰਦਾ ਹੈ। ਕਾਰਨ ਤੋਂ ਬਿਨਾ ਇਨਸਾਨ ਕੋਈ ਕਾਰਜ ਨਹੀਂ ਕਰ ਸਕਦਾ। ਪਹਿਲੇ ਰਹਾਉ ਵਿਚ ਕਾਰਨ ਪੈਦਾ ਹੁੰਦਾ ਹੈ। ਇਸ ਨਾਲ ਮਨੁੱਖ ਅੰਦਰ ਤਰਕ ਪੈਦਾ ਹੁੰਦਾ ਹੈ। ਅਜਿਹੇ ਚਉਪਦਿਆਂ ਵਿਚ ਪਹਿਲੇ ਪਦੇ ਤੇ ਕਾਰਨ ਦਾ ਸੰਬੰਧ ਸਥਾਪਿਤ ਹੋ ਜਾਂਦਾ ਹੈ। ਦੂਜੇ ਪਦੇ ਵਿਚ ਇਨਸਾਨ ਉਸਾਰੂ ਕਾਰਜ ਕਰਕੇ ਉਸ ਦਲੀਲ ਨੂੰ ਪ੍ਰਾਪਤ ਕਰਦਾ ਹੈ। ਦੋ ਰਹਾਉ ਚਉਪਦੇ ਦੇ ਰੂਪ ਨੂੰ ਪ੍ਰਭਾਵਿਤ ਕਰਦੇ ਹਨ। ਮਹਾਨ ਕੋਸ਼ ਅਨੁਸਾਰ, ਰਹਾਉ ਦੂਜਾ ਵਿਚ ਗਾਉਣ ਵਾਲੇ ਦੀ ਮਰਜੀ ਹੈ ਜਿਸ ਟੇਕ ਨੂੰ ਚਾਹੇ ਵਰਤੇ5 ਚਉਪਦੇ ਵਿਚ ਦੋ ਰਹਾਉ ਆਉਣ ਤੇ ਰਾਗੀ ਸਿੰਘਾਂ ਨੂੰ ਇਕ ਰਹਾਉ ਅਨੁਸਾਰ ਲੈਅ ਬਣਾ ਕੇ ਕੀਰਤਨ ਕਰਦੇ ਹਨ।

**ਰਾਗ ਵਿਚ ਘਰੁ :** ਰਾਗ ਵਿਚ ਘਰੁ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਘਰੁ ਪ੍ਰਬੰਧ ਰਾਗ ਦੀ ਸੁਰ ਨੂੰ ਪ੍ਰਭਾਵਿਤ ਕਰਦਾ ਹੈ। "ਪ੍ਰੋ. ਵਿਕਰਮ ਸਿੰਘ ਨੇ ਗੁਰਮਤਿ ਸੰਗੀਤ ਦੇ ਘਰੁ ਪ੍ਰਬੰਧ ਨੂੰ ਈਰਾਨੀ ਸੰਗੀਤ ਵਿਚ ਗਾਹ ਦੇ ਸਮਾਨਤਰ ਸਮਝਿਆ ਹੈ। ਗਾਹ ਫ਼ਾਰਸੀ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਵਕਤ ਅਤੇ ਸਥਾਨ ਹੈ। ਉਹਨਾ ਨੇ ਇਸ ਗਾਹ ਨੂੰ ਭਾਰਤੀ ਸੰਗੀਤ ਲਈ ਜ਼ਰੂਰੀ ਸਮਝਿਆ ਹੈ, ਗੁਰਮਤਿ ਸੰਗੀਤ ਲਈ ਨਹੀਂ। ਗੁਰਮਤਿ ਸੰਗੀਤ ਵਿਚ ਸਪਤਕਾਂ ਦੁਆਰਾ ਘਰੁ ਦਾ ਨਿਖੇੜਾ ਹੋ ਗਿਆ ਹੈ।"6 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਅਨੁਸਾਰ ਘਰੁ ਪ੍ਰਬੰਧ ਨੂੰ ਗਾਇਨ ਪੱਖ ਤੋਂ ਕਰਨ ਲਈ, ਅਰੰਭਿਕ ਸੁਰ ਨੂੰ ਕੇਂਦਰ ਬਿੰਦੂ ਬਣਾਇਆ ਗਿਆ ਹੈ। ਰਾਗ ਵਿਚ ਸਤ ਸੁਰਾਂ ਸਾ, ਰੇ, ਗਾ, ਮਾ, ਪਾ, ਧਾ, ਨੀ ਹੁੰਦੀਆਂ ਹਨ। ਇਸ ਪ੍ਰਕਾਰ ਹਰ ਰਾਗ ਦੇ ਅਰੰਭ ਦਾ ਸੁਰ ਘਰੁ ਦਾ ਸੰਕੇਤ ਦਿੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਸ਼ਬਦਾਂ ਦਾ ਕੀਰਤਨ ਤਾਲ ਅਨੁਸਾਰ ਕਰ ਲਿਆ ਜਾਂਦਾ ਹੈ ਤਾਲ ਦੀ ਵਰਤੋਂ ਭਾਰਤੀ ਸੰਗੀਤ ਲਈ ਸਾਰਥਕ ਹੈ। 'ਉਤਰ ਭਾਰਤ ਵਿਚ ਕੁਝ ਪ੍ਰਚਲਿਤ ਤਾਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਚੌਤਾਲਾ, ਆੜਾ ਚੌਤਾਲ, ਤੀਵਰਾ, ਸੂਲਫਾਵਤਾ, ਇਕ ਤਾਲ, ਤਿਤਾਲ, ਸਵਾਰੀ ਤਾਲ, ਟੱਪਾ ਤਾਲ, ਕਹਿਰਵਾ ਆਦਿ ਦੀ ਵਰਤੋ ਕੀਤੀ ਜਾਂਦੀ ਹੈ।'7 ਇਹਨਾ

ਤਾਲਾਂ ਦੀ ਵਰਤੋਂ ਲੋਕ-ਗੀਤਾਂ ਲਈ ਕੀਤੀ ਜਾਦੀ ਹੈ। ਰਾਗੀ ਸਿੰਘ ਇਹਨਾਂ ਲੋਕ-ਗੀਤਾਂ ਦੀਆਂ ਧੁਨਾਂ ਅਨੁਸਾਰ ਵਧੇਰੇ ਕੀਰਤਨ ਕਰਦੇ ਹਨ ਜੋ ਕਿ ਕੀਰਤਨ ਕਰਨ ਦੇ ਨਿਯਮਾਂ ਦੀ ਉਲੰਘਨਾ ਹੈ।

**ਰਾਗ ਵਿਚ ਛੰਦ :** ਮਨੁੱਖ ਵਿਚ ਨੈਤਿਕ ਗੁਣਾਂ ਦਾ ਉਭਾਰ ਚਉਪਦਿਆਂ ਨੂੰ ਸੰਗੀਤ ਅਨੁਸਾਰ ਗਾਇਨ ਨਾਲ ਪ੍ਰਗਟ ਹੁੰਦਾ ਹੈ। ਸੰਗੀਤਕ ਧੁਨਾਂ ਮਨੁੱਖੀ ਮਨ ਵਿਚ ਵਿਜੋਗ ਪੈਦਾ ਕਰਦੀਆਂ ਹਨ। ਇਸੇ ਵਿਜੋਗ ਦੁਆਰਾ ਮਨੁੱਖ ਸਰਵ ਸ਼ਕਤੀਮਾਨ ਪਰਮਾਤਮਾ ਅੱਗੇ ਆਪੇ ਦੀ ਸੋਝੀ ਵਾਸਤੇ ਪ੍ਰਾਥਨਾ ਕਰਨ ਦੇ ਯੋਗ ਹੋ ਜਾਂਦਾ ਹੈ। "ਪ੍ਰਾਥਨਾ ਦਾ ਰੂਪ ਹਰ ਕਿਸੇ ਦੀ ਯੋਗਤਾ ਜਾਂ ਰੁਚੀ ਉਪਰ ਨਿਰਭਰ ਹੈ। ਸ਼ਬਦ-ਸੰਗੀਤ ਅਤੇ ਪ੍ਰਾਥਨਾ ਦੀ ਇਹ ਇਕਰੂਪਤਾ ਅਸਲੋ ਬੋਦੀ ਹੈ। ਕਾਵਿ ਇਤਿਹਾਸ ਵਿਚ ਲੰਮੇ ਯੁਗ ਅਜਿਹੇ ਰਹੇ ਹਨ। ਜਦੋ ਇਸ ਦਾ ਪ੍ਰਾਥਨਾ ਨਾਲ ਕਿਸੇ ਕਿਸਮ ਦਾ ਸੰਬੰਧ ਨਹੀ ਸੀ।"8 ਸੁਰ ਤਾਲ ਲੈਅ ਨੇ ਹੀ ਮਨੱਖੀ ਮਨ ਦੀ ਵੈਰਾਗ ਦੀ ਉਪਜ ਨੂੰ ਪਛਾਣਿਆ। ਸੰਗੀਤ ਕਾਰਨ ਮਨੁੱਖ ਪਰਮਾਤਮਾ ਅੱਗੇ ਅਰਜੋਈ ਕਰਨ ਵਿਚ ਸਫਲ ਰਿਹਾ ਹੈ। ਸ਼ਬਦ ਕੀਰਤਨ ਸ਼ਬਦ ਪ੍ਰਧਾਨ ਗਾਇਕੀ ਹੈ, ਭਾਵੇ ਕਿ ਗੁਰਬਾਣੀ ਵਿਚ ਆਏ, ਚਉਪਦੇ ਵਿਚ ਛੰਦ ਦੇ ਪ੍ਰਯੋਗ ਦੀ ਗੱਲ ਕਰੀਏ ਤਾਂ, ਇਸ ਦੇ ਰੂਪ ਨੂੰ ਵੇਖਿਆ ਗਿਆ ਹੈ। ਤੁਕਾਂ ਵਿਚ ਮਾਤਰਾਵਾਂ ਦੇ ਅਧਿਐਨ ਕਰਨ ਤੇ ਛੰਦ ਵਿਚ ਇਕਰੂਪਤਾ ਨਹੀਂ ਆਉਂਦੀ। ਮਾਤਰਾਵਾਂ ਦੀ ਗਿਣਤੀ ਘੱਟ ਵੱਧ ਜਾਂਦੀ ਹੈ। ਰਾਗ ਅਨੁਸਾਰ ਕੀਰਤਨ ਕਰਨ ਸਮੇਂ ਰਾਗੀ ਸਿੰਘ ਮਾਤਰਾਵਾਂ ਨੂੰ ਕੀਰਤਨ ਅਤੇ ਸੰਗੀਤ ਅਨੁਸਾਰ ਘਟਾ ਵਧਾ ਲੈਂਦੇ ਹਨ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਸੰਗੀਤ ਵਿਚ ਛੰਦਾਂ ਦਾ ਧਿਆਨ ਤਾ ਰੱਖਿਆ ਜਾਂਦਾ, ਪਰ ਜਿਥੇ ਗਾਇਨ ਵਿਚ ਪ੍ਰਯੋਗ ਹੋ ਰਹੀ ਤਾਲ ਦੀਆਂ ਮਾਤਰਾਵਾਂ ਦੀ ਕੋਈ ਸੀਮਾ ਹੋਏ ਤਾ ਸ਼ਬਦ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਬਾਣੀ ਦੇ ਚਉਪਦਿਆਂ ਵਿਚ ਛੰਦ-ਬੰਦ ਦਾ ਤੋਲ ਤੁਕਾਂਤ ਰਾਗੀ ਸਿੰਘਾਂ ਤੇ ਨਿਰਭਰ ਕਰਦਾ ਹੈ।

### (ਅ) ਛੰਦ ਵਿਧਾਨ

ਛੰਦ-ਵਿਧਾਨ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਕਾਵਿ ਕਿਰਤ ਵਿਵਹਾਰਕ ਰੂਪ ਵਿਚ ਸਾਰਥਕ ਗਾਇਨ ਪ੍ਰਬੰਧ ਅਧੀਨ ਆ ਜਾਂਦੀ ਹੈ। ਛੰਦਾ ਨੂੰ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ 'ਛੰਦ ਧਾਤੂ ਦੇ ਅਰਥ ਹਨ - ਪ੍ਰਸੰਨ ਕਰਨਾ ਜਾਂ ਬੰਨ੍ਹਣਾ' ਇਸ ਆਧਾਰ ਤੇ ਇਸ ਦਾ ਅਰਥ ਪ੍ਰਸੰਨ ਕਰਨ ਵਾਲੀ ਵਸਤੂ ਲਿਆ ਜਾਂਦਾ ਹੈ।9 ਹਿੰਦੀ ਦਾ ਛੰਦ ਸ਼ਬਦ ਸੰਸਕ੍ਰਿਤ 'ਭਾਸ਼ਾ ਦੇ ਛੰਦਸ ਅਤੇ ਛੰਦਕ ਦੁਆਰਾ ਹੋਂਦ ਵਿਚ ਆਇਆ। ਛੰਦਕ ਦਾ ਅਰਥ - ਹੱਥ ਵਿਚ ਧਾਰਨ ਕਰਨ ਵਾਲਾ ਗਹਿਣਾ'10 ਕਾਵਿ ਕਿਰਤ ਲਈ ਛੰਦ ਗਹਿਣਿਆ ਦੀ ਤਰਾਂ ਹੁੰਦੇ ਹਨ। ਜਿਸ ਨਾਲ ਲਿਖਤ ਦੀ ਨੁਹਾਰ ਬਦਲ ਜਾਂਦੀ ਹੈ ਅਤੇ ਕਿਸੇ ਖਾਸ ਰੂਪ ਅਧੀਨ ਵੰਡੀ ਜਾਂਦੀ

ਹੈ। ਛੰਦ ਦੁਆਰਾ ਕਾਵਿ ਕਿਰਤ ਦੀ ਬਹਰ ਦਾ ਤੋਲ-ਤੁਕਾਂਤ ਇਕ ਪੈਮਾਨੇ ਵਿਚ ਹੋਣ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਇਸ ਪ੍ਰਬੰਧ ਦੀ ਵਰਤੋਂ ਪਦਾ-ਕਾਵਿ ਰੂਪ, ਗਜ਼ਲ ਲਈ ਵਧੇਰੇ ਲਾਹੇਵੰਦ ਰਹੀ ਹੈ।

'ਪਿੰਗਲਕ੍ਰਿਤ ਛੰਦ ਸ਼ਾਸਤਰ ਵਿਚ ਛੰਦ ਦੇ ਦੋ ਭੇਦ ਦੱਸੇ ਗਏ ਹਨ ਵ੍ਰਿਤ ਅਤੇ ਜਾਤੀ। ਵਰਣਿਕ ਛੰਦਾਂ ਨੂੰ ਵ੍ਰਿਤ ਅਤੇ ਜਾਤੀ ਛੰਦਾਂ ਨੂੰ ਮਾਤ੍ਰਿਕ ਛੰਦ ਕਿਹਾ ਜਾਂਦਾ ਹੈ।'11 ਕਿਸੇ ਤੁਕ ਦੀਆਂ ਮਾਤ੍ਰਾਵਾਂ ਦੇ ਕ੍ਰਮ ਤੋਂ ਹੀ ਗਣ ਹੋਂਦ ਵਿਚ ਆਉਂਦਾ ਹੈ 'ਕਿਸੀ ਛੰਦ ਦੀ ਇਕ ਪੰਗਤੀ ਵਿਚ ਜਦੋਂ ਸਮਾਨ ਮਾਤਰਾਵਾਂ ਵਾਲੀ ਇਕਾਈਆਂ (ਤਾਲ ਗਣਾ) ਦੀ ਯੋਜਨਾ ਵਿਚ ਕਠਿਨਾਈ ਜਾਣੀ ਗਈ ਹੋਵੇਗੀ, ਉਸ ਸਮੇਂ ਅਸਮਾਨ ਮਾਤਰਾਵਾਂ ਦੀਆਂ ਵਿਭਿੰਨ ਇਕਾਈਆਂ (ਮਾਤ੍ਰਿਕ ਗਣਾਂ) ਨੂੰ ਸਥਾਨ ਦੇਣਾ ਪਿਆ ਹੋਵੇਗਾ।'12 ਇਥੇ ਸੰਕੇਤ ਗਾਇਨ ਲਈ ਵਰਤੀ ਬਹਰ ਦਾ ਮਿਲਦਾ ਹੈ ਕਿਉਂ ਕਿ ਬਹਰ ਅਨੁਸਾਰ ਗਣ ਵੱਖਰੇ ਵੱਖਰੇ ਰੂਪਾਂ ਅਨੁਸਾਰ ਹੋਂਦ ਵਿਚ ਆਉਂਦਾ ਹੈ। ਬਾਣੀ-ਰੂਪ ਚਉਪਦੇ ਦੀ ਕਿਸੇ ਵੀ ਤੁਕ ਵਿਚ ਗਣ ਛੰਦ ਦਾ ਰੂਪ ਨਜ਼ਰ ਨਹੀਂ ਆਉਂਦਾ।

ਗੁਰਮਤਿ ਸਾਹਿਤ ਅਨੁਸਾਰ ਛੰਦ-ਵਿਧਾਨ ਦੀ ਸਥਿਤੀ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਸ ਸੰਕਲਪ ਪ੍ਰਤੀ ਵਿਕੋਲਿਤਰੇ ਜਵਾਬ ਸਰੋਤੇ ਦੇ ਮਨ ਵਿਚ ਗੁਰਬਾਣੀ ਦੀ ਛੰਦ ਯੋਜਨਾ ਨੂੰ ਜਾਣਨ ਦੀ ਉਤਸੁਕਤਾ ਪੈਦਾ ਕਰਦੇ ਹਨ। ਇਸ ਵਾਸਤੇ ਮਹਾਨ ਵਿਦਵਾਨਾਂ ਦੇ ਵਿਚਾਰਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਕਾਨ੍ਹ ਸਿੰਘ ਨਾਭਾ ਦੀ ਪੁਸਤਕ ਗੁਰ ਛੰਦ ਦਿਵਾਕਰ ਅਨੁਸਾਰ, ਗਯਾਨੀ ਆਖਦੇ ਅਤੇ ਲਿਖਦੇ ਹਨ ਕਿ ਗੁਰਬਾਣੀ ਛੰਦ ਨਿਯਮਾਂ ਤੋਂ ਬਾਹਰ ਹੈ, ਪਰੰਤੂ ਇਹ ਉਨਾਂ ਦੀ ਭੁੱਲ ਹੈ ਅਸੀਂ ਇਹ ਆਖ ਸਕਦੇ ਹਾਂ ਕਿ ਅਸੀਂ ਗੁਰਬਾਣੀ ਦੇ ਸਾਰੇ ਛੰਦਾਂ ਦੇ ਰੂਪ ਨਹੀਂ ਜਾਣਦੇ, ਅਰ ਜਿੰਨਾਂ ਛੰਦਾਂ ਦੇ ਲਕਣ (ਲੱਛਣ) ਅਸੀਂ ਜਾਣਦੇ ਭੀ ਹਾਂ, ਉਨ੍ਹਾਂ ਦੇ ਸਾਰੇ ਰੂਪਾਂ ਦਾ ਗਯਾਨ ਨਹੀਂ ਰੱਖਦੇ।13 ਇਸ ਤੋਂ ਸੰਕੇਤ ਮਿਲਦਾ ਕਿ ਗੁਰਬਾਣੀ ਦੇ ਛੰਦਗਤ ਰੂਪ ਪ੍ਰਤੀ ਚਰਚਾ ਬਣੀ ਰਹੀ ਹੈ। ਅਸੀਂ ਬਾਣੀ-ਰੂਪ ਚਉਪਦੇ ਦੇ ਵਿਕਾਸਕ੍ਰਮ ਵਿਚ ਵੇਦਾਂ ਦੇ ਸਮੇਂ ਤੋਂ ਛੰਦਾਂ ਬਾਰੇ ਵਿਚਾਰ ਚਰਚਾ ਕੀਤੀ ਅਤੇ ਇਸ ਤੋਂ ਬਾਅਦ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਭਾਸ਼ਾ ਤੋਂ ਵਿਸਥਾਰ ਕਰਦੇ ਹੋਏ, ਛੰਦ ਕਿਵੇਂ ਗੁਰਬਾਣੀ ਤੱਕ ਪਹੁੰਚ ਕਰਦੇ ਹਨ। ਇਸ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ, ਜੈਸੇ ਵੇਦ, ਪੁਰਾਣ, ਰਾਮਾਯਣ ਅਤੇ ਹੋਰ ਕਾਵਯ ਗ੍ਰੰਥਾਂ ਵਿਚ ਛੰਦਾਂ ਦੇ ਨਾਮ ਲਿਖੇ ਨਹੀਂ ਦੇਖੇ ਜਾਂਦੇ, ਕਿੰਤੂ ਵਿਦਵਾਨ ਪਾਠਕ ਛੰਦ ਦੀ ਚਾਲ ਤੋਂ ਸਮਝ ਲੈਂਦੇ ਹਨ ਕਿ ਅਮੁਕ ਜਾਤਿ ਦਾ ਛੰਦ ਹੈ ਤੈਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਛੰਦਾਂ ਦੇ ਨਾਮ (ਖਾਸ ਦੋ ਚਾਰ ਥਾਂ ਛੱਡ ਕੇ, ਹੋਰ ਕਿਤੇ) ਲਿਖੇ ਨਹੀਂ ਪਾਈਦੇ ਸਾਨੂੰ ਚਾਹੀਯੇ ਕਿ ਛੰਦ ਸ਼ਾਸਤ੍ਰ

ਦੇ ਪੂਰੇ ਗਯਾਤਾ ਹੋ ਕੇ ਛੰਦਗਤਿ ਅਨੁਸਾਰ ਪਾਠ ਕਰੀਏ, ਜਿਸ ਤੋਂ ਗੁਰਬਾਣੀ ਦਾ ਅਧਿਕ ਰਸ ਆਵੇ।14 ਉਹਨਾਂ ਦੇ ਇਸ ਵਿਚਾਰ ਤੋਂ ਪ੍ਰਤੀਤ ਹੁੰਦਾ ਕਿ ਉਹ ਗੁਰਬਾਣੀ ਨੂੰ ਛੰਦ ਵਿਧਾਨ ਅਨੁਸਾਰ ਮੰਨਦੇ ਹੋਏ, ਇਸ ਵਾਸਤੇ ਖੋਜ ਕਾਰਜ ਦਾ ਸੰਕੇਤ ਦੇ ਰਹੇ ਹਨ।

ਬਾਣੀ-ਰੂਪ ਚਉਪਦੇ ਦੇ ਛੰਦ ਵਿਧਾਨ ਨੂੰ ਘੋਖਣ ਤੇ ਇਹ ਸੰਕੇਤ ਮਿਲਿਆ ਕਿ ਹਰ ਇਕ ਪਦੇ ਦੀਆਂ ਤੁਕਾਂ ਵਿਚ ਵਿਭਿੰਨਤਾ ਹੈ, ਪਰੰਤੂ ਫਿਰ ਵੀ ਚਉਪਦਾ ਕਾਵਿ-ਰੂਪ ਦਾ ਛੰਦ ਪਦਿਆਂ ਦੀ ਔਸਤ ਅਨੁਸਾਰ ਸਾਹਮਣੇ ਲਿਆਂਦਾ ਗਿਆ। ਔਸਤ ਅਨੁਸਾਰ ਛੰਦ ਦੇ ਰੂਪ ਦਾ ਹੋਂਦ ਵਿਚ ਆਉਣ ਦਾ ਕਾਰਨ, ਲੋਕ ਪਰੰਪਰਾ ਤੋਂ ਲੋਕ-ਗੀਤਾਂ ਵਿਚ ਆਈ ਖੁਲ ਹੈ, ਕਿਉਂਕਿ ਗੁਰਬਾਣੀ ਲੋਕਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਰਚੀ ਗਈ ਸੀ। "ਗੁਰਬਾਣੀ ਉਸੇ ਪ੍ਰਮਾਣਿਕ ਛੰਦ ਪ੍ਰਬੰਧ ਅਨੁਸਾਰ ਰਚੀ ਗਈ ਹੈ ਜਿਸ ਅਨੁਸਾਰ ਇਸ ਤੋਂ ਕੋਈ ਪੁਰਾਣੀ ਭਾਰਤੀ ਰਚਨਾ ਜਾਂ ਪਿਛਲੇਰੀ ਕਵਿਤਾ। ਜੇ ਕੁਝ ਭੇਦ ਹੈ ਤਾਂ ਉਹਨਾਂ ਖੁਲ੍ਹਾਂ ਵਿਚ ਹੈ ਜੋ ਛੰਦ ਪ੍ਰਬੰਧ ਵਿਚ ਰਹਿੰਦੇ ਹੋਏ ਗੁਰਬਾਣੀ ਦੇ ਰਚੈਤਾ ਮਾਣਦੇ ਹਨ। ਇਹ ਖੁਲਾ ਅਸਾਡੇ ਲੋਕ-ਗੀਤਾਂ ਦੇ ਸੁਭਾਵ ਅਨੁਸਾਰ ਹਨ ਅਤੇ ਇਹ ਗੱਲ ਨਿਸ਼ਚਿਤ ਪ੍ਰਤੀਤ ਹੁੰਦੀ ਹੈ ਕਿ ਗੁਰਬਾਣੀ ਦੀਆਂ ਛੰਦ-ਬੰਦੀ ਦੀਆਂ ਖੁਲ੍ਹਾਂ ਲੋਕ-ਗੀਤਾਂ ਦੀਆਂ ਖੁਲਾਂ ਹੀ ਹਨ।"15 ਇਥੇ ਕਿਹਾ ਜਾ ਸਕਦਾ ਕਿ ਗੁਰਬਾਣੀ ਵਿਸ਼ੇ ਅਤੇ ਰਾਗ ਅਨੁਸਾਰ ਰਚੀ ਗਈ। ਬਾਣੀ-ਰੂਪ ਚਉਪਦੇ ਦਾ ਪਾਠ ਕਰਨ ਤੇ ਤੁਕਾਂਤ ਮਿਲਦਾ ਜਾਂਦਾ ਹੈ, ਜੋ ਛੰਦ ਦੀ ਹੋਂਦ ਦਾ ਆਭਾਸ ਕਰਵਾਉਂਦਾ ਹੈ। ਬਾਣੀ-ਰੂਪ ਚਉਪਦੇ ਵਿਚ ਕੇਵਲ ਮਾਤਰਿਕ ਛੰਦਾਂ ਦੀ ਭਰਮਾਰ ਹੈ ਕਿਉਂਕਿ ਰਾਗ ਸਮੇਂ ਦੀ ਤਰਤੀਬ ਵਿਚ ਬੱਝੇ ਹੋਏ ਹਨ। ਇਸ ਲਈ ਮਾਤਰਾਵਾਂ ਇਕ ਸਮੇਂ ਦੇ ਘੇਰੇ ਦੀ ਤਰ੍ਹਾਂ ਅੱਗੇ ਅੱਗੇ ਜਾਂਦੀਆਂ ਹਨ। ਇਸ ਲਈ ਜਿਵੇਂ-ਜਿਵੇਂ ਮਾਤਰਾ ਦੀ ਗਿਣਤੀ ਵਧਦੀ ਉਸੇ ਪ੍ਰਕਾਰ ਛੰਦ ਬਦਲਦਾ ਹੈ ਅਤੇ ਮਾਤਰਾਂ ਕਾਰਨ ਸਮੇਂ ਦੀ ਮਿਆਦ ਵਿਚ ਪਰਿਵਰਤਨ ਆਉਂਦਾ ਹੈ। ਇਸੇ ਕਾਰਨ ਮਾਤਰਿਕ ਛੰਦਾਂ ਵਿਚ ਮਾਤਰਾ ਕਾਰਨ ਸਮੇਂ ਦਾ ਚੱਕਰ ਵੀ ਬਦਲਦਾ ਹੈ ਅਤੇ ਤਾਲ ਵੀ। 'ਮਾਤਰਿਕ ਛੰਦਾਂ ਦਾ ਲਘੂ ਗੁਰੂ ਕ੍ਰਮ ਧੁਨੀ ਅਨੁਸਾਰ ਹੁੰਦਾ ਹੈ ਅਤੇ ਮਾਤਰਿਕ ਛੰਦਾਂ ਵਿਚ ਵੀ ਧੁਨੀਆਂ ਦੀ ਗਤੀ ਮਾਤਰਾ ਸੰਖਿਆ ਦੇ ਨਿਯਮ ਕਾਰਨ ਗੋਲਾਕਾਰ ਹੁੰਦੀ ਹੈ।'16 ਇਸ ਪ੍ਰਕਾਰ ਧੁਨੀਆਂ ਦੇ ਉਤਰਾਅ ਚੜਾਅ ਕਾਰਨ, ਆਰੋਹ ਅਵਰੋਹ ਹੋਂਦ ਵਿਚ ਆਉਂਦੇ ਹਨ। ਅਸਲ ਵਿਚ ਆਰੋਹ ਅਵਰੋਹ ਹੀ ਰਾਗ ਦੇ ਸੁਰਾਂ ਨੂੰ ਨਿਰਧਾਰਿਤ ਕਰਦੇ ਹਨ।

ਅਸਲ ਵਿਚ ਰਚਨਾ ਦਾ ਛੰਦ ਅਨੁਸਾਰ ਪੇਸ਼ ਕਰਨ ਦਾ ਅਸਲ ਉਦੇਸ਼ ਇਹ ਹੁੰਦਾ ਹੈ ਕਿ ਲੇਖਕ ਛੰਦ ਅਨੁਸਾਰ ਸ਼ਬਦ ਦਾ ਗਾਇਨ ਕਰੇ। ਚਉਪਦੇ ਦਾ ਪਾਠ ਕਰਨ ਤੇ ਉਸ ਦੇ ਰਸ ਦਾ ਅਨੁਮਾਨ ਹੋ ਜਾਂਦਾ ਹੈ। ਰਸ ਅਨੁਸਾਰ ਸੁਰਾਂ ਦਾ ਪ੍ਰਯੋਗ ਸ਼ਬਦ ਦੇ ਅਸਲ ਭਾਵਾਂ ਨੂੰ ਉਜਾਗਰ ਕਰਦਾ ਹੈ। ਅਸਲ ਵਿਚ ਛੰਦਾਂ ਦੀ ਹੋਂਦ ਨੇ ਸਮਾਜ ਵਿਚ ਆਪਣਾ ਸਥਾਨ ਕੁਝ ਸਾਰਥਕ ਗੁਣਾਂ ਕਾਰਨ ਬਣਾਇਆ ਹੈ। ਛੰਦਾਂ ਦੀ ਹੋਂਦ ਪੁਰਾਤਨ ਦੇਵਤਿਆਂ ਅਤੇ ਰਾਜਿਆਂ ਦੇ ਜੀਵਨ ਦੀਆਂ ਕੁਝ ਅਜਿਹੀਆਂ ਕਹਾਣੀਆਂ ਤੋਂ ਕਲਪੀ ਗਈ,

ਜੋ ਮਨੁੱਖਤਾ ਦੇ ਜੀਵਨ ਨੂੰ ਸੇਧ ਦੇਣ ਵਾਸਤੇ ਸਾਰਥਕ ਸਨ। 'ਅਜੂਬਾ ਛੰਦ ਵਿਚ ਭਾਈ ਬਿਧੀਚੰਦ ਦੀ ਵੀਰਤਾ ਹਰਿ-ਗੋਬਿੰਦਪੁਰ ਦੀ ਯੁਧ ਭੂਮਿਕਾ।'17 ਅਜਿਹੇ ਸੰਕੇਤਾਂ ਤੋਂ ਅਸਲ ਵਿਚ ਛੰਦ ਦੇ ਸੰਕਲਪ ਦਾ ਸੰਕੇਤ ਮਿਲਦਾ ਹੈ। 'ਇਸੇ ਤਰ੍ਹਾਂ ਅਕੜਾ ਛੰਦ ਵਿਚ ਮੁਨਿਵੇਸ਼ ਧਾਰੀ ਲਵ ਕੁਸ਼ ਨੂੰ ਭਰਤ ਨੇ ਆਖਿਆ ਕਿ ਜੰਗ ਛੱਡ ਕੇ ਮੇਰੇ ਨਾਲ ਆਓ ਮੈਂ ਥੁਆਨੂੰ ਰਾਮ ਜੀ ਪਾਸ ਲੈਜਾ ਕੇ ਖਿਲਤ ਦਿਵਾਊਗਾ।'18 ਇਸ ਪ੍ਰਕਾਰ ਅਜਿਹੀਆਂ ਅਨੇਕ ਕਹਾਣੀਆਂ ਦੇ ਸੰਕਲਪਾਂ ਤੋਂ ਛੰਦ ਹੋਂਦ ਵਿਚ ਆਏ।

ਹੁਣ ਅਸੀਂ ਹਰ ਰਾਗ ਅਨੁਸਾਰ ਬਾਣੀ-ਰੂਪ ਚਉਪਦੇ ਦਾ ਛੰਦ ਵਿਧਾਨ ਦੇਖਾਂਗੇ। ਹਰ ਰਾਗ ਵਿਚ ਹਰ ਬਾਣੀਕਾਰ ਦੁਆਰਾ ਚਉਪਦਿਆਂ ਵਿਚ ਕਈਂ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਹਰ ਚਉਪਦੇ ਦੇ ਰੂਪ ਨੂੰ ਵੇਖਣ ਤੇ, ਉਸ ਦਾ ਹਰ ਪਦਾ ਵੱਖਰੇ ਛੰਦ ਨੂੰ ਪੇਸ਼ ਕਰਦਾ ਹੈ ਕਿਉਂਕਿ ਹਰ ਪਦੇ ਦਾ ਤੁਕਾਂਤ ਵੱਖਰਾ ਹੈ। ਇਸ ਵਾਸਤੇ ਹਰ ਚਉਪਦੇ ਦਾ ਰੂਪ ਪੇਸ਼ ਕਰਨ ਵਾਸਤੇ ਔਸਤ ਅਨੁਸਾਰ ਰੂਪ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਪ੍ਰਕਾਰ ਤੁਕ ਦੇ ਅੰਤ ਵਾਲੇ ਸ਼ਬਦ ਅਤੇ ਵਿਸ਼ਰਾਮ ਦਾ ਧਿਆਨ ਰੱਖਦੇ ਹੋਏ, ਛੰਦ ਦਾ ਰੂਪ ਵੇਖਿਆ ਗਿਆ ਹੈ। ਸਿਰੀਰਾਗੁ ਵਿਚ ਮਹਲਾ ੧ ਦੇ 28 ਚਉਪਦੇ ਹਨ ਜਿਨਾਂ ਦੇ ਔਸਤ ਅਨੁਸਾਰ ਛੰਦ ਵੇਖੇ ਗਏ ਹਨ। ਇਹ ਗੀਤਾ19, ਚੌਪਈ20, ਉਲਾਲ21, ਮੰਜੁ22 ਛੰਦਾਂ ਅਨੁਸਾਰ ਹੋਣ ਦਾ ਅਨੁਮਾਨ ਹੈ। ਇਸੇ ਰਾਗ ਵਿਚ ਮਹਲਾ ੩ ਦੇ 26 ਚਉਪਦੇ ਹਨ, ਜਿਨ੍ਹਾਂ ਵਿਚੋਂ ਪਉੜੀ23 ਛੰਦ ਦ੍ਰਿਸ਼ਟੀਗੋਚਰ ਕੀਤੇ ਗਏ ਹਨ। ਇਸੇ ਤਰ੍ਹਾਂ ਮਹਲਾ ੪ ਦੇ 6 ਚਉਪਦੇ ਹਨ। ਇਨ੍ਹਾਂ ਵਿਚ ਛੰਦ ਵੇਖਿਆ ਗਿਆ। ਮਹਲਾ ੫ ਦੇ ਸਿਰੀਰਾਗੁ ਵਿਚ 30 ਚਉਪਦੇ ਹਨ। ਇਨ੍ਹਾਂ ਵਿਚ ਪਉੜੀ, ਸੁਗੀਤਿਕਾ, ਉਲਾਲ ਛੰਦ ਦਾ ਰੂਪ ਪੇਸ਼ ਹੋਇਆ ਹੈ।

ਮਾਝ ਰਾਗੁ ਵਿਚ ਮਹਲਾ ੪ ਦੇ 7 ਅਤੇ ਮਹਲਾ ੫ ਦੇ 43 ਚਉਪਦੇ ਹਨ। ਇਹ ਸਾਰੇ ਚਉਪਦੇ ਪਉੜੀ ਛੰਦ ਅਧੀਨ ਹਨ। ਇਸ ਤੋਂ ਇਲਾਵਾ ਇਹ ਚਉਪਦੇ ਚੌਪਈ ਅਤੇ ਸਵੈਯੇ ਛੰਦ ਕਾਰਨ ਮਿਸ਼ਰਿਤ ਛੰਦ ਵੀ ਪ੍ਰਤੀਤ ਹੁੰਦੇ ਹਨ। ਰਾਗੁ ਗਉੜੀ ਗੁਆਰੇਰੀ ਵਿਚ ਮਹਲਾ ੧ ਦੇ 15 ਚਉਪਦੇ ਹਨ। ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਬਿਸ਼ਨਪਦੁ24 ਛੰਦਾਂ ਦੀ ਵੀ ਵਰਤੋਂ ਕੀਤੀ ਗਈ ਹੈ। ਰਾਗੁ ਗਉੜੀ ਗੁਆਰੇਰੀ ਮਹਲਾ ੩ ਦੇ ਕੁਲ 18 ਚਉਪਦੇ ਹਨ। ਇਹਨਾਂ ਦੇ ਰੂਪ ਵਿਚ ਚੌਪਈ, ਮੰਜੁ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਮਹਲਾ ੪ ਦੇ 30 ਚਉਪਦੇ ਹਨ ਇਹਨਾਂ ਵਿਚ ਚੌਪਈ, ਪਉੜੀ, ਝੂਲਣਾ25, ਡਿਊਢਾ26, ਹੰਸਗਤਿ27 ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਮਹਲਾ ੫ ਦੇ 146 ਚਉਪਦੇ ਹਨ। ਇਥੇ ਚਉਪਦੇ ਦੇ ਰੂਪ ਲਈ ਚੌਪਈ, ਬੈਂਤ ਛੰਦ28 ਵਰਤੇ ਗਏ ਹਨ। ਇਹ ਤਿੰਨੋ ਛੰਦ 16 ਮਾਤਰਾ ਅਨੁਸਾਰ ਹਨ। 120 ਦੇ ਲਗਭਗ ਅਜਿਹੇ ਚਉਪਦੇ ਹਨ, ਜਿਨ੍ਹਾਂ ਵਿਚ 16 ਮਾਤਰਾਂ ਅਨੁਸਾਰ ਔਸਤ ਆ ਰਹੀ ਹੈ। ਵਧੇਰੇ ਚਉਪਦੇ ਚੌਪਈ ਛੰਦ ਅਨੁਸਾਰ ਹਨ। ਗਉੜੀ ਰਾਗੁ ਅਧੀਨ ਮਹਲਾ ੫

ਵਿਚ ਮੰਜੁ ਛੰਦ ਦੀ ਵੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਉਲਾਲਾ29 ਅਤੇ 14 ਮਾਤਰਾਂ ਦਾ ਕੱਜਲ30 ਛੰਦ ਵੀ ਵਰਤਿਆ ਗਿਆ ਹੈ। ਇਸ ਮਹਲੇ ਵਿਚ ਹੀ ਬਿਸ਼ਨਪਦੁ ਛੰਦ ਵੀ ਵਰਤਿਆ ਗਿਆ ਹੈ। ਭਗਤ ਕਬੀਰ ਜੀ ਦੁਆਰਾ ਚੌਪਈ, ਬਿਸ਼ਨਪਦੁ ਛੰਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਹਨਾਂ ਚਉਪਦਿਆਂ ਦੇ ਰੂਪ ਦਾ ਅਨੁਮਾਨ ਹਰ ਤੁਕ ਦੇ ਵਿਸ਼ਰਾਮ ਦੀਆਂ ਮਾਤਰਾ ਅਨੁਸਾਰ ਲਗਾਇਆ ਗਿਆ ਹੈ। ਇਸੇ ਕਾਰਨ ਇਹਨਾਂ ਛੰਦਾਂ ਦੀ ਤੁਕਾਂਤ ਸੁਮੇਲਤਾ ਨਹੀਂ ਹੈ।

ਰਾਗਾ ਆਸਾ ਵਿਚ ਮਹਲਾ ੧ ਦੇ ਕੁਲ 30 ਚਉਪਦੇ ਹਨ। ਇਸ ਦੇ ਰੂਪ ਵਿਚ ਚੌਪਈ, ਲੀਲਾਵਤੀ31, ਪਉੜੀ, ਹੰਸ32 ਬਿਸ਼ਨੁਪਦ, ਮੰਜੁ, ਸਵੈਯੇ ਦਾ ਦੂਜਾ ਰੂਪ ਬਾਣ ਵੀ ਛੰਦਾਂ ਵਿਚ ਵੇਖਿਆ ਗਿਆ ਹੈ। ਰਾਗੁ ਆਸਾ ਵਿਚ ਮਹਲਾ ੩ ਦੇ 11 ਚਉਪਦੇ ਹਨ। ਇਹਨਾਂ ਵਿਚ ਰੂਪਮਾਲਾ33 ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਘਰੁ ਦੇ ਪਰਿਵਰਤਨ ਨਾਲ ਛੰਦ ਵਿਚ ਵੀ ਪਰਿਵਰਤਨ ਆਉਂਦਾ ਹੈ। ਹੁਣ ਅੱਗੇ ਮਹਲਾ ੧ ਦੇ ਘਰੁ ੮ ਵਿਚ ਬਿਸ਼ਨਪਦ ਛੰਦ ਵਰਤਿਆ ਗਿਆ ਹੈ। ਮਹਲਾ ੪ ਦੇ 12 ਚਓਪੁਦੇ ਹਨ। ਇਹਨਾਂ ਚਉਪਦਿਆਂ ਵਿਚ ਚੌਪਈ, ਮੰਜੁ, ਲੀਲਾਵਤੀ, ਹੰਸਗਤਿ, ਸਿਰਖੰਡੀ34, ਲੀਲਾਵਤੀ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗੁ ਵਿਚ ਮਹਲਾ ੫ ਦੇ 117 ਚਉਪਦੇ ਹਨ। ਇਥੇ ਚੌਪਈ ਛੰਦ ਦਾ ਅਨੁਮਾਨ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮੰਜੁ, ਉਲਾਲ ਛੰਦ ਵੀ ਵੇਖੇ ਗਏ ਹਨ। ਇਸ ਤੋਂ ਅੱਗੇ ਫਿਰ ਘਰੁ ਅਨੁਸਾਰ ਰੂਪ ਬਦਲਿਆ ਹੈ। ਇਸ ਤੋਂ ਅਗਲੇ ਚਉਪਦਿਆਂ ਵਿਚ ਚੌਪਈ ਅਤੇ ਛੰਦ ਦਾ ਰੂਪ ਪੇਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਚਉਪਦਿਆਂ ਵਿਚ ਘਰੁ ਅਨੁਸਾਰ ਪਰਿਵਰਤਨ ਹੋਇਆ ਹੈ। ਅੱਗੇ ਪਲਵੰਗਮ35, ਹੰਸਗਤਿ, ਮੋਹਿਨੀ36 ਬੈਂਤ, ਪਉੜੀ, ਬਿਸ਼ਨੁਪਦ, ਰੂਪਮਾਲਾ ਆਦਿ ਛੰਦ ਵਰਤੋਂ ਵਿਚ ਆਏ ਹਨ। ਇਸ ਰਾਗੁ ਵਿਚ ਘਰਾਂ ਦੀ ਵਿਭਿੰਨਤਾ ਕਾਰਨ ਵਧੇਰੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਭਗਤ ਕਬੀਰ ਜੀ ਦੇ 17 ਚਉਪਦੇ ਹਨ। ਇਹਨਾਂ ਵਿਚ ਚੌਪਈ, ਪਉੜੀ, ਬੈਂਤ, ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਭਗਤ ਨਾਮਦੇਵ ਤੇ 3 ਚਉਪਦੇ ਹਨ। ਇਥੇ ਬਿਸ਼ਨੁਪਦ, ਸਵਈਏ ਦਾ ਦੂਜਾ ਰੂਪ ਬਾਣ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਭਗਤ ਰਵਿਦਾਸ ਜੀ ਦੇ 2 ਚਉਪਦੇ ਹਨ। ਇਥੇ ਇਕ ਚਉਪਦੇ ਵਿਚ ਰੂਪਮਾਲਾ ਛੰਦ ਦੀ ਵਰਤੋਂ ਕੀਤੀ ਗਈ ਹੈ। ਦੂਜੇ ਚਉਪਦੇ ਦਾ ਤੁਕਾਂਤ ਨਹੀਂ ਮਿਲਦਾ, ਇਸ ਕਾਰਨ ਉਸ ਚਉਪਦੇ ਸੰਬੰਧੀ ਕਿਸੇ ਛੰਦ ਪ੍ਰਤੀ ਨਿਰਨਾ ਨਹੀਂ ਕੀਤਾ ਜਾ ਸਕਦਾ। ਉਸ ਚਉਪਦੇ ਦੇ ਕਿਸੇ ਛੰਦ ਅਧੀਨ ਨਾ ਹੋਣ ਦਾ ਕਾਰਨ ਇਹ ਹੈ ਕਿ ਉਸ ਸ਼ਬਦ ਦਾ ਤੁਕਾਂਤ ਨਹੀਂ ਮਿਲਦਾ ਉਸ ਚਉਪਦੇ ਦੀਆਂ ਦੋ ਤੁਕਾਂ ਇਸ ਪ੍ਰਕਾਰ ਹਨ।

ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ।

ਸੰਤ ਦੀ ਸੰਗਤਿ ਸੰਤ ਕਥਾ ਰਸੁ। (ਗੁ. ਗ੍ਰੰ. 486)

ਅੱਗੇ ਭਗਤ ਧੰਨੇ ਦੇ ਦੋ ਚਉਪਦੇ ਹਨ। ਇਹਨਾਂ ਵਿਚ ਅਮ੍ਰਿਤਘਟ ਅਤੇ ਦੋਹਰਾ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਸ਼ੇਖ਼ ਫ਼ਰੀਦ ਜੀ ਦਾ ਇਕ ਚਉਪਦਾ ਜਿਥੇ ਮਾਤਰਾ ਦੇ ਅਨੁਮਾਨ ਅਨੁਸਾਰ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਗਈ ਹੈ। ਇਹਨਾ ਸਾਰੇ ਛੰਦਾਂ ਵਿਚ ਤੁਕਾਂਤ ਸੰਬੰਧੀ ਖੁਲ ਵਰਤੀ ਗਈ ਹੈ।

ਰਾਗੁ ਗੂਜਰੀ ਵਿਚ ਮਹਲਾ ੧ ਦੇ ਦੋ ਚਉਪਦੇ ਹਨ। ਇਥੇ ਪਉੜੀ ਛੰਦ ਦੀ ਵਰਤੋਂ ਕੀਤੀ ਗਈ ਹੈ। ਮਹਲਾ ੩ ਦੇ ਕੁਲ 5 ਚਉਪਦੇ ਹਨ। ਇਥੇ ਸਵੈਯੇ ਦਾ ਦੂਜਾ ਰੂਪ, ਡਿਉਢ ਛੰਦ ਬਿਸ਼ਨਪਦੁ ਆਦਿ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਛੰਦਾਂ ਨੂੰ ਤੁਕਾਂ ਦੇ ਅਨੁਮਾਨ ਅਨੁਸਾਰ ਘੜਿਆ ਗਿਆ ਹੈ। ਰਾਗੁ ਗੁਜਰੀ ਵਿਚ ਮਹਲਾ ੪ ਦੇ 6 ਚਉਪਦੇ ਹਨ। ਇਥੇ ਸਵਈਏ, ਡਿਉਢ ਅਤੇ ਝੂਲਨਾ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦੇ 11 ਚਉਪਦੇ ਹਨ। ਇਹਨਾ ਵਿਚ ਬਿਸ਼ਨੁਪਦ, ਵਿਜਯਾ37, ਸੁਗੀਤਿਕਾ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਾਗੁ ਗੂਜਰੀ ਵਿਚ ਭਗਤ ਕਬੀਰ ਜੀ ਦੇ 2 ਚਉਪਦੇ ਹਨ। ਇਹਨਾਂ ਚਉਪਦਿਆਂ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਭਗਤ ਨਾਮਦੇਵ ਦਾ ਇਕ ਚਉਪਦਾ ਹੈ। ਇਸ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਗੂਜਰੀ ਵਿਚ ਭਗਤ ਤ੍ਰਿਲੋਚਨ ਦਾ ਇਕ ਚਉਪਦੇ ਹੈ ਜੋ ਕਿ ਅੰਮ੍ਰਿਤਘਟ ਛੰਦ ਅਨੁਸਾਰ ਰੂਪ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ।

ਰਾਗੁ ਦੇਵਗੰਧਾਰੀ ਵਿਚ ਮਹਲਾ ੧,੨,੩,੪ ਦਾ ਕੋਈ ਚਉਪਦਾ ਨਹੀਂ ਹੈ। ਮਹਲਾ ੫ ਦੇ ਕੇਵਲ 2 ਚਉਪਦਾ ਹੈ। ਇਸ ਵਿਚ ਮੰਜੁ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਬਿਹਾਗੜਾ ਮਹਲਾ ੫ ਵਿਚ 1 ਚਉਪਦਾ ਹੈ ਜੋ ਕਿ ਅਭੀਰ ਛੰਦ ਅਨੁਸਾਰ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਇਸ ਵਿਚ ਅੰਤਿਮ ਤੁਕਾਂਤ ਪ੍ਰਤੀ ਖੁਲ ਲਈ ਗਈ ਹੈ। ਰਾਗ ਵਡਹੰਸੁ ਵਿਚ ਮਹਲਾ ੧ ਦੇ 2 ਚਉਪਦੇ ਹਨ ਜਿਨਾਂ ਵਿਚ ਗੀਤਾ ਰੂਪਮਾਲਾ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੩ ਦੇ 8 ਚਉਪਦੇ ਹਨ ਇਸ ਵਿਚ ਦੋਹਰਾ38, ਸੁਗੀਤਿਕਾ39, ਬਿਸ਼ਨਪਦੁ, ਚੌਪਈ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਮਹਲਾ ੪ ਦਾ ਇਕ ਚਉਪਦਾ ਹੈ, ਜਿਸ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਮਹਲਾ ੫ ਦੇ 7 ਚਉਪਦੇ ਹਨ ਇਹ ਚੌਪਈ ਛੰਦ ਵਿਚ ਗਾਏ ਗਏ ਹਨ।

ਰਾਗੁ ਸੋਰਠਿ ਵਿਚ ਮਹਲਾ ੧ ਦੇ 9 ਚਉਪਦੇ ਹਨ। ਇਹਨਾਂ ਵਿਚ ਚੌਪਈ, ਪਉੜੀ ਅਤੇ ਲੀਲਾਵਤੀ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਮਹਲਾ ੩ ਦੇ 12 ਚਉਪਦੇ ਹਨ। ਇਹ ਛੰਦ ਹਾਕਲਾ, ਅਮ੍ਰਿਤਘਟ, ਡਿਉਢ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਮਹਲਾ ੪ ਦੇ 8 ਚਉਪਦੇ ਹਨ। ਇਸ ਵਿਚ ਮੰਜੁ, ਅਮ੍ਰਿਤਘਟ ਅਤੇ ਸਵਈਏ ਦਾ ਚੌਥਾ ਰੂਪ ਅਤੇ

ਸਵਈਏ ਦਾ ਸੱਤਵਾਂ ਰੂਪ ਛੰਦਾਂ ਦੇ ਤੌਰ ਤੇ ਗਾਇਨ ਲਈ ਵਰਤਿਆ ਗਿਆ ਹੈ। ਮਹਲਾ ੫ ਦੇ ਰਾਗੁ ਸੋਰਠਿ ਵਿਚ 44 ਚਉਪਦੇ ਹਨ। ਇਹਨਾ ਵਿਚ ਚਤੁਸ਼ਪਦੀ, ਅਮ੍ਰਿਤਘਟ, ਬਿਸ਼ਨਪਦੁ, ਸਵੈਯੇ ਛੰਦ ਦਾ ਦੂਜਾ ਰੂਪ40 ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਾਗੁ ਸੋਰਠਿ ਵਿਚ ਹੀ ਅੱਗੇ ਮਹਲਾ ੫ ਦੇ ਚਉਪਦਿਆਂ ਵਿਚ ਘਰੁ ੩ ਦਾ ਪ੍ਰਯੋਗ ਹੋਣ ਤੇ ਛੰਦ ਦੇ ਰੂਪ ਵਿਚ ਪਰਿਵਰਤਨ ਦ੍ਰਿਸ਼ਟੀਗੋਚਰ ਹੋਇਆ ਹੈ। ਇਥੇ ਮਕਰਾ41, ਕਲਸ਼42, ਪਉੜੀ, ਉਲਾਲਾ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਾਗੁ ਸੋਰਠਿ ਵਿਚ ਭਗਤ ਕਬੀਰ ਦੇ 7 ਚਉਪਦੇ ਹਨ। ਇਥੇ ਉਲਾਲਾ ਅਤੇ ਕੱਜਲ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਭਗਤ ਨਾਮਦੇਵ ਦੇ 2 ਚਉਪਦੇ ਹਨ। ਉਲਾਲਾ ਅਤੇ ਬਿਸ਼ਨੁਪਦ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਪਹਿਲੇ ਚਉਪਦੇ ਵਿਚ ਹਰ ਪਦੇ ਵਿਚ ਤੁਕ ਦੀ ਗਿਣਤੀ ਵਧਣ ਕਾਰਨ ਇਸ ਚਉਪਦੇ ਦੇ ਰੂਪ ਭਿੰਨਤਾ ਦੀ ਦ੍ਰਿਸ਼ਟੀ ਨਜਰ ਆਉਂਦੀ ਹੈ। ਇਸ ਚਉਪਦੇ ਦੀ ਔਸਤ ਕਾਰਨ ਇਸ ਦਾ ਰੂਪ ਉਲਾਲਾ ਛੰਦ ਅਨੁਸਾਰ ਪ੍ਰਤੀਤ ਹੁੰਦਾ ਹੈ। ਸੋਰਠਿ ਰਾਗ ਦੇ ਘਰੁ ੪ ਵਿਚ ਨਾਮਦੇਵ ਜੀ ਦੇ ਚਉਪਦੇ ਦਾ ਰੂਪ ਸਵੈਯੇ ਛੰਦ ਦੇ ਦੂਜੇ ਰੂਪ ਬਾਣ ਅਨੁਸਾਰ ਹੈ। ਰਾਗੁ ਸੋਰਠਿ ਵਿਚ ਭਗਤ ਰਵਿਦਾਸ ਦੇ 3 ਚਉਪਦੇ ਹਨ। ਇਹਨਾ ਵਿਚ ਅਮ੍ਰਿਤਘਟ ਅਤੇ ਬਿਸ਼ਨਪਦੁ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਧਨਾਸਰੀ ਵਿਚ ਮਹਲਾ ੧ ਦੇ 7 ਚਉਪਦੇ ਹਨ। ਇਥੇ ਰੂਪਮਾਲਾ, ਚੌਪਈ, ਹੰਸ ਅਤੇ ਸਵੈਯੇ ਦਾ ਦੂਜਾ ਰੂਪ ਬਾਣ ਦੀ ਵਰਤੋਂ ਕੀਤੀ ਗਈ ਹੈ। ਰਾਗੁ ਧਨਾਸਰੀ ਵਿਚ ਮਹਲਾ ੩ ਦੇ 8 ਚਉਪਦੇ ਹਨ ਜਿਨਾਂ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਮਹਲਾ ੪ ਦੇ 7 ਚਉਪਦੇ ਹਨ। ਇਥੇ ਪਉੜੀ ਅਤੇ ਡਿਊਢ ਛੰਦ ਦੇ ਦੂਜੇ ਰੂਪ ਦੀ ਵਰਤੋਂ ਕੀਤੀ ਗਈ ਹੈ। ਰਾਗੁ ਧਨਾਸਰੀ ਵਿਚ ਮਹਲਾ ੫ ਦੇ 18 ਚਉਪਦੇ ਹਨ। ਇਥੇ ਅਮ੍ਰਿਤਘਟ, ਚੌਪਈ, ਬਿਸ਼ਨੁਪਦ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗੁ ਵਿਚ ਭਗਤ ਕਬੀਰ ਦੇ 3 ਚਉਪਦੇ ਹਨ। ਇਥੇ ਚੌਪਈ ਅਤੇ ਨਿਸ਼ਾਨੀ ਛੰਦ ਦੀ ਵਰਤੋਂ ਕੀਤੀ ਗਈ ਹੈ। ਭਗਤ ਨਾਮਦੇਵ ਦੇ 2 ਚਉਪਦੇ ਹਨ। ਇਥੇ ਬਿਸ਼ਨੁਪਦ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗੁ ਵਿਚ ਭਗਤ ਰਵਿਦਾਸ ਦਾ ਇਕ ਚਉਪਦਾ ਹੈ ਜੋ ਕਿ ਝੂਲਨਾ ਛੰਦ ਵਿਚ ਹੈ। ਇਸ ਰਾਗ ਵਿਚ ਭਗਤ ਸੈਣ ਦਾ ਚਉਪਦਾ ਹੈ ਜੋ ਕਿ ਚੌਪਈ ਛੰਦ ਵਿਚ ਹੈ।

ਰਾਗੁ ਜੈਤਸਰੀ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ 11 ਚਉਪਦੇ ਹਨ। ਇਥੇ ਡਿਊਢਾ ਛੰਦ ਦਾ ਦੂਜਾ ਰੂਪ ਅਤੇ ਸਵੈਯੇ ਛੰਦ ਦਾ ਦੂਜਾ ਰੂਪ ਬਾਣ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਅੱਗੇ ਘਰੁ ੨ ਦੇ ਬਾਕੀ ਚਉਪਦਿਆਂ ਵਿਚ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਜੈਤਸਰੀ ਵਿਚ ਮਹਲਾ ੫ ਦੇ 2 ਚਉਪਦੇ ਹਨ। ਇਥੇ ਅਮ੍ਰਿਤਘਟ ਅਤੇ ਸਵੈਯੇ ਛੰਦ ਦਾ ਛੇਵਾਂ ਰੂਪ ਵਰਤੋਂ ਵਿਚ ਲਿਆਂਦਾ ਗਿਆ ਹੈ। ਰਾਗੁ ਟੋਡੀ ਵਿਚ ਮਹਲਾ ੧ ਅਤੇ ਮਹਲਾ

੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦਾ ਕੇਵਲ 1 ਚਉਪਦੇ ਹਨ। ਇਹ ਸਵੈਯੇ ਛੰਦ ਦੇ ਛੇਵੇਂ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਵਿਚ ਮਹਲਾ ੫ ਦੇ 4 ਚਉਪਦੇ ਹਨ। ਇਹਨਾ ਨੂੰ ਅਮ੍ਰਿਤਘਟ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਮਹਲਾ ੫ ਦੇ ਇਹ ਚਉਪਦੇ ਮਿਸ਼ਰਿਤ ਛੰਦ ਵੀ ਕਹੇ ਜਾ ਸਕਦੇ ਹਨ। ਰਾਗੁ ਟੋਡੀ ਵਿਚ ਨਾਮਦੇਵ ਜੀ ਦਾ ਇਕ ਚਉਪਦਾ ਹੈ ਜੋ ਕਿ ਅਮ੍ਰਿਤਘਟ ਛੰਦ ਵਿਚ ਅੰਕਿਤ ਕੀਤਾ ਗਿਆ ਹੈ।

ਰਾਗੁ ਤਿਲੰਗ ਵਿਚ ਮਹਲਾ ੧ ਦੇ 3 ਚਉਪਦੇ ਹਨ। ਇਥੇ ਗੀਤਾ, ਅਮ੍ਰਿਤਘਟ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗੁ ਵਿਚ ਮਹਲਾ ੩ ਤੇ ੪ ਦਾ ਕੋਈ ਚਉਪਦਾ ਨਹੀਂ ਹੈ। ਮਹਲਾ ੫ ਦੇ ਚਾਰ ਚਉਪਦੇ ਹਨ। ਇਥੇ ਪਉੜੀ, ਚੌਪਈ, ਗੀਤਿਕਾ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਾਗੁ ਤਿਲੰਗ ਵਿਚ ਕਬੀਰ ਜੀ ਅਤੇ ਨਾਮਦੇਵ ਜੀ ਦਾ ਇਕ-ਇਕ ਚਉਪਦਾ ਹੈ। ਇਥੇ ਗੀਤਾ ਅਤੇ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਸੂਹੀ ਵਿਚ ਮਹਲਾ ੧ ਦੇ 7 ਚਉਪਦੇ ਹਨ। ਇਹਨਾ ਚਉਪਦਿਆਂ ਵਿਚ ਅਮ੍ਰਿਤਘਟ, ਚੌਪਈ ਹੰਸਗਤਿ, ਪਉੜੀ, ਮੰਜੂ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗੁ ਵਿਚ ਮਹਲਾ ੪ ਦੇ 14 ਚਉਪਦੇ ਹਨ। ਇਸ ਰਾਗੁ ਵਿਚ ਅਮ੍ਰਿਤਘਟ, ਡਿਊਢ ਦਾ ਦੂਜਾ ਰੂਪ ਅਤੇ ਸਵੈਯੇ ਦਾ ਦੂਜਾ ਰੂਪ ਵਰਤਿਆ ਗਿਆ ਹੈ। ਇਸ ਰਾਗ ਵਿਚ ਮਹਲਾ ੫ ਦੇ 48 ਚਉਪਦੇ ਹਨ। ਇਹਨਾਂ ਚਉਪਦਿਆਂ ਵਿਚ ਚੌਪਈ, ਪਉੜੀ, ਅਭੀਰ, ਮੰਜੂ, ਅਮ੍ਰਿਤਘਟ, ਡਿਊਢ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਕਬੀਰ ਜੀ ਦੇ 8 ਚਉਪਦੇ ਹਨ। ਇਥੇ ਚੌਪਈ ਅਤੇ ਬਿਸ਼ਨੁਪਦ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗੁ ਵਿਚ ਇਕ ਚਉਪਦਾ ਭਗਤ ਰਵਿਦਾਸ ਜੀ ਦਾ ਅਤੇ ਇਕ ਬਾਬਾ ਫਰੀਦ ਜੀ ਦਾ ਹੈ। ਇਹ ਦੋਵੇਂ ਚਉਪਦੇ ਚੌਪਈ ਛੰਦ ਵਿਚ ਹਨ।

ਰਾਗੁ ਬਿਲਾਵਲੁ ਵਿਚ ਮਹਲਾ ੧ ਦੇ 4 ਚਉਪਦੇ ਹਨ। ਇਥੇ ਬਿਸ਼ਨੁਪਦ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਮਹਲਾ ੩ ਦੇ 5 ਚਉਪਦੇ ਹਨ। ਇਥੇ ਅਮ੍ਰਿਤਘਟ, ਮੰਜੁ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੪ ਦੇ 6 ਚਉਪਦੇ ਹਨ ਇਥੇ ਮੰਜੁ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਮਹਲਾ ੫ ਦੇ ਇਸ ਰਾਗ ਵਿਚ 54 ਚਉਪਦੇ ਹਨ। ਇਹ ਚਉਪਦੇ ਅਮ੍ਰਿਤਘਟ, ਮੰਜੁ, ਚੌਪਈ, ਬੈਂਤ, ਪਉੜੀ, ਦੋਹਰਾ, ਬਿਸ਼ਨੁਪਦ, ਲੀਲਾਵਤੀ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਬਿਲਾਵਲ ਰਾਗੁ ਵਿਚ ਭਗਤ ਕਬੀਰ ਦੇ 3 ਚਉਪਦੇ ਹਨ। ਇਹਨਾਂ ਵਿਚ ਮੰਜੁ ਅਤੇ ਪਉੜੀ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤ ਸਧਨੇ ਦਾ ਇਕ ਚਉਪਦਾ ਹੈ। ਇਸ ਵਿਚ ਪਉੜੀ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਗੋਂਡ ਵਿਚ ਮਹਲਾ ੧ ਅਤੇ ਮਹਲਾ ੨ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ 6 ਚਉਪਦੇ ਹਨ। ਇਹਲਾਂ ਚਉਪਦਿਆਂ ਵਿਚ ਝੂਲਨਾ, ਡਿਊਢ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦੇ ਕੁਲ 21 ਚਉਪਦੇ ਹਨ। ਇਥੇ ਲੀਲਾਵਤੀ, ਚੌਪਈ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤ ਕਬੀਰ ਦੇ 8 ਚਉਪਦੇ ਹਨ ਜਿਨ੍ਹਾਂ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਭਗਤ ਨਾਮਦੇਵ ਦੇ 3 ਚਉਪਦੇ ਹਨ। ਇਸ ਵਿਚ ਅਭੀਰ, ਚੌਪਈ, ਮੰਜੁ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਭਗਤ ਰਵਿਦਾਸ ਦੇ ਦੋ ਚਉਪਦੇ ਹਨ ਜਿਨ੍ਹਾਂ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਰਾਮਕਲੀ ਵਿਚ ਮਹਲਾ ੧ ਦੇ 10 ਚਉਪਦੇ ਹਨ ਇਹਨਾ ਵਿਚ ਬਿਸ਼ਨੁਪਦ, ਸਵੈਯੇ ਦਾ ਦੂਜਾ ਰੂਪ ਬਾਣ, ਮੰਜੂ, ਚੌਪਈ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗੁ ਵਿਚ ਮਹਲਾ ੪ ਦੇ 5 ਚਉਪਦੇ ਹਨ। ਇਥੇ ਮੰਜੁ, ਸਵੈਯੇ ਦਾ ਦੂਜਾ ਰੂਪ, ਲੀਲਾਵਤੀ ਛੰਦ ਵਰਤਿਆ ਗਿਆ ਹੈ। ਇਸ ਰਾਗ ਵਿਚ ਮਹਲਾ ੫ ਦੇ 53 ਚਉਪਦੇ ਹਨ। ਇਹਨਾਂ ਵਿਚ ਮੰਜੁ, ਚੌਪਈ, ਉਲਾਲਾ, ਕੱਜਲ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਰਾਗ ਵਿਚ ਭਗਤ ਕਬੀਰ ਦੇ 2 ਚਉਪਦੇ ਹਨ। ਇਹਨਾ ਵਿਚ ਮੰਜੁ ਅਤੇ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤ ਨਾਮਦੇਵ ਜੀ ਦੇ ਤਿੰਨ ਚਉਪਦੇ ਹਨ। ਅਮ੍ਰਿਤਘਟ ਸਵੈਯੇ ਦਾ ਦੂਜਾ ਰੂਪ ਬਾਣ ਅਤੇ ਡਿਊਢਾ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਨਟ ਨਾਰਾਇਨ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਮਹਲਾ ੪ ਦੇ 6 ਚਉਪਦੇ ਹਨ। ਇਹਨਾਂ ਚਉਪਦਿਆਂ ਵਿਚ ਬਿਸ਼ਨੁਪਦ, ਅਮ੍ਰਿਤਘਟ, ਮੰਜੁ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦਾ ਕੇਵਲ 1 ਚਉਪਦਾ ਹੈ। ਇਸ ਚਉਪਦੇ ਵਿਚ ਅਮ੍ਰਿਤਘਟ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਮਾਲੀ ਗਉੜਾ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ ਕੁਲ 6 ਚਉਪਦੇ ਹਨ। ਇਹਨਾਂ ਵਿਚ ਮੰਜੁ, ਪਉੜੀ ਦੀ ਵਰਤੋਂ ਕੀਤੀ ਗਈ ਹੈ। ਰਾਗੁ ਮਾਲੀ ਗਉੜਾ ਵਿਚ ਮਹਲਾ ੫ ਦੇ 5 ਚਉਪਦੇ ਹਨ। ਇਸ ਮਹਲੇ ਦੁਆਰਾ ਚੌਪਈ ਕੱਜਲ, ਗੀਤਿਕਾ ਅਤੇ ਉਲਾਲਾ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤਾਂ ਦਾ ਕੋਈ ਚਉਪਦਾ ਨਹੀਂ ਹੈ।

ਰਾਗੁ ਮਾਰੂ ਵਿਚ ਮਹਲਾ ੧ ਦੇ 7 ਚਉਪਦੇ ਹਨ। ਇਹਨਾਂ ਚਉਪਦਿਆਂ ਵਿਚ ਮੰਜੁ, ਚੌਪਈ, ਬਿਸ਼ਨਪਦੁ, ਸੁਗੀਤਾ, ਗੀਤਿਕਾ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਮਾਰੂ ਮਹਲਾ ੩ ਵਿਚ 4 ਚਉਪਦੇ ਦਰਜ ਹਨ। ਇਥੇ ਪਉੜੀ ਅਤੇ ਸੁਗੀਤਿਕਾ

ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੪ ਦੇ 6 ਚਉਪਦੇ ਅਤੇ ਮਹਲਾ ੫ ਦੇ 20 ਚਉਪਦੇ ਹਨ। ਇਹਨਾਂ ਚਉਪਦਿਆਂ ਵਿਚ ਕਲਸ, ਬਿਸ਼ਨੁਪਦ, ਪਉੜੀ, ਅਮ੍ਰਿਤਘਟ, ਮੰਜੁ, ਉਲਾਲਾ, ਚੌਪਈ, ਰੂਪਮਾਲਾ, ਗੀਤਾ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਦੇ ਮਾਰੂ ਅੰਜੁਲੀ ਵਾਲੇ ਚਉਪਦੇ ਵਿਚ ਮਿਸ਼ਰਿਤ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਮਿਸ਼ਰਿਤ ਛੰਦ ਵਿਚ ਚੌਪਈ ਅਤੇ ਲੀਲਾਵਤੀ ਛੰਦ ਦੇ ਮਿਸ਼ਰਨ ਨੂੰ ਵੇਖਿਆ ਜਾ ਸਕਦਾ ਹੈ। ਰਾਗੁ ਮਾਰੂ ਵਿਚ ਭਗਤ ਕਬੀਰ ਜੀ ਦੇ 4 ਚਉਪਦੇ ਹਨ। ਇਹ ਬਿਸ਼ਨੁਪਦ, ਪਉੜੀ, ਮੰਜੁ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਨਾਮਦੇਵ ਜੀ ਦਾ ਇਕ ਸ਼ਬਦ ਹੈ। ਇਸ ਚਉਪਦੇ ਵਿਚ ਸਵੈਯੇ ਛੰਦ ਦਾ ਦੂਜਾ ਰੂਪ ਬਾਣ ਵਰਤਿਆ ਗਿਆ ਹੈ।

ਰਾਗੁ ਕੇਦਾਰਾ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦਾ ਇਕ ਚਉਪਦਾ ਹੈ। ਇਸ ਚਉਪਦੇ ਵਿਚ ਝੂਲਨਾ ਛੰਦ ਦੀ ਵਰਤੋਂ ਕੀਤੀ ਗਈ ਹੈ ਮਹਲਾ ੫ ਦਾ ਇਸ ਰਾਗ ਵਿਚ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਭਗਤ ਬਾਣੀ ਵਿਚੋਂ ਕੇਵਲ ਭਗਤ ਕਬੀਰ ਜੀ ਦੇ 4 ਚਉਪਦੇ ਹਨ। ਇਹਨਾ ਵਿਚ ਬਿਸ਼ਨੁਪਦ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਭੈਰਉ ਵਿਚ ਮਹਲਾ ੧ ਦੇ 7 ਚਉਪਦੇ ਹਨ। ਇਹਨਾ ਚਉਪਦਿਆਂ ਵਿਚ ਲੀਲਾਵਤੀ, ਅਮ੍ਰਿਤਘਟ, ਬਿਸ਼ਨੁਪਦ, ਮੰਜੁ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗੁ ਵਿਚ ਮਹਲਾ ੩ ਦੇ 15 ਚਉਪਦੇ ਹਨ। ਇਹ ਚਉਪਦੇ ਬੈਂਤ, ਚੌਪਈ, ਅਮ੍ਰਿਤਘਟ, ਬਿਸ਼ਨੁਪਦ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੪ ਦੇ 7 ਚਉਪਦੇ ਹਨ। ਇਸ ਰਾਗ ਵਿਚ ਚੌਪਈ, ਬੈਂਤ, ਸਵੈਯੇ ਛੰਦ ਦੇ ਛੋਵੇਂ ਰੂਪ, ਅਮ੍ਰਿਤਘਟ ਆਦਿ ਛੰਦਾਂ ਦੀ ਸੁਮੇਲਤਾ ਦੀ ਅੰਸ਼ ਹੈ। ਇਸ ਰਾਗ ਵਿਚ ਮਹਲਾ ੫ ਦੇ 50 ਚਉਪਦੇ ਹਨ। ਇਹਨਾ ਚਉਪਦਿਆਂ ਦਾ ਰੂਪ ਚੌਪਈ, ਬਿਸ਼ਨੁਪਦ, ਬੈਂਤ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤ ਕਬੀਰ ਦੇ 11 ਚਉਪਦੇ ਹਨ। ਇਹ ਚਉਪਦੇ ਬੈਂਤ, ਚੌਪਈ ਛੰਦ ਅਨੁਸਾਰ ਅੰਕਿਤ ਕੀਤੇ ਗਏ ਹਨ। ਇਸ ਰਾਗ ਵਿਚ ਭਗਤ ਨਾਮਦੇਵ ਜੀ ਦੇ 6 ਚਉਪਦੇ ਹਨ। ਇਹ ਚਉਪਦੇ ਵੀ ਚੌਪਈ ਅਤੇ ਬੈਂਤ ਛੰਦ ਅਨੁਸਾਰ ਹਨ। ਇਸ ਤੋਂ ਇਲਾਵਾ ਭਗਤ ਰਵਿਦਾਸ ਦੇ 2 ਚਉਪਦੇ ਹਨ ਜਿਨ੍ਹਾਂ ਵਿਚ ਚੌਪਈ ਅਤੇ ਬਿਸ਼ਨੁਪਦ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਬਸੰਤ ਵਿਚ ਮਹਲਾ ੧ ਦੇ 10 ਚਉਪਦੇ ਹਨ। ਇਹਨਾਂ ਵਿਚ ਰੂਪਮਾਲਾ, ਬੈਂਤ, ਚੌਪਈ, ਅਮ੍ਰਿਤਘਟ, ਬਿਸ਼ਨਪਦ ਸਵੈਯੇ ਦਾ ਦੂਜਾ ਰੂਪ ਬਾਣ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੩ ਦੇ 18 ਚਉਪਦੇ ਹਨ। ਇਹਨਾਂ ਵਿਚ ਚੌਪਈ ਬੈਂਤ ਅਤੇ ਚਤੁਸ਼ਪਦੀ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੪ ਦੇ 7 ਚਉਪਦੇ ਹਨ। ਇਹਨਾਂ

ਵਿਚ ਚੌਪਈ ਚਤੁਸ਼ਪਦੀ, ਲੀਲਾਵਤੀ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦੇ 20 ਚਉਪਦੇ ਹਨ। ਇਹਨਾਂ ਵਿਚ ਚੌਪਈ, ਕੱਜਲ, ਬਿਸ਼ਨੁਪਦ, ਮੰਜੁ, ਅਮ੍ਰਿਤਘਟ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਭਗਤ ਕਬੀਰ ਜੀ ਦਾ ਚਉਪਦਾ ਚੌਪਈ ਛੰਦ ਵਿਚ ਹੈ। ਇਸ ਤੋਂ ਇਲਾਵਾ ਭਗਤ ਨਾਮਦੇਵ ਅਤੇ ਰਵਿਦਾਸ ਜੀ ਦਾ ਚਉਪਦਾ ਬੈਂਤ ਛੰਦ ਵਿਚ ਹੈ।

ਰਾਗੁ ਸਾਰੰਗ ਵਿਚ ਮਹਲਾ ੧ ਦੇ ਤਿੰਨ ਚਉਪਦੇ ਹਨ। ਇਹਨਾ ਚਉਪਦਿਆਂ ਦਾ ਰੂਪ ਅਮ੍ਰਿਤਘਟ ਛੰਦ ਅਨੁਸਾਰ ਹੈ। ਇਸ ਰਾਗ ਵਿਚ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ 4 ਚਉਪਦੇ ਹਨ। ਇਹ ਸਵੈਯੇ ਛੰਦ ਦੇ ਛੇਵੇਂ ਰੂਪ ਅਨੁਸਾਰ ਗਾਇਨ ਕੀਤੇ ਜਾ ਸਕਦੇ ਹਨ। ਇਸ ਰਾਗ ਵਿਚ ਮਹਲਾ ੫ ਦੇ 16 ਚਉਪਦੇ ਹਨ। ਇਹ ਚਉਪਦੇ ਬਿਸ਼ਨੁਪਦ, ਲੀਲਾਵਤੀ, ਮੰਜੁ, ਚੌਪਈ ਅਤੇ ਸਵੈਯੇ ਛੰਦ ਦੇ ਦੂਜੇ ਰੂਪ ਬਾਣ ਅਨੁਸਾਰ ਹਨ। ਇਸ ਰਾਗ ਵਿਚ ਭਗਤ ਕਬੀਰ ਜੀ ਦੇ ਦੋ ਚਉਪਦੇ ਹਨ ਇਹ ਬਿਸ਼ਨੁਪਦ ਛੰਦ ਅਨੁਸਾਰ ਹਨ। ਇਸੇ ਰਾਗ ਵਿਚ ਇਕ ਚਉਪਦਾ ਨਾਮਦੇਵ ਜੀ ਦਾ ਹੈ ਜੋ ਕਿ ਚੌਪਈ ਛੰਦ ਅਨੁਸਾਰ ਹੈ।

ਰਾਗੁ ਮਲਾਰ ਵਿਚ ਮਹਲਾ ੧ ਦੇ 8 ਚਉਪਦੇ ਹਨ। ਇਸ ਵਿਚ ਹੰਸ, ਬਿਸ਼ਨੁਪਦ, ਮੰਜੁ, ਅਮ੍ਰਿਤਘਟ, ਚੌਪਈ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੩ ਦੇ 10 ਚਉਪਦੇ ਹਨ। ਇਹਨਾਂ ਨੂੰ ਅਮ੍ਰਿਤਘਟ, ਸੁਗੀਤਿਕਾ, ਬਿਸ਼ਨੁਪਦ, ਚੌਪਈ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਰਾਗੁ ਮਲਾਰ ਵਿਚ ਮਹਲਾ ੪ ਦੇ 7 ਚਉਪਦੇ ਹਨ। ਇਸ ਰਾਗ ਵਿਚ ਸਵੈਯੇ ਛੰਦ ਦਾ ਦੂਜਾ ਰੂਪ ਅਮ੍ਰਿਤਘਟ, ਲੀਲਾਵਤੀ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦੇ 7 ਚਉਪਦੇ ਹਨ। ਇਹਨਾਂ ਚਉਪਦਿਆਂ ਨੂੰ ਚੌਪਈ ਛੰਦ ਵਿਚ ਗਾਇਨ ਕੀਤਾ ਗਿਆ ਹੈ।

ਰਾਗੁ ਕਾਨੜਾ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ 6 ਚਉਪਦੇ ਹਨ। ਇਹਨਾਂ ਵਿਚ ਸਵੈਯੇ ਛੰਦ ਦਾ ਛੇਵਾਂ ਰੂਪ, ਮੰਜੁ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦੇ 10 ਚਉਪਦੇ ਹਨ। ਇਹਨਾਂ ਨੂੰ ਚੌਪਈ, ਬਿਸ਼ਨੁਪਦ, ਗੀਤਾ ਛੰਦ ਦੀ ਵਰਤੋਂ ਕੀਤੀ ਗਈ ਹੈ। ਰਾਗੁ ਕਲਿਆਨ ਵਿਚ ਮਹਲਾ ੧ ਅਤੇ ਮਹਲਾ ੩ ਦਾ ਕੋਈ ਚਉਪਦਾ ਨਹੀਂ ਹੈ। ਇਸ ਰਾਗ ਵਿਚ ਮਹਲਾ ੪ ਦੇ 6 ਚਉਪਦੇ ਹਨ। ਇਹਨਾ ਚਉਪਦਿਆਂ ਨੂੰ ਸਵੈਯੇ ਛੰਦ ਦੇ ਛੇਵੇਂ ਰੂਪ ਬਿਸ਼ਨੁਪਦ, ਡਿਊਢ ਛੰਦ ਦਾ ਦੂਜਾ ਰੂਪ ਪਉੜੀ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੫ ਦਾ 1 ਚਉਪਦਾ ਹੈ। ਇਸ ਵਿਚ ਚੌਪਈ ਛੰਦ ਦੀ ਵਰਤੋਂ ਕੀਤੀ ਗਈ ਹੈ।

ਰਾਗੁ ਪ੍ਰਭਾਤੀ ਵਿਚ ਮਹਲਾ ੧ ਦੇ 13 ਚਉਪਦੇ ਹਨ। ਇਹ ਚਉਪਦੇ ਚੌਂਪਈ, ਅਮ੍ਰਿਤਘਟ, ਪਉੜੀ, ਬਿਸ਼ਨੁਪਦ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਵਿਚ ਮਹਲਾ ੩ ਦੇ 6 ਚਉਪਦੇ ਹਨ, ਮਹਲਾ ੪ ਦੇ 6 ਅਤੇ ਮਹਲਾ ੫ ਦੇ 12 ਚਉਪਦੇ ਹਨ। ਇਹਨਾਂ ਚਉਪਦਿਆਂ ਨੂੰ ਅਮ੍ਰਿਤਘਟ ਸਵੈਯੇ ਦਾ ਦੂਜਾ ਰੂਪ, ਮੰਜੁ, ਚੌਂਪਈ ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਭਗਤ ਕਬੀਰ ਜੀ ਦੇ ਇਸ ਰਾਗੁ ਵਿਚ 3 ਚਉਪਦੇ ਹਨ ਜਿਨਾ ਨੂੰ ਚੌਂਪਈ, ਅਮ੍ਰਿਤਘਟ ਆਦਿ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਰਾਗ ਵਿਚ ਭਗਤ ਨਾਮਦੇਵ ਜੀ ਦੇ ਦੋ ਚਉਪਦੇ ਹਨ ਜੋ ਕਿ ਬਿਸ਼ਨੁਪਦ ਅਤੇ ਚੌਂਪਈ ਛੰਦ ਵਿਚ ਅੰਕਿਤ ਕੀਤੇ ਗਏ ਹਨ।

ਸੋ ਬਾਣੀ-ਰੂਪ ਚਉਪਦੇ ਦੇ ਛੰਦ ਵਿਧਾਨ ਤੇ ਚਰਚਾ ਕਰਨ ਉਪਰੰਤ ਇਸ ਸਿਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਕੁਝ ਛੰਦ ਅਜਿਹੇ ਹਨ ਜੋ ਮਾਤਰਾਂ ਦੇ ਘੱਟ ਵੱਧ ਹੋਣ ਕਾਰਨ ਵੰਨਗੀਆਂ ਵਿਚ ਆ ਜਾਂਦੇ ਹਨ ਜਿਵੇਂ ਪਉੜੀ, ਬਿਸ਼ਨਪਦੁ, ਸਿਰਖੰਡੀ, ਸਵੈਯੇ, ਡਿਊਢ, ਚੌਂਪਈ ਆਦਿ। ਇਹਨਾ ਛੰਦਾਂ ਦੀ ਬਾਣੀ ਰੂਪ ਵਿਚ ਬਹੁਤਾਂਤ ਵੇਖੀ ਗਈ ਹੈ। ਇਸ ਤੋਂ ਇਲਾਵਾ ਮਾਝ ਰਾਗੁ ਦੇ ਚਉਪਦੇ, ਜੈਤਸਰੀ ਰਾਗੁ ਦੇ ਕੁਝ ਚਉਪਦੇ ਅਤੇ ਮਾਰੂ ਰਾਗ ਦੀ ਅੰਜੁਲੀ ਆਦਿ ਵਿਚ ਛੰਦਾਂ ਦਾ ਮਿਸ਼ਰਿਤ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹਨਾ ਵਿਚ ਚੌਪਈ ਲੀਲਾਵਤੀ ਅਤੇ ਚੌਂਪਈ ਨਾਲ ਸਵੈਯੇ ਛੰਦ ਦੇ ਮਿਸ਼ਰਿਤ ਰੂਪ ਨੂੰ ਵੇਖਿਆ ਜਾ ਸਕਦਾ ਹੈ।

ਦੂਜੇ ਪੱਖ ਬਾਣੀ ਰੂਪ ਚਉਪਦੇ ਦੇ ਛੰਦ ਵਿਧਾਨ ਸੰਬੰਧੀ ਵਿਦਵਾਨਾਂ ਵਿਚ ਕਾਫੀ ਵਿਵਾਦ ਪਾਏ ਜਾਂਦੇ ਹਨ। ਇਸ ਸੰਬੰਧੀ ਡਾ. ਜਗਬੀਰ ਸਿੰਘ ਅਤੇ ਕਈ ਹੋਰ ਵਿਦਵਾਨ ਇਸ ਨੂੰ ਛੰਦ ਵਿਧਾਨ ਦਾ ਹਿੱਸਾ ਨਹੀਂ ਮੰਨਦੇ। ਡਾ. ਰਤਨ ਸਿੰਘ ਜੱਗੀ ਵੀ ਛੰਦ ਵਿਧਾਨ ਪ੍ਰਤੀ ਗੰਭੀਰ ਅਧਿਐਨ ਨਹੀਂ ਕੀਤਾ। ਇਹਨਾਂ ਚਉਪਦਿਆਂ ਦਾ ਵਿਸ਼ਲੇਸ਼ਣ ਕਰਨ ਤੇ ਛੰਦਾਂ ਦੇ ਰੂਪ ਦਾ ਨਿਖੇੜਾ ਸਾਹਮਣੇ ਆਉਂਦਾ ਹੈ.

ਨੋਟ : ਇਹਨਾ ਸਾਰੇ ਚਉਪਦਿਆਂ ਦਾ ਰੂਪ ਹਰ ਚਉਪਦੇ ਦੀਆਂ ਮਾਤਰਾਵਾਂ ਅਨੁਸਾਰ ਅੰਕਿਤ ਕੀਤਾ ਗਿਆ ਹੈ। ਹਰ ਚਉਪਦੇ ਦੇ ਤੁਕਾਂਤ ਸੰਬੰਧੀ ਖੁਲ ਲਈ ਗਈ ਹੈ। ਇਹਨਾਂ ਰਾਗਾਂ ਵਿਚ ਛੰਦਾਂ ਦੀ ਵਰਤੋਂ ਮਾਤਰਾ ਦੀ ਔਸਤ ਅਨੁਸਾਰ ਪੇਸ਼ ਕੀਤੀ ਗਈ ਹੈ।

ਇਹਨਾਂ ਚਉਪਦਿਆਂ ਦੇ ਰੂਪ ਦੀ ਸਪਸ਼ਟਤਾ ਵਾਸਤੇ ਛੰਦ ਅਤੇ ਸ਼ਬਦ ਦੇ ਸੰਬੰਧ ਦੀ ਸਾਰਨੀ ਬਣਾਈ ਗਈ ਹੈ, ਜਿਸ ਨਾਲ ਬਾਣੀ-ਰੂਪ ਚਉਪਦੇ ਵਿਚੋਂ ਹਰ ਛੰਦ ਦੀ ਵਰਤੋਂ ਦੇ ਕ੍ਰਮ ਨੂੰ ਜਾਣਿਆ ਜਾ ਸਕਦਾ ਹੈ।

## ਸਾਰਨੀ ਨੰ. 2

### ਬਾਣੀ-ਰੂਪ ਚਉਪਦੇ ਵਿਚ ਹਰ ਛੰਦ ਦੀ ਵਰਤੋਂ ਸੰਬੰਧੀ ਸਾਰਨੀ

| ਲੜੀ ਨੰ: | ਛੰਦ ਮਾਤਰਾ | ਛੰਦ ਦਾ ਨਾਂ | ਸੰਬੰਧਿਤ ਸ਼ਬਦ ਦੀ ਪਹਿਲੀ ਤੁਕ | ਰਾਗ | ਬਾਣੀਕਾਰ | ਕੁੱਲ |
|---|---|---|---|---|---|---|
| 1 | 11 | ਅਭੀਰ | 1. ਦੂਤਨ ਸੰਗਰੀਆ॥ | ਬਿਹਾਗੜਾ | ਮਹਲਾ ੫ | 2 |
| | | | | ਸੂਹੀ | ਮਹਲਾ ੫ | |
| | | | 2. ਮਹਾ ਦੁਤਰੁ ਮਾਇਆ॥ | | | |
| | | ਮਕਰਾ | | ਸੋਰਠਿ | ਮਹਲਾ ੫ | |
| 2 | 12 | | | | | 2 |
| | | | 1. ਹਿਰਦੈ ਨਾਮੁ ਵਸਾਇਹੁ॥ | | | |
| | | ਕਲਸ | | ਮਾਰੂ | ਮਹਲਾ ੫ | |
| | | ਉਲਾਲਾ | 2. ਮਿਲਿ ਸਤਿਗੁਰ ਨਿਸਤਾਰਾ | ਸੋਰਠਿ | ਭਗਤ ਕਬੀਰ ਜੀ | |
| 3 | 13 | | | | | 19 |
| | | | | ਸੋਰਠਿ | ਭਗਤ ਨਾਮਦੇਵ ਜੀ | |
| | | | 1. ਦੁਇ ਦੁਇ ਲੋਚਨ ਪੇਖਾ॥ | | | |
| | | ਕੱਜਲ | | ਬਸੰਤ | ਮਹਲਾ ੫ | |
| | | | 2. ਤਹ ਅਨਹਦ ਸਬਦ ਬਜੰਤਾ॥ | | | |
| 4 | 14 | | | ਬਸੰਤ | ਮਹਲਾ ੫ | 21 |
| | | ਚੌਪਈ | 1. ਮਿਲਿ ਪਾਣੀ ਜਿਉ ਹਰੇ ਬੂਟ॥ | ਪ੍ਰਭਾਤੀ | ਮਹਲਾ ੧ | |
| | | ਹੰਸ | | ਮਲਾਰ | ਮਹਲਾ ੧ | |
| 5 | 15 | | 2. ਮਨ ਮਹਿ ਰਾਖਉ ਆਸ ਏਕ॥ | | | 122 |
| | | ਚੌਪਈ | | ਗਉੜੀ | ਮਹਲਾ ੧ | |
| | | | 1. ਤਾ ਕਾ ਕਹਿਆ ਦਰਿ ਪਰਵਾਣੁ॥ | ਕਾਨੜਾ | ਮਹਲਾ ੫ | |
| 6 | 16 | ਬੈਂਤ | | | | 44 |
| | | | 2. ਇਕ ਦੁਖੁ ਰੋਗੁ ਲਗੈ ਤਨਿ ਧਾਇ॥ | ਆਸਾ | ਮਹਲਾ ੫ | |
| | | | | | | 3 |
| | | | 1. ਨਉ ਦਰਵਾਜੇ ਦਸਵਾ ਦੁਆਰੁ॥ | | | |
| 7 | 18 | | | ਆਸਾ | ਮਹਲਾ ੫ | |
| | | ਬੈਂਤ | 2. ਪੂਜਾ ਚਰਨਾ ਠਾਕੁਰ ਧਰਨਾ॥ | ਗਉੜੀ ਮਾਝ | ਮਹਲਾ ੫ | 18 |
| | | ਮੋਹਿਨੀ | 1. ਹਮ ਆਈ ਵਸਗਤਿ ਗੁਰ ਪਰਸਾਦੇ॥ | ਆਸਾ | ਸ਼ੇਖ ਫਰੀਦ ਜੀ | |
| 8 | 19 | | | | | |
| | | ਹੰਸਗਤਿ | 2. ਨਾਮ ਬਿਨਾ ਮਾਟੀ ਸੰਗਿ ਰਲੀਆ॥ | ਆਸਾ | ਮਹਲਾ ੫ | |
| | | | 1. ਆਉ ਹਮਾਰੈ ਰਾਮ ਪਿਆਰੇ ਜੀਉ॥ | | | 19 |
| | | | | ਆਸਾ | ਮਹਲਾ ੫ | |
| 9. | 20 | | 2. ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥ | | | |

| | | | | | | |
|---|---|---|---|---|---|---|
| | | ਪਲਵੰਗਮ | 1. ਸਾਈ ਅਲਖ ਅਪਾਰ ਭੋਰੀ ਮਨਿ ਵਸੈ॥ | ਆਸਾ | ਮਹਲਾ ੫ | 10 |
| | | ਸਿਰਖੰਡੀ | 2. ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ | ਆਸਾ | ਮਹਲਾ ੫ | |
| 10. | 21 | ਪਉੜੀ | 1. ਮਨੁ ਤਨੁ ਹੋਇ ਨਿਹਾਲੁ ਤੁਮ ਸੰਗਿ ਭੇਟਿਆ | ਬਿਲਾਵਲੁ | ਮਹਲਾ ੫ | 11 |
| | | ਸਿਰਖੰਡ | 2. ਦੂਖੁ ਦਰਦ ਰੋਗਿ ਮਾਇ ਮੈਡਾ ਹਭ ਨਸੈ॥ | ਆਸਾ | ਮਹਲਾ ੫ | |
| 11. | 22 | ਪਉੜੀ ਛੰਦ ਦਾ ਰੂਪ | 1. ਮਾਟੀ ਤੇ ਜਿਨਿ ਸਾਜਿਆ, ਕਰਿ ਦੁਹਲਭ ਦੇਹ॥ | ਕਲਿਆਨ | ਮਹਲਾ ੪ | 20 |
| | | ਪਉੜੀ | 2. ਜਿਸ ਸਿਮਰਤ ਦੁਖੁ ਜਾਇ, ਸਹਜ ਸੁਖ ਪਾਈਐ॥ | ਆਸਾ | ਮਹਲਾ ੫ | |
| 12. | 23 | ਦੋਹਰਾ | 1. ਹਮ ਬਾਰਿਕ ਮਗਧ ਇਆਨ ਪਿਤਾ ਸਮਝਣਹਿਗੇ॥ | ਵਡਹੰਸੁ | ਮਹਲਾ ੧ | 54 |
| | | ਰੂਪਮਾਲਾ | 2. ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨਾ ਕੋਈ॥ | ਆਸਾ | ਮਹਲਾ ੫ | |
| 13. | 24 | ਸੁਗੀਤਿਕਾ | 1. ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥ | ਮਾਰੂ | ਮਹਲਾ ੩ | 41 |
| | | ਮੁਕਤਾਮਣਿ | 2. ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ | ਸਿਰੀਰਾਗੁ | ਮਹਲਾ ੫ | |
| 14 | 25 | ਗੀਤਾ | 1. ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ॥ | ਵਡਹੰਸੁ | ਮਹਲਾ ੩ | 62 |
| | | | 2. ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ॥ | ਤਿਲੰਗ | ਮਹਲਾ ੧ | |
| 15 | 26 | ਪਉੜੀ | | ਸ੍ਰੀ ਰਾਗੁ | ਮਹਲਾ ੩ | 23 |
| | | ਬਿਸ਼ਨੁਪਦ | | ਗੂਜਰੀ | ਮਹਲਾ ੩ | |

| | | | | | | |
|---|---|---|---|---|---|---|
| 16 | 27<br>ਸਰਸੀ | ਉਲਾਲ<br>ਹਰਿਗੀਤਿਕਾ | 1. ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ॥<br>2. ਯਕ ਅਰੰਜ ਗੁਫਤਮ ਪੇਸ ਤੋ ਦਰਗੋਸ ਕੁਲ ਕਰਤਾਰ॥ | ਸ੍ਰੀ ਰਾਗੁ<br>ਧਨਾਸਰੀ | ਮਹਲਾ ੩<br>ਮਹਲਾ ੫ | 32 |
| 17 | 28<br>ਹਰਿਗੀਤਿਕਾ | ਅਮ੍ਰਿਤਘਟ | 1. ਮਨਮੁਖ ਮੋਹਿ ਵਿਆਖਿਆ ਬੈਰਾਗੁ ਉਦਾਸੀ ਨ ਹੋਇ॥<br>2. ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥ | ਆਸਾ<br>ਜੈਤਸਰੀ | ਭਗਤ ਕਬੀਰ ਜੀ<br>ਮਹਲਾ ੫ | 110 |
| 18 | 29 | ਮੰਜੂ | 1. ਹਰਿ ਭਗਤਾ ਹਰਿ ਧਨੁ ਰਾਸਿ ਹੈ ਸੁਰ ਪੂਛਿ ਕਰਹਿ ਵਾਪਾਰੁ॥<br>2. ਵਡੇ ਵਡੇ ਰਾਜਨ ਅਰ ਭੂਮਨ ਤਾ ਕੀ ਤ੍ਰਿਸ਼ਨ ਨ ਬੂਝੀ॥ | ਬਿਲਾਵਲੁ<br>ਭੈਰਉ | ਮਹਲਾ ੪<br>ਮਹਲਾ ੧ | 116 |
| 19 | 30 | ਸਵੈਯੇ ਦਾ ਦੂਜਾ ਰੂਪ<br>,, | 1. ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ॥<br>2. ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥ | ਸਾਰੰਗ<br>ਸੂਹੀ | ਮਹਲਾ ੫<br>ਮਹਲਾ ੩ | 85 |
| 20 | 31 | ਲੀਲਾਵਤੀ | 1. ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ<br>2. ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ॥ | ਸੋਰਠਿ<br>ਰਾਮਕਲੀ | ਮਹਲਾ ੫<br>ਮਹਲਾ ੪ | 42 |
| 21 | 32 | ਡਿਊਢ<br>ਝੂਲਨਾ | 1. ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਹਵਾ॥ | ਗੂਜਰੀ<br>ਗੂਜਰੀ<br>ਗੋਂਡ | ਮਹਲਾ ੪<br>ਮਹਲਾ ੪<br>ਮਹਲਾ ੪ | 41 |

| | | | | | | |
|---|---|---|---|---|---|---|
| 22 | 36 | | 2. ਸਤਿਗੁਰ ਸੇਵਿ ਧਨ ਬਾਲੜੀਏ ਹਰਿ ਵਰ ਪਾਵਹਿ ਸੋਈ ਰਾਮ॥ | ਕੇਦਾਰਾ | ਮਹਲਾ ੪ | 21 |
| | | ਵਿਜਯਾ | 1. ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ॥ | ਗਉੜੀ ਮਾਝ | ਮਹਲਾ ੪ | |
| 23 | 37 | | 2. ਗੁਰਮੁਖ ਸਾਧ ਸੇਈ ਪ੍ਰਭ ਭਾਏ ਕਰਿ ਕਿਰਪਾ ਆਪਿ ਮਿਲਾਵੈ॥ | ਗੌਂਡ | | |
| | | ਡਿਊਢਾ | 1. ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ॥ | ਗਉੜੀ ਮਾਝ | ਮਹਲਾ ੪ | 2 |
| 24 | 40 | ਡਿਊਢਾ | 2. ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ॥ | ਗੌਂਡ | ਮਹਲਾ ੪<br>ਮਹਲਾ ੪ | |
| | | | 1. ਹਰਿ ਸਿਮਰਤ ਸਦਾ ਹੋਇ ਅਨੰਦੁ ਸੁਖੁ ਅੰਤਰਿ ਸਾਂਤਿ ਸੀਤਲ ਮਨੁ ਅਪਨਾ॥ | | | 3 |
| 25 | 42 | | 2. ਸਭ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਈ ਪਾਵੀਐ ਰੇ॥ | | | |
| | | | 1. ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ॥ | | | 2 |
| | | | 2. ਐਸਾ ਹਰਿ ਸੇਵੀਐ ਨਿਤ ਧਿਆਈਐ ਜੋ ਖਿਨ ਮਹਿ ਕਿਲਵਿਖ ਸਤਿ ਕਰੇ ਬਿਨਾਸਾ॥ | | | |
| | | | 1. ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ॥ | | | |
| | | | 2. ਐਸਾ ਹਰਿ ਸੇਵੀਐ, ਨਿਤ ਧਿਆਈਐ, ਜੋ ਖਿਨ ਮਹਿ ਕਿਲਵਿਖ ਸਭਿ ਕਰੇ | | | |

| | | | | | | |
|---|---|---|---|---|---|---|
| | | | ਬਿਨਾਸਾ॥ | | | |

ਨੋਟ : ਇਸ ਸਾਰਨੀ ਵਿਚ ਛੰਦ ਦੀ ਕੱਟੜਤਾ ਦੇ ਨਿਯਮਾਂ ਦਾ ਧਾਰਨੀ ਨਾ ਹੋ ਕੇ ਮਾਤਰਾ ਦੀ ਖੁਲ੍ਹ ਲਈ ਗਈ ਹੈ ਅਤੇ ਹਰ ਚਉਪਦੇ ਦੀ ਵੱਖਰੀ ਔਸਤ ਅਨੁਸਾਰ ਛੰਦ ਦ੍ਰਿਸ਼ਟੀਗੋਚਰ ਕੀਤੇ ਗਏ ਹਨ।

## (ੲ) ਪ੍ਰਤੀਕ

ਪ੍ਰਤੀਕ ਬਾਣੀ ਦਾ ਵੀ ਅਹਿਮ ਅੰਗ ਹਨ। ਮਨੁੱਖ ਦੇ ਵਿਵਹਾਰਿਕ ਜੀਵਨ ਤੇ ਇਹਨਾਂ ਪ੍ਰਤੀਕਾਂ ਦਾ ਪ੍ਰਭਾਵ ਹੁੰਦਾ ਹੈ। ਇਹ ਪ੍ਰਤੀਕ ਮਨੁੱਖ ਸੰਕਲਪਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਕਿਸੇ ਕਵੀ ਦੇ ਕਾਵਿ ਵਿਚਲੇ ਪ੍ਰਤੀਕ ਸੰਕਲਪਾਂ ਦੇ ਰੂੜ ਹੋਣ ਤੋਂ ਬਾਅਦ ਹੋਂਦ ਵਿਚ ਆਉਂਦੇ ਹਨ। ਇਹਨਾ ਸੰਕਲਪਾਂ ਤੋ ਅਧਿਆਤਮਿਕ, ਰਹੱਸਾਤਮਕ ਅਤੇ ਹੋਰ ਕਈ ਕਿਸਮਾਂ ਦੇ ਪ੍ਰਤੀਕ ਹੋਂਦ ਵਿਚ ਆਉਂਦੇ ਹਨ। ਔਕਸਫੋਰਡ ਡਿਕਸ਼ਨਰੀ ਅਨੁਸਾਰ, ਅਜਿਹੇ ਵਸਤੂ ਨੂੰ ਸੰਕਲਪ ਵਿਚ ਰੱਖ ਕੇ ਪੇਸ਼ ਕਰਨਾ, ਜੋ ਪ੍ਰਤੀਕ ਦੇ ਤੌਰ ਤੇ ਹੋਰ ਵਸਤ ਨਾਲ ਸੁਮੇਲਤਾ ਰੱਖਦੀ ਹੋਏ ਅਤੇ ਵਾਸਤਵਿਕ ਤੌਰ ਤੇ ਮਨੁੱਖ ਦੀਆਂ ਯਾਦਾਂ ਵਿਚ ਹੋਵੇ।43 ਇਕ ਰਚਨਾ ਵਿਚ ਪੇਸ਼ ਕੀਤੇ ਪ੍ਰਤੀਕ ਸੰਕੇਤ ਤੌਰ ਤੇ ਹੋਣੇ ਚਾਹੀਦੇ ਹਨ ਅਤੇ ਮਨੁੱਖੀ ਮਾਨਸਿਕਤਾ ਦੇ ਸੰਚਾਰ ਦਾ ਹਿੱਸਾ ਹੋਣੇ ਚਾਹੀਦੇ ਹਨ। "ਕਾਵਿ ਵਿਚ ਪ੍ਰਤੀਕ ਉਹ ਵਸਤੂ ਹੈ, ਜੋ ਕਾਵਿ ਵਿਚ ਦ੍ਰਿਸ਼ ਦੇ ਕਾਰਨ ਨਹੀ, ਬਲਕਿ ਰੂੜੀਗਤ ਸੰਬੰਧਾਂ ਜਾਂ ਸਮਾਨ ਵਿਅੰਜਨਾਂ ਦੇ ਕਾਰਨ ਕਿਸੇ ਦੂਸਰੀ ਵਸਤੂ ਨੂੰ ਸੰਕੇਤਕ ਤੌਰ ਤੇ ਜਾਂ ਪ੍ਰਤੱਖ ਤੌਰ ਤੇ ਪੇਸ਼ ਕਰਦੇ ਹਨ।"44 ਪ੍ਰਤੀਕ ਮਨੁੱਖ ਦੇ ਸੰਕਲਪਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਨ। ਪ੍ਰਤੀਕਾਂ ਵਾਸਤੇ ਮਨੁੱਖ ਸ਼ਬਦ ਸ਼ਕਤੀਆਂ ਦੀ ਵਰਤੋਂ ਕਰਦਾ ਹੈ, ਜਦੋਂ ਅਭਿਧਾ ਸ਼ਕਤੀ ਭਾਵ ਨੂੰ ਉਜਾਗਰ ਨਾ ਕਰ ਸਕੇ, ਉਸ ਸਮੇਂ ਲਕਸ਼ਣਾ ਜਾਂ ਵਿਅੰਜਨਾ ਸ਼ਕਤੀ ਨੂੰ ਅਪਨਾਇਆ ਜਾਂਦਾ ਹੈ।

ਪ੍ਰਤੀਕ ਕਲਾ ਦਾ ਅਜਿਹਾ ਰੂਪ ਹੈ, ਜੋ ਪਾਠਕਾਂ ਵਿਚ ਲਿਖਤ ਨੂੰ ਪੜ੍ਹਨ ਲਈ ਉਤਸੁਕਤਾ ਪੈਦਾ ਕਰਦਾ ਹੈ। ਪ੍ਰਤੀਕਾਂ ਦੀ ਚੋਣ ਕਰਨਾ, ਰਚਨਾਕਾਰ ਤੇ ਨਿਰਭਰ ਕਰਦਾ ਹੈ ਕਿਉਂਕਿ ਕਈ ਵਾਰ ਕਵੀ ਵਿਅਕਤੀਗਤ ਤੌਰ ਤੇ ਸੰਕਲਪਾਂ ਨੂੰ ਘੜਦਾ ਹੈ ਉਹ ਉਸ ਦੇ ਨਿੱਜੀ ਜੀਵਨ ਨਾਲ ਸੰਬੰਧਿਤ ਹੁੰਦੇ ਹਨ। ਅਜਿਹੀ ਕਵਿਤਾ ਦੇ ਭਾਵ ਅਰਥ ਹਰ ਮਨੁੱਖ ਦੀ ਸਮਝ ਦਾ ਹਿੱਸਾ ਨਹੀਂ ਬਣ ਸਕਦੇ ਇਸ ਵਾਸਤੇ ਸਮੂਹਿਕ ਸੰਕਲਪਾਂ ਨੂੰ ਲੈ ਕੇ ਲਿਖੀ ਕਵਿਤਾ ਵਧੇਰੇ ਸੰਚਾਰ ਦਾ ਸਾਧਨ ਬਣਦੀ ਹੈ। ਕਵਿਤਾ ਵਿਚ ਨਿਜੀ ਪ੍ਰਤੀਕਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਗੁਰਬਾਣੀ ਵਿਚ ਆਮ ਤੌਰ ਤੇ ਸਮਾਜ ਨਾਲ ਸੰਬੰਧਤ ਪ੍ਰਤੀਕਾਂ ਨੂੰ ਲਿਆ ਜਾਂਦਾ ਹੈ। ਇਸ ਤੋਂ ਸੰਕੇਤ ਮਿਲਦਾ ਕਿ ਪ੍ਰਤੀਕ ਸਿਰਜਣਾਤਮਕ ਹੋਂਦ ਰੱਖਦੇ ਹਨ। "ਪ੍ਰਤੀਕ ਤਾਂ ਹੀ ਪ੍ਰਤੀਕ ਹੈ ਜਦੋਂ ਉਹ ਸਿਰਜਿਆ ਜਾਂਦਾ ਹੈ, ਜਦੋਂ ਜਿਸ ਕਿਸੇ ਵਸਤ ਨੂੰ ਵੀ ਬਾਹਰੋਂ ਪਕੜ ਕੇ ਵਰਤਿਆ ਜਾਂਦਾ ਹੈ ਉਹ ਪ੍ਰਤੀਕ ਨਹੀਂ ਚਿਹਨ ਹੁੰਦੀ ਹੈ। ਜਿਸ ਕਿਸੇ ਵਸਤ ਦੇ ਵੀ ਅਰਥ ਨਿਸ਼ਚਿਤ ਹਨ ਉਹ ਪ੍ਰਤੀਕ ਨਹੀਂ, ਕਿਉਂਕਿ ਪ੍ਰਤੀਕ ਦੇ ਅਰਥ ਨਹੀਂ ਹੁੰਦੇ।"45 ਗੁਰਬਾਣੀ ਵਿਚ ਵਰਤੇ ਗਏ ਪ੍ਰਤੀਕ ਸਮਾਜ ਦੀ ਅਗਵਾਈ ਕਰਦੇ ਹਨ। ਇਹ ਪ੍ਰਤੀਕ ਸੰਗੀਤ ਕਲਾ ਦੇ ਸਾਧਨਾ ਰਾਹੀਂ ਮਨੁੱਖ ਦੇ ਮਨ ਨੂੰ ਟੁੰਬਦੇ ਹਨ। ਇਸ ਸੰਚਾਰ ਦੇ ਪ੍ਰਭਾਵ ਕਾਰਨ, ਮਨੁੱਖ ਰਹੱਸਾਤਮਕ ਸ੍ਰਿਸ਼ਟੀ ਦੀਆਂ ਪਰਤਾਂ ਨੂੰ ਫਰੋਲਣਾ ਚਾਹੁੰਦਾ ਹੈ। ਮਨੁੱਖ ਆਤਮਾ ਪਰਮਾਤਮਾ ਦੀ ਸਮਝ ਦੁਆਰਾ ਸੰਸਾਰਕ ਕਾਰਜਾਂ ਤੋਂ ਨਿਰਲੇਪ ਹੋਣਾ ਲੋਚਦਾ ਹੈ। ਗੁਰਬਾਣੀ ਦੇ ਹਰ ਚਉਪਦੇ ਵਿਚ ਕੋਈ ਨਾ ਕੋਈ ਪ੍ਰਤੀਕ ਸੰਕੇਤ ਦੇ ਤੌਰ ਤੇ ਦਰਜ ਹੈ। ਕੁਝ ਪ੍ਰਤੀਕਾਂ ਦੀ ਉਦਾਹਰਨ ਇਸ ਪ੍ਰਕਾਰ ਹੈ :

ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥ (ਗੁ. ਗ੍ਰੰ. 730)

ਆਪਿ ਸੁਜਾਣ ਨ ਭੁਲਈ ਸਚ ਵਡਾ ਕਿਰਸਾਣੁ॥ (ਗੁ. ਗ੍ਰੰ. 180)

ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ (ਗੁ. ਗ੍ਰੰ. 23)

ਇਹਨਾਂ ਤੁਕਾਂ ਵਿਚ ਵਣਜਾਰਾ, ਕਿਰਸਾਨੁ, ਪਰਮਾਤਮਾ ਜਾ ਅਕਾਲ ਪੁਰਖ ਦਾ ਪ੍ਰਤੀਕ ਹੈ ਅਤੇ ਤੀਜੀ ਤੁਕ ਵਿਚ ਪੁਰਾਣਾ ਚੋਲਾ ਹੰਢੇ ਸਰੀਰ ਦੇ ਪ੍ਰਤੀਕ ਦੇ ਤੌਰ ਤੇ ਲਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਚਉਪਦਿਆਂ ਦੀਆਂ ਤੁਕਾਂ ਵਿਚ ਬਿੰਬ ਤੇ ਪ੍ਰਤੀਕ ਇਕੱਠੇ ਵੀ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਤੁਕ ਦੇ ਸੰਪੂਰਨ ਅਰਥ ਉਜਾਗਰ ਹੋ ਜਾਂਦੇ ਹਨ, ਜਦੋਂ ਕੋਈ ਬਿੰਬ ਦ੍ਰਿਸ਼ ਰੂਪ ਵਿਚ ਵੇਖਿਆ ਜਾਵੇ ਅਤੇ ਬਾਅਦ ਵਿਚ ਉਸ ਦੇ ਸੰਕਲਪ ਰੂੜ ਹੋ ਜਾਣ। ਉਹ ਪ੍ਰਤੀਕ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਬਿੰਬਾਂ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਪ੍ਰਤੀਕ ਦਿਖਾਈ ਦਿੰਦੇ ਹਨ। ਬਿੰਬ ਤੁਕਾਂ ਵਿਚ ਦ੍ਰਿਸ਼ ਦੇ ਤੌਰ ਤੇ ਸਾਹਮਣੇ ਆਉਂਦੇ ਹਨ, ਜਦਕਿ ਪ੍ਰਤੀਕ ਮਨੁੱਖੀ ਮਾਨਸਿਕਤਾ ਦੀ ਗ੍ਰਹਿਣ

ਕਰਨ ਦੀ ਯੋਗਤਾ ਤੇ ਨਿਰਭਰ ਕਰਦੇ ਹਨ। ਬਿੰਬ ਪ੍ਰਤੀਕ ਦੀਆਂ ਸਾਂਝੀਆਂ ਉਦਾਹਰਨਾਂ ਦੇ ਕੇ ਇਸ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ :

1. ਉਡਰਿ ਹੰਸੁ ਚਲਿਆ ਫੁਰਮਾਇਆ ਭਸਮੇ ਭਸਮ ਸਮਾਈ॥ (ਗੁ. ਗ੍ਰੰ. 1111)

ਇਸ ਤੁਕ ਵਿਚ ਹੰਸ ਨੂੰ ਜਦੋਂ ਦ੍ਰਿਸ਼ ਦੇ ਤੌਰ ਤੇ ਲਿਆ ਜਾਂਦਾ ਹੈ, ਉਸ ਸਮੇਂ ਪੰਛੀ ਦੇ ਤੌਰ ਤੇ ਬਿੰਬ ਰੂਪ ਵਿਚ ਸਾਹਮਣੇ ਆਉਂਦਾ ਹੈ, ਜਦੋਂ ਮਨੁੱਖੀ ਮਾਨਸਿਕਤਾ ਇਹਨਾ ਸ਼ਬਦਾਂ ਨੂੰ ਗ੍ਰਹਿਣ ਕਰਦੀ ਹੈ। ਉਸ ਸਮੇਂ ਹੰਸ ਆਤਮਾ ਦਾ ਪ੍ਰਤੀਕ ਬਣ ਜਾਂਦਾ ਹੈ :

2. ਸਸੂ ਤੇ ਪਿਰਿ ਕੀਨੀ ਵਾਖਿ

ਦੇਰ ਜਿਠਾਣੀ ਮੂਈ ਦੁਖਿ ਸੰਤਾਪਿ॥ (ਗੁ. ਗ੍ਰੰ. 370)

ਇਸ ਤੁਕ ਵਿਚ ਸੱਸ, ਪਿਰਿ, ਦੇਰ, ਜਿਠਾਣੀ ਸਮਾਜਿਕ ਰਿਸ਼ਤੇ ਬਿੰਬ ਦੇ ਤੌਰ ਤੇ ਵਿਖਾਈ ਦੇ ਰਹੇ ਹਨ। ਜਦੋਂ ਸ਼ਬਦ ਸਧਾਰਨ ਅਰਥਾਂ ਤੋਂ ਵਿਸ਼ੇਸ਼ ਅਰਥਾਂ ਨੂੰ ਗ੍ਰਹਿਣ ਕਰਨ ਲਈ ਵਰਤੇ ਜਾਣ, ਉਸ ਸਮੇਂ ਸੱਸ ਨੂੰ ਮਾਇਆ, ਪਿਰਿ ਨੂੰ ਪਰਮਾਤਮਾ ਦਾ, ਦੇਰ ਨੂੰ ਇੱਛਾਵਾਂ ਦਾ ਅਤੇ ਜਿਠਾਣੀ ਨੂੰ ਤ੍ਰਿਸ਼ਨਾਂ ਦੇ ਪ੍ਰਤੀਕ ਅਨੁਸਾਰ ਵੇਖਿਆ ਜਾ ਸਕਦਾ ਹੈ।

### (ਸ) ਅਲੰਕਾਰ

ਅਲੰਕਾਰ ਨੂੰ ਅੰਗਰੇਜ਼ੀ ਵਿਚ Ornament ਕਹਿੰਦੇ ਹਨ। ਇਸ ਦਾ ਅਰਥ ਸਜਾਵਟ ਲਿਆ ਜਾਂਦਾ ਹੈ। ਹਰ ਵਸਤ ਜਾ ਪ੍ਰਾਣੀ ਨੂੰ ਸ਼ਿੰਗਾਰਨ ਵਾਸਤੇ ਹੋਰ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ। ਔਰਤ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸ਼ਿੰਗਾਰਦੀ ਹੈ, ਘਰ ਨੂੰ ਫ਼ਰਨੀਚਰ ਨਾਲ ਸ਼ਿੰਗਾਰਿਆ ਜਾਂਦਾ ਤੇ ਰਸੋਈ ਵਿਚ ਬਰਤਨਾਂ ਆਦਿ ਦੀ ਤਰਤੀਬ ਦੁਆਰਾ ਸੁਹਪਣ ਸਿਰਜਿਆ ਜਾਂਦਾ ਹੈ। ਇਹ ਵਸਤਾਂ ਸਾਡੀਆਂ ਰੋਜ਼ਾਨਾਂ ਵਰਤੋਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦੀਆਂ ਹਨ। ਇਸੇ ਤਰ੍ਹਾਂ ਕਿਸੇ ਕਾਵਿ ਰਚਨਾ ਦਾ ਅਸਲ ਮੁਹਾਂਦਰਾ ਅਲੰਕਾਰਾਂ ਨਾਲ ਨਿਖੜਦਾ ਹੈ। ਕਿਸੇ ਕਾਵਿ ਰਚਨਾ ਨੂੰ ਲੋਕਪ੍ਰਿਯ ਬਣਾਉਣ ਵਾਸਤੇ ਉਸ ਵਿਚ ਅਲੰਕਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਅਲੰਕਾਰ ਪਾਠਕ ਅੰਦਰ ਕਾਵਿ ਪ੍ਰਤੀ ਉਤਸੁਕਤਾ ਪੈਦਾ ਕਰਦੇ ਹਨ। ਆਚਾਰੀਆ ਮੰਮਟ ਅਨੁਸਾਰ, ਹਾਰ ਆਦਿ ਗਹਿਣੇ ਇਸਤਰੀ ਦੇ ਗਲੇ ਦੀ ਸ਼ੋਭਾ ਵਧਾਉਂਦੇ ਹਨ ਅਤੇ ਅੱਖਾਂ ਵਿਚ ਚਮਤਕਾਰ ਪੈਦਾ ਕਰਦੇ ਹਨ। ਇਸੇ ਤਰ੍ਹਾਂ ਅਲੰਕਾਰ ਨੀਰਸ ਕਾਵਿ ਵਿਚ ਉਕਤੀ ਦਾ ਚਮਤਕਾਰ ਵਿਖਾਉਂਦੇ ਹਨ।46 ਇਥੇ ਸੰਕੇਤ ਮਿਲਦਾ ਕਾਵਿ ਵਿਚ ਅਲੰਕਾਰਾਂ ਨੂੰ ਪੇਸ਼ ਕਰਨਾ, ਕਵੀ ਦੀ ਕਲਾ ਦਾ ਨਮੂਨਾ ਹੁੰਦਾ ਹੈ, ਜੋ ਕਾਵਿ ਦੇ ਅਸਲ ਗੁਣਾਂ ਨੂੰ ਸਮਝਣ ਵਿਚ ਸਹਾਇਤਾ ਕਰਦਾ ਹੈ। ਓਮ ਪ੍ਰਕਾਸ਼ ਸ਼ਰਮਾ ਅਨੁਸਾਰ, ਅਲੰਕਾਰਾਂ ਦਾ ਪ੍ਰਯੋਜਨ ਹੈ, ਕਿਸੇ ਵਰਨਣ-ਗੋਚਰੇ ਭਾਵ ਜਾ ਵਿਚਾਰ ਨੂੰ ਚੋਟੀ ਤੱਕ ਪਚਾਉਣਾ, ਕਿਸੇ ਵਸਤੂ ਦੇ ਰੂਪ, ਆਕਾਰ ਅਤੇ ਗੁਣ ਨੂੰ ਵਧਾ ਕੇ ਵਿਖਾਉਣਾ, ਕਿਸੇ ਪਦਾਰਥ ਦੇ ਰੰਗ ਜਾਂ ਉਸ ਦੀਆਂ ਹੋਰ ਵਿਸ਼ੇਸ਼ਤਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਰੂਪ ਵਿਚ

ਪ੍ਰਗਟਾਉਣਾ ਅਤੇ ਕਵੀ ਦੇ ਕਥਨ ਨੂੰ ਚਮਤਕਾਰਕ ਬਣਾਉਣਾ।47 ਕਾਵਿ ਦੇ ਸੰਕਲਪਾਂ ਨਾਲ ਅਲੰਕਾਰਾਂ ਦੀ ਪੇਸ਼ਕਾਰੀ ਕਰਨੀ, ਕਵੀ ਦੀ ਰਚਨਾ ਪ੍ਰਤੀ ਸੋਹਜ ਦੀ ਬਿਰਤੀ ਦਾ ਦਰਪਣ ਹੁੰਦਾ ਹੈ।

ਅਲੰਕਾਰਾਂ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਜਾਂਦਾ ਹੈ। ਕੁਝ ਸੰਕਲਪ ਅਜਿਹਾ ਦ੍ਰਿਸ਼ ਚਿਤਰਣ ਕਰਦੇ ਹਨ ਜਿਸ ਨਾਲ ਅਲੰਕਾਰ ਵਿਚ ਵੀ ਬਿੰਬ ਨਜ਼ਰ ਆਉਂਦੇ ਹਨ।

1. ਸ਼ਬਦ ਅਲੰਕਾਰ

2. ਅਰਥ ਅਲੰਕਾਰ

3. ਸ਼ਬਦਾਰਥ ਅਲੰਕਾਰ

1. ਸ਼ਬਦ ਅਲੰਕਾਰ : ਸ਼ਬਦ ਅਲੰਕਾਰ ਵਿਚ ਸ਼ਬਦਾਂ ਦੇ ਅਰਥਾਂ ਤੋਂ ਹੋਰ ਅਰਥਾਂ ਦਾ ਪ੍ਰਗਟਾ ਹੋਣਾ, ਸ਼ਬਦ ਅਲੰਕਾਰ ਕਿਹਾ ਜਾਂਦਾ ਹੈ। ਸ਼ਬਦ ਅਲੰਕਾਰ ਵਿਚ ਅਨੁਪ੍ਰਾਸ, ਯਮਕ, ਸਲੇਸ਼ ਅਤੇ ਵਕ੍ਰੋਕਤੀ ਆਦਿ ਅਲੰਕਾਰਾਂ ਨੂੰ ਲਿਆ ਜਾਂਦਾ ਹੈ।

(ੳ) ਅਨੁਪ੍ਰਾਸ ਅਲੰਕਾਰ : ਅਨੁਪ੍ਰਾਸ ਅਲੰਕਾਰ ਸ਼ਬਦ ਅਲੰਕਾਰ ਦੀ ਵੰਨਗੀ ਹੈ। ਇਹਨਾਂ ਵਾਕਾਂ ਵਿਚ ਸਮਾਨਤਾ ਵਾਲੇ ਸ਼ਬਦਾਂ ਦਾ ਵਾਰ-ਵਾਰ ਦੁਹਰਾ ਹੁੰਦਾ ਹੈ ਉਸ ਨੂੰ ਅਨੁਪ੍ਰਾਸ ਅਲੰਕਾਰ ਕਿਹਾ ਜਾਂਦਾ ਹੈ, ਜਿਵੇਂ :

ਕੁਚਿਨ ਕਰੂਪ ਕੁਨਾਰਿ ਕੁਲਖਣੀ
ਪਿਰ ਕਾ ਸਹਜ ਨੇ ਜਾਨਿਆ॥ (ਗੁ. ਗ੍ਰੰ. 1197)

(ਅ) ਯਮਕ ਅਲੰਕਾਰ : ਜਦੋਂ ਤੁਕ ਵਿਚ ਇਕ ਸ਼ਬਦ ਦੋ ਜਾ ਤਿੰਨ ਵਾਰ ਅੰਕਿਤ ਹੋਵੇ ਪਰੰਤੂ ਅਰਥਾਂ ਵਿਚ ਭਿੰਨਤਾ ਹੋਵੇ ਉਸ ਸਮੇਂ ਯਮਕ ਅਲੰਕਾਰ ਕਿਹਾ ਜਾਂਦਾ ਹੈ, ਜਿਵੇਂ :

ਭਾਂਤਿ ਭਾਂਤਿ ਬਨ ਬਨ ਅਵਗਾਹੇ॥ (ਗੁ. ਗ੍ਰੰ. 98)

(ੲ) ਸਲੇਸ਼ ਅਲੰਕਾਰ : ਸਲੇਸ਼ ਅਲੰਕਾਰ ਸ਼ਬਦ ਅਲੰਕਾਰ ਦੀ ਵੰਨਗੀ ਵਿਚ ਆਉਂਦਾ ਹੈ। ਮਹਾਨ ਕੋਸ਼ ਅਨੁਸਾਰ, ਇਕ ਸ਼ਬਦ ਦੇ ਅਨੇਕ ਅਰਥ ਪ੍ਰਗਟ ਹੋਣ ਤੇ, ਉਸ ਸਮੇਂ ਸਲੇਸ਼ ਅਲੰਕਾਰ ਹੁੰਦਾ ਹੈ।48 ਅਜਿਹੇ ਵਾਕਾਂ ਨੂੰ ਸਲੇਸ਼ ਅਲੰਕਾਰ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ, ਜਿਵੇਂ :

ਗੁਰਦਰਸਨ ਉਧਰੈ ਸੰਸਾਰਾ॥ (ਗੁ. ਗ੍ਰੰ. 360)

(ਸ) ਵਕ੍ਰੋਕ੍ਰਤੀ ਅਲੰਕਾਰ : ਵਕ੍ਰੋਕ੍ਰਤੀ ਦਾ ਅਰਥ ਹੈ, ਕਿਸੇ ਗੱਲ ਨੂੰ ਘੁੰਮਾ ਕੇ ਕਰਨਾ ਜਾਂ ਜਦੋਂ ਭਾਵਾਂ ਦੀ ਅੰਤਰ ਦ੍ਰਿਸ਼ਟੀ ਵਿਚ ਭੇਦ ਛੁਪਿਆ ਹੋਵੇ। ਵਕ੍ਰੋਕ੍ਰਤੀ ਕਾਵਿ ਦੇ ਮੁਹਾਂਦਰੇ ਵਿਚ ਪਲ ਭਰ ਲਈ, ਅਜਿਹੇ ਭੇਦ ਨੂੰ ਪੇਸ਼ ਕਰਦੀ ਹੈ। ਜਿਸ ਵਿਚ ਚਮਤਕਾਰ ਛਿਪਿਆ ਹੁੰਦਾ ਹੈ, ਜਿਵੇਂ :

ਕਹੁ ਕਬੀਰ ਪਰਗਟ ਭਈ ਖੇਡ॥

ਲੇਲੇ ਕਉ ਚੂਘੈ ਨਿਤ ਭੇਡ॥ (ਗੁ. ਗ੍ਰੰ. 326)

ਅਰਥ ਅਲੰਕਾਰ : ਜਦੋਂ ਕਾਵਿ ਵਿਚਲੇ ਅਰਥ ਮਨ ਨੂੰ ਪ੍ਰਭਾਵਿਤ ਕਰਨ ਦੀ ਯੋਗਤਾ ਰੱਖਦੇ ਹਨ। ਉਸ ਕਾਵਿ ਨੂੰ ਅਰਥ ਅਲੰਕਾਰ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਅਰਥ ਉਕਤੀ ਅਲੰਕਾਰ ਦੀਆਂ ਬਹੁਤ ਵੰਨਗੀਆਂ ਹਨ ਗੁਰਬਾਣੀ ਦੇ ਚਉਪਦਿਆਂ ਅਨੁਸਾਰ ਇਸ ਨੂੰ ਉਪਮਾ, ਰੂਪਕ, ਅਤਿਕਥਨੀ, ਦ੍ਰਿਸ਼ਟਾਂਤ, ਵਿਰੋਧਭਾਸ, ਅਸੰਭਵ ਆਦਿ ਅਲੰਕਾਰਾਂ ਵਿਚ ਵੰਡਿਆ ਜਾਂਦਾ ਹੈ।

(ੳ) ਉਪਮਾ ਅਲੰਕਾਰ : ਉਪਮਾ ਸਸੰਕ੍ਰਿਤ ਦਾ ਸ਼ਬਦ ਹੈ। ਉਪਮਾ ਦਾ ਅਰਥ ਤੁਲਨਾ ਤੋਂ ਲਿਆ ਜਾਂਦਾ ਹੈ। ਉਪਮੇਯ ਭਾਵ ਤੁਲਨਾ ਕਰਨ ਯੋਗ ਵਸਤੂ ਹੈ। ਉਪਮਾ ਤੇ ਉਪਮੇਯ ਵਿਚ ਫਰਕ ਦੇ ਬਾਵਜੂਦ ਸਾਂਝੇ ਗੁਣ ਨੂੰ ਲਿਆ ਜਾਵੇ। ਉਸ ਨੂੰ ਉਪਮਾ ਅਲੰਕਾਰ ਕਿਹਾ ਜਾਂਦਾ ਹੈ। ਜਿਵੇਂ :

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨ॥ (ਗੁ. ਗ੍ਰੰ. 1164)

(ਅ) ਰੂਪਕ ਅਲੰਕਾਰ : ਰੂਪਕ ਅਲੰਕਾਰ ਦੀ ਕਾਵਿ ਜਗਤ ਵਿਚ ਵਿਸ਼ੇਸ਼ ਮਹੱਤਤਾ ਹੈ, ਜਦੋਂ ਉਪਮਾ ਤੇ ਉਪਮੇਯ ਵਿਚ ਸਮਾਨਤਾ ਦਾ ਪ੍ਰਗਟਾ ਕੀਤਾ ਜਾਂਦਾ ਹੈ। ਰੂਪਕ ਅਲੰਕਾਰ ਦੀ ਵਰਤੋਂ ਆਮ ਤੌਰ ਤੇ ਬਿੰਬਾਂ ਲਈ ਕੀਤੀ ਜਾਂਦੀ ਹੈ। ਜਿਵੇਂ :

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚ ਪਾਇਆ ਤੇਲੁ॥ (ਗੁ. ਗ੍ਰੰ. 358)

(ੲ) ਅਤਿਕਥਨੀ ਅਲੰਕਾਰ : ਕਿਸੇ ਗੱਲ ਨੂੰ ਵਧਾ ਚੜਾ ਕੇ ਕਹਿਣਾ, ਅਤਿਕਥਨੀ ਅਲੰਕਾਰ ਹੁੰਦਾ ਹੈ। ਜਿਵੇਂ :

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰ ਮਿਲੈ ਤਿਨੇਹਾ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥ (ਗੁ. ਗ੍ਰੰ. 14)

(ਸ) ਦ੍ਰਿਸ਼ਟਾਂਤ ਅਲੰਕਾਰ : ਦ੍ਰਿਸ਼ਟਾਂਤ ਅਲੰਕਾਰ ਵਿਚ ਉਪਮੇਯ ਤੇ ਉਪਮਾਨ ਅਨੁਸਾਰ, ਵਾਕ ਦੇ ਗੁਣਾਂ ਵਿਚਲੇ ਬਿੰਬ ਦੇ ਭਾਵਾਂ ਨੂੰ ਸਾਕਾਰ ਕੀਤਾ ਜਾਂਦਾ ਹੈ। ਜਦੋਂ ਅਸਲ ਵਸਤੂ ਤੇ ਬਿੰਬ ਵਿਚ ਕੋਈ ਫ਼ਰਕ ਨਾ ਹੋਵੇ। ਅਜਿਹੇ ਵਾਕਾਂ ਵਿਚ ਇਕ ਕਥਨ ਨੂੰ ਦੂਸਰੇ ਕਥਨ ਨਾਲ ਸਮਾਨਤਾ ਦੇ ਭਾਵਾਂ ਕਾਰਨ ਜੋੜਿਆ ਜਾਂਦਾ ਹੈ। ਜਿਵੇਂ :

ਛੈਲ ਲੰਘਦੇ ਪਾਰਿ ਗੋਰੀ ਮਨ ਧੀਰਿਆ॥ (ਗੁ. ਗ੍ਰੰ. 488)

(ਹ) ਵਿਰੋਧਭਾਸ ਅਲੰਕਾਰ : ਜਦੋਂ ਵਾਕ ਵਿਚ ਵਿਰੋਧ ਦਾ ਭੁਲੇਖਾ ਪੈ ਰਿਹਾ ਹੋਵੇ ਉਸ ਨੂੰ ਵਿਰੋਧਭਾਸ ਅਲੰਕਾਰ ਕਿਹਾ ਜਾਂਦਾ ਹੈ। ਜਿਵੇਂ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ

ਕਵਣ ਬੁਝੈ ਬਿਧਿ ਜਾਣੈ॥ (ਗੁ. ਗ੍ਰੰ. 878)

(ਕ) ਅਸੰਭਵ ਅਲੰਕਾਰ : ਜਦੋਂ ਕਿਸੇ ਅਸੰਭਵ ਕਾਰਜ ਨੂੰ ਨੇਪਰੇ ਚਾੜਿਆ ਜਾਂਦਾ ਹੈ ਭਾਵ ਉਸ ਕਾਰਜ ਨੂੰ ਕਰ ਲਿਆ ਜਾਂਦਾ ਹੈ। "ਮੱਧਕਾਲ ਵਿਚ ਜਯਦੇਵ ਨੇ ਆਪਣੇ ਗ੍ਰੰਥ ਚ੍ਰੰਦਾਲੋਕ ਵਿਚ ਇਸ ਦਾ ਜ਼ਿਕਰ ਕੀਤਾ ਹੈ।"49 ਜਿਵੇਂ :

ਧਰਤੀ ਤੇ ਆਕਾਸਿ ਚੜਾਵੈ ਚੜੇ ਅਕਾਸਿ ਗਿਰਾਵੈ॥

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥ (ਗੁ. ਗ੍ਰੰ. 1252)

3. ਸ਼ਬਦਾਰਥ ਅਲੰਕਾਰ : ਅਜਿਹੇ ਕਥਨ ਜਿਥੇ ਸ਼ਬਦ ਤੇ ਅਰਥ ਅਲੰਕਾਰ ਦੀ ਸੁਮੇਲਤਾ ਦੁਆਰਾ ਕਾਵਿ ਦੀ ਰਚਨਾ ਕੀਤੀ ਜਾਂਦੀ ਹੈ। ਭਾਵ ਦੋਵਾ ਅਲੰਕਾਰ ਦੇ ਭਾਵਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਜਾਂਦਾ ਹੈ ਉਹਨਾ ਨੂੰ ਸ਼ਬਦਾਰਥ ਅਲੰਕਾਰ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਕਾਵਿ ਵਿਚ ਵਰਤੇ ਅਲੰਕਾਰ ਦ੍ਰਿਸ਼ ਬਿੰਬਾਂ ਰਾਹੀਂ ਲਿਖਤ ਦੇ ਗੁਣਾਂ ਦੀ ਅਭਿਵਿਅਕਤੀ ਕਰਦੇ ਹਨ ਅਤੇ ਕਾਵਿ ਵਿਚ ਅਲੰਕਾਰਾਂ ਦੀ ਪੇਸ਼ਕਾਰੀ ਗਾਗਰ ਵਿਚ ਸਾਗਰ ਭਰਨ ਦੇ ਸਮਾਨ ਹੁੰਦੀ ਹੈ। ਇਸ ਨਾਲ ਕਵੀ ਆਪਣੇ ਸੰਕਲਪਾਂ ਨੂੰ ਸਮਝਾਉਣ ਦੇ ਸਮਰੱਥ ਬਣਦਾ ਹੈ।

## (ਹ) ਬਿੰਬ

ਕਾਵਿ ਸਾਹਿਤ ਦਾ ਘੇਰਾ ਬਹੁਤ ਵਿਸ਼ਾਲ ਹੈ। ਕਾਵਿ ਦੀ ਸਿਰਜਣਾ ਤੱਤਾਂ ਦੀ ਹੋਂਦ ਦੁਆਰਾ ਸਾਕਾਰ ਹੁੰਦੀ ਹੈ। ਕਾਵਿ ਦੇ ਤੱਤ ਕਵਿਤਾ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਲੈਂਦੇ ਹਨ। ਕਵਿਤਾ ਦਾ ਰੂਪ ਅਤੇ ਵਸਤੂ ਕਾਵਿ ਤੱਤਾਂ ਦੀ ਮਦਦ ਨਾਲ ਪਸਰਦਾ ਹੈ। ਇਹਨਾਂ ਵਿਚ ਮੁੱਖ ਤੱਤ ਬਿੰਬ ਵੀ ਹੈ, ਜੋ ਮਨੁੱਖ ਦੇ ਅਮੂਰਤ ਮਨ ਵਿਚ ਪ੍ਰਤੱਖ ਜਾਂ ਕਲਪਨਾ ਦੇ ਤੌਰ ਤੇ ਦ੍ਰਿਸ਼ਮਾਨ ਹੁੰਦਾ ਹੈ, ਬਿੰਬਾਂ ਦਾ ਉਚਾਰ ਕਲਪਨਾ ਤੇ ਭਾਵਨਾਵਾਂ ਦੇ ਵੇਗ ਦੁਆਰਾ ਮਨੁੱਖ ਦੇ ਮਨ ਵਿਚ ਚਿੱਤਰਾ ਦੁਆਰਾ ਅੰਕਿਤ ਹੁੰਦਾ ਹੈ। ਬਿੰਬ ਕਲਪਨਾ ਸ਼ਕਤੀ ਦੁਆਰਾ ਵਿਚਾਰਾਂ ਦੇ ਪ੍ਰਵਾਹ ਅਤੇ ਮਨੁੱਖੀ ਮਨ ਦੀ ਅਭਿਵਿਅਕਤੀ ਦਾ ਚਿੱਤਰ ਹੁੰਦਾ ਹੈ। ਹਰ ਮਨੁੱਖ ਵਿਚ ਕਲਪਨਾ ਦੀ ਸਿਰਜਣਾ ਜਨਮ ਜਾਤ ਅਨੁਸਾਰ ਹੁੰਦੀ ਹੈ। ਇਸ ਕਲਪਨਾ ਦੇ ਸਹਾਰੇ ਮਨੁੱਖ ਭਵਿੱਖ ਪ੍ਰਤੀ ਸੁਪਨਿਆਂ ਦੀਆਂ ਤੰਦਾਂ ਨੂੰ ਬੁਣਦਾ ਹੈ। ਕਾਵਯ ਬਿੰਬ ਅਨੁਸਾਰ, ਸਧਾਰਨ ਮਨੁੱਖ ਦੀ ਕਲਪਨਾ ਵਿਵਹਾਰਕ ਧਰਾਤਲ ਨਾਲ ਜੁੜੀ ਹੋਵੇਗੀ ਅਤੇ ਕਵੀ ਕਲਪਨਾ ਨੂੰ ਕਲਾਤਮਕ ਕਲਪਨਾ ਕਿਹਾ ਹੈ।50 ਆਮ ਮਨੁੱਖ ਜ਼ਰੂਰਤਾਂ ਦੇ ਘੇਰੇ ਤੱਕ ਸੀਮਤ ਰਹੇਗਾ, ਪਰੰਤੂ ਕਵੀ ਕੁਦਰਤ ਦੇ ਸਜੀਵ ਨਜ਼ਾਰਿਆਂ ਅਤੇ ਮਨੁੱਖੀ ਚਿੰਤਨ ਦੇ ਸੰਕਲਪਾਂ ਦੀ ਦ੍ਰਿਸ਼ਟੀ ਨਾਲ ਕਲਪਨਾ ਨੂੰ ਸਿਰਜਦਾ ਹੈ, ਜੋ ਮਨੁੱਖ ਲਈ ਇਕ ਸੇਧ ਦਾ ਕਾਰਜ ਕਰਦੀ ਹੈ ਅਤੇ ਮਨੁੱਖ ਦਾ ਮਨ ਦ੍ਰਿਸ਼ਾਂ ਨੂੰ ਪੇਸ਼ ਕਰਨ ਦੀ ਚੇਸ਼ਟਾ ਕਰਦਾ ਹੈ। ਇਸ ਪ੍ਰਕਾਰ ਬਿੰਬ ਦਾ ਅਸਲ ਉਭਾਰ ਉਸ ਸਮੇਂ ਹੁੰਦਾ ਹੈ, ਜਦੋਂ ਕਵੀ ਦੀ ਕਲਪਨਾ ਨਾਲ ਸਰੋਤੇ ਦੀਆਂ ਅਵਚੇਤਨੀ ਯਾਦਾਂ ਦੀ ਅਭੇਦਤਾ ਹੋ ਜਾਂਦੀ ਹੈ। ਬਿੰਬ ਦਾ ਪੈਦਾ ਹੋਣਾ, ਉਸ ਸਮੇਂ ਸਾਰਥਕ ਹੁੰਦਾ ਹੈ, ਜਦੋਂ ਕਵੀ ਕਵਿਤਾ ਨੂੰ ਅਨੁਭਵ ਕਰਦਾ ਹੈ ਉਸ ਦੇ ਧੁਰ ਅੰਦਰ ਤੱਕ ਉਤਰਦਾ ਹੈ। ਅਸਲ ਸੁਰ ਨੂੰ ਪਹਿਚਾਣ ਕੇ ਨਿਸ਼ਚਿਤ ਬਿੰਬ ਨੂੰ ਉਭਾਰਦਾ ਹੈ। ਔਕਸਫੋਰਡ ਡਿਕਸ਼ਨਰੀ ਅਨੁਸਾਰ, ਕੋਈ ਵਿਅਕਤੀ ਜਾ ਵਸਤੂ ਕਿਸੇ ਦੂਸਰੇ ਵਿਅਕਤੀ ਜਾ ਵਸਤੂ ਵਿਚੋਂ ਅਨੁਮਾਨ ਜਾਂ ਰੂਪ ਦੇ ਤੌਰ ਤੇ ਪੇਸ਼ ਹੁੰਦੀ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਕਿਸੇ ਵਸਤੂ ਨੂੰ ਵੇਖ ਕੇ ਮਾਨਸਿਕ ਤੌਰ ਤੇ ਮਨ ਵਿਚ ਜੋ ਤਸਵੀਰ ਝਲਕਦੀ ਹੈ ਉਸ ਨੂੰ ਬਿੰਬ ਕਿਹਾ ਜਾਂਦਾ ਹੈ।51 ਕਵੀ ਦੀ ਯੋਗਤਾ ਦਾ ਅਸਲ ਉਭਾਰ ਉਸ ਦੀ ਕਵਿਤਾ ਦੇ ਵਿਚ ਪੇਸ਼ ਕੀਤੇ, ਬਿੰਬ ਨਿਸ਼ਚਿਤ ਕਰਦੇ ਹਨ। ਅਸਲ ਵਿਚ ਬਿੰਬ ਮਨੁੱਖਤਾ ਦੀ ਦ੍ਰਿਸ਼ਟੀ ਦੇ ਪਰਿਵਰਤਨ ਵਿਚ ਵੀ ਵਿਸ਼ੇਸ਼ ਯੋਗਦਾਨ ਦਿੰਦੇ ਹਨ। "ਬਿੰਬ ਮਾਨਵ-ਮਨ ਦੀਆਂ ਪੂਰਵ ਅਨੁਭੂਤੀਆਂ, ਭਾਵਨਾਵਾਂ ਦੇ ਆਧਾਰ ਤੇ ਕਲਪਨਾ ਸ਼ਕਤੀ ਦੁਆਰਾ ਨਿਰਮਿਤ ਨਵੀਨ ਰੂਪ ਯੋਜਨਾ ਹੈ। ਇਸ ਵਿਚ ਇੰਦਰੀਆਂ ਦੀ ਪ੍ਰਧਾਨਤਾ ਹੁੰਦੀ ਹੈ। ਆਵੇਸ਼, ਸੰਵੇਦਨਾ, ਅਨੁਭੂਤੀ, ਕਲਪਨਾ, ਭਾਵਨਾ ਇਸ ਦੇ ਮੂਲ ਪ੍ਰਾਣ-ਤੱਤ ਹੁੰਦੇ ਹਨ।"52 ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਨਿਸ਼ਚਿਤ ਵਸਤੂ ਨੂੰ ਰੂਪਕ ਦੇ ਦ੍ਰਿਸ਼ਟਾਂਤ ਰਾਹੀਂ ਪੇਸ਼ ਕਰਨਾ, ਬਿੰਬ ਹੁੰਦਾ ਹੈ। ਆਪਣੇ ਭਾਵਾਂ ਦੀ ਅਭਿਵਿਅਕਤੀ ਨੂੰ ਨਿਸ਼ਚਿਤ ਵਸਤੂ ਦੁਆਰਾ ਦੂਸਰਿਆਂ ਤੱਕ ਪਹੁੰਚਾਉਣਾ ਅਤੇ ਪਾਠਕਾਂ ਵਿਚ ਉਹਨਾਂ ਭਾਵਾਂ ਦਾ ਸੰਚਾਰ ਸਮਾਨ ਉਪਮਾਨ ਦੇ ਰੂਪ ਵਿਚ ਪੇਸ਼ ਕਰਨਾ। ਕਵੀ ਦੀ ਬਿੰਬ ਸਿਰਜਣ ਦੀ ਅਸਲ ਦ੍ਰਿਸ਼ਟੀ ਹੁੰਦੀ ਹੈ।

ਵਿਦਵਾਨਾਂ ਦੁਆਰਾ ਬਿੰਬ ਦੀਆਂ ਵੱਖਰੀਆਂ-ਵੱਖਰੀਆਂ ਕਿਸਮਾਂ ਦੱਸੀਆਂ ਗਈਆਂ ਹਨ। ਆਚਾਰਯ ਰਾਮ ਚੰਦਰ ਸ਼ੁਕਲ ਅਨੁਸਾਰ, ਬਿੰਬ ਨੂੰ ਤਿੰਨ ਵੰਨਗੀਆਂ ਵਿਚ ਵੰਡਿਆ ਗਿਆ ਹੈ।

- ਪ੍ਰਤੱਖ ਰੂਪ ਵਿਧਾਨ

- ਸਮਿਤ੍ਰ ਰੂਪ ਵਿਧਾਨ

- ਕਲਪਿਤ ਰੂਪ ਵਿਧਾਨ53

ਚਉਪਦਿਆਂ ਵਿਚ ਪ੍ਰਕ੍ਰਿਤੀ ਨਾਲ ਸੰਬੰਧਿਤ (ਸੂਰਜ, ਚੰਦ, ਤਾਰੇ, ਧੁੱਪ, ਛਾਂ, ਦਿਨ, ਰਾਤ) ਆਦਿ ਵਰਤੇ ਗਏ ਹਨ। ਇਹ ਪ੍ਰਤੱਖ ਬਿੰਬਾਂ ਦੀ ਤਰਾਂ ਹਨ। ਇਸ ਤੋਂ ਇਲਾਵਾ ਸਮਾਜਿਕ ਤੇ ਧਾਰਮਿਕ ਜੀਵਨ ਦੇ ਬਿੰਬ (ਪੇਕੇ, ਸਹੁਰੇ, ਇਸਤਰੀ, ਸੱਜਣ, ਆਤਮਾ, ਪ੍ਰਭ, ਪ੍ਰਮਾਤਮਾ) ਆਦਿ ਦੀ ਵਰਤੋਂ ਹੋਈ ਹੈ। ਬਿੰਬਾਂ ਰਾਹੀਂ ਅਜਿਹੇ ਢੰਗ ਨਾਲ ਚਿੱਤਰ ਨੂੰ ਪੇਸ਼ ਕੀਤਾ ਜਾਂਦਾ ਹੈ ਜਿਸ ਨਾਲ ਬਿੰਬ ਹਰ ਮਨੁੱਖ ਦੀ ਮਾਨਸਿਕਤਾ ਦਾ ਹਿੱਸਾ ਬਣਦੇ ਹਨ।

- ਬਸੰਤ ਚੜਿਆ ਫੂਲੀ ਬਨਰਾਇ॥ - ਪ੍ਰਕ੍ਰਿਤਕ ਬਿੰਬ (ਗੁ. ਗ੍ਰੰ. 1176)

- ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ - ਧੁਨੀ ਨਾਦਾਤਮਕ ਬਿੰਬ ਹੈ (ਗੁ. ਗ੍ਰੰ. 41)

ਗਗਨ ਮੈ ਥਾਲ ਰਵਿਚੰਦ ਦੀਪਕ ਬਨੇ - ਪ੍ਰਕ੍ਰਿਤਕ ਬਿੰਬ ਹੈ (ਗੁ. ਗ੍ਰੰ. 13)

ਮੋਤੀ ਤ ਮੰਦਰਿ ਉਸਰਰਿ ਰਤਨੀ ਤ ਹੋਇ ਜੜਾਉ - ਇਹ ਬਿੰਬ ਕਾਲਪਨਿਕ ਬਿੰਬ (ਗੁ. ਗ੍ਰੰ. 14)

ਇਹਨਾਂ ਤੁਕਾਂ ਵਿਚ ਫੂਲੀ, ਧੁਨੀ, ਥਾਲ, ਦੀਪਕ, ਮੋਤੀ, ਮੰਦਰਿ, ਰਤਨ ਬਿੰਬ ਹਨ।

## (ਕ) ਕਵੀ ਛਾਪ

ਕਵੀ ਛਾਪ ਪਦ ਕਾਵਿ ਦਾ ਅਜਿਹਾ ਨੁਕਤਾ ਹੈ, ਜਿਸ ਤੋਂ ਕਵਿਤਾ ਦੇ ਲਿਖਾਰੀ ਦੀ ਸਪੱਸ਼ਟ ਪਹਿਚਾਣ ਹੋ ਜਾਂਦੀ ਹੈ। ਇਹ ਨੁਕਤਾ ਪਦਾ ਕਾਵਿ ਦੀ ਹਰ ਵੰਨਗੀ ਕਿੱਸਿਆਂ, ਗੀਤਾਂ, ਵਾਰਾਂ ਵਿਚ ਪੇਸ਼ ਕੀਤਾ ਜਾਂਦਾ ਹੈ। ਨਾਥਾਂ ਜੋਗੀਆਂ ਦੇ ਸਮੇਂ ਤੋਂ ਪਦਾ,

ਸਲੋਕਾਂ ਵਿਚ ਕਵੀ ਛਾਪ ਅੰਕਿਤ ਕੀਤੀ ਮਿਲਦੀ ਹੈ। "ਡਾ. ਮੋਹਨ ਸਿੰਘ ਨੇ ਆਪਣੀ ਪੁਸਤਕ History of Punjabi Literature ਵਿਚ ਬਾਬਾ ਫਰੀਦ ਨੂੰ ਸ਼ਾਇਰ ਮੰਨਿਆ ਹੈ। ਬਾਬਾ ਫਰੀਦ ਸ਼ਕਰਗੰਜ ਨੇ ਆਪਣੇ ਸਲੋਕਾਂ ਵਿਚ ਸ਼ੱਕਰ ਦਾ ਕਈ ਥਾਵਾਂ ਤੇ ਜ਼ਿਕਰ ਕੀਤਾ ਹੈ ਜੋ ਆਪ ਦੇ ਨਾਂ ਨਾਲ ਸੰਬੰਧ ਰੱਖਦਾ ਹੈ।"54 ਬਾਬਾ ਫਰੀਦ ਤੋਂ ਬਾਅਦ ਦਮੋਦਰ ਦੇ ਕਿੱਸਿਆਂ ਵਿਚ ਕਵੀ ਛਾਪ ਨੂੰ ਦੇਖਿਆ ਗਿਆ। ਇਸ ਦੀ ਉਦਾਹਰਨ ਇਸ ਪ੍ਰਕਾਰ ਹੈ।

ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜੇ ਸੁਵਾਏ
ਆਖ ਦਮੋਦਰ ਦੇ ਅਸੀਸਾਂ ਸ਼ਹਿਰੋ ਬਾਹਰ ਆਏ55

ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਨਹਾਰ ਬਾਣੀਕਾਰਾਂ ਦੇ ਨਾਮ ਇਕ ਕ੍ਰਮ ਵਿਚ ਉਹਨਾਂ ਦੀ ਬਾਣੀ ਅਨੁਸਾਰ ਦਰਜ ਕੀਤੇ ਗਏ ਹਨ। ਸਾਰੇ ਸ਼ਬਦਾਂ ਦੀ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦੀ ਕਵੀ ਛਾਪ ਦਿੱਤੀ ਗਈ ਹੈ। ਹਰ ਬਾਣੀਕਾਰ ਦੀ ਰਚਨਾ ਲਈ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫ ਉਸ ਬਾਣੀਕਾਰ ਦੀ ਰਚਨਾ ਦਾ ਸੰਕੇਤ ਦਿੰਦਾ ਹੈ ਅਤੇ ਨਾਨਕ ਕਵੀ ਛਾਪ ਇਕ ਜੋਤ ਦੇ ਵੱਖ-ਵੱਖ ਸਰੂਪਾਂ ਦੀ ਏਕਤਾ ਦਾ ਪ੍ਰਮਾਣ ਦਿੰਦੀ ਹੈ।

ਇਸੇ ਪ੍ਰਕਾਰ ਜਦੋਂ ਸਿਰਲੇਖ ਵਿਚ ਮਹਲਾ ੩, ੪, ੫, ੯ ਦੀ ਗੁਰਬਾਣੀ ਅੰਕਿਤ ਕੀਤੀ ਗਈ ਹੁੰਦੀ ਹੈ। ਉਸ ਸਮੇਂ ਨਾਨਕ ਸ਼ਬਦ ਨੂੰ ਕਵੀ ਛਾਪ ਦੇ ਤੌਰ ਤੇ ਵਰਤ ਕੇ ਸੰਬੋਧਨ ਮਹਲਾ ਅਨੁਸਾਰ ਹੁੰਦਾ ਹੈ। ਨਾਨਕ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਕਿਸ ਪ੍ਰਕਾਰ ਕੀਤੀ ਗਈ ਹੈ। ਇਸ ਨੂੰ ਪੰਕਤੀਆਂ ਦੇ ਅਧਿਐਨ ਦੁਆਰਾ ਦਰਸਾਇਆ ਗਿਆ ਹੈ। ਨਾਨਕ ਪਦ ਨੂੰ ਵਿਆਕਰਨ ਪੱਖੋਂ ਵੇਖਿਆ ਗਿਆ ਹੈ। ਇਸ ਅਧਿਐਨ ਨੂੰ ਗੁਰਬਾਣੀ ਤੁਕਾਂ ਅਨੁਸਾਰ ਜਾਂਚਿਆ ਗਿਆ ਹੈ।

ਕਵੀ ਛਾਪ - ਨਾਨਕਿ

ਨਾਨਕਿ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ ਤਿੰਨ ਵਾਰ ਹੋਈ ਹੈ। ਗੁਰਬਾਣੀ ਤੁਕ ਵਿਚ ਕਵੀ ਛਾਪ ਨਾਨਕਿ ਸ਼ਬਦ ਦੀ ਵਰਤੋਂ ਕਾਰਕ ਦੇ ਭੇਦਾਂ ਅਨੁਸਾਰ ਕੀਤੀ ਗਈ ਹੈ। ਇਸ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ :

1. ਜਨ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥ (ਗੁ. ਗ੍ਰੰ. 166)

   ਨਾਨਕਿ - ਨਾਨਕ ਨੇ - ਕਰਤਾ ਕਾਰਕ

2. ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੈ ॥ (ਗੁ. ਗ੍ਰੰ. 381)

   ਨਾਨਕਿ - ਨਾਨਕ ਨੇ - ਅਧਿਕਰਨ ਕਾਰਕ

3. ਗੁਰ ਪਰਸਾਦਿ ਅਕਥੁ ਨਾਨਕਿ ਵਖਾਇਆ ॥ (ਗੁ. ਗ੍ਰੰ. 397)

ਨਾਨਕਿ - ਨਾਨਕ ਨੇ - ਕਰਨ ਕਾਰਕ

ਨਾਨਕਾ - ਨਾਨਕਾ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 12 ਵਾਰ ਹੋਈ ਹੈ। ਗੁਰਬਾਣੀ ਤੁਕ ਵਿਚ ਨਾਨਕਾ ਸ਼ਬਦ ਸੰਬੋਧਨ ਦੇ ਅਰਥਾਂ ਨੂੰ ਸਾਕਾਰ ਕਰਦਾ ਹੈ।

1. ਜੋ ਤਿਸੁ ਭਾਵੈ ਨਾਨਕਾ ਹੁਕਮ ਸੋਈ ਪਰਵਾਨੁ ॥ (ਗੁ. ਗ੍ਰੰ. 25)

ਨਾਨਕਾ - ਹੇ ਨਾਨਕ - ਸੰਬੋਧਨ ਕਾਰਕ

ਇਸੇ ਤਰ੍ਹਾਂ ਕੁਝ ਹੋਰ ਗੁਰਬਾਣੀ ਤੁਕਾਂ ਵਿਚ ਵੀ ਨਾਨਕਾ ਸ਼ਬਦ ਦੀ ਵਰਤੋਂ ਨੂੰ ਸੰਬੋਧਨ ਕਾਰਕ ਅਨੁਸਾਰ ਵੇਖਿਆ ਗਿਆ ਹੈ।

ਉਦਾਹਰਨ :

ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ॥ (ਗੁ. ਗ੍ਰੰ. 51)

ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥ (ਗੁ. ਗ੍ਰੰ. 40)

ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ॥ (ਗੁ. ਗ੍ਰੰ. 597)

ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿ ਧਾਰ॥ (ਗੁ. ਗ੍ਰੰ. 986)

ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥ (ਗੁ. ਗ੍ਰੰ. 812)

ਨਾਨਕ : ਨਾਨਕੁ ਕਵੀ ਛਾਪ ਦੀ ਵਰਤੋਂ ਚਉਪਦਿਆ ਵਿਚ 169 ਵਾਰ ਹੋਈ ਹੈ। ਗੁਰਬਾਣੀ ਤੁਕ ਵਿਚ ਨਾਨਕੁ ਸ਼ਬਦ ਜਿਨਾਂ ਅਰਥਾਂ ਵਿਚ ਪੇਸ਼ ਹੁੰਦਾ ਹੈ। ਇਸ ਦਾ ਅਧਿਐਨ ਕੀਤਾ ਗਿਆ ਹੈ।

1. ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥ (ਗੁ. ਗ੍ਰੰ. 557)

ਨਾਨਕੁ - ਨਾਨਕ - ਕਰਤਾ ਕਾਰਕ

ਇਸੇ ਤਰ੍ਹਾ ਕੁਝ ਹੋਰ ਗੁਰਬਾਣੀ ਤੁਕਾਂ ਵਿਚ ਵੀ ਨਾਨਕੁ ਸ਼ਬਦ ਆਮ ਤੌਰ ਤੇ ਕਰਤਾ ਕਾਰਕ ਹੁੰਦਾ ਹੈ।

ਉਦਾਹਰਨ :

1. ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ॥ (ਗੁ. ਗ੍ਰੰ. 1170)

2. ਨਾਨਕੁ ਬੋਲੈ ਅੰਮ੍ਰਿਤ ਬਾਣੀ॥ (ਗੁ. ਗ੍ਰੰ. 877)

3. ਨਾਨਕੁ ਦੀਨੁ ਜਾਚੈ ਤੇਰੀ ਸੇਵ॥ (ਗੁ. ਗ੍ਰੰ. 867)

4. ਨਾਨਕੁ ਮਾਗੈ ਦਾਨੁ ਪਿਆਰੇ॥ (ਗੁ. ਗ੍ਰੰ. 743)

5. ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥ (ਗੁ. ਗ੍ਰੰ. 182)

6. ਨਾਨਕੁ ਜਾਚੈ ਏਕੁ ਦਾਨ॥ (ਗੁ. ਗ੍ਰੰ. 991)

ਇਹਨਾਂ ਤੁਕਾਂ ਤੋਂ ਇਲਾਵਾ ਗੁਰਬਾਣੀ ਤੁਕਾਂ ਵਿਚ ਨਾਨਕੁ ਸ਼ਬਦ ਦੀ ਵਰਤੋਂ ਕਰਮ ਕਾਰਕ ਅਨੁਸਾਰ ਵੀ ਕੀਤੀ ਗਈ ਹੈ।
ਉਦਾਹਰਨ :

ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥ (ਗੁ. ਗ੍ਰੰ. 182)

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥ (ਗੁ. ਗ੍ਰੰ. 991)

ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ (ਗੁ. ਗ੍ਰੰ. 991)

ਨਾਨਕੁ ਬੋਲੈ ਤਿਸ ਕਾ ਬੋਲਾਇਆ॥ (ਗੁ. ਗ੍ਰੰ. 1271)

ਰਾਖਿ ਲੇਹੁ ਨਾਨਕੁ ਜਨ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ॥ (ਗੁ. ਗ੍ਰੰ. 608)

ਇਸ ਤੋਂ ਇਲਾਵਾ ਗੁਰਬਾਣੀ ਤੁਕਾਂ ਵਿਚ ਨਾਨਕੁ ਸ਼ਬਦ ਦੀ ਵਰਤੋਂ ਕਰਨ ਕਾਰਕ ਅਨੁਸਾਰ ਵੀ ਹੋਈ ਹੈ।
ਉਦਾਹਰਨ :

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਗੁ. ਗ੍ਰੰ. 15)

ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥ (ਗੁ. ਗ੍ਰੰ. 385)

ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ ਜਨ ਨਾਨਕੁ ਹਰਿ ਪ੍ਰਭੁ ਇਕਙਾ॥ (ਗੁ. ਗ੍ਰੰ. 1336)

ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੁ. ਗ੍ਰੰ. 864)

ਨਾਨਕ : ਨਾਨਕ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 1113 ਵਾਰ ਹੋਈ ਹੈ। ਗੁਰਬਾਣੀ ਤੁਕ ਵਿਚ ਨਾਨਕ ਸ਼ਬਦ ਜਿਸ ਪ੍ਰਕਾਰ ਵਰਤਿਆ ਗਿਆ ਹੈ। ਇਸ ਦਾ ਅਧਿਐਨ ਕੀਤਾ ਗਿਆ ਹੈ :

1. ਕਹੁ ਨਾਨਕ ਜਿਨਿ ਠਾਕੁਰ ਪਾਇਆ॥ (ਗੁ. ਗ੍ਰੰ. 715)

ਨਾਨਕ - ਕਰਤਾ ਕਾਰਕ

ਇਸ ਤਰ੍ਹਾਂ ਕੁਝ ਹੋਰ ਗੁਰਬਾਣੀ ਤੁਕਾਂ ਵਿਚ ਵੀ ਨਾਨਕ ਸ਼ਬਦ ਦੀ ਵਰਤੋਂ ਕਰਤਾ ਕਾਰਕ ਅਨੁਸਾਰੀ ਹੋਈ ਹੈ।

ਉਦਾਹਰਨ :

ਕਹੁ ਨਾਨਕ ਪ੍ਰਭ ਲੋਚਾ ਪੂਰਿ॥ (ਗੁ. ਗ੍ਰੰ. 723)

ਜਨ ਨਾਨਕ ਏਕੁ ਧਿਆਇਆ॥ (ਗੁ. ਗ੍ਰੰ. 625)

ਨਾਨਕ ਨਾਮੁ ਜਪਤ ਸੁਖੁ ਪਾਵਾ॥ (ਗੁ. ਗ੍ਰੰ. 563)

ਨਾਨਕ ਪ੍ਰਭ ਮੇਰੇ ਕਰਨੈਹਾਰੇ॥ (ਗੁ. ਗ੍ਰੰ. 533)

ਨਾਨਕ ਦਰਸ ਪਿਆਸ ਲੋਚਾ ਪੂਰੀਐ॥ (ਗੁ. ਗ੍ਰੰ. 398)

ਇਹਨਾਂ ਗੁਰਬਾਣੀ ਤੁਕਾਂ ਤੋਂ ਇਲਾਵਾ ਨਾਨਕ ਸ਼ਬਦ ਦੀ ਵਰਤੋਂ ਸਬੰਧ ਕਾਰਕ ਅਨੁਸਾਰ ਹੋਈ ਹੈ :

1. ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸ਼ਾਹ॥ (ਗੁ. ਗ੍ਰੰ. 397)

ਨਾਨਕ - ਨਾਨਕ ਦੀ/ਦਾ - ਸਬੰਧ ਕਾਰਕ

ਉਦਾਹਰਨ :

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ (ਗੁ. ਗ੍ਰੰ. 397)

ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ॥ (ਗੁ. ਗ੍ਰੰ. 614)

ਨਾਨਕ ਕੇ ਪ੍ਰਭ ਸਦ ਹੀ ਮੁਕਤਾ॥ (ਗੁ. ਗ੍ਰੰ. 803)

ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣ ਪਾਵਾ॥ (ਗੁ. ਗ੍ਰੰ. 802)

ਨਾਨਕ ਕੀ ਤੂੰ ਟੇਕ ਪ੍ਰਭ ਤੇਰਾ ਆਧਾਰ॥ (ਗੁ. ਗ੍ਰੰ. 813)

ਨਾਨਕ ਕਾ ਪ੍ਰਭੁ ਆਪੇ ਆਪਿ॥ (ਗੁ. ਗ੍ਰੰ. 894)

ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਗੁ. ਗ੍ਰੰ. 1136)

ਨਾਨਕ ਕੇ ਪ੍ਰਭ ਸਦ ਹੀ ਸਾਥ॥ (ਗੁ. ਗ੍ਰੰ. 1143)

ਨਾਨਕ ਕੈ ਮਨ ਇਕੁ ਪੁਰਖਾਰਥੁ॥ (ਗੁ. ਗ੍ਰੰ. 1150)

ਜਨ ਨਾਨਕ ਕੀ ਹਰਿ ਪੂਰਨ ਆਸਾ॥ (ਗੁ. ਗ੍ਰੰ. 176)

ਇਸ ਤੋਂ ਇਲਾਵਾ ਗੁਰਬਾਣੀ ਤੁਕਾਂ ਵਿਚ ਨਾਨਕ ਸ਼ਬਦ ਦੀ ਵਰਤੋਂ ਕਰਨ ਕਾਰਕ ਅਨੁਸਾਰ ਹੋਈ ਹੈ :

1. ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ॥ (ਗੁ. ਗ੍ਰੰ. 44)

ਨਾਨਕ - ਨਾਨਕ ਨੂੰ - ਕਰਮ ਕਾਰਕ

ਉਦਾਹਰਨ :

ਨਾਨਕ ਕਉ ਗੁਰਿ ਦੀਨੋ ਦਾਨੁ॥ (ਗੁ. ਗ੍ਰੰ. 377)

ਕਹੁ ਨਾਨਕ ਤਿਸੁ ਜਨ ਬਲਿਹਾਰੀ॥ (ਗੁ. ਗ੍ਰੰ. 741)

ਨਾਨਕ ਕਉ ਗੁਰ ਭੇਟੇ ਪੂਰੈ॥ (ਗੁ. ਗ੍ਰੰ. 898)

ਨਾਨਕ ਕਉ ਗੁਰਿ ਦੀਆ ਨਾਮੁ॥ (ਗੁ. ਗ੍ਰੰ. 890)

ਇਸ ਤੋਂ ਇਲਾਵਾ ਗੁਰਬਾਣੀ ਤੁਕਾਂ ਵਿਚ ਨਾਨਕ ਸ਼ਬਦ ਦੀ ਵਰਤੋਂ ਅਧਿਕਰਨ ਕਾਰਕ ਅਨੁਸਾਰ ਹੋਈ ਹੈ :

1. ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ॥ (ਗੁ. ਗ੍ਰੰ. 814)

ਨਾਨਕ - ਨਾਨਕ ਉਤੇ/ਤੇ - ਅਧਿਕਰਨ ਕਾਰਕ

ਉਦਾਹਰਨ :

ਨਾਨਕ ਕਉ ਉਪਜੀ ਪਰਤੀਤਿ॥ (ਗੁ. ਗ੍ਰੰ. 867)

ਨਾਨਕ ਕਉ ਪ੍ਰਭ ਦਇਆ ਧਾਰਿ॥ (ਗੁ. ਗ੍ਰੰ. 987)

ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ॥(ਗੁ. ਗ੍ਰੰ. 745)

ਨਾਨਕ ਕਉ ਖੁਦਿ ਖਸਮ ਮਿਹਰਵਾਨ॥ (ਗੁ. ਗ੍ਰੰ. 1137)

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ॥ (ਗੁ. ਗ੍ਰੰ. 749)

ਕੁਝ ਗੁਰਬਾਣੀ ਤੁਕਾ ਵਿਚ ਸੰਪਰਦਾਨ ਕਾਰਕ ਦੀ ਵਰਤੋਂ ਵੀ ਕੀਤੀ ਗਈ ਹੈ :

1. ਗੁਰਮੁਖਿ ਨਾਨਕ ਪਰਵਾਰੈ ਸਾਧਾਰ (ਗੁ. ਗ੍ਰੰ. 559)

ਨਾਨਕ - ਨਾਨਕ ਲਈ - ਸੰਪਰਦਾਨ ਕਾਰਕ

ਗੁਰਬਾਣੀ ਤੁਕਾਂ ਵਿਚ ਕਰਮ ਕਾਰਕ ਦੀ ਵਰਤੋਂ ਇਸ ਪ੍ਰਕਾਰ ਹੈ

ਨਾਨਕ ਕਉ ਗੁਰਿ ਦੀਖਿਆ ਦੀਨ੍ਹ॥ (ਗੁ. ਗ੍ਰੰ. 376)

ਆਠ ਪਹਰ ਨਾਨਕ ਗੁਰ ਜਾਪਿ॥ (ਗੁ. ਗ੍ਰੰ. 387)

ਗੁਰਬਾਣੀ ਤੁਕਾਂ ਵਿਚ ਨਾਨਕ ਸਬਦ ਦੀ ਵਰਤੋਂ ਸੰਬੋਧਨ ਕਾਰਕ ਅਨੁਸਾਰ ਇਸ ਪ੍ਰਕਾਰ ਹੈ :

1. ਕਹੁ ਨਾਨਕ ਜਉ ਪਿਰਹਿ ਸੀਗਾਰੀ (ਗੁ. ਗ੍ਰੰ. 372)

ਨਾਨਕ - ਹੇ ਨਾਨਕ - ਸੰਬੋਧਨ ਕਾਰਕ

ਉਦਾਹਰਨ :

ਕਹੁ ਨਾਨਕ ਜੇ ਹੋਵੀ ਭਾਗ॥ (ਗੁ. ਗ੍ਰੰ. 372)

ਕਹੁ ਨਾਨਕ ਗੁਣ ਗਾਈਅਹਿ ਨੀਤ॥ (ਗੁ. ਗ੍ਰੰ. 375)

ਕਹੁ ਨਾਨਕ ਪ੍ਰਭ ਕਰੀ ਮਇਆ॥ (ਗੁ. ਗ੍ਰੰ. 387)

ਕਹੁ ਨਾਨਕ ਜੋ ਲਾਇਆ ਨਾਮ॥ (ਗੁ. ਗ੍ਰੰ. 389)

ਕਵੀ ਛਾਪ : ਕਬੀਰੈ

ਕਬੀਰੈ ਕਵੀ ਛਾਪ ਦੀ ਵਰਤੋ ਚਉਪਦਿਆਂ ਵਿਚ ਤਿੰਨ ਵਾਰ ਹੋਈ ਹੈ।

ਗੁਰਬਾਣੀ ਤੁਕਾਂ ਵਿਚ ਕਵੀ ਛਾਪ ਕਬੀਰੈ ਦੀ ਵਰਤੋਂ ਕਿਸ ਪ੍ਰਕਾਰ ਹੋਈ ਹੈ। ਇਸ ਸੰਕਲਪ ਬਾਰੇ ਜਾਂਚਿਆ ਗਿਆ ਹੈ :

1. ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥ (ਗੁ. ਗ੍ਰੰ. 477)

ਕਬੀਰੈ - ਕਬੀਰ ਨੇ - ਕਰਤਾ ਕਾਰਕ

2. ਸੁ ਰਸੁ ਕਬੀਰੈ ਜਾਨਿਆ॥ (ਗੁ. ਗ੍ਰੰ. 655)

ਕਬੀਰੈ - ਕਬੀਰ ਨੇ - ਕਰਤਾ ਕਾਰਕ

3. ਕਬੀਰੈ ਸੋ ਧਨੁ ਪਾਇਆ॥ (ਗੁ. ਗ੍ਰੰ. 655)

ਕਬੀਰੈ - ਕਬੀਰ ਨੇ - ਕਰਤਾ ਕਾਰਕ

ਕਬੀਰਾ : ਕਬੀਰਾ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ ਪੰਜ ਵਾਰ ਹੋਈ ਹੈ :

1. ਸਹਜਿ ਸਹਜਿ ਗੁਨ ਰਵੈ ਕਬੀਰਾ (ਗੁ. ਗ੍ਰੰ. 478)

ਕਬੀਰਾ - ਕਬੀਰ - ਕਰਤਾ ਕਾਰਕ

ਇਸ ਤਰ੍ਹਾਂ ਕੁਝ ਗੁਰਬਾਣੀ ਤੁਕਾਂ ਵਿਚ ਵੀ ਕਬੀਰਾ ਸ਼ਬਦ ਦੀ ਵਰਤੋਂ ਨੂੰ ਕਰਤਾ ਕਾਰਕ ਅਨੁਸਾਰ ਵੇਖਿਆ ਗਿਆ ਹੈ। ਉਦਾਹਰਨ :

ਸੰਤਨ ਸੰਗਿ ਕਬੀਰਾ ਬਿਗਰਿਓ॥ (ਗੁ. ਗ੍ਰੰ. 1158)

ਕਹੈ ਕਬੀਰਾ ਸਾਰੰ॥ (ਗੁ. ਗ੍ਰੰ. 484)

ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਂਈ ਕਹਿ ਉਪਦੇਸੁ ਕਬੀਰਾ॥ (ਗੁ. ਗ੍ਰੰ. 484)

2. ਆਪੁ ਖੋਜਿ ਖੋਜਿ ਮਿਲੈ ਕਬੀਰਾ॥ (ਗੁ. ਗ੍ਰੰ. 1158)

ਕਬੀਰਾ - ਹੇ ਕਬੀਰ - ਸੰਬੋਧਨ ਕਾਰਕ

ਕਬੀਰੁ : ਕਬੀਰੁ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 22 ਵਾਰ ਹੋਈ ਹੈ।

1. ਕਹਤੁ ਕਬੀਰੁ ਸੁਨਹੁ ਰੇ ਲੋਈ॥ (ਗੁ. ਗ੍ਰੰ. 484)

ਕਬੀਰੁ - ਕਬੀਰ - ਕਰਤਾ ਕਾਰਕ

ਉਦਾਹਰਨ :

ਕਹਤੁ ਕਬੀਰ ਕਾਰਗਹ ਤੋਰੀ॥ (ਗੁ. ਗ੍ਰੰ. 484)

ਕਹੈ ਕਬੀਰੁ ਏਕੈ ਕਰਿ ਕਰਨਾ॥ (ਗੁ. ਗ੍ਰੰ. 872)

ਕਹਤੁ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ॥ (ਗੁ. ਗ੍ਰੰ. 856)

ਲੋਗੁ ਕਹੈ ਕਬੀਰੁ ਬਉਰਾਨਾ॥ (ਗੁ. ਗ੍ਰੰ. 1158)

ਕਹਤੁ ਕਬੀਰੁ ਕਿਲਬਿਖ ਗਏ ਖੀਣਾ॥ (ਗੁ. ਗ੍ਰੰ. 1349)

ਇਸ ਤਰ੍ਹਾਂ ਗੁਰਬਾਣੀ ਤੁਕਾਂ ਵਿਚ ਕਬੀਰੁ ਕਵੀ ਛਾਪ ਦੀ ਵਰਤੋਂ ਆਮ ਤੌਰ ਤੇ ਕਰਤਾ ਕਾਰਕ ਅਨੁਸਾਰ ਹੋਈ ਹੈ।

ਕਬੀਰ : ਕਬੀਰ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 87 ਵਾਰ ਹੋਈ ਹੈ।

1. ਕਹੁ ਕਬੀਰ ਮਿਲੁ ਅੰਤ ਕੀ ਬੇਲਾ॥ (ਗੁ. ਗ੍ਰੰ. 323)

ਕਬੀਰ - ਕਬੀਰ - ਕਰਤਾ ਕਾਰਕ

ਉਦਾਹਰਨ :

ਕਹਿ ਕਬੀਰ ਭਜੁ ਸਾਰਿੰਗਪਾਨੀ॥ (ਗੁ. ਗ੍ਰੰ. 323)

ਕਹੁ ਕਬੀਰ ਗੁਰਿ ਸੋਝੀ ਪਾਈ॥ (ਗੁ. ਗ੍ਰੰ. 326)

ਕਹੈ ਕਬੀਰ ਨਿਰੰਜਨ ਧਿਆਵਉ॥ (ਗੁ. ਗ੍ਰੰ. 327)

ਕਹਤ ਕਬੀਰ ਪੰਚ ਜੋ ਚੂਰੇ॥ (ਗੁ. ਗ੍ਰੰ. 478)

ਕਹਿ ਕਬੀਰ ਰੰਗਿ ਰਾਤਾ॥ (ਗੁ. ਗ੍ਰੰ. 655)

ਇਥੇ ਕਬੀਰ ਕਵੀ ਛਾਪ ਦੀ ਵਰਤੋਂ ਕਰਤਾ ਕਾਰਕ ਅਨੁਸਾਰ ਹੋਈ ਹੈ।

2. ਕਹੁ ਕਬੀਰ ਪਤਿ ਹਰਿ ਪਰਵਾਨੁ॥ (ਗੁ. ਗ੍ਰੰ. 324)

ਕਬੀਰ - ਹੇ ਕਬੀਰ - ਸੰਬੋਧਨ ਕਾਰਕ

ਉਦਾਹਰਨ :

ਕਹੁ ਕਬੀਰ ਭਗਤਿ ਕਰਿ ਪਾਇਆ॥ (ਗੁ. ਗ੍ਰੰ. 324)

ਕਹੁ ਕਬੀਰ ਸੁਨਹੁ ਰੇ ਗੁਨੀਆ॥ (ਗੁ. ਗ੍ਰੰ. 325)

ਕਹੁ ਕਬੀਰ ਇਹ ਕਰੀਐ ਕਾਹਿ॥ (ਗੁ. ਗ੍ਰੰ. 325)

ਕਹੁ ਕਬੀਰ ਛੂਛਾ ਘਟੁ ਬੋਲੈ॥ (ਗੁ. ਗ੍ਰੰ. 870)

ਕਹੁ ਕਬੀਰ ਹਮ ਐਸੇ ਜਾਨਿਆ॥ (ਗੁ. ਗ੍ਰੰ. 873)

ਕਬੀਰ ਕਵੀ ਛਾਪ ਦੀ ਵਰਤੋਂ ਸੰਬੋਧਨ ਕਾਰਕ ਅਨੁਸਾਰ ਕੀਤੀ ਗਈ ਹੈ।

3. ਕਬੀਰ ਕਾ ਮਰਮੁ ਰਾਮ ਪਹਿਚਾਨਾਂ॥ (ਗੁ. ਗ੍ਰੰ. 1158)

ਕਬੀਰ - ਕਬੀਰ ਦਾ - ਸਬੰਧ ਕਾਰਕ

ਉਦਾਹਰਨ :

ਕਬੀਰ ਕਾ ਸੁਆਮੀ ਰਹਿਆ ਸਮਾਇ॥ (ਗੁ. ਗ੍ਰੰ. 1159)

ਕਵੀ ਛਾਪ : ਰਵਿਦਾਸੁ

ਰਵਿਦਾਸੁ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ ਤਿੰਨ ਵਾਰ ਹੋਈ ਹੈ।

ਗੁਰਬਾਣੀ ਤੁਕਾਂ ਵਿਚ ਕਵੀ ਛਾਪ ਰਵਿਦਾਸੁ ਦੀ ਵਰਤੋਂ ਇਸ ਰੂਪ ਵਿਚ ਹੋਈ ਹੈ। ਇਸ ਸੰਕਲਪ ਬਾਰੇ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ :

1. ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥ (ਗੁ. ਗ੍ਰੰ. 486)

ਰਵਿਦਾਸੁ - ਰਵਿਦਾਸ - ਕਰਤਾ ਕਾਰਕ

ਉਦਾਹਰਨ :

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ (ਗੁ. ਗ੍ਰੰ. 487)

2. ਕਹੈ ਰਵਿਦਾਸੁ ਨਾਮ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥ (ਗੁ. ਗ੍ਰੰ. 694)

ਰਵਿਦਾਸੁ - ਰਵਿਦਾਸ ਲਈ - ਸੰਪਰਦਾਨ

ਰਵਿਦਾਸ : ਰਵਿਦਾਸ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 9 ਵਾਰ ਹੋਈ ਹੈ :

1. ਕਹਿ ਰਵਿਦਾਸ ਸਭੈ ਜਗੁ ਲੂਟਿਆ॥ (ਗੁ. ਗ੍ਰੰ. 794)

ਰਵਿਦਾਸ - ਰਵਿਦਾਸ - ਕਰਤਾ ਕਾਰਕ

ਉਦਾਹਰਨ :

ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥ (ਗੁ. ਗ੍ਰੰ. 657)

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ (ਗੁ. ਗ੍ਰੰ. 657)

ਕਹਿ ਰਵਿਦਾਸ ਪਰਮ ਬੈਰਾਗ॥ (ਗੁ. ਗ੍ਰੰ. 1167)

ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ (ਗੁ. ਗ੍ਰੰ. 875)

ਇਥੇ ਰਵਿਦਾਸ ਸ਼ਬਦ ਦੀ ਵਰਤੋਂ ਕਰਤਾ ਕਾਰਕ ਅਨੁਸਾਰ ਹੋਈ ਹੈ।

2. ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥ (ਗੁ. ਗ੍ਰੰ. 486)

ਰਵਿਦਾਸ - ਹੇ ਰਵਿਦਾਸ - ਸੰਬੋਧਨ ਕਾਰਕ

ਉਦਾਹਰਨ :

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ॥ (ਗੁ. ਗ੍ਰੰ. 875)

ਕਵੀ ਛਾਪ : ਨਾਮਦੇਉ

ਨਾਮਦੇਉ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 9 ਵਾਰ ਹੋਈ ਹੈ।

ਗੁਰਬਾਣੀ ਤੁਕਾਂ ਵਿਚ ਕਵੀ ਛਾਪ ਨਾਮਦੇਉ ਦੀ ਵਰਤੋਂ ਇਸ ਰੂਪ ਵਿਚ ਹੋਈ ਹੈ। ਇਸ ਸੰਕਲਪ ਬਾਰੇ ਜਾਣਿਆ ਗਿਆ ਹੈ :

1. ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ (ਗੁ. ਗ੍ਰੰ. 1164)

ਨਾਮਦੇਉ - - ਕਰਤਾ ਕਾਰਕ

ਉਦਾਹਰਨ :

ਭਨਤਿ ਨਾਮਦੇਉ ਇਕ ਨਾਮ ਨਿਸਤਾਰੇ॥ (ਗੁ. ਗ੍ਰੰ. 1164)

ਕਹਤ ਨਾਮਦੇਉ ਸੁਨਹੁ ਤ੍ਰਿਲੋਚਨ ਬਾਲਕੁ ਪਾਲਨ ਪਉਢੀਅਲੇ॥ (ਗੁ. ਗ੍ਰੰ. 972)

ਕਹਿ ਨਾਮਦੇਉ ਹਮ ਹਰਿ ਕੀ ਸੇਵਾ॥ (ਗੁ. ਗ੍ਰੰ. 525)

ਪ੍ਰਣਵੈ ਨਾਮਦੇਉ ਇਹੁ ਕਰਣਾ॥ (ਗੁ. ਗ੍ਰੰ. 1163)

ਇਥੇ ਨਾਮਦੇਉ ਸ਼ਬਦ ਦੀ ਵਰਤੋਂ ਕਰਤਾ ਕਾਰਕ ਅਨੁਸਾਰ ਹੋਈ ਹੈ :

2. ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥ (ਗੁ. ਗ੍ਰੰ. 692)

ਨਾਮਦੇਉ - ਨਾਮਦੇਉ ਤੇ - ਅਧਿਕਰਨ ਕਾਰਕ

ਨਾਮਾ : ਨਾਮਾ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 8 ਵਾਰ ਹੋਈ ਹੈ :

1. ਹਰਿ ਕੇ ਚਰਨ ਨਿਤ ਧਿਆਵੈ ਨਾਮਾ॥ (ਗੁ. ਗ੍ਰੰ. 873)

ਨਾਮਾ - ਨਾਮਾ - ਕਰਤਾ ਕਾਰਕ

ਉਦਾਹਰਨ :

ਪ੍ਰਣਵੈ ਨਾਮਾ ਐਸੋ ਹਰੀ॥ (ਗੁ. ਗ੍ਰੰ. 874)

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥ (ਗੁ. ਗ੍ਰੰ. 485)

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥ (ਗੁ. ਗ੍ਰੰ. 873)

ਭਜੁ ਨਾਮਾ ਤਰਸਿ ਭਵ ਸਿੰਧ॥ (ਗੁ. ਗ੍ਰੰ. 873)

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ॥ (ਗੁ. ਗ੍ਰੰ. 972)

ਇਹਨਾਂ ਗੁਰਬਾਣੀ ਤੁਕਾਂ ਵਿਚ ਨਾਮਾ ਸ਼ਬਦ ਦੀ ਵਰਤੋਂ ਕਰਤਾ ਕਾਰਕ ਅਨੁਸਾਰ ਹੋਈ ਹੈ।

ਨਾਮੇ : ਨਾਮੇ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 5 ਵਾਰ ਹੋਈ ਹੈ :

1. ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (ਗੁ. ਗ੍ਰੰ. 874)

ਨਾਮੇ - - ਕਰਤਾ ਕਾਰਕ

ਉਦਾਹਰਨ :

ਨਾਮੇ ਹਰਿ ਕਾ ਦਰਸਨੁ ਭਇਆ॥ (ਗੁ. ਗ੍ਰੰ. 1163)

2. ਨਾਮੇ ਕਾ ਚਿਤ ਹਰਿ ਸਉ ਲਾਗਾ॥ (ਗੁ. ਗ੍ਰੰ. 657)

ਨਾਮੇ - ਨਾਮੇ ਦਾ - ਸਬੰਧ ਕਾਰਕ

ਉਦਾਹਰਨ :

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥ (ਗੁ. ਗ੍ਰੰ. 1167)

ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥ (ਗੁ. ਗ੍ਰੰ. 487)

ਕਵੀ ਛਾਪ : ਧੰਨੈ : ਧੰਨੈ ਕਵੀ ਛਾਪ ਦੀ ਵਰਤੋਂ ਚਉਪਦਿਆਂ ਵਿਚ 1 ਵਾਰ ਹੋਈ ਹੈ :

1. ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥ (ਗੁ. ਗ੍ਰੰ. 487)

ਧੰਨੈ - - ਸਬੰਧ ਕਾਰਕ

ਕਵੀ ਛਾਪ - ਤ੍ਰਿਲੋਚਨ : ਇਸ ਸ਼ਬਦ ਦੀ ਵਰਤੋ ਚਉਪਦਿਆਂ ਵਿਚ 1 ਵਾਰ ਹੋਈ ਹੈ :

1. ਬਦਤਿ ਤ੍ਰਿਲੋਚਨ ਸੁਨੁ ਰੇ ਪ੍ਰਾਣੀ ਕਣ ਕਣ ਬਿਨੁ ਗਾਹੁ ਕਿ ਪਾਹੀ॥(ਗੁ. ਗ੍ਰੰ. 526)

ਤ੍ਰਿਲੋਚਨ - - ਕਰਤਾ ਕਾਰਕ

ਕਵੀ ਛਾਪ : ਫਰੀਦੈ : ਇਸ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ 1 ਵਾਰ ਹੋਈ ਹੈ :

1. ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ (ਗੁ. ਗ੍ਰੰ. 488)

ਫਰੀਦੈ - ਫਰੀਦ ਵਾਸਤੇ/ਲਈ - ਸੰਪਰਦਾਨ ਕਾਰਕ

ਫਰੀਦਾ : ਇਸ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ 1 ਵਾਰ ਹੋਈ ਹੈ :

1. ਸੇਖ ਫਰੀਦਾ ਪੰਥੁ ਸਮਹਾਰਿ ਸਵੇਰਾ॥ (ਗੁ. ਗ੍ਰੰ. 794)

ਫਰੀਦਾ - ਹੇ ਫਰੀਦ - ਸੰਬੋਧਨ ਕਾਰਕ

ਕਵੀ ਛਾਪ : ਸੈਨੁ : ਇਸ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ 2 ਵਾਰ ਹੋਈ ਹੈ :

1. ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥ (ਗੁ. ਗ੍ਰੰ. 487)

ਸੈਨੁ - ਸੈਨ - ਕਰਤਾ ਕਾਰਕ

ਇਸ ਗੁਰਬਾਣੀ ਦੀ ਤੁਕ ਵਿਚ ਸੈਨੁ ਸ਼ਬਦ ਦੀ ਵਰਤੋਂ ਕਰਤਾ ਕਾਰਕ ਅਨੁਸਾਰ ਹੋਈ ਹੈ।

ਕਵੀ ਛਾਪ : ਸਧਨਾ : ਇਸ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ 1 ਵਾਰ ਹੋਈ ਹੈ :

1. ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥ (ਗੁ. ਗ੍ਰੰ. 858)

ਸਧਨਾ - ਸਧਨਾ - ਕਰਤਾ ਕਾਰਕ

ਗੁਰਬਾਣੀ ਤੁਕਾਂ ਵਿਚ ਕਵੀ ਛਾਪ ਦੀ ਵਰਤੋਂ ਦਾ ਮੁਲਾਂਕਣ ਕਰਨ ਤੇ ਇਹ ਕਿਹਾ ਜਾ ਸਕਦਾ ਕਿ ਆਮ ਤੌਰ ਤੇ ਕਵੀ ਛਾਪ ਦੀ ਵਰਤੋਂ ਕਰਤਾ, ਸਬੰਧ ਅਤੇ ਸੰਬੋਧਨ ਕਾਰਕ ਦੇ ਰੂਪ ਵਿਚ ਕੀਤੀ ਗਈ ਹੈ। ਕੁਝ ਗੁਰਬਾਣੀ ਤੁਕਾਂ ਵਿਚ ਅਰਥਾਂ ਦੇ ਵਿਚਾਰ ਅਨੁਸਾਰ ਦੂਸਰੇ ਕਾਰਕੀ ਰੂਪ ਵੀ ਸਾਹਮਣੇ ਆਏ ਹਨ।

### (ਖ) ਸੰਬੋਧਨ

ਸੰਬੋਧਨਾਤਮਕ ਸ਼ਬਦਾਂ ਨਾਲ ਮਨੁੱਖੀ ਮਨ ਦੀ ਬਿਰਤੀ ਦਾ ਗਿਆਨ ਹੁੰਦਾ ਹੈ। ਇਹਨਾਂ ਸੰਬੋਧਨਾਂ ਵਿਚ ਬੇਨਤੀ, ਹੁਕਮ, ਪ੍ਰੇਮ, ਗੁੱਸੇ, ਗਿਲੇ ਦੇ ਮਨੋਭਾਵ ਛਿਪੇ ਹੁੰਦੇ ਹਨ। ਕਿਸੇ ਵਿਅਕਤੀ ਦੁਆਰਾ ਵਰਤੇ ਸੰਬੋਧਨ ਦਾ ਪ੍ਰਭਾਵ ਉਸ ਸਮੇਂ ਉਜਾਗਰ ਹੁੰਦਾ ਹੈ, ਜਦੋਂ ਉਹ ਸਰੋਤੇ ਦੇ ਮਨ ਨੂੰ ਟੁੰਬਦਾ ਹੈ। ਇਸੇ ਪ੍ਰਭਾਵ ਤੋਂ ਹੀ ਸੰਬੋਧਨ ਕਰਨ ਵਾਲੇ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਪੁਰਾਤਨ ਸਮੇਂ ਵਿਚ ਲੋਕ ਗੀਤਾਂ ਦੇ ਸੰਬੋਧਨ ਰਾਹੀਂ ਪੁਰਸ਼, ਇਸਤਰੀਆਂ ਆਪਣੇ ਮਨ ਦੇ ਭਾਵਾਂ ਨੂੰ ਸਾਂਝੇ ਕਰਦੀਆਂ ਸਨ। ਸੰਬੋਧਨ ਦੀ ਸੁਰ ਭਾਵ ਦਾ ਮੁਹਾਂਦਰਾ ਉਜਾਗਰ ਕਰ ਦਿੰਦੀ ਹੈ ਕਿਉਂਕਿ ਕਿਸੇ ਸਮੇਂ ਸੰਬੋਧਨ ਫਿਟਕਾਰ ਅਤੇ ਨਿਰਾਦਰ ਦੇ ਭਾਵਾਂ ਵਾਲਾ ਹੁੰਦਾ ਹੈ, ਜਦੋਂ ਕਿਸੇ ਗੀਤ ਵਿਚ ਇਕ ਸੰਬੋਧਨ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ, ਉਸ ਸਮੇਂ ਉਸ ਤੀਖਣ ਭਾਵ ਤੇ ਜ਼ੋਰ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਚਉਪਦਿਆਂ ਵਿਚਲੀ ਸੰਬੋਧਨੀ ਸੁਰ ਨੂੰ ਲਿਖਤੀ ਰੂਪ ਰਾਹੀਂ ਹਰ ਤੁਕ ਵਿਚ ਇਕ ਵਾਰ ਦਰਜ ਕੀਤਾ ਗਿਆ ਹੈ, ਪਰੰਤੂ ਗਾਇਨ ਸ਼ੈਲੀ ਵਿਚ ਇਸ ਦਾ ਵਾਰ-ਵਾਰ ਪ੍ਰਯੋਗ ਕਰ ਲਿਆ ਜਾਂਦਾ ਹੈ। ਇਹ ਆਮ ਤੌਰ ਤੇ ਰਹਾਉ ਵਾਲੀ ਪੰਕਤੀ ਹੁੰਦੀ ਹੈ। ਲੋਕ-ਗੀਤਾਂ ਅਤੇ ਨਾਟਕਾਂ ਦੇ ਪਾਤਰਾਂ ਵਿਚਲੇ ਸੰਬੋਧਨ ਵਿਚ ਦੇਖਿਆ ਜਾਂਦਾ ਹੈ ਕਿ ਟਕਰਾਰ ਅਤੇ ਪ੍ਰੇਮ ਸਰੋਤਿਆਂ ਦੇ ਮਨ ਦੀ ਸਥਿਤੀ ਵਿਚ ਪਰਿਵਰਤਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਦੀ ਪ੍ਰਕ੍ਰਿਤੀ ਗੰਭੀਰਤਾ ਪੈਦਾ ਕਰਦੀ ਹੈ। ਇਥੇ ਸੰਬੋਧਨ ਰਾਹੀਂ, ਪ੍ਰਭੂ ਦੇ ਮਿਲਾਪ ਦੀ ਇੱਛਾ ਅਤੇ ਅਕਾਲ ਪੁਰਖ ਦੇ ਭਉ ਜਿਹੇ ਸੰਬੋਧਨ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਚਉਪਦੇ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਕਿਸੇ ਸੰਬੋਧਨ ਸ਼ਬਦ ਦੀ ਵਰਤੋਂ ਕਰਨ ਤੇ, ਇਸ ਦਾ ਅਨੁਮਾਨ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ ਕਿ ਇਹ ਸੰਬੋਧਨ ਕਿਸ ਨਾਲ ਸੰਬੰਧਿਤ ਹੈ? ਸੰਬੋਧਨ ਸ਼ਬਦ ਦਾ ਪ੍ਰਯੋਗ ਆਪਣੇ ਸਕਾਰਾਤਮਕ ਅਰਥ ਪ੍ਰਗਟ ਕਰਦਾ ਹੈ। ਰਹਾਉ ਵਾਲੀ ਪੰਕਤੀ ਵਿਚ ਸੰਬੋਧਨ ਦੀ ਵਧੇਰੇ ਵਰਤੋਂ ਤੋਂ ਇਲਾਵਾ, ਕੁਝ ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਹਰ ਪਦੇ ਦੀ ਪਹਿਲੀ ਪੰਕਤੀ ਵਿਚ ਸੰਬੋਧਨ ਦੀ ਸੁਰ ਉਜਾਗਰ ਹੁੰਦੀ ਹੈ।

ਸੰਬੋਧਨ ਸ਼ਬਦ ਦੀ ਵਰਤੋਂ ਦੁਆਰਾ ਗੁਰਬਾਣੀ ਵਿਚ ਇਸ ਸ਼ਬਦ ਦੇ ਸੰਚਾਰ ਦੁਆਰਾ ਕਿਸ ਪ੍ਰਕਾਰ ਦੀ ਇੱਛਾ ਪ੍ਰਗਟ ਕੀਤੀ ਗਈ, ਇਸ ਨੂੰ ਘੋਖਣਾ ਮੁਖ ਕਾਰਜ ਹੈ।

ਸਭ ਤੋਂ ਪਹਿਲਾ ਸੰਬੋਧਨ ਸ਼ਬਦ ਦੇ ਅਰਥਾਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਮਹਾਨ ਕੋਸ਼ ਅਨੁਸਾਰ, ਸੰਬੋਧਨ ਸ਼ਬਦ ਦੇ ਅਰਥ ਸੰਗਯਾ ਜਗਾਉਣਾ, ਸਾਵਧਾਨ ਕਰਨਾ, ਬਣਾਉਣਾ, ਮੁਖਾਤਿਬ ਕਰਨਾ ਹਨ।56 ਕਿਸੇ ਨੂੰ ਸੰਬੋਧਨ ਕਰਨਾ, ਮਨੁੱਖੀ ਮਨ ਦੀ ਫਿਦਰਤ ਹੈ, ਜਿਸ ਨਾਲ ਦੂਜੇ ਵਿਅਕਤੀ ਨੂੰ ਇਕ ਕਿਸਮ ਦਾ ਇਸ਼ਾਰਾ ਕੀਤਾ ਜਾਂਦਾ ਹੈ। ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, ਸੰਬੋਧਨ ਨੂੰ lEc¨lue~ ਕਿਹਾ ਜਾਂਦਾ ਹੈ। ਇਸ ਦਾ ਅਰਥ ਚੰਗੀ ਤਰ੍ਹਾਂ ਦੱਸਣਾ, ਖੋਲ ਕੇ ਸਮਝਾਉਣਾ, ਜਗਾਉਣਾ, ਪੁਕਾਰਨਾ, ਸੰਬੋਧਨ ਕਰਨਾ, ਸੱਦਣਾ, ਮੁਖਾਤਬ ਕਰਨਾ, ਬੁਲਾਉਣਾ।57 ਵਿਆਕਰਨ ਅਨੁਸਾਰ, ਸੰਬੋਧਨ ਕਾਰਕ ਜਿਸ ਵਿਚ ਕਿਸੇ ਨੂੰ ਬੁਲਾਉਣ ਲਈ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਔਕਸਫੋਰਡ ਅੰਗਰੇਜ਼ੀ ਡਿਕਸ਼ਨਰੀ ਅਨੁਸਾਰ, ਕਿਸੇ ਲਈ ਜੋ ਬੋਲਿਆ ਜਾ ਲਿਖਿਆ ਜਾਂਦਾ ਹੈ, ਉਹਨਾਂ ਖਾਸ ਸ਼ਬਦਾਂ ਨੂੰ ਸੰਬੋਧਨ ਕਿਹਾ ਜਾਂਦਾ ਹੈ।58

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਬੋਧਨਾਂ ਦਾ ਪ੍ਰਯੋਗ ਅਧਿਕਤਰ ਕਾਰਕੀ ਅਤੇ ਪੜਨਾਂਵੀ ਰੂਪ ਵਿਚ ਵੇਖਣ ਨੂੰ ਮਿਲ ਜਾਂਦਾ ਹੈ। ਕਾਰਕੀ ਰੂਪ ਵਿਚ ਸੰਬੋਧਨ ਵਾਕ ਦੀ ਬਣਤਰ ਵਿਚ ਛੁਪਿਆ ਹੁੰਦਾ ਹੈ, ਜਦਕਿ ਦੂਜੇ ਪੱਖ ਵਿਚ ਪੜਨਾਂਵੀ ਰੂਪ ਤੂੰ ਤੇਰਾ, ਤੁਧ ਆਦਿ ਪ੍ਰਭੂ ਪਰਮਾਤਮਾ ਲਈ ਵਰਤੇ ਗਏ ਹਨ ਜੋ ਕਿ ਮਧਮ ਪੁਰਖ ਦੀ ਪਹਿਚਾਣ ਕਰਵਾਉਂਦੇ ਹਨ। ਕੁਝ ਸ਼ਬਦਾਂ ਵਿਚ ਸੰਬੋਧਨ ਦੀ ਵਰਤੋਂ ਵਾਕ ਦੇ ਬਾਹਰੀ ਅਰਥਾਂ ਨੂੰ ਸਾਕਾਰ ਕਰਦੀ ਹੈ।

ਜੀਅਰਾ ਹਰਿ ਕੇ ਗੁਨਾ ਗਾਉ (ਗੁ. ਗ੍ਰੰ. 337)

ਇਥੇ ਜੀਅਰਾ ਤੋਂ ਭਾਵ ਜਿੰਦੇ ਲਿਆ ਗਿਆ ਹੈ। ਜੀਅਰਾ ਸੰਬੋਧਨ ਗਾਉ ਕਿਰਿਆ ਨਾਲ ਸੰਬੰਧਿਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਬੋਧਨ ਨੂੰ ਸੰਦੇਸ ਦੇ ਤੌਰ ਤੇ ਵਰਤਿਆ ਗਿਆ ਹੈ। ਇਹ ਸੰਬੋਧਨ ਆਮ ਤੌਰ ਤੇ ਨਾਂਵ ਨਾਲ ਸੰਬੰਧਿਤ ਹਨ, ਜਿਵੇ ਭਾਈ, ਰਾਮ, ਸਖੀ, ਪ੍ਰਭੂ, ਮਨ, ਮੀਤ, ਕਰਤਾਰ, ਮਾਈ, ਜੋਗੀ, ਸੰਤ, ਨਰ, ਪ੍ਰੀਤਮ, ਗੋਬਿੰਦ, ਪਾਰਬ੍ਰਹਮ, ਮਾਧੋ, ਪਿਆਰੇ, ਜਿੰਦੇ, ਲੋਕੋ, ਦਾਤਾਰ, ਗੋਪਾਲ, ਗਿਆਨੀ, ਹਰੀ, ਪ੍ਰਾਣੀ, ਸਰਵ ਵਿਆਪਕ ਆਦਿ। ਇਹਨਾਂ ਵਿਚੋਂ ਕੁਝ ਸੰਬੋਧਨ ਆਮ ਨਾਂਵ ਅਤੇ ਕੁਝ ਖਾਸ ਨਾਂਵ ਜਾਂ ਜਾਤੀਵਾਚਕ ਨਾਂਵ ਅਧੀਨ ਦਰਜ ਹਨ। ਇਹਨਾਂ ਸੰਬੋਧਨਾਂ ਦੀ ਅਸਲ ਸੁਰ ਸੰਗੀਤ ਦੇ ਲਹਿਜੇ ਨਾਲ ਉਜਾਗਰ ਹੁੰਦੀ ਹੈ। ਸੰਗੀਤ ਨਾਲ ਪ੍ਰੇਮ ਜਾਂ ਵੈਰਾਗ ਦੇ ਭਾਵ ਜਾਗ੍ਰਿਤ ਹੁੰਦੇ ਹਨ।

ਸੰਬੋਧਨਾਂ ਦਾ ਕੁਝ ਭਾਗਾਂ ਵਿਚ ਵਰਗੀਕਰਨ ਕਰਕੇ ਅਧਿਐਨ ਕੀਤਾ ਗਿਆ ਹੈ।

1) ਪਰਮਾਤਮਾ ਲਈ ਵਰਤੇ ਗਏ ਸੰਬੋਧਨ : (ਖਾਸ ਨਾਂਵ)

(ੳ) ਪ੍ਰਭੂ (ਅ) ਰਾਮ (ੲ) ਕਰਤਾਰ (ਸ) ਗੋਪਾਲ (ਹ) ਦਾਤਾਰ (ਕ) ਹਰੀ (ਖ) ਪ੍ਰੀਤਮ (ਗ) ਪਿਆਰ

2) ਆਮ ਮਨੁੱਖਤਾਂ ਦੇ ਸੰਬੋਧਨ :

(ੳ) ਪ੍ਰਾਣੀ (ਅ) ਨਰ (ੲ) ਸਖੀ

3) ਰੂਹਾਨੀਅਤ ਦੇ ਸੰਬੋਧਨ :

(ੳ) ਜੀਅਰਾ/ਜੀਅੜਾ (ਅ) ਮਨ (ੲ) ਜਿਹਵਾ (ਸ) ਮਾਈ

4) ਵਿਸ਼ੇਸ਼ ਵਿਅਕਤੀਆਂ ਲਈ ਵਰਤੇ ਸੰਬੋਧਨ

(ੳ) ਸੰਤ (ਅ) ਭਾਈ (ੲ) ਜੋਗੀ (ਸ) ਪੰਡਿਤ (ਹ) ਤ੍ਰਿਲੋਚਨ (ਕ) ਗਿਆਨੀ (ਖ) ਮੀਤ (ਘ) ਸੱਜਣ

5) ਵਿਸ਼ੇਸ਼ ਚੋਣ ਤੇ ਆਧਾਰਿਤ ਸੰਬੋਧਨ

(ੳ) ਨਿਰਾਸ਼ਾਵਾਦੀ ਬਿਰਤੀ : (1) ਮੂਰਖ (2) ਅੰਧਾ

6) ਪ੍ਰਤੱਖ ਸੰਬੋਧਨੀ ਰੂਪ :

(ੳ) ਅਰੇ (ਅ) ਰੇ

7) ਕਵੀ ਛਾਪ ਅਨੁਸਾਰ ਵਰਤੇ ਸੰਬੋਧਨ :

(ੳ) ਨਾਨਕ (ਅ) ਜਨ ਨਾਨਕ

ਇਸ ਤੋਂ ਬਾਅਦ ਇਹਨਾਂ ਸੰਬੋਧਨਾ ਦੇ ਅਧਿਅਨ ਸਬੰਧੀ ਵਿਸ਼ੇਸ਼ ਜਾਣਕਾਰੀ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਗਿਆ ਹੈ।

**ਪਰਮਾਤਮਾ ਲਈ ਵਰਤੇ ਗਏ ਸੰਬੋਧਨ :** ਪ੍ਰਭੂ, ਪਾਰਬ੍ਰਹਮ ਨੂੰ ਅਪਭ੍ਰੰਸ਼ ਵਿਚ (Ãlj) ਈਸਰ ਕਿਹਾ ਜਾਂਦਾ ਹੈ।59 ਸਾਰੀ ਸ੍ਰਿਸ਼ਟੀ ਦੀ ਪਾਲਣਾ ਅਤੇ ਰੱਖਿਆ ਕਰਨ ਵਾਲੇ ਨੂੰ ਪਰਮਾਤਮਾ ਕਿਹਾ ਜਾਂਦਾ ਹੈ। ਇਸ ਨੂੰ ਖਾਸ ਨਾਂਵ ਅਤੇ ਪੁਲਿੰਗ ਰੂਪ ਕਿਹਾ ਜਾਂਦਾ ਹੈ। ਇਸ ਸਰਵ ਵਿਆਪਕ ਪਰਮਾਤਮਾ ਨੂੰ ਸਾਰੀ ਮਨੁੱਖਤਾ ਆਪਣੇ ਚਿੰਤਨ ਦਾ ਕੇਂਦਰ ਬਿੰਦੂ ਬਣਾਉਣਾ ਲੋਚਦੀ ਹੈ। ਸ੍ਰਿਸ਼ਟੀ ਨੂੰ ਸਾਜ ਕੇ

ਪਰਮਾਤਮਾ ਹਰ ਕਾਰਜ ਵਿਚ ਅਦ੍ਰਿਸ਼ਟ ਰੂਪ ਵਿਚ ਵਿਦਮਾਨ ਹੈ। ਇਹ ਪਰਮਾਤਮਾ ਪ੍ਰਭੂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਚਉਪਦਿਆਂ ਵਿਚ ਇਸ ਸ਼ਬਦ ਦੀ ਵਰਤੋਂ ਸਾਰਥਕ ਅਰਥਾਂ ਦੀ ਧਾਰਨੀ ਹੈ, ਕਿਉਂਕਿ ਮਨੁੱਖਤਾ ਪਰਮਾਤਮਾ ਦੀ ਪ੍ਰਾਪਤੀ ਲਈ ਬਿਹਬਲ ਹੈ। ਇਸ ਵਾਸਤੇ ਮਨੁੱਖਤਾ ਵੱਖ-ਵੱਖ ਰੂਪਾਂ ਵਿਚ ਪਰਮਾਤਮਾ ਅੱਗੇ ਅਰਦਾਸ ਕਰਦੀ ਹੈ :

ਕਰਿ ਕਿਰਪਾ ਪ੍ਰਭ ਅੰਤਰਜਾਮੀ ਸਾਧਸੰਗਿ ਹਰਿ ਪਾਈਐ॥

ਤੂੰ ਵਿਸਰਹਿ ਤਾ ਸਭ ਤੋਂ ਲਾਗੂ ਚੀਤਿ ਆਵੈ ਤਾ ਸੇਵਾ (ਗੁ. ਗ੍ਰੰ. 383)

ਪਹਿਲੀ ਸਤਰ ਵਿਚ ਪ੍ਰਭੂ ਅੱਗੇ ਪ੍ਰਤੱਖ ਤੌਰ ਤੇ ਪ੍ਰਾਰਥਨਾ ਕੀਤੀ ਗਈ ਹੈ। ਦੂਜੀ ਤੁਕ ਵਿਚ ਪਰਮਾਤਮਾ ਅਪ੍ਰਤੱਖ ਰੂਪ ਵਿਚ ਮਨੁੱਖ ਦੇ ਮਨ ਵਿਚ ਹੈ, ਪਰੰਤੂ ਤੁਕ ਵਿਚ ਪ੍ਰਭੂ, ਪ੍ਰਮਾਤਮਾ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਜਦੋਂ ਤੁਕ ਵਿਚ ਤੂੰ ਤੇਰਾ, ਤੁਧ ਪੜਨਾਂਵ ਸ਼ਬਦ ਵਰਤੇ ਗਏ ਹੋਣ, ਉਸ ਸਮੇਂ ਪਰਮਾਤਮਾ ਪ੍ਰਭੂ ਨੂੰ ਸੰਬੋਧਨ ਕੀਤਾ ਜਾਂਦਾ ਹੈ।

ਸਭਿ ਘਟ ਤੇਰੇ ਤੂ ਸਭਨਾ ਮਾਹਿ (ਗੁ. ਗ੍ਰੰ. 1134)

ਪਰਮਾਤਮਾ ਦੇ ਵੱਖ-ਵੱਖ ਨਾਂ ਦੇ ਸੰਬੋਧਨਾਂ ਨੂੰ ਹੇਠਾਂ ਅੰਕਿਤ ਕੀਤੀਆਂ ਤੁਕਾਂ ਵਿਚ ਵੇਖਿਆ ਜਾ ਸਕਦਾ ਹੈ :

ਪਾਰਬ੍ਰਹਮ ਤੂੰ ਦੇਹਿ ਤਾ ਪਾਈਐ (ਗੁ. ਗ੍ਰੰ. 196)

ਮਾਧੋ ਤੂ ਠਾਕੁਰ ਸਿਰਿ ਮੋਰਾ॥ (ਗੁ. ਗ੍ਰੰ. 613)

ਗੋਵਿੰਦ ਤੁਝ ਬਿਨ ਅਵਰ ਨ ਠਾਉ॥ (ਗੁ. ਗ੍ਰੰ. 502)

ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ (ਗੁ. ਗ੍ਰੰ. 24)

ਧਾਣਕ ਰੂਪਿ ਰਹਾ ਕਰਤਾਰ (ਗੁ. ਗ੍ਰੰ. 24)

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ (ਗੁ. ਗ੍ਰੰ. 40)

ਪਰਮਾਤਮਾ ਦੇ ਇਹਨਾਂ ਸੰਬੋਧਨ ਰੂਪਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ ਚਉਪਦੇ ਅਲਗ-ਅਲਗ ਰੂਪ ਵਿਚ ਵੇਖਿਆ ਜਾ ਸਕਦਾ ਹੈ। ਮਾਝ ਰਾਗੁ ਵਿਚ ਵਧੇਰੇ ਸੰਬੋਧਨ ਪ੍ਰਭੂ ਦੇ ਨਾਮ ਨਾਲ ਸੰਬੰਧਿਤ ਹਨ। ਮਨੁੱਖਤਾ ਪਰਮਾਤਮਾ ਦੇ ਹਰ ਰੂਪ ਤੋਂ ਨਾਮ ਦੀ ਯਾਚਨਾ ਕਰ ਰਹੀ ਹੈ ਅਤੇ ਆਪਣਾ ਸਭ ਤੋਂ ਵੱਡਾ ਸਹਾਈ ਕਹਿ ਰਹੀ ਹੈ।

**ਆਮ ਮਨੁੱਖਤਾ ਲਈ ਵਰਤੇ ਗਏ ਸੰਬੋਧਨ :** ਪ੍ਰਾਣੀ, ਸਖੀ, ਨਰ ਸ਼ਬਦ ਆਮ ਨਾਂਵ ਦੀ (ç$vo$Dr) ਸੰਗਿਆ ਵਿਚ ਆਉਂਦੇ ਹਨ। ਪ੍ਰਾਣੀ ਸ਼ਬਦ ਨੂੰ ਸੰਸਕ੍ਰਿਤ ਵਿਚ ਪ੍ਰਾਣਿਤ ਕਿਹਾ ਜਾਂਦਾ ਹੈ।60 (ਪ੍ਰ+ਅਨ+ਕਤ) ਤੋਂ ਭਾਵ ਜਿਸ ਜੀਵ ਵਿਚ ਸੁਆਸਾਂ ਦੀ ਲੜੀ ਚਲ ਰਹੀ ਹੋਵੇ ਅਤੇ ਜੋ ਸਾਰੀਆਂ ਜੂਨਾਂ ਤੋ ਸ੍ਰੇਸ਼ਟ ਸਮਝਿਆ ਜਾਵੇ, ਉਸ ਨੂੰ ਪ੍ਰਾਣੀ ਕਿਹਾ ਗਿਆ ਹੈ। ਚਉਪਦਿਆਂ ਵਿਚ ਅਧਿਕਤਰ ਮਾਤਰਾ ਵਿਚ ਪ੍ਰਾਣੀ ਦਾ ਸੰਬੋਧਨ ਤੁਕ ਦੇ ਅਰੰਭ ਵਿਚ ਆਉਂਦਾ ਹੈ। ਇਸ ਵਾਸਤੇ ਇਸ ਨੂੰ ਕਾਰਕ ਦੀ ਵੰਨਗੀ ਵਿਚ ਰੱਖਿਆ ਜਾ ਸਕਦਾ ਹੈ। ਪ੍ਰਾਣੀ ਸੰਬੋਧਨ ਨਾਲ ਧਿਆਵਹੁ ਕਿਰਿਆ ਵਰਤ ਕੇ ਮਨੁੱਖ ਨੂੰ ਇਸ ਜਨਮ ਪ੍ਰਤੀ ਜਾਗ੍ਰਿਤ ਕੀਤਾ ਜਾ ਰਿਹਾ ਹੈ। ਪ੍ਰਾਣੀ ਸ਼ਬਦ ਸਧਾਰਨ ਇਨਸਾਨ ਲਈ ਵਰਤ ਕੇ ਨਾਮ ਜਪਣ ਤੇ ਕਿਰਤ ਕਰਨ ਦਾ ਸੰਦੇਸ ਦਿੱਤਾ ਜਾ ਰਿਹਾ ਹੈ ਜਿਵੇਂ :

ਪ੍ਰਾਣੀ ਹਰਿ ਜਪਿ ਜਨਮ ਗਇਓ॥ (ਗੁ. ਗ੍ਰੰ. 1125)

ਪ੍ਰਾਣੀ ਏਕੋ ਨਾਮੁ ਧਿਆਵਹੁ॥ (ਗੁ. ਗ੍ਰੰ. 1254)

ਪ੍ਰਾਣੀ ਸਤਿਗੁਰ ਸੇਵਿ ਸੁਖ ਪਾਇ॥ (ਗੁ. ਗ੍ਰੰ. 603)

**ਸਖੀ :** ਸਖੀ ਸ਼ਬਦ ਨੂੰ ਸੰਸਕ੍ਰਿਤ ਦੇ (IfÂ$MhÔ) ਇਸਤਰੀ ਪ੍ਰਤਯ ਰੂਪ ਦੁਆਰਾ ਹੋਂਦ ਵਿਚ ਆਇਆ ਹੈ।61 ਸਖੀ ਦਾ ਅਰਥ ਸਹੇਲੀ ਹੁੰਦਾ ਹੈ, ਇਸ ਨੂੰ ਇਸਤਰੀ ਲਿੰਗ ਅਤੇ ਜਾਤੀਵਾਚਕ ਨਾਂਵ ਦੀ ਸੰਗਿਆ ਵਿਚ ਰੱਖਿਆ ਜਾਂਦਾ ਹੈ। ਇਸ ਵਿਚ ਸਖੀਏ ਸੰਬੋਧਨੀ ਕਾਰਕ ਨਾਲ ਰਾਵਣ ਕਿਰਿਆ ਰੂਪ ਲਗਾ ਕੇ, ਅਰਥਾਂ ਨੂੰ ਰੂਪਮਾਨ ਕੀਤਾ ਗਿਆ ਹੈ। ਇਥੇ ਸਖੀ ਦੇ ਸੰਬੋਧਨ ਰਾਹੀਂ ਪ੍ਰਭੂ ਦਾ ਸਿਮਰਨ ਕਰਨ ਲਈ, ਸਤਿਸੰਗਤ ਕਰਨ ਲਈ ਸਖੀ ਵੱਲੋਂ ਉਤਸਾਹਿਤ ਕੀਤਾ ਜਾ ਰਿਹਾ ਹੈ :

ਚਲੁ ਸਖੀਏ ਪ੍ਰਭ ਰਾਵਣ ਜਾਹਾ॥ (ਗੁ. ਗ੍ਰੰ. 742)

ਆਉ ਸਖੀ ਹਰਿ ਮੇਲੁ ਕਰੇਹਾ॥ (ਗੁ. ਗ੍ਰੰ. 95)

**ਨਰ :** ਨਰ ਨੂੰ ਆਦਮੀ, ਮਨੁੱਖ, ਪੁਰਸ਼ ਕਿਹਾ ਜਾਂਦਾ ਹੈ। ਇਹ ਇਕਵਚਨ ਅਤੇ ਜਾਤੀਵਾਚਕ ਨਾਂਵ ਹੈ। ਨਰ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ ਬਹੁਤ ਘੱਟ ਕੀਤੀ ਗਈ ਹੈ। ਇਸ ਸ਼ਬਦ ਦੀ ਸੰਬੋਧਨ ਰੂਪ ਵਿਚ ਵਰਤੋਂ ਧਨਾਸਰੀ, ਸੋਰਠਿ ਅਤੇ ਮਾਰੂ ਰਾਗ

ਵਿਚ ਹੀ ਦੋ-ਦੋ ਚਉਪਦਿਆਂ ਨਾਲ ਦਰਜ ਹੈ। ਇਹ ਸ਼ਬਦ ਮਨੁੱਖਤਾ ਨੂੰ ਇਸ ਜਨਮ ਦੀ ਮਹਾਨਤਾ ਬਾਰੇ ਦੱਸਦਿਆਂ ਹੋਇਆਂ, ਸਮਾਂ ਵਿਅਰਥ ਗੁਆਉਣ ਪ੍ਰਤੀ ਚੇਤਾਵਨੀ ਦੇ ਰਿਹਾ ਹੈ। ਇਸ ਜਨਮ ਦੀ ਅਸਲੀ ਜੁਗਤ ਨਾਮ ਜਪਣ ਨੂੰ ਜੀਵਨ ਦਾ ਦ੍ਰਿੜ ਸੰਕਲਪ ਬਣਾਉਣ ਲਈ ਕਿਹਾ ਜਾ ਰਿਹਾ ਹੈ, ਜਿਵੇਂ :

ਰੇ ਨਰ ਕਾਹੇ ਪਪੋਰਹੁ ਦੇਹੀ॥ (ਗੁ. ਗ੍ਰੰ. 609)

ਰੇ ਨਰ ਐਸੀ ਕਰਹਿ ਇਆਨਥ॥ (ਗੁ. ਗ੍ਰੰ. 1001)

ਰੇ ਨਰ ਇਸ ਬਿਧਿ ਪਾਰਿ ਪਰਾਇ॥ (ਗੁ. ਗ੍ਰੰ. )

3. **ਰੂਹਾਨੀਅਤ ਦੇ ਸੰਬੋਧਨ :** "ਜੀਅਰਾ ਨੂੰ ਮਨ, ਚਿਤ ਕਿਹਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜੀਅਰਾ ਦਾ ਸਬੰਧ, ਮਨੁੱਖ ਦੀ ਆਤਮਾ ਨਾਲ ਕੀਤਾ ਗਿਆ ਹੈ।"62 ਜੀਅੜਾ ਨੂੰ ਜਿੰਦ ਜਾਂ ਦਿਲ ਵੀ ਕਿਹਾ ਜਾ ਸਕਦਾ ਹੈ ਜਿਵੇਂ :

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ (ਗੁ. ਗ੍ਰੰ. 44)

ਇਸ ਤੁਕ ਵਿਚ ਮਨ ਅਤੇ ਜਿੰਦ ਦੋਹਾਂ ਦੇ ਸੰਬੋਧਨ ਨੂੰ ਮੰਨਿਆ ਜਾ ਸਕਦਾ ਹੈ। ਇਸ ਪ੍ਰਕਾਰ ਜੀਅਰਾ ਅਤੇ ਮਨ ਇਕ ਰੂਪ ਕਹੇ ਜਾ ਸਕਦੇ ਹਨ। ਮਨ ਸ਼ਬਦ ਨੂੰ ਸੰਸਕ੍ਰਿਤ ਵਿਚ ਮਨਸ ਕਿਹਾ ਜਾਂਦਾ ਹੈ। ਮਨੁੱਖੀ ਮਨ ਹਰ ਸਮੇਂ ਕਿਸੇ ਨਾ ਕਿਸੇ ਸੰਕਲਪ ਬਾਰੇ ਸੋਚਦਾ ਰਹਿੰਦਾ ਹੈ। ਮਹਾਨ ਕੋਸ਼ ਅਨੁਸਾਰ, ਮਨ ਦਾ ਅਰਥ ਸਮਝਣਾ, ਵਿਚਾਰਨਾ ਲਿਆ ਜਾਂਦਾ ਹੈ।63 ਹਰ ਚਉਪਦੇ ਵਿਚ ਮਨ ਸ਼ਬਦ ਦਾ ਸੰਬੋਧਨ ਇਕ ਵਾਰ ਜ਼ਰੂਰ ਹੈ, ਮਨ ਨੂੰ ਵਧੇਰੇ ਸਥਾਨਾਂ ਤੇ ਸੰਬੋਧਨ ਦੀ ਸੁਰ 'ਰੇ' ਨਾਲ ਅੰਕਿਤ ਕੀਤਾ ਗਿਆ ਹੈ ਕਿ ਮਨੁੱਖ ਮਨ ਸੰਸਾਰਕ ਵਲਗਣਾਂ ਵਿਚ ਨਾ ਫਸੇ ਅਤੇ ਸ਼ਬਦ ਵਿਚ ਇਕਸੁਰ ਹੋਣ ਲਈ ਕਿਹਾ ਜਾ ਰਿਹਾ ਹੈ। ਮਨ ਦੀ ਚੰਚਲਤਾ ਉਸ ਦੀ ਇਕਾਗਰਤਾ ਨੂੰ ਭੰਗ ਕਰਦੀ ਹੈ। ਇਸੇ ਕਾਰਨ ਮਨ ਦਾ ਵਧੇਰੇ ਸੰਬੋਧਨ ਦਰਜ ਕੀਤਾ ਗਿਆ ਹੈ। ਜਿਵੇਂ :

ਮਨ ਰੇ ਦੂਜਾ ਭਾਉ ਚੁਕਾਇ॥ (ਗੁ. ਗ੍ਰੰ. 33)

ਮਨ ਰੇ ਸੰਸਾਰ ਅੰਧ ਗਹੇਰਾ॥ (ਗੁ. ਗ੍ਰੰ. 654)

ਸੁਣਿ ਮਨ ਮੇਰੇ ਸਬਦੁ ਵੀਚਾਰਿ॥ (ਗੁ. ਗ੍ਰੰ. 160)

ਇਹਨਾਂ ਸੰਬੋਧਨਾਂ ਨਾਲ ਸਾਰੀ ਮਨੁੱਖਤਾ ਨੂੰ ਸਿਖਿਆ ਦੇਣ ਦਾ ਯਤਨ ਕੀਤਾ ਗਿਆ ਹੈ ਪਰੰਤੂ ਜਦੋਂ 'ਮਨ ਮੇਰੇ' ਸ਼ਬਦ ਆਉਂਦਾ ਉਸ ਸਮੇਂ ਉਤਮ ਪੁਰਖ ਦੀ ਵਰਤੋ ਕਰਕੇ ਮਨੁੱਖ ਆਪਣੀ ਸ਼ਖ਼ਸੀਅਤ ਪ੍ਰਤੀ ਚਿੰਤਤ ਹੁੰਦਾ ਹੈ।

ਜਿਹਵਾ ਨੂੰ ਜੀਭ ਕਿਹਾ ਜਾਂਦਾ ਹੈ। ਇਸ ਸ਼ਬਦ ਦੀ ਵਰਤੋਂ ਚਉਪਦਿਆਂ ਵਿਚ ਸੰਬੋਧਨ ਦੇ ਰੂਪ ਵਿਚ ਬਹੁਤ ਘੱਟ ਕੀਤੀ ਗਈ ਹੈ। ਜਿਹਵਾ ਸ਼ਬਦ ਇੰਦਰੀ ਰਸ ਨਾਲ ਸੰਬੰਧਿਤ ਹੈ। ਜਿਹਵਾ ਸ਼ਬਦ ਦਾ ਸੰਬੋਧਨ ਮਨੁੱਖ ਨੂੰ ਖਾਣ-ਪੀਣ ਦੀਆਂ ਵਸਤਾਂ ਦੇ ਸੁਆਦ ਤੋਂ ਇਲਾਵਾ, ਅਸਲ ਨਾਮ ਦੇ ਰਸ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਆ ਗਿਆ ਹੈ। ਇਸ ਗਿਆਨ ਇੰਦਰੀ ਦਾ ਅਸਲ ਕਾਰਜ ਨਾਮ ਸਿਮਰਨ ਕਰਨਾ ਹੈ ਜਿਵੇਂ :

ਹੇ ਜਿਹਵੇ ਤੂੰ ਰਾਮ ਗੁਣ ਗਾਉ॥ (ਗੁ. ਗ੍ਰੰ. 180)

ਆਠ ਪਹਰ ਜਿਹਵੇ ਆਰਾਧਿ॥ (ਗੁ. ਗ੍ਰੰ. 180)

ਮਨੁੱਖ ਨੂੰ ਸੰਸਾਰਕ ਵਿਵਾਦਾਂ ਤੋਂ ਬਚਣ ਵਾਸਤੇ ਇਸ ਇੰਦਰੀ ਦਾ ਅਸਲ ਪ੍ਰਯੋਗ ਕਰਨਾ ਚਾਹੀਦਾ ਹੈ।

ਮਾਈ ਸ਼ਬਦ ਦੇ ਸੰਬੋਧਨ ਦੀ ਚਉਪਦਿਆਂ ਵਿਚ ਵਰਤੋਂ ਕੀਤੀ ਗਈ ਹੈ। ਪਾਲੀ ਵਿਚ ਮਾਈ ਜਾਂ ਮਾਂ ਨੂੰ ਮਾਤੂ ਕਿਹਾ ਜਾਂਦਾ ਹੈ।64 ਮਾਈ ਸ਼ਬਦ ਮਾਂ ਸ਼ਬਦ ਨਾਲ ਸੰਬੰਧਿਤ ਹੋਣ ਕਾਰਨ ਆਤਮਿਕ ਤੌਰ ਤੇ ਭਾਵਨਾਵਾਂ ਦੇ ਘੇਰੇ ਵਿਚ ਆ ਜਾਂਦਾ ਹੈ। ਵਧੇਰੇ ਤੁਕਾਂ ਵਿਚ ਮਾਈ ਸ਼ਬਦ ਮੈ ਅਤੇ ਮੇਰੇ ਸ਼ਬਦ ਨਾਲ ਸੰਬੰਧਿਤ ਹੋਣ ਕਾਰਨ, ਦਰਜ ਕੀਤਾ ਗਿਆ ਹੈ। ਤੁਕਾਂ ਦੇ ਅਰਥਾ ਦੁਆਰਾ ਮਾਇ ਸ਼ਬਦ ਆਤਮਾ ਦੇ ਸੰਬੋਧਨ ਵਜੋਂ ਪ੍ਰਤੀਤ ਹੁੰਦਾ ਹੈ ਜਿਵੇਂ :

ਮੈ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ॥ (ਗੁ. ਗ੍ਰੰ. 33)

ਮੇਰੇ ਮਨਿ ਤਨਿ ਭੁਖ ਅਤਿ ਅਸਲੀ ਕੋਈ ਆਣਿ ਮਿਲਾਵੈ ਮਾਇ॥ (ਗੁ. ਗ੍ਰੰ. 49)

ਇਹਨਾਂ ਦੋਹਾਂ ਤੁਕਾਂ ਵਿਚ ਮਨੁੱਖੀ ਆਤਮਾ ਪਰਮਾਤਮਾ ਦੇ ਦੀਦਾਰ ਲਈ ਬਿਹਬਲ ਹੈ। ਇਸ ਦੀ ਪ੍ਰਾਪਤੀ ਨਾਮ ਸਿਮਰਨ ਦੁਆਰਾ ਹੋਣੀ ਹੈ।

ਮਾਈ ਸੰਬੋਧਨ ਦੀ ਵਰਤੋਂ ਵੇਲੇ ਵਧੇਰੇ ਤੁਕਾਂ ਵਿਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਵੀ ਮਿਲਦੀ ਹੈ, ਜੋ ਮਨੁੱਖੀ ਆਤਮਾ ਨੂੰ ਨਾਮ ਦੇ ਚਿੰਤਨ ਵਲ ਲੈ ਜਾਂਦੀ ਹੈ ਜਿਵੇਂ :

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥ (ਗੁ. ਗ੍ਰੰ. 204)

ਤਿਸ ਕੈ ਸੰਗਿ ਮਿਲਉ ਮੇਰੀ ਮਾਈ॥ (ਗੁ. ਗ੍ਰੰ. 391)

ਅਜਿਹੀ ਅਵਸਥਾ ਵਿਚ ਮਨੁੱਖੀ ਆਤਮਾ ਸੁਖ ਅਨੁਭਵ ਕਰਦੀ ਹੈ, ਜਦੋਂ ਉਸ ਨੂੰ ਸਾਧਸੰਗਤ ਦਾ ਦੀਦਾਰ ਹੁੰਦਾ ਹੈ।

**ਵਿਸ਼ੇਸ਼ ਵਿਅਕਤੀਆਂ ਲਈ ਵਰਤੇ ਗਏ ਸੰਬੋਧਨ**

**ਸੰਤ :** "ਸੰਤ ਸ਼ਬਦ (ਸਨ+ਤ) ਤੋਂ ਮਿਲ ਕੇ ਬਣਿਆ ਹੈ"।65 ਸੰਤ ਉੱਚੀ ਸ਼ਖ਼ਸੀਅਤ ਦੇ ਧਾਰਨੀ ਵਿਅਕਤੀ ਨੂੰ ਕਹਿ ਲਿਆ ਜਾਂਦਾ ਹੈ। ਇਹ ਖਾਸ ਨਾਂਵ ਦੀ ਸੰਗਿਆ ਵਿਚ ਰੱਖਿਆ ਜਾ ਸਕਦਾ ਹੈ। ਅਜਿਹੇ ਸੰਤ ਇੰਦਰੀਆਂ ਤੇ ਕਾਬੂ ਰੱਖਦੇ ਹਨ। ਅਜਿਹੀਆਂ ਵਿਸ਼ੇਸ਼ ਸ਼ਖ਼ਸੀਅਤਾਂ ਮਨੁੱਖ ਨੂੰ ਸੱਚ ਦੇ ਮਾਰਗ ਤੇ ਚੱਲਣ ਦੀ ਸਿੱਖਿਆ ਦਿੰਦੀਆਂ ਹਨ। ਸੰਤਾਂ ਤੇ ਅਕਾਲ ਪੁਰਖ ਦੀ ਬਖ਼ਸ਼ੀਸ਼ ਹੁੰਦੀ ਹੈ। ਹਰ ਇਕ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਨਾ, ਉਹਨਾਂ ਦੀ ਵਿਸ਼ੇਸ਼ਤਾ ਹੈ ਜਿਵੇਂ :

ਆਵਹੁ ਸੰਤ ਮੈ ਗਲਿ ਮੇਲਾਈਐ (ਗੁ. ਗ੍ਰੰ. 95)

ਸੰਤਹੁ ਸਾਗਰੁ ਪਾਰਿ ਉਤਰੀਐ (ਗੁ. ਗ੍ਰੰ. 747)

ਇਥੇ ਪਾਰਿ ਕਾਰਕ ਅਤੇ ਉਤਰੀਐ ਕਿਰਿਆ ਰੂਪ ਵਰਤ ਕੇ ਨਾਮ ਦੀ ਅਸਲ ਸੋਝੀ ਪ੍ਰਤੀ ਜਾਗ੍ਰਿਤ ਕੀਤਾ ਗਿਆ ਹੈ।

**ਭਾਈ :** ਭਾਈ ਸ਼ਬਦ ਨੂੰ ਆਮ ਤੌਰ ਤੇ ਗੁਰਦਅਵਾਰਾ ਵਿਚ ਪਾਠ ਕਰਨ ਵਾਲੇ ਪਾਠੀ ਸਿੰਘ ਲਈ ਵਰਤ ਲਿਆ ਜਾਂਦਾ ਹੈ। ਇਸ ਨੂੰ ਆਦਰਸੂਚਕ ਸ਼ਬਦ ਮੰਨਿਆ ਜਾਂਦਾ ਹੈ। ਭਾਈ ਸ਼ਬਦ ਨੂੰ ਸੰਸਕ੍ਰਿਤ ਵਿਚ ? (?) ਕਿਹਾ ਜਾਂਦਾ ਹੈ।66 ਮਹਾਨ ਕੋਸ਼ ਅਨੁਸਾਰ, ਭਾਈ ਸ਼ਬਦ ਦਾ ਅਰਥ ਸਿੱਖ ਧਰਮ ਦੀ ਉੱਚ ਪਧਵੀ ਲਈ ਵਰਤਿਆ ਜਾਂਦਾ ਹੈ।67

ਮਨੁੱਖੀ ਮਨ ਦੀ ਬਿਰਤੀ ਨੂੰ ਨਾਮ ਦੀ ਦ੍ਰਿੜਤਾ ਕਰਵਾਉਣ ਵਾਸਤੇ ਅਜਿਹੇ ਸੰਬੋਧਨਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ :

ਭਾਈ ਰੇ ਇਯ ਮਨ ਕਉ ਸਮਝਾਇ॥ (ਗੁ. ਗ੍ਰੰ. 38)

ਭਾਈ ਰੇ ਗੁਰਮੁਖਿ ਹਰਿ ਨਾਮ ਧਿਆਇ॥ (ਗੁ. ਗ੍ਰੰ. 30)

ਭਾਈ ਰੇ ਗੁਰਬਿਨ ਭਗਤਿ ਨ ਹੋਇ॥ (ਗੁ. ਗ੍ਰੰ. 37)

ਜੋਗੀ ਸ਼ਬਦ ਨੂੰ ਪਾਲੀ ਭਾਸ਼ਾ ਵਿਚ ਜੋਗਾਵਚ ਕਿਹਾ ਜਾਂਦਾ ਹੈ।68 ਜੋਗੀ ਗ੍ਰਹਿਸਤ ਜੀਵਨ ਬਤੀਤ ਨਹੀ ਕਰਦੇ। ਮਹਾਨ ਕੋਸ਼ ਅਨੁਸਾਰ, ਜੋਗੀ ਆਤਮਾ ਵਿਚ ਜੁੜੇ ਪੁਰਸ਼ ਨੂੰ ਕਿਹਾ ਜਾਂਦਾ ਹੈ। ਇਹਨਾ ਦੀ ਵਿਸ਼ੇਸ਼ਤਾ ਇਹ ਹੁੰਦੀ ਕਿ ਇਹ ਪਦਾਰਥਕ ਸਮਗਰੀ ਦੀ ਸੰਗ੍ਰਹਿ ਨਹੀ ਕਰਦੇ, ਜੋਗੀ ਸ਼ਬਦ ਦੀ ਵਧੇਰੇ ਵਰਤੋਂ ਰਾਮਕਲੀ ਰਾਗੁ ਵਿਚ ਮਿਲਦੀ ਹੈ। ਗੁਰੂ ਨਾਨਕ ਸਾਹਿਬ ਨੇ ਜੋਗੀਆਂ ਨੂੰ ਆਪਣੀ ਅੰਤਰ ਆਤਮਾ ਤੋਂ ਪ੍ਰਭੂ ਮਿਲਾਪ ਕਰਨ ਦੀ ਸਿਖਿਆ ਦਿੱਤੀ ਬਲਕਿ ਭੇਖਾਂ ਤੋਂ ਉਪਰ ਉਠਾਇਆ ਹੈ, ਇਸ ਸਬੰਧੀ ਉਦਾਹਰਨ ਇਸ ਪ੍ਰਕਾਰ ਹੈ :

ਸੁਣਿ ਮਾਛਿੰਦ੍ਰਾ ਨਾਨਕ ਬੋਲੈ॥ (ਗੁ. ਗ੍ਰੰ. 877)

ਤਾ ਭੀ ਜੋਗੀ ਭੇਦੁ ਨ ਲਹਿਆ (ਗੁ. ਗ੍ਰੰ. 886)

ਜੋਗੀਆਂ ਨੂੰ ਬਾਹਰੀ ਆਡੰਬਰਾਂ ਤੋਂ ਵਰਜਿਆ ਗਿਆ ਹੈ।

ਮੀਤ ਸ਼ਬਦ ਮਿੱਤਰ, ਸੱਜਣ, ਸੰਬੰਧੀ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ ਮੀਤ ਸ਼ਬਦ ਅਜਿਹੀ ਸ਼ਖ਼ਸੀਅਤ ਲਈ ਵਰਤੋਂ ਵਿਚ ਆਇਆ, ਜਿਸ ਵਾਸਤੇ ਸਾਰੇ ਮਿਤਰ ਸਮਾਨ ਹਨ ਅਤੇ ਹਰ ਇਕ ਪ੍ਰਾਣੀ ਨੂੰ ਮੀਤ ਕਹਿ ਕੇ ਨਾਮ ਸਿਮਰਨ ਦੀ ਭਗਤੀ ਲਈ ਪ੍ਰੇਰਣਾ ਹੈ। ਅਜਿਹੀ ਸ਼ਖ਼ਸੀਅਤ ਦੀ ਵਿਸ਼ੇਸ਼ਤਾ ਹੈ ਕਿ ਉਸ ਦਾ ਸਭ ਨਾਲ ਪ੍ਰੇਮ, ਸਨੇਹ ਹੈ, ਕਿਸੇ ਨਾਲ ਵੈਰ ਦੀ ਭਾਵਨਾ ਨਹੀਂ। ਅਜਿਹਾ ਮਨੁੱਖ ਮਾਇਆ ਤੋ ਨਿਰਲੇਪ ਹੋਣਾ ਲੋਚਦਾ ਹੈ ਜਿਵੇਂ :

ਕਹੁ ਮੀਤਾ ਹਉ ਕੈ ਪਹਿ ਜਾਈ॥ (ਗੁ. ਗ੍ਰੰ. 371)

ਨਾਮ ਜਪਹੁ ਮੇਰੇ ਗੁਰਸਿਖ ਮੀਤਾ॥ (ਗੁ. ਗ੍ਰੰ. 367)

ਨਾਮ ਜਪਹੁ ਮੇਰੇ ਸਾਜਨ ਸੈਨਾ॥ (ਗੁ. ਗ੍ਰੰ. 366)

ਇਸ ਸੰਬੋਧਨ ਨੂੰ ਉਦੇਸ਼ਾਤਮਕ ਕਿਹਾ ਜਾ ਸਕਦਾ ਹੈ।

ਪੰਡਿਤ ਤੇ ਗਿਆਨੀ ਸ਼ਬਦ ਨੂੰ ਇੱਕੋ ਵੰਨਗੀ ਵਿਚ ਰੱਖਿਆ ਜਾ ਸਕਦਾ ਹੈ। ਇਹ ਜਾਤੀਵਾਚਕ ਸੰਗਿਆ ਦੇ ਸ਼ਬਦ ਹਨ। ਗਿਆਨੀ ਸ਼ਬਦ ਦਾ ਪ੍ਰਯੋਗ ਸਿੱਖ ਧਰਮ ਵਿਚ ਅਤੇ ਪੰਡਿਤ ਸ਼ਬਦ ਦਾ ਪ੍ਰਯੋਗ ਹਿੰਦੂ ਧਰਮ ਵਿਚ ਕੀਤਾ ਜਾਂਦਾ ਹੈ। ਚਉਪਦਿਆਂ ਵਿਚ ਪੰਡਿਤ ਤੇ ਗਿਆਨੀ ਸ਼ਬਦ ਦੇ ਸੰਬੋਧਨ ਨੂੰ ਤੁਕਾਂ ਵਿਚ ਹੇਠ ਲਿਖੇ ਅਨੁਸਾਰ ਸਾਕਾਰ ਕੀਤਾ ਗਿਆ ਹੈ। ਜਿਵੇਂ :

ਕਹੁ ਪੰਡਿਤ ਸੂਚਾ ਕਵਨੁ ਠਾਉ॥ (ਗੁ. ਗ੍ਰੰ. 1395)

ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ (ਗੁ. ਗ੍ਰੰ. 324)

ਸੁਆਮੀ ਪੰਡਿਤ ਤੁਮ ਦੇਹ ਮਤੀ॥ (ਗੁ. ਗ੍ਰੰ. 1171)

ਬੁਝ ਰੇ ਗਿਆਨੀ ਮੂਆ ਹੈ ਕਉਣ॥ (ਗੁ. ਗ੍ਰੰ. 152)

ਐਸਾ ਕਰ ਹੁ ਬੀਚਾਰੁ ਗਿਆਨੀ॥ (ਗੁ. ਗ੍ਰੰ. 385)

ਚਉਪਦਿਆਂ ਦੀਆਂ ਇਹਨਾਂ ਤੁਕਾਂ ਤੋਂ ਇਸ ਸੰਕਲਪ ਦਾ ਗਿਆਨ ਹੁੰਦਾ ਕਿ ਦੋਹਾਂ ਨੂੰ ਆਤਮਿਕ ਗਿਆਨ ਵਾਸਤੇ ਨਾਮ ਸਿਮਰਨ ਕਰਨਾ ਚਾਹੀਦਾ, ਬਾਹਰੀ ਭੇਖਾਂ ਦਾ ਕੋਈ ਲਾਭ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚ ਇਕ ਅਜਿਹਾ ਚਉਪਦਾ ਹੈ, ਜਦੋਂ ਭਗਤ ਨਾਮਦੇਵ ਜੀ ਤ੍ਰਿਲੋਚਨ ਜੀ ਨੂੰ ਮਨ ਦਾ ਟਿਕਾਅ ਹਰ ਸਮੇਂ ਨਾਮ ਵਿਚ ਕਰਨ ਵਾਸਤੇ ਵੱਖ-ਵੱਖ ਦ੍ਰਿਸ਼ਟਾਂਤ ਦੇ ਰਹੇ ਹਨ, ਜਿਵੇਂ :

ਕਹਤ ਨਾਮਦੇਉ ਸੁਨਹ ਤਿਲੋਚਨ ਬਾਲਕੁ ਪਾਲਨ ਪਉਢੀਅਲੇ (ਗੁ. ਗ੍ਰੰ. 972)

ਤੁਕ ਦੇ ਅਰਥਾਂ ਤੋਂ ਭਾਵ ਉਜਾਗਰ ਹੁੰਦਾ, ਮਾਂ ਬੱਚੇ ਨੂੰ ਪੰਘੂੜੇ ਵਿਚ ਪਾ ਕੇ ਅਵੇਸਲੀ ਨਹੀਂ ਹੁੰਦੀ, ਬਲਕਿ ਹੋਰ ਕੰਮ ਕਰਦਿਆਂ ਉਸ ਦਾ ਧਿਆਨ ਆਪਣੇ ਬਾਲਕ ਵਲ ਰਹਿੰਦਾ ਹੈ। ਇਸ ਤਰਾ ਮਨੁੱਖ ਨੂੰ ਦੁਨਿਆਵੀ ਕਾਰਜਾਂ ਦੇ ਨਾਲ ਆਪਣੀ ਸੁਰਤ ਨਾਮ ਵਲ ਰੱਖਣੀ ਚਾਹੀਦੀ ਹੈ।

**ਵਿਸ਼ੇਸ਼ ਚੋਣ ਤੇ ਆਧਾਰਿਤ ਸੰਬੋਧਨ**

**ਨਿਰਾਸ਼ਾਵਾਦੀ ਬਿਰਤੀ :** ਮੂਰਖ ਵਿਅਕਤੀ ਨੂੰ ਪਾਲੀ ਭਾਸ਼ਾ ਵਿਚ ? (ਮੁਦਰ) ਕਿਹਾ ਜਾਂਦਾ ਹੈ।69 ਮੂਰਖ ਦੀ ਬੁੱਧੀ ਘਟ ਹੁੰਦੀ ਹੈ। ਉਹ ਗਿਆਨ ਤੋਂ ਦੂਰ ਹੁੰਦਾ ਹੈ ਅਤੇ ਜਿਨਾਂ ਕਾਰਜਾਂ ਦਾ ਕੋਈ ਲਾਭ ਨਹੀਂ, ਅਜਿਹੇ ਕਾਰਜ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚ ਵੀ ਅਜਿਹੇ ਇਨਸਾਨ ਨੂੰ ਮੂਰਖ ਕਿਹਾ ਗਿਆ, ਜੋ ਨਾਮ ਸਿਮਰਨ ਨਹੀਂ ਕਰਦਾ। ਗੁਰਬਾਣੀ ਵਿਚ ਮੂਰਖ ਨੂੰ ਇਸ ਪ੍ਰਕਾਰ ਕਿਹਾ ਗਿਆ ਹੈ ਜਿਵੇਂ :

ਮੂੜੇ ਫਿਰਿ ਪਾਛੈ ਪਛੁਤਾਹਿ ਰੇ॥ (ਗੁ. ਗ੍ਰੰ. 156)

ਬਾਵਰੇ ਤੈ ਗਿਆਨ ਬੀਚਾਰ ਨ ਪਾਇਆ॥ (ਗੁ. ਗ੍ਰੰ. 793)

ਰੇ ਮੂੜੇ ਤੂੰ ਸਿਮਰਤ ਅਬ ਨਾਹੀ॥ (ਗੁ. ਗ੍ਰੰ. 1207)

ਮੂਰਖ ਦੀ ਮਦ ਬੁੱਧੀ ਨੂੰ ਨਾਮ ਦਾ ਗਿਆਨ ਦਿੱਤਾ ਗਿਆ ਹੈ। ਇਸੇ ਤਰ੍ਹਾਂ ਅੰਧੇ ਸੰਬੋਧਨ ਰਾਹੀਂ, ਮਨੁੱਖ ਨੂੰ ਜੀਵਨ ਦੀ ਨਾਸ਼ਵਾਨਤਾ ਦਾ ਸੰਕਲਪ ਦ੍ਰਿੜ ਕਰਵਾਇਆ ਗਿਆ ਹੈ ਜਿਵੇਂ :

ਅੰਧੇ ਤੂੰ ਬੈਠਾ ਕੰਧੀ ਪਾਹਿ॥ (ਗੁ. ਗ੍ਰੰ. 43)

**ਪ੍ਰਤੱਖ ਸੰਬੋਧਨੀ :** ਰੇ, ਰੀ ਸੰਬੋਧਨ ਨੀ, ਜਾ, ਵੇ ਸੰਬੋਧਨ ਅਨੁਸਾਰ ਹੁੰਦਾ ਹੈ। ਇਹਨਾਂ ਸ਼ਬਦਾਂ ਨੂੰ ਪੜਨਾਂਵੀ ਸੰਬੋਧਨ ਕਿਹਾ ਜਾਂਦਾ ਹੈ। ਇਸ ਸੰਬੋਧਨ ਦੀ ਵਧੇਰੇ ਵਰਤੋਂ ਕਿਸੇ ਦੂਜੇ ਵਿਅਕਤੀ ਨੂੰ ਸਮਝਾਉਣ ਲਈ ਕੀਤੀ ਜਾਂਦੀ ਹੈ। ਜਿਵੇਂ :

ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ॥ (ਗੁ. ਗ੍ਰੰ. 472)

ਭਰਮੇ ਭੂਲੀ ਰੇ ਜੈਚੰਦਾ॥ (ਗੁ. ਗ੍ਰੰ. 525)

ਇਸੇ ਤਰ੍ਹਾਂ ਸੰਬੋਧਨੀ ਰੂਪ ਰੀ ਦੀ ਵਰਤੋਂ ਚਉਪਦਿਆਂ ਵਿਚ ਹੈਰਾਨ ਕਰਨ ਵਾਲੇ ਸੰਦੇਸ ਨਾਲ ਕੀਤੀ ਗਈ ਹੈ। ਜਿਵੇਂ :

ਕਿਆ ਜਾਨਾ ਕਿਆ ਹੋਇਗਾ ਰੀ ਮਾਈ॥ (ਗੁ. ਗ੍ਰੰ. 356)

ਤਿਸ ਬਿਨੁ ਤੁਹੀ ਦੁਹੇਰੀ ਰੀ॥ (ਗੁ. ਗ੍ਰੰ. 390)

ਇਹਨਾ ਤੁਕਾਂ ਵਿਚ ਅਸਚਰਜਤਾ ਦਾ ਪ੍ਰਤੀਕ ਵਰਤ ਕੇ ਨਾਮ ਦੀ ਸੂਝ ਦਿੱਤੀ ਗਈ ਹੈ।

**ਕਵੀ ਛਾਪ ਸ਼ਬਦ ਦਾ ਸੰਬੋਧਨ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਰ ਚਉਪਦੇ ਦੇ ਅੰਤ ਵਿਚ ਨਾਨਕ ਜਾ ਜਨ ਨਾਨਕ ਸ਼ਬਦ ਦਾ ਸੰਬੋਧਨ ਮਿਲਦਾ। ਇਸ ਤੋਂ ਇਲਾਵਾ ਭਗਤ ਕਬੀਰ ਰਵਿਦਾਸ ਅਤੇ ਹੋਰ ਭਗਤਾਂ ਦੇ ਨਾਮ ਦੇ ਸੰਬੋਧਨ ਨੂੰ ਵੇਖਿਆ ਗਿਆ ਹੈ। ਸਾਰੇ ਗੁਰੂ ਸਾਹਿਬਾਨ ਨੇ ਸਾਰੀ ਬਾਣੀ ਦੇ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦੀ ਵਰਤੋਂ ਕੀਤੀ ਹੈ ਅਤੇ ਹਰ ਭਗਤ ਸਾਹਿਬਾਨ ਨੇ ਅੰਤ ਵਾਲੀ ਤੁਕ ਵਿਚ ਆਪਣਾ ਨਾਮ ਦਰਜ ਕਰਕੇ ਸੰਬੋਧਨੀ ਸੁਰ ਨੂੰ ਪੇਸ਼ ਕੀਤਾ ਹੈ। ਜਿਵੇਂ :

ਕਹੁ ਨਾਨਕ ਜਿਸ ਭਏ ਕ੍ਰਿਪਾਲ॥ (ਗੁ. ਗ੍ਰੰ. 179)

ਜਨ ਨਾਨਕ ਨਾਮ ਧਿਆਵੈ (ਗੁ. ਗ੍ਰੰ. 629)

ਕਹੁ ਕਬੀਰ ਤੇਈ ਕਰ ਭੂਲੇ (ਗੁ. ਗ੍ਰੰ. 792)

ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ (ਗੁ. ਗ੍ਰੰ. 875)

ਇਹਨਾ ਤੁਕਾਂ ਵਿਚ ਨਾਮ ਨੂੰ ਅਸਲ ਖੁਰਾਕ ਬਣਾਉਣ ਦੀ ਸੋਝੀ ਦਿੱਤੀ ਗਈ ਹੈ। ਇਸ ਕਾਰਨ ਸਮੇ ਦੀ ਸੰਭਾਲ ਕਰਦੇ ਹੋਏ ਨਾਮ ਦਾ ਜਾਪ ਕਰਨਾ ਚਾਹੀਦਾ ਹੈ।

ਸੰਬੋਧਨਾਂ ਦੇ ਅਧਿਐਨ ਤੋਂ ਬਾਅਦ ਇਹ ਸੰਕਲਪ ਸਾਹਮਣੇ ਆਇਆ ਕਿ ਚਉਪਦੇ ਵਿਚ ਉਪਦੇਸ਼, ਸਿਖਿਆ ਅਤੇ ਚੇਤਾਵਨੀ ਦੇ ਸੰਬੋਧਨ ਮਨੁੱਖ ਨੂੰ ਸੰਸਾਰ ਤੋਂ, ਉਪਰਾਮਤਾ ਬਣਾ ਕੇ ਨਾਮ ਜਪਣ ਨੂੰ, ਜੀਵਨ ਦਾ ਉਦੇਸ਼ ਬਣਾਉਣ ਲਈ ਉਤਸਾਹਿਤ ਕਰ ਰਹੇ ਹਨ। ਇਹਨਾਂ ਵਿਚੋ ਵਧੇਰੇ ਸੰਬੋਧਨ ਜਾਤੀਵਾਚਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚ ਵਧੇਰੇ ਸੰਬੋਧਨ ਭਾਈ, ਪ੍ਰਭੂ ਆਦਿ ਸ਼ਬਦਾਂ ਦੀ ਸੰਬੋਧਨੀ ਸ਼ੈਲੀ ਹੇਠ ਦਰਜ ਹਨ। ਇਸ ਤੋਂ ਇਲਾਵਾ ਨਾਨਕ ਸ਼ਬਦ ਦਾ ਸੰਬੋਧਨ ਵੀ ਹਰ ਚਉਪਦੇ ਵਿਚ ਵੇਖਣ ਨੂੰ ਮਿਲਦਾ ਹੈ। ਇਹਨਾ ਸੰਬੋਧਨਾਂ ਦਾ ਮੁੱਖ ਉਦੇਸ਼ ਸਮਾਜ ਨੂੰ ਜੀਵਨ ਦੇ ਸਾਰਥਕ ਅਰਥ ਦੱਸਣਾ ਹੈ, ਤਾਂ ਜੋ ਸਮਾਜ ਇਸ ਸੰਕਲਪ ਨੂੰ ਅਪਨਾ ਕੇ ਭਵਸਾਗਰ ਤੋਂ ਮੁਕਤ ਹੋ ਸਕੇ। ਇਸ ਪ੍ਰਕਾਰ ਸੰਬੋਧਨੀ ਸ਼ਬਦਾਂ ਦੇ ਸੰਚਾਰ ਰਾਹੀਂ ਭਾਵਾਤਮਕ ਸਾਂਝ ਦੇ ਨਾਲ ਮਨੁੱਖਤਾ ਭਵਿੱਖ ਪ੍ਰਤੀ ਚਿੰਤਤ ਹੁੰਦੀ ਹੈ। ਇਸ ਪ੍ਰਕਾਰ ਚਉਪਦਿਆਂ ਦੇ ਵਿਸ਼ੇ ਦੀ ਅਸਲ ਸਮਝ ਸੰਬੋਧਨੀ ਸ਼ੈਲੀ ਦੁਆਰਾ ਬਣਦੀ ਹੈ।

### (ਗ) ਅਖਾਣ

ਅਖਾਣ ਕਿਸੇ ਭਾਸ਼ਾ ਦਾ ਅਜਿਹਾ ਵਿਰਸਾ ਹੁੰਦੇ ਹਨ, ਜਿਸ ਦੀ ਸਿਰਜਣਾ ਸਮਾਜ ਦੇ ਆਪਸੀ ਸੰਵਾਦ ਦੁਆਰਾ ਹੋਈ ਮੰਨੀ ਜਾ ਸਕਦੀ ਹੈ। ਅਖਾਣ ਸਮਾਜ ਵਿਚ ਇਕ ਦੂਜੇ ਨੂੰ ਵਿਅੰਗ, ਮਸਕਰੀ ਅਤੇ ਪ੍ਰਤੱਖ ਪ੍ਰਮਾਣ ਦੇਣ ਲਈ ਵਰਤੇ ਜਾਂਦੇ ਹਨ। ਇਹ ਸਮਾਜ ਦੀ ਮਾਨਸਿਕਤਾ ਦਾ ਆਧਾਰ ਲੋਕ-ਗੀਤਾਂ ਤੋਂ ਪਹਿਲਾਂ ਬਣੇ ਪ੍ਰਤੀਤ ਹੁੰਦੇ ਹਨ। ਰਾਬਰਟ ਕਾਫਮੈਨ ਅਖਾਣਾਂ ਨੂੰ ਹੀ ਸਾਹਿਤ ਦਾ ਮੁੱਢ ਦੱਸਦਾ ਹੈ। ਉਸ ਦੇ ਖਿਆਲ ਅਨੁਸਾਰ ਦੁਨੀਆਂ ਦੀ ਪਹਿਲੀ ਕਵਿਤਾ ਅਖਾਣ ਸਨ।70 ਅਖਾਣ ਸ਼ਬਦ ਨੂੰ ਹਿੰਦੀ ਵਿਚ ਲਕੋਕਤੀ ਅਤੇ ਅੰਗਰੇਜ਼ੀ ਵਿਚ Proverb ਕਿਹਾ ਜਾਂਦਾ ਹੈ। ਅਖਾਣਾਂ ਦੀ ਸਮੱਗਰੀ ਨੂੰ ਗਦ ਅਤੇ ਪਦ ਦੋਹਾਂ ਸਾਹਿਤ ਰੂਪਾਂ ਵਿਚ ਵੇਖਿਆ ਜਾ ਸਕਦਾ ਹੈ। ਕਿਸੇ ਸੰਕਲਪ ਪ੍ਰਤੀ ਸੂਝ ਪੈਦਾ ਕਰਨ ਲਈ, ਇਹਨਾਂ ਨੂੰ ਸਾਹਿਤ ਦਾ ਰੂਪ ਬਣਾਇਆ ਜਾਂਦਾ ਹੈ। ਮਨੁੱਖ ਦਾ ਜੀਵਨ ਪ੍ਰਤੀ ਤਜ਼ਰਬਾ ਅਖਾਣਾਂ ਨੂੰ ਘੜਨ ਲਈ ਸਹਾਇਕ ਸਿਧ ਹੋਇਆ। ਅਖਾਣ ਮਨੁੱਖ ਦੀ ਵਾਰਤਾਲਾਪ ਨੂੰ ਸੰਖੇਪ ਕਰਨ ਦਾ ਢੰਗ ਹਨ। ਅਖਾਣ ਸਮਾਜ ਦੇ ਪੀੜ੍ਹੀ ਦਰ ਪੀੜ੍ਹੀ ਤਜ਼ਰਬੇ ਆਸਾਂ, ਨਿਰਾਸ਼ਾ ਅਤੇ ਜੀਵਨ ਦੀਆਂ ਤੰਗੀਆਂ ਤੁਰਸ਼ੀਆਂ 'ਚੋ ਉਪਜਿਆ ਅਜਿਹਾ ਗਿਆਨ ਹੁੰਦਾ ਹੈ ਜਿਸ ਨੂੰ ਮਨੁੱਖ ਰੋਜ਼ਾਨਾ ਜੀਵਨ ਵਿਚ ਹੰਢਾਉਂਦਾ ਹੈ। ਇਸ ਨਾਲ ਸਮਾਜ ਇਕ ਅਨੁਭਵ ਨੂੰ ਪ੍ਰਾਪਤ ਕਰਦਾ ਹੈ। ਕਿਸੇ ਨੂੰ ਟੋਕਣ ਨਾਲ ਵੀ ਅਖਾਣ ਪੈਦਾ ਹੁੰਦਾ ਹੈ, ਕਿਉਂਕਿ ਇਸ ਨਾਲ ਉਸ ਇਨਸਾਨ ਦੀ ਸਮਝ ਬਣ ਜਾਂਦੀ ਹੈ ਅਤੇ ਦੂਜਿਆਂ ਲਈ ਉਹ ਸਿਖਿਆ ਹੋ ਜਾਂਦੀ ਹੈ। ਇਹਨਾਂ ਅਨੁਭਵ ਭਰੇ ਸੰਵਾਦਾਂ ਨੂੰ ਮਨੁੱਖਤਾ ਨੇ ਸੰਖੇਪ ਰੂਪ ਦੇ ਕੇ ਅਖਾਣਾ ਦੀ ਸਿਰਜਣਾ ਕੀਤੀ ਹੈ। ਔਕਸਫੋਰਡ ਡਿਕਸ਼ਨਰੀ ਅਨੁਸਾਰ, ਕਿਸੇ ਸੱਚ ਨੂੰ ਦਰਸਾਉਣ ਲਈ ਸੂਖਮ ਰੂਪ ਵਿਚ ਤਰਕ ਨਾਲ ਕਿਹਾ ਕਥਨ, ਅਖਾਣ ਹੁੰਦਾ ਹੈ।71 ਅਖਾਣਾਂ ਦੀ ਵਰਤੋਂ ਸਮਾਜ ਲਈ ਪ੍ਰਤੀਕ ਸਿਰਜਣ ਵਿਚ ਸਹਾਇਕ ਹੈ। ਇਸ ਵਾਸਤੇ ਇਹਨਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਵਣਜਾਰਾ ਬੇਦੀ ਅਨੁਸਾਰ, ਅਖਾਣ ਨਿਤ ਦੀ ਬੋਲਚਾਲ ਵਿਚ ਵਰਤੀਦੇ, ਪ੍ਰਵਾਨ ਹੋਏ ਕਥਨ ਹਨ, ਜਿਨਾਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਤ ਕੋਈ ਅਨੁਭਵ ਸੂਝ-ਬੱਧ ਕਰਕੇ ਦਿਲਖਿਚਵੀ ਜਾਂ ਅਲੰਕਾਰਕ ਬੋਲੀ ਵਿਚ ਪੇਸ਼ ਕੀਤਾ ਹੁੰਦਾ ਹੈ।72 ਇਸ ਪ੍ਰਕਾਰ ਅਖਾਣ ਵਿਹਾਰਕ ਜੀਵਨ ਦੀ ਉਪਜ ਹਨ।

ਅਖਾਣਾਂ ਨੂੰ ਧਾਰਮਿਕ ਗ੍ਰੰਥਾਂ ਦਾ ਹਿੱਸਾ ਬਣਾਉਣਾ ਮਨੁੱਖੀ ਮਾਨਸਿਕਤਾ ਦੇ ਰੂਪਾਂਤਰਨ ਲਈ ਜ਼ਰੂਰੀ ਸਮਝਿਆ ਗਿਆ। ਅਖਾਣਾਂ ਦੀ ਵਰਤੋਂ ਚਉਪਦਿਆਂ ਵਿਚ ਵੀ ਕੀਤੀ ਗਈ ਹੈ। ਇਸ ਤਰ੍ਹਾਂ ਗੁਰਬਾਣੀ ਵਿਚ ਅਖਾਣ ਕਈ ਵੰਨਗੀਆਂ ਦੁਆਰਾ ਵੇਖੇ ਜਾ ਸਕਦੇ ਹਨ। ਕੁਝ ਅਖਾਣ ਪ੍ਰਤੱਖ ਤੌਰ ਤੇ ਵਸਤੂ ਦੀ ਪੇਸ਼ਕਾਰੀ ਕਰਦੇ ਹਨ। ਕੁਝ ਅਖਾਣਾਂ ਵਿਚ ਵਸਤੂ ਦਾ ਪ੍ਰਗਟਾ ਅਰਥਾ ਦੁਆਰਾ ਹੁੰਦਾ ਹੈ। ਵਣਜਾਰਾ ਬੇਦੀ ਅਨੁਸਾਰ, ਅਖਾਣਾਂ ਦੀਆਂ ਤਿੰਨ ਕਿਸਮਾਂ ਦੱਸੀਆ ਗਈਆਂ ਹਨ।

1. ਪ੍ਰਤੱਖ ਵਾਚੀ ਅਖਾਣ

2. ਪ੍ਰਮਾਣ ਵਾਚੀ ਅਖਾਣ

3. ਪ੍ਰਤੱਖ ਪ੍ਰਮਾਣ ਵਾਚੀ ਅਖਾਣ73

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਵੰਨਗੀਆਂ ਦੇ ਅਖਾਣਾਂ ਨੂੰ ਇਸ ਪ੍ਰਕਾਰ ਵੇਖਿਆ ਗਿਆ ਹੈ।

**1. ਪ੍ਰਤੱਖਵਾਚੀ ਅਖਾਣ :** ਇਹਨਾਂ ਅਖਾਣਾਂ ਵਿਚ ਵਾਕ ਦੀ ਬਣਤਰ ਸਿੱਧੇ ਢੰਗ ਨਾਲ ਪੇਸ਼ ਕੀਤੀ ਗਈ ਹੈ। ਅਜਿਹੇ ਅਖਾਣਾਂ ਵਿਚ ਸ਼ਬਦ ਅਨੁਸਾਰ ਖਾਸ ਅਰਥ ਮਿਲ ਜਾਂਦੇ ਹਨ। ਅਜਿਹੇ ਅਖਾਣ ਸਰੋਤੇ ਦੇ ਅਧਿਐਨ ਕਰਨ ਤੇ ਹੀ ਆਪਣੀ ਸਪਸ਼ਟਤਾ ਕਰਦੇ ਪ੍ਰਤੀਤ ਹੁੰਦੇ ਹਨ। ਅਜਿਹੇ ਅਖਾਣਾਂ ਦੇ ਅਰਥ ਸਧਾਰਨ ਹੁੰਦੇ ਹਨ। ਇਸ ਵੰਨਗੀ ਦੇ ਅਖਾਣਾਂ ਦੀ ਉਦਾਹਰਨ ਇਸ ਪ੍ਰਕਾਰ ਹੈ :

ਹਰਿ ਰਸੁ ਸਭ ਤੇ ਮੀਠਾ ਜੀਉ॥ (ਗੁ. ਗ੍ਰੰ. 101)

ਦਾਤਿ ਕਰੈ ਨਹੀ ਪਛੁੋਤਾਵੈ॥ (ਗੁ. ਗ੍ਰੰ. 1337)

ਮਾਇਆ ਲਗਿ ਭੂਲੋ ਸੰਸਾਰੁ॥ (ਗੁ. ਗ੍ਰੰ. 1143)

ਤਿਆਗਿ ਮਾਨੁ ਝੂਠੁ ਅਭਿਮਾਨੁ॥ (ਗੁ. ਗ੍ਰੰ. 176)

ਗੁਰ ਜੈਸਾ ਨਾਹੀ ਕੋ ਦੇਵ॥ (ਗੁ. ਗ੍ਰੰ. 1142)

ਸਾਚੇ ਗੁਰ ਕੀ ਸਾਚੀ ਸੀਖ॥ (ਗੁ. ਗ੍ਰੰ. 152)

**2. ਪ੍ਰਮਾਣਵਾਚੀ ਅਖਾਣ** : ਇਹ ਅਖਾਣ ਸਥਿਤੀ ਤੋਂ ਪਾਰ ਜਾਣ ਦੀ ਸਮੱਰਥਾ ਰੱਖਦੇ ਹਨ। ਇਹਨਾਂ ਅਖਾਣਾਂ ਵਿਚ ਵਾਕ ਦੀ ਬਣਤਰ ਕੁਝ ਛੁਪੇ ਅਰਥਾਂ ਵਿਚ ਹੁੰਦੀ ਹੈ। ਸ਼ਬਦਾਂ ਦੇ ਅੱਖਰੀ ਅਰਥ ਜੀਵਨ ਪ੍ਰਤੀ ਸੂਝ ਵੀ ਦਿੰਦੇ ਹਨ। ਇਹ ਅਖਾਣ ਸਚਾਈ ਨੂੰ ਪੇਸ਼ ਕਰਦੇ ਹਨ ਅਤੇ ਇਹਨਾਂ ਅਖਾਣਾਂ ਵਿਚ ਅਣਹੋਏ ਕਾਰਜ ਹੋਣ ਪ੍ਰਤੀ ਵਿਅੰਗਾਤਮਕ ਕਟਾਖਸ਼ ਵੀ ਹੁੰਦਾ ਹੈ। ਇਸ ਵੰਨਗੀ ਦੇ ਅਖਾਣਾਂ ਦੀ ਉਦਾਹਰਨ ਹੇਠ ਲਿਖੇ ਅਨੁਸਾਰ ਹੈ :

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥ (ਗੁ. ਗ੍ਰੰ. 595)

ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ॥ (ਗੁ. ਗ੍ਰੰ. 380)

ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੂਘੈ ਨਿਤ ਭੇਡ॥ (ਗੁ. ਗ੍ਰੰ. 326)

ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ॥(ਗੁ. ਗ੍ਰੰ. 381)

**3. ਪ੍ਰਤੱਖ ਪ੍ਰਮਾਣਵਾਚੀ ਅਖਾਣ** : ਅਜਿਹੇ ਅਖਾਣਾਂ ਵਿਚ ਵਾਕ ਦੇ ਅਰਥ ਵਿਚ ਵੀ ਭਾਵ ਛੁਪੇ ਹੁੰਦੇ ਹਨ। ਕੁਝ ਅਖਾਣਾਂ ਵਿਚ ਰੂਪਕ ਭਾਵਾਂ ਦੀ ਵਿਸ਼ਾਲਤਾ ਨੂੰ ਪੇਸ਼ ਕਰਦੇ ਹਨ। ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਅਜਿਹੇ ਅਖਾਣ ਸ਼ਾਬਦਿਕ ਅਰਥ ਤੇ ਰੂਪਕ ਅਰਥ ਵੀ ਦਿੰਦੇ ਹਨ। ਅਜਿਹੇ ਅਖਾਣਾਂ ਦੀ ਵਰਤੋਂ ਸਥਿਤੀ ਅਨੁਸਾਰ ਕੀਤੀ ਗਈ ਹੈ। ਇਸ ਵੰਨਗੀ ਦੇ ਅਖਾਣਾਂ ਦੀ ਉਦਾਹਰਨ ਇਸ ਪ੍ਰਕਾਰ ਹਨ :

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥ (ਗੁ. ਗ੍ਰੰ. 156)

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰ॥ (ਗੁ. ਗ੍ਰੰ. 1257)

ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ॥ (ਗੁ. ਗ੍ਰੰ. 162)

ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ॥ (ਗੁ. ਗ੍ਰੰ. 654)

ਵਿਣੁ ਨਾਵੈ ਦੁਖੁ ਦਰਦੁ ਸਰੀਰਿ॥ (ਗੁ. ਗ੍ਰੰ. 361)

ਕੁਝ ਅਖਾਣ ਸਤ ਕਥਨ ਜਾਂ ਲੋਕ ਸਿਆਣਪ ਅਨੁਸਾਰ ਵੀ ਗੁਰਬਾਣੀ ਵਿਚ ਵਰਤੇ ਜਾਂਦੇ ਹਨ, ਜਿਹੜੇ ਆਮ ਬੋਲ-ਚਾਲ ਵਿਚ ਸਮਾਜ ਦੇ ਮੂੰਹੋ ਉਚਾਰੇ ਜਾਂਦੇ ਹਨ। ਇਹਨਾਂ ਨੂੰ ਲੋਕ ਸਿਆਣਪਾਂ ਦਾ ਰੂਪ ਵੀ ਕਿਹਾ ਜਾ ਸਕਦਾ ਹੈ। ਇਹਨਾ ਦੀ ਉਦਾਹਰਨ ਇਸ ਪ੍ਰਕਾਰ ਹੈ :

ਛਾਡਿ ਸਿਆਨਪ ਬਹੁ ਚਤੁਰਾਈ॥ (ਗੁ. ਗ੍ਰੰ. 190)

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥ (ਗੁ. ਗ੍ਰੰ. 722)

ਵਿਦਿਆ ਵਿਚਾਰੀ ਤਾ ਪਰਉਪਕਾਰੀ॥ (ਗੁ. ਗ੍ਰੰ. 756)

**ਵਿਰੋਧੀ ਅਰਥਾਂ ਵਾਲੇ ਅਖਾਣ** : ਕੁਝ ਅਖਾਣ ਅਜਿਹੇ ਵੀ ਹਨ, ਜਿਨਾਂ ਵਿਚ ਦੋਹਰੇ ਸੰਕਲਪ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਚਉਪਦਿਆਂ ਦੇ ਵਿਰੋਧੀ ਅਰਥਾਂ ਵਾਲੇ ਅਖਾਣ ਮਨੁੱਖੀ ਮਾਨਸਿਕਤਾ ਦੇ ਰੂਪਾਂਤਰਨ ਨਾਲ ਸੰਬੰਧਿਤ ਹਨ। ਅਖਾਣ ਦੇ ਅਰਥਾਂ ਵਿਚ ਹੀ ਮਾਨਸਿਕਤਾ ਦੇ ਪਰਿਵਰਤਨ ਦਾ ਕਾਰਨ ਛੁਪਿਆ ਹੋਇਆ ਹੈ। ਇਹ ਅਖਾਣ ਕਾਰਜ ਕਾਰਨ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਵਿਚ ਜੀਵਨ ਦਾ ਤੱਤ ਸਾਰ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਵਿਰੋਧੀ ਅਖਾਣਾਂ ਦੁਆਰਾ ਗੁਰੂ ਅਤੇ ਨਾਮ ਦੀ ਸੂਝ ਪੇਸ਼ ਹੋ ਰਹੀ ਹੈ। ਇਸ ਵੰਨਗੀ ਦੇ ਅਖਾਣਾਂ ਦੀ ਉਦਾਹਰਨ ਇਸ ਪ੍ਰਕਾਰ ਹੈ :

ਖਿਨ ਮਹਿ ਥਾਪਿ ਉਥਾਪਨਹਾਰਾ॥ (ਗੁ. ਗ੍ਰੰ. 108)

ਪਾਪੁ ਪੁੰਨੁ ਬੀਜ ਕੀ ਪੋਟ॥ (ਗੁ. ਗ੍ਰੰ. 152)

ਕਲਿ ਕਾਲਪ ਅੰਧਿਆਰੀਆ॥ ਗੁਰ ਗਿਆਨ ਦੀਪਕ ਉਜਿਆਰੀਆ॥ (ਗੁ. ਗ੍ਰੰ. 210)

ਉਪਜੈ ਨਿਪਜੈ ਨਿਪਜਿ ਸਮਾਈ॥ ਨੈਨਹ ਦੇਖਤ ਇਹੁ ਜਗੁ ਜਾਈ॥ (ਗੁ. ਗ੍ਰੰ. 325)

ਅੰਮ੍ਰਿਤ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥ (ਗੁ. ਗ੍ਰੰ. 892)

ਇਸ ਪ੍ਰਕਾਰ ਵਿਭਿੰਨ ਤਰ੍ਹਾਂ ਦੇ ਅਖਾਣਾਂ ਨੂੰ ਘੋਖਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਹਰ ਅਖਾਣ ਦੂਜੇ ਅਖਾਣ ਤੋਂ ਰੂਪ ਅਤੇ ਭਾਵਾਂ ਕਾਰਨ ਵੱਖਰਾ ਹੁੰਦਾ ਹੈ, ਕਿਉਂਕਿ ਹਰ ਅਖਾਣ ਵਿਚ ਭਾਵਾਂ ਦਾ ਸੰਚਾਰ ਵੱਖਰੇ ਵਸਤੂ ਨੂੰ ਪੇਸ਼ ਕਰਦਾ ਹੈ। ਗੁਰਬਾਣੀ ਵਿਚ ਦਰਜ ਚਉਪਦਿਆਂ ਵਿਚਲੇ ਅਖਾਣ, ਰਾਗ ਅਤੇ ਲੈਅ ਭਰਪੂਰ ਕਹੇ ਜਾ ਸਕਦੇ ਹਨ। ਇਹਨਾਂ ਦਾ ਗਾਇਨ ਰਾਗ ਅਨੁਸਾਰ ਕੀਤਾ ਜਾਂਦਾ ਹੈ।

### (ਘ) ਮੁਹਾਵਰਾ

ਮੁਹਾਵਰਾ ਅਰਬੀ ਭਾਸ਼ਾ ਦਾ ਸ਼ਬਦ ਹੈ। ਮੁਹਾਵਰੇ ਵਿਚ ਸੰਖੇਪ ਸ਼ਬਦਾਂ ਦੀ ਵਰਤੋਂ ਕਰਕੇ ਭਾਵਾਂ ਦੀ ਵਿਸ਼ਾਲਤਾ ਨੂੰ ਉਭਾਰਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ, ਮੁਹਾਵਰਾ ਯੋਗਯ ਰੀਤਿ ਨਾਲ ਸ਼ਬਦਾਂ ਦਾ ਵਰਤਣਾ ਜਾਂ ਸ਼ਬਦ ਅਤੇ ਵਾਕ ਦਾ ਖਾਸ ਅਰਥ ਵਿਚ ਵਰਤਾਉ74 ਮੁਹਾਵਰਿਆਂ ਦੀ ਉਤਪਤੀ ਰੋਜ਼ਾਨਾ ਜੀਵਨ ਦੇ ਵਿਵਹਾਰ ਅਤੇ ਭਾਵ ਹਨ। ਹਰ ਵਾਕ ਦੇ ਦੋ ਅਰਥ ਬਣਦੇ ਹਨ। ਇਹ ਮਨੁੱਖ ਤੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਸੰਕਲਪ ਬਾਰੇ ਕਿਵੇਂ ਸੋਚ ਰਿਹਾ ਹੈ। ਅਰਥਾਂ ਦੇ ਛਿਪੇ ਅਤੇ ਦੋਹਰੇ ਭਾਵਾਂ ਨੂੰ ਸ਼ਬਦ ਸ਼ਕਤੀਆਂ ਦੁਆਰਾ ਉਜਾਗਰ ਕੀਤਾ ਜਾਂਦਾ ਹੈ। ਵਾਕ ਦੇ ਅਰਥਾਂ ਨੂੰ ਸਿੱਧੇ ਢੰਗ ਨਾਲ ਜਾਂ ਵਿਅੰਗਾਤਮਕ ਤੌਰ ਤੇ

ਅਪਨਾਉਣਾ ਭਾਵਾਂ ਤੇ ਨਿਰਭਰ ਕਰਦਾ ਹੈ। ਇਹਨਾਂ ਵਾਕਾਂ ਨੂੰ ਸਮਾਜ ਵੱਲੋਂ ਪ੍ਰਵਾਨਗੀ ਮਿਲਣੀ ਵੀ ਬਹੁਤ ਜ਼ਰੂਰੀ ਹੈ। "ਇਸ ਪ੍ਰਕਾਰ ਵਾਕੰਸ਼ ਬੱਝਵੇਂ ਰੂਪ ਵਿਚ ਆਪਣੇ ਵਾਸਤਵਿਕ ਅਰਥ ਹੋਣ ਕਰਕੇ ਲਾਖਸ਼ਣਿਕ ਜਾਂ ਵਿਅੰਜਨਾ ਮਈ ਅਰਥਾਂ ਵਿਚ ਜੋ ਅਲੌਕਿਕ ਹੁੰਦੇ ਹਨ, ਪ੍ਰਚਲਤ ਹੋ ਕੇ ਮੁਹਾਵਰਾ ਬਣ ਜਾਂਦੇ ਹਨ।"75 ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਕੋਈ ਵਾਕ ਅਭਿਧਾ ਹੁੰਦਾ ਹੈ, ਲਕਸ਼ਣਾ ਅਤੇ ਵਿਅੰਜਨਾ ਦੁਆਰਾ ਉਹ ਮੁਹਾਵਰੇ ਦਾ ਰੂਪ ਧਾਰਨ ਕਰਦਾ ਹੈ। ਮੁਹਾਵਰੇ ਦੀ ਢੁੱਕਵੀਂ ਸ਼ਬਦਾਵਲੀ ਸਰੋਤੇ ਲਈ ਸੰਵੇਦਨਾ ਕਾਰਜ ਕਰਦੀ ਹੈ। ਮੁਹਾਵਰੇ ਦੀ ਸ਼ਬਦਾਵਲੀ ਪ੍ਰਗਟਾ ਦਾ ਅਜਿਹਾ ਮਾਧਿਅਮ ਹੈ, ਜਿਸ ਨਾਲ ਸਰੋਤੇ ਦੇ ਭਾਵ ਉਜਾਗਰ ਹੋ ਜਾਂਦੇ ਹਨ। ਔਕਸਫੋਰਡ ਅਨੁਸਾਰ, ਮੁਹਾਵਰੇ ਦੀ ਵਿਆਕਰਣਕ ਬਣਤਰ ਹੁੰਦੀ ਹੈ। ਇਸ ਦੀ ਭਾਸ਼ਾ ਵਿਅਕਤੀ ਦੇ ਆਧਾਰ ਤੇ ਪੇਸ਼ ਕੀਤੀ ਜਾਂਦੀ ਹੈ। ਇਸ ਦੇ ਅਰਥਾਂ ਨੂੰ ਨਿਖੇੜ ਕੇ ਅਲੱਗ-ਅਲੱਗ ਨਹੀਂ ਸਮਝ ਸਕਦੇ, ਕੇਵਲ ਬੋਲਣ ਵਾਲੇ ਨੂੰ ਅਰਥਾਂ ਦੀ ਸਮਝ ਹੁੰਦੀ ਹੈ।76 ਮੁਹਾਵਰੇ ਦੀ ਭਾਸ਼ਾ ਵਿਚ ਇਕ ਵਾਕ ਵਿਚ ਗੱਲ ਕੀਤੀ ਜਾਂਦੀ ਹੈ ਅਤੇ ਮੁਹਾਵਰਾ ਵਿਹਾਰਕ ਰੂਪ ਵਿਚ ਅਰਥਾਂ ਨਾਲ ਸੰਪੂਰਨ ਬਣਦਾ ਹੈ। ਇਸ ਵਾਸਤੇ ਮੁਹਾਵਰਿਆਂ ਦੇ ਅਰਥਾਂ ਦੀ ਸੂਝ ਹੋਣੀ ਬਹੁਤ ਜ਼ਰੂਰੀ ਹੈ। ਆਮ ਤੌਰ ਤੇ ਮੁਹਾਵਰੇ ਦੇ ਅਰਥ ਵਾਕ ਦੀ ਬਣਤਰ ਦੁਆਰਾ ਹੋਂਦ ਵਿਚ ਆਉਂਦੇ ਹਨ। ਇਸ ਤਰ੍ਹਾਂ ਮੁਹਾਵਰੇ ਨੂੰ ਅਰਥਾਂ ਦੀ ਸਪੱਸ਼ਟਤਾ ਦੁਆਰਾ ਵਾਕ ਦੇ ਵਿਸਥਾਰ ਵਿਚ ਵੇਖਿਆ ਜਾ ਸਕਦਾ ਹੈ। "ਮੁਹਾਵਰਾ ਭਾਸ਼ਾਈ ਸੰਰਚਨਾ ਵਿਚ ਬੱਝਾ ਸਥਿਰ ਪ੍ਰਗਟਾ ਵਾਲਾ ਸ਼ਬਦ-ਜੁਟ ਹੈ, ਜਿਸ ਵਿਚ ਹਰ ਸ਼ਬਦ ਆਪਣੇ ਕੋਸ਼ ਅਰਥਾਂ ਤੋਂ ਵਿਸਤਰਿਤ ਹੋ ਕੇ ਨਵੇਂ ਸੰਦਰਭ ਵਿਚ ਨਵੇਂ ਸ਼ਬਦਾਂ ਨਾਲ ਮਿਲ ਕੇ ਵਿਸਤਰਿਤ ਅਰਥ ਧਾਰਨ ਕਰ ਜਾਂਦਾ ਹੈ। ਇਹ ਸ਼ਬਦ ਜੁੱਟ ਰੂਪਾਂਤਰਤ ਅਰਥਾਂ ਵਿਚ ਰੂੜ ਹੋ ਕੇ ਲੋਕ-ਪ੍ਰਵਾਨ ਹੋ ਜਾਂਦਾ ਹੈ।"77 ਇਸ ਤਰ੍ਹਾਂ ਮੁਹਾਵਰੇ ਮਨੁੱਖੀ ਮਨ ਦੀਆਂ ਭਾਵਨਾਵਾਂ ਨੂੰ ਸਿਰਜਦੇ ਹਨ। ਇਹਨਾਂ ਦੀ ਵਰਤੋਂ ਢੁੱਕਵੇਂ ਸਮੇਂ ਅਨੁਸਾਰ ਕੀਤੀ ਜਾਂਦੀ ਹੈ।

ਵਿਹਾਰਕ ਤੌਰ ਤੇ ਵਰਤੋਂ ਵਿਚ ਆਉਣ ਤੋਂ ਬਾਅਦ ਨਾਹਰ ਸਿੰਘ ਦੁਆਰਾ ਮੁਹਾਵਰਿਆਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ।

1. ਨਾਂਵ ਵਾਚਕ

2. ਕਿਰਿਆ ਵਾਚਕ78

ਸ੍ਰੀ ਗੁਰੂ ਗ੍ਰੰਥ ਸਹਿਬ ਦੇ ਚਉਪਦਿਆਂ ਵਿਚ ਮੁਹਾਵਰਿਆਂ ਦੀ ਵਰਤੋਂ ਬਹੁਤ ਸੰਖੇਪ ਰੂਪ ਵਿਚ ਕੀਤੀ ਗਈ ਹੈ। ਮੁਹਾਵਰਿਆਂ ਦੀਆਂ ਵੰਨਗੀਆਂ ਅਨੁਸਾਰ ਇਸ ਦੀ ਉਦਾਹਰਨ ਇਸ ਪ੍ਰਕਾਰ ਹੈ।

**1.ਨਾਂਵ ਵਾਚਕ :** ਇਹ ਮੁਹਾਵਰੇ ਨਾਮ ਤੋਂ ਅਰੰਭ ਹੁੰਦੇ ਹਨ ਅਤੇ ਵਿਹਾਰਕ ਤੌਰ ਤੇ ਵੀ ਸਥਿਰ ਹੁੰਦੇ ਹਨ। ਜਿਵੇਂ :

ਨਾਨਕ ਕਾ **ਅੰਗੁ ਕੀਆ ਕਰਤਾਰਿ॥** (ਗੁ. ਗ੍ਰੰ. 866)

ਸਤਗੁਰ ਤੇ ਜੋ ਮੁਹ ਫੇਰਹਿ **ਮਥੇ ਤਿਨ ਕਾਲੇ**॥ (ਗੁ. ਗ੍ਰੰ. 30)

ਇਹਨਾਂ ਤੁਕਾਂ ਵਿਚ ਅੰਗ ਕੀਆ ਕਰਤਾਰਿ ਅਤੇ ਮਥੇ ਤਿਨ ਕਾਲੇ ਮੁਹਾਵਰੇ ਹਨ।

**2.ਕਿਰਿਆਵਾਚਕ** : ਇਹ ਮੁਹਾਵਰੇ ਵਿਹਾਰਕ ਤੌਰ ਤੇ ਕਿਰਿਆਤਮਕ ਹੁੰਦੇ ਹਨ ਅਤੇ ਅੰਤ ਵਾਲਾ ਸ਼ਬਦ ਵੀ ਕਿਰਿਆ ਦੇ ਰੂਪ ਵਾਲਾ ਹੁੰਦਾ ਹੈ। ਜਿਵੇਂ :

ਤਪਿ ਤਪਿ ਲੁਹਿ ਲੁਹਿ **ਹਾਥ ਮਰੋਰਉ**॥ (ਗੁ. ਗ੍ਰੰ. 794)

ਕਉਡੀ ਕਉਡੀ ਕਉ **ਖਾਕੁ ਸਿਰਿ ਛਾਨੈ**॥ (ਗੁ. ਗ੍ਰੰ. 899)

ਇਹਨਾਂ ਤੁਕਾਂ ਵਿਚ ਹਾਥ ਮਰੋਰਉ ਅਤੇ ਖਾਕੁ ਸਿਰਿ ਛਾਨੈ ਮੁਹਾਵਰੇ ਹਨ।

ਇਸ ਪ੍ਰਕਾਰ ਮੁਹਾਵਰੇ ਮਨੁੱਖੀ ਮਨ ਦੀ ਅਭਿਵਿਅਕਤੀ ਦੇ ਤੌਰ ਤੇ ਪੇਸ਼ ਹੋਏ ਹਨ। ਬਾਣੀ-ਰੂਪ ਚਉਪਦੇ ਵਿਚ ਵਰਤੇ ਮੁਹਾਵਰੇ ਮਨੁੱਖ ਦੇ ਵਿਹਾਰਕ ਜੀਵਨ ਦਾ ਤਜ਼ਰਬਾ ਪੇਸ਼ ਕਰਦੇ ਹਨ। ਚਉਪਦਿਆਂ ਵਿਚ ਮੁਹਾਵਰਿਆਂ ਦੀ ਵਰਤੋਂ ਨਾਲ ਮਨੁੱਖੀ ਜੀਵਨ ਵਿਚ ਤਬਦੀਲੀ ਵਾਪਰਦੀ ਹੈ। ਇਸ ਤਰ੍ਹਾਂ ਮੁਹਾਵਰੇ ਮਨੁੱਖੀ ਜੀਵਨ ਨੂੰ ਸੇਧ ਦਿੰਦੇ ਹਨ। ਬਾਣੀ-ਰੂਪ ਚਉਪਦੇ ਵਿਚ ਇਹਨਾਂ ਦੀ ਵਰਤੋਂ ਪਥ ਪਰਦਰਸ਼ਕ ਦਾ ਕਾਰਜ ਕਰਦੀ ਹੈ।

## (ਙ) ਬੁਝਾਰਤ

ਬੁਝਾਰਤ ਨੂੰ ਅੰਗਰੇਜ਼ੀ ਵਿਚ Riddle ਅਤੇ ਹਿੰਦੀ ਵਿਚ ਪਹੇਲੀ ਕਹਿੰਦੇ ਹਨ। ਪਹੇਲੀ ਸੰਸਕ੍ਰਿਤ ਦੇ ਸ਼ਬਦ ਪਰਹੇਲਕਾ ਦਾ ਤਦਭਵੀ ਰੂਪ ਹੈ।79 ਬੁਝਾਰਤਾਂ ਸਾਹਿਤ ਦਾ ਅਨਿਖੜਵਾਂ ਅੰਗ ਹਨ। ਮੱਧਕਾਲੀਨ ਸਾਹਿਤ ਰਿਗਵੇਦ, ਮਹਾਂਭਾਰਤ ਵਿਚ ਕੁਝ ਕਥਾਵਾਂ ਵਿਚ ਬੁਝਾਰਤਾਂ ਦੀ ਵਰਤੋਂ ਕਰਕੇ, ਤੀਖਣ ਬੁੱਧੀ ਦੀ ਜਾਂਚ ਕੀਤੀ ਜਾਂਦੀ ਸੀ। ਇਸੇ ਤਰਾਂ ਜਗੀਰਦਾਰ ਭੱਟ, ਮਰਾਸੀਆਂ ਤੋਂ ਨਵੀਆਂ-ਨਵੀਆਂ ਬੁਝਾਰਤਾਂ ਜਾਣਨ ਲਈ ਉਤਸੁਕ ਰਹਿੰਦੇ ਸਨ, ਕਿਉਂਕਿ ਉਸ ਸਮੇਂ ਬੁਝਾਰਤਾਂ ਨੂੰ ਮਨੋਰੰਜਨ ਦਾ ਸਾਧਨ ਸਮਝਿਆ ਜਾਂਦਾ ਸੀ। ਬੁਝਾਰਤ ਮਨੁੱਖੀ ਮਨ ਵਿਚ ਚਿੱਤਰ ਰੂਪਕ ਅਤੇ ਬਿੰਬ ਸਿਰਜਣ ਦੀ ਸਮਰੱਥਾ ਰੱਖਦੀ ਹੈ। ਅਸਲ ਵਿਚ ਬੁਝਾਰਤ ਸੰਕੇਤਕ ਸ਼ਬਦਾਵਲੀ ਰਾਹੀਂ ਮੂਲ ਤੱਕ ਪਹੁੰਚਣ ਦਾ ਕਾਰਜ ਕਰਦੀ ਹੈ। ਬੁਝਾਰਤ ਵਿਚ ਛੁਪਿਆ ਸੰਕਲਪ ਮਨੁੱਖੀ ਜੀਵਨ ਨੂੰ ਸੇਧ ਦੇਣ ਯੋਗ ਹੁੰਦਾ ਹੈ। ਔਕਸਫੋਰਡ ਅਨੁਸਾਰ, ਇਕ ਪ੍ਰਸ਼ਨ ਜਾਂ ਕਥਨ ਹੈ ਜੋ ਕਿ ਸਮਝ ਬੁੱਝ ਕੇ ਪੇਸ਼ ਕੀਤਾ ਜਾਂਦਾ ਹੈ, ਤਾਂ ਕਿ ਬੁਝਾਰਤ ਦਾ ਅਸਲ ਅਰਥ ਸਰਲਤਾ ਨਾਲ ਪਤਾ ਲੱਗ ਸਕੇ। ਇਸ ਤੋਂ ਇਲਾਵਾ ਉਲਝਾਉਣ ਵਾਲੇ ਅਰਥ ਛੁਪੇ ਹੋਣ ਵਾਲੇ ਅਤੇ ਮੁਸ਼ਕਿਲ ਨਾਲ ਹਲ

ਹੋਣ ਵਾਲੇ ਵਾਕ ਨੂੰ ਬੁਝਾਰਤ ਕਿਹਾ ਜਾ ਸਕਦਾ ਹੈ।80 ਬੁਝਾਰਤ ਇਕ ਫੁੱਲ ਦੀ ਡੋਡੀ ਵਰਗੀ ਹੁੰਦੀ ਹੈ, ਜਿਸ ਦੇ ਖਿੜਨ ਤੇ ਸੁੰਦਰ ਫੁੱਲ ਖਿੜਦਾ ਹੈ। ਬੁਝਾਰਤ ਵਿਚ ਕਿਸੇ ਸੂਖਮ ਵਸਤ ਦੁਆਰਾ ਸਥੂਲ ਸੰਕਲਪ ਸਿਰਜਿਆ ਜਾਂਦਾ ਹੈ, ਇਸ ਨੂੰ ਜਾਣਨ ਵਾਸਤੇ ਮਨੁੱਖ ਉਤਸੁਕਤਾ ਨਾਲ ਤੀਖਣ ਬੁੱਧੀ ਦਾ ਪ੍ਰਯੋਗ ਕਰਦਾ ਹੈ। ਮਨੁੱਖ ਦੇ ਮਨ ਵਿਚ ਹਰ ਉਸ ਵਸਤ ਦਾ ਬਿੰਬ ਉਭਰਦਾ ਹੈ, ਜੋ ਬੁਝਾਰਤ ਨਾਲ ਜੁੜੀ ਹੁੰਦੀ ਹੈ। "ਇਸ ਤਰ੍ਹਾਂ ਬੁਝਾਰਤ ਮੋਟੇ ਠੁਲੇ ਪ੍ਰਸ਼ਨ ਹਨ, ਜਿਨ੍ਹਾਂ ਵਿਚ ਆਦਮ-ਬਿੰਬਾਂ, ਰੂਪਕਾਂ ਤੇ ਸੰਕਲਪ ਚਿੱਤਰਾ ਦੁਆਰਾ ਅਨੂਠੇ ਆਕਾਰ ਦੇ ਝਾਵਲੇ ਪੇਸ਼ ਹੁੰਦੇ ਹਨ ਅਤੇ ਜਿਨ੍ਹਾਂ ਵਿਚ ਛੁਪੀ ਕਿਸੇ ਮੂਲ ਵਸਤ ਨੂੰ ਪਛਾਣਨਾ ਹੁੰਦਾ ਹੈ।"81 ਇਸ ਪ੍ਰਕਾਰ ਬੁਝਾਰਤ ਵਿਚ ਰਹੱਸ ਨੂੰ ਜਾਣਨ ਦੀ ਉਤਸੁਕਤਾ ਹੁੰਦੀ ਹੈ। ਅਸਲ ਵਿਚ ਬੁਝਾਰਤ ਵਿਚ ਛੁਪੇ ਅਰਥ ਮਨ ਵਿਚ ਰਹਸ ਪੈਦਾ ਕਰ ਦਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਚਉਪਦਿਆਂ ਵਿਚ ਬੁਝਾਰਤਾਂ ਦੀ ਵਰਤੋਂ ਬਹੁਤ ਸੰਖੇਪ ਰੂਪ ਵਿਚ ਕੀਤੀ ਗਈ ਹੈ। ਸਮਾਜ ਨੂੰ ਗਿਆਨ ਦੇਣ ਵਾਸਤੇ ਗੁਰੂ ਸਾਹਿਬਾਨ ਵੱਲੋਂ ਅਜਿਹੇ ਚਉਪਦੇ ਰਚੇ ਗਏ, ਜੋ ਬੁਝਾਰਤ ਦੀ ਤਰ੍ਹਾਂ ਹਨ। ਮੁੱਖ ਰੂਪ ਵਿਚ ਮੁੰਦਾਵਣੀ ਵਾਲਾ ਪਦਾ ਬੁਝਾਰਤ ਦੇ ਯੋਗ ਹੈ। ਇਹ ਚਉਪਦਾ ਇਕ ਪਦੇ ਦੀ ਵੰਨਗੀ ਵਿਚ ਆਉਂਦਾ ਹੈ। ਇਹ ਪਦਾ ਮਨੁੱਖੀ ਮਨ ਨੂੰ ਚਿੰਤਨ ਲਈ ਪ੍ਰੇਰਦਾ ਹੈ। ਇਸ ਪਦੇ ਦੀਆਂ ਤੁਕਾਂ ਇਸ ਪ੍ਰਕਾਰ ਹਨ :

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥ (ਗੁ. ਗ੍ਰੰ. 1429)

ਇਸ ਪਦੇ ਵਿਚ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਹਾ ਗਿਆ ਹੈ। ਵਸਤੂ ਸਤ, ਸੰਤੋਖ ਅਤੇ ਵਿਚਾਰ ਨੂੰ ਮੰਨਿਆ ਗਿਆ ਹੈ। ਇਥੇ ਸਤ ਦਾ ਅਰਥ ਪਰਮਾਤਮਾ ਨੂੰ ਮੰਨਣ ਨਾਲ ਹੈ, ਸੰਤੋਖ ਦਾ ਅਰਥ ਵਿਸ਼ਵਾਸ ਲਿਆ ਗਿਆ ਅਤੇ ਵਿਚਾਰ ਦਾ ਅਰਥ ਵਿਹਾਰਕ ਜੀਵਨ ਵਿਚ ਇਸ ਨੂੰ ਕਿਵੇਂ ਅਪਨਾਇਆ ਜਾ ਰਿਹਾ ਹੈ। ਜਦੋਂ ਵਸਤੂ ਨੂੰ ਬਿੰਬਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਅਤੇ ਪ੍ਰਤੀਕ ਨਾਮ ਦਾ ਉਪਜਣਾ ਜ਼ਰੂਰੀ ਹੈ। ਗ੍ਰਹਿਣ ਕਰਨ ਦੀ ਸ਼ਕਤੀ ਪ੍ਰਤੀਕ ਸਿਰਜਦੇ ਹਨ। ਇਥੇ ਨਾਮ ਪ੍ਰਤੀਕ ਦੇ ਤੌਰ ਤੇ ਮਨੁੱਖਤਾ ਦੀ ਅਗਵਾਈ ਕਰ ਰਿਹਾ ਹੈ। ਇਹ ਪਦਾ ਬੁਝਾਰਤ ਦੇ ਅਰਥਾਂ ਦੀ ਸੂਝ ਸਪਸ਼ਟ ਰੂਪ ਵਿਚ ਪੇਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ ਚਉਪਦੇ ਦੀ ਵੰਨਗੀ ਦਾ ਦੁਪਦਾ ਇਸ ਪ੍ਰਕਾਰ ਹੈ :

ਛਿਅ ਘਰ ਛਿਅ ਗੁਰ ਛਿਅ ਉਪਦੇਸ਼
ਗੁਰ ਗੁਰ ਏਕੋ ਵੇਸ ਅਨੇਕ (ਗੁ. ਗ੍ਰੰ. 357)

ਇਹ ਚਉਪਦਾ ਵੀ ਬੁਝਾਰਤ ਦੇ ਅਰਥਾਂ ਦੀ ਡੂੰਘਾਈ ਨੂੰ ਪੇਸ਼ ਕਰਦਾ ਹੈ। ਇਸ ਬੁਝਾਰਤ ਰਾਹੀਂ ਛੇ ਸ਼ਾਸਤ੍ਰ ਛੇ ਗੁਰੂ ਅਤੇ ਛੇ ਹੀ ਉਪਦੇਸ਼ਾਂ ਜਾਂ ਸਿਧਾਂਤਾਂ ਬਾਰੇ ਜਾਣਨ ਦੀ ਉਤਸੁਕਤਾ ਪੈਦਾ ਹੁੰਦੀ ਹੈ। ਇਸ ਪ੍ਰਕਾਰ ਬੁਝਾਰਤਾਂ ਪ੍ਰਸ਼ਨਿਕ ਸ਼ੈਲੀ ਸਿਰਜ ਕੇ ਸਰੋਤੇ ਵਿਚ ਗਿਆਨ ਪ੍ਰਾਪਤ ਕਰਨ ਦੀ ਉਤਸੁਕਤਾ ਪੈਦਾ ਕਰਦੀਆਂ ਹਨ।

ਇਸ ਪ੍ਰਕਾਰ ਚਉਪਦਿਆਂ ਵਿਚ ਦਰਜ ਅਖਾਣ ਮੁਹਾਵਰਿਆਂ ਤੇ ਬੁਝਾਰਤਾਂ ਨੂੰ ਪੇਸ਼ ਕਰਨ ਤੋਂ ਬਾਅਦ ਇਹ ਸੰਕੇਤ ਮਿਲਦਾ ਕਿ ਗੁਰਬਾਣੀ ਦੀ ਸਿਰਜਣਾ ਸਮਾਜ ਦੇ ਬਿੰਬਾਂ, ਪ੍ਰਤੀਕਾਂ ਅਤੇ ਅਮੂਰਤ ਦ੍ਰਿਸ਼ਾਂ ਦੁਆਰਾ ਕੀਤੀ ਗਈ ਹੈ। ਇਸ ਨਾਲ ਸਮਾਜ ਦੇ ਹਰ ਵਰਗ ਦੀ ਮਨੋਸਥਿਤੀ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਦਾ ਕਾਵਿ-ਰੂਪ ਚਉਪਦਾ ਸਮਾਜ ਦੀ ਹਰ ਸਥਿਤੀ, ਅਨੁਭਵ ਅਤੇ ਰਹੱਸ ਨਾਲ ਸੰਬੰਧਿਤ ਹੈ।

### (ਚ) ਭਾਸ਼ਾ

ਭਾਸ਼ਾ ਚਿੰਨ੍ਹਾਂ ਦੁਆਰਾ ਸਮਾਜ ਵਿਚ ਸੰਚਾਰ ਦੇ ਮਾਧਿਅਮ ਦਾ ਹਿੱਸਾ ਬਣੀ ਹੈ। ਸਮਾਜ ਵਿਚ ਵੱਖ-ਵੱਖ ਇਲਾਕਿਆਂ ਤੇ ਵਰਗਾਂ ਵਿਚ ਰਹਿੰਦੇ ਲੋਕਾਂ ਦੀ ਭਾਸ਼ਾਈ ਸਮੱਗਰੀ ਇਕੋ ਜਿਹੀ ਨਹੀਂ ਹੁੰਦੀ। ਸਮਾਜ ਵਿਚ ਭਾਸ਼ਾ ਦਾ ਪਰਿਵਰਤਨ ਆਮ ਵੇਖਣ ਵਿਚ ਆਉਂਦਾ ਹੈ। ਇਸ ਪਰਿਵਰਤਨ ਦਾ ਕਾਰਨ ਧੁਨੀ, ਸ਼ਬਦ ਅਤੇ ਮੁਹਾਰਨੀ ਦੇ ਪ੍ਰਭਾਵ ਕਾਰਨ ਵੇਖਿਆ ਜਾਂਦਾ ਹੈ। ਸੰਸਾਰ ਵਿਚ ਅਨੇਕ ਰੂਪਾਂ ਦੀਆਂ ਭਾਸ਼ਾਵਾਂ ਮੌਜੂਦ ਹਨ। ਹਰ ਵਿਦਵਾਨ ਇਹਨਾਂ ਸਾਰੀਆਂ ਭਾਸ਼ਾਵਾਂ ਦਾ ਗਿਆਤਾ ਨਹੀਂ ਹੋ ਸਕਦਾ। ਆਪਸੀ ਸੰਚਾਰ ਵਾਸਤੇ ਇਕ ਭਾਸ਼ਾ ਨਾਲ ਦੂਜੀ ਭਾਸ਼ਾ ਦਾ ਰਲਾ ਆਮ ਤੌਰ ਤੇ ਵੇਖਿਆ ਜਾਂਦਾ ਹੈ। ਪੁਰਾਤਨ ਸਮੇਂ ਵਿਚ ਪ੍ਰਾਕ੍ਰਿਤ ਆਮ ਲੋਕਾਂ ਦੀ ਭਾਸ਼ਾ ਸੀ ਅਤੇ ਸੰਸਕ੍ਰਿਤ ਵਿਦਵਾਨ ਲੋਕ ਬੋਲਦੇ ਸਨ। ਮੁਸਲਮਾਨਾਂ ਦੇ ਆਗਮਨ ਨਾਲ ਅਰਬੀ, ਫਾਰਸੀ ਜੁਬਾਨ ਨੇ ਸਮਾਜ ਵਿਚ ਵਿਲੱਖਣ ਸਥਾਨ ਬਣਾ ਲਿਆ, ਆਪਸੀ ਸੰਚਾਰ ਵਾਸਤੇ ਇਕ ਭਾਸ਼ਾ ਨਾਲ ਦੂਜੀ ਭਾਸ਼ਾ ਦਾ ਰਲਾ ਆਮ ਤੌਰ ਤੇ ਵੇਖਿਆ ਜਾਂਦਾ ਹੈ। ਪੰਜਾਬੀ ਭਾਸ਼ਾ ਨੇ ਬਹੁਤ ਸਾਰੇ ਸੰਸਕ੍ਰਿਤ ਦੇ ਸ਼ਬਦ ਆਪਣੇ ਵਿਚ ਸਮਾ ਲਏ ਹਨ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਗਲ ਕਰਦਿਆਂ, ਅਸੀਂ ਕੁਝ ਸ਼ਬਦ ਅੰਗਰੇਜੀ ਦੇ ਬੋਲ ਜਾਂਦੇ ਹਾਂ, ਕਿਉਂਕਿ ਉਹ ਸਾਡੇ ਸੰਚਾਰ ਦਾ ਮਾਧਿਅਮ ਬਣੇ ਹੋਏ ਹਨ। ਇਸੇ ਕਾਰਨ ਗੁਰਬਾਣੀ ਰਾਹੀਂ ਆਮ ਇਨਸਾਨ ਤੱਕ ਆਪਣੀ ਗੱਲ ਪਹੁੰਚਾਉਣ ਵਾਸਤੇ ਬਹੁ ਭਾਸ਼ਾਵਾਂ ਦਾ ਰਲਾ ਵੇਖਣ ਨੂੰ ਮਿਲਦਾ ਹੈ, ਚਾਹੇ ਗੁਰਬਾਣੀ ਦੀ ਸ਼ਬਦਾਵਲੀ ਸੰਚਾਰ ਪੱਖੋਂ ਪੰਜਾਬ ਮਾਂ ਬੋਲੀ ਹੈ।

ਅੱਠਵੀਂ ਨੌਵੀਂ ਸਦੀ ਤੋਂ ਨਾਥਾਂ ਜੋਗੀਆਂ ਦੇ ਸਾਹਿਤ ਵਿਚ ਇਸਨੇ ਆਪਣੇ ਵੱਖਰੇ ਰੂਪ ਵਜੋਂ ਉਭਰਨਾ ਸ਼ੁਰੂ ਕੀਤਾ। ਸ਼ੇਖ਼ ਫ਼ਰੀਦ ਜੀ ਦੇ ਸਮੇਂ ਤੱਕ ਪੰਜਾਬੀ ਦਾ ਰੂਪ ਕਾਫੀ ਨਿਖਰ ਚੁੱਕਾ ਸੀ। ਮੱਧਕਾਲ ਵਿਚ ਸਿੱਖ ਗੁਰੂਆਂ ਨੇ ਆਪਣੀ ਰਚਨਾ ਲਈ ਪੰਜਾਬੀ ਭਾਸ਼ਾ ਨੂੰ ਮੁੱਖ ਸਾਧਨ ਸਮਝਿਆ, ਜਿਸ ਕਾਰਨ ਮੱਧਕਾਲ ਵਿਚ ਇਸ ਦੇ ਵਿਕਾਸ ਨੂੰ ਭਰਵਾ ਹੁੰਗਾਰਾ ਮਿਲਿਆ। ਇਸ ਕਾਰਜ ਨੂੰ

ਸੰਪੂਰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਮਿਲੀ ਹੈ। ਸੀ. ਸ਼ੇਕਲ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਬਹੁਭਾਸ਼ਾਈ ਹੈ। ਇਸ ਵਿਚ ਬਹੁ-ਭਾਸ਼ਾਈ, ਉਪ-ਭਾਸ਼ਾਈ ਅਤੇ ਬਹੁ-ਉਪਭਾਸ਼ਾਈ ਰੂਪਾਂ ਦਾ ਮਿਸ਼ਰਨ ਹੈ। ਇਸ ਵਿਚ ਪਰੰਪਰਾ ਤੋ ਚਲੇ ਆ ਰਹੇ ਸਾਹਿਤ ਦੇ ਸ਼ਬਦ ਹਨ ਤੇ ਇਹਨਾਂ ਸਾਰੇ ਸਰੋਕਾਰਾਂ ਨੂੰ ਵੇਖ ਕੇ ਕਿਹਾ ਜਾ ਸਕਦਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਮੱਧਕਾਲੀਨ ਭਾਰਤ ਦਾ ਧਾਰਮਿਕ ਸਾਹਿਤ ਲਿਖਿਆ ਗਿਆ ਹੈ। ਇਸ ਨੂੰ ਪੁਰਾਣੀ ਪੰਜਾਬੀ ਨਾ ਕਹਿ ਕੇ, ਸਿੱਖਾਂ ਦੀ ਧਾਰਮਿਕ ਜਾਂ ਪਵਿੱਤਰ ਭਾਸ਼ਾ ਕਿਹਾ ਹੈ।82 ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਸੰਪਾਦਨਾ ਸਮੇਂ ਵੱਖ-ਵੱਖ ਇਲਾਕਿਆਂ ਅਤੇ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਭਾਰਤੀ ਭਗਤਾਂ, ਭੱਟਾਂ ਅਤੇ ਫ਼ਕੀਰਾਂ ਦੀਆਂ ਰਚਨਾਵਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਲਈਆਂ, ਜਿਨਾਂ ਦੇ ਮੂਲ ਸੰਕਲਪ ਬਾਣੀ ਨਾਲ ਸੁਮੇਲਤਾ ਵਾਲੇ ਸਨ। ਇਸ ਪ੍ਰਕਾਰ ਗੁਰਬਾਣੀ ਦੀ ਭਾਸ਼ਾ ਵਿਚ ਪ੍ਰਾਕ੍ਰਿਤ, ਬ੍ਰਿਜ, ਸੰਸਕ੍ਰਿਤ, ਫ਼ਾਰਸੀ, ਅਰਬੀ, ਅਪਭ੍ਰੰਸ਼ ਬਹੁਭਾਸ਼ਾਵਾ ਦੇ "ਰਲੇ ਤੌਂ ਇਲਾਵਾ ਰਾਜਸਥਾਨੀ, ਬਾਂਗਰੂ (ਹਰਿਆਣਵੀ) ਖੜੀ ਬੋਲੀ ਬਿਹਾਰੀ, ਬਨਾਰਸ ਦੇ ਚੁਫੇਰੇ ਦੀ ਬੋਲੀ ਜਿਸ ਨੂੰ ਕਬੀਰ ਜੀ ਨੇ ਵਰਤਿਆ ਮਰਾਠੀ ਹਿੰਦਵੀ ਰੇਖਤਾ (ਭਾਰਤ ਵਿਚਲੇ ਵਿਦੇਸ਼ੀ ਮੁਸਲਮਾਨਾਂ ਲਿਖਾਰੀਆਂ ਦੀ ਭਾਸ਼ਾ) ਗਾਥਾ, ਸਹਸਕ੍ਰਿਤੀ ਅਤੇ ਪੱਛਮੀ ਪਹਾੜੀ ਬੋਲੀਆਂ ਆਦਿ ਭਾਸ਼ਾਵਾਂ ਮਿਲਦੀਆਂ ਹਨ।"83 ਉਸ ਸਮੇਂ ਭਾਸ਼ਾ ਨੂੰ ਟਕਸਾਲੀ ਬਣਾਉਣਾ ਉਦੇਸ਼ ਨਾ ਹੋ ਕੇ, ਭਾਸ਼ਾ ਨੂੰ ਸੰਦੇਸ ਵਾਹਕ ਦੇ ਤੌਰ ਤੇ ਲਿਆ ਗਿਆ ਸੀ ਅਤੇ ਗੁਰਬਾਣੀ ਵਿਚ ਉਹ ਭਾਸ਼ਾ ਵਰਤੀ ਗਈ ਜਿਸ ਨੂੰ ਲੋਕ ਆਸਾਨੀ ਨਾਲ ਸਮਝ ਸਕਦੇ ਸਨ।

ਗੁਰਬਾਣੀ ਦੀ ਭਾਸ਼ਾ ਨੂੰ ਅਸਲ ਮੁਹਾਂਦਰਾ ਕਾਰਕ, ਸੰਬੰਧਕ, ਯੋਜਕ, ਕਿਰਿਆਵੀ ਰੂਪਾਂ ਦੁਆਰਾ ਮਿਲਦਾ ਹੈ। ਉਸ ਸਮੇਂ ਦੀਆਂ ਭਾਸ਼ਾਵਾਂ ਦੇ ਆਧਾਰ ਤੇ ਢੁਕਵੇ ਸ਼ਬਦ ਸ਼੍ਰੇਣੀਆ ਦੇ ਰੂਪ ਵਰਤੇ ਗਏ। "ਰੂਪ ਨਾਲੋ-ਨਾਲ ਵਰਤੇ ਮਿਲਦੇ ਹਨ। ਪੁਰਾਣੀਆਂ ਭਾਸ਼ਾਵਾਂ (ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ) ਵਿਚ ਸੰਬੰਧਕ ਨਹੀ ਸਨ ਵਰਤੇ ਜਾਂਦੇ, ਉਹਨਾ ਦਾ ਕਾਰਜ ਕਾਰਕੀ ਪਿਛੇਤਰ ਕਰਦੇ ਸਨ। ਗੁਰਬਾਣੀ ਵਿਚ ਕਾਰਕੀ ਪਿਛੇਤਰ ਕਾਫੀ ਮਾਤਰਾ ਵਿਚ ਮਿਲਦੇ ਹਨ। ਇਸ ਤੋ ਇਲਾਵਾ ਸਾਰੇ ਸੰਬੰਧਕ ਵੀ ਵਰਤੇ ਗਏ ਹਨ।"84 ਇਸ ਤਰ੍ਹਾਂ ਚਉਪਦਿਆਂ ਵਿਚ ਸੰਬੰਧਕਾਂ, ਕਾਰਕਾਂ, ਯੋਜਕਾਂ ਦਾ ਪਰਿਵਰਤਨ ਹੋਇਆ ਵੇਖਿਆ ਗਿਆ ਹੈ। ਗੁਰਬਾਣੀ ਚਉਪਦਿਆਂ ਵਿਚ ਕਾਰਕੀ ਪਿਛੇਤਰ ਦੀ ਉਦਾਹਰਨ ਇਸ ਪ੍ਰਕਾਰ ਹੈ :

ਨਿਜ ਘਰਿ ਵਾਸਾ ਪਾਵੈ ਸੋਇ॥ (ਗੁ. ਗ੍ਰੰ. 1174)

ਇਥੇ ਘਰਿ ਸ਼ਬਦ ਕਾਰਕੀ ਪਿਛੇਤਰ ਹੈ। ਘਰ ਦਾ ਰਿ ਕਾਰਕੀ ਪਿਛੇਤਰ ਹੈ ਇਸੇ ਤਰ੍ਹਾਂ ਚਉਪਦੇ ਦੀ ਇਕ ਹੋਰ ਤੁਕ ਵਿਚ ਨਾਂਵ, ਵਿਸ਼ੇਸ਼ਣ ਅਤੇ ਕਾਰਕੀ ਪਿਛੇਤਰ ਨੂੰ ਵੇਖਿਆ ਜਾ ਸਕਦਾ ਹੈ :

ਦਰ ਸਾਚੈ ਸਚੁ ਸੋਭਾ ਹੋਇ॥ (ਗੁ. ਗ੍ਰੰ. 1174)

ਇਥੇ ਸਾਚੈ ਦਾ ਐ ਕਾਰਕੀ ਪਿਛੇਤਰ ਹੈ ਅਤੇ ਅਧਿਕਰਨ ਕਾਰਕ ਹੈ :

ਸੇ ਜਨ ਸਾਚੇ ਸਾਚੈ ਭਾਇ॥ (ਗੁ. ਗ੍ਰੰ. 1174)

ਇਥੇ ਵੀ ਸਾਚੈ ਦਾ ਐ ਅਧਿਕਰਨ ਕਾਰਕ ਹੈ ਤੇ ਸਾਚੇ ਵਿਸ਼ੇਸ਼ਣ ਦੇ ਤੌਰ ਤੇ ਸੰਬੰਧ ਨੂੰ ਪੇਸ਼ ਕਰ ਰਿਹਾ ਹੈ।
ਇਸੇ ਤਰ੍ਹਾਂ ਪੜਨਾਂਵੀ ਪਿਛੇਤਰ ਦੀ ਉਦਾਹਰਨ ਨੂੰ ਵੇਖਿਆ ਜਾ ਸਕਦਾ ਹੈ :

ਕਬਹੂ ਨ ਤੂਟਸਿ ਰਹਿਆ ਸਮਾਇ॥ (ਗੁ. ਗ੍ਰੰ. 1164)

ਇਥੇ ਪੜਨਾਂਵੀ ਪਿਛੇਤਰ ਅਨੁਸਾਰ ਤੂਟਸਿ ਦੇ ਸ ਨੂੰ ਦਾ, ਦੀ ਦੇ ਤੌਰ ਤੇ ਲਿਆ ਗਿਆ ਹੈ।

ਸੰਬੰਧਕਾਂ ਦੀ ਵਰਤੋਂ ਨਾਂਵ ਸ਼ਬਦ ਦੇ ਲਿੰਗ ਜਾਂ ਵਚਨ ਹੋਣ ਨੂੰ ਪ੍ਰਭਾਵਿਤ ਕਰਦੀ ਹੈ, ਕਿਉਂਕਿ ਕੁਝ ਸੰਬੰਧਕ ਅਜਿਹੇ ਹੁੰਦੇ ਹਨ, ਜੋ ਢੁਕਵੇਂ ਸ਼ਬਦਾਂ ਨਾਲ ਹੀ ਲਗਾਏ ਜਾ ਸਕਦੇ ਹਨ। ਉਪਰ ਵਾਲੀ ਤੁਕ ਵਿਚ ਤੂਟਸਿ ਸ਼ਬਦ ਨਾਲ ਇਕਵਚਨ ਅਤੇ ਲਿੰਗ ਦੀ ਵਰਤੋਂ ਕੀਤੀ ਗਈ ਹੈ। ਇਥੇ ਸੰਬੰਧ ਵਾਚਕ ਪੜਨਾਂਵੀ ਪਿਛੇਤਰ ਲਗਾਇਆ ਗਿਆ ਹੈ।

ਗੁਰਬਾਣੀ ਵਿਚ ਸੰਬੋਧਨੀ ਰੂਪਾਂ ਦੇ ਪਰਿਵਰਤਨ ਨੂੰ ਪੇਸ਼ ਕੀਤਾ ਗਿਆ ਹੈ। ਇਥੇ ਸੰਬੋਧਨੀ ਰੂਪ 'ਹੋ' 'ਓ' ਵਿਚ ਪਰਿਵਰਤਿਤ ਹੋ ਜਾਂਦਾ ਹੈ। ਜਿਵੇਂ :

ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ॥ (ਗੁ. ਗ੍ਰੰ. 49)

ਇਥੇ ਭਾਈਹੋ ਪੁਲਿੰਗ ਅਤੇ ਬਹੁਵਚਨ ਸੰਬੋਧਨੀ ਸ਼ਬਦ ਹੈ। ਹੁਣ ਇਸ ਦੀ ਵਰਤੋਂ ਭਾਈਓ ਸ਼ਬਦ ਅਨੁਸਾਰ ਕੀਤੀ ਜਾਂਦੀ ਹੈ। ਗੁਰਬਾਣੀ ਵਿਚ ਸੰਬੋਧਨ ਦੇ ਦੋਵੇ ਰੂਪ ਵੇਖਣ ਨੂੰ ਮਿਲਦੇ ਹਨ।

ਗੁਰਬਾਣੀ ਵਿਚ ਆਏ ਪੜਨਾਂਵ ਅਜੋਕੀ ਪੰਜਾਬੀ ਤੋਂ ਵੱਖਰੇ ਹਨ। ਅਸੀਂ, ਤੁਸੀਂ ਪੜਨਾਂਵ ਗੁਰਬਾਣੀ ਵਿਚ ਸੀਮਤ ਰੂਪ ਵਿਚ ਵੇਖਣ ਨੂੰ ਮਿਲਦੇ ਹਨ। ਜਿਵੇ :

ਅਸੀ ਬੋਲਵਿਗਾੜ ਵਿਗਾੜਹ ਬੋਲ॥ (ਗੁ. ਗ੍ਰੰ. 25)

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥ (ਗੁ. ਗ੍ਰੰ. 17)

ਗੁਰਬਾਣੀ ਵਿਚ ਵਧੇਰੇ ਹਿੰਦੀ ਭਾਸ਼ਾ ਦੇ ਪੜਨਾਂਵ ਹਮ, ਤੁਮ ਵੇਖਣ ਵਿਚ ਆਏ ਹਨ। ਇਸ ਤੋਂ ਸਪਸ਼ਟ ਹੁੰਦਾ ਕਿ ਉਸ ਸਮੇਂ ਹਿੰਦੀ ਭਾਸ਼ਾ ਦਾ ਕਾਫੀ ਪ੍ਰਸਾਰ ਹੋ ਚੁੱਕਾ ਸੀ। ਇਸ ਦੀ ਉਦਾਹਰਨ ਇਸ ਪ੍ਰਕਾਰ ਹੈ।

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ॥ (ਗੁ. ਗ੍ਰੰ. 95)

ਤੁਮ ਦਾਤੇ ਤੁਮ ਪੁਰਖ ਬਿਧਾਤੇ॥ (ਗੁ. ਗ੍ਰੰ. 94)

ਇਸ ਤੋਂ ਇਲਾਵਾ ਪੰਜਾਬੀ ਦੇ ਮੱਧਮ ਪੁਰਖ ਨਾਲ ਹਿੰਦੀ ਦਾ ਉੱਤਮ ਪੁਰਖ ਪੜਨਾਂਵ ਵਰਤਿਆ ਗਿਆ ਹੈ। ਜਿਵੇਂ :

ਤੂ ਜਲ ਨਿਧਿ ਹਮ ਮੀਨ ਤੁਮਾਰੇ॥ (ਗੁ. ਗ੍ਰੰ. 100)

ਚਉਪਦਿਆ ਵਿਚ ਆਏ ਮੈਂ ਸ਼ਬਦ ਦੀ ਵਰਤੋਂ ਇਸ ਪ੍ਰਕਾਰ ਹੈ :

ਜਉ ਮੈ ਅਪੁਨਾ ਸਤਿਗੁਰ ਧਿਆਇਆ - ਕਰਮ ਕਾਰਕ (ਗੁ. ਗ੍ਰੰ. 390)

ਹਰਿ ਮੇਰੀ ਓਟ ਮੈ ਹਰਿ ਕਾ ਤਾਣੁ॥ - ਸੰਬੰਧ ਕਾਰਕ (ਗੁ. ਗ੍ਰੰ. 390)

ਸ਼ਬਦ ਪੜਨਾਂਵੀ ਰੂਪ ਦੀ ਵਰਤੋਂ ਵਾਕ ਅਨੁਸਾਰ ਕਰਮ ਤੇ ਸੰਬੰਧ ਕਾਰਕ ਅਨੁਸਾਰ ਹੋਈ ਹੈ। ਪਹਿਲੇ ਵਾਕ ਵਿਚ ਧਿਆਇਆ ਕਿਰਿਆ ਅਤੇ ਮੈ ਕਰਤਾ ਹੈ ਅਤੇ ਸਤਿਗੁਰ ਕਰਮ ਹੈ ਅਤੇ ਮੈ ਦੁਆਰਾ ਕਰਮ ਕੀਤਾ ਗਿਆ ਹੈ।

ਚਉਪਦਿਆ ਵਿਚ ਭਗਤ ਕਬੀਰ ਜੀ ਦੀ ਬਾਣੀ ਵਿਚ ਤੈ ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਜੋ ਅਰਥਾਂ ਦੁਆਰਾ ਤੂੰ ਦੇ ਰੂਪ ਵਿਚ ਸਾਕਾਰ ਹੋਈ ਹੈ :

ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ॥ (ਗੁ. ਗ੍ਰੰ. 793)

ਕਿਆ ਤੈ ਖਟਿਆ ਕਹਾ ਗਵਾਇਆ॥ (ਗੁ. ਗ੍ਰੰ. 792)

ਕਿਰਿਆ : ਗੁਰਬਾਣੀ ਦੀ ਭਾਸ਼ਾ ਵਿਚ ਵਧੇਰੇ ਕਿਰਿਆਵੀ ਰੂਪ ਵੇਖਣ ਨੂੰ ਮਿਲਦੇ ਹਨ। ਹੈ ਸ਼ਬਦ ਨੂੰ ਸਹਾਇਕ ਕਿਰਿਆ ਦੇ ਤੌਰ ਤੇ ਵਰਤਿਆ ਜਾਂਦਾ ਹੈ। ਜਿਵੇਂ :

ਤਿਤੁ ਦਰਿ ਤੂੰ ਹੀ ਹੈ ਪਛੁਤਾਣਾ॥ (ਗੁ. ਗ੍ਰੰ. 372)

ਸੰਸਾ ਇਹ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥ (ਗੁ. ਗ੍ਰੰ. 36)

ਗੁਰਬਾਣੀ ਵਿਚ ਹੈ ਦੀ ਵਰਤੋਂ ਵਾਲੀਆਂ ਉਹ ਤੁਕਾਂ, ਜਿਥੇ ਅਪੂਰਨ ਕਿਰਿਆ ਦੀ ਵਰਤੋਂ ਵੇਖੀ ਗਈ ਪਰੰਤੂ ਹੈ ਨਾਲ ਜਾਤੀਵਾਚਕ ਨਾਂਵ ਨੂੰ ਅੰਕਿਤ ਕੀਤਾ ਗਿਆ ਹੈ ਜਿਵੇਂ :

ਬਿਨ ਜਲ ਪ੍ਰਾਨ ਤਜੇ ਹੈ ਮੀਨਾ ਜਿਨਿ ਜਲ ਸਿਉ ਹੇਤ ਬਦਾਇਓ॥ (ਗੁ. ਗ੍ਰੰ. 670)

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ (ਗੁ. ਗ੍ਰੰ. 697)

ਚਉਪਦਿਆਂ ਵਿਚ ਹੈ ਤੋਂ ਇਲਾਵਾ ਹਹਿ, ਹੋਹੁ ਰੂਪ ਵੀ ਮਿਲਦੇ ਹਨ। "ਹਹਿ ਨੂੰ ਪੰਜਾਬੀ ਦਾ ਪੁਰਾਤਨ ਰੂਪ ਮੰਨਿਆ ਜਾਂਦਾ ਹੈ।"85 ਇਸ ਦੀ ਵਰਤੋਂ ਅਪੂਰਨ ਕਿਰਿਆ ਦੇ ਰੂਪ ਵਿਚ ਮਿਲਦੀ ਹੈ। ਜਿਵੇਂ :

ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ॥ (ਗੁ. ਗ੍ਰੰ. 1002)

ਹੋਹੁ ਜਿਸ ਦਾ ਅਰਥ ਹੋਣਾ ਲਿਆ ਜਾਂਦਾ ਹੈ। ਤੁਕ ਵਿਚ ਸਹਾਇਕ ਕਿਰਿਆ ਅਨੁਸਾਰ ਵਰਤੋਂ ਵਿਚ ਆਇਆ ਹੈ।

ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕ ਗੁਣ ਗਾਵੈ॥ (ਗੁ. ਗ੍ਰੰ. 809)

ਹੋਹੁ ਦਇਆਲ ਦੇਹੁ ਪ੍ਰਭ ਦਾਨੁ॥ (ਗੁ. ਗ੍ਰੰ. 865)

**ਕਿਰਿਆ ਵਿਸ਼ੇਸ਼ਣ :** ਕਿਰਿਆ ਵਿਸ਼ੇਸ਼ਣ ਸ਼ਬਦ ਉਹ ਹੁੰਦੇ ਹਨ, ਜਿਥੇ ਕਿਰਿਆ ਦੀ ਵਿਸ਼ੇਸ਼ਤਾ ਨੂੰ ਪ੍ਰਗਟ ਕੀਤਾ ਜਾਂਦਾ ਹੈ ਅਤੇ ਉਸ ਦਾ ਸਥਾਨ, ਪਰਿਮਾਣ ਨਿਸ਼ਚਿਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਉਥੈ, ਜਿਥੈ, ਨੇੜੈ ਰੂਪ ਅੱਜ ਦੇ ਇਥੇ, ਓਥੇ, ਜਿਥੇ ਨਾਲੋਂ ਫ਼ਰਕ ਵਿਚ ਹਨ। ਇਕ ਲਾਂ ਦੀ ਜਗ੍ਹਾ ਦੋ ਦੁਲਾਵਾਂ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਇਉ, ਜਿਉ, ਤਿਉ ਦੀ ਵਰਤੋਂ ਨੂੰ ਵੀ ਵੇਖਿਆ ਜਾ ਸਕਦਾ ਹੈ। ਜਿਵੇਂ :

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥ (ਗੁ. ਗ੍ਰੰ. 398)

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤ ਮਰੈ ਪਿਆਸ॥ (ਗੁ. ਗ੍ਰੰ. 597)

ਜਿਉ ਭਾਵੈ ਤਿਉ ਰਾਖੈ ਸੋਇ॥ (ਗੁ. ਗ੍ਰੰ. 1172)

ਇਥੇ ਵੇਖਿਆ ਗਿਆ ਕਿ ਜਿਉ ਅਤੇ ਤਿਉ ਸ਼ਬਦਾਂ ਦੀ ਸੁਮੇਲਤਾ ਰੂਪਕ ਦੀ ਤਰ੍ਹਾਂ ਕੀਤੀ ਗਈ ਹੈ।
ਇਸ ਤੋਂ ਇਲਾਵਾ ਗੁਰਬਾਣੀ ਵਿਚ ਏਥੈ, ਜਿਥੈ, ਨੇੜੈ ਦੇ ਰੂਪ ਇਸ ਪ੍ਰਕਾਰ ਹਨ :

ਐਥੇ ਓਥੈ ਸਦਾ ਸੁਖੁ ਹੋਇ॥ (ਗੁ. ਗ੍ਰੰ. 1261)

ਨਾਨਕ ਬਧਾ ਘਰੁ ਤਹਾ ਜਿਥੈ ਮਿਰਤੁ ਨ ਜਨਮ ਜਰਾ॥ (ਗੁ. ਗ੍ਰੰ. 44)

ਤਿਸ ਕੈ ਨੇੜੈ ਕੋਇ ਨ ਜਾਵੈ॥ (ਗੁ. ਗ੍ਰੰ. 1134)

**ਸੰਬੰਧਕ :** ਕਿਸੇ ਵੀ ਭਾਸ਼ਾ ਦੇ ਪ੍ਰਗਟਾ ਲਈ ਵਾਕ ਦੀ ਵਰਤੋ ਕੀਤੀ ਜਾਂਦੀ ਹੈ। ਉਸ ਵਾਕ ਨੂੰ ਇਕ ਜੁਗਤ ਅਨੁਸਾਰ ਬਣਾਇਆ ਜਾਂਦਾ ਹੈ। ਵਾਕ ਦੀ ਤਰਤੀਬ ਠੀਕ ਨਾ ਹੋਣ ਕਾਰਨ ਅਰਥਾਂ ਦੀ ਸਪਸ਼ਟਤਾ ਨਹੀ ਹੁੰਦੀ। ਇਸ ਲਈ ਸੰਬੰਧਕਾਂ ਦਾ ਵਾਕ ਵਿਚ ਵਿਲੱਖਣ ਸਥਾਨ ਹੁੰਦਾ ਹੈ। "ਜਿਹੜੇ ਸ਼ਬਦ ਨਾਵਾਂ, ਪੜਨਾਵਾਂ ਜਾ ਵਿਸ਼ੇਸ਼ਣਾਂ ਦਾ ਵਾਕ ਬਾਕੀ ਸ਼ਬਦਾਂ ਨਾਲ ਸੰਬੰਧ ਸਪਸ਼ਟ ਕਰਦੇ ਹਨ। ਉਹਨਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ।"86

ਇਸ ਪ੍ਰਕਾਰ ਕੁਝ ਸੰਬੰਧਕ ਨੇ, ਦੇ ਨੂੰ ਦੇ ਰੂਪ ਵਿਚ ਕੁਝ ਵਿਭਕਤੀਆਂ ਦੇ ਰੂਪ ਵਿਚ ਨਾਂਵ, ਪੜਨਾਂਵ ਤੋਂ ਪਿਛੋ ਅਤੇ ਕੁਝ ਸੰਬੰਧਕ ਸਥਿਤੀ ਅਨੁਸਾਰ ਬਦਲ ਵੀ ਜਾਂਦੇ ਹਨ।

ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਚਉਪਦਿਆਂ ਵਿਚ ਵਧੇਰੇ ਵਰਤੋਂ ਹਿੰਦੀ ਦੇ ਸੰਬੰਧਕ ਕਾ, ਕੇ, ਕੀ ਦੀ ਕੀਤੀ ਗਈ ਹੈ। ਜਿਵੇਂ :

ਹਰਿ ਕੇ ਚਰਨ ਸਦਾ ਸੁਖਦਾਈ॥ (ਗੁ. ਗ੍ਰੰ. 628)

ਜੀਅਨ ਕਾ ਦਾਤਾ ਪੂਰਨ ਸਭ ਠਾਇ॥ (ਗੁ. ਗ੍ਰੰ. 677)

ਨਾਮ ਕੀ ਬੇਲਾ ਪੈ ਪੈ ਸੋਇਆ॥ (ਗੁ. ਗ੍ਰੰ. 738)

ਕੁਝ ਸੰਬੰਧਕ ਗੁਰਬਾਣੀ ਵਿਚ ਅਜਿਹੇ ਵਰਤੇ ਗਏ ਹਨ, ਜਿਨ੍ਹਾਂ ਵਿਚ ਦੋ ਭਾਸ਼ਾਵਾਂ ਦੇ ਸੰਬੰਧਕਾਂ ਨੂੰ ਇਕ ਵਾਕ ਦੀ ਸੁਮੇਲਤਾ ਲਈ ਵਰਤਿਆ ਗਿਆ ਹੈ ਜਿਵੇਂ :

ਗੁਰ ਮੋ ਕਉ ਹਰਿ ਨਾਮੁ ਦਿੜਾਇਓ॥ (ਗੁ. ਗ੍ਰੰ. 715)

ਨਾਮ ਅਉਖਧੁ ਮੋ ਕਉ ਸਾਧੂ ਦੀਆ॥ (ਗੁ. ਗ੍ਰੰ. 101)

ਇਥੇ ਮੋ ਸ਼ਬਦ ਦੇਸ ਭਾਸ਼ਾ ਦਾ ਹੈ ਅਤੇ ਕਉ (ਕੋ) ਹਿੰਦੀ ਭਾਸ਼ਾ ਤੋਂ ਲਿਆ ਗਿਆ।

ਇਸੇ ਤਰ੍ਹਾਂ ਜੋ ਸੋ ਸ਼ਬਦ ਵੀ ਚਉਪਦਿਆਂ ਦੀਆਂ ਤੁਕਾਂ ਵਿਚ ਇਕੱਠਾ ਵਰਤਿਆ ਗਿਆ ਹੈ।

ਜੋ ਤਿਸੁ ਭਾਵੈ ਸੋ ਪਰਵਾਣ॥ (ਗੁ. ਗ੍ਰੰ. 676)

ਜੋ ਜੋ ਦੀਸੈ ਸੋ ਸੋ ਰੋਗੀ॥ (ਗੁ. ਗ੍ਰੰ. 1140)

ਇਸ ਤੋਂ ਇਲਾਵਾ ਗੁਰਬਾਣੀ ਦੇ ਕੁਝ ਹੋਰ ਸੰਬੰਧਕ ਅੰਦਰਿ, ਅੰਤਰਿ, ਨਾਲਿ, ਊਪਰਿ, ਨੇੜੈ ਵੀ ਵੇਖਣ ਵਿਚ ਆਉਂਦੇ ਹਨ। ਇਹਨਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ (ਗੁ. ਗ੍ਰੰ. 15)

ਅਹਿਨਿਸਿ ਅੰਤਰਿ ਰਹੈ ਲਿਵ ਲਾਇ॥ (ਗੁ. ਗ੍ਰੰ. 1256)

ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰ ਪੂਰਾ ਅਲਖ ਲਖਾਈ ਜੀਉ॥(ਗੁ. ਗ੍ਰੰ. 173)

ਗੁਰ ਅਪਨੇ ਊਪਰਿ ਬਲਿ ਜਾਈਐ॥ (ਗੁ. ਗ੍ਰੰ. 741)

ਜਮ ਜੰਦਾਰੁ ਨ ਆਵੈ ਨੇੜੈ॥ (ਗੁ. ਗ੍ਰੰ. 683)

"ਇਸ ਤੋਂ ਇਲਾਵਾ ਸੰਦਾ, ਸੰਦੇ, ਸੰਦੜਾ, ਸੰਦੜੇ, ਕੇਰਾ, ਕਰੀ, ਕੇਰੇ ਆਦਿ ਸੰਬੰਧਕ ਵੀ ਅਜਿਹੇ ਹਨ, ਜੋ ਗੁਰਬਾਣੀ ਵਿਚ ਆਮ ਮਿਲਦੇ ਹਨ।"87 ਚਉਪਦਿਆਂ ਵਿਚ ਇਹਨਾਂ ਸੰਬੰਧਕਾਂ ਦੀਆਂ ਉਦਾਹਰਨਾਂ ਇਸ ਪ੍ਰਕਾਰ ਹਨ :

ਸਫਲ ਜਨਮ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ॥(ਗੁ. ਗ੍ਰੰ. 1334)

ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ॥(ਗੁ. ਗ੍ਰੰ. 1198)

ਪ੍ਰੀਤਿ ਕਰੀ ਚਾਲੀ ਨਹੀ ਸਾਥਿ॥ (ਗੁ. ਗ੍ਰੰ. 891)

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥ (ਗੁ. ਗ੍ਰੰ. 157)

ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥ (ਗੁ. ਗ੍ਰੰ. 730)

ਇਸ ਤੋਂ ਇਲਾਵਾ ਨਾਮਦੇਵ ਅਤੇ ਰਵਿਦਾਸ ਜੀ ਦੀ ਬਾਣੀ ਵਿਚ ਮਰਾਠੀ ਭਾਸ਼ਾ ਦੇ ਸੰਬੰਧਕ ਚਾ, ਚੇ, ਚੀ ਨੂੰ ਵੀ ਦਰਜ ਕੀਤਾ ਗਿਆ ਹੈ। ਜਿਵੇਂ :

ਸੰਤ ਚੀ ਸੰਗਤਿ ਸੰਤ ਕਥਾ ਰਸੁ॥ (ਗੁ. ਗ੍ਰੰ. 486)

ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥ (ਗੁ. ਗ੍ਰੰ. 486)

ਕਹਤ ਨਾਮਦੇਉ ਤਾ ਚੀ ਆਵਿ॥ (ਗੁ. ਗ੍ਰੰ. 1252)

ਮੰਝਿ, ਮਾਹਿ, ਵਿਟਹੁ ਸ਼ਬਦਾਂ ਨੂੰ ਵੀ ਚਉਪਦਿਆਂ ਵਿਚ ਸੰਬੰਧਕ ਦੇ ਤੌਰ ਤੇ ਲਿਆ ਗਿਆ। ਇਹ ਸ਼ਬਦ ਹਿੰਦੀ ਭਾਸ਼ਾ ਦੀ ਪ੍ਰਤੀਤ ਕਰਵਾਉਂਦੇ ਹਨ। ਇਹਨਾਂ ਦੀ ਉਦਾਹਰਨ ਇਸ ਪ੍ਰਕਾਰ ਹੈ :

ਮਨ ਮਾਹਿ ਜਾਪਿ ਭਗਵੰਤ॥ (ਗੁ. ਗ੍ਰੰ. 896)

ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ॥(ਗੁ. ਗ੍ਰੰ. 96)

ਆਪੇ ਨੇੜੇ ਦੂਰਿ ਆਪੇ ਹੀ ਆਪੇ ਮੰਝਿ ਮਿਆਨੋ॥ (ਗੁ. ਗ੍ਰੰ. 25)

ਇਸ ਤੋਂ ਇਲਾਵਾ ਨੋ, ਨਉ, ਕਉ, ਕੈ ਆਦਿ ਸੰਬੰਧਕ ਰੂਪਾਂ ਨੂੰ ਵੀ ਗੁਰਬਾਣੀ ਵਿਚ ਦਰਜ ਕੀਤਾ ਗਿਆ ਹੈ। ਨੋ, ਨਉ ਸ਼ਬਦਾਂ ਦਾ ਹਿੰਦੀ ਰੂਪ ਹੈ। ਕਉ ਨੂੰ ਕੋ ਅਤੇ ਕੈ ਨੂੰ ਦੇ ਲਈ ਵਰਤਿਆ ਗਿਆ ਹੈ। ਜਿਵੇਂ :

ਕਿਸ ਨੋ ਕਹੀਐ ਦਾਤਾ ਇਕੁ ਸੋਇ॥ (ਗੁ. ਗ੍ਰੰ. 665)

ਸਹੁ ਨਦਰਿ ਕਰਿ ਦੇਖੈ ਸੋ ਦਿਨ ਲੇਖੈ ਕਾਮਣਿ ਨਉ ਨਿਧਿ ਪਾਈ॥ (ਗੁ. ਗ੍ਰੰ. 722)

ਇਥੇ ਨਉ ਦਾ ਅਰਥ ਨੂੰ ਤੋਂ ਨਹੀਂ ਲਿਆ ਗਿਆ। ਚਉਪਦਿਆਂ ਵਿਚ ਨਉ ਸ਼ਬਦ ਦੀ ਵਰਤੋਂ ਕੇਵਲ ਇਕ ਵਾਰ ਦਰਜ ਹੈ।

ਜੇ ਕੋ ਡੂਬੈ ਫਿਰਿ ਹੋਵੈ ਸਾਰ॥ (ਗੁ. ਗ੍ਰੰ. 661)

ਜਾ ਕਉ ਚੀਤਿ ਆਵੈ ਗੁਰੁ ਅਪਨਾ॥ (ਗੁ. ਗ੍ਰੰ. 1298)

**ਯੋਜਕ :** ਵਾਕ ਦੇ ਦੋ ਵੱਖ-ਵੱਖ ਹਿੱਸਿਆਂ ਦੀ ਸੁਮੇਲਤਾ ਯੋਜਕ ਦੁਆਰਾ ਕੀਤੀ ਜਾਂਦੀ ਹੈ। ਕੁਝ ਵਾਕਾਂ ਵਿਚ ਇਕ ਯੋਜਕ ਦੀ ਵਰਤੋਂ ਕਰ ਲਈ ਜਾਂਦੀ ਹੈ ਅਤੇ ਕੁਝ ਵਿਚ ਵਾਕ ਦੀ ਸੰਪੂਰਨਤਾ, ਦੂਜੇ ਯੋਜਕ ਦੀ ਵਰਤੋਂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। "ਜਿਹੜੇ ਸ਼ਬਦ ਵਾਕਾਂ, ਵਾਕਾਸ਼ਾਂ ਜਾ ਸ਼ਬਦਾਂ ਨੂੰ ਇਕ ਦੂਜੇ ਨਾਲ ਜੋੜਦੇ ਹਨ, ਅਥਵਾ ਇਕ ਵਿਉਂਤ ਵਿਚ ਇਕੱਠਾ ਕਰਦੇ ਹਨ, ਉਹਨਾ ਨੂੰ ਯੋਜਕ ਕਿਹਾ ਜਾਂਦਾ ਹੈ।"88 ਵਾਕ ਦੀ ਅਸਲ ਬਣਤਰ ਯੋਜਕਾਂ ਦੀ ਸਹਾਇਤਾ ਨਾਲ ਬਣਦੀ ਹੈ। ਗੁਰਬਾਣੀ ਵਿਚ ਤੈ, ਅਰ, ਅਵਰੁ, ਅਉਰ ਸੰਬੰਧਕਾਂ ਦੀ ਵਰਤੋਂ ਵਾਸਤੇ ਕੀਤੀ ਜਾਂਦੀ ਹੈ। ਇਸ ਨੂੰ ਉਦਾਹਰਨ ਸਹਿਤ ਵੇਖਿਆ ਜਾ ਸਕਦਾ ਹੈ :

ਲਾਲੁ ਚੋਲਨਾ ਤੈ ਤਨਿ ਸੋਹਿਆ॥ (ਗੁ. ਗ੍ਰੰ. 384)

ਧਨ ਜੋਬਨ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ (ਗੁ. ਗ੍ਰੰ. 23)

ਮੈ ਅਵਰੁ ਨ ਦੀਸੈ ਸਰਬ ਤੋਹ॥ (ਗੁ. ਗ੍ਰੰ. 1169)

ਗੁਰਬਾਣੀ ਵਿਚ ਭਾਵੈ, ਤਉ, ਯੋਜਕ ਵੀ ਵਰਤੇ ਜਾਂਦੇ ਹਨ। ਤਉ ਸ਼ਬਦ ਤਾਂ ਲਈ ਵਰਤਿਆ ਜਾਂਦਾ ਹੈ। ਇਹਨਾਂ ਯੋਜਕਾਂ ਦੀ ਉਦਾਹਰਨ ਇਸ ਪ੍ਰਕਾਰ ਹੈ :

ਸਮਝਿ ਪਰੀ ਤਉ ਬਿਗਰਿਓ ਗਾਵਨੁ॥ (ਗੁ. ਗ੍ਰੰ. 478)

ਜਿਉ ਭਾਵੈ ਤਿਉ ਰਾਖੈ ਸੋਇ॥ (ਗੁ. ਗ੍ਰੰ. 1172)

ਗੁਰਬਾਣੀ ਦੇ ਚਉਪਦਿਆਂ ਦੀ ਭਾਸ਼ਾ ਤੇ ਲਹਿੰਦੀ ਭਾਸ਼ਾ ਦੇ ਪ੍ਰਭਾਵ ਨੂੰ ਵੇਖਿਆ ਜਾ ਸਕਦਾ ਹੈ। ਲਹਿੰਦੀ ਭਾਸ਼ਾ ਦੇ ਸ਼ਬਦ ਮੁਲਤਾਨੀ ਉਪਭਾਸ਼ਾ ਦੇ ਕੁਝ ਸ਼ਬਦਾਂ ਨਾਲ ਦਰਜ ਕੀਤੇ ਗਏ ਹਨ। ਜਿਵੇਂ :

ਦੁਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥ (ਗੁ. ਗ੍ਰੰ. 397)

s{z eoਤਾ ਸਚਿਆਰ ਮੈਡਾ ਸਾਈ॥ (ਗੁ. ਗ੍ਰੰ. 365)

ਇਹਨਾ ਦੋਹਾਂ ਤੁਕਾਂ ਵਿਚ ਕੇਵਲ ਮੈਂਡਾ ਸ਼ਬਦ ਮੁਲਤਾਨੀ ਉਪਭਾਸ਼ਾ ਦਾ ਹੈ, ਜੋ ਲਹਿੰਦੀ ਦੇ ਪ੍ਰਭਾਵ ਨੂੰ ਉਜਾਗਰ ਕਰ ਰਿਹਾ ਹੈ। ਕੁਝ ਚਉਪਦੇ ਅਜਿਹੇ ਵੇਖੇ ਗਏ ਹਨ, ਜਿਨ੍ਹਾਂ ਵਿਚ ਕੇਵਲ ਇਕ ਭਾਸ਼ਾ ਦੇ ਸ਼ਬਦਾਂ ਦੀ ਵਧੇਰੇ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਦੇ ਚਉਪਦੇ ਬਹੁਤ ਘੱਟ ਹਨ, ਜਿਥੇ ਵਧੇਰੇ ਸ਼ਬਦ ਇਕ ਭਾਸ਼ਾ ਦੇ ਹੋਣ। ਜਿਵੇਂ :

ਸੁਬਹ ਨਿਵਾਜ ਸਰਾਇ ਗੁਜਾਰਉ। (ਗੁ. ਗ੍ਰੰ. 792)

ਇਸ ਚਉਪਦੇ ਵਿਚ ਨਿਵਾਜ, ਸਰਾਇ, ਗੁਜਾਰਉ ਸ਼ਬਦ ਫ਼ਾਰਸੀ ਭਾਸ਼ਾ ਦੇ ਹਨ।

ਧੂਪੁ ਮਨਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ (ਗੁ. ਗ੍ਰੰ. 663)

ਇਸ ਚਉਪਦੇ ਦੀ ਸਾਰੀ ਭਾਸ਼ਾ ਪ੍ਰਾਕ੍ਰਿਤਾਂ ਦੇ ਤਦਭਵੀ ਰੂਪ ਦੀ ਹੈ। ਕੇਵਲ ਆਖਰੀ ਸ਼ਬਦ ਵਿਸ਼ੇਸ਼ਤਾ ਪ੍ਰਗਟ ਕਰਨ ਲਈ ਹਿੰਦੀ ਦਾ ਵਰਤਿਆ ਗਿਆ ਹੈ।

ਕਿਸੇ ਵੀ ਚਉਪਦੇ ਦੀ ਸਾਰੀ ਭਾਸ਼ਾ ਪ੍ਰਾਕ੍ਰਿਤ ਨਹੀ ਹੈ ਕਿਉਂਕਿ ਪ੍ਰਾਕ੍ਰਿਤ ਆਮ ਲੋਕਾਂ ਦੀ ਭਾਸ਼ਾ ਹੋਣ ਕਾਰਨ, ਇਸ ਦੇ ਕੁਝ ਸ਼ਬਦਾਂ ਦਾ ਰਲਾ ਗੁਰਬਾਣੀ ਵਿਚ ਜ਼ਰੂਰ ਹੈ। ਵਧੇਰੇ ਚਉਪਦੇ ਸ਼ਬਦਾਵਲੀ ਪੱਧਰ ਤੇ ਸੰਸਕ੍ਰਿਤ, ਫ਼ਾਰਸੀ, ਅਰਬੀ ਭਾਸ਼ਾ ਨਾਲ ਬ੍ਰਜ ਤੇ ਪੰਜਾਬੀ ਦੇਸ਼ ਭਾਸ਼ਾ ਸ਼ਬਦਾਵਲੀ ਦੀ ਸੁਮੇਲਤਾ ਵਾਲੇ ਹਨ।

ਗੁਰਬਾਣੀ ਦੀ ਭਾਸ਼ਾ ਵਿਚ ਨਾਸਿਕਤਾ ਨੂੰ ਦਰਜ ਨਹੀਂ ਕੀਤਾ ਗਿਆ। ਚਉਪਦਿਆ ਦੀ ਭਾਸ਼ਾ ਵਿਚ ਇਕ ਹੋਰ ਨੁਕਤਾ ਇਹ ਵੀ ਹੈ, ਕੁਝ ਇਕ ਸ਼ਬਦ ਅਜਿਹੇ ਵੀ ਹਨ, ਜਿਨ੍ਹਾਂ ਵਿਚ ਇਕ ਹੀ ਅੱਖਰ ਨੂੰ ਦੋ ਲਗਾਂ ਮਾਤਰਾਵਾਂ ਲੱਗੀਆਂ ਹਨ। ਜਿਵੇ :

ਸੁੋਇਨ ਕਟੋਰੀ ਅੰਮ੍ਰਿਤ ਭਰੀ॥ (ਗੁ. ਗ੍ਰੰ. 1163)

ਆਪੇ ਵੇਖੈ ਸੁਣੇ ਆਪੇ ਹੀ ਕੁਦਰਤ ਕਰੇ ਜਹਾਨੁੋ॥(ਗੁ. ਗ੍ਰੰ. 25)

ਦਾਤ ਕਰੈ ਨਹੀ ਪਛੁੋਤਾਵੈ॥ (ਗੁ. ਗ੍ਰੰ. 1337)

ਇਸ ਪ੍ਰਕਾਰ ਬਹੁਤ ਸਾਰੇ ਚਉਪਦੇ ਹਨ ਜਿਨ੍ਹਾਂ ਨੂੰ ਦੋ ਮਾਤਰਾਂ ਲੱਗਦੀਆਂ ਹਨ। 50 ਚਉਪਦਿਆ ਦੇ ਕਰੀਬ ਦੋ ਮਾਤਰਾਵਾਂ ਲੱਗਦੀਆਂ ਹਨ।

ਗੁਰਬਾਣੀ ਦੀਆਂ ਲਗਾਂ ਮਾਤਰਾਂ ਸੰਬੰਧੀ ਇਤਰਾਜ਼ ਕੀਤੇ ਗਏ ਹਨ ਪਰੰਤੂ ਉਦਾਹਰਨਾਂ ਤੋਂ ਸਿਧ ਹੁੰਦਾ ਹੈ ਕਿ ਲਗਾ ਮਾਤਰਾਂ ਦਾ ਸੰਬੰਧ ਵਿਆਕਰਨ ਨਾਲ ਹੈ। ਉਦਾਹਰਨ ਦੇ ਤੌਰ ਤੇ ਹੇਠ ਲਿਖੇ ਸ਼ਬਦ ਉਚਾਰੇ ਜਾ ਸਕਦੇ ਹਨ।

| ਸੰਸਕ੍ਰਿਤ | ਪ੍ਰਾਕ੍ਰਿਤ | ਪੰਜਾਬੀ |
|---|---|---|
| ਗੋਪਾਯਿਤ | ਗੋਵਾਇਦੋ | ਗਵਾਇਆ89 |

ਇਹਨਾਂ ਤਿੰਨਾਂ ਸ਼ਬਦਾਂ ਵਿਚ ਮਾਤਰਾ ਹਰ ਭਾਸ਼ਾ ਦੀ ਵਿਆਕਰਨ ਤੇ ਸ਼ਬਦਾਵਲੀ ਅਨੁਸਾਰ ਹੈ ਅਤੇ ਮਾਤਰਾਵਾਂ ਦੁਆਰਾ ਹੀ ਸ਼ਬਦਾਵਲੀ ਦੇ ਅਰਥਾਂ ਵਿਚ ਅੰਤਰ ਹੁੰਦਾ ਹੈ।

ਇਸੇ ਤਰਾਂ ਉਪਰ ਦਿੱਤੇ ਚਉਪਦਿਆਂ ਦੀਆਂ ਜੋ ਉਦਾਹਰਨਾਂ ਪੇਸ਼ ਕੀਤੀ ਗਈਆਂ ਹਨ ਜਿਨ੍ਹਾਂ ਵਿਚ ਕੁਝ ਚਉਪਦਿਆਂ ਦੀ ਸ਼ਬਦਾਵਲੀ ਨੂੰ ਦੋ ਮਾਤਰਾ ਲਗਾਈਆ ਗਈਆਂ ਹਨ। ਗੁਰੂ ਸਾਹਿਬਾਨ ਨੇ ਹਰ ਭਾਸ਼ਾ ਦੀ ਵਿਆਕਰਨ ਅਨੁਸਾਰ ਲਗਾਈਆਂ ਹਨ ਅਤੇ ਸ਼ਬਦਾਵਲੀ ਦੇ ਅਰਥਾਂ ਨੂੰ ਪੇਸ਼ ਕਰਕੇ ਲਗਾਈਆਂ ਹਨ। ਇਥੇ ਗੁਰਬਾਣੀ ਦੀ ਭਾਸ਼ਾ ਦੇ ਕਾਰਕ, ਸੰਬੰਧਕ, ਯੋਜਕ ਅਤੇ ਕਿਰਿਆਵੀ ਰੂਪਾਂ ਵਿਚ ਹੋਏ ਪਰਿਵਰਤਨ ਨੂੰ ਵੇਖਿਆ ਗਿਆ ਹੈ। ਇਸ ਪ੍ਰਕਾਰ ਚਉਪਦਿਆਂ ਦੀ ਭਾਸ਼ਾ ਦਾ ਅਧਿਐਨ ਕਰਨ ਦਾ ਇਹ ਛੋਟਾ ਜਿਹਾ ਯਤਨ ਹੈ। ਇਸ ਤੋਂ ਇਲਾਵਾ ਵਿਸਥਾਰ ਦੁਆਰਾ ਹੋਰ ਵੀ ਬਹੁਤ ਸਾਰੇ ਨੁਕਤਿਆਂ ਨੂੰ ਛੂਹਿਆ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ-ਰੂਪਾਕਾਰ, ਕੁਲਦੀਪ ਸਿੰਘ ਧੀਰ, ਪੰਨਾ 1.

2. ਸਾਹਿਤ ਅਤੇ ਕਲਾ, ਅਨਾਤੋਲੀ ਲੂਨਾਚਾਰਸਕੀ, (ਅਨੁ.) ਕਰਨਜੀਤ ਸਿੰਘ, ਪੰਨਾ 161.

3. ਮਹਾਨ ਕੋਸ਼, ਕਾਨ੍ਹ ਸਿੰਘ ਨਾਭਾ, ਪੰਨਾ 1014.

4. ਗੁਰਬਾਣੀ ਦਾ ਰਹਾਉ ਸ਼ਾਸਤਰ, ਗੁਰਚਰਨ ਸਿੰਘ, ਪੰਨਾ 18.

5. ਮਹਾਨ ਕੋਸ਼, ਉਹੀ, ਪੰਨਾ 1014.

6. ਗੁਰਬਾਣੀ ਵਿਚ ਘਰੁ ਪ੍ਰਬੰਧ, ਵਿਕਰਮ ਸਿੰਘ, (ਸੰਪਾ.) ਪ੍ਰਿ. ਸੁਖਵੰਤ ਸਿੰਘ, ਗੁਰਮਤਿ ਸੰਗੀਤ ਆਧੁਨਿਕ ਪਰਿਪੇਖ ਸ਼ਬਦ ਨਾਦੁ, ਪੰਨਾ 48.

7. ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ, ਅਰੁਣ ਕੁਮਾਰ ਸੇਨ, ਪੰਨਾ 194-199.

8. ਚਿੱਠੀਆਂ ਬਿਨ ਸਿਰਨਾਵਿਉਂ, (ਅਨੁ.) ਹਰਿਭਜਨ ਸਿੰਘ, ਜੀ ਪਲੈਖਾਨੋਵ, ਪੰਨਾ 270.

9. ਭਾਰਤੀਯ ਕਾਵਯ ਸ਼ਾਸਤਰ, ਰਾਮਚੰਦਰ ਵਰਮਾ ਸ਼ਾਸਤਰੀ, ਪੰਨਾ 289.

10. ਮਾਤ੍ਰਿਕ ਛੰਦੋਂ ਕਾ ਵਿਕਾਸ, ਸ਼ਿਵਨੰਦਨ ਪ੍ਰਸਾਦ, ਪੰਨਾ 9.

11. ਉਧਰਿਤ, ਉਹੀ, ਪੰਨਾ 15.

12. ਉਹੀ, ਪੰਨਾ 147.

13. ਗੁਰਛੰਦ ਦਿਵਾਕਰ, ਕਾਨ੍ਹ ਸਿੰਘ ਨਾਭਾ, ਪੰਨਾ 25-26.

14. ਉਹੀ, ਪੰਨਾ 25.

15. ਪੰਜਾਬੀ ਕਾਵਿ, ਸੰਤ ਸਿੰਘ ਸੇਖੋਂ, ਪੰਨਾ 165.

16. ਮਾਤਰਿਕ ਛੰਦੋਂ ਕਾ ਵਿਕਾਸ, ਉਹੀ, ਪੰਨਾ 14.

17. ਗੁਰਛੰਦ ਦਿਵਾਕਰ, ਉਹੀ, ਪੰਨਾ 45.

18. ਉਹੀ, ਪੰਨਾ 44.

19. ਉਹੀ, ਪੰਨਾ 98.

20. ਉਹੀ, ਪੰਨਾ 110.

21. ਉਹੀ, ਪੰਨਾ 42.

22. ਉਹੀ, ਪੰਨਾ 178.

23. ਉਹੀ, ਪੰਨਾ 141.

24. ਉਹੀ, ਪੰਨਾ 161.

25. ਉਹੀ, ਪੰਨਾ 121.

26. ਉਹੀ, ਪੰਨਾ 122.

27. ਉਹੀ, ਪੰਨਾ 86.

28. ਉਹੀ, ਪੰਨਾ 166.

29. ਉਹੀ, ਪੰਨਾ 42.

30. ਉਹੀ, ਪੰਨਾ 87.

31. ਉਹੀ, ਪੰਨਾ 186.

32. ਉਹੀ, ਪੰਨਾ 85.

33. ਉਹੀ, ਪੰਨਾ 182.

34. ਉਹੀ, ਪੰਨਾ 75.

35. ਉਹੀ, ਪੰਨਾ 154.

36. ਉਹੀ, ਪੰਨਾ 177.

37. ਉਹੀ, ਪੰਨਾ 187.

38. ਉਹੀ, ਪੰਨਾ 131.

39. ਉਹੀ, ਪੰਨਾ 77.

40. ਉਹੀ, ਪੰਨਾ 61.

41. ਉਹੀ, ਪੰਨਾ 170.

42. ਉਹੀ, ਪੰਨਾ 90.

43. Shorter Oxford english dictionery (Vol I), Page 3148.

44. ਭਾਰਤੀਯ ਕਾਵਯ ਸ਼ਾਸਤਰ ਕੇ ਸਿਧਾਂਤ, ਕ੍ਰਿਸ਼ਨਦੇਵ ਝਾਰੀ, ਪੰਨਾ 347.

45. ਅਧਿਐਨ ਤੇ ਅਧਿਆਪਨ, ਹਰਿਭਜਨ ਸਿੰਘ, ਪੰਨਾ 14.

46. ਕਾਵਿ ਪ੍ਰਕਾਸ਼, ਆਚਾਰੀਆ ਮੰਮਟ, ਪੰਨਾ 385.

47. ਅਲੰਕਾਰ ਵਿਧਾਨ, ਓਮ ਪ੍ਰਕਾਸ਼ ਸ਼ਰਮਾ, ਪੰਨਾ 8.

48. ਮਹਾਨ ਕੋਸ਼, ਉਹੀ, ਪੰਨਾ 172.

49. ਕਾਵਿ ਦੇ ਤੱਤ, ਪ੍ਰੇਮ ਪ੍ਰਕਾਸ਼ ਸਿੰਘ, ਪੰਨਾ 142.

50. ਕਾਵਯ ਬਿੰਬ, ਆਦੇਸ਼ਵਰ ਰਾਵ, ਪੰਨਾ 8.

51. Shorter Oxford english dictionery (Vol I), Page 1319.

52. ਕਾਵਯ ਬਿੰਬ, ਉਹੀ, ਪੰਨਾ 25.

53. ਰਸ ਮੀਮਾਸਾ, ਆਚਾਰਯ ਰਾਮ ਚੰਦ੍ਰ ਸ਼ੁਕਲ, ਪੰਨਾ .

54. ਪੰਜਾਬ ਦੇ ਹੀਰੇ (ਪੰਜਾਬੀ ਸ਼ਾਇਰਾਂ ਤੇ ਕਵੀਆਂ ਦਾ ਇਤਿਹਾਸ) ਮੌਲਾ ਬਖਸ਼ ਕੁਸ਼ਤਾ, ਪੰਨਾ 7.

55. ਉਹੀ, ਪੰਨਾ 37.

56. ਮਹਾਨ ਕੋਸ਼, ਪੰਨਾ 247.

57. ਸੰਸਕ੍ਰਿਤ ਪੰਜਾਬੀ ਕੋਸ਼ (ਵਿਭਾਗੀ ਸੰਪਾ), ਸ. ਸ. ਜੋਸ਼ੀ, ਮੁਖ ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, ਪੰਨਾ 1002.

58. Shorter Oxford English Dictionery on historical Principals, (Vol. I), Page 25.

59. ਅਪਭ੍ਰੰਸ਼ ਹਿੰਦੀ ਕੋਸ਼ (ਭਾਗ - ਪਹਿਲਾ), ਨਰੇਸ਼ ਕੁਮਾਰ, ਪੰਨਾ 97.

60. ਸੰਸਕ੍ਰਿਤ ਹਿੰਦੀ ਕੋਸ਼, ਵਾਮਨ ਸ਼ਿਵਰਾਮ ਆਪਟੇ, ਪੰਨਾ 688.

61. ਉਹੀ, ਪੰਨਾ 1055.

62. ਮਹਾਨ ਕੋਸ਼, ਉਹੀ, ਪੰਨਾ 525.

63. ਉਹੀ, ਪੰਨਾ 948.

64. ਪਾਲੀ ਹਿੰਦੀ ਕੋਸ਼, ਭਦੰਨਤ ਆਨੰਦ ਕੌਸ਼ਲਯਾਨ, ਪੰਨਾ 256.

65. ਸੰਸਕ੍ਰਿਤ ਹਿੰਦੀ ਕੋਸ਼, ਉਹੀ, ਪੰਨਾ 1067.

66. ਉਹੀ, ਪੰਨਾ 757.

67. ਮਹਾਨ ਕੋਸ਼, ਉਹੀ, ਪੰਨਾ 911.

68. ਪਾਲੀ ਹਿੰਦੀ ਕੋਸ਼, ਉਹੀ, ਪੰਨਾ 266.

69. ਉਹੀ, ਪੰਨਾ 260..

70. ਉਧਰਿਤ, ਲੋਕ ਆਖਦੇ ਹਨ, ਵਣਜਾਰਾ ਬੇਦੀ, ਪੰਨਾ 27.

71. Shorter Oxford English Dictionary on historical Principals (Vol II), P. 2382.

72. ਵਣਜਾਰਾ ਬੇਦੀ, ਉਹੀ, ਪੰਨਾ 30.

73. ਉਹੀ, ਪੰਨਾ 36.

74. ਮਹਾਨ ਕੋਸ਼, ਉਹੀ, ਪੰਨਾ 979.

75. ਸੁਹਜ ਪ੍ਰਬੋਧ, ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਨਾ 83.

76. Shorter Oxford English dictionary (Vol I), Page 1312.

77. ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਨਾਹਰ ਸਿੰਘ, ਪੰਨਾ 214.

78. ਉਹੀ, ਪੰਨਾ 213.

79. ਸੰਸਕ੍ਰਿਤ ਪੰਜਾਬੀ ਕੋਸ਼ (ਵਿਭਾਗੀ ਸੰਪਾ.) ਸ. ਸ. ਜੋਸ਼ੀ, ਮੁਖ ਸੰਪਾ. (ਪ੍ਰੇਮ ਪ੍ਰਕਾਸ਼ ਸਿੰਘ), ਪੰਨਾ 550.

80. Shorter Oxford English dictionary (Vol – II), Page 2579.

81. ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਦੂਜੀ), ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਨਾ 1803.

82. An introduction to the sacred language of the sikhs, C. Shackle, Preface.

83. ਸਿਧਾਂਤਕ ਭਾਸ਼ਾ ਵਿਗਿਆਨ, ਪ੍ਰੇਮ ਪ੍ਰਕਾਸ਼ ਸਿੰਘ, ਪੰਨਾ 473.

84. ਸਾਡੀ ਭਾਸ਼ਾ, ਹਰਕੀਰਤ ਸਿੰਘ, ਪੰਨਾ 102.

85. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਵੀਰ ਸਿੰਘ, ਪੰਨਾ 134.

86. ਸਾਡੀ ਭਾਸ਼ਾ, ਉਹੀ, ਪੰਨਾ 134.

87. ਉਹੀ, ਪੰਨਾ 108.

88. ਕਾਲਜ ਪੰਜਾਬੀ ਵਿਆਕਰਨ, ਹਰਕੀਰਤ ਸਿੰਘ, ਪੰਨਾ 143.

89. ਗੁਰਬਾਣੀ ਵਿਆਕਰਣ, ਸਾਹਿਬ ਸਿੰਘ, ਪੰਨਾ 40.

# ਅਧਿਆਇ ਪੰਜਵਾਂ

## ਬਾਣੀ ਰੂਪ ਚਉਪਦੇ ਦਾ ਸੰਪਾਦਨਾ ਸਿਧਾਂਤ

ਇਸ ਅਧਿਐਨ ਵਿਚ ਚਉਪਦੇ ਦੀ ਸੰਪਾਦਨਾ ਵਿਧੀ ਦਾ ਅਧਿਐਨ ਕੀਤਾ ਗਿਆ ਹੈ।

**ਜੁਗਤ :** ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਬਾਣੀ ਦਾ ਸੰਕਲਨ ਅਰੰਭ ਹੋ ਗਿਆ। ਇਸ ਤਰ੍ਹਾਂ ਬਾਣੀ ਅੱਗੇ ਤੋਂ ਅੱਗੇ ਗੁਰੂ ਸਾਹਿਬਾਨ ਕੋਲ ਪਹੁੰਚਦੀ ਗਈ। ਇਸ ਤੋਂ ਬਾਅਦ ਸਾਰੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਸੰਕਲਿਤ ਹੋ ਗਈ। ਇਸ ਪ੍ਰਕਾਰ ਬਾਣੀ ਨੂੰ ਇਕ ਵਿਸ਼ੇਸ਼ ਚੌਖਟੇ ਵਿਚ ਰੱਖਣਾ ਜ਼ਰੂਰੀ ਸੀ। ਇਸ ਵਾਸਤੇ ਬਾਣੀ ਨੂੰ ਤਰਤੀਬ ਅਨੁਸਾਰ ਕੀਤਾ ਗਿਆ। ਬਾਣੀ ਨੂੰ ਤਰਤੀਬਬੱਧ ਕਰਨ ਵਾਸਤੇ ਹੇਠ ਲਿਖੇ ਪ੍ਰਮੁੱਖ ਭਾਗਾਂ ਵਿਚ ਵੰਡਿਆ ਗਿਆ।

(ੳ) ਰਾਗ

(ਅ) ਕਾਵਿ/ਬਾਣੀ-ਰੂਪ

(ੲ) ਬਾਣੀਕਾਰ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਤਰਤੀਬਵਾਰ ਸੰਕਲਨ ਵਿਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇਸ ਖਸਮ ਕੀ ਬਾਣੀ ਦੀ ਸਾਂਭ-ਸੰਭਾਲ ਤੇ ਇਸ ਦੁਆਰਾ ਜੱਗ ਨੂੰ ਚਾਨਣ ਮੁਨਾਰਾ ਕਰਨ ਵਾਲੀ ਬਾਣੀ ਨੂੰ ਗੁਰੂ ਸਾਹਿਬਾਨ ਦੁਆਰਾ ਸਮੇਂ-ਸਮੇਂ ਤੇ ਰਚਿਆ ਗਿਆ। ਗੁਰੂ ਅਰਜਨ ਦੇਵ ਜੀ ਪਾਸ ਬਾਣੀ ਪਤਰਿਆਂ, ਪੋਥੀਆਂ ਦੇ ਰੂਪ ਵਿਚ ਪਹੁੰਚੀ। ਇਸ ਵਿਚ ਕੁਝ ਕਾਵਿ-ਰੂਪ ਮੌਖਿਕ ਰੂਪ ਵਿਚ ਸੰਕਲਿਤ ਸਨ, ਜਿਨਾ ਨੂੰ ਬਾਣੀ ਦੇ ਰੂਪ ਵਿਚ ਰਚਿਆ ਗਿਆ ਸੀ। ਪਿਉ-ਦਾਦੇ ਦੇ ਪ੍ਰਾਪਤ ਖਜ਼ਾਨੇ ਨੂੰ ਵਿਉਂਤ ਦੇਣ ਵਾਸਤੇ ਸੰਪਾਦਨਾ ਵਿਧੀ ਨੂੰ ਚੁਣਿਆ ਗਿਆ। ਉਸ ਵਿਚ ਸਭ ਤੋਂ ਪਹਿਲਾਂ ਰਾਗਾਂ ਨੂੰ ਆਧਾਰ ਬਣਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 31 ਰਾਗਾਂ ਅਤੇ 30 ਉਪਰਾਗਾਂ ਵਿਚ ਵੰਡਿਆ ਗਿਆ ਹੈ। ਇਸ ਪ੍ਰਕਾਰ ਇਕ ਵਿਉਂਤ ਅਨੁਸਾਰ ਬਾਕੀ ਕਾਵਿ-ਰੂਪਾਂ ਨੂੰ ਹਰ ਰਾਗ ਦੇ ਸੰਕਲਪਾਂ ਦੇ ਅਨੁਸਾਰ ਤੇ ਰੱਖਿਆ ਗਿਆ। ਗੁਰਬਾਣੀ ਵਿਚਲੇ ਕੁਝ ਸਿਰਲੇਖ ਸੰਗੀਤਕ ਅੰਗ ਦੇ ਹੋਣ ਕਾਰਨ ਵਿਸ਼ੇਸ਼ ਸਥਾਨ ਰੱਖਦੇ ਹਨ। ਇਹਨਾਂ ਵਿਚੋਂ ਸੁਧੰਗ, ਧੁਨਾਂ, ਜਤਿ, ਪੜਤਾਲ, ਘਰੁ ਸੰਗੀਤਕ ਅੰਗ ਹੋਣ ਕਾਰਨ, ਉਸੇ ਨਿਯਮ ਅਨੁਸਾਰ ਗੁਰਬਾਣੀ ਗਾਇਨ ਦੀ ਰੀਤ ਚਲਾਈ ਗਈ।

(ਅ) ਗੁਰਬਾਣੀ ਦੇ ਸੰਕਲਨ ਲਈ ਕਾਵਿਰੂਪ ਨੂੰ ਵੀ ਮੂਲ ਸ੍ਰੋਤ ਦੇ ਤੌਰ ਤੇ ਲਿਆ ਗਿਆ। ਇਸ ਕਾਰਜ ਨੂੰ ਤਰਤੀਬ ਦੇਣ ਵਾਸਤੇ ਡੂੰਘੇਰੇ ਅਧਿਐਨ ਦੀ ਜ਼ਰੂਰਤ ਸੀ। ਇਹ ਸਾਰੇ ਕਾਵਿ-ਰੂਪ ਸੰਚਾਰਿਤ ਤੇ ਅਨੁਭਵ ਦੀ ਦ੍ਰਿਸ਼ਟੀ ਦੁਆਰਾ ਰੂਪਾਂਤਰਨ ਤੋਂ ਬਾਅਦ ਵਰਤੋਂ

ਵਿਚ ਲਿਆਂਦੇ ਗਏ। ਇਹਨਾਂ ਕਾਵਿ ਰੂਪਾਂ ਤੋਂ ਬਿਨ੍ਹਾਂ ਕੁਝ ਬਾਣੀਆਂ ਅਜਿਹੀਆਂ ਵੀ ਹਨ, ਜਿਨਾਂ ਤੇ ਰਾਗ ਅਤੇ ਛੰਦ ਦਾ ਪ੍ਰਭਾਵ ਕਬੂਲ ਨਹੀਂ ਕੀਤਾ ਜਾਂਦਾ, ਬਲਕਿ ਇਹਨਾਂ ਬਾਣੀਆਂ ਦੇ ਵਿਸ਼ੇ ਦੀ ਪ੍ਰਮੁੱਖਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਜਾਂਦਾ ਹੈ। ਇਹਨਾ ਬਾਣੀਆ ਦੇ ਨਾਮ ਇਸ ਪ੍ਰਕਾਰ ਹਨ - ਅਨੰਦ ਸਾਹਿਬ, ਸੁਖਮਨੀ ਸਾਹਿਬ, ਗੁਣਵੰਤੀ, ਕਰਹਲੇ ਅਤੇ ਜਪੁਜੀ ਸਾਹਿਬ ਦੀ ਬਾਣੀ ਪਉੜੀਆਂ ਦੇ ਅੰਕਣ ਪ੍ਰਬੰਧ ਅਨੁਸਾਰ ਆਪਣੀ ਪਛਾਣ ਬਣਾਉਂਦੀ ਹੈ ਅਤੇ ਸੁਖਮਨੀ ਸਾਹਿਬ ਦੀ ਬਾਣੀ ਸਲੋਕਾਂ ਤੇ ਅਸ਼ਟਪਦੀਆਂ ਦੁਆਰਾ ਆਪਣਾ ਵੇਰਵਾ ਪ੍ਰਸਤੁਤ ਕਰਦੀ ਹੈ। ਇਸ ਤੋਂ ਇਲਾਵਾ ਕੁਝ ਬਾਣੀਆਂ ਦਾ ਅਰੰਭ ਸੋ ਦੁਰ ਅਤੇ ਸੋ ਪੁਰਖੁ ਦੁਆਰਾ ਵੀ ਕੀਤਾ ਗਿਆ ਹੈ।

(1) ਇਸ ਗ੍ਰੰਥ ਵਿਚ ਪਦਾ ਕਾਵਿ-ਰੂਪ ਅਨੇਕ ਰੂਪਾਂ ਵਿਚ ਵਰਤਿਆ ਗਿਆ ਹੈ। ਇਕਪਦਾ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਅਤੇ ਅਸ਼ਟਪਦੀਆਂ ਨੂੰ ਲਿਆ ਜਾਂਦਾ ਹੈ।

(2) ਇਸ ਤੋਂ ਬਾਅਦ ਛੰਤ ਬਾਣੀ ਨੂੰ ਤਰਤੀਬ ਦਿੱਤੀ ਗਈ ਹੈ।

(3) ਤੀਸਰੇ ਸਥਾਨ ਤੇ ਸੁਤੰਤਰ ਬਾਣੀ-ਰੂਪਾਂ ਨੂੰ ਲਿਆ ਗਿਆ ਹੈ। ਇਸ ਵਿਚ ਸੁਖਮਨੀ, ਬਾਰਹਮਾਹ, ਵਣਜਾਰਾ, ਬਾਵਨ ਅੱਖਰੀ ਆਦਿ ਸੰਕਲਿਤ ਹਨ।

(4) ਚੌਥੇ ਸਥਾਨ ਤੇ ਵਾਰਾਂ ਨੂੰ ਰੱਖਿਆ ਗਿਆ ਹੈ, ਜੋ ਹਰ ਰਾਗ ਵਿਚ ਧੁਨੀ ਅਨੁਸਾਰ ਗਾਇਨ ਕੀਤੀਆਂ ਜਾਂਦੀਆਂ ਹਨ। ਇਹਨਾਂ ਦੀ ਗਿਣਤੀ 22 ਹੈ। ਇਹਨਾ ਕਾਵਿ-ਰੂਪਾਂ ਦੇ ਸੰਕਲਨ ਨੂੰ ਬਾਣੀਕਾਰਾਂ ਅਨੁਸਾਰ ਕੀਤਾ ਗਿਆ ਹੈ, ਜਿਵੇਂ ਹਰ ਰਾਗ ਵਿਚ ਤਰਤੀਬ ਅਨੁਸਾਰ ਕਾਵਿ-ਰੂਪ ਅਤੇ ਕਿਸ ਗੁਰੂ ਸਾਹਿਬਾਨ ਦੁਆਰਾ ਰਚਿਆ ਗਿਆ ਹੈ। ਇਸ ਨੂੰ ਸਿਰਲੇਖ ਅਨੁਸਾਰ ਤਰਤੀਬ ਦਿੱਤੀ ਗਈ ਹੈ। ਹਰ ਰਾਗ ਅਨੁਸਾਰ ਗੁਰੂ ਸਾਹਿਬਾਨ ਦੀ ਬਾਣੀ ਇਕ ਕ੍ਰਮ ਵਿਚ ਦਰਜ ਹੈ। ਇਸ ਤੋਂ ਭਗਤ ਸਾਹਿਬਾਨ ਦੀ ਬਾਣੀ ਕ੍ਰਮ ਅਨੁਸਾਰ ਦਰਜ ਕੀਤੀ ਗਈ। ਇਸ ਤੋਂ ਇਲਾਵਾ ਭੱਟਾਂ ਅਤੇ ਗੁਰੂ ਘਰ ਦੇ ਹੋਰ ਗੁਰਸਿੱਖਾਂ ਦੀ ਰਚਨਾ ਨੂੰ ਬਾਣੀ ਦੇ ਸੰਕਲਨ ਵਿਸ਼ੇਸ਼ ਤਰਤੀਬ ਦਿੱਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੋਕ ਕਾਵਿ-ਰੂਪਾਂ ਨੂੰ ਆਧਾਰ ਬਣਾ ਕੇ ਜਿਨ੍ਹਾਂ ਬਾਣੀ-ਰੂਪਾਂ ਨੂੰ ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਵਿਉਂਤ ਲਈ ਆਧਾਰ ਬਣਾਇਆ। ਉਸ ਦਾ ਵੇਰਵਾ ਇਸ ਪ੍ਰਕਾਰ ਹੈ।

ਗੁਰੂ ਨਾਨਕ ਦੇਵ ਜੀ - ਕੁਚਜੀ, ਦਖਣੀ ਓਅੰਕਾਰ, ਸਿਧ ਗੋਸਟਿ, ਆਰਤੀ, ਵਣਜਾਰੇ, ਦਿਨਰੈਣਿ, ਪਹਿਰੇ ਆਦਿ।

ਗੁਰੂ ਅੰਗਦ ਦੇਵ ਜੀ - ਸਲੋਕ

ਗੁਰੂ ਅਮਰਦਾਸ ਜੀ - ਪਟੀ

| | | |
|---|---|---|
| ਗੁਰੂ ਰਾਮਦਾਸ ਜੀ | - | ਘੋੜੀਆਂ, ਅਲਾਹੁਣੀਆਂ, ਕਰਹਲੇ ਆਦਿ। |
| ਗੁਰੂ ਅਰਜਨ ਦੇਵ ਜੀ | - | ਅੰਜੁਲੀਆਂ, ਬਾਰਹਮਾਹ, ਬਾਵਨ ਅਖਰੀ, ਥਿਤੀ |
| ਗੁਰੂ ਤੇਗ ਬਹਾਦਰ ਜੀ | - | ਸਲੋਕ |

ਕੁਝ ਬਾਣੀ-ਰੂਪ ਅਜਿਹੇ ਹਨ, ਜਿਨ੍ਹਾਂ ਦੀ ਛੰਤ ਰੂਪ ਵਿਚ ਸਿਰਲੇਖ ਅਨੁਸਾਰ ਵਰਤੋਂ ਕੀਤੀ ਗਈ ਹੈ।

(2) ਇਸੇ ਤਰ੍ਹਾਂ 15 ਭਗਤ ਸਾਹਿਬਾਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹਨਾ ਦੇ ਨਾਮ ਇਸ ਪ੍ਰਕਾਰ ਹੈ। 1. ਭਗਤ ਕਬੀਰ ਜੀ 2. ਭਗਤ ਰਾਮਾਨੰਦ ਜੀ 3. ਭਗਤ ਪੀਪਾ ਜੀ 4. ਭਗਤ ਰਵਿਦਾਸ ਜੀ 5. ਭਗਤ ਜੈਦੇਵ ਜੀ 6. ਭਗਤ ਬੇਣੀ ਜੀ 7. ਭਗਤ ਸਧਨਾ ਜੀ 8. ਭਗਤ ਸੈਣ ਜੀ 9. ਭਗਤ ਧੰਨਾ ਜੀ 10. ਭਗਤ ਤ੍ਰਿਲੋਚਨ ਜੀ 11. ਭਗਤ ਭੀਖਣ ਜੀ 12. ਭਗਤ ਸੂਰਦਾਸ ਜੀ 13. ਭਗਤ ਪਰਮਾਨੰਦ ਜੀ 15. ਸੇਖ ਫਰੀਦ ਜੀ

(3) ਇਸੇ ਪ੍ਰਕਾਰ 11 ਭੱਟ ਸਾਹਿਬਾਨ ਜਿਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹਨਾ ਦੇ ਨਾਮ ਇਸ ਪ੍ਰਕਾਰ ਹਨ। 1. ਭਟ ਕੀਰਤ ਜੀ 2. ਭਟ ਭਲ੍ਹ ਜੀ 3. ਭਟ ਮਥੁਰਾ ਜੀ 4. ਭਟ ਕਲਸਹਾਰ ਜੀ 5. ਭਟ ਸਲ੍ਹ ਜੀ 6. ਭਟ ਭਿਖਾ ਜੀ 7. ਭਟ ਜਲਪ ਜੀ 8. ਭਟ ਹਰਿਬੰਸ ਜੀ 9. ਭਟ ਗਯੰਦ ਜੀ 10. ਭਟ ਬਲ ਜੀ 11. ਭਟ ਨਲ੍ਹ ਜੀ

(4) ਇਸ ਤੋਂ ਇਲਾਵਾ ਉਹਨਾਂ ਗੁਰਸਿੱਖਾਂ ਦੀ ਬਾਣੀ ਵੀ ਦਰਜ ਕੀਤੀ ਗਈ ਜੋ ਗੁਰੂ ਸਾਹਿਬ ਦੇ ਸਮੇਂ ਕੀਰਤਨ ਕਰਦੇ ਸਨ। ਇਹਨਾਂ ਗੁਰਸਿੱਖਾਂ ਦੇ ਨਾਮ ਰਾਏ ਬਲਵੰਡ ਅਤੇ ਸੱਤਾ ਡੂਮ ਜੀ ਸਨ। ਇਸ ਤੋਂ ਇਲਾਵਾ ਬਾਬਾ ਸੁੰਦਰ ਜੀ ਦੀ ਬਾਣੀ ਵੀ ਦਰਜ ਹੈ। ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਦਾ ਸੰਗ੍ਰਹਿ ਇਕ ਸਥਾਨ ਤੇ ਦਰਜ ਨਹੀਂ ਹੈ। ਇਹਨਾਂ ਸਲੋਕਾਂ ਨੂੰ ਆਸਾ ਦੀ ਵਾਰ ਅਤੇ ਵਾਰਾਂ ਦੇ ਸਲੋਕਾਂ ਵਿਚ ਸ਼ਾਮਿਲ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਰੰਭ ਜਪੁਜੀ ਸਾਹਿਬ ਦੀ ਬਾਣੀ ਨਾਲ ਕਰਨ ਤੋਂ ਬਾਅਦ ਮੱਧ ਤੇ ਅੰਤ ਗੁਰੂ ਅਰਜਨ ਦੇਵ ਜੀ ਦੇ ਦੁਆਰਾ ਕੀਤਾ ਗਿਆ ਹੈ। ਮੱਧ ਦਾ ਵਿਸ਼ਾ ਆਦਿ ਨਾਲ ਸੁਮੇਲਤਾ ਨੂੰ ਦਰਸਾਉਂਦਾ ਹੈ। ਇਸ ਪ੍ਰਕਾਰ ਆਦਿ ਤੇ ਮੱਧ ਤੇ ਪ੍ਰਭਾਵ ਦੁਆਰਾ ਅਕਾਲ ਪੁਰਖ ਦੀ ਮੌਜੂਦਗੀ ਨੂੰ ਪ੍ਰਵਾਨ ਕੀਤਾ ਗਿਆ ਤੇ ਅੰਤ ਵਿਚ ਮੁੰਦਾਵਣੀ ਦੁਆਰਾ ਸੰਸਾਰ ਸਮੁੰਦਰ ਨੂੰ ਪਾਰ ਕਰਨ ਵਾਸਤੇ ਅਕਾਲ ਪੁਰਖ ਦਾ ਓਟ ਆਸਰਾ ਲੈਣਾ ਜ਼ਰੂਰੀ ਹੈ। ਇਹਨਾਂ ਤਿੰਨਾਂ ਸ਼ਬਦ ਸਲੋਕਾਂ ਵਿਚ ਅਕਾਲ ਪੁਰਖ ਦੀ ਪ੍ਰਮੁਖਤਾ ਇਹ ਸੰਕੇਤ ਪੇਸ਼ ਕਰਦੀ ਹੈ ਕਿ ਇਸ ਗ੍ਰੰਥ ਦੀ ਮੋਹਰ ਛਾਪ ਅਕਾਲ ਪੁਰਖ ਨੇ ਗੁਰੂ ਦੇ ਹੱਥ ਵਿਚ ਸੌਂਪੀ ਸੀ। ਇਸ ਗ੍ਰੰਥ ਦਾ ਮੁੱਖ ਧੁਰਾ ਅਕਾਲ ਪੁਰਖ ਨੂੰ ਕਿਹਾ ਜਾਂਦਾ ਹੈ।

ਇਸ ਗ੍ਰੰਥ ਨੂੰ ਸਮੂਹ ਸੰਸਾਰ ਵੱਲੋਂ ਭਰਵਾਂ ਹੁੰਗਾਰਾ ਮਿਲਣ ਦਾ ਕਾਰਨ ਲੋਕਾਈ ਤੇ ਇਸ ਦੇ ਪ੍ਰਭਾਵ ਦੀ ਛਾਪ ਨੂੰ ਕਿਹਾ ਜਾ ਸਕਦਾ ਹੈ। ਇਹ ਗ੍ਰੰਥ ਆਪਣੇ ਸੰਕਲਪਾਂ, ਭਾਸ਼ਾ ਕਾਰਨ ਸੰਸਾਰਕ ਪੱਧਰ ਤੇ ਮਕਬੂਲ ਹੋਇਆ ਹੈ। ਭਾਸ਼ਾ ਨੇ ਮਨੁੱਖ ਵਿਚ ਸੰਚਾਰ ਦੇ ਮਾਧਿਅਮ ਦੁਆਰਾ ਹੁਕਮ, ਰਜ਼ਾ ਜਿਹੇ ਪੱਧਰਾਂ ਨੂੰ ਪ੍ਰਵਾਨ ਕੀਤਾ। ਇਹ ਸੰਚਾਰ ਧੁਨੀਆਂ, ਸੰਕੇਤਾਂ, ਚਿੱਤਰਾਂ ਤੋਂ ਬਾਅਦ ਪੰਜਾਬ ਦੀ ਭੂਗੋਲਿਕ ਸਥਿਤੀ ਅਨੁਸਾਰ ਵੱਖ-ਵੱਖ ਭਾਸ਼ਾਵਾਂ ਦੇ ਰੂਪ ਅਨੁਸਾਰ ਹੋਂਦ ਵਿਚ ਆਇਆ। ਇਹਨਾਂ ਭਾਸ਼ਾਵਾਂ ਵਿਚੋਂ ਹੀ ਗੁਰਮੁਖੀ ਭਾਸ਼ਾ ਹੋਂਦ ਵਿਚ ਆਈ। ਗੁਰਮੁਖੀ ਨਾਂ ਦੀ ਇਸ ਲਿਪੀ ਬਾਰੇ ਕਾਫੀ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ ਹਨ। "ਬ੍ਰਹਮਾਵਰਤ ਵਾਲਿਆਂ ਦੀ ਲਿਪੀ ਬ੍ਰਹਿਮਾ ਤੋਂ ਬ੍ਰਹਿਮੀ ਨਾਂ ਪੈ ਗਿਆ, ਜਿਵੇ ਦੇਵਨਾਗਰ ਦੇ ਬ੍ਰਾਹਮਣਾਂ ਵੱਲੋਂ ਵਰਤੀ ਜਾਣ ਵਾਲੀ ਲਿਪੀ ਦੇਵਨਾਗਰੀ ਆਖੀ ਜਾਣ ਲੱਗ ਪਈ। ਇਸੇ ਤਰ੍ਹਾਂ ਸਰਸੁਤੀ ਕੰਢੇ ਵਸਦਿਆਂ ਸ਼ਾਰਦਾ ਨੂੰ ਧਿਆਉਣ ਵਾਲੇ ਪੰਜਾਬੀਆਂ ਦੀ ਸ਼ਾਰਦਾ ਲਿਪੀ ਬੋਧੀਆਂ, ਸਿਧਾਂ ਦੀ ਵਰਤੋਂ ਨੇ ਇਸੇ ਨੂੰ ਸਿਧ ਮਾਤ੍ਰਿਕਾ ਦਾ ਨਾਂ ਦਿਵਾਇਆ। ਇਸੇ ਤਰ੍ਹਾਂ ਗੁਰੂ ਨੂੰ ਮੰਨਣ ਵਾਲੇ ਲੋਕ ਗੁਰਮੁਖ ਆਖੇ ਜਾਂਦੇ ਹਨ।"1 ਇਸ ਤਰ੍ਹਾਂ ਗੁਰਬਾਣੀ ਦੀ ਭਾਸ਼ਾ ਹੋਂਦ ਵਿਚ ਆਈ। ਭਾਸ਼ਾ ਦੀ ਦ੍ਰਿਸ਼ਟੀ ਤੋਂ ਗਾਥਾ, ਡੱਖਣੇ ਅਤੇ ਸਲੋਕ ਸਹਸਕ੍ਰਿਤੀ ਨੂੰ ਸਿਰਲੇਖਾਂ ਵਿਚ ਵਰਤਿਆ ਗਿਆ ਹੈ। ਇਸ ਤੋਂ ਇਲਾਵਾ ਸਿਰਲੇਖ ਨਾਲ ਸ਼ਬਦ ਦੀ ਸ਼ਬਦਾਵਲੀ ਦਾ ਸੰਬੰਧ ਮੰਗਲਾਚਰਨ ਰਹਾਉ, ਅੰਕਣ ਅਤੇ ਘਰੁ ਪ੍ਰਬੰਧ ਅਨੁਸਾਰ ਪ੍ਰਯੋਗ ਕੀਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਸੰਪਾਦਨਾ ਸਿਰਲੇਖਾਂ ਦੇ ਸੰਕੇਤਾਂ ਤੇ ਆਧਾਰਿਤ ਹੈ। ਇਸ ਵਿਚ ਉਹਨਾ ਸਿਰਲੇਖਾਂ ਬਾਰੇ ਚਾਨਣਾ ਪਾਇਆ ਜਾ ਰਿਹਾ ਹੈ, ਜਿਹੜੇ ਮਹਲਾ, ਵਾਰ, ਅਸ਼ਟਪਦੀ ਘਰੁ ਅਨੁਸਾਰ ਆਪਣਾ ਵੇਰਵਾ ਪੇਸ਼ ਕਰਦੇ ਹਨ। ਇਸ ਵੇਰਵੇ ਅਨੁਸਾਰ ਸਾਨੂੰ ਇਹ ਜਾਣਕਾਰੀ ਮਿਲ ਜਾਂਦੀ ਹੈ ਕਿ ਇਹ ਰਚਨਾ ਕਿਸ ਗੁਰੂ ਸਾਹਿਬਾਨ ਦੀ ਹੈ ਅਤੇ ਉਸ ਗੁਰੂ ਸਾਹਿਬਾਨ ਦੇ ਬਾਣੀ ਅੰਕੜਿਆ ਨੂੰ ਘੋਖ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਅਸ਼ਟਪਦੀਆਂ ਅਤੇ ਘਰੁ ਪ੍ਰਬੰਧ ਦੇ ਵੇਰਵੇ ਤੋਂ ਵੀ ਜਾਣੂ ਹੋਇਆ ਜਾਂਦਾ ਹੈ। ਘਰੁ ਪ੍ਰਬੰਧ ਤੋਂ ਮਹਲਾ ਅਨੁਸਾਰ ਕਿੰਨੇ ਘਰਾਂ ਵਿਚ ਗਾਇਨ ਕੀਤਾ ਜਾ ਸਕਦਾ। ਇਸ ਸੰਚਾਰ ਜੁਗਤ ਨੂੰ ਜਾਣਿਆ ਜਾਂਦਾ ਹੈ।

ਗੁਰਬਾਣੀ ਨੂੰ ਰਾਗ ਅਨੁਸਾਰ ਭਾਗਾਂ ਵਿਚ ਵੰਡਿਆ ਹੋਇਆ ਹੈ ਅਤੇ ਤਤਕਰੇ ਦੇ ਹਰ ਭਾਗ ਵਿਚ ਰਾਗ ਅਨੁਸਾਰ ਸਿਰਲੇਖ ਅਰਥਾਂ ਦੁਆਰਾ ਕੀਰਤਨ ਨਾਲ ਜ਼ਰੂਰ ਸੰਬੰਧ ਰੱਖਦੇ ਹਨ। ਇਸ ਦਾ ਪ੍ਰਮਾਣ 'ਏਕ ਸੁਆਨ ਕੇ ਘਰਿ ਗਾਵਣਾ'2 ਤੋਂ ਮਿਲ ਜਾਂਦਾ ਹੈ, ਕਿਉਂਕਿ ਇਹ ਸੰਕੇਤ ਦੋ ਸ਼ਬਦਾਂ ਤੇ ਹੋਣ ਕਾਰਨ ਦੂਸਰੇ ਸ਼ਬਦ ਦੁਆਰਾ ਆਪ ਮੁਹਾਰੇ ਇਸ ਜਾਣਕਾਰੀ ਤੋਂ ਸੁਚੇਤ ਹੋ ਜਾਈਦਾ ਹੈ ਕਿ ਇਹ ਸ਼ਬਦ ਇਸੇ ਸੁਰ ਅਤੇ ਘਰੁ ਅਨੁਸਾਰ ਗਾਇਨ ਕਰਨਾ ਹੈ। ਸ਼ਬਦ ਸਿਰੀਰਾਗੁ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਹੈ, 'ਏਕ ਸੁਆਨ ਦੁਇ ਸੁਆਨੀ ਨਾਲਿ'3 ਨੂੰ ਵੀ ਇਸੇ ਸੁਰ ਅਤੇ ਘਰੁ ਅਨੁਸਾਰ ਗਾਇਆ ਜਾਂਦਾ ਹੈ। ਇਸ ਸੰਚਾਰ ਦੁਆਰਾ ਸ਼ਬਦ ਆਪਣੇ ਸਾਰਥਕ ਅਰਥਾਂ ਤੱਕ ਪਹੁੰਚ ਕਰ ਲੈਂਦਾ ਹੈ। ਇਸ ਵਾਸਤੇ ਕੀਰਤਨੀਏ ਸਿੰਘ ਗੁਰਬਾਣੀ ਨੂੰ ਕੇਂਦਰ ਬਿੰਦੂ ਬਣਾ ਕੇ ਰਾਗ ਦੇ ਮਾਧਿਅਮ

ਨਾਲ ਗੁਰਬਾਣੀ ਦੀ ਸਪਸ਼ਟਤਾ ਵੱਲ ਧਿਆਨ ਦੇਣਾ ਚਾਹੀਦਾ ਹੈ, ਜਿਸ ਨਾਲ ਕੀਰਤਨ ਅਰਥਾਂ ਦੀ ਸਪਸ਼ਟਤਾ ਨੂੰ ਰੂਪਮਾਨ ਕਰਦਾ ਹੈ।

ਇਸ ਪ੍ਰਕਾਰ ਸੰਪਾਦਨ ਦੇ ਉਪਰੋਕਤ ਵਰਗਾਂ ਦੇ ਸੰਕਲਪਾਂ ਨੂੰ ਜਾਨਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਤਤਕਰਾ
2. ਨਿਤਨੇਮ ਭਾਗ
3. ਰਾਗੁ ਯੁਕਤ ਭਾਗ
4. ਰਾਗੁ ਮੁਕਤ ਭਾਗ
5. ਰਾਗ ਮਾਲਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਤੇ ਤਤਕਰਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਦੀ ਗਿਣਤੀ 1430 ਹੈ। ਇਸ ਦੀਆਂ ਨਿਤਨੇਮ ਬਾਣੀਆਂ ਜਪੁ, ਸੋ ਦਰੁ, ਸੋ ਪੁਰਖੁ ਅਤੇ ਸੋਹਿਲਾ ਸਾਹਿਬ ਹਨ। ਇਸ ਦੇ ਰਾਗ ਸਿਰੀਰਾਗੁ ਤੋਂ ਆਰੰਭ ਹੋ ਕੇ ਰਾਗੁ ਜੈਜਾਵੰਤੀ ਤਕ ਹਨ। ਇਸ ਦੀਆਂ ਰਾਗ ਮੁਕਤ ਬਾਣੀਆਂ ਗਾਥਾ, ਫੁਨਹੇ, ਚਉਬੋਲੇ, ਮੁੰਦਾਵਣੀ, ਸਲੋਕ ਸਹਸਕ੍ਰਿਤੀ ਹਨ। ਇਸ ਦੇ ਅੰਤ ਰਾਗਮਾਲਾ ਅੰਕਿਤ ਹੈ। ਰਾਗਮਾਲਾ ਦੁਆਰਾ ਰਾਗਾਂ ਦਾ ਰਾਗਣੀਆਂ ਨਾਲ ਸੰਬੰਧ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਹ ਗ੍ਰੰਥ ਸੰਪਾਦਨਾ ਪੱਖੋਂ ਆਪਣੇ ਆਪ ਵਿਚ ਅਦੁੱਤੀ ਮਿਸਾਲ ਹੈ। ਇਸ ਅਧਿਐਨ ਰਾਹੀਂ ਢੁੱਕਵੇਂ ਸਿਰਲੇਖਾਂ ਦੀ ਵਰਤੋਂ ਨੂੰ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ।

## (ੳ) ਮੂਲ-ਮੰਤਰ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰੰਭ ਮੂਲ-ਮੰਤਰ ਨਾਲ ਹੁੰਦਾ ਹੈ। ਮੂਲ-ਮੰਤਰ ਵਿਚ ਪਰਮਾਤਮਾ ਦੀ ਉਸਤਤ ਦੇ ਗੁਣ ਗਾਏ ਜਾਂਦੇ ਹਨ, ਜਿਸ ਕਾਰਨ ਇਸ ਨੂੰ ਸੁਤੰਤਰ ਬਾਣੀ ਜਾਣ ਕੇ ਇਸ ਦਾ ਜਾਪ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਮੂਲ-ਮੰਤਰ ਦੀ ਸਿਖ ਧਰਮ ਵਿਚ ਵਿਸ਼ੇਸ਼ ਵਿਲੱਖਣਤਾ ਹੈ। ਮੂਲ-ਮੰਤਰ ਨੂੰ ਜਪੁਜੀ ਸਾਹਿਬ ਦਾ ਰੂਪ ਅਤੇ ਜਪੁਜੀ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਮੰਨਿਆ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ "ਸਾਰੇ ਮੰਤ੍ਰਾਂ ਦੀ ਜੜ੍ਹ ੳ ਅੰਕਾਰ"4 ਮੂਲ-ਮੰਤਰ ਮਨੁੱਖਤਾ ਵਿਚ ਸ਼ਕਤੀ ਪੈਦਾ

ਕਰਨ ਵਾਲਾ ਅਜਿਹਾ ਜਾਪ ਹੈ, ਜਿਸ ਨਾਲ ਮਨੁੱਖ ਨਿਰਭੈ ਹੋ ਜਾਂਦਾ ਹੈ। ਰਤਨ ਸਿੰਘ ਜੱਗੀ ਅਨੁਸਾਰ "ਇਹ ਦੋ ਪਦਾਂ ਦਾ ਸੰਯੁਕਤ ਰੂਪ ਹੈ। 'ਮੂਲ' ਦਾ ਅਰਥ ਹੈ 'ਜੜ' "5 ਮੂਲ ਤੋਂ ਬਿਨਾਂ ਕਿਸੇ ਵੀ ਪਦਾਰਥ ਦੀ ਸਿਰਜਣਾ ਨਹੀਂ ਹੋ ਸਕਦੀ। ਮੂਲ ਵਿਚ ਹੀ ਵਸਤ ਦਾ ਸੰਕਲਪ ਛੁਪਿਆ ਹੁੰਦਾ ਹੈ।

ਮੂਲ ਬਿਨਾ ਸਾਖਾ ਕਤ ਆਹੈ (ਗੁ. ਗ੍ਰੰ. 1148)

ਇਸੇ ਕਾਰਨ ਗੁਰਬਾਣੀ ਵਿਚ ਮਨੁੱਖ ਦਾ ਮੂਲ ਜਾਂ ਅੰਸ਼ ਪਰਮਾਤਮਾ ਨੂੰ ਕਿਹਾ ਗਿਆ ਹੈ।

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ॥ (ਗੁ. ਗ੍ਰੰ. 440)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਨਾਮ ਸਿਮਰਨ ਅਕਾਲ ਪੁਰਖ ਦੀ ਵਡਿਆਈ ਅਤੇ ਚੰਗੇ ਕਰਮ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਮੂਲ-ਮੰਤਰ ਦਾ ਸਾਰਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅੰਕਿਤ ਹੈ, ਜਦੋਂ ਅਸੀਂ ਚਉਪਦਿਆਂ ਨਾਲ ਮੂਲ-ਮੰਤਰ ਬਾਰੇ ਵਿਚਾਰ ਕਰਦੇ ਹਾਂ, ਉਸ ਸਮੇਂ ਸਾਰੇ ਮੂਲ-ਮੰਤਰ ੴ ਸਤਿ ਨਾਮੁ, ਕਰਤਾ ਪੁਰਖੁ, ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ਸਾਰੇ ਰਾਗਾਂ ਦੇ ਚਉਪਦਿਆਂ ਵਿਚ ਪੇਸ਼ ਹੁੰਦਾ ਹੈ। ਇਥੇ ਮੂਲ-ਮੰਤਰ ਦੇ ਅਰਥਾਂ ਨੂੰ ਚਉਪਦਿਆਂ ਦੀਆਂ ਤੁਕਾਂ ਨਾਲ ਸੁਮੇਲਤਾ ਦੁਆਰਾ ਪੇਸ਼ ਕੀਤਾ ਹੈ।

**ਮੂਲ-ਮੰਤਰ ਰੂਪ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ-ਮੰਤਰ ਦੀ ਚਾਰ ਪ੍ਰਕਾਰ ਨਾਲ ਵਰਤੋਂ ਕੀਤੀ ਗਈ ਹੈ। ਚਉਪਦਿਆਂ ਵਿਚ ਮੂਲ-ਮੰਤਰ ਦੀ ਗਿਣਤੀ ਕਿੰਨੀ ਹੈ ਇਸ ਦਾ ਅਧਿਐਨ ਕੀਤਾ ਗਿਆ ਹੈ।

1. ੴ ਸਤਿਨਾਮੁ ਗੁਰਪ੍ਰਸਾਦਿ = ਇਹ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਵਾਰ ਦਰਜ ਹੈ।

ਇਸ ਦੀ ਚਉਪਦਿਆਂ ਵਿਚ ਵਰਤੋਂ ਨਹੀਂ ਕੀਤੀ ਗਈ।

2. ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ = ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 1 ਵਾਰ ਦਰਜ ਹੈ। ਇਹ ਚਉਪਦਿਆਂ ਵਿਚ 3 ਵਾਰ ਦਰਜ ਹੈ।

3. ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ = ਇਹ ਮੂਲ ਮੰਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 33 ਵਾਰ ਦਰਜ ਹੈ। ਇਸ ਦੀ ਚਉਪਦਿਆਂ ਵਿਚ 19 ਵਾਰ ਵਰਤੋਂ ਕੀਤੀ ਗਈ ਹੈ।

4. ੴ ਸਤਿਗੁਰ ਪ੍ਰਸਾਦਿ = ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 533 ਵਾਰ ਦਰਜ ਹੈ। ਇਸ ਦੀ ਵਰਤੋਂ ਚਉਪਦਿਆਂ ਵਿਚ 97 ਵਾਰ ਹੋਈ ਹੈ।

**ਸਾਰਨੀ ਨੰ. 3**

**ਬਾਣੀ-ਰੂਪ ਚਉਪਦੇ ਵਿਚ ਦਰਜ ਮੂਲ-ਮੰਤਰ ਸੰਬੰਧੀ ਸਾਰਨੀ**

| ਲੜੀ ਨੰ: | ਰਾਗੁ | ਬਾਣੀਕਾਰ | ਚਉਪਦਿਆਂ ਦੀ ਗਿਣਤੀ | ਮੂਲ-ਮੰਤਰ ਦਾ ਸਰੂਪ |
|---|---|---|---|---|
| 1 | ਸਿਰੀ ਰਾਗੁ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਤ੍ਰਿਲੋਚਨ | 28<br>26<br>6<br>30<br>1 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>-<br>- |
| 2 | ਰਾਗੁ ਮਾਝ | ਮਹਲਾ ੪<br>ਮਹਲਾ ੫ | 7<br>43 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>- |
| 3 | ਰਾਗੁ ਗਉੜੀ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਰਵੀਦਾਸ | 15<br>18<br>30<br>146<br>25<br>1 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 4 | ਰਾਗੁ ਆਸਾ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਰਵਿਦਾਸ<br>ਭਗਤ ਨਾਮਦੇਵ<br>ਭਗਤ ਧੰਨਾ<br>ਸ਼ੇਖ ਫਰੀਦ | 30<br>11<br>12<br>118<br>17<br>3<br>2 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

| | | | | |
|---|---|---|---|---|
| | | | 1 | |
| 5 | ਰਾਗੁ ਗੂਜਰੀ | ਮਹਲਾ ੧<br><br><br><br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਤ੍ਰਿਲੋਚਨ | 2<br><br><br><br>5<br>6<br>11<br>2<br>1<br>1 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 6 | ਰਾਗੁ ਦੇਵਗੰਧਾਰੀ | ਮਹਲਾ ੫ | 2 | ੴ ਸਤਿਗੁਰ ਪ੍ਰਸਾਦਿ |
| 7 | ਰਾਗੁ ਬਿਹਾਗੜਾ | ਮਹਲਾ ੫ | 1 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ |
| 8 | ਰਾਗੁ ਵਡਹੰਸੁ | ਮਹਲਾ ੧<br><br><br><br>ਮਹਲਾ ੩<br>ਮਹਲਾ ੪<br>ਮਹਲਾ ੫ | 2<br><br><br><br>8<br>1<br>7 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 9 | ਰਾਗੁ ਸੋਰਠਿ | ਮਹਲਾ ੧<br><br><br><br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਰਵਿਦਾਸ | 9<br><br><br><br>12<br>8<br>44<br>7<br>2<br>2 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

| | | | | |
|---|---|---|---|---|
| 10 | ਰਾਗੁ ਧਨਾਸਰੀ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਰਵਿਦਾਸ<br>ਭਗਤ ਤ੍ਰਿਲੋਚਨ | 7<br>8<br>7<br>18<br>3<br>2<br>1<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 11 | ਰਾਗੁ ਜੈਤਸਰੀ | ਮਹਲਾ ੪<br>ਮਹਲਾ ੫ | 11<br>2 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 12 | ਰਾਗੁ ਟੋਡੀ | ਮਹਲਾ ੫<br>ਭਗਤਾਂ ਦਾ | 4<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 13 | ਰਾਗੁ ਤਿਲੰਗ | ਮਹਲਾ ੧<br>ਮਹਲਾ ੪<br>ਮਹਲਾ ੫<br>ਭਗਤ ਬਾਣੀ | 3<br>-<br>4<br>2 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>-<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 14 | ਰਾਗੁ ਸੂਹੀ | ਮਹਲਾ ੧<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਰਵਿਦਾਸ<br>ਸ਼ੇਖ ਫਰੀਦ | 7<br>14<br>48<br>4<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

| | | | | |
|---|---|---|---|---|
| | | | 1 | |
| 15 | ਰਾਗੁ ਬਿਲਾਵਲੁ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਸਧਨਾ | 4<br>5<br>6<br>54<br>3<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 16 | ਰਾਗੁ ਗੋਂਡ | ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਰਵਿਦਾਸ | 6<br>21<br>8<br>4<br>2 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 17 | ਰਾਗੁ ਰਾਮਕਲੀ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ | 10<br>-<br>5<br>53<br>2<br>3 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 18 | ਰਾਗੁ ਨਟ ਨਾਰਾਇਨ | ਮਹਲਾ ੪<br>ਮਹਲਾ ੫ | 6<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 19 | ਰਾਗੁ ਮਾਲੀ ਗਉੜਾ | ਮਹਲਾ ੪ | 6 | ੴ ਸਤਿਨਾਮ ਕਰਤਾ ਪੁਰਖ |

| | | | | |
|---|---|---|---|---|
| | | ਮਹਲਾ ੫<br>ਭਗਤ ਨਾਮਦੇਵ | 5<br>1 | ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 20 | ਰਾਗੁ ਮਾਰੂ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ | 7<br>4<br>6<br>20<br>4<br>2 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 21 | ਰਾਗੁ ਕੇਦਾਰਾ | ਮਹਲਾ ੪<br>ਮਹਲਾ ੫<br>ਭਗਤ ਕਬੀਰ | 1<br>-<br>4 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 22 | ਰਾਗੁ ਭੈਰਉ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਰਵਿਦਾਸ | 7<br>15<br>7<br>50<br>11<br>6<br>2 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 23 | ਰਾਗੁ ਬਸੰਤ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫ | 10<br>18<br>7 | ੴ ਸਤਿਨਾਮ ਕਰਤਾ ਪੁਰਖ<br>ਨਿਰਭਉ ਨਿਰਵੈਰੁ ਅਕਾਲ ਮੂਰਤਿ<br>ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

| | | | | |
|---|---|---|---|---|
| | | ਭਗਤ ਕਬੀਰ<br>ਭਗਤ ਨਾਮਦੇਵ<br>ਭਗਤ ਰਵਿਦਾਸ | 20<br>2<br>1<br>1 | ੴ ਸਤਿਗੁਰ ਪ੍ਰਸਾਦਿ |
| 24 | ਰਾਗੁ ਸਾਰੰਗ | ਮਹਲਾ ੧<br>ਮਹਲਾ ੪<br>ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ | 3<br>4<br>16<br>2<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 25 | ਰਾਗੁ ਮਲਾਰ | ਮਹਲਾ ੧<br>ਮਹਲਾ ੩<br>ਮਹਲਾ ੪<br>ਮਹਲਾ ੫ | 8<br>10<br>7<br>7 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>-<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 26 | ਰਾਗੁ ਕਾਨੜਾ | ਮਹਲਾ ੪<br>ਮਹਲਾ ੫ | 6<br>11 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 27 | ਰਾਗੁ ਕਲਿਆਨ | ਮਹਲਾ ੪<br>ਮਹਲਾ ੫ | 6<br>1 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |
| 28 | ਰਾਗੁ ਪਰਭਾਤੀ | ਮਹਲਾ ੧<br>ਮਹਲਾ ੩<br>ਮਹਲਾ ੪ | 13<br>6 | ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

| | | | | |
|---|---|---|---|---|
| | | ਮਹਲਾ ੫<br>ਭਗਤ ਕਬੀਰ<br>ਭਗਤ ਨਾਮਦੇਵ | 6<br>12<br>3<br>2 | ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ<br>ੴ ਸਤਿਗੁਰ ਪ੍ਰਸਾਦਿ |

**(ਅ) ਬਾਣੀ ਰੂਪ ਚਉਪਦੇ ਵਿਚ ਮੂਲ-ਮੰਤਰ ਦੀ ਵਰਤੋਂ**

**ੴ :** ਮੂਲ ਮੰਤਰ ੴ ਅੰਕਾਰ ਤੋਂ ਅਰੰਭ ਹੁੰਦਾ ਹੈ ਅਤੇ ੴ ਓਮ ਸ਼ਬਦ ਦੁਆਰਾ ਹੋਂਦ ਵਿਚ ਆਇਆ। ਮੂਲ-ਮੰਤਰ ਨੂੰ ੴ ਤੋਂ ਅਰੰਭ ਕਰਨ ਦਾ ਅਸਲ ਕਾਰਨ ਇਹ ਹੈ, ਉਸ ਇਕ ਪਰਮਸੱਤ ਪਰਮਾਤਮਾ ਦੁਆਰਾ ਸਭ ਕੁਝ ਹੋਂਦ ਵਿਚ ਆਇਆ। ਇਹ ਸਾਰੇ ਸਮਾਜ ਦੀ ਏਕਤਾ ਦਾ ਪ੍ਰਤੀਕ ਹੈ। ੴ ਦਾ ਲਫ਼ਜ਼ੀ ਅਰਥ ਪਰਮਾਤਮਾ ਦੇ ਇਕ ਸਰੂਪ ਹੋਣ ਨਾਲ ਸੰਬੰਧਿਤ ਹੈ। ਸਮੁੱਚੇ ਚਉਪਦਿਆਂ ਵਿਚ ਪਰਮਸੱਤਾਂ ਦੇ ਇਕਤਵ (Oneness) ਸਰੂਪ ਦੀ ਵਿਆਖਿਆ ਕਈ ਤਰੀਕਿਆਂ ਨਾਲ ਮਿਲਦੀ ਹੈ। ੴ ਅਜਿਹਾ ਅੰਸ਼ ਹੈ, ਜੋ ਸਭ ਵਿਚ ਵਿਦਮਾਨ ਹੈ। ਓਅੰਕਾਰ ਦੀ ਧੁਨੀ ਦਾ ਰਸ ਸਾਰੇ ਸਮਾਜ ਦੀ ਏਕਤਾ ਦਾ ਪ੍ਰਤੀਕ ਹੈ ਅਤੇ ਇਸ ਹੋਂਦ ਨੂੰ ਏਕਤਾ ਦੇ ਬਿੰਬ ਦੁਆਰਾ ਪ੍ਰਗਟ ਕਰਦਾ ਹੈ। ਇਹ ਬਿੰਬ ਸੰਸਾਰ ਨੂੰ ਸੰਭਾਲਦਾ ਤੇ ਪਾਲਦਾ ਹੈ। ਚਉਪਦਿਆਂ ਵਿਚ ਸਭ ਇਕ ਜੋਤਿ1, ਏਕਮ ਸਿਉ ਲਿਵ ਲਾਇ2, ਏਕਾ ਮਾਟੀ3, ਸਾਹਿਬ ਮੇਰਾ ਏਕੋ ਹੈ4, ਅੰਤਰਿ ਏਕੋ ਬਾਹਰਿ ਏਕੋ5, ਸਭ ਏਕੋ ਇਕੁ ਵਾਰਤਦਾ6, ਇਕਸ ਕਾ ਮਨ ਆਸਰਾ7, ਏਕੋ ਸਚਾ ਸਚੁ8, ਏਕੁ ਧਿਆਈਐ9, ਏਕਸੁ ਬਿਨ ਦਾਤਾ ਏਕੁ10 ਦੀ ਵਿਆਖਿਆ ਵੱਖ-ਵੱਖ ਤਰੀਕਿਆਂ ਨਾਲ ਦ੍ਰਿਸ਼ਟੀਗੋਚਰ ਹੋਈ ਹੈ, ਪਰਮਸੱਤਾ ਇਕ ਹੈ ਤਾਂ ਗੁਰੂ ਸਾਹਿਬ ਨੇ ਉਸੇ ਨੂੰ ਧਿਆਵਨ ਯੋਗ ਕਿਹਾ ਹੈ। ਏਹੀ ਇਕ ਸਾਰੇ ਵਿਸ਼ਵ ਵਿਚ ਪਸਰ ਰਿਹਾ ਹੈ, ਇਹ ਉਸ ਦੀ ਜੋਤ ਦਾ ਪ੍ਰਕਾਸ਼ ਹੈ। ਸਭ ਜੀਵਾਂ ਦੀ ਪਾਲਣਾ ਪਰਮਾਤਮਾ ਆਪ ਕਰ ਰਿਹਾ ਹੈ, ਕਿਉਂਕਿ ਉਹ ਸਰਵ ਵਿਆਪਕ ਹੈ। ਮਨੁੱਖ ਦਾ ਸਭ ਤੋਂ ਵੱਡਾ ਸਹਾਰਾ ਉਹੀ ਹੈ। ਉਸ ਇਕ ਦਾ ਜਾਪ ਸੰਗਤ ਵਿਚ ਰਹਿ ਕੇ ਕਰਨਾ ਚਾਹੀਦਾ ਹੈ। ਸੰਗਤ ਕਰਨ ਨਾਲ ਮਨੁੱਖ ਦੇ ਗਿਆਨ ਵਿਚ ਵਾਧਾ ਹੁੰਦਾ ਹੈ ਅਤੇ ਕਿਸੇ ਦੂਜੇ ਦਾ ਪ੍ਰਭਾਵ ਮਨ ਤੇ ਹਾਵੀ ਨਹੀਂ ਹੁੰਦਾ!

1. ਸਭ **ਇਕਾ** ਜੋਤਿ ਵਰਤੈ ਭਿਨਿ, ਭਿਨਿ ਨ ਰਲਈ ਕਿਸੈ ਦੀ ਰਲਈਆ॥ (ਗੁ. ਗ੍ਰੰ. 96)

2. ਅੰਤਰਿ ਜੋਤਿ ਪ੍ਰਗਾਸੀਆ **ਏਕਸੁ** ਸਿਉ ਲਿਵ ਲਾਇ॥ (ਗੁ. ਗ੍ਰੰ. 46)

3. ਏਕਾ ਮਾਟੀ **ਏਕਾ** ਜੋਤਿ॥ (ਗੁ. ਗ੍ਰੰ. 188)

4. ਸਾਹਿਬ ਮੇਰਾ **ਏਕੋ** ਹੈ॥ (ਗੁ. ਗ੍ਰੰ. 350)

5. ਅੰਤਰਿ **ਏਕੋ** ਬਾਹਰਿ ਏਕੋ ਸਭ ਮਹਿ ਏਕੁ ਸਮਾਈਐ॥ (ਗੁ. ਗ੍ਰੰ. 528)

6. ਸਭ ਏਕੋ **ਇਕੁ** ਵਰਤਦਾ ਅਲਖੁ ਨ ਲਖਿਆ ਜਾਇ॥ (ਗੁ. ਗ੍ਰੰ. 37)

7. ਇਕਸ ਕਾ ਮਨਿ ਆਸਰਾ **ਇਕੋ** ਪ੍ਰਾਣ ਆਧਾਰੁ॥ (ਗੁ. ਗ੍ਰੰ. 45)

8. **ਏਕ**ੋ ਸਚਾ ਸਚੁ ਤੂ ਕੇਵਲ ਆਪਿ ਮੁਰਾਰੀ॥ (ਗੁ. ਗ੍ਰੰ. 599)

9. **ਏਕਸੁ** ਬਿਨ ਮੈ ਅਵਰ ਨ ਜਾਨਾ ਸਤਿਗੁਰਿ ਦੀਆ ਬੁਝਾਈ॥ (ਗੁ. ਗ੍ਰੰ. 1260)

10. ਸਭਨਾ ਦਾਤਾ **ਏਕ** ਹੈ ਦੂਜਾ ਨਾਹੀ ਕੋਇ॥ (ਗੁ. ਗ੍ਰੰ. 45)

**ਸਤਿਨਾਮ**ੁ**:** ਸਤਿਨਾਮੁ ਸ਼ਬਦ ਸਤਿ ਅਤੇ ਨਾਮੁ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। 'ਸਤਿ ਸੰਸਕ੍ਰਿਤ ਦੇ ਸਤਯ ਸ਼ਬਦ ਦੁਆਰਾ ਹੋਂਦ ਵਿਚ ਆਇਆ'6 ਅਤੇ ਨਾਮ ਦਾ ਅਰਥ ਸਚ ਮੁੱਚ ਅਤੇ ਵਾਸਤਵ ਹੈ।7 ਇਸ ਪ੍ਰਕਾਰ ਸਤਿਨਾਮੁ ਦਾ ਅਰਥ ਪਰਮਾਤਮਾ ਦੇ ਨਾਮ ਦੀ ਹੋਂਦ ਤੋਂ ਹੈ। ਚਉਪਦਿਆਂ ਵਿਚ ਨਾਨਕ ਜੀਵੈ ਨਾਮੁ ਲੈ1, ਸਚੁ ਨਾਮੁ ਗੁਣਤਾਸ2, ਸਚਾ ਨਾਮੁ ਸਮਾਲਿ3, ਸਾਚੁ ਨਾਮਿ ਦੇ ਰਾਸਿ4, ਅੰਤਰਿ ਨਾਮੁ ਪਰਗਾਸਿ5, ਬਾਣੀ ਸਦਾ ਸਚੁ ਹੈ6, ਸਚੁ ਵਖਰੁ ਧਨੁ ਨਾਮੁ7, ਸਦਾ ਹਰਿ ਨਾਮਿ ਸਮਾਇ8 ਦੀ ਵਿਆਖਿਆ ਕਈ ਢੰਗਾਂ ਨਾਲ ਪੇਸ਼ ਹੋਈ ਹੈ। ਇਹ ਨਾਮ ਮਨੁੱਖ ਨੂੰ ਪਵਿਤਰਤਾ ਬਖਸ਼ਦਾ ਹੈ। ਅਜਿਹੇ ਪ੍ਰਾਣੀ ਹਮੇਸ਼ਾ ਸੱਚੇ ਨਾਮ ਦਾ ਜਾਪ ਕਰਦੇ ਹਨ। ਉਹਨਾਂ ਦੀ ਰਸਨਾ ਇਸ ਜਾਪ ਦੁਆਰਾ ਆਪਣੇ ਅੰਦਰ ਪ੍ਰਕਾਸ਼ ਪੈਦਾ ਕਰ ਲੈਂਦੀ ਹੈ। ਇਸ ਪ੍ਰਕਾਰ ਉਹ ਨਾਮ ਦੀ ਪ੍ਰਾਪਤੀ ਕਰ ਲੈਂਦੇ ਹਨ ਅਤੇ ਸੰਸਾਰਕ ਮੋਹ ਤੋਂ ਉਪਰਾਮ ਹੋ ਕੇ ਸਥਿਰਤਾ ਦੀ ਅਵਸਥਾ ਦੁਆਰਾ ਆਤਮਿਕ ਅਨੰਦ ਦੀ ਪ੍ਰਾਪਤੀ ਕਰਦੇ ਹਨ। ਮਨੁੱਖ ਨੂੰ ਇਸ ਨਾਮ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਵਿਚ ਜਾ ਕੇ ਹੁੰਦੀ ਹੈ।

1. ਜਨ ਨਾਨਕ ਜੀਵੈ **ਨਾਮ**ੁ ਲੈ ਹਰਿ ਦੇਵਹੁ ਸਹਜਿ ਸੁਭਾਇ॥ (ਗੁ. ਗ੍ਰੰ. 26)

2. ਨਾਨਕ ਨਦਰੀ ਪਾਈਐ **ਸਚੁ ਨਾਮੁ** ਗੁਣਤਾਸ॥ (ਗੁ. ਗ੍ਰੰ. 26)

3. ਨਾਨਕ ਗੁਰਮਤਿ ਉਬਰੇ **ਸਚਾ ਨਾਮ**ੁ ਸਮਾਲਿ॥ (ਗੁ. ਗ੍ਰੰ. 84)

4. ਪੂਰਬਿ ਲਿਖੇ ਪਾਵਣੇ **ਸਾਚੁ ਨਾਮ**ੁ ਦੇ ਰਾਸਿ॥ (ਗੁ. ਗ੍ਰੰ. 52)

5. ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ **ਨਾਮ**ੁ ਪਰਗਾਸਿ॥ (ਗੁ. ਗ੍ਰੰ. 41)

6. ਨਾਨਕ ਤਿਨ ਕੀ ਬਾਣੀ ਸਦਾ **ਸਚੁ** ਹੈ ਜਿ **ਨਾਮਿ** ਰਹੈ ਲਿਵ ਲਾਇ॥ (ਗੁ. ਗ੍ਰੰ. 27)

7. ਸਚੁ ਵਖਰੁ ਧਨ **ਨਾਮੁ ਹ**ੈ ਘਟਿ ਘਟਿ ਗਹਿਰ ਗੰਭੀਰੁ॥ (ਗੁ. ਗ੍ਰੰ. 22)

8. ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ **ਨਾਮਿ** ਸਮਾਇ॥ (ਗੁ. ਗ੍ਰੰ. 28)

**ਕਰਤਾ ਪੁਰਖ**ੁ : ਕਰਤਾ ਪੁਰਖੁ ਨੂੰ ਸੰਸਾਰ ਦੀ ਸਿਰਜਣਾ ਕਰਨ ਵਾਲਾ ਕਿਹਾ ਗਿਆ ਹੈ। 'ਪੁਰਖ ਸ਼ਬਦ ਪੁਰ+ਕੁਸ਼ਨ ਦੁਆਰਾ ਹੋਂਦ ਵਿਚ ਆਇਆ ਹੈ। ਪੁਰਖ ਨੂੰ ਮਨੁੱਖ ਜਾਂ ਆਤਮਾ ਵੀ ਕਿਹਾ ਜਾਂਦਾ ਹੈ।'8 ਇਸ ਵਾਸਤੇ ਜਦੋਂ ਇਕਲਾ ਕਰਤਾ ਸ਼ਬਦ ਨੂੰ ਲਿਆ ਜਾਂਦਾ, ਇਸ ਦਾ ਭਾਵ ਕਰਨ ਵਾਲਾ, ਕਰਤਾ ਸਾਰਥਕ ਅਰਥਾਂ ਦਾ ਧਾਰਨੀ ਪੁਰਖ ਸ਼ਬਦ ਦੇ ਸੁਮੇਲ ਨਾਲ ਬਣਦਾ ਹੈ, ਕਿਉਂ ਕਿ ਕਰਤਾ ਨੇ ਆਪਣੇ ਅੰਸ਼ ਦੁਆਰਾ ਹਰ ਇਕ ਨੂੰ ਚੇਤੰਨਤਾ ਬਖਸ਼ ਕੇ ਪੁਰਖ ਬਣਾਇਆ। ਇਸ ਪ੍ਰਕਾਰ ਸ੍ਰਿਸ਼ਟੀ ਦੀ ਸਿਰਜਣਾ ਵਿਚ ਆਤਮਾਵਾਂ ਭਾਵ ਜੀਵਾਂ ਦਾ ਆਗਮਨ ਕਰਤਾ ਪੁਰਖ ਦੀ ਮਿਹਰ ਨਾਲ ਪਨਪਿਆ ਹੈ। ਉਹ ਜੀਵਾਂ ਵਿਚ ਆਪ ਰਮਿਆ ਹੈ। ਇਸ ਪ੍ਰਕਾਰ ਪਰਮਾਤਮਾ ਆਪਣੇ ਆਪ ਸਭ ਵਿਚ ਸਮਾ ਕੇ ਆਪ ਹੀ ਪੁਰਖ ਬਣਦਾ ਭਾਵ ਹਰ ਥਾਂ ਵਿਦਮਾਨ ਹੈ। ਚਉਪਦਿਆਂ ਵਿਚ ਮਿਲਿਆ ਸੁਖ ਸੁਜਾਣ1, ਤੁਮ ਵਡ ਪੁਰਖ ਵਡੋਲੀ2, ਕਰਿ ਸੇਵਾ ਸਤਪੁਰਖੁ3, ਦਇਆਲ ਪੁਰਖ4, ਪੁਰਖੈ ਪੁਰਖ ਮਿਲਿਆ5, ਹਿਰਦੈ ਵਸਿਆ ਹਰਿ ਪੁਰਖ6, ਆਦਿ ਪੁਰਖ ਪ੍ਰਭ7, ਪ੍ਰਭ ਪੁਰਖ ਬਿਪਾਤੇ8, ਵਡ ਪੁਰਖ ਬਡ ਅਗਮ ਅਗੋਚਰ9, ਆਦਿ ਪੁਰਖੁ10, ਆਦਿ ਤੁਕਾਂ ਕਈ ਢੰਗਾਂ ਨਾਲ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਅਕਾਲ ਪੁਰਖ ਦਾ ਅਸਲ ਵਾਸ ਸਾਧ ਸੰਗਤ ਵਿਚ ਹੈ। ਸਮਾਜ ਦੇ ਹਰ ਪ੍ਰਾਣੀ ਨੂੰ ਸੰਗਤ ਵਿਚ ਬੈਠ ਕੇ ਜਾਪ ਕਰਕੇ ਸ਼ਾਂਤੀ ਤੇ ਸੂਝ ਦਾ ਅਹਿਸਾਸ ਹੁੰਦਾ ਹੈ। ਇਸ ਵਾਸਤੇ ਗੁਰੂ ਦੀ ਸ਼ਰਨ ਵਿਚ ਜਾਣਾ ਚਾਹੀਦਾ ਹੈ। ਮਨੁੱਖ ਨੂੰ ਗੁਰੂ ਦੀ ਪ੍ਰਾਪਤੀ ਬਾਣੀ ਦੁਆਰਾ ਹੁੰਦੀ ਹੈ। ਕੇਵਲ ਮਨੁੱਖ ਹੀ ਇਹ ਬਖਸ਼ਸ਼ ਪ੍ਰਾਪਤ ਕਰ ਸਕਦਾ ਹੈ। ਬਾਣੀ ਦੁਆਰਾ ਜਾਪ ਦੀ ਸਿੱਖਿਆ ਨਾਲ ਮਨੁੱਖ ਹਰ ਕਾਰਜ ਤੋਂ ਸਫਲਤਾ ਹਾਸਲ ਕਰਦਾ ਹੈ।

1. ਜਿਸ ਤੇ ਸੋਝੀ ਮਨ ਪਈ ਮਿਲਿਆ **ਪੁਰਖ** ਸੁਜਾਣ॥ (ਗੁ. ਗ੍ਰੰ. 325)

2. ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤ ਤੁਮ ਵਡ **ਪੁਰਖ** ਵਡੋਲ॥ (ਗੁ. ਗ੍ਰੰ. 93)

3. ਕਰਿ ਸੇਵਾ **ਸਤਪੁਰਖ** ਮਨਾਇਆ॥ (ਗੁ. ਗ੍ਰੰ. 128)

4. **ਦਇਆਲ ਪੁਰਖ** ਮੇਰੇ ਪ੍ਰਭ ਦਾਤੇ॥ (ਗੁ. ਗ੍ਰੰ. 340)

5. **ਪੁਰਖੈ ਪੁਰਖ** ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ॥ (ਗੁ. ਗ੍ਰੰ. 607)

6. ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ **ਹਰਿ ਪੁਰਖ**ੁ ਭਗਵਾਨੁ॥ (ਗੁ. ਗ੍ਰੰ. 734)

7. ਆਦਿ **ਪੁਰਖ** ਪ੍ਰਭੁ ਪਾਇਆ॥ (ਗੁ. ਗ੍ਰੰ. 625)

8. **ਏਕੋਪੁਰਖ** ਏਕ ਪ੍ਰਭ ਜਾਤਾ ਦੂਜਾ ਅਵਰ ਨ ਕੋਈ॥ (ਗੁ. ਗ੍ਰੰ. 1259)

9. ਤੁਮ **ਵਡਪੁਰਖ** ਬਡ ਅਗਮ ਅਗੋਚਰ ਹਮ ਢੂਢਿ ਰਹੇ ਪਾਈ ਨਹੀ ਹਾਥ॥ (ਗੁ. ਗ੍ਰੰ. 1296)

10. **ਆਦਿ ਪੁਰਖੁ** ਨਿਰੰਜਨ ਦੇਉ॥ (ਗੁ. ਗ੍ਰੰ. 1129)

**ਨਿਰਭਉ:** ਨਿਰਭਉ ਦਾ ਅਰਥ ਹੈ, ਜਿਸ ਨੂੰ ਕਿਸੇ ਦਾ ਡਰ ਨਹੀਂ। ਡਰ ਦਾ ਕਾਰਨ ਅੰਤ ਹੋਣ ਨਾਲ ਹੁੰਦਾ ਹੈ। ਅਜਿਹਾ ਡਰ ਪ੍ਰਕਿਰਤਿਕ ਸ਼ਕਤੀਆਂ ਤੋਂ ਵੀ ਹੋ ਸਕਦਾ ਹੈ। ਇਥੇ ਨਿਰਭਉ ਅਕਾਲ ਪੁਰਖ ਨੂੰ ਕਿਹਾ ਗਿਆ ਹੈ, ਜੋ ਸਭ ਡਰਾਂ ਤੋਂ ਨਿਰਭੈ ਹੈ। ਉਹ ਨਿਰਭੈ (ਪਰਮਸੱਤ) ਸਾਰੀਆਂ ਚਿੰਤਾਵਾਂ ਤੋਂ ਅਵੇਸਲਾ ਹੋ ਕੇ ਸੰਸਾਰ ਦੀ ਪਾਲਣਾ ਕਰ ਰਿਹਾ ਹੈ। ਚਉਪਦਿਆਂ ਵਿਚ ਨਿਰਭਉ ਨਾਮੁ ਜਪਉ1, ਨਿਰਭਉ ਦਾਤਾ2, ਨਿਰਭਉ ਹਰਿ ਨਾਮ3, ਨਿਰਭਏ ਭਏ4, ਨਿਰਭਉ ਭਏ ਗੁਰ ਚਰਣੀ5, ਰਗ ਨਿਰਭਉ6, ਭਉ ਭਾਗਾ ਨਿਰਭਉ7, ਨਿਰਭਉ ਸੁਖਦਾਤਾ8, ਸੇ ਨਿਰਭਉ9, ਨਿਹ ਕੇਵਲ ਨਿਰਭਉ10, ਨਿਰਭੈ ਹੋਇ ਭਜੀਐ11, ਦੀ ਵਿਆਖਿਆ ਕਈ ਢੰਗਾਂ ਨਾਲ ਕੀਤੀ ਗਈ ਹੈ। ਨਾਮ ਮਨੁੱਖ ਨੂੰ ਭੈਅ ਤੋਂ ਬਚਾਉਂਦਾ ਹੈ। ਇਸ ਦਾ ਜਾਪ ਰਸਨਾ ਦੁਆਰਾ ਕਰਨ ਨਾਲ ਮਨੁੱਖ ਭੈਅ ਰਹਿਤ ਹੁੰਦਾ ਹੈ। ਨਾਮ ਮਨੁੱਖ ਵਿਚ ਅਜਿਹੀ ਸ਼ਕਤੀ ਪੈਦਾ ਕਰ ਦਿੰਦਾ ਹੈ। ਜਿਸ ਨਾਲ ਮਨੁੱਖ ਸਮਾਜ ਦੀਆਂ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਦਾ ਹੈ। ਅਜਿਹੇ ਮਨੁੱਖ ਸੰਸਾਰਕ ਵਿਕਾਰਾਂ ਤੋਂ ਬਚੇ ਰਹਿੰਦੇ ਹਨ। ਪਰਮ ਪੁਰਖ ਪਰਮਾਤਮਾ ਮਨੁੱਖ ਨੂੰ ਰਜ਼ਾ ਵਿਚ ਰਹਿਣ ਦੀ ਸ਼ਕਤੀ ਬਖ਼ਸ਼ਦਾ ਹੈ। ਅਜਿਹੀਆਂ ਸ਼ਖ਼ਸੀਅਤਾਂ ਦੇ ਮਨ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ। ਇਸ ਵਾਸਤੇ ਗੁਰੂ ਦੀ ਸ਼ਰਨ ਦੀ ਜ਼ਰੂਰਤ ਹੈ। ਮਨੁੱਖਤਾ ਨੂੰ ਭੈਅ ਰਹਿਤ ਕਰਨ ਵਾਲਾ ਗੁਰੂ ਹੈ।

1. **ਨਿਰਭਉ ਨਾਮੁ** ਜਪਉ ਤੇਰਾ ਰਸਨਾ॥ (ਗੁ. ਗ੍ਰੰ. 181)

2. **ਨਿਰਭਉ** ਦਾਤਾ ਸਦਾ ਮਨ ਹੋਇ॥ (ਗੁ. ਗ੍ਰੰ. 361)

3. ਇਸ ਜੁਗ ਮਹਿ **ਨਿਰਭਉ** ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ॥ (ਗੁ. ਗ੍ਰੰ. 365)

4. **ਨਿਰਭਉ ਭਏ** ਸਗਲ ਭਉ ਮਿਟਿਆ ਰਾਖੇ ਰਾਖਨਹਾਰੇ॥ (ਗੁ. ਗ੍ਰੰ. 383)

5. **ਨਿਰਭਉ** ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ॥ (ਗੁ. ਗ੍ਰੰ. 609)

6. ਨਾਮੇ ਹੀ ਹਮ **ਨਿਰਭਉ** ਭਏ॥ (ਗੁ. ਗ੍ਰੰ. 863)

7. ਭਉ ਭਾਗਾ **ਨਿਰਭਉ** ਮਨਿ ਬਸੈ॥ (ਗੁ. ਗ੍ਰੰ. 893)

8. ਜਿਲਿ ਸੇਵਿਆ **ਨਿਰਭਉ** ਸੁਖਦਾਤਾ॥ (ਗੁ. ਗ੍ਰੰ. 1139)

9. ਸੋ **ਨਿਰਭਉ** ਜਿਨ ਭਉ ਪਇਆ॥ (ਗੁ. ਗ੍ਰੰ. 1180)

10. ਨਿਰਾਲੰਬ, ਨਿਰਹਾਰ, ਨਿਹਕੇਵਲ, **ਨਿਰਭਉ** ਤਾੜੀ ਲਾਵੈ॥ (ਗੁ. ਗ੍ਰੰ. 1332)

11. ਭੈ ਬਿਨਸੇ **ਨਿਰਭੈ** ਪਦ ਪਾਇ॥ (ਗੁ. ਗ੍ਰੰ. 1184)

12. **ਨਿਰਭੈ** ਹੋਇ ਭਜੀਐ ਭਗਵਾਨ॥ (ਗੁ. ਗ੍ਰੰ. 1252)

**ਨਿਰਵੈਰ:** ਨਿਰਵੈਰ ਦਾ ਅਰਥ ਹੈ ਅਕਾਲ ਪੁਰਖ ਦਾ ਕਿਸੇ ਨਾਲ ਕੋਈ ਵੈਰ ਨਹੀ, ਕਿਉਂਕਿ ਉਹ ਇਕ ਹੈ। ਉਸ ਦਾ ਕੋਈ ਵੈਰੀ ਦੁਸ਼ਮਣ ਨਹੀਂ। ਇਸ ਦਾ ਕਾਰਨ ਉਸ ਦੀ ਸਰਬ ਵਿਆਪਕਤਾ ਨੂੰ ਕਿਹਾ ਜਾ ਸਕਦਾ ਹੈ। ਚਉਪਦਿਆਂ ਵਿਚ ਨਿਰਵੈਰ ਅਥਾਹ1, ਨਿਰਵੈਰੁ ਸੰਤ2, ਨਿਰੰਕਾਰ ਨਿਰਵੈਰੁ ਪੂਰਨ3, ਨਿਰਵੈਰ ਪੁਰਖ4, ਭਗਤ ਨਿਰਵੈਰ5, ਨਿਰਵੈਰੇ ਸੰਗਿ6, ਛੋਡਹੁ ਕਪਣੁ ਹੋਇ ਨਿਰਵੈਰਾ7 ਆਦਿ ਤੁਕਾਂ ਦੀ ਵਿਆਖਿਆ ਕਈ ਢੰਗਾਂ ਨਾਲ ਪੇਸ਼ ਕੀਤੀ ਗਈ ਹੈ। ਨਿਰਵੈਰ ਅਕਾਲ ਪੁਰਖ ਦਾ ਕੋਈ ਇਕ ਸਥਾਨ ਨਹੀਂ ਹੈ। ਉਹ ਸਾਰੀ ਪ੍ਰਕ੍ਰਿਤੀ ਵਿਚ ਰਮਿਆ ਹੋਇਆ ਹੈ। ਉਸ ਦਾ ਜਾਪ ਕਰਨ ਵਾਲਿਆਂ ਦਾ ਸਮਾਜ ਦੇ ਕਿਸੇ ਪ੍ਰਾਣੀ ਨਾਲ ਕੋਈ ਵੈਰ ਨਹੀਂ ਹੁੰਦਾ, ਕਿਉਂਕਿ ਉਹ ਕਿਸੇ ਨਾਲ ਧੋਖਾ ਫਰੇਬ ਨਹੀਂ ਕਰ ਸਕਦੇ। ਅਜਿਹੇ ਪ੍ਰਾਣੀ ਨਾਲ ਵੈਰ ਕਰਨ ਵਾਲਾ ਕਦੀ ਸਫਲਤਾ ਹਾਸਲ ਨਹੀਂ ਕਰ ਸਕਦਾ। ਇਸ ਦਾ ਕਾਰਨ ਇਹ ਹੈ ਕਿ ਅਕਾਲ ਪੁਰਖ ਹਮੇਸ਼ਾ ਆਪਣੇ ਭਗਤਾਂ ਦੇ ਨਾਲ ਰਹਿੰਦਾ ਹੈ। ਇਸ ਵਾਸਤੇ ਸਮਾਜ ਦੇ ਹਰ ਵਰਗ ਨੂੰ ਈਰਖਾ, ਲੜਾਈ, ਝਗੜੇ ਤੋਂ ਨਿਰਲੇਪ ਹੋ ਕੇ ਸਾਂਝ ਅਤੇ ਭਾਈਚਾਰੇ ਨਾਲ ਰਹਿਣਾ ਚਾਹੀਦਾ ਹੈ। ਇਸ ਸਿਧਾਂਤ ਨੂੰ ਜੀਵਨ ਵਿਚ ਅਪਨਾਉਣਾ ਚਾਹੀਦਾ ਹੈ।

1. ਨਿਰਭਉ **ਨਿਰਵੈਰ** ਅਥਾਹ ਅਤੋਲੇ॥ (ਗੁ. ਗ੍ਰੰ. 99)

2. ਤੂੰ **ਨਿਰਵੈਰੁ** ਸੰਤ ਤੇਰੇ ਨਿਰਮਲ॥ (ਗੁ. ਗ੍ਰੰ. 108)

3. ਨਿਰਭਉ ਨਿਰੰਕਾਰੁ **ਨਿਰਵੈਰੁ** ਪੂਰਨ ਜੋਤ ਸਮਾਈ॥ (ਗੁ. ਗ੍ਰੰ. 596)

4. **ਨਿਰਵੈਰ** ਪੁਰਖ ਸਤਿਗੁਰ ਪ੍ਰਭ ਦਾਤੈ॥ (ਗੁ. ਗ੍ਰੰ. 1141)

5. ਪਾਰਬ੍ਰਹਮ ਕੇ ਭਗਤ **ਨਿਰਵੈਰ**॥ (ਗੁ. ਗ੍ਰੰ. 1141)

6. **ਨਿਰਵੈਰੈ** ਸੰਗਿ ਵੈਰੁ ਰਚਾਵੇ ਹਰਿ ਦਰਗਹ ਓਹੁ ਹਾਰੈ॥ (ਗੁ. ਗ੍ਰੰ. 1217)

7. ਛੋਡਹੁ ਕਪਟੁ ਹੋਇ **ਨਿਰਵੈਰਾ** ਸੋ ਪ੍ਰਭੁ ਸੰਗਿ ਨਿਹਾਰੇ॥ (ਗੁ. ਗ੍ਰੰ. 1220)

**ਅਕਾਲ ਮੂਰਤਿ:** ਅਕਾਲ ਮੂਰਤਿ ਭਾਵ ਮੌਤ ਦੇ ਭੈਅ ਤੋਂ ਬਿਨਾਂ ਮੂਰਤ, ਜੋ ਅਕਾਰ ਅਤੇ ਮੌਤ ਤੋਂ ਉਪਰ ਹੈ। ਅਕਾਲ ਤੇ ਮੂਰਤਿ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਅਕਾਲ ਦਾ ਅਰਥ ਜੋ ਨਿਸ਼ਚਿਤ ਸਮੇਂ ਦੀ ਮਿਆਦ ਵਿਚ ਨਾ ਹੋਵੇ। 'ਮੂਰਤਿ ਦਾ ਅਰਥ ਸਰੂਪ ਹੈ।'9 ਮੂਰਤਿ ਸ਼ਬਦ ਸੰਸਕ੍ਰਿਤ ਦਾ ਹੈ। ਮੂਰਤਿ ਸ਼ਬਦ ਮੂਰਤੀ ਪੂਜਾ ਦਾ ਖੰਡਨ ਵੀ ਕਰਦਾ ਹੈ। ਇਥੇ ਅਕਾਲ ਮੂਰਤਿ ਸ਼ਬਦ ਪਰਮਾਤਮਾ ਲਈ ਹੈ, ਜਿਸ ਦਾ ਕੋਈ ਰੂਪ ਨਹੀਂ, ਬਲਕਿ ਸੰਸਾਰ ਦੇ ਹਰ ਜੀਵ ਵਿਚ ਵਸਿਆ ਹੋਇਆ ਹੈ। ਸੰਸਾਰ ਦੇ ਪਸਾਰੇ ਸਰਗੁਣ ਸਰੂਪ ਵਿਚ ਉਹ ਰਮਿਆ ਹੋਇਆ ਹੈ। ਚਉਪਦਿਆਂ ਵਿਚ ਅਕਾਲ ਮੂਰਤਿ ਗੁਰਦੇਵ1, ਨਿਰਵੈਰ ਅਕਾਲ ਮੂਰਤਿ2, ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ3, ਸਫਲ ਮੂਰਤਿ ਉਮਗਿ4, ਸਤਿ ਪੁਰਖ ਅਕਾਲ ਮੂਰਤਿ5, ਸੀਤਲਾ ਸੁਖ ਸਾਂਤਿ ਮੂਰਤਿ6 ਆਦਿ ਤੁਕਾਂ ਨੂੰ ਵੱਖ-ਵੱਖ ਢੰਗਾਂ ਨਾਲ ਇਸ ਦੀ ਵਿਆਖਿਆ ਨੂੰ ਪੇਸ਼ ਕੀਤਾ ਗਿਆ ਹੈ। ਅਕਾਲ ਮੂਰਤਿ ਪਰਮਾਤਮਾ ਦਾ ਨਿਰਗੁਣ ਸਰੂਪ ਹੈ, ਜੋ ਕਿ ਸਾਧ-ਸੰਗਤ ਵਿਚ ਪ੍ਰਕਾਸ਼ਮਾਨ ਹੁੰਦਾ ਹੈ। ਇਸ ਦੀ ਪ੍ਰਾਪਤੀ ਕਰਨ ਵਾਸਤੇ ਸਾਧ ਸੰਗਤ ਕਰਨੀ ਚਾਹੀਦੀ ਹੈ। ਸੰਗਤ ਵਿਚ ਜਾ ਕੇ ਮਨ ਗੁਰੂ ਦੇ ਹਵਾਲੇ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਮਨੁੱਖ ਦੀਆਂ ਸਾਰੀਆਂ ਆਸਾਂ ਉਮੀਦਾਂ ਪੂਰੀਆਂ ਹੁੰਦੀਆਂ ਹਨ ਤੇ ਸਿੱਖ ਦਾ ਗੁਰੂ ਤੇ ਵਿਸ਼ਵਾਸ ਬਣਦਾ ਹੈ।

1. ਕਰਿ ਪੂਜਾ ਹੋਮਿ ਇਹੁ ਮਨੂਆ **ਅਕਾਲ ਮੂਰਤਿ** ਗੁਰਦੇਵਾ॥ (ਗੁ. ਗ੍ਰੰ. 618)
2. ਨਿਰਵੈਰ **ਅਕਾਲ ਮੂਰਤਿ**॥ (ਗੁ. ਗ੍ਰੰ. 1201)
3. **ਅਕਾਲ ਮੂਰਤਿ** ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥ (ਗੁ. ਗ੍ਰੰ. 1208)
4. ਆਸ ਪਿਆਸ **ਸਫਲ ਮੂਰਤਿ** ਉਮਗਿ ਹੀਉ ਤਰਸਨਾ ॥ (ਗੁ. ਗ੍ਰੰ. 1305)
5. ਸਤਿ ਪੁਰਖ **ਅਕਾਲ ਮੂਰਤਿ** ਰਿਦ ਧਾਰਹੁ ਧਿਆਨ॥ (ਗੁ. ਗ੍ਰੰ. 112)
6. ਸੀਤਲਾ ਸੁਖ **ਸਾਂਤਿ ਮੂਰਤਿ** ਸਿਮਰਿ ਸਿਮਰਿ ਨਿਤ ਧਿਆਇ॥ (ਗੁ. ਗ੍ਰੰ. 1300)

**ਅਜੂਨੀ:** ਅਜੂਨੀ ਦਾ ਅਰਥ ਹੈ, ਜੋ ਜੂਨਾਂ ਦੇ ਗੇੜ ਵਿਚ ਨਹੀਂ ਆਉਂਦਾ, ਪਰਮ ਸੱਤਾ ਬ੍ਰਹਮ ਸਰਵ ਗੁਣ ਸੰਪਨ ਹੈ। ਇਹ ਦਰਜਾ ਕੇਵਲ ਉਸੇ ਨੂੰ ਪ੍ਰਾਪਤ ਹੈ, ਕਿਉਂ ਕਿ ਉਹ ਕੇਵਲ ਸਰਬ ਸ੍ਰੇਸ਼ਟ ਵਾਹਿਗੁਰੂ ਹੈ। ਉਹ ਅਕਾਲ ਪੁਰਖ ਹੈ। ਚਉਪਦਿਆਂ ਦੀਆਂ ਤੁਕਾਂ ਵਿਚ ਅਜੂਨੀ ਸ਼ਬਦ ਦਾ ਸੰਕੇਤ ਬਹੁਤ ਸੰਖੇਪ ਰੂਪ ਵਿਚ ਮਿਲਦਾ ਹੈ। ਚਉਪਦਿਆਂ ਵਿਚ ਅਗਮ ਅਜੋਨੀ1, ਸੋ ਬ੍ਰਹਮ ਅਜੋਨੀ2 ਆਦਿ ਤੁਕਾਂ ਦੀ ਵਿਆਖਿਆ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਅਪਹੁੰਚ ਪ੍ਰਭੂ ਦੇ ਗੁਣਾਂ ਦੀ ਕੀਮਤ ਨਹੀਂ ਪਾਈ ਜਾ

ਸਕਦੀ, ਕਿਉਂ ਕਿ ਜਿਸ ਦਾ ਕੋਈ ਨਹੀਂ ਹੁੰਦਾ ਪਰਮਾਤਮਾ ਉਸ ਨੂੰ ਵੀ ਆਪਣੀ ਸ਼ਰਨ ਵਿਚ ਲੈ ਲੈਂਦਾ ਹੈ ਭਾਵ ਉਸ ਦਾ ਕੋਈ ਸਹਾਈ ਬਣਾ ਦਿੰਦਾ ਹੈ। ਉਹ ਸੁਕੇ ਬੂਟਿਆਂ ਨੂੰ ਹਰੇ ਕਰ ਸਕਦਾ ਹੈ। ਉਹ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਹਮੇਸ਼ਾ ਮਨੁੱਖਾਂ ਦੇ ਅੰਗ ਸੰਗ ਰਹਿੰਦਾ ਹੈ ਅਤੇ ਜੂਨਾਂ ਦੇ ਬੰਧਨ ਤੋਂ ਰਹਿਤ ਹੈ। ਹਰ ਪ੍ਰਾਣੀ ਨੂੰ ਪਰਮਾਤਮਾ ਦੀ ਹੋਂਦ ਆਪਣੇ ਹਿਰਦੇ ਵਿਚ ਮਹਿਸੂਸ ਕਰਨੀ ਚਾਹੀਦੀ ਹੈ।

1. ਅਲਖ ਨ ਲਖੀਐ ਅਗਮੁ **ਅਜੋਨੀ** ਤੂੰ ਨਾਥਾਂ ਨਾਥਣ ਹਾਰਾ॥ (ਗੁ. ਗ੍ਰੰ. 1255)

2. ਸੋ ਬ੍ਰਹਮ **ਅਜੋਨੀ** ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ॥ (ਗੁ. ਗ੍ਰੰ. 597)

**ਸੈਭੰ :** ਸੈਭੰ ਦਾ ਅਰਥ ਹੈ, ਜੋ ਆਪਣੇ ਆਪ ਤੋਂ ਪੈਦਾ ਹੋਇਆ ਹੋਵੇ, ਜਿਸ ਦਾ ਪ੍ਰਕਾਸ਼ ਸਾਰੇ ਸੰਸਾਰ ਨੂੰ ਚਾਨਣਾ ਬਖਸ਼ਦਾ ਹੈ। ਇਹ ਬ੍ਰਹਮ ਹੈ ਅਤੇ ਇਸ ਦਾ ਆਪਣਾ ਪ੍ਰਕਾਸ਼ ਹੈ। ਇਸ ਦਾ ਪ੍ਰਕਾਸ਼ ਸਾਰੀਆਂ ਪ੍ਰਕਿਰਤਕ ਵਸਤਾਂ ਨੂੰ ਆਪਣੇ ਪ੍ਰਕਾਸ਼ ਨਾਲ ਸੰਭਾਲਦਾ ਹੈ। ਸੂਰਜ, ਚੰਨ, ਤਾਰੇ ਉਸ ਦੇ ਪ੍ਰਕਾਸ਼ ਦਾ ਸਰੂਪ ਹਨ। ਚਉਪਦਿਆਂ ਵਿਚ ਸੈਭੰ ਸ਼ਬਦ ਦਾ ਸੰਕੇਤ ਕੇਵਲ ਦੋ ਤੁਕਾਂ ਵਿਚ ਮਿਲਦਾ ਹੈ। ਇਹ ਸ਼ਬਦ ਅਕਾਲ ਮੂਰਤਿ ਅਜੂਨੀ ਸੈਭੰ1, ਜਾਤਿ ਅਜਾਤਿ ਅਜੋਨੀ ਸੰਭਉ2 ਦੇ ਰੂਪ ਵਿਚ ਅੰਕਿਤ ਹੈ। ਅਕਾਲ ਪੁਰਖ ਦਾ ਪ੍ਰਕਾਸ਼ ਮਨੁੱਖ ਨੂੰ ਨਿਰਭੈ ਬਣਾ ਕੇ ਦੁਨਿਆਵੀ ਮੋਹ ਤੋਂ ਬਚਾਉਂਦਾ ਹੈ। ਮਨੁੱਖ ਵਿਚ ਇਹ ਗੁਣ ਨਾਮ ਨੂੰ ਸਿਮਰ ਸਿਮਰ ਕੇ ਹੀ ਪੈਦਾ ਹੋ ਸਕਦੇ ਹਨ ਅਤੇ ਮਨੁੱਖ ਅਜਿਹੇ ਅਹਿਸਾਸ ਨਾਲ ਸਾਂਤੀ ਮਹਿਸੂਸ ਕਰਦਾ ਹੈ।

1. ਅਕਾਲ ਮੂਰਤਿ ਅਜੂਨੀ **ਸੈਭੌ** ਮਨ ਸਿਮਰਤ ਠੰਢਾ ਥੀਵਾਂ ਜੀਉ॥ (ਗੁ. ਗ੍ਰੰ. 99)

2. ਜਾਤਿ ਅਜਾਤਿ ਅਜੋਨੀ **ਸੰਭਉ**ੁ ਨਾ ਤਿਸੁ ਭਉ ਨ ਭਰਮਾ॥ (ਗੁ. ਗ੍ਰੰ. 597)

**ਗੁਰਪ੍ਰਸਾਦਿ:** ਗੁਰਪ੍ਰਸਾਦਿ ਸ਼ਬਦ ਦਾ ਅਰਥ ਗੁਰੂ ਦੀ ਕਿਰਪਾ ਮਿਹਰ, ਨਦਰ ਲਿਆ ਜਾ ਸਕਦਾ ਹੈ। ਗੁਰੂ ਦੀ ਕਿਰਪਾ ਦੁਆਰਾ 'ਵਾਹਿਗੁਰੂ' 'ਅਕਾਲ ਪੁਰਖ' ਦਾ ਦੀਦਾਰ ਹੋ ਸਕਦਾ ਹੈ। ਹਰ ਰਾਗ ਦੇ ਆਰੰਭ ਵਿਚ ਮੂਲ-ਮੰਤਰ ਦਾ ਆਉਣਾ ਇਹ ਤੱਥ ਉਜਾਗਰ ਕਰਦਾ ਕਿ ਗੁਰੂ ਸਾਹਿਬਾਨ ਵੀ ਉਸ ਪਰਮ ਪਿਤਾ ਅਕਾਲ ਪੁਰਖ ਦੇ ਓਟ ਆਸਰੇ ਅਤੇ ਉਸ ਦੀ ਮਿਹਰ ਸਦਕਾ ਗੁਰਬਾਣੀ ਦਾ ਅਰੰਭ ਕਰਦੇ ਹਨ, ਕਿਉਂਕਿ ਗੁਰੂ ਸਾਹਿਬ ਅਕਾਲ ਪੁਰਖ ਦੀ ਕਿਰਪਾ ਦੇ ਜਾਚਕ ਬਣ ਚੁੱਕੇ ਹਨ। ਅਕਾਲ ਪੁਰਖ ਨੇ ਗੁਰੂ ਵਿਚ ਪ੍ਰਤੱਖ ਜੋਤ ਦਾ ਪਸਾਰਾ ਕਰਕੇ ਉਹਨਾਂ ਤੋਂ ਗੁਰਬਾਣੀ ਦਾ ਸੰਕਲਨ ਕਰਵਾਇਆ। ਚਉਪਦਿਆਂ ਵਿਚ ਗੁਰ ਪ੍ਰਸਾਦਿ ਸ਼ਬਦ ਦੀ ਵਰਤੋਂ ਸਭ ਤੋਂ ਵਧੇਰੇ ਹੋਈ ਹੈ। ਚਉਪਦਿਆਂ ਵਿਚ ਗੁਰ ਪਰਸਾਦੀ ਰਾਮੁ ਮਨਿ ਵਸੈ1, ਗੁਰ ਪਰਸਾਦੀ ਦੇ ਵਡਿਆਈ2, ਗੁਰ ਪਰਸਾਦੀ ਪਰਮ ਪਦੁ ਪਾਇਆ3, ਗੁਰ ਪਰਸਾਦਿ ਮਿਟਿਓ ਅਗਿਆਨਾ4, ਗੁਰ ਪਰਸਾਦੀ ਕੋ ਵਿਰਲਾ ਛੁਟੈ5, ਸੋ ਗੁਰ ਪਰਸਾਦੀ ਤਰੀਐ6,

ਗੁਰ ਪਰਸਾਦਿ ਨਾਮੁ ਹਰਿ ਜਪਿਆ7, ਗੁਰ ਪਰਸਾਦਿ ਰਤਨੁ ਹਰਿ ਲਾਭੈ8, ਗੁਰ ਪਰਸਾਦਿ ਭਏ ਜਨ ਮੁਕਤੇ9, ਗੁਰ ਪਰਸਾਦੀ ਮੇਰਾ ਸਹੁ ਮਿਲੈ10, ਗੁਰ ਪਰਸਾਦੀ ਮੁਖੁ ਊਜਲਾ11, ਗੁਰ ਪਰਸਾਦੀ ਛੂਟੀਐ ਬਿਖ ਭਵਜਲੁ12, ਦੀ ਵਿਆਖਿਆ ਕਈ ਤਰੀਕਿਆਂ ਨਾਲ ਕੀਤੀ ਗਈ ਹੈ। ਪਰਮਸੱਤ ਦੀ ਕਿਰਪਾ ਸੰਸਾਰ ਦੇ ਕਣ-ਕਣ ਵਿਚ ਵਿਦਮਾਨ ਹੈ। ਹਨੇਰੇ ਤੋਂ ਪ੍ਰਕਾਸ਼ ਦਾ ਹੋਣਾ ਅਤੇ ਸੋਕੇ ਤੋਂ ਹਰਿਆਲੀ ਦਾ ਪੁੰਗਰਾ ਹੋਣਾ ਗੁਰੂ ਦੀ ਮਿਹਰ ਸਦਕਾ ਹੁੰਦਾ ਹੈ। ਗੁਰੂ ਦੀ ਕਿਰਪਾ ਦਾ ਜਾਚਕ ਬਣਨ ਵਾਸਤੇ ਉਸ ਸਮਰੱਥਾ ਦੀ ਸ਼ਖ਼ਸੀਅਤ ਦੇ ਗੁਣ ਅਪਨਾਉਣੇ ਪੈਂਦੇ ਹਨ। ਇਸ ਵਾਸਤੇ ਮਨੁੱਖ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਜ਼ਰੂਰੀ ਹੈ। ਇਸ ਤਰ੍ਹਾਂ ਗੁਰੂ ਪੱਥ ਪ੍ਰਦਰਸ਼ਕ ਬਣ ਜਾਂਦਾ ਹੈ। ਆਤਮਿਕ ਜੀਵਨ ਸਵਾਰਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਨਾਮ ਸਿਮਰਨ ਦੁਆਰਾ ਸੁਖ ਦਾ ਜੀਵਨ ਬਤੀਤ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ। ਅਕਾਲ ਪੁਰਖ ਗੁਰੂ ਵਿਚ ਵਸਿਆ ਹੋਇਆ ਹੈ। ਉਸੇ ਦੀ ਕਿਰਪਾ ਦੁਆਰਾ ਗੁਰੂ ਸਾਰੇ ਸੰਸਾਰ ਨੂੰ ਗੁਰਬਾਣੀ ਰਾਹੀਂ ਸੇਧ ਦੇ ਰਹੇ ਹਨ। ਇਸ ਪ੍ਰਕਾਰ ਗੁਰੂ ਦੀ ਕਿਰਪਾ ਪ੍ਰਾਪਤ ਕਰਨੀ ਜੀਵਨ ਦਾ ਅਸਲ ਸਿਧਾਂਤ ਹੈ। ਇਸ ਦੀ ਪ੍ਰਾਪਤੀ ਮਨੁੱਖ ਦਾ ਅਸਲ ਉਦੇਸ਼ ਹੋਣਾ ਚਾਹੀਦਾ ਹੈ। ਮੂਲ-ਮੰਤਰ ਨੂੰ ਜੀਵਨ ਵਿਚ ਅਪਨਾ ਕੇ ਮਨੁੱਖਤਾ ਆਪਣੇ ਆਤਮਿਕ ਜੀਵਨ ਨੂੰ ਸਫਲ ਬਣਾ ਸਕਦੀ ਹੈ।

1. **ਗੁਰ ਪਰਸਾਦੀ** ਰਾਮੁ ਮਨਿ ਵਸੈ ਤਾ ਫਲ ਪਾਵੈ ਕੋਇ॥ (ਗੁ. ਗ੍ਰੰ. 491)

2. **ਗੁਰ ਪਰਸਾਦੀ** ਦੇ ਵਡਿਆਈ ਆਪਣਾ ਸ਼ਬਦੁ ਵਰਤਾਏ॥ (ਗੁ. ਗ੍ਰੰ. 491)

3. **ਗੁਰ ਪਰਸਾਦਿ** ਪਰਮ ਪਦ ਪਾਇਆ ਸੂਕੇ ਕਾਸਟ ਹਰਿਆ॥ (ਗੁ. ਗ੍ਰੰ. 495)

4. **ਗੁਰ ਪਰਸਾਦਿ** ਮਿਟਿਓ ਅਗਿਆਸਾ ਪ੍ਰਗਟ ਭਏ ਸਭ ਠਾਈ॥ (ਗੁ. ਗ੍ਰੰ. 610)

5. **ਗੁਰ ਪਰਸਾਦੀ** ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥ (ਗੁ. ਗ੍ਰੰ. 736)

6. ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ **ਗੁਰ ਪਰਸਾਦੀ** ਤਰੀਐ॥ (ਗੁ. ਗ੍ਰੰ. 747)

7. **ਗੁਰ ਪਰਸਾਦਿ** ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ॥ (ਗੁ. ਗ੍ਰੰ. 1264)

8. **ਗੁਰ ਪਰਸਾਦਿ** ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ॥ (ਗੁ. ਗ੍ਰੰ. 353)

9. **ਗੁਰ ਪਰਸਾਦਿ** ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ॥ (ਗੁ. ਗ੍ਰੰ. 383)

10. **ਗੁਰ ਪਰਸਾਦੀ** ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥ (ਗੁ. ਗ੍ਰੰ. 157)

11. **ਗੁਰ ਪਰਸਾਦੀ** ਮੁਖ ਊਜਲਾ ਜਪਿ ਨਾਮੁ ਦਾਨੁ ਇਸਨਾਨੁ॥ (ਗੁ. ਗ੍ਰੰ. 46)

12. **ਗੁਰ ਪਰਸਾਦੀ** ਛੁਟੀਐ ਬਿਖ ਭਵਜਲੁ ਸਬਦਿ ਗੁਰ ਤਰਣਾ॥ (ਗੁ. ਗ੍ਰੰ. 33)

## (ੲ) ਰਾਗ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀ ਖਾਸ ਅਹਿਮੀਅਤ ਹੈ। ਰਾਗ ਸੰਗੀਤ ਅੰਗ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਕੀਰਤਨ ਰਾਗਾਂ ਅਨੁਸਾਰ ਕੀਤਾ ਜਾ ਰਿਹਾ ਹੈ ਕਿਉਂ ਕਿ ਰਾਗ ਅਨੁਸਾਰ ਕੀਰਤਨ ਦੁਆਰਾ ਭਗਤੀ ਭਾਵਨਾ ਪੇਸ਼ ਹੁੰਦੀ ਹੈ। ਹਰ ਰਾਗ ਦੇ ਸੁਭਾ ਵਿਚ ਸਮੇਂ ਅਨੁਸਾਰ ਪਰਿਵਰਤਨ ਹੁੰਦਾ ਹੈ। ਇਸੇ ਕਾਰਨ ਹਰ ਰਾਗ ਦੇ ਗਾਇਨ ਦਾ ਸਮਾਂ ਵੱਖਰਾ ਹੈ। 'ਰਾਗ ਦਾ ਸਮਾਂ ਸੁਰਾਂ ਅਨੁਸਾਰ ਤਿਆਰ ਕੀਤਾ ਜਾਂਦਾ। ਇਸ ਤੋਂ ਥੋੜਾ ਸਮਾ ਬਾਅਦ ਵਾਲੇ ਰਾਗਾਂ ਵਿਚ ਦੋ ਨਿਸ਼ਾਦ ਸਵਰਾਂ ਨੂੰ ਮਹੱਤਵਪੂਰਨ ਸਮਝਿਆ ਜਾਂਦਾ ਹੈ। ਇਸ ਤੋਂ ਬਾਅਦ ਸੂਰਜ ਨਿਕਲਣ ਤੇ ਤੇਜ ਨਿਸ਼ਾ ਸਵਰ ਹੁੰਦਾ ਹੈ ਇਸ ਸਥਿਤੀ ਨੂੰ ਰਾਤ ਦੇ ਪਹਿਲੇ ਪਹਿਰ ਤੱਕ ਮੰਨਿਆ ਗਿਆ ਹੈ।'10 ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸੁਰਾਂ ਦੇ ਘਟਣ ਵਧਣ ਤੋਂ ਹੀ ਰਾਗ ਹੋਂਦ ਵਿਚ ਆਉਂਦੇ ਹਨ। "ਆਮ ਗ੍ਰੰਥਾਂ ਵਿਚ ਰਾਗ ਦੀ ਸੁਰ ਤੇ ਧਿਆਨ ਦਿੱਤਾ ਜਾਂਦਾ ਹੈ ਕੇਵਲ ਇਹੀ ਇਕ ਗ੍ਰੰਥ ਹੈ, ਜਿਥੇ ਰਾਗ ਦੀ ਪ੍ਰਕਿਰਤੀ ਗੁਰਬਾਣੀ ਰਾਹੀਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।"11 ਇਸੇ ਕਾਰਨ ਹਰ ਤਰ੍ਹਾਂ ਦੇ ਵਾਤਾਵਰਨ ਅਤੇ ਰੁੱਤ ਦਾ ਮਿਲਾਪ ਕਰਕੇ, ਮਨੁੱਖੀ ਮਾਨਸਿਕਤਾ ਵਿਚ ਭਗਤੀ ਦਾ ਬੀਜ ਉਪਜਾਉਣਾ ਚਾਹਿਆ ਹੈ। ਹਰ ਰਾਗ ਦੇ ਵੱਖਰੇ ਸੰਕਲਪਾਂ ਦੁਆਰਾ ਮਨੁੱਖ ਦੀ ਅਤ੍ਰਿਪਤ ਰੂਹ ਨਾਮ ਦੀ ਪ੍ਰਾਪਤੀ ਦੇ ਮਹਾਤਮ ਨੂੰ ਸਮਝਦੀ ਹੋਈ ਆਪਣੇ ਆਪ ਨੂੰ ਸੰਤੁਸ਼ਟ ਮਹਿਸੂਸ ਕਰਦੀ ਹੈ।

**ਸਿਰੀਰਾਗੁ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰੀਰਾਗੁ ਪਹਿਲੇ ਸਥਾਨ ਤੇ ਦਰਜ ਹੈ। 'ਸਿਰੀਰਾਗੁ ਬਹੁਤ ਪ੍ਰਾਚੀਨ ਹੈ। ਇਸ ਦੀ ਵਰਤੋਂ ਸ਼ਿਵਮਤ, ਭਗਤਮਤ, ਹਨੂੰਮਾਨ ਮਤ, ਵਿਚ ਦਰਜ ਹੈ। ਹਰ ਮਤ ਅਨੁਸਾਰ ਇਸ ਰਾਗ ਦੇ ਅੰਗ ਦਾ ਨਾਮ ਦਰਜ ਕੀਤਾ ਗਿਆ ਹੈ। ਇਸ ਰਾਹੀਂ ਰਾਗ ਦੇ ਪੂਰੇ ਪਰਿਵਾਰ ਬਾਰੇ ਜਾਣਕਾਰੀ ਮਿਲਦੀ ਹੈ।'12 ਇਸ ਰਾਗ ਅਧੀਨ ਮਹਲਾ ੧, ੩,੪,੫ ਦੀ ਬਾਣੀ ਦਰਜ ਹੈ। ਸਭ ਤੋਂ ਪਹਿਲਾਂ ਇਸ ਰਾਗ ਦੁਆਰਾ ਮਨੁੱਖ ਦੀ ਬਿਰਤੀ ਵਿਚ ਗੁਰੂ ਦੀ ਸਮਝ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਨਾਲ ਮਨੁੱਖ ਆਤਮਿਕ ਜੀਵਨ ਦੇ ਅਰਥ ਸਮਝ ਸਕਦਾ ਹੈ :

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥
ਇਕ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥ (ਗੁ. ਗ੍ਰੰ. 20)

ਮਨੁੱਖ ਆਪਣੀ ਬੁੱਧੀ ਅਨੁਸਾਰ ਚੰਗੇ ਬੁਰੇ ਕਾਰਜ ਕਰੀ ਜਾ ਰਿਹਾ ਹੈ। ਉਹ ਸੰਸਾਰ ਦੇ ਅਸਲ ਰਹੱਸ ਨੂੰ ਨਹੀਂ ਸਮਝ ਰਿਹਾ, ਮਨੁੱਖ ਨੂੰ ਇਹ ਸਮਝ ਗੁਰੂ ਪ੍ਰਤੀ ਚੇਤੰਨ ਹੋਣ ਨਾਲ ਮਿਲਦੀ ਹੈ। 'ਗੁਰੂ ਦੀ ਲੋੜ ਮਨੁੱਖ ਨੂੰ ਭਉ ਦੀ ਵੱਟੀ, ਸ਼ਬਦ ਰੂਪੀ ਤੇਲ ਅਤੇ ਸੱਚ ਦੀ ਤੀਲੀ ਬਾਲ ਕੇ ਰਾਹ ਦਿਖਾਉਂਦੀ ਹੈ। ਇਸੇ ਕਾਰਨ ਇਸ ਰਾਗ ਨੂੰ ਮੁੜ ਸੁਰਜੀਤ ਕਰਨ ਵਾਲਾ ਇਨਕਲਾਬ ਦਾ ਸੂਚਕ ਰਾਗ ਕਿਹਾ ਗਿਆ ਹੈ।'13 ਮਨੁੱਖ ਗੁਰੂ ਤੋਂ ਬਿਨਾ ਮਾਇਆ ਦੇ ਜਾਲ਼ ਵਿਚ ਫਸਿਆ ਹੋਇਆ ਹੈ। ਗੁਰੂ ਸ਼ਬਦ ਦੀ ਸਮਝ ਦੁਆਰਾ ਦੁਨਿਆਵੀ ਸੁਖਾਂ ਨਾਲੋਂ ਨਾਮ ਨੂੰ ਸਰਵ-ਉੱਚ ਦੱਸਦਾ ਹੈ। ਇਸ ਰਾਗ ਦੇ ਗਾਇਨ ਸਮਾ ਸ਼ਾਮ ਨੂੰ ਸੂਰਜ ਛਿਪਣ ਵੇਲੇ ਦਾ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ (ਗੁ. ਗ੍ਰੰ. 14)

**ਰਾਗੁ ਮਾਝ :** ਇਸ ਰਾਗ ਨੂੰ ਪੰਜਾਬੀ ਦੀਆਂ ਲੋਕ ਧੁਨਾਂ ਦਾ ਰਾਗ ਕਿਹਾ ਜਾਂਦਾ ਹੈ। ਮਾਝੇ ਦੇ ਇਲਾਕੇ ਤੋਂ ਇਸ ਰਾਗ ਦਾ ਨਾਂ ਮਾਝ ਰੱਖਿਆ ਗਿਆ। 'ਸੋਰਠਿ, ਬਿਲਾਵਲੁ, ਸਾਰੰਗ, ਧਨਾਸਰੀ, ਨਟ ਪੰਜੇ ਮਿਲ ਕੇ ਮਾਝ ਰਾਗੁ ਬਣਦਾ ਹੈ।'14 ਮਾਝ ਰਾਗੁ ਦਾ ਕਿਸੇ ਗ੍ਰੰਥ ਵਿਚ ਉਲੇਖ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੪ ਅਤੇ ੫ ਦੀ ਬਾਣੀ ਦਰਜ ਕੀਤੀ ਗਈ ਹੈ। ਇਸ ਰਾਗ ਵਿਚ ਮਨੁੱਖ ਦੀ ਉਸ ਬਿਰਤੀ ਦੀ ਗਲ ਹੈ, ਜਦੋਂ ਮਨੁੱਖ ਨੂੰ ਨਾਮ ਦੀ ਸਮਝ ਲੱਗ ਜਾਣ ਤੇ ਉਸ ਦੇ ਮਨ ਵਿਚ ਅਜਿਹੀ ਤਾਂਘ ਪੈਦਾ ਹੋ ਜਾਂਦੀ ਹੈ। ਜਿਸ ਨਾਲ ਮਨੁੱਖ ਉਸ ਦੇ ਮਿਲਾਪ ਨੂੰ ਲੋਚਦਾ ਹੈ।

ਜਾ ਕਉ ਖੋਜਹਿ ਸਰਬ ਉਪਾਏ
ਵਡਭਾਗੀ ਦਰਸਨ ਕੋ ਵਿਰਲਾ ਪਾਏ
ਊਚ ਅਪਾਰ ਅਗੋਚਰ ਥਾਨਾ ਓਹ ਮਹਲੁ ਗੁਰੂ ਤੇ ਪਾਈ ਜੀਉ (ਗੁ. ਗ੍ਰੰ. 10)

'ਮਾਝ ਵਿਚੋਂ ਲੰਘਦੀ ਆਤਮਾ ਹੂਕ ਕੱਢਦੀ ਹੈ ਹੇਕ ਲਗਾਉਂਦੀ ਹੈ ਉਚੀ ਬੋਲਦੀ ਹੈ। ਵਿਛੋੜੇ ਦੀ ਕਸਕ ਮਹਿਸੂਸ ਕਰਦੀ ਹੈ। ਕ੍ਰਿਪਾ ਦੀ ਯਾਚਨਾਂ ਹਿਰਦੇ ਵਿਚ ਕਰਦੀ ਹੈ।'15 ਮਿਲਾਪ ਦੀ ਕਸਕ ਮਨੁੱਖ ਦੀ ਮਾਨਸਿਕਤਾ ਨੂੰ ਟੁੰਬਦੀ ਹੈ। ਮਨੁੱਖ ਗੁਰੂ ਦੇ ਵਿਛੋੜੇ ਵਿਚ ਅਜਿਹੀ ਤਾਂਘ ਦੀ ਯਾਚਨਾਂ ਕਰਦਾ ਹੈ।

ਮੇਰਾ ਮਨ ਲੋਚੈ ਗੁਰਦਰਸ਼ਨ ਤਾਈ
ਬਿਲਪ ਕਰੇ ਚਾਤ੍ਰਿਕ ਕੀ ਨਿਆਈ (ਗੁ. ਗ੍ਰੰ. 96)

ਆਤਮਾ ਦੀ ਅਜਿਹੀ ਅਵਸਥਾ ਇਸ ਵਾਸਤੇ ਹੋ ਰਹੀ ਹੈ। ਜਗਿਆਸਾ ਆਉਣ ਤੋਂ ਬਾਅਦ ਮਨੁੱਖ ਉਸ ਬੂੰਦ ਨੂੰ ਪ੍ਰਾਪਤ ਕਰਨਾ ਲੋਚਦਾ ਹੈ, ਜਿਵੇਂ ਬਬੀਹਾ ਬੱਦਲਾਂ ਦੇ ਆਉਣ ਤੇ ਸਵਾਤੀ ਬੂੰਦ ਪ੍ਰਾਪਤ ਕਰਨਾ ਚਾਹੁੰਦਾ ਹੈ।

'ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ

ਹਰਿ ਹਰਿ ਨਾਮ ਬੂੰਦ ਮੁਖ ਪਾਈ

ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨ ਸਰੀਐ ਜੀਉ॥'(ਗੁ. ਗ੍ਰੰ. 95)

ਇਸ ਪ੍ਰਕਾਰ ਮਨੁੱਖ ਨਾਮ ਦੀ ਪ੍ਰਾਪਤੀ ਕਰਨਾ ਲੋਚਦਾ ਹੈ। ਇਸ ਵਾਸਤੇ ਮਨ ਦੀ ਇਕਾਗਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ, ਇਸ ਨਾਲ ਮਨੁੱਖ ਨੂੰ ਅਸਲ ਸ਼ਾਂਤੀ ਮਿਲਦੀ ਹੈ। ਨਾਮ ਨਾਲ ਮਨੁੱਖ ਨੇ ਪਰਮਾਤਮਾ ਦੀ ਜੋਤ ਦਾ ਸਰੂਪ ਹੋਣਾ ਹੈ।

**ਰਾਗੁ ਗਉੜੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਗ ਤੀਸਰੇ ਨੰਬਰ ਤੇ ਦਰਜ ਕੀਤਾ ਗਿਆ ਹੈ। 'ਇਸ ਦਾ ਨਾਂ ਸੰਗੀਤ ਵਿਚ ਗੌਰੀ ਕਰਕੇ ਹੀ ਲਿਖਿਆ ਹੈ। ਸੰਗੀਤ ਰਤਨਾਕਰ ਦੇ ਪੰਜਾਂ ਗੀਤਾਂ (ਸੁਧਾ ਗੀਤ, ਭਿੰਨਾ ਗੀਤ, ਗਉੜੀ ਗੀਤ, ਬੈਸਰਾ ਗੀਤ, ਸਾਧਾਰਣੀ ਗੀਤ) ਵਿਚੋਂ ਤੀਜਾ ਗਉੜੀ ਗੀਤ ਹੈ। ਗੌੜੀ ਗੀਤ ਦਾ ਰੂਪ ਇਉਂ ਲਿਖਿਆ ਹੈ - ਜਿਥੇ ਰਾਗ ਦੇ ਸੁਰ ਇਕੋ ਜਿਹੇ ਉਚਾਰਨ ਕਰੀਏ ਅਤੇ ਮਨ ਨੂੰ ਪਿਆਰੇ ਵੀ ਲਗਦੇ ਹੋਣ। ਇਸ ਰਾਗ ਨੂੰ ਦਿਨ ਦੇ ਤੀਸਰੇ ਪਹਿਰ ਵਿਚ ਗਾਇਆ ਜਾਂਦਾ ਹੈ।'16 ਇਸ ਰਾਗ ਵਿਚ ਕੇਵਲ ਮਹਲਾ ੧ ਦੀ ਬਾਣੀ ਦਰਜ ਕੀਤੀ ਗਈ ਹੈ। ਇਸ ਰਾਗ ਦੀਆਂ ਢੁਕਵੀਆਂ ਵੰਨਗੀਆਂ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਰਾਗ ਦੀਆਂ ਵੰਨਗੀਆਂ ਦੂਸਰੇ ਰਾਗਾਂ ਦੀ ਮਦਦ ਨਾਲ ਬਣਾਈਆਂ ਗਈਆਂ ਹਨ। ਜਿਵੇਂ ਰਾਗੁ ਗਉੜੀ, ਪੂਰਬੀ ਅਤੇ ਦੀਪਕੀ ਦੀ ਸੁਮੇਲਤਾ ਨਾਲ ਬਣਾਇਆ ਗਿਆ ਹੈ। 'ਇਸੇ ਤਰ੍ਹਾਂ ਗਉੜੀ ਦੱਖਣੀ ਰਾਗੁ ਨੂੰ ਸਾਰੰਗ ਦੇਵ ਨੇ ਦੱਖਣੀ ਪੱਧਤੀ ਦੀ ਸੁਮੇਲਤਾ ਕਰਨੀ ਚਾਹੀ ਕਿਉਂਕਿ ਉਸ ਸਮੇਂ ਉਤਰੀ ਤੇ ਦੱਖਣੀ ਪੱਧਤੀ ਵਿਚ ਵਿਵਾਦ ਚਲ ਰਿਹਾ ਸੀ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਦੋਹਾਂ ਪੱਧਤੀਆਂ ਦੇ ਸੰਬੰਧਾਂ ਨੂੰ ਠੀਕ ਕਰਨ ਦੇ ਯਤਨ ਕੀਤੇ ਹਨ।'17 ਰਾਗੁ ਗਉੜੀ ਦੀਆਂ ਸਾਰੀਆਂ ਵੰਨਗੀਆਂ ਦੇ ਨਾਮ ਇਸ ਪ੍ਰਕਾਰ ਹਨ।

1. ਗਉੜੀ ਗੁਆਰੇਰੀ 2. ਗਉੜੀ 3. ਗਉੜੀ ਦੱਖਣੀ 4. ਗਉੜੀ ਚੇਤੀ 5. ਗਉੜੀ ਬੈਰਾਗਣਿ 6. ਗਉੜੀ ਦੀਪਕੀ 7. ਗਉੜੀ ਪੂਰਬੀ ਦੀਪਕੀ 8. ਗਉੜੀ ਪੂਰਬੀ 9. ਗਉੜੀ ਮਾਝ 10. ਗਉੜੀ ਮਾਲਵਾ 11. ਗਉੜੀ ਮਾਲਾ 12. ਗਉੜੀ ਸੋਰਠਿ (ਗੁ. ਗ੍ਰੰ. 151-220

ਗਉੜੀ ਰਾਗੁ ਦੀਆਂ ਇਹਨਾਂ ਵੱਖ-ਵੱਖ ਵੰਨਗੀਆਂ ਵਿਚ ਮਨੁੱਖੀ ਮਨ ਵਿਚ ਪਰਮਾਤਮਾ ਦੇ ਨਾਮ ਦੀ ਚਿਣਗ ਦੇ ਪੈਦਾ ਹੋਣ ਬਾਰੇ ਬਿਰਤਾਂਤ ਸਹਿਤ ਦੱਸਿਆ ਗਿਆ ਹੈ। ਇਸ ਸੰਕਲਪ ਪ੍ਰਤੀ ਚੇਤੰਨਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਦੋਂ ਮਨੁੱਖ

ਦਾ ਮਨ ਸਥਿਰ ਹੋ ਕੇ ਆਤਮਾ ਦੀ ਅਵਾਜ਼ ਸੁਣਨ ਦੇ ਯੋਗ ਹੋ ਸਕਦਾ ਹੈ, ਉਸ ਸਮੇਂ ਮਨੁੱਖ ਗੰਭੀਰ ਹੋ ਕੇ ਮਨ ਨੂੰ ਬੰਨ੍ਹ ਸਕਦਾ ਹੈ 'ਮਨੁੱਖੀ ਆਤਮਾ ਆਪਣੀ ਸ਼ੁਧਤਾ ਲਈ ਬ੍ਰਹਮ, ਪ੍ਰਕ੍ਰਿਤੀ, ਜੀਵਨ, ਮੌਤ, ਆਤਮਾ ਵਰਗੇ ਸਭ ਮਸਲਿਆ ਬਾਰੇ ਸੋਚਣਾ ਆਰੰਭ ਕਰੇਗੀ'18 ਜਿਸ ਨਾਲ ਉਸ ਦੇ ਮਨ ਵਿਚ ਭੈ ਤੇ ਭਉ ਪੈਦਾ ਹੋ ਸਕਦਾ ਹੈ :

ਭੈ ਬਿਨੁ ਕੋਇ ਨ ਲੰਘਸਿ ਪਾਰਿ

ਭੈ ਭਉ ਰਾਖਿਆ ਭਾਇ ਸਵਾਰਿ॥ (ਗੁ. ਗ੍ਰੰ. 151)

ਭੈ ਤੇ ਭਉ ਮਨੁੱਖ ਦੀ ਬੁੱਧੀ ਨੂੰ ਸਥਿਰ ਕਰਦੇ ਹਨ। ਮਨ ਦੀ ਸ਼ੁੱਧਤਾ ਮਨੁੱਖ ਦੇ ਜੀਵਨ ਦਾ ਅਗਲੇਰਾ ਰਸਤਾ ਤਿਆਰ ਕਰਦੀ ਹੈ :

ਮਨ ਤੇ ਉਪਜੈ ਮਨ ਮਾਹਿ ਸਮਾਇ॥

ਗੁਰਮੁਖਿ ਮੁਕਤੋ ਬੰਧੁ ਨ ਪਾਇ॥ (ਗੁ. ਗ੍ਰੰ. 152)

ਮਨੁੱਖ ਸੰਸਾਰਕ ਬੰਧਨਾਂ ਤੋਂ ਆਪਣੇ ਆਪ ਕਦੀ ਨਹੀਂ ਬਚ ਸਕਦਾ। ਇਸ ਵਾਸਤੇ ਸਭ ਤੋਂ ਪਹਿਲਾਂ ਇਨਸਾਨ ਨੂੰ ਆਪਣੇ ਕਰਮ ਕਰਨ ਦੀ ਬਿਰਤੀ ਵਿਚ ਸੁਧਾਰ ਕਰਨਾ ਚਾਹੀਦਾ ਹੈ। ਮਨੁੱਖ ਨੂੰ ਸੰਸਾਰ ਦੀ ਹਰ ਸ਼ੈਅ ਵਿਚ ਬ੍ਰਹਮ ਦੀ ਵਿਲੀਨਤਾ ਮਹਿਸੂਸ ਹੋਣੀ ਚਾਹੀਦੀ ਹੈ, ਅਜਿਹੀ ਬਿਰਤੀ ਅਨੁਸਾਰ ਇਨਸਾਨ ਕਰਮ ਦੇ ਸਿਧਾਂਤ ਨੂੰ ਸਮਝ ਸਕਦਾ ਹੈ। ਕਰਮਾਂ ਨਾਲ ਸ਼ਬਦ ਦਾ ਸੰਚਾਰ ਹੋਵੇਗਾ :

ਜੋਗ ਜੁਗਤਿ ਇਵ ਪਾਵਸਿਤਾ

ਏਕੁ ਸ਼ਬਦੁ ਦੂਜਾ ਹੋਰ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ॥ (ਗੁ. ਗ੍ਰੰ. 155)

ਬ੍ਰਹਮ ਆਪਣੇ ਮਿਲਾਪ ਲਈ ਮਨੁੱਖ ਨੂੰ ਕੁਝ ਮੌਕੇ ਦਿੰਦਾ ਹੈ। ਮਨੁੱਖ ਨੂੰ ਉਹਨਾਂ ਸਮਿਆਂ ਨੂੰ ਨਕਾਰਾ ਨਹੀਂ ਗਵਾਉਣਾ ਚਾਹੀਦਾ। ਇਕ ਵਾਰ ਜੇਕਰ ਉਸ ਦੀ ਮਿਹਰ ਹੋਈ ਹੈ, ਤਾਂ ਉਸ ਸਮੇਂ ਨੂੰ ਸਾਂਭਣਾ ਚਾਹੀਦਾ ਹੈ, ਜਿਸ ਤਰਾ ਪ੍ਰਕਿਰਤੀ ਦੇ ਪਸਾਰੇ ਦੁਆਰਾ ਆਏ ਬੱਦਲਾਂ ਨੂੰ ਪੰਛੀ ਸਾਂਭ ਲੈਂਦੇ ਹਨ :

ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ। (ਗੁ. ਗ੍ਰੰ. 173)

ਮਨੁੱਖੀ ਮਨ ਨੂੰ ਜੀਵਨ ਦੀ ਸਾਰਥਕਤਾ ਨੂੰ ਸਮਝ ਕੇ ਕਰਮ ਕਰਨੇ ਚਾਹੀਦੇ ਹਨ। ਮਨੁੱਖ ਦੇ ਕਰਮਾਂ ਤੋਂ ਹੀ ਉਸ ਦੇ ਮਨੁੱਖੀ ਜੀਵਨ ਦੀ ਬਿਰਤੀ ਆਪਣੇ ਮੂਲ ਨੂੰ ਪ੍ਰਾਪਤ ਕਰ ਸਕਦੀ ਹੈ :

ਕਰਮ ਭੂਮਿ ਮਹਿ ਬੋਅਹ ਨਾਮੁ॥

ਪੂਰਨ ਹੋਇ ਤੁਮਾਰਾ ਕਾਮੁ॥ (ਗੁ. ਗ੍ਰੰ. 176)

ਮਨੁੱਖ ਦੇ ਕਰਮ ਉਸ ਦੇ ਜੀਵਨ ਦੇ ਸਰੋਕਾਰਾਂ ਨੂੰ ਨਿਰਧਾਰਿਤ ਕਰਦੇ ਹਨ। ਕਰਮਾਂ ਦੁਆਰਾ ਹੀ ਮੂਲ ਬ੍ਰਹਮ ਨੂੰ ਮਿਲਿਆ ਜਾ ਸਕਦਾ ਹੈ। ਇਹ ਮਨੁੱਖੀ ਜੀਵਨ ਦਾ ਮੂਲ ਮਨੋਰਥ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਮਨੁੱਖ ਨੂੰ ਉਸ ਦਾ ਨਾਮ ਸਿਮਰਨਾ ਚਾਹੀਦਾ ਹੈ :

ਹਰਿ ਸਿਮਰ ਸਿਮਰ ਕਵਿਆ ਭਉ ਕਾਲ॥ (ਗੁ. ਗ੍ਰੰ. 200)

ਮਨੁੱਖ ਨੂੰ ਕੁਦਰਤ ਦੇ ਇਹਨਾਂ ਸਾਰੇ ਪਸਾਰਿਆਂ ਨੂੰ ਵੇਖ ਕੇ ਆਪਣੀ ਜੀਵਨ ਜੁਗਤੀ ਬਦਲਣੀ ਚਾਹੀਦੀ ਹੈ। ਇਹਨਾਂ ਪੜਾਵਾਂ ਚੋਂ ਨਿਕਲ ਕੇ ਹੀ ਆਤਮਿਕ ਸ਼ੁਧਤਾ ਦੀ ਪ੍ਰਾਪਤੀ ਹੋ ਸਕਦੀ ਹੈ।

**ਰਾਗੁ ਆਸਾ :** ਇਸ ਰਾਗ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਵਿਚ ਵਿਸ਼ੇਸ਼ ਮਹੱਤਤਾ ਹੈ। ਇਸ ਰਾਗ ਦਾ ਕੀਰਤਨ ਅੰਮ੍ਰਿਤ ਵੇਲੇ ਹਰ ਗੁਰਦੁਵਾਰੇ ਵਿਚ ਕੀਤਾ ਜਾਂਦਾ ਹੈ। 'ਇਸ ਰਾਗੁ ਦੀ ਧੁਨ ਵਿਆਹ ਦੇ ਸਮੇਂ ਦੇ ਉਹਨਾਂ ਗੀਤਾਂ ਨਾਲ ਸੰਬੰਧਿਤ ਹੈ ਜਦੋਂ ਲੜਕਾ ਵਿਆਹ ਤੋਂ ਬਾਅਦ ਆਪਣੀ ਲਾੜੀ ਨਾਲ ਘਰ ਆਉਂਦਾ ਹੈ ਉਸ ਸਮੇਂ ਰਾਜਸਥਾਨ ਵਿਚ ਟੋਡਰਮਲ ਗੀਤ ਗਾਇਆ ਜਾਂਦਾ ਹੈ।'19 ਇਸ ਤੋਂ ਇਲਾਵਾ ਟੁੰਡੇ ਅਸਰਾਜੇ ਦੀ ਧੁਨੀ ਤੋਂ ਵੀ ਇਸ ਰਾਗ ਦੀ ਧੁਨੀ ਬਣੀ ਹੈ, ਜੋ ਨੇਕੀ ਤੇ ਬਦੀ ਦਾ ਪ੍ਰਤੀਕ ਹੈ। ਇਸ ਰਾਗ ਵਿਚ ਮਹਲਾ ੧, ੩, ੪, ੫ ਅਤੇ ਸਮੂਹ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ।

ਆਸਾਵਰੀ ਦਾ ਗਾਇਨ ਆਸਾ ਰਾਗ ਦੇ ਸੁਮੇਲ ਦੁਆਰਾ ਕੀਤਾ ਜਾਂਦਾ ਹੈ। 'ਇਹ ਆਸਾਵਰੀ ਮੇਘ ਦੀ ਛਾਇਆ ਕਰਕੇ ਆਸਾ ਨਾਲ ਮਿਲੀ ਹੈ। ਸਿਰੀਰਾਗੁ ਦੀ ਰਾਗਣੀ ਆਸਾਵਰੀ ਉਥੇ ਹੈ, ਜਿਥੇ ਕੇਵਲ ਆਸਾਵਰੀ ਅਥਵਾ ਸੁਧੰਗ ਵ ਸੁੱਧ ਦੀ ਸੂਚਨਾ ਹੈ, ਜੋ ਸਾਬਤ ਕਰਦੀ ਹੈ ਸ਼ੁਧ ਅਤੇ ਆਸਾਵਰੀ ਮਿਲੀ ਹੋਈ ਹੈ।'20 ਆਸਾਵਰੀ ਤੇ ਆਸਾ ਦੀ ਸੁਮੇਲਤਾ ਨੂੰ ਗੁਰਮਤਿ ਸੰਗੀਤ ਵਿਚ ਵੇਖਿਆ ਜਾ ਸਕਦਾ ਹੈ। ਆਸਾ ਕਾਫੀ ਵਿਚ ਮਹਲਾ ੪ ਅਤੇ ੫ ਦੀ ਬਾਣੀ ਦਰਜ ਹੈ। 'ਕਾਫੀ ਨੂੰ ਰਾਗਾਂ ਦੀ ਸੁਮੇਲਤਾ ਦੁਆਰਾ ਗਾਇਨ ਕੀਤਾ ਜਾਂਦਾ ਹੈ। ਰਾਤ ਦੇ ਪਹਿਲੇ ਪਹਿਰ ਵਿਚ ਇਸ ਦਾ ਗਾਇਨ ਕੀਤਾ ਜਾਂਦਾ ਹੈ।'21

ਰਾਗੁ ਆਸਾ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਵਿਸ਼ਵਾਸ਼ ਬਣਾਉਂਦਾ ਹੈ। ਮਨੁੱਖ ਭਰਮ ਤੇ ਪਾਖੰਡਾਂ ਦੇ ਕਰਮਾਂ ਵਿਚ ਵਿਸ਼ਵਾਸ ਨਹੀਂ ਰੱਖਦਾ :

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥
ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥ (ਗੁ. ਗ੍ਰੰ. 355)

"ਮਨੁੱਖ ਨੂੰ ਜਦੋਂ ਇਸ ਰਾਗੁ ਦੁਆਰਾ ਘਬਰਾਹਟ ਤੋਂ ਛੁਟਕਾਰਾ ਮਿਲਦਾ ਹੈ। ਮਨੁੱਖ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਹਰ ਹਰਕਤ ਪਿੱਛੇ ਉਸ ਦੀ ਸ਼ਕਤੀ ਹੈ। ਅਰਦਾਸ ਅਵਸ਼ ਸੁਣੀ ਜਾਂਦੀ ਹੈ।"22 ਮਨੁੱਖ ਦਾ ਮਨ ਮਾਇਆ ਤੋਂ ਉਪਰਾਮ ਹੋਣਾ ਸ਼ੁਰੂ ਹੋ ਜਾਦਾ ਹੈ, ਫਿਰ ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਇਸ ਦੁਆਰਾ ਮਨੁੱਖ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ। ਮਨੁੱਖ ਦਾ ਮੋਹ ਕੁਟੰਬ ਤੋਂ ਉਪਰਾਮ ਹੋ ਕੇ ਗੁਰੂ ਦੀ ਸਿਖਿਆ ਦੁਆਰਾ ਸਿਮਰਨ ਵਿਚ ਜੁੜਦਾ ਹੈ :

ਹਰਿ ਕੇ ਨਾਮ ਬਿਨਾ ਜਗੁ ਧੰਧਾ॥
ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ॥ (ਗੁ. ਗ੍ਰੰ. 358)

ਜੇਕਰ ਨਾਮ ਦਾ ਪਸਾਰਾ ਨਾ ਹੋਵੇ ਤਾਂ, ਇਹ ਜਗਤ ਪਦਾਰਥ ਕਾਰਜਾਂ ਵਿਚ ਗੁਲਤਾਨ ਹੋ ਕੇ ਆਪਣਾ ਸਮਾਂ ਨਸ਼ਟ ਕਰ ਲਵੇਗਾ।

**ਰਾਗੁ ਗੂਜਰੀ :** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਪੰਜਵਾ ਰਾਗ ਹੈ। 'ਇਸ ਰਾਗ ਦੀ ਵਰਤੋ ਪਹਿਲਾਂ ਗੀਤ ਗੋਬਿੰਦ ਵਿਚ ਵੀ ਮਿਲਦੀ ਹੈ। ਇਹ ਰਾਗ ਦਿਨ ਦੇ ਦੂਜੇ ਪਹਿਰ ਤੇ ਗਾਇਆ ਜਾਂਦਾ ਹੈ'23 ਇਸ ਰਾਗ ਵਿਚ ਮਹਲਾ ੧, ੩, ੪, ੫ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। "ਇਹ ਟੋਡੀ ਠਾਟ ਦਾ ਖਾੜਵ ਰਾਗ ਹੈ ਅਤੇ ਇਸ ਵਿਚ ਪਾ ਸੁਰ ਵਰਜਿਤ ਮੰਨੀ ਜਾਂਦੀ ਹੈ।"24 ਗੂਜਰੀ ਰਾਗ ਗੁਜਰ ਜਾਤ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਗੁਜਰ ਮੱਝਾਂ ਅਤੇ ਗਾਵਾਂ ਰੱਖ ਕੇ ਆਪਣੇ ਜੀਵਨ ਦਾ ਗੁਜਾਰਾ ਕਰਦੇ ਹਨ। ਗਾਵਾਂ ਮੱਝਾਂ ਨੂੰ ਸੰਭਾਲਣ ਵੇਲੇ ਧੂੜ ਦਾ ਉਡਣਾਂ ਮਨੁੱਖੀ ਮਨ ਵਿਚ ਕਰਮਕਾਂਡਾਂ ਦਾ ਸੰਕੇਤ ਦਿੰਦਾ ਹੈ। ਅਜਿਹੇ ਮਨੁੱਖਾਂ ਦਾ ਮਨ ਸਥਿਰ ਅਵਸਥਾ ਵਿਚ ਨਹੀਂ ਟਿਕ ਸਕਦਾ :

ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥ (ਗੁ. ਗ੍ਰੰ. 491)

ਮਨੁੱਖ ਵਿਚ ਅਜਿਹੀ ਬਿਰਤੀ ਦਾ ਹੋਣਾ ਪਾਖੰਡ ਹੈ। ਅਜਿਹੇ ਮਨੁੱਖਾ ਵਿਚ ਬਹੁਤ ਤ੍ਰਿਸ਼ਨਾ ਹੁੰਦੀ ਹੈ। ਤ੍ਰਿਸ਼ਨਾ ਨੂੰ ਨਾਮ ਦੁਆਰਾ ਖਤਮ ਕਰਨਾ ਚਾਹੀਦਾ ਹੈ। ਮਨੁੱਖ ਜਨਮ ਦੀ ਸਾਰਥਕਤਾ ਨੂੰ ਸਮਝਣਾ ਚਾਹੀਦਾ ਹੈ, ਕਿਉਂਕਿ ਹੋਰਾਂ ਜਨਮਾਂ ਵਿਚ ਧੂੜ ਉਡਾਉਣ ਵਾਲੀ ਸਥਿਤੀ ਹੋਵੇਗੀ :

"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥
ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥" (ਗੁ. ਗ੍ਰੰ. 524)

ਮਨੁੱਖੀ ਸਰੀਰ ਵਿਚ ਹੀ ਚੇਤਨਾ ਹੈ, ਬਾਕੀ ਜੂਨਾਂ ਵਿਚ ਸਿਮਰਨ ਨਹੀਂ ਹੋ ਸਕਦਾ।

ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ (ਗੁ. ਗ੍ਰੰ. 500-501)

ਮਨੁੱਖ ਨੂੰ ਨਾਮ ਦੀ ਸੋਝੀ ਦਾ ਗਿਆਨ ਉਸ ਸਮੇਂ ਹੁੰਦਾ ਹੈ, ਜਦੋਂ ਨਾਮ ਦੁਆਰਾ ਸਰੀਰਕ ਕਸ਼ਟ ਦੂਰ ਹੁੰਦੇ ਹਨ। ਇਸ ਪ੍ਰਕਾਰ ਮਨੁੱਖ ਦੇ ਮਨ ਵਿਚ ਹਮੇਸ਼ਾ ਲਈ ਸਿਖੀ ਮਾਰਗ ਤੇ ਚਲਣ ਦੇ ਗੁਣ ਪੈਦਾ ਹੁੰਦੇ ਹਨ।

**ਰਾਗੁ ਦੇਵਗੰਧਾਰੀ:** ਇਸ ਰਾਗ ਵਿਚ ਮਹਲਾ ੪, ੫ ਅਤੇ ੯ ਦੀ ਬਾਣੀ ਦਰਜ ਹੈ। 'ਇਹ ਰਾਗ ਆਸਾਵਰੀ ਅਤੇ ਰਾਗੁ ਆਸਾ ਦੇ ਮਿਸ਼ਰਨ ਦੁਆਰਾ ਹੋਂਦ ਵਿਚ ਆਉਂਦਾ ਹੈ। ਇਸ ਰਾਗ ਨੂੰ ਕੇਵਲ ਗੁਰਮਤਿ ਸੰਗੀਤ ਵਿਚ ਲਿਆ ਗਿਆ ਹੈ। ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।'25 ਇਸ ਰਾਗ ਦੁਆਰਾ ਮਨੁੱਖ ਨਾਮ ਦੀ ਬਿਰਤੀ ਦੁਆਰਾ ਕਿਸ ਪ੍ਰਕਾਰ ਦੇ ਪਰਿਵਰਤਨ ਨੂੰ ਮਹਿਸੂਸ ਕਰਦਾ ਇਹ ਦੱਸਿਆ ਗਿਆ ਹੈ।

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ॥

ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਕੀਨੀ ਚੋਲੀਐ॥ (ਗੁ. ਗ੍ਰੰ. 527)

ਜਦੋਂ ਰਾਗ ਗੂਜਰੀ ਵਿਚ ਨਾਮ ਦੇ ਗੁਣ ਪੈਦਾ ਹੋ ਗਏ ਹਨ ਇਥੇ ਨਾਮ ਦੁਆਰਾ ਇਸ ਦਾ ਰੰਗ ਗੂੜਾ ਹੋਣਾ ਸ਼ੁਰੂ ਹੋ ਗਿਆ।

ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ॥ (ਗੁ. ਗ੍ਰੰ. 527)

ਮਨੁੱਖ ਨੇ ਸਰੀਰ ਰਾਹੀਂ ਆਤਮਿਕ ਅਵਾਜ਼ ਦੁਆਰਾ ਹਰੀ ਦੀ ਪ੍ਰਾਪਤੀ ਕਰਨੀ ਹੈ।

ਸਫਲ ਜਨਮ ਹਰਿ ਜਨ ਦਾ ਉਪਜਿਆ ਜਿਨਿ ਕੀਨੋ ਸਉਤ ਬਿਧਾਤਾ (ਗੁ. ਗ੍ਰੰ. 532)

ਮਨੁੱਖ ਆਪਣੇ ਜੀਵਨ ਨੂੰ ਸਫਲਤਾ ਨਾਲ ਜਿਊਣ ਵਾਸਤੇ ਪਰਮਾਤਮਾ ਦਾ ਨਾਮ ਜਪਣ ਵਾਲਾ ਪੁੱਤਰ ਬਣੇ, ਜਿਸ ਨਾਲ ਉਹ ਅਸਲ ਮੰਜਿਲ ਨੂੰ ਪ੍ਰਾਪਤ ਕਰ ਸਕਦਾ ਹੈ। 'ਇਸ ਰਾਗ ਵਿਚ ਵਿਚਰਦੇ ਪਤਾ ਲੱਗਦਾ ਕਿ ਖੁਸ਼ੀ ਗੁਰੂ ਦੇ ਚਰਨਾ ਵਿਚ ਹੈ। ਗੁਰੂ ਦੇ ਪਾਸ ਬੈਠਿਆਂ ਹੈ। ਉਹ ਭਟਕਣਾ ਜੋ ਗੂਜਰੀ ਵਿਚ ਬਹੁਤ ਤਿਖੀ ਸੀ ਦੇਵਗੰਧਾਰੀ ਵਿਚ ਆ ਕੇ ਥੰਮ ਗਈ ਹੈ' 26 ਇਸ ਰਾਗ ਵਿਚ ਮਨੁੱਖ ਗੁਰੂ ਦੇ ਉਪਦੇਸ਼ਾਂ ਨੂੰ ਚਿੰਤਨ ਦਾ ਆਧਾਰ ਬਣਾ ਰਿਹਾ ਹੈ।

**ਰਾਗੁ ਬਿਹਾਗੜਾ :-** ਰਾਗ ਬਿਹਾਗੜਾ ਵਿਚ ਮਹਲਾ ੧, ੨, ੩ ਦੀ ਬਾਣੀ ਦਰਜ ਨਹੀ ਹੈ। ਇਸ ਰਾਗ ਵਿਚ ਮਹਲਾ ੫ ਦਾ ਕੇਵਲ ਇਕ ਚਉਪਦਾ ਦਰਜ ਕੀਤਾ ਗਿਆ ਹੈ। 'ਇਹ ਬਿਲਾਵਲੁ ਠਾਟ ਦਾ ਸੰਪੂਰਨ ਰਾਗ ਹੈ'27 'ਇਸ ਰਾਗ ਨੂੰ ਬਿਹਾਗ ਅਤੇ ਖਮਾਜ ਦੇ

ਅੰਸ਼ਾਂ ਦੇ ਸੁਮੇਲ ਦੁਆਰਾ ਬਣਾਇਆ ਗਿਆ ਹੈ। ਬਿਲਾਵਲੁ ਰਾਗ ਦੇ ਅੰਸ਼ਾਂ ਤੋਂ ਬਿਹਾਗੜੇ ਰਾਗ ਨੂੰ ਪ੍ਰਭਾਵਿਤ ਮੰਨਿਆ ਜਾਂਦਾ ਹੈ। ਇਸ ਰਾਗ ਦਾ ਗਾਇਨ ਰਾਤ ਦੇ ਦੂਸਰੇ ਪਹਿਰ ਵਿਚ ਕੀਤਾ ਜਾਂਦਾ ਹੈ। ਇਸ ਨੂੰ ਬਿਲਾਵਲੁ ਠਾਟ ਦੁਆਰਾ ਹੋਂਦ ਵਿਚ ਆਇਆ ਮੰਨਿਆ ਜਾਂਦਾ ਹੈ। ਇਸ ਰਾਗ ਨੂੰ ਰਾਤ ਦੇ ਦੂਜੇ ਪਹਿਰ ਵਿਚ ਗਾਇਨ ਕਰਨ ਦੀ ਹਦਾਇਤ ਹੈ।'28 ਇਸ ਰਾਗ ਵਿਚ ਵਧੇਰੇ ਛੰਤ ਬਾਣੀ ਹੈ। ਇਸੇ ਕਾਰਨ ਵਿਛੋੜੇ ਦੀ ਪੀੜ ਨੂੰ ਬਿਆਨ ਕੀਤਾ ਗਿਆ ਹੈ। 'ਵਿਛੋੜਾ ਮਨੁੱਖ ਲਈ ਵਿਯੋਗ ਹੈ, ਇਸ ਵਿਯੋਗ ਨੂੰ ਦੂਰ ਕਿਵੇਂ ਕਰਨਾ ਹੈ'29 ਇਸ ਵਿਛੋੜੇ ਨੂੰ ਸਾਧ ਸੰਗਤ ਦੁਆਰਾ ਦੂਰ ਕੀਤਾ ਜਾ ਸਕਦਾ ਹੈ। ਸਾਧਸੰਗਤ ਵਿਚ ਜਾ ਕੇ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਥਿਰੁ ਸਾਧ ਸਫਰੀਆ॥
ਜਹ ਕੀਰਤਨੁ ਹਰੀਆ॥
ਨਾਨਕ ਸਰਨਰੀਆ॥ (ਗੁ. ਗ੍ਰੰ. 537)

**ਰਾਗੁ ਵਡਹੰਸੁ :-** ਇਸ ਰਾਗ ਵਿਚ ਮਹਲਾ ੧, ੩, ੪, ੫ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੀ ਵਿਸ਼ੇਸ਼ ਮਹੱਤਤਾ ਹੈ, ਕਿਉਂਕਿ ਇਸ ਰਾਗ ਦੇ ਸ਼ਬਦਾਂ ਦਾ ਗਾਇਨ ਖੁਸ਼ੀ ਅਤੇ ਗਮੀ ਦੋਵਾਂ ਸਮਿਆਂ ਤੇ ਕੀਤਾ ਜਾਂਦਾ ਹੈ। 'ਇਸ ਰਾਗ ਨੂੰ ਖਮਾਜ ਥਾਟ ਦੁਆਰਾ ਬਣਾਇਆ ਜਾਂਦਾ ਹੈ। ਇਸ ਰਾਗ ਦੇ ਗਾਇਨ ਦਾ ਸਮਾਂ ਰਾਤ ਦਾ ਦੂਜਾ ਪਹਿਰ ਅਤੇ ਦੁਪਹਿਰ ਦਾ ਸਮਾਂ ਮੰਨਦੇ ਹਨ।'30 'ਮਾਰੂ ਗੌਰਾਨੀ, ਦੁਰਗਾ, ਧਨਾਸਰੀ ਜੈਤ ਮਿਲਕੇ ਵਡਹੰਸ ਬਣੀ ਹੈ। ਇਸ ਰਾਗ ਦਾ ਮੌਸਮ ਸਰਦ ਰੁੱਤ ਕਿਹਾ ਗਿਆ ਹੈ।'31 ਇਸ ਰਾਗ ਵਿਚ ਮਨੁੱਖ ਨੂੰ ਆਪਣੀਆਂ ਵਾਸ਼ਨਾਵਾਂ ਤੇ ਕਾਬੂ ਪਾਉਣ ਦੀ ਪ੍ਰੇਰਨਾ ਹੈ। ਮਨੁੱਖ ਨੇ ਸਮਾਜ ਵਿਚ ਆਪਣਾ ਜੀਵਨ ਇਕ ਸੰਤੁਲਨ ਅਨੁਸਾਰ ਬਣਾ ਕੇ ਰੱਖਣਾ ਹੈ। ਜੀਵਨ ਦੇ ਸੰਤੁਲਨ ਵਾਸਤੇ ਨਾਮ ਦੀ ਸੋਝੀ ਦਾ ਹੋਣਾ ਜਰੂਰੀ ਹੈ, ਕਿਉਂਕਿ ਪਰਮੇਸ਼ਰ ਦੇ ਨਾਮ ਦੁਆਰਾ ਮਨੁੱਖ ਨੂੰ ਭੈਅ ਤੇ ਭਰਮ ਤੰਗ ਨਹੀਂ ਕਰਦੇ। 'ਨਾਮ ਤੋਂ ਅਵੇਸਲੇ ਹੋਣ ਤੇ ਘੁੱਪ ਹਨੇਰਾ ਛਾਇਆ ਹੋਇਆ ਲੱਗੇਗਾ, ਅੰਤਾਂ ਦੀ ਕਾਹਲ ਤੇ ਘਬਰਾਹਟ ਪੈਦਾ ਹੋ ਜਾਂਦੀ ਹੈ ਅਤੇ ਫਿਰ ਦੁਬਾਰਾ ਭੈ ਤੇ ਭਰਮ ਮਨੁੱਖ ਨੂੰ ਆ ਚਮੜਦੇ ਹਨ।'32

ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥
ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥ (ਗੁ. ਗ੍ਰੰ. 561)

**ਰਾਗੁ ਸੋਰਠਿ :** ਇਸ ਰਾਗ ਵਿਚ ਮਹਲਾ ੧, ੩, ੪, ੫, ੯ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ। ਇਸ ਰਾਗ ਦੇ ਗਾਇਨ ਦਾ ਸਮਾਂ ਰਾਤ ਦਾ ਦੂਜਾ ਪਹਿਰ ਕਿਹਾ ਜਾਂਦਾ ਹੈ। ਇਸ ਰਾਗ ਨੂੰ ਖਮਾਜ ਥਾਟ ਦੁਆਰਾ ਹੋਂਦ ਵਿਚ ਆਇਆ ਮੰਨਿਆ

ਜਾਂਦਾ ਹੈ। 33 'ਇਸ ਨੂੰ ਪ੍ਰਸਿੱਧ ਰਾਗਾਂ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਇਸ ਨੂੰ ਸ਼ੌਰਾਸਟਰ ਤੋਂ ਸੋਰਠ ਰਾਗੁ ਦਾ ਨਾਮ ਦਿੱਤਾ ਗਿਆ ਹੈ। ਸ਼ੋਰਾਸ਼ਟਰ ਵਿਚ ਬਹੁਤ ਪ੍ਰਾਚੀਨ ਸ਼ਿਵ ਜੀ ਦਾ ਮੰਦਰ ਹੈ ਉਸ ਮੰਦਰ ਨੂੰ ਸੋਰਠੀ ਸੋਮਨਾਥ ਕਿਹਾ ਜਾਂਦਾ ਹੈ।'34

ਇਸ ਰਾਗ ਵਿਚ ਮਨੁੱਖ ਨੂੰ ਸੰਸਾਰਕ ਕਾਰਜਾਂ, ਪਾਖੰਡਾਂ ਦੇ ਦਿਖਾਵੇ ਵੱਲ ਧਿਆਨ ਦੇਣ ਤੋਂ ਵਰਜਿਆ ਹੈ। ਅੰਮ੍ਰਿਤ ਵਰਗੇ ਅਮਲ ਖਜ਼ਾਨੇ ਦੀ ਪ੍ਰਾਪਤੀ ਤਾ ਹੀਂ ਹੋ ਸਕਦੀ ਹੈ, ਜੇਕਰ ਮਨ ਨੂੰ ਸਾਫ਼ ਬਣਾਇਆ ਜਾਵੇ, ਕਿਉਂਕਿ ਪਰਮਾਤਮਾ ਮਨੁੱਖ ਦੇ ਹਿਰਦੇ ਵਿਚ ਪ੍ਰਕਾਸ਼ਮਾਨ ਹੈ ਮਨੁੱਖ ਨੂੰ ਪ੍ਰੇਮ ਦੁਆਰਾ ਉਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। 'ਪ੍ਰੇਮ ਬਿਨ੍ਹਾਂ ਸਭ ਨਿਰਾਰਥਕ ਹੈ। ਰਸਮੀ ਧਰਮ ਤੇ ਕਰਮਕਾਂਡ ਨੂੰ ਛੱਡਣ ਨਾਲ ਹੀ ਸੁਖ ਮਿਲੇਗਾ ਜੇਕਰ ਅਜਿਹਾ ਨਾ ਕੀਤਾ ਗਿਆ ਤਾ ਭਟਕਣਾ ਹੀ ਬਣੀ ਰਹੇਗੀ।' 35

ਮਨ ਕਾ ਜੀਉ ਪਵਨ ਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ॥
ਜੇ ਤੂੰ ਦੇਹਿ ਤ ਹਰਿ ਰਸ ਗਾਈ ਮਨ ਤ੍ਰਿਪਤੈ ਹਰਿ ਲਿਵ ਲਾਗਾ॥ (ਗੁ. ਗ੍ਰੰ. 598)

ਮਨੁੱਖ ਨੂੰ ਕਰਮਕਾਂਡਾਂ ਤੋਂ ਹਟਾਉਣ ਵਾਲਾ ਪਰਮੇਸ਼ਰ ਦਾ ਨਾਮ ਹੈ।

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ (ਗੁ. ਗ੍ਰੰ. 657)

ਮਨੁੱਖ ਨੂੰ ਪ੍ਰੇਮ ਦੇ ਬੰਧਨ ਵਿਚ ਪਰਮਾਤਮਾ ਨੇ ਬੰਨਿਆਂ ਹੈ ਉਸ ਦਾ ਸਿਮਰਨ ਕਰਕੇ ਦੁਨਿਆਵੀ ਮੋਹ ਤੋਂ ਛੁਟਿਆ ਜਾ ਸਕਦਾ ਹੈ।

**ਰਾਗੁ ਧਨਾਸਰੀ :** ਰਾਗ ਧਨਾਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਸਵਾ ਰਾਗ ਹੈ। 'ਧਨਾਸਰੀ ਪੱਛਮੀ ਪੰਜਾਬ ਦੇ ਇਕ ਭਾਗ ਦਾ ਨਾਮ ਸੀ ਤੇ ਇਥੋ ਦੀ ਸਥਾਨਕ ਧੁਨ ਦੇ ਆਧਾਰ ਤੇ ਹੀ ਇਸ ਦੀ ਸਥਾਪਨਾ ਹੋਈ।'36 ਇਸ ਨੂੰ ਦਿਨ ਦੇ ਤੀਜੇ ਪਹਿਰ ਵਿਚ ਗਾਇਨ ਕੀਤਾ ਜਾਂਦਾ ਹੈ।37 ਇਸ ਰਾਗ ਵਿਚ ਤਾਰਿਆਂ ਦੇ ਪ੍ਰਤੀਕ ਰਾਹੀਂ ਆਰਤੀ ਦਾ ਸੰਕੇਤ ਦਿੱਤਾ ਗਿਆ ਹੈ। ਮਨੁੱਖ ਦੇ ਜੀਵਨ ਵਿਚ ਉਸ ਆਰਤੀ ਦੀ ਗੱਲ ਕੀਤੀ ਗਈ ਹੈ, ਜਿਸ ਦੁਆਰਾ ਨਾਮ ਦੇ ਪ੍ਰਕਾਸ਼ ਰਾਹੀਂ ਆਪਣੇ ਜੀਵਨ ਨੂੰ ਅਸਲ ਨੇਮ ਵਿਚ ਲਗਾਉਣਾ ਹੈ।

ਨਾਮ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥
ਨਾਮ ਤੇਰੋ ਆਸਰੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥ (ਗੁ. ਗ੍ਰੰ. 694)

ਇਥੇ ਕਰਮਕਾਂਡਾਂ ਵਾਲੀ ਆਰਤੀ ਕਰਨ ਦੀ ਨਿਖੇਧੀ ਕੀਤੀ ਗਈ ਹੈ। ਆਰਤੀ ਦਾ ਪ੍ਰਤੀਕ ਦੇ ਕੇ ਮਨੁੱਖ ਨੂੰ ਸਿੱਧੇ ਰਸਤੇ ਤੇ ਤੁਰਨ ਦਾ ਸੰਕੇਤ ਦਿੱਤਾ ਗਿਆ ਹੈ। 'ਧਨਾਸਰੀ ਗਾਇਆ ਰਾਹ ਮਿਲ ਜਾਂਦਾ ਹੈ। ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਕਰਨ ਦੀ ਲੋੜ ਹੈ ਇਸ ਪ੍ਰਕਾਰ ਮਨੁੱਖਾ ਜੀਵਨ ਵਿਚ ਪ੍ਰਕਾਸ਼ ਵਧ ਜਾਂਦਾ ਹੈ।'38

**ਰਾਗੁ ਜੈਤਸਰੀ :** ਇਸ ਰਾਗ ਵਿਚ ਮਹਲਾ ੪, ੫, ਅਤੇ ੯ ਦੀ ਬਾਣੀ ਦਰਜ ਹੈ। 'ਇਹ ਪੂਰਵ ਥਾਟ ਦੀ ਔੜਵ ਸੰਪੂਰਨ ਰਾਗਿਣੀ ਹੈ। ਇਸ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹੀ ਵਿਚ ਸਾਰੇ ਸੁਰ ਹਨ। ਇਸ ਨੂੰ ਦਿਨ ਦੇ ਚੌਥੇ ਪਹਿਰ ਵਿਚ ਗਾਇਨ ਕੀਤਾ ਹੈ।'39 'ਇਸੇ ਤਰ੍ਹਾਂ ਹੋਰ ਵਿਦਵਾਨਾਂ ਨੇ ਇਸ ਨੂੰ ਰਾਗਣੀ ਕਿਹਾ ਹੈ। ਇਸ ਨੂੰ ਟੋਡੀ ਅਤੇ ਬਿਭਾਸ ਦੀ ਸੁਮੇਲਤਾ ਨਾਲ ਬਣਿਆ ਰਾਗ ਕਿਹਾ ਜਾਦਾ ਹੈ।' 40

ਜੈਤਸਰੀ ਰਾਗ ਦੁਆਰਾ ਮਨੁੱਖ ਨੂੰ ਜੀਵਨ ਦੇ ਅਸਲ ਨੇਮ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਵਾਸਤੇ ਮਨੁੱਖ ਨੂੰ ਆਪਣੇ ਇਸ ਜੀਵਨ ਦੀ ਸੋਝੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਵਾਸਤੇ ਸਭ ਤੋਂ ਵਿਲੱਖਣ ਸਥਾਨ ਮਨੁੱਖ ਦੇ ਮਨ ਦਾ ਹੈ। ਮਨ ਦੀ ਸਥਿਰਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਨਾਲ ਮਨੁੱਖ ਨੂੰ ਜੋਗ ਦੇ ਅਸਲ ਪਸਾਰੇ ਦਾ ਗਿਆਨ ਹੁੰਦਾ ਹੈ :

ਆਖੇ ਜੋਗੀ ਜੁਗਤਿ ਜੁਗਾਹਾ॥
ਆਖੇ ਨਿਰਭਉ ਤਾੜੀ ਲਾਹਾ॥ (ਗੁ. ਗ੍ਰੰ. 699)

ਸਭ ਸਾਧਨਾਂ ਤੇ ਮਨੁੱਖ ਨੂੰ ਜੋਗ ਦੀ ਸਿਧੀ ਪਰਮਾਤਮਾ ਆਪ ਦੇ ਰਿਹਾ ਹੈ, ਹਰ ਮਨੁੱਖ ਪਰਮਾਤਮਾ ਨੂੰ ਸੁੱਖ-ਦੁੱਖ ਵਿਚ ਯਾਦ ਕਰ ਰਿਹਾ ਹੈ :

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ
ਕਿਲਵਿਖ ਮੈਲੁ ਪਾਪ ਧੋਵਾਹਾ॥ (ਗੁ. ਗ੍ਰੰ. 699)

ਜਦੋਂ ਮਨੁੱਖ ਉਸ ਦਾ ਨਾਮ ਸਿਮਰਦਾ ਹੈ। ਉਸ ਦੇ ਸਾਰੇ ਕਰਮਾਂ-ਧਰਮਾਂ ਦੇ ਕਾਰਜ ਇਸੇ ਵਿਚ ਆ ਜਾਂਦੇ ਹਨ ਅਤੇ ਉਸ ਦੀ ਬੁੱਧੀ ਨੂੰ ਮਾੜੀ ਮਤ ਦੀ ਮੈਲ ਨਹੀਂ ਚੜਦੀ। ਇਸ ਵਾਸਤੇ ਇਸ ਸੋਝੀ ਤੋਂ ਬਾਅਦ ਮਨੁੱਖ ਪਰਮਾਤਮਾ ਦੀ ਸ਼ਰਨ ਵਿਚ ਜਾਣਾ ਲੋਚਦਾ ਹੈ :

ਕੋਈ ਜਨ ਹਰਿ ਸਿਉ ਦੇਵੈ ਜੋਰਿ॥ (ਗੁ. ਗ੍ਰੰ. )

ਜੈਤਸਰੀ ਰਾਗ ਮਨੁੱਖ ਨੂੰ ਸਾਰੇ ਹਾਲਾਤਾਂ ਵਿਚ ਪਰਮਾਤਮਾ ਦੇ ਨਾਮ ਵੱਲ ਜੋੜ ਕੇ ਰੱਖਦਾ ਹੈ। ਨਾਮ ਦੀ ਪ੍ਰਾਪਤੀ ਮਨੁੱਖ ਵਿਚ ਉਤਸ਼ਾਹ ਪੈਦਾ ਕਰਦੀ ਹੈ। 'ਜੈਤਸਰੀ ਦਾ ਪ੍ਰਭਾਵ ਸੁਖ ਤੇ ਖੁਸ਼ੀ ਦੇਣ ਵਾਲਾ ਹੈ। ਗਮੀ-ਖੁਸ਼ੀ, ਹਰਖ-ਸੋਗ ਵਿਚ ਵੀ ਮਨ ਦੀ ਉਧੇੜ ਬੁਣ ਲੱਗੀ ਰਹਿੰਦੀ ਹੈ।'41 ਮਨੁੱਖ ਨੂੰ ਹਰ ਇਕ ਵਿਚ ਉਸ ਦੀ ਜੋਤ ਦਾ ਅਹਿਸਾਸ ਹੁੰਦਾ ਹੈ।

**ਰਾਗੁ ਟੋਡੀ :** ਇਸ ਰਾਗ ਵਿਚ ਮਹਲਾ ੪, ੫ ਅਤੇ ੯ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਉਤਰੀ ਭਾਰਤੀ ਸੰਗੀਤ ਪੱਧਤੀ ਦਾ ਰਾਗ ਕਿਹਾ ਜਾਂਦਾ ਹੈ। ਇਸ ਰਾਗ ਦੀ ਪ੍ਰਕਿਰਤੀ ਗੰਭੀਰ ਹੈ। ਉਸ ਸਮੇਂ ਦੇ ਗ੍ਰੰਥਕਾਰਾਂ ਦੁਆਰਾ ਕਿਸੇ ਨੇ ਇਸ ਨੂੰ ਰਾਗਣੀ ਅਤੇ ਕਿਸੇ

ਨੇ ਰਾਗ ਕਿਹਾ ਹੈ।'42 ਗੁਰੂ ਸਾਹਿਬਾਨ ਦੁਆਰਾ ਸਾਰੇ ਰਾਗਾਂ ਨੂੰ ਰਾਗ ਹੀ ਕਿਹਾ ਗਿਆ ਹੈ। 'ਇਸ ਰਾਗ ਨੂੰ ਦਿਨ ਦੇ ਦੂਜੇ ਪਹਿਰ ਵਿਚ ਗਾਇਨ ਕਰਨ ਦੀ ਹਦਾਇਤ ਹੈ। ਆਸਾਵਰੀ, ਜੋਨਪੁਰੀ, ਗੰਧਾਰੀ ਦੇਸੀ ਅਤੇ ਖਾਟ ਟੋਡੀ ਇਸ ਰਾਗ ਦੀਆਂ ਕਿਸਮਾਂ ਕਹੀਆਂ ਗਈਆਂ ਹਨ।'43

ਟੋਡੀ ਰਾਗੁ ਵਿਚ ਮਨੁੱਖ ਦੇ ਮਨ ਦੀ ਉਸ ਸਥਿਤੀ ਦਾ ਵਰਣਨ ਕੀਤਾ ਹੈ ਜਦੋਂ ਮਨੁੱਖ ਪਰਮਾਤਮਾ ਵੱਲੋਂ ਕਈ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਪਰੰਤੂ ਮਨੁੱਖ ਦੇ ਮਨ ਵਿਚ ਇਹਨਾਂ ਦੀ ਸਦੀਵੀਂ ਹੋਂਦ ਪ੍ਰਤੀ ਫਰਕ ਰਹਿੰਦਾ ਹੈ ਜਿਸ ਕਾਰਨ ਮਨੁੱਖ ਭਟਕ ਸਕਦਾ ਹੈ। ਉਹ ਕਿਸੇ ਮਨੁੱਖ ਹਸਤੀ ਦੀ ਸ਼ਰਨ ਵਿਚ ਜਾ ਕੇ ਪਰਮਾਤਮਾ ਦੇ ਨਾਮ ਤੋਂ ਅਵੇਸਲੇ ਹੋ ਸਕਦੇ ਹਨ :

ਲੋਭ ਵਿਕਾਰ ਜਿਨਾ ਮਨ ਲਾਗਾ ਹਰਿ ਵਿਸਰਿਆ ਪੁਰਖ ਚੰਗੇਰਾ॥ (ਗੁ. ਗ੍ਰੰ. 711)

ਉਹ ਮਨੁੱਖ ਪ੍ਰਭੂ ਦੀ ਪਹਿਚਾਣ ਨਹੀਂ ਕਰ ਸਕਦੇ। ਉਸ ਦੀ ਪਹਿਚਾਣ ਮਨੁੱਖ ਨੂੰ ਨਾਮ ਦੁਆਰਾ ਹੁੰਦੀ ਹੈ :

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥ (ਗੁ. ਗ੍ਰੰ. 711)

ਵਾਹਿਗੁਰੂ ਨਾਮ ਦਾ ਸਿਮਰਨ ਕਰਨ ਨਾਲ ਮਨੁੱਖ ਨੂੰ ਅਜਿਹਾ ਰਾਜ ਮਿਲ ਜਾਂਦਾ ਹੈ, ਜੋ ਸਾਰੇ ਰਾਜਾਂ ਤੋਂ ਵੱਖਰਾ ਹੈ, ਕਿਉਂਕਿ ਇਹ ਰਾਜ ਸਦੀਵੀਂ ਹੈ। ਇਸ ਨਾਲ ਮਨੁੱਖ ਦਾ ਅਨੁਭਵ ਬਹੁਤ ਵਿਸ਼ਾਲ ਹੋ ਜਾਂਦਾ ਹੈ ਉਹ ਮਹਿਸੂਸ ਕਰਦਾ ਹੈ।

ਮਾਈ ਮੇਰੇ ਮਨ ਕੀ ਪਿਆਸ।
ਇਕ ਖਿਨ ਰਹਿ ਨ ਸਕਉ ਬਿਨੁ ਪ੍ਰੀਤਮ ਦਰਸ਼ਨ ਦੇਖਨ ਕਉ ਧਾਰੀ ਮਨ ਆਸ॥ (ਗੁ. ਗ੍ਰੰ. 716)

ਇਸ ਪ੍ਰਕਾਰ ਮਨੁੱਖ ਨੂੰ ਗੁਰੂ ਦੁਆਰਾ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਨੂੰ ਸੋਝੀ ਹੋ ਜਾਂਦੀ ਹੈ ਕਿ ਇਹ ਉਸ ਦਾ ਸਭ ਤੋਂ ਉੱਚਾ ਸੁੱਖ ਹੈ। 'ਇਸੇ ਕਾਰਨ ਟੋਡੀ ਦੀ ਬਾਣੀ ਵਿਚ ਇੱਕੋ ਨੂੰ ਸਲਾਹੁਣ ਦਾ ਮਜ਼ਮੂਨ ਲਿਆ ਹੈ ਤਾਂ ਕਿ ਮਨੁੱਖ ਦੁਨਿਆਵੀ ਦਰਾਂ ਤੇ ਭਟਕਦਾ ਨਾ ਫਿਰੇ, ਜਿਨ੍ਹਾਂ ਨੇ ਵੀ ਮਨੁੱਖਾਂ ਦੇ ਦਰ ਦਾ ਪੱਲਾ ਫੜਿਆ, ਉਹ ਦੁਖੀ ਹੁੰਦੇ ਹਨ।'44 ਇਸ ਵਾਸਤੇ ਹਮੇਸ਼ਾ, ਉਸ ਪਰਮੇਸ਼ਰ ਦੇ ਦਰ ਦਾ ਆਸਰਾ ਲੈ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

**ਰਾਗੁ ਬੈਰਾੜੀ:** ਇਸ ਰਾਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 13 ਵੇਂ ਨੰਬਰ ਤੇ ਰੱਖਿਆ ਗਿਆ ਹੈ। ਇਸ ਰਾਗ ਵਿਚ ਮਹਲਾ ੪ ਅਤੇ ੫ ਦੇ ਕੇਵਲ ਦੁਪਦੇ ਅੰਕਿਤ ਕੀਤੇ ਗਏ ਹਨ। ਇਸ ਰਾਗ ਵਿਚ ਚਉਪਦੇ ਨਹੀਂ ਦਿੱਤੇ ਗਏ। 'ਇਹ ਬਹੁਤ ਕਠਿਨ ਰਾਗ ਹੈ। ਇਸ ਰਾਗ ਦੀਆਂ ਵੰਨਗੀਆਂ ਸਭ ਰਾਗਾਂ ਤੋਂ ਵਧੇਰੇ ਹਨ। ਸਾਰੰਗਦੇਵ ਦੁਆਰਾ ਇਸ ਰਾਗ ਨੂੰ ਵੈਰਾਠੀ ਕਿਹਾ ਗਿਆ ਹੈ। ਇਸ ਰਾਗ ਦੀ ਸਾਰੀ ਸੁੰਦਰਤਾ ਦੀ ਪ੍ਰਕਿਰਿਆ ਗੰਧਾਰ ਧੈਵਤ ਨਾਲ ਮੱਧਮ ਪੰਚਮ ਦੀ ਸੁਮੇਲਤਾ ਵਿਚ ਛੁਪੀ ਹੋਈ ਹੈ। ਇਸ ਰਾਗ ਦੀ ਰਚਨਾ ਮਾਰਵਾ ਖਾਟ ਤੋਂ ਹੋਈ ਮੰਨੀ ਜਾਂਦੀ ਹੈ।' 45

ਬੈਰਾੜੀ ਰਾਗ ਮਨੁੱਖ ਨੂੰ ਦੁਨਿਆਵੀ ਆਸਰਿਆ ਨੂੰ ਛੱਡ ਕੇ ਇਕ ਦਰ ਤੇ ਰਹਿਣ ਦੀ ਹਦਾਇਤ ਕਰਦਾ ਹੈ। ਉਹ ਦਰ ਪਰਮੇਸ਼ਰ ਦਾ ਹੈ। ਇਸ ਦਰ ਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਵੱਡੇ ਵੱਡੇ ਦੇਵੀ ਦੇਵਤਿਆਂ ਨੇ ਵੀ ਉਸ ਨੂੰ ਧਿਆਇਆ ਹੈ। ਉਹ ਆਪਣੇ ਵਿਚ ਹੰਕਾਰ ਦੀ ਬਿਰਤੀ ਦੇ ਦਬਦਬੇ ਕਾਰਨ ਅਸਲ ਜਿਗਿਆਸਾ ਨਹੀ ਪ੍ਰਾਪਤ ਕਰ ਸਕੇ।

ਸ਼ੰਕਰ ਕ੍ਰੋੜ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ॥ (ਗੁ. ਗ੍ਰੰ. 719)

ਜਦੋਂ ਇਕ ਆਮ ਇਨਸਾਨ ਜਾ ਮਨੁੱਖ ਉਸ ਨੂੰ ਧਿਆਉਂਦਾ ਹੈ। ਉਸ ਨੂੰ ਆਤਮਿਕ ਅਨੰਦ ਦੀ ਪ੍ਰਾਪਤੀ ਹੋਣ ਲੱਗ ਜਾਂਦੀ ਹੈ, ਉਹ ਆਪਣੇ ਅਜਿਹੇ ਸੁਭਾਅ ਨੂੰ ਨਹੀਂ ਛੱਡ ਸਕਦਾ ਕਿਉਂਕਿ ਉਸ ਦੀ ਜਗਿਆਸਾ ਨੇ ਉਸ ਦੀ ਪਰਮਾਤਮਾ ਤੇ ਦ੍ਰਿੜਤਾ ਬਣਾ ਦਿੱਤੀ ਹੈ। ਇਸ ਪ੍ਰਕਾਰ ਮਨੁੱਖ ਨੂੰ ਪਰਮਾਤਮਾ ਦਾ ਅਹਿਸਾਸ ਹੋਣ ਲੱਗ ਜਾਂਦਾ ਹੈ, ਪਰੰਤੂ ਉਹ ਮਨੁੱਖ ਦੀਆਂ ਬੁਰਿਆਈਆਂ ਵਿਚ ਸ਼ਾਮਲ ਨਹੀਂ ਹੁੰਦਾ।

ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰ ਨਿਰੰਕਾਰਾ॥(ਗੁ. ਗ੍ਰੰ. 720)

ਨਿਰਵੈਰ ਅਤੇ ਆਕਾਰ ਰਹਿਤ ਹੋਣ ਤੇ ਵੀ, ਸਾਡਾ ਮਿੱਤਰ ਸਖਾ ਬਣ ਕੇ ਹਮੇਸ਼ਾ ਸਾਡੇ ਨਾਲ ਰਹਿੰਦਾ ਹੈ ਅਤੇ ਮਨੁੱਖ ਦੀ ਰੱਖਿਆ ਕਰਦਾ ਹੈ।

'ਸੋ ਜਦ ਝੋਲੀ ਵਿਚ ਜਗਿਆਸੂ ਦੇ ਬਰਕਤ ਪ੍ਰਭੂ ਦਰੋ ਪੈਂਦੀ ਹੈ ਤਾਂ ਮਨੁੱਖ ਆਪਣੇ ਆਪ ਨੂੰ ਮਾਲਾ ਮਾਲ ਹੋਇਆ ਸਮਝਦਾ ਹੈ।'46 ਮਨੁੱਖ ਨੂੰ ਆਪਣੇ ਸਰੀਰ ਦੀ ਹਰ ਹਰਕਤ ਲਈ ਪਰਮਾਤਮਾ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ ਮਨੁੱਖ ਉਸ ਕਰਤੇ ਦੀਆਂ ਦਾਤਾਂ ਦਾ ਦੇਣ ਕਦੇ ਨਹੀਂ ਦੇ ਸਕਦਾ।

**ਰਾਗੁ ਤਿਲੰਗ :** ਇਸ ਰਾਗ ਵਿਚ ਮਹਲਾ ੧, ੪, ੫, ੯ ਅਤੇ ਭਗਤ ਕਬੀਰ ਤੇ ਨਾਮਦੇਵ ਜੀ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਤਿਲੰਗਾਨਾ ਪ੍ਰਦੇਸ਼ ਦੇ ਨਾਮ ਤੋਂ ਬਣਿਆ ਮੰਨਿਆ ਗਿਆ ਹੈ।'47 'ਇਸ ਰਾਗ ਦੀ ਰਚਨਾ ਵਾਸਤੇ ਖਮਾਜ ਠਾਟ ਨੂੰ ਵਰਤਿਆ ਜਾਂਦਾ ਹੈ। ਨਿਕਟਵਰਤੀ ਹੋਣ ਕਾਰਨ ਉਸ ਦੇ ਨਾਲ ਬਣੀਆ ਸੁਰਾਂ ਧੈਵਤ ਵਰਜਿਤ ਅਤੇ ਰਿਸ਼ਭ ਥੋੜੀ ਮਾਤਰਾ ਵਿਚ ਵਰਤੀ ਜਾਂਦੀ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ ਅਤੇ ਕੁਝ ਕੀਰਤਨੀਏ ਸਿੰਘ ਇਸ ਦਾ ਤੀਜੇ ਪਹਿਰ ਵਿਚ ਗਾਇਨ ਕਰਦੇ ਹਨ।'48

ਰਾਗ ਤਿਲੰਗ ਉਸ ਸਮੇਂ ਦੇ ਸਮਾਜ ਦੀ ਦਸ਼ਾ ਨੂੰ ਰੂਪਮਾਨ ਕਰਦਾ ਹੈ। ਉਸ ਸਮੇਂ ਦੇ ਮਾਹੌਲ ਅਨੁਸਾਰ ਹਰ ਮਨੁੱਖ ਦੇ ਦਿਲ ਵਿਚ ਇਕ ਅਜਿਹੀ ਕਸਕ ਪੈਦਾ ਹੋਈ, ਜਿਸ ਨਾਲ ਸਮਾਜ ਦਾ ਹਰ ਵਰਗ ਪਰੇਸ਼ਾਨ ਹੋ ਰਿਹਾ ਸੀ, ਕਿਉਂਕਿ ਉਸ ਰਾਜ ਨੂੰ ਕਿਵੇ ਬਦਲਿਆ ਜਾਵੇ ਜਿਸ ਨਾਲ ਮਨੁੱਖ ਦਾ ਦਿਲ ਹਲੂਣਿਆ ਜਾਂਦਾ ਹੈ।

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥

ਸਾਹਿਬ ਦੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਸਮੋਲਾ॥ (ਗੁ. ਗ੍ਰੰ. 722)

ਇਸ ਸਾਰੇ ਪਸਾਰੇ ਵਿਚ ਵੈਣ ਪਾਏ ਜਾ ਰਹੇ ਹਨ ਅਜਿਹੇ ਸਮੇਂ ਗੁਰੂ ਸਾਹਿਬ ਪਰਮਾਤਮਾ ਨੂੰ ਯਾਦ ਕਰ ਰਹੇ ਹਨ ਕਿਉਂਕਿ ਸਭ ਬੁਰੇ ਕਾਰਜਾਂ ਲਈ ਮਨੁੱਖਤਾ ਆਪ ਜ਼ਿੰਮੇਵਾਰ ਹੈ। ਸੰਸਾਰਿਕ ਪਸਾਰਿਆਂ ਵਿਚ ਆਪਣਾ ਦਿਲ ਲਾਈ ਰੱਖਿਆ ਹੈ ਅਤੇ ਪਰਮਾਤਮਾ ਨੂੰ ਯਾਦ ਨਹੀਂ ਕੀਤਾ।

ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ

ਜਿਸ ਨਾਹੀ ਕੋਇ ਸਰੀਕੁ ਕਿਸੁ ਲੇਖੇ ਹਉ ਗੁਨੀ (ਗੁ. ਗ੍ਰੰ. 723)

ਉਸ ਦੀ ਯਾਦ ਦਾ ਮਨ ਵਿਚ ਹੋਣਾ ਸਭ ਤੋਂ ਉੱਚਾ ਹੈ, ਕਿਉਂਕਿ ਸੰਸਾਰ ਵਿਚ ਉਸ ਦੀ ਯਾਦ ਤੋਂ ਬਿਨਾਂ ਸਭ ਕੁਝ ਨਾਸ਼ਵਾਨ ਹੈ। ਮਨੁੱਖਤਾ ਨੂੰ ਆਪਣਾ ਸਮਾਂ ਅਜਾਈ ਨਾ ਗਵਾ ਕੇ, ਨਾਮ ਸਿਮਰਨ ਵੱਲ ਲੱਗਣਾ ਚਾਹੀਦਾ ਹੈ। ਨਾਮ ਤੋਂ ਬਿਨਾਂ 'ਤਿਲੰਗ ਵਿਚ ਜੀਵ ਆਤਮਾ ਕੁਝ ਤਿੱਖਾ-ਤਿੱਖਾ ਮਹਿਸੂਸ ਕਰੇਗੀ, ਕੁਝ ਖੋਇਆ-ਪਾਇਆ ਮਿਲਦਾ ਮਹਿਸੂਸ ਹੋਵੇਗਾ।'49 ਸਮਾਜ ਦੀ ਅਜਿਹੀ ਦਸ਼ਾ ਉਸ ਸਮੇਂ ਦੇ ਹਾਕਮ ਸਮਾਜ ਕਾਰਨ ਹੈ, ਇਸ ਵਾਸਤੇ ਅਜਿਹੇ ਸਮਾਜ ਵਿਚ ਹਾਕਮਾਂ ਦੇ ਹਮਲੇ ਤੋਂ ਬਚਣ ਲਈ ਸਮਾਂ ਅਜਾਈ ਨਾ ਗਵਾ ਕੇ, ਨਾਮ ਸਿਮਰਨ ਵਲ ਲੱਗਣਾ ਚਾਹੀਦਾ ਹੈ।

**ਰਾਗੁ ਸੂਹੀ :** ਰਾਗ ਸੂਹੀ ਵਿਚ ਮਹਲਾ ੧, ੪, ੫ ਅਤੇ ਭਗਤ ਕਬੀਰ, ਰਵਿਦਾਸ ਅਤੇ ਫਰੀਦ ਜੀ ਦੀ ਬਾਣੀ ਦਰਜ ਹੈ। 'ਰਾਧਾ ਗੋਬਿੰਦ ਸੰਗੀਤ' ਸਾਰ ਵਿਚ ਨਟ ਨਾਰਾਇਨ ਦੀ ਇਸਤ੍ਰੀ ਸੂਹੀ ਲਿਖੀ ਹੈ।'50 ਸੂਹਾ ਰੰਗ ਸ਼ਗਨਾ ਦਾ ਪ੍ਰਤੀਕ ਹੈ। ਗੁਰੂ ਰਾਮਦਾਸ ਜੀ ਦੁਆਰਾ ਉਚਾਰੀਆਂ ਲਾਵਾਂ ਇਸੇ ਰਾਗ ਵਿਚ ਲਿਖੀਆਂ ਗਈਆਂ ਹਨ। 'ਇਸ ਰਾਗ ਦੀਆਂ ਦੋ ਹੋਰ ਵੰਨਗੀਆਂ ਸੂਹੀ ਕਾਫ਼ੀ ਅਤੇ ਸੂਹੀ ਲਲਿਤ ਹਨ। ਇਸ ਰਾਗ ਦੀ ਵਧੇਰੇ ਵਰਤੋਂ ਨਹੀਂ ਕੀਤੀ ਜਾਂਦੀ। ਇਸ ਰਾਗ ਨੂੰ ਪੁਰਾਤਨ ਧਾਰਮਿਕ ਗ੍ਰੰਥਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਹੈ। ਇਸ ਦਾ ਗਾਇਨ ਦਿਨ ਦੇ ਦੂਜੇ ਪਹਿਰ ਵਿਚ ਕੀਤਾ ਜਾਂਦਾ ਹੈ। ਬਿਲਾਵਲੁ ਦੀ ਸੁਮੇਲਤਾ ਨਾਲ ਬਣਿਆ ਸੂਹੀ ਵਧੇਰੇ ਪ੍ਰਚਲਿਤ ਰਿਹਾ ਹੈ।'51

ਸੂਹਾ ਰੰਗ ਉਤਸ਼ਾਹ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਉਤਸ਼ਾਹ ਤੋਂ ਭਾਵ, ਪਰਮਾਤਮਾ ਦੇ ਨਾਮ ਦੇ ਜਾਪ ਤੋਂ ਹੈ ਜਿਸ ਨਾਲ ਮਨੁੱਖ ਨੂੰ ਪਰਮਾਤਮਾ ਦਾ ਮਿਲਾਪ ਹੋ ਸਕੇ। ਪ੍ਰਭੂ ਮਿਲਾਪ ਲਈ ਮਨੁੱਖ ਨੇ ਆਪਣੀ ਸ਼ਖ਼ਸੀਅਤ ਨੂੰ ਕਿਵੇਂ ਤਿਆਰ ਕਰਨਾ ਹੈ। ਇਸ ਦਾ ਅਹਿਸਾਸ ਮਨੁੱਖ ਨੂੰ ਹੋਣਾ ਚਾਹੀਦਾ ਹੈ ਕਿਉਂਕਿ ਨਾਮ ਕੇਵਲ ਇਸ ਦੇਹ ਵਿਚ ਹੀ ਜਪਿਆ ਜਾ ਸਕਦਾ ਹੈ।

ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨਾ ਨਾਸਾ॥

ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਲਹਿ ਪਾਸਾ॥ (ਗੁ. ਗ੍ਰੰ. 793)

ਪਰਮਾਤਮਾ ਦਾ ਗਿਆਨ ਪ੍ਰਾਪਤ ਕਰਕੇ ਮਨੁੱਖ ਨਾਸ਼ ਨਹੀ ਹੋ ਸਕਦਾ।

ਬਹਤਰਿ ਘਰ ਇਕ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ॥

ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥ (ਗੁ. ਗ੍ਰੰ. 793)

ਅਕਾਲ ਪੁਰਖ ਦੇ ਮਿਲਾਪ ਲਈ ਮਨੁੱਖ ਨੂੰ ਆਪ ਯਤਨ ਕਰਨੇ ਪੈਂਦੇ ਹਨ। ਇਸ ਵਾਸਤੇ ਮਨੁੱਖ ਨੂੰ ਕਿਸੇ ਭੇਖ ਆਡੰਬਰ ਦੀ ਜ਼ਰੂਰਤ ਨਹੀਂ, ਬਲਕਿ ਨਾਮ ਸਿਮਰਨ ਨੂੰ ਆਪਣੀ ਅਮਲੀ ਖੁਰਾਕ ਬਣਾਉਣਾ ਪੈਣਾ ਹੈ।

ਅੰਤਰਿ ਵਸੈ ਨ ਬਾਹਰਿ ਜਾਇ,

ਅੰਮ੍ਰਿਤ ਛੋਡਿ ਕਾਹੇ ਬਿਖੁ ਖਾਇ॥

ਐਸਾ ਗਿਆਨੁ ਜਪਹੁ ਮਨ ਮੇਰੇ

ਹੋਵਹੁ ਚਾਕਰ ਸਾਚੇ ਕੇਰੇ॥ (ਗੁ. ਗ੍ਰੰ. 728)

ਹਰੀ ਦੀ ਪ੍ਰਾਪਤੀ ਲਈ ਨਾਮ ਦਾ ਜਾਪ ਕਰਨਾ ਚਾਹੀਦਾ ਹੈ, ਜਿਸ ਦਾ ਸਿਮਰਨ ਕਰਨ ਨਾਲ ਪਰਮਾਤਮਾ ਦਾ ਮਨੁੱਖ ਨਾਲ ਸਨੇਹ ਬਣ ਜਾਂਦਾ ਹੈ।

ਹਰਿ ਨਾਮਾ ਹਰਿ ਰੰਙ ਹੈ

ਹਰਿ ਰੰਙੁ ਮਜੀਠੈ ਰੰਙੁ

ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਈ ਭੰਙ॥ (ਗੁ. ਗ੍ਰੰ. 731)

ਇਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਹਉਮੈ, ਮੋਹ, ਪਿਆਰ ਜਿਹੀਆਂ ਵਾਸ਼ਨਾਵਾਂ ਦਾ ਪੱਲਾ ਛੱਡ ਗੁਰੂ ਦੀ ਸਰਨ ਵਿਚ ਜਾ ਕੇ ਨਾਮ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

ਗੁਰਮਤਿ ਨਗਰੀ ਖੋਜਿ ਖੋਜਾਈ॥

ਹਰਿ ਹਰਿ ਨਾਮ ਪਦਾਰਥੁ ਪਾਈ॥ (ਗੁ. ਗ੍ਰੰ. 732)

ਵਾਸ਼ਨਾਵਾਂ ਦਾ ਤਿਆਗ 'ਮਨੁੱਖ ਨੂੰ ਦੁਨੀਆਂ ਦੀ ਅਸਲੀਅਤ ਤੋਂ ਜਾਣੂ ਕਰਵਾਉਂਦਾ ਹੈ, ਮਨੁੱਖ ਵਿਚ ਪ੍ਰਭੂ ਨੂੰ ਮਿਲਣ ਦੀ ਤੀਬਰਤਾ ਪੈਦਾ ਹੁੰਦੀ ਹੈ।'52 ਸੂਹੀ ਰਾਗੁ ਨਾਮ ਦੇ ਰੰਗ ਨੂੰ ਅਜਿਹਾ ਸੂਹਾ ਕਰਨ ਪ੍ਰਤੀ ਹੈ, ਜਿਸ ਨਾਲ ਮਨੁੱਖੀ ਮਾਨਸਿਕਤਾ ਪਰਮਾਤਮਾ ਦੇ ਨਾਮ ਵਿਚ ਰੰਗੀ ਜਾਵੇ ਅਤੇ ਪਦਾਰਥਕ ਸੰਸਾਰ ਤੋ ਅਭਿੱਜ ਰਹੇ।

**ਰਾਗੁ ਬਿਲਾਵਲੁ :** ਰਾਗੁ ਬਿਲਾਵਲੁ ਵਿਚ ਮਹਲਾ ੧, ੩, ੪, ੯ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। 'ਇਸ ਰਾਗ ਵਿਚ ਸਾਰੇ ਸੁਰ ਸ਼ੁਧ ਹੁੰਦੇ ਹਨ। ਇਸ ਦਾ ਵਾਦੀ ਸਾ ਤੇ ਸੰਵਾਦੀ ਪਾ ਹੈ। ਇਸ ਰਾਗ ਦਾ ਗਾਇਨ ਖੁਸ਼ੀ ਸਮੇਂ ਕੀਤਾ ਜਾਂਦਾ ਹੈ।'53 'ਇਹ ਇਕ ਰਾਗਣੀ ਦਾ ਨਾਮ ਹੈ। ਗੁਰਮਤਿ ਸੰਗੀਤ ਵਿਚ ਭੈਰਵ ਦਾ ਪੁਤ੍ਰ ਹੈ। ਦੇਵਗਿਰੀ ਤੇ ਸੁਘਰਈ ਮਿਲ ਕੇ ਬਿਲਾਵਲੁ ਹੁੰਦਾ ਹੈ, ਬਿਲਾਵਲੁ ਭਰਤ ਮਤ ਵਿਚ ਭੈਰਵ ਦੀ ਨੂੰਹ ਹੈ, ਹਨੂਮਾਨ ਮਤ ਵਿਚ ਹਿੰਡੋਲ ਦੀ ਰਾਗਨੀ ਮੰਨੀ ਜਾਂਦੀ ਹੈ।'54

ਇਹ ਰਾਗ ਮਨੁੱਖ ਦੇ ਮਨ ਦੀ ਖੁਸ਼ੀ ਨਾਲ ਸੰਬੰਧਿਤ ਹੈ। ਮਨੁੱਖ ਦੇ ਮਨ ਵਿਚ ਖੁਸ਼ੀ ਖੇੜਾ ਗੁਰਬਾਣੀ ਦੁਆਰਾ ਆਉਂਦਾ ਹੈ। ਗਿਆਨ ਦੁਆਰਾ ਜਨਮ ਮਰਨ ਵਿਚ ਭੇਦਤਾ ਨਹੀਂ ਰਹਿੰਦੀ ਅਤੇ ਮਨੁੱਖ ਮੌਤ ਤੋਂ ਭੈਅ ਰਹਿਤ ਹੋ ਜਾਂਦਾ ਹੈ। ਮਨੁੱਖ ਵਿਚ ਇਹਨਾਂ ਗੁਣਾਂ ਦਾ ਪੈਦਾ ਹੋਣਾ ਸਾਧ ਸੰਗਤ ਦੁਆਰਾ ਹੁੰਦਾ ਹੈ।

ਮੋਹਿ ਨਿਰਗੁਨ ਸਭ ਗੁਣਹ ਬਿਹੂਨਾ॥

ਦਇਆ ਧਾਰ ਅਪਨਾ ਕਰਿ ਲੀਨਾ॥ (ਗੁ. ਗ੍ਰੰ. 805)

ਅਕਾਲ ਪੁਰਖ ਨੇ ਮਨੁੱਖ ਨੂੰ ਧੋਖੇ, ਫਰੇਬਾ ਦੇ ਬੰਧਨਾਂ ਤੋਂ ਕੱਢ ਕੇ ਸਾਧਸੰਗਤ ਬਖਸ਼ੀ ਹੈ।

ਅਨਦ ਕਰਹੁ ਮਿਲਿ ਸੁੰਦਰ ਨਾਰੀ

ਗੁਰਿ ਨਾਨਕ ਮੇਰੀ ਪੈਜ ਸਵਾਰੀ (ਗੁ. ਗ੍ਰੰ. 806)

ਰਾਗੁ ਬਿਲਾਵਲੁ ਇਸ ਗੱਲ ਦਾ ਪ੍ਰਤੀਕ ਹੈ ਕਿ ਮਨੁੱਖ ਦੇ ਮਨ ਨੂੰ ਖੁਸ਼ੀ ਪ੍ਰਤੀਤ ਉਸ ਸਮੇਂ ਅਨੁਭਵ ਹੁੰਦੀ ਹੈ, ਜਦੋਂ ਗੁਰਬਾਣੀ ਦੁਆਰਾ ਮਨੁੱਖ ਵਿਚ ਚਿੰਤਨ ਦੀ ਬਿਰਤੀ ਪਰਿਵਰਤਨ ਕਰਦੀ ਹੈ। ਇਹ ਚਿੰਤਨ ਮਨੁੱਖ ਨੂੰ ਪਰਮਾਤਮਾ ਦੇ ਮਿਲਾਪ ਲਈ ਬਿਹਬਲ ਕਰਦਾ ਹੈ ਅਤੇ ਮਨੁੱਖ ਪਰਮਾਤਮਾ ਦੇ ਮਿਲਾਪ ਨੂੰ ਜੀਵਨ ਦੀ ਖੋਜ ਬਣਾ ਲੈਂਦਾ ਹੈ। 'ਮਿਲਾਪ ਉਪਰੰਤ ਜੀਵਨ ਵਿਚ ਇਕ ਨਿਰਾਲੀ ਜਿਹੀ ਖੁਸ਼ਬੋਈ ਪੈਦਾ ਹੁੰਦੀ ਹੈ। ਇਹ ਹੀ ਬਿਲਾਵਲੁ ਹੈ।'55 ਬਿਲਾਵਲੁ ਨਾਮ ਦੁਆਰਾ ਮਨ ਨੂੰ ਖੇੜਾ ਬਖਸ਼ਦਾ ਹੈ।

**ਰਾਗੁ ਗੋਂਡ : ਇਸ ਰਾਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 17 ਨੰਬਰ ਤੇ ਦਰਜ ਕੀਤਾ ਗਿਆ ਹੈ। 'ਇਹ ਰਾਗ ਸੰਪੂਰਣ ਜਾਤੀ ਦਾ ਕਿਹਾ ਜਾਂਦਾ ਹੈ। ਇਸ ਵਿਚ ਗਾ ਤੇ ਪਾ ਕੋਮਲ ਤੇ ਬਾਕੀ ਸੁਰ ਸ਼ੁਧ ਹੁੰਦੇ ਹਨ।'56 ਇਸ ਰਾਗ ਵਿਚ ਮਹਲਾ ੪, ੫, ਭਗਤ ਨਾਮਦੇਵ ਅਤੇ ਰਵਿਦਾਸ ਜੀ ਦੀ ਬਾਣੀ ਦਰਜ ਹੈ। 'ਇਹ ਬਿਲਾਵਲੁ ਥਾਟ ਦਾ ਰਾਗ ਹੈ। ਇਸ ਨੂੰ ਦਿਨ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ। ਗੁਰਮਤਿ ਵਿਚ ਇਸ ਨੂੰ ਸਿਰੀਰਾਗੁ ਦਾ ਪੁੱਤਰ ਕਿਹਾ ਜਾਂਦਾ ਹੈ।'57 ਇਸ ਰਾਗ ਰਾਹੀਂ ਮਨੁੱਖ ਵਿਚ ਅਜਿਹੀ ਬਿਰਤੀ ਦਾ ਆਗਾਜ਼ ਕੀਤਾ ਗਿਆ ਹੈ ਜਿਸ ਦੁਆਰਾ ਮਨੁੱਖ**

**ਮਾਇਆ ਤੋਂ ਵੀ ਪੂਰੀ ਤਰ੍ਹਾਂ ਨਿਰਲੇਪ ਹੋ ਕੇ ਨਹੀਂ ਰਹਿ ਸਕਦਾ, ਕਿਉਂਕਿ ਇਸ ਤੋਂ ਬਿਨ੍ਹਾਂ ਮਨੁੱਖ ਦੇ ਕਾਰਜ ਰਾਸ ਨਹੀਂ ਹੁੰਦੇ। ਇਥੇ ਮਨੁੱਖ ਨੂੰ ਇਸ ਵਾਸਤੇ ਚੇਤੰਨ ਹੋਣ ਦੀ ਲੋੜ ਹੈ ਕਿ ਉਹ ਮਾਇਆ ਦੇ ਪਸਾਰੇ ਵਿਚ ਆਪਣੀ ਆਤਮਾ ਨੂੰ ਨਾਮ ਸਿਮਰਨ ਵੱਲ ਜ਼ਰੂਰ ਲਗਾਏ। ਇਸ ਰਾਗ ਵਿਚ ਜੀਵਨ ਦੇ ਸੰਤੁਲਨ ਨੂੰ ਬਣਾ ਕੇ ਆਤਮਾ ਨੂੰ ਨਾਮ ਦੁਆਰਾ ਇਕਾਗਰਤਾ ਦੇਣ ਦੀ ਗੱਲ ਕੀਤੀ ਗਈ ਹੈ।**

ਨਿਮਾਨੇ ਕਉ ਜੋ ਦੇਤੋ ਮਾਨੁ

ਸਗਲ ਭੂਖੇ ਕਉ ਕਰਤਾ ਦਾਨੁ (ਗੁ. ਗ੍ਰੰ. 863)

ਮਨੁੱਖ ਨੂੰ ਪਦਾਰਥਕ ਜੀਵਨ ਵਿਚ ਪਰਮਾਤਮਾ ਦੀ ਯਾਦ ਨੂੰ ਹਮੇਸ਼ਾ ਦਿਲ ਵਿਚ ਰੱਖਣਾ ਚਾਹੀਦਾ ਹੈ। 'ਇਸ ਤਰ੍ਹਾਂ ਮਨੁੱਖ ਦਾ ਹਿਰਦਾ ਸਰਸ਼ਾਰ ਰਵੇਗਾ। ਭਾਵੇਂ ਮੰਜਿਲ ਤਾ ਨਹੀਂ ਦਿਸਦੀ, ਚਾਨਣਾ ਵੀ ਪੂਰਾ ਨਹੀਂ ਪਰ ਆਤਮਾ ਪੂਰਨ ਉਤਸ਼ਾਹ ਵਿਚ ਰਵੇਗੀ।'58 ਇਸ ਵਾਸਤੇ ਮਾਇਆ ਮਨੁੱਖ ਦੇ ਵਸੀਲਿਆ ਦਾ ਸਾਧਨ ਤਾਂ ਹੈ ਪਰੰਤੂ ਸਮਸਿਆਵਾਂ ਦਾ ਹਲ ਨਹੀਂ ਹੈ। ਪਰਮਾਤਮਾ ਦਾ ਨਾਮ ਸਮੱਸਿਆਵਾਂ ਨੂੰ ਪੈਦਾ ਹੋਣ ਨਹੀਂ ਦਿੰਦਾ।

**ਰਾਗੁ ਰਾਮਕਲੀ : ਇਸ ਰਾਗ ਵਿਚ ਮਹਲਾ ੧, ੩, ੪, ੫ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਇਸ ਰਾਗ ਨੂੰ ਪ੍ਰਾਚੀਨ ਰਾਗੁ ਕਿਹਾ ਜਾਂਦਾ ਹੈ। ਇਸ ਰਾਗ ਦੀ ਵਧੇਰੇ ਵਰਤੋਂ ਗੁਰੂ ਨਾਨਕ ਸਾਹਿਬ ਨੇ ਸਿਧ ਗੋਸ਼ਟਿ ਵਿਚ ਕੀਤੀ। ਇਸ ਰਾਗੁ ਨੂੰ ਵਿਵਹਾਰਿਕ ਕਾਰਜ ਲਈ ਕਾਰਜਸ਼ੀਲ ਕਿਹਾ ਜਾ ਸਕਦਾ ਹੈ ਕਿਉਂਕਿ ਇਸੇ ਰਾਗ ਦੁਆਰਾ ਸਿੱਧਾ ਦੇ ਸੰਕਲਪਾਂ ਵਿਚ ਪਰਿਵਰਤਨ ਹੋਇਆ ਹੈ। 'ਇਸ ਰਾਗ ਵਿਚ ਭੈਰਵ ਰਾਗ ਦੇ ਅੰਗਾਂ ਦੀ ਵਰਤੋਂ ਕੀਤੀ ਗਈ। ਇਸ ਕਾਰਨ ਸੁਰਾਂ ਭੈਰਵ ਵਿਚੋਂ ਲਿਆ ਗਿਆ ਹੈ।'59**

ਰਾਮਕਲੀ ਰਾਗੁ ਮਨੁੱਖ ਵਿਚ ਚੇਤਨਾ ਦੀ ਅਜਿਹੀ ਚਿਣਗ ਪੈਦਾ ਕਰਦਾ ਹੈ ਮਨੁੱਖ ਬ੍ਰਹਮ ਦੀ ਹੋਂਦ ਨੂੰ ਮਹਿਸੂਸ ਕਰਨਾ ਲੋਚਦਾ ਹੈ। ਮਨੁੱਖ ਸਾਰੇ ਕਰਮਕਾਂਡਾ ਤੋਂ ਅਵੇਸਲਾ ਹੋ ਜਾਂਦਾ ਹੈ।

ਗੁਰ ਕਾ ਸਬਦੁ ਵੀਚਾਰਿ ਜੱਗੀ॥

ਦੁਖ ਸੁਖ ਗਮ ਕਰਣਾ ਸੋਗ ਬਿਓਗੀ॥

ਭੁਗਤਿ ਨਾਮੁ ਗੁਰ ਸਬਦਿ ਬੀਚਾਰੀ॥

ਅਸਥਿਰੁ ਕੰਧੁ ਜਪੈ ਨਿਰੰਕਾਰੀ॥ (ਗੁ. ਗ੍ਰੰ. 879)

ਇਸ ਜਨਮ ਵਿਚ ਚਾਹੇ ਕੋਈ ਸਧਾਰਨ ਮਨੁੱਖ ਹੈ, ਜਾਂ ਜੋਗੀ ਹਰ ਇਕ ਨੂੰ ਗੁਰ ਸ਼ਬਦ ਨੂੰ ਮਨ ਵਿਚ ਵਸਾ ਕੇ ਦੁੱਖ-ਸੁੱਖ ਨੂੰ ਸਮਾਨ ਸਮਝਣਾ ਪਵੇਗਾ। ਇਸ ਪ੍ਰਕਾਰ ਮਨੁੱਖ ਦੀ ਸਥਿਤੀ ਅਡੋਲਤਾ ਵਾਲੀ ਬਣ ਜਾਂਦੀ ਹੈ :

ਐਸਾ ਜੋਗ ਕਮਾਵਹੁ ਜੋਗੀ॥

ਜਪ ਤਪ ਸੰਜਮੁ ਗੁਰਮੁਖਿ ਭੋਗੀ॥ (ਗੁ. ਗ੍ਰੰ. )

ਜੋਗੀ ਨੂੰ ਆਪਣੀ ਜੀਵਨ ਦ੍ਰਿਸ਼ਟੀ ਵਿਚ ਜੋਗ ਦੁਆਰਾ ਅਜਿਹੇ ਕਰਮਾਂ ਤੇ ਚਿੰਨ੍ਹਾਂ ਨੂੰ ਪੈਦਾ ਕਰਨਾ ਚਾਹੀਦਾ ਹੈ, ਜਿਸ ਨਾਲ ਉਸ ਦੀ ਰਹਿਣੀ ਗੁਰਮੁਖਾਂ ਵਰਗੀ ਬਣ ਸਕਦੀ ਹੈ। ਮਨੁੱਖ ਨੇ ਆਪਣੇ ਸੰਕਲਪਾਂ ਨਾਲ ਜੀਵਨ ਵਿਚ ਪਰਿਵਰਤਨ ਕਰਨਾ ਹੈ। "ਕਰੁਣਾਮਈ ਹੋਈ ਆਤਮਾ ਨੂੰ ਪ੍ਰਤੀਤੀ ਦੀ ਚਾਸ਼ਨੀ ਚਾੜਨੀ ਹੈ। ਸੋ ਰਾਮਕਲੀ ਰਾਗੁ ਇਹ ਦਰਸਾਉਂਦਾ ਹੈ ਕਿ ਬਾਹਰੋਂ ਝਾਕਣ ਨਾਲੋਂ ਅੰਦਰਲੇ ਦੀ ਝਾਤ ਲਿਵ ਪੈਦਾ ਕਰ ਦੇਵੇਗੀ।"60 ਇਸ ਰਾਗੁ ਦੁਆਰਾ ਮਨੁੱਖ ਆਪਣੇ ਆਪ ਨੂੰ ਨਾਮ ਤੋਂ ਵਿਹੂਣਾਂ ਮਹਿਸੂਸ ਕਰਦਾ ਹੈ।

**ਰਾਗੁ ਨਟ ਨਰਾਇਣ : ਇਸ ਰਾਗ ਨੂੰ ਗੁਰਮਤਿ ਵਿਚ ਮੇਘ ਦਾ ਪੁਤਰ ਕਿਹਾ ਗਿਆ ਹੈ। ਹਮੀਰ ਕਲਿਆਣ ਦੇ ਮੇਲ ਕਰਕੇ ਨਟ ਬਣਦਾ ਹੈ, ਪਰੰਤੂ ਹੋਰਨਾਂ ਮਤਾਂ ਵਿਚ ਸ਼ਿਵਰਾਤ ਕਾਲੀ ਨਾਥ ਮਤ ਵਿਚ ਪੂਰਵ ਸਾਧ ਰਾਗੁ ਮੰਨਿਆ ਹੈ।61 ਇਸ ਰਾਗ ਵਿਚ ਮਹਲਾ ੪ ਅਤੇ ੫ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਰਾਤ ਦੇ ਦੂਜੇ ਪਹਿਰ ਵਿਚ ਗਾਇਨ ਕਰਨ ਦੀ ਹਦਾਇਤ ਹੈ। ਇਸ ਰਾਗ ਦੀ ਉਤਪਤੀ ਪਾਰਬਤੀ ਦੇ ਮੁੱਖ ਤੋਂ ਹੋਈ ਮੰਨੀ ਜਾਂਦੀ ਹੈ।'62 ਇਸ ਰਾਗ ਵਿਚ ਮਨੁੱਖ ਦਾ ਮਨ ਡੋਲ ਰਿਹਾ ਹੈ, ਉਸ ਨੂੰ ਕਿਵੇਂ ਸਥਿਰ ਕਰਨਾ ਹੈ। ਯੋਗ ਸਾਧਨ ਅਤੇ ਗਿਆਨ ਧਿਆਨ ਮਨ ਨੂੰ ਸਥਿਰਤਾ ਨਹੀਂ ਦੇ ਸਕਦੇ। ਮਨ ਵਿਚ ਪਰਮੇਸ਼ਰ ਦੀ ਪ੍ਰੀਤ ਹੋਣੀ ਚਾਹੀਦੀ ਹੈ ਜਿਸ ਨਾਲ ਮਨੁੱਖ ਦਾ ਮਨ ਤ੍ਰਿਪਤ ਹੁੰਦਾ ਹੈ :**

ਰਾਮ ਹਉ ਕਿਆ ਜਾਨਾ ਕਿਆ ਭਾਵੈ॥

ਮਨਿ ਪਿਆਸ ਬਹੁਤ ਦਰਸਾਵੈ॥

ਸੋਈ ਗਿਆਨੀ ਸੋਈ ਜਨੁ ਤੇਰਾ ਜਿਸ ਉਪਰਹਿ ਚੁਚ ਆਵੈ॥ (ਗੁ. ਗ੍ਰੰ. 978)

ਮਨੁੱਖ ਦੇ ਮਨ ਦੀ ਸੰਤੁਸ਼ਟੀ ਹੋ ਗਈ, ਪਰੰਤੂ ਇਸ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਉਸ ਪਰਮੇਸ਼ਰ ਦੀ ਨਜ਼ਰ ਵੀ ਪ੍ਰਸੰਨਤਾ ਵਾਲੀ ਹੋਣੀ ਚਾਹੀਦੀ ਹੈ। ਇਸ ਵਾਸਤੇ ਮਨੁੱਖ ਨੂੰ ਆਪਣੀ ਬਿਰਤੀ ਇਸ ਪ੍ਰਕਾਰ ਦੀ ਕਰਨੀ ਪੈਣੀ ਹੈ :

ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ॥ (ਗੁ. ਗ੍ਰੰ. )

ਰਾਗੁ ਨਟ ਨਾਰਾਇਣ ਮਨੁੱਖ ਨੂੰ ਹਰ ਸਮੇਂ ਸਿਮਰਨ ਕਰਨ ਲਈ ਪ੍ਰੇਰਦਾ ਹੈ ਕਿਉਂਕਿ ਮਨੁੱਖ ਦਾ ਮਨ ਅਵੇਸਲਾ ਹੋ ਕੇ ਇਕ ਸਥਾਨ ਤੇ ਬੈਠ ਕੇ ਕਿਤੇ ਦਾ ਕਿਤੇ ਚਲਾ ਜਾਂਦਾ ਹੈ। 'ਮਨ ਅੰਦਰਲੀ ਅਜਿਹੀ ਦਸ਼ਾ ਦੇਖ ਕਾਹਲ ਪੈਂਦੀ ਮਹਿਸੂਸ ਹੁੰਦੀ ਹੈ। ਮਨ ਨਾਮ ਤੋਂ ਬਿਨਾ ਪਿਆਸਾ ਹੈ ਨਾਮ ਨਾਲ ਮਨ ਸਥਿਰ ਹੋ ਜਾਵੇਗਾ ਨਟ ਖਟ ਨਹੀਂ ਰਵੇਗਾ।'63 ਇਸ ਪ੍ਰਕਾਰ ਨਾਮ ਮਨੁੱਖ ਜੀਵਨ ਦਾ ਅਜਿਹਾ ਜ਼ਰੂਰੀ ਆਹਾਰ ਹੈ, ਜਿਸ ਤੋਂ ਬਿਨ੍ਹਾਂ ਮਨੁੱਖ ਜਿਊਂਦਾ ਨਹੀਂ ਰਹਿ ਸਕਦਾ। ਨਾਮ ਅਜਿਹੀ ਦਵਾਈ ਹੈ, ਜੋ ਸਭ ਰੋਗਾਂ ਦਾ ਇਲਾਜ ਹੈ।

**ਰਾਗੁ ਮਾਲੀ ਗਉੜਾ : ਇਸ ਰਾਗ ਵਿਚ ਮਹਲਾ ੪, ੫ ਅਤੇ ਭਗਤ ਨਾਮਦੇਵ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਕਿਸੇ ਵੀ ਪ੍ਰਾਚੀਨ ਗ੍ਰੰਥ ਵਿਚ ਦਰਜ ਨਹੀਂ ਕੀਤਾ ਗਿਆ। ਇਸ ਰਾਗ ਨੂੰ ਮਾਰਵਾ ਥਾਟ ਦਾ ਕਿਹਾ ਜਾਂਦਾ ਹੈ। ਇਸ ਰਾਗ ਨੂੰ ਦਿਨ ਦੇ ਚੌਥੇ ਪਹਿਰ ਵਿਚ ਗਾਇਆ ਜਾਂਦਾ ਹੈ। ਇਸ ਰਾਗ ਨੂੰ ਗੁਰਮਤਿ ਸੰਗੀਤ ਤੋਂ ਭਿੰਨ ਰਾਗ ਮੰਨਿਆ ਜਾਂਦਾ ਹੈ।'64 ਰਾਗ ਮਾਲੀ ਗਉੜਾ ਵਿਚ ਮਨੁੱਖ ਦੇ ਅੰਦਰ ਦੀਆਂ ਵਾਸ਼ਨਾਵਾਂ ਨੂੰ ਸ਼ਾਂਤ ਕਰਨ ਵਾਸਤੇ ਸਤਿਸੰਗ ਕਰਨ ਦੀ ਲੋੜ ਨੂੰ ਪੇਸ਼ ਕੀਤਾ ਗਿਆ ਹੈ। ਇਹ ਕਰਮਾਂ ਅਨੁਸਾਰ ਮਿਲਦੀ ਹੈ। ਇਸ ਵਾਸਤੇ ਮਨੁੱਖ ਗੁਣਾਂ ਲਈ ਸੋਝੀ ਨੂੰ ਪ੍ਰਾਪਤ ਕਰਕੇ ਆਪਣੇ ਸੰਕਲਪਾਂ ਵਿਚ ਬਦਲਾਵ ਕਰ ਸਕਦਾ ਹੈ। ਇਹ ਉਸ ਦੇ ਜੀਵਨ ਦਾ ਨੇਮ ਬਣ ਜਾਣਾ ਚਾਹੀਦਾ ਹੈ :**

ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ॥

ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ॥ (ਗੁ. ਗ੍ਰੰ. 986)

ਇਸ ਰਾਗ ਰਾਹੀਂ ਮਨੁੱਖ ਨੂੰ ਸਾਧਸੰਗਤ ਦੀ ਮਹੱਤਤਾ ਦੁਆਰਾ ਨਾਮ ਸਿਮਰਨ ਕਰਕੇ, ਆਪਣੇ ਮਨ ਨੂੰ ਬੰਧਨਾਂ ਤੋਂ ਛੁਟਕਾਰਾ ਪਾਉਣ ਦਾ ਮਾਰਗ ਦੱਸਿਆ ਗਿਆ ਹੈ। ਮਨੁੱਖ ਸਮਾਜ ਦੇ ਬੰਧਨਾਂ ਵਿਚ ਨਹੀਂ ਉਲਝਦਾ, ਬੁਰੇ ਕਰਮਾਂ ਤੋਂ ਬੱਚ ਕੇ ਪਾਪਾ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਦੀ ਇਕ ਆਸ ਮੁਕਤੀ ਵਲ ਬੱਝਦੀ ਹੈ ਕਿਉਂਕਿ ਉਸ ਨੂੰ ਆਪਣੀਆਂ ਗਿਆਨ ਇੰਦਰੀਆਂ ਦੀ ਅਸਲ ਵਰਤੋਂ ਕਰਨ ਦਾ ਪਤਾ ਲੱਗ ਜਾਂਦਾ ਹੈ :

ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ॥

ਬਲਿਹਾਰਿ ਜਾਵੈ ਸਦਾ ਨਾਨਕੁ ਦੇਹੁ ਆਪਣਾ ਨਾਉ॥ (ਗੁ. ਗ੍ਰੰ. 988)

ਇਹਨਾਂ ਗਿਆਨ ਇੰਦਰੀਆਂ ਦੁਆਰਾ ਮਨੁੱਖ ਨੂੰ ਪਰਮਾਤਮਾ ਦਾ ਅਨੁਭਵ ਹੁੰਦਾ ਹੈ। 'ਕਾਮ, ਕਰੋਧ, ਲੋਭ, ਮੋਹ ਨਿਤ ਝਗੜਦੇ ਹਨ। ਇਨ੍ਹਾਂ ਨੂੰ ਸਰ ਕਰਨ ਲਈ ਅੰਦਰ ਉਸਾਰਨ ਦੀ ਲੋੜ ਹੈ ਤਾਂ ਕਿ ਇਹ ਮਾਰ ਨਾਸ਼ ਕਰ ਸਕਣ'65 ਇਸ ਵਾਸਤੇ ਨਾਮ ਦੀ ਪ੍ਰਾਪਤੀ ਕਰਨ ਵਾਸਤੇ ਮਨੁੱਖ ਵਿਚ ਉਤਸ਼ਾਹ ਹੋਣਾ ਚਾਹੀਦਾ ਹੈ। ਇਸ ਪ੍ਰਕਾਰ ਨਾਮ ਦੀ ਪ੍ਰਾਪਤੀ ਮਨੁੱਖ ਦੇ ਮਨ ਨੂੰ ਖੁਸ਼ੀ ਦਿੰਦੀ ਹੈ।

**ਰਾਗੁ ਮਾਰੂ : ਇਸ ਰਾਗ ਨੂੰ ਪ੍ਰਧਾਨ ਰਾਗਾਂ ਵਿਚ ਨਹੀਂ ਗਿਣਿਆ ਜਾਂਦਾ। ਇਹ ਅਪ੍ਰਚਲਿਤ ਰਾਗੁ ਹੈ। ਇਥੇ ਸੰਕੇਤ ਕੀਤਾ ਜਾਂਦਾ ਕਿ ਮਾਰੂ ਦੇਸ ਤੋਂ ਮਾਰੂ ਦੀ ਹੋਂਦ ਹੋਈ ਇਸ ਰਾਗ ਨੂੰ ਮਾਰੂ ਦੇਸ ਤੋਂ ਬਣਿਆ ਕਿਹਾ ਜਾਂਦਾ ਹੈ।66 'ਸੁਰ ਤਾਲ ਸਮੂਹ, ਰਾਗੁ ਦੀਪਕ, ਰਾਗ ਬਿਨੋਦ ਵਿਚ ਮਾਲਕੌਂਸ ਦਾ ਪੁਤ੍ਰ ਮਾਰੂ ਲਿਖਿਆ ਹੈ। ਇਸ ਦੇ ਤੀਜੇ ਪਹਿਰ ਵਿਚ ਇਸ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ। ਦੇਸੀ ਸੰਕੀਰਨ ਹੈ, ਮੌਸਮ ਸਰਦ ਰੁੱਤ, ਜੋਸ਼ ਲੜਾਈ ਦਾ ਪੈਦਾ ਕਰਦਾ ਹੈ।'67 ਮਨੁੱਖੀ ਜੀਵਨ ਇਕ ਅਜਿਹੇ ਯੁੱਧ ਦੇ ਮੈਦਾਨ ਦੀ ਤਰ੍ਹਾਂ ਹੈ, ਜਿਸ ਵਿਚ ਮਨੁੱਖ ਨੂੰ ਹਮੇਸ਼ਾ ਚੇਤੰਨ ਰਹਿਣਾ ਪੈਂਦਾ ਹੈ। ਇਕ ਪਾਸੇ ਮਨੁੱਖ ਸਮਾਜ ਵਿਚ ਹੋ ਰਹੇ ਪਾਪ ਤੇ ਜੁਲਮ ਵੇਖਦਾ ਹੈ। ਉਹ ਸਮਾਜ ਵਿਚ ਰਹਿੰਦਿਆਂ, ਇਹਨਾਂ ਦਾ ਅੰਤ ਕਰਨਾ ਲੋਚਦਾ ਹੈ, ਪਰੰਤੂ ਅਜਿਹੇ ਔਗੁਣਾਂ ਵਾਸਤੇ ਸਮਾਜ ਦੀ ਸੁਰ ਦਾ ਇਕ ਹੋਣਾ ਜ਼ਰੂਰੀ ਹੈ। ਦੂਜੇ ਪੱਖ ਵਿਚ, ਮਨੁੱਖ ਨੂੰ ਆਪਣੇ ਮਨ ਨਾਲ**

ਯੁੱਧ ਕਰਕੇ ਆਪਣੀ ਆਤਮਾ ਨੂੰ ਸੰਸਾਰਕ ਬੰਧਨਾਂ ਤੋਂ ਨਿਰਲੇਪ ਰੱਖਣਾ ਪੈਂਦਾ ਹੈ। ਮਨ ਨੂੰ ਨਾਮ ਨਾਲ ਇਕਸੁਰ ਕਰਨ ਦੀ ਜ਼ਰੂਰਤ ਹੈ। ਇਸ ਪ੍ਰਕਾਰ ਨਾਮ ਸਿਮਰਨ ਨਾਲ ਮਨੁੱਖ ਦੀ ਰੂਹ ਸਮਾਜ ਤੋਂ ਨਿਰਲੇਪ ਹੋ ਜਾਂਦੀ ਹੈ, ਉਹ ਮੌਤ ਦੀ ਪਰਵਾਹ ਵੀ ਨਹੀਂ ਕਰਦਾ। ਮਨੁੱਖ ਸਮਾਜ ਅਤੇ ਮਨ ਦੇ ਸੰਘਰਸ਼ ਨੂੰ ਨਾਮ ਦੀ ਕੁਠਾਲੀ ਦੁਆਰਾ ਉਤਾਰ ਦਿੰਦਾ ਹੈ।

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ॥

ਚਰਣ ਸਰਣ ਭਜੁ ਸੰਗਿ ਭਵ ਸਾਗਰ ਉਤਰਹਿ ਪਾਰਿ॥ (ਗੁ. ਗ੍ਰੰ. 1006)

ਨਾਮ ਮਨੁੱਖ ਲਈ ਅਮੋਲਕ ਗਹਿਣੇ ਦੇ ਸਮਾਨ ਹੈ। 'ਨਾਮ ਦੁਆਰਾ ਮਨੁੱਖ ਦੀ ਟਿਕੀ ਆਤਮਾ ਜੁਰਅਤਿ ਵਾਲੇ ਹੋ ਮਸਤ ਫਿਰੰਗੀ ਬੇਪ੍ਰਵਾਹ ਹੋ ਵਿਚਰੇਗੀ, ਨਾਮ ਤੋਂ ਬਿਨਾ ਮਨੁੱਖ ਦੀ ਆਤਮਾ ਦੀ ਦਸ਼ਾ ਅਜਿਹੀ ਹੋਵੇਗੀ ਜਿਵੇਂ ਰੱਥ ਦੌੜੇ ਧੂੜ ਉੱਡਦੀ ਹੈ ਜਾਂ ਜਦ ਪੰਖੀ ਧਰਤੀ ਛੱਡ ਅਸਮਾਨ ਵਲ ਉਡਾਰੀ ਮਾਰਦਾ ਹੈ ਤਾਂ ਧੂੜ ਉਡਾਂਦੇ ਫੜਫੜਾਹਟ ਹੁੰਦੀ ਹੈ।'68 ਇਸ ਪ੍ਰਕਾਰ ਨਾਮ ਮਨ ਲਈ ਟਿਕਾਅ ਦਾ ਅਸਲ ਖਜ਼ਾਨਾ ਹੈ।

**ਰਾਗੁ ਤੁਖਾਰੀ : ਇਸ ਰਾਗ ਵਿਚ ਮਹਲਾ ੧, ੪ ਅਤੇ ੫ ਦੀ ਬਾਣੀ ਦਰਜ ਹੈ। ਬਲਕਿ ਗੁਰਮਤਿ ਸੰਗੀਤ ਵੱਲੋਂ ਪ੍ਰਚਾਰ ਵਿਚ ਆਇਆ ਹੈ। 'ਇਸ ਨੂੰ ਦੇਸੀ ਰਾਗ ਕਿਹਾ ਜਾ ਸਕਦਾ ਹੈ। ਇਸ ਬਾਣੀ ਦਾ ਗਾਇਨ ਗੁਰੂ ਨਾਨਕ ਸਾਹਿਬ ਦੁਆਰਾ ਆਪਣੇ ਅੰਤਲੇ ਸਮੇਂ ਵਿਚ ਕੀਤਾ ਗਿਆ।'69 'ਬਹੁਤ ਭਾਲ ਕਰਨ ਤੇ ਇਸ ਰਾਗ ਦੀ ਸੰਪੂਰਨਤਾ ਦਾ ਪਤਾ ਲੱਗਿਆ ਭਾਵ ਇਸ ਰਾਗ ਵਿਚ ਸੱਤਾਂ ਸੁਰਾਂ ਦੀ ਵਰਤੋਂ ਕੀਤੀ ਗਈ ਹੈ। ਇਸ ਰਾਗ ਨੂੰ ਸਵੇਰ ਸਮੇਂ ਗਾਇਨ ਕੀਤਾ ਜਾਂਦਾ ਹੈ।'70**

ਤੁਖਾਰੀ ਰਾਗ ਵਿਚ ਚਉਪਦੇ ਦਰਜ ਨਹੀਂ ਹਨ। ਇਸ ਰਾਗ ਵਿਚ ਛੰਤ ਬਾਣੀ ਦਰਜ ਕੀਤੀ ਗਈ ਹੈ। 'ਇਸ ਰਾਗ ਦੀ ਪ੍ਰਕ੍ਰਿਤੀ ਵਿਛੋੜ ਦੀ ਕਸਕ ਵਾਲੀ ਹੈ। ਸੋ ਗੁਰੂ ਜੀ ਨੇ ਛੰਤ ਰਚ ਕੇ ਮਿਲਾਪ ਦਾ ਸੁਖ ਪੈਦਾ ਕੀਤਾ ਹੈ।'71 ਇਸ ਰਾਗ ਨੂੰ ਗੁਰੂ ਨਾਨਕ ਸਾਹਿਬ ਦੁਆਰਾ ਅੰਤ ਦੇ ਸਮੇਂ ਉਚਾਰਨ ਦਾ ਅਸਲ ਕਾਰਨ ਇਹ ਸੀ ਕਿ ਉਹਨਾਂ ਦੀ ਆਤਮਾ ਉਸ ਸਮੇ ਨਿਰਗੁਣ ਬ੍ਰਹਮ ਦੇ ਸਰੂਪ ਵਿਚ ਵਿਲੀਨ ਹੋ ਜਾ ਰਹੀ ਸੀ। ਇਹ ਰਾਗ ਮਿਲਾਪ ਦੀ ਬਿਰਤੀ ਨੂੰ ਪੇਸ਼ ਕਰਦਾ ਹੈ।

**ਰਾਗੁ ਕੇਦਾਰਾ : ਰਾਗ ਕੇਦਾਰਾ ਵਿਚ ਮਹਲਾ ੪, ੫ ਅਤੇ ਭਗਤ ਕਬੀਰ ਜੀ ਦੀ ਬਾਣੀ ਦਰਜ ਹੈ। 'ਇਸ ਰਾਗ ਦਾ ਗਾਇਨ ਰਾਤ ਦੇ ਦੂਜੇ ਪਹਿਰ ਵਿਚ ਕੀਤਾ ਜਾਂਦਾ ਹੈ। ਇਹ ਰਾਗ ਖੁਸ਼ੀ ਅਤੇ ਵਿਯੋਗ ਪੈਦਾ ਕਰਦਾ ਹੈ। ਬੁੱਧ ਪ੍ਰਕਾਸ਼ ਦਰਪਣ ਵਿਚ ਇਸ ਨੂੰ ਮੇਘ ਦਾ ਪੁੱਤਰ ਲਿਖਿਆ ਗਿਆ ਹੈ।'72 ਇਸ ਰਾਗ ਨੂੰ ਮਤਾਂ ਵਿਚ ਰਾਗਨੀ ਕਿਹਾ ਗਿਆ ਹੈ। 'ਭਾਰਤੀ ਸੰਗੀਤ ਪੱਧਤੀ ਵਿਚ ਇਸ ਰਾਗ ਦਾ ਅਨਿਖੜਵਾਂ ਸਥਾਨ ਹੈ। ਇਸ ਰਾਗ ਨੂੰ ਸਧਾਰਨ ਰਾਗਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਸ ਦਾ ਗਾਇਨ ਰਾਤ ਦੇ ਦੂਜੇ ਪਹਿਰ ਵਿਚ ਕਰਨ ਦੀ ਹਦਾਇਤ ਹੈ।'73**

ਇਹ ਰਾਗ ਮਨੁੱਖ ਦੇ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਭਟਕਣਾ ਮਨੁੱਖ ਦੇ ਮਨ ਨੂੰ ਹਮੇਸ਼ਾ ਦੌੜ ਭੱਜ ਵਿਚ ਲਗਾਈ ਰੱਖਦੀ ਹੈ। ਦੌੜ ਭੱਜ ਕਰਨ ਦੀ ਬਿਰਤੀ ਨੂੰ ਨਾਮ ਨਾਲ ਸਥਿਰਤਾ ਦਿੱਤੀ ਜਾ ਸਕਦੀ ਹੈ, ਜਦੋਂ ਪਦਾਰਥਕ ਸੰਸਾਰ ਮਨੁੱਖ ਨੂੰ ਜੰਜਾਲਾਂ ਵਿਚ ਘਿਰ ਜਾਂਦੀ ਹੈ, ਉਸ ਸਮੇਂ ਨਾਮ ਹੀ ਉਸ ਦੇ ਮਨ ਨੂੰ ਖਾਲੀ ਕਰਕੇ ਹਰੀ ਦੇ ਪ੍ਰੇਮ ਦਾ ਰਸ ਦਿੰਦਾ ਹੈ।

ਪ੍ਰੀਤਮ ਬਸਤ ਰਿਦ ਮਹਿ ਖੋਰ॥

ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ॥ (ਗੁ. ਗ੍ਰੰ. 1121)

ਇਸ ਰਾਗ ਵਿਚ ਮਨੁੱਖ ਨੂੰ ਆਪਣੀ ਆਤਮਾ ਨੂੰ ਉਤਸ਼ਾਹ ਦੇਣ ਵਾਸਤੇ ਪਰਮਾਤਮਾ ਦਾ ਨਾਮ ਲੈਣ ਦੀ ਪ੍ਰੇਰਨਾ ਦਿੱਤੀ ਗਈ ਹੈ। ਨਾਮ ਤੋਂ ਬਿਨਾ ਮਨੁੱਖ ਦਾ ਜੀਵਨ ਨਿਰਾਰਥਕ ਹੈ। 'ਨਾਮ ਦੁਆਰਾ ਮਨੁੱਖ ਦੇ ਪਾਪ ਢੱਕੇ ਜਾਂਦੇ ਹਨ, ਦੌੜ ਭੱਜ ਮੁੱਕ ਜਾਂਦੀ ਹੈ। ਝੰਡੇ ਝੂਲਦੇ ਦਿਖਾਈ ਦੇਂਦੇ ਹਨ। ਆਤਮਾ ਹੁਲਾਰੇ ਵਿਚ ਹੋ ਜਾਂਦੀ ਹੈ।'74 ਮਨੁੱਖ ਕਿਸੇ ਦੇ ਚੰਗੇ ਬੁਰੇ ਕਾਰਜ ਦਾ ਹਾਮੀ ਨਹੀਂ ਬਣਦਾ ਕਿਉਂਕਿ ਉਹ ਅਡੋਲ ਅਵਸਥਾ ਵਿਚ ਹੋ ਜਾਂਦਾ ਹੈ।

**ਰਾਗੁ ਭੈਰਉ : ਇਸ ਰਾਗ ਵਿਚ ਮਹਲਾ ੧, ੩, ੪, ੫ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਮੁਹਰਲੇ ਰਾਗੁ ਦੇ ਤੌਰ ਤੇ ਲਿਆ ਜਾਂਦਾ ਹੈ ਜਦਕਿ ਦੂਜੇ ਰਾਗ ਹੋਰ ਰਾਗਾਂ ਦੇ ਪਰਿਵਾਰ ਵਿਚੋਂ ਲਏ ਗਏ ਹਨ।'75 'ਭਾਰਤੀ ਸੰਗੀਤ ਦੇ ਛੇ ਰਾਗਾਂ ਵਿਚੋਂ ਇਸ ਨੂੰ ਸੰਪੂਰਨ ਰਾਗੁ ਮੰਨਿਆ ਜਾਂਦਾ ਹੈ। ਇਸ ਰਾਗੁ ਦਾ ਗਾਇਨ ਸਵੇਰ ਸਮੇਂ ਕੀਤਾ ਜਾਂਦਾ ਹੈ।'76 ਭੈਰਉ ਰਾਗ ਵਿਚ ਮਾਇਆ ਦੇ ਪਸਾਰੇ ਬਾਰੇ ਚਰਚਾ ਕੀਤੀ ਗਈ ਹੈ। ਪਰਮਾਤਮਾ ਨੇ ਮਨੁੱਖ ਨੂੰ ਮਾਇਆ ਦੇ ਪਸਾਰੇ ਵਿਚ ਪੈਦਾ ਕੀਤਾ ਹੈ। ਮਨੁੱਖ ਮਾਇਆ ਕਾਰਨ ਹੰਕਾਰ ਵਿਚ ਆਉਂਦਾ ਹੈ। ਇਸ ਮਾਇਆ ਨੂੰ ਪ੍ਰਾਪਤ ਕਰਨ ਵਾਸਤੇ ਮਨੁੱਖ ਕਈ ਗ਼ਲਤ ਕੰਮ ਕਰਦਾ ਹੈ।**

ਮਾਇਆ ਕਾਰਣਿ ਕਰੈ ਉਪਾਉ

ਕਬਹਿ ਨ ਘਾਲੈ ਸੀਧਾ ਪਾਉ॥ (ਗੁ. ਗ੍ਰੰ. 1151)

ਮਾਇਆ ਦੇ ਪਸਾਰੇ ਵਿਚ ਮਨੁੱਖ ਪਰਾਈ ਨਿੰਦਿਆ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਫਸਿਆ ਰਹਿੰਦਾ ਹੈ। ਇਹਨਾਂ ਸਾਰੇ ਪਸਾਰਿਆ ਨੂੰ ਗੁਰੂ ਨਾਮ ਦੁਆਰਾ ਛੁਟਿਆ ਜਾ ਸਕਦਾ ਹੈ, ਕਿਉਂਕਿ ਗੁਰੂ ਦਾ ਨਾਮ ਹਉਮੈਂ ਨੂੰ ਦੂਰ ਕਰ ਦਿੰਦਾ ਹੈ।

ਦੀਨ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥ (ਗੁ. ਗ੍ਰੰ. )

ਉਹ ਸ਼ਖ਼ਸੀਅਤ ਧੰਨ ਹੈ, ਜਿਸਨੇ ਮਾਇਆ ਦੇ ਪਸਾਰੇ ਤੋਂ ਨਿਰਲੇਪ ਹੋ ਕੇ ਆਪਣੇ ਆਪ ਨੂੰ ਨਾਮ ਦੀ ਸਿੱਖਿਆ ਦਿੱਤੀ ਹੈ। "ਜੋ ਇਹ ਟੋਆ ਟੱਪ ਗਿਆ, ਹੰਕਾਰ ਵਿਚ ਨਹੀਂ ਗਿਆ, ਟੇਢ ਟੇਢ ਨਹੀ ਟੁਰਿਆ, ਉਸ ਦਾ ਨੂਰ ਨਿਰਾਲਾ। ਉਸ ਦੀ ਦੱਖ ਰੱਖ ਨਿਵੇਕਲੀ। ਉਸ ਦਾ ਰੋਹਬ ਹੀ ਹੋਰ।"77

**ਰਾਗੁ ਬਸੰਤ : ਇਸ ਰਾਗ ਵਿਚ ਮਹਲਾ ੧, ੩, ੪, ੫, ੯ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ। "ਇਸ ਰਾਗ ਨੂੰ ਬਸੰਤ ਪੰਚਮੀ ਦੇ ਦਿਨ ਗਾਉਂਦੇ ਹਨ। ਹਰ ਇਕ ਵੇਲੇ ਗਾਵੀਦਾ ਹੈ। ਹਿਡੋਲ ਮਾਲਕੋਸ਼ ਮਿਲਕੇ ਬਸੰਤ ਬਣਦਾ ਹੈ। ਸਿਧ ਸਾਰਮੁਤ ਦੇ ਮਤ ਵਿਚ ਲਿਖਿਆ ਹੈ ਕਿ ਬਸੰਤ ਰਾਗ ਦਹੀ ਦੇ ਸਮੁੰਦਰ ਤੋਂ ਉਪਜਿਆ ਹੈ।" 78 ਇਸ ਰਾਗ ਦਾ ਕੀਰਤਨ ਵਧੇਰੇ ਕੀਤਾ ਜਾਂਦਾ ਹੈ। 'ਇਸ ਰਾਗ ਵਿਚ ਸੁਰਾਂ ਦਾ ਉਤਰਾਅ ਚੜ੍ਹਾਅ ਰਾਤ ਦੇ ਉਸ ਪਹਿਰ ਨਾਲ ਹੈ, ਜਦੋਂ ਰਾਤ ਖ਼ਤਮ ਹੁੰਦੀ ਜਾਂਦੀ ਹੈ, ਫਿਰ ਨਿਸ਼ਾਦ ਦਾ ਮਹੱਤਵ ਘੱਟ ਜਾਂਦਾ ਹੈ ਅਤੇ ਸ਼ੜਜ ਗ੍ਰਿਹ ਸਵਰ ਹੋ ਜਾਂਦਾ ਹੈ ਅਤੇ ਕੋਮਲ ਰਿਸ਼ਭ ਸੜਜ਼ ਵਿਚ ਬਦਲ ਜਾਂਦੀ ਹੈ।'79 ਰਾਗ ਬਸੰਤ ਦਾ ਜਿਵੇਂ ਪਤਝੜ ਦੀ ਬਸੰਤ ਰੁਤ ਨਾਲ ਸੰਬੰਧ ਹੈ ਪਤਝੜ ਵਾਂਗ ਨਾਮ ਦੁਆਰਾ ਮਾਇਆ ਦੇ ਪਸਾਰੇ ਦਾ ਜਾਲ ਮਨੁੱਖ ਦੀ ਜੀਵਾਤਮਾ ਤੋਂ ਉਤਰ ਗਿਆ ਹੈ। ਹੁਣ ਜੀਵਾਤਮਾ ਇਕ ਅਜਿਹੇ ਖੇੜੇ ਵਿਚ ਰਹਿਣਾ ਲੋਚਦੀ ਹੈ, ਜਿਥੇ ਹਰ ਪਾਸੇ ਨਾਮ ਦੀਆਂ ਗੂੰਜਾਂ ਪੈ ਰਹੀਆਂ ਹਨ। ਵਿਸ਼ੇ ਵਿਕਾਰਾਂ ਦੇ ਜੰਜਾਲ਼ ਤੋਂ ਨਿਕਲ ਕੇ ਮਨ ਇਕ ਧੁੰਨ ਵਿਚ ਲੀਨ ਹੋ ਗਿਆ :**

ਮਾਈ ਮੈ ਧਨੁ ਪਾਇਓ ਹਰਿ ਨਾਮੁ॥

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮ॥ (ਗੁ. ਗ੍ਰੰ. 1186)

ਇਸ ਤਰ੍ਹਾਂ ਨਾਮ ਦੀ ਬਿਰਤੀ ਵਾਲਿਆ ਨੂੰ ਹਮੇਸ਼ਾ ਬਸੰਤ ਦਾ ਖੇੜਾ ਮਹਿਸੂਸ ਹੁੰਦਾ ਹੈ :

ਮਉਲੀ ਧਰਤੀ ਮਉਲਿਆ ਅਕਾਸੁ॥

ਘਟਿ ਘਟਿ ਮਉਲਿਆ ਆਤਮ ਪ੍ਰਗਾਸ॥ (ਗੁ. ਗ੍ਰੰ. 1193)

ਮਨੁੱਖ ਵਿਚ ਪਰਮਾਤਮਾ ਦੇ ਗੁਣਾਂ ਦਾ ਆਗਮਨ ਹੁੰਦਾ ਹੈ :

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਰੋਆ1 (ਗੁ. ਗ੍ਰੰ. 1193)

ਮਨੁੱਖ ਆਪਣੇ ਆਪ ਨੂੰ ਮਾਇਆ ਤੋ ਨਿਰਲੇਪ ਕਰਕੇ ਆਪਣੀ ਆਤਮਾ ਨੂੰ ਅਰੋਗ ਸਮਝਦਾ ਹੈ। 'ਮਾਇਆ ਨਾਲੋਂ ਨਾਤਾ ਤੋੜ ਚੁੱਕੀ ਜੀਵ-ਆਤਮਾ ਖੁਸ਼ੀ ਖੇੜੇ ਵਿਚ ਹੈ। ਮਨ ਤਨ ਮਉਲ ਪਿਆ ਹੈ, ਹੁਣ ਹਰ ਰੁੱਤੇ ਮਨ ਹਰਿਆ ਰਹਿੰਦਾ ਹੈ ਅਤੇ ਸਦਾ ਬਸੰਤ ਵਾਲਾ ਸੁਭਾਅ ਬਣ ਗਿਆ

ਹੈ। ਜੀਵਨ ਸੇਵਾ ਵਿਚ ਲੱਗ ਗਿਆ ਹੈ। ਬਸੰਤ ਕੀ ਵਾਰ ਗਾਉਣ ਵਾਲਾ ਸਦਾ ਉਤਸ਼ਾਹ ਵਿਚ ਰਹਿੰਦਾ ਹੈ।'80 ਇਸ ਪ੍ਰਕਾਰ ਹਰ ਬਾਣੀ ਮਨੁੱਖ ਦੇ ਸੰਕਲਪਾਂ ਨਾਲ ਸੰਬੰਧਿਤ ਹੋਣ ਕਾਰਨ ਮਨੁੱਖ ਦੇ ਕਸ਼ਟਾਂ ਨੂੰ ਦੂਰ ਕਰਦੀ ਹੈ।

**ਰਾਗੁ ਸਾਰੰਗ : ਰਾਗੁ ਸਾਰੰਗ ਵਿਚ ਮਹਲਾ ੧, ੪, ੫ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। 'ਗੁਰਮਤਿ ਸੰਗੀਤ ਵਿਚ ਇਹ ਸਿਰੀ ਰਾਗੁ ਦਾ ਪੁੱਤਰ ਹੈ। ਦਰਬਾਰੀ ਕਾਨੜਾ, ਮਧੁਮਾਧਵੀ, ਦੇਵਗਿਰੀ, ਮਲਾਰ ਨਟ ਦੇ ਮੇਲ ਤੋਂ ਬਣਦਾ ਹੈ।'81 ਇਹ ਰਾਗ ਨਾਮ ਅਨੁਸਾਰ ਅਨੇਕ ਰਾਗਾਂ ਦੀ ਸੁਮੇਲਤਾ ਨਾਲ ਹੋਂਦ ਵਿਚ ਆਇਆ, ਲੱਗਦਾ ਹੈ। 'ਇਹ ਇਕ ਪ੍ਰਚਲਿਤ ਰਾਗ ਹੈ। ਲੋਕ ਗੀਤਾਂ ਦੀਆਂ ਧੁਨਾਂ ਇਸ ਰਾਗ ਦੁਆਰਾ ਬਣਾਈਆਂ ਜਾਂਦੀਆਂ ਹਨ। ਸਪੇਰੇ ਬੀਨ ਵਜਾਉਣ ਵਾਸਤੇ, ਇਸ ਰਾਗ ਦੀਆਂ ਸੁਰ ਦੀ ਵਰਤੋਂ ਕਰਦੇ ਹਨ। ਗੁਰਬਾਣੀ ਵਿਚ ਇਸ ਰਾਗ ਨੇ ਸ਼ਾਸਤਰੀ ਰਾਗ ਅਨੁਸਾਰ ਆਪਣੀ ਪਹਿਚਾਣ ਬਣਾਈ ਹੈ। ਇਸ ਰਾਗ ਦਾ ਗਾਇਨ ਦੁਪਹਿਰ ਸਮੇਂ ਕੀਤਾ ਜਾਂਦਾ ਹੈ।'82**

ਇਸ ਰਾਗ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਗੱਲ ਕੀਤੀ ਗਈ ਹੈ, ਸਤਸੰਗਤ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ, ਕਿਉਂਕਿ ਮਨੁੱਖ ਹਰ ਇਨਸਾਨ ਦੇ ਅੰਦਰ ਵੱਸਦਾ ਹੈ ਅਤੇ ਗੁਰ ਸ਼ਬਦ ਦੀ ਜੋਤ ਦੇ ਪ੍ਰਕਾਸ਼ ਨਾਲ ਮਨੁੱਖ ਵਿਚ ਅਜਿਹੇ ਗੁਣ ਪੈਦਾ ਹੋ ਜਾਂਦੇ ਹਨ, ਜਿਸ ਨਾਲ ਦੁੱਖ ਪਾਪ ਕੱਟੇ ਜਾਂਦੇ ਹਨ :

ਹਰਿ ਕੇ ਸੰਤ ਜਨਾ ਕੀ ਹਮ ਧੂਰਿ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਆਤਮਰਾਮੁ ਰਹਿਆ ਭਰਪੂਰਿ॥ (ਗੁ. ਗ੍ਰੰ. 1198)

ਸਤ ਸੰਗਤ ਕਰਨ ਤੋਂ ਬਾਅਦ ਮਨੁੱਖ ਵਿਚ ਨਾਮ ਦਾ ਚਿੰਤਨ ਗੁਰੂ ਦੀ ਕਿਰਪਾ ਨਾਲ ਹੁੰਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਨਾਮ ਦੀ ਪ੍ਰਾਪਤੀ ਨੂੰ ਜੀਵਨ ਦਾ ਆਧਾਰ ਬਣਾਉਣ ਵਿਚ ਸਫਲ ਹੁੰਦਾ ਹੈ। ਇਸ ਨਾਮ ਦੀ ਖੁਰਾਕ ਨੂੰ ਸਾਧ ਸੰਗਤ ਵਿਚੋਂ ਪ੍ਰਾਪਤ ਕਰਨਾ ਲੋਚਦਾ ਹੈ। ਸਤਸੰਗਤ ਵਿਚੋਂ ਮਨੁੱਖ ਨਾਮ ਦੀ ਪ੍ਰਾਪਤੀ ਲਈ ਪਪੀਹੇ ਦੀ ਤਰ੍ਹਾਂ ਪੁਕਾਰ ਕਰਦਾ ਹੈ। 'ਸਾਰੰਗ ਵਿਚ ਸਾਰਾ ਮਜ਼ਮੂਨ ਹੀ ਗੁਰ ਸ਼ਬਦ ਦੀ ਮਹਾਨਤਾ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਇਹ ਸ਼ਬਦ ਸਤਸੰਗਤ ਦੁਆਰਾ ਪ੍ਰਾਪਤ ਹੁੰਦਾ ਹੈ।'83 ਇਸ ਰਾਗੁ ਸਾਧ ਸੰਗਤ ਨੂੰ ਗੁਰੂ ਦਾ ਰੂਪ ਮੰਨਿਆ ਗਿਆ ਹੈ।

**ਰਾਗੁ ਮਲਾਰ** : ਰਾਗ ਮਲਾਰ ਵਿਚ ਮਹਲਾ ੧, ੩, ੪, ੫, ਭਗਤ ਨਾਮਦੇਵ ਅਤੇ ਰਵਿਦਾਸ ਜੀ ਦੀ ਬਾਣੀ ਦਰਜ ਹੈ। 'ਮਲਾਰ ਰਾਗ ਨੂੰ ਸਾਉਣ ਦੇ ਮਹੀਨੇ ਵਿਚ ਗਾਇਨ ਕਰਨ ਦੀ ਪਰੰਪਰਾ ਹੈ। ਮਲਹਾਰੀ ਦੇਸ਼ਕਾਰੀ, ਭੁਪਾਲੀ, ਗੁਜਰੀ ਅਤੇ ਟੱਕ ਇਹ ਪੰਜ ਮੇਘ ਦੀਆਂ ਰਾਗਨੀਆਂ ਹਨ।'84 ਇਸੇ ਕਾਰਨ ਮਲਾਰ ਨੂੰ ਰਾਗਨੀ ਦੁਆਰਾ ਹੋਂਦ ਵਿਚ ਆਇਆ ਕਿਹਾ ਜਾਂਦਾ ਹੈ। ਮਲਾਰ ਰਾਗ ਵਿਚ ਵਰਖਾ ਦਾ ਸੰਕੇਤ ਵਿਛੋੜੇ ਤੋਂ ਬਾਅਦ, ਪਰਮਾਤਮਾ ਦੇ ਮਿਲਾਪ ਨੂੰ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਵਰਖਾ ਦੁਆਰਾ ਮਨੁੱਖ ਨੂੰ ਉਪਦੇਸ਼ ਦਿੱਤਾ ਜਾ ਰਿਹਾ ਹੈ। 'ਪੁਰਾਤਨ

ਵਿਚਾਰ ਅਨੁਸਾਰ ਸਾਰੰਗ ਸੋਰਠਿ ਤੇ ਬਿਲਾਵਲੁ ਮਿਲ ਕੇ ਮਲਾਰ ਬਣਦਾ ਹੈ। ਇਸ ਬਰਸਾਤ ਦੀ ਰੁੱਤ ਵਿਚ ਆਮ ਕਰਕੇ ਰਾਤ ਨੂੰ ਗਾਇਨ ਕੀਤਾ ਜਾਂਦਾ ਹੈ।'85 ਇਸ ਰਾਗ ਦਾ ਵਾਤਾਵਰਨ ਵਰਖਾ ਨਾਲ ਸੰਬੰਧਿਤ ਹੈ। ਇਸ ਰਾਗ ਵਿਚ ਮਨੁੱਖ ਨੂੰ ਵਾਤਾਵਰਨ ਤੋਂ ਉਤਸ਼ਾਹ ਮਿਲਦਾ ਹੈ। ਅਜਿਹਾ ਉਤਸ਼ਾਹ ਦਾ ਵਾਤਾਵਰਨ ਉਸ ਸਮੇਂ ਬਣਦਾ ਹੈ, ਜਦੋਂ ਵਰਖਾ ਪੈਣ ਨਾਲ ਧਰਤੀ ਸੁਹਾਗਣ ਬਣ ਜਾਂਦੀ ਹੈ, ਬੱਦਲਾਂ ਦੀ ਗਰਜ ਮੋਰਾਂ ਨੂੰ ਖੁਸ਼ ਕਰਦੀ ਹੈ। ਪਪੀਹੇ ਦੀ ਤ੍ਰਿਪਤੀ ਸਵਾਤੀ ਬੂੰਦ ਦੁਆਰਾ ਹੋਈ ਹੈ ਅਤੇ ਭਗਤ ਸੰਤਾਂ ਦੀ ਸੰਗਤ ਚਾਹੁੰਦੇ ਹਨ :

ਬਰਸ ਸਰਸੁ ਆਗਿਆ

ਹੋਹਿ ਆਨੰਦ ਸਗਲਾ ਭਾਗ॥

ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ

ਘਨ ਘੋਰਿ ਪ੍ਰੀਤਿ ਮੋਰ॥

ਚਿਤੁ ਚਾਤ੍ਰਿਕ ਬੂੰਦ ਓਰ॥ (ਗੁ. ਗ੍ਰੰ. 1272)

ਮਲਾਰ ਰਾਗੁ ਦੀ ਪ੍ਰਕਿਰਤੀ ਮਨੁੱਖ ਵਿਚ ਉਤਸ਼ਾਹ ਪੈਦਾ ਕਰਦੀ ਅਜਿਹਾ ਉਤਸ਼ਾਹ ਮਨੁੱਖ ਦੀ ਸ਼ਖ਼ਸੀਅਤ ਨੂੰ ਹਰ ਪਾਸਿਓ ਖੇੜਾ ਬਖਸ਼ਦਾ ਹੈ 'ਮਲਾਰ ਗੁਰੂ ਦੀ ਬਖਸ਼ਿਸ਼ ਹੈ ਅਤੇ ਬਬੀਹਾ ਸਿੱਖ ਜੋ ਬਾਣੀ ਸੁਣ ਬਖਸ਼ਿਸ਼ ਪਾ ਖੁਸ਼ ਹੁੰਦਾ ਹੈ।'86 ਮਲਾਰ ਰਾਗ ਵਿਚ ਨਾਮ ਦੀ ਬਿਰਤੀ ਮਨੁੱਖ ਨੂੰ ਉਤਸ਼ਾਹਿਤ ਕਰਦੀ ਹੈ।

**ਰਾਗੁ ਕਾਨੜਾ :** ਇਸ ਰਾਗ ਵਿਚ ਮਹਲਾ ੪, ੫ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਦਰਜ ਹੈ। 'ਕਾਨੜਾ ਰਾਗ ਕਨੜ ਸ਼ਬਦ ਦੀ ਦੇਣ ਹੈ। ਇਸ ਰਾਗ ਨੂੰ ਅਪ੍ਰਚਲਿਤ ਰਾਗਾਂ ਵਿਚ ਰੱਖਿਆ ਜਾਂਦਾ ਹੈ। ਇਸ ਕਾਨੜਾ ਦੀ ਵਰਤੋਂ ਦੱਖਣੀ ਸੰਗੀਤ ਪੱਧਤੀ ਵਿਚ ਵੀ ਕੀਤੀ ਜਾਂਦੀ ਹੈ'87 'ਗੁਰਮਤਿ ਸੰਗੀਤ ਅਨੁਸਾਰ ਇਸ ਨੂੰ ਦੀਪਕ ਰਾਗੁ ਦਾ ਪੁੱਤਰ ਕਿਹਾ ਜਾਂਦਾ ਹੈ। ਕਾਲੀਨਾਥ ਮਤ ਅਨੁਸਾਰ, ਇਸ ਨੂੰ ਭੈਰਵ ਦੀ ਰਾਗਨੀ ਕਿਹਾ ਗਿਆ ਹੈ। ਇਸ ਨੂੰ ਹੋਰ ਰਾਗਾਂ ਨਾਲ ਸੁਮੇਲਤਾ ਦੇ ਤੌਰ ਤੇ ਵਰਤਿਆ ਜਾਂਦਾ ਹੈ। ਜੈਤਸਰੀ, ਸੁਧਨਾ ਤੇ ਲਲਿਤ ਦੇ ਮਿਲਾਪ ਨਾਲ ਕਾਨੜਾ ਰਾਗੁ ਬਣਦਾ ਹੈ।'88 ਇਸ ਰਾਗ ਦਾ ਗਾਇਨ ਮੁਗਲ ਸ਼ਾਸਕਾਂ ਦੇ ਸਮੇਂ ਤੋਂ ਅਰੰਭ ਹੋਇਆ। ਮੰਨਿਆ ਜਾਂਦਾ ਹੈ। 'ਇਸ ਰਾਗ ਦੇ ਗਾਇਨ ਬਾਰੇ ਤਾਨਸੇਨ ਖਾਨਦਾਨ ਦੇ ਉਸਤਾਦ ਵਜ਼ੀਦ ਖਾਂ ਦਾ ਕਥਨ ਹੈ, ਮੀਆਂ ਤਾਨਸੇਨ ਨੇ ਕਾਨੜਾ ਰਾਗ ਦੇ ਅਜੋਕੇ ਸਰੂਪ ਨੂੰ ਅਕਬਰ ਬਾਦਸ਼ਾਹ ਦੇ ਸਨਮੁਖ ਭਰੇ ਦਰਬਾਰ ਵਿਚ ਗਾਇਆ ਸੀ। ਇਸ ਰਾਗ ਨੂੰ ਰਾਤ ਦੇ ਪਹਿਲੇ ਪਹਿਰ ਵਿਚ ਗਾਏ ਜਾਣ ਦੀ ਹਦਾਇਤ ਹੈ।'89

ਕਾਨੜਾ ਰਾਗੁ ਮਨੁੱਖ ਦੇ ਕੰਨਾਂ ਨੂੰ ਕਿਸੇ ਧੁਨੀ ਦੇ ਸੁਣਾਈ ਦੇਣ ਨਾਲ ਸੰਬੰਧਿਤ ਹੈ, ਜਿਸ ਤਰ੍ਹਾਂ ਫਰਸ਼ ਤੇ ਡਿੱਗਣ ਨਾਲ ਬਰਤਨ ਦੀ ਗੂੰਜ ਬਣਦੀ ਹੈ ਉਸੇ ਤਰ੍ਹਾਂ ਹੀ ਪਾਰਸ ਲੋਹੇ ਨਾਲ ਛੂਹੇ ਜਾਣ ਤੇ ਸੋਨਾ ਬਣ ਜਾਂਦਾ ਹੈ। ਨਾਸਤਕ ਇਨਸਾਨ ਸੰਤਾਂ ਦੀ ਸੰਗਤ ਕਰਕੇ ਆਪਣੇ ਮਨ ਨੂੰ ਸ਼ੁਧ ਕਰਕੇ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ :

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ

ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥

ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ

**ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ॥ (ਗੁ. ਗ੍ਰੰ. 1297)**

ਇਥੇ ਛੋਹ ਤੋਂ ਭਾਵ ਨਾਮ ਦੀ ਛੋਹ ਤੋਂ ਲਿਆ ਜਾਂਦਾ ਹੈ, ਜਿਸ ਨਾਲ ਮਨ ਸ਼ੁੱਧ ਹੋ ਜਾਂਦਾ ਹੈ। ਮਨ ਦੀ ਸ਼ੁੱਧਤਾ ਨਾ ਹੋਣ ਤੇ ਕਾਮਾਦਿਕ ਦੁਸ਼ਟ ਮਨ ਵਿਚ ਮਚਲਦੇ ਰਹਿੰਦੇ ਹਨ ਅਤੇ ਅਜਿਹੇ ਮਨੁੱਖ ਨੂੰ ਮੌਤ ਦੀ ਵਲੇਟ ਤੱਕ ਪਹੁੰਚਾ ਸਕਦੇ ਹਨ :

ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ॥ (ਗੁ. ਗ੍ਰੰ. 1303)

ਜਦੋਂ ਤੱਕ ਮਨੁੱਖ ਨੂੰ ਨਾਮ ਸਿਮਰਨ ਦੀ ਸੁਰ ਦਾ ਰੰਗ ਨਹੀਂ ਚੜਦਾ, ਭਾਵ ਨਾਮ ਸਿਮਰਨ ਦੀ ਛੋਹ ਪ੍ਰਾਪਤ ਨਹੀਂ ਹੁੰਦੀ, ਉਸ ਸਮੇਂ ਤੱਕ ਜੋਗੀ ਬਣਨ ਅਤੇ ਯੋਗ ਕਰਨ ਦਾ ਵੀ ਕੋਈ ਲਾਭ ਨਹੀ ਹੈ :

ਤਟਨ ਖਟਨ ਜਟਨ ਭੋਮਨ ਨਾਹੀ ਡੰਡਧਾਰ ਸੁਆਉ॥ (ਗੁ. ਗ੍ਰੰ. )

ਆਮ ਤੌਰ ਤੇ ਜੋਗੀ ਧਰਮ ਦੇ ਨਾਮ ਤੇ ਪਾਖੰਡ ਹੀ ਕਰਦੇ ਫਿਰਦੇ ਹਨ :

ਕਰਤ ਕਰਤ ਚਰਚ ਚਰਚ ਚਰਚਰੀ॥ (ਗੁ. ਗ੍ਰੰ. 1308)

ਇਸ ਰਾਗ ਵਿਚ ਚਰਚਾ ਤੋਂ ਬਿਨ੍ਹਾਂ ਸ਼ਬਦ ਦੀ ਗੂੰਜ ਵੱਲ ਧਿਆਨ ਦਿੱਤਾ ਗਿਆ ਹੈ। 'ਇਕ ਲੰਮੀ ਗੂੰਜ ਨੂੰ ਪੈਦਾ ਕਰਨ ਲਈ, ਪਹਿਲਾਂ ਤਾਂ ਸ਼ਬਦ ਦੀ ਤੁਕ ਦੇ ਅਖੀਰਲੇ ਸ਼ਬਦ ਨੂੰ ਹੇਕ ਵਿਚ ਕੀਤਾ ਹੈ'90 ਸ਼ਬਦਾ ਦੀ ਗੂੰਜ ਮਨੁੱਖ ਦੇ ਹਰ ਪ੍ਰਕਾਰ ਦੇ ਵੈਰ ਵਿਰੋਧ ਖ਼ਤਮ ਕਰ ਦਿੰਦੀ ਹੈ।

**ਰਾਗੁ ਕਲਿਆਣ :** ਇਸ ਰਾਗ ਵਿਚ ਮਹਲਾ ੪, ੫ ਦੀ ਬਾਣੀ ਦਰਜ ਹੈ। 'ਇਸ ਰਾਗ ਨੂੰ ਮੱਧਕਾਲ ਤੋਂ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਇਸ ਰਾਗ ਕਲਿਆਣ ਥਾਟ ਦੁਆਰਾ ਹੋਂਦ ਵਿਚ ਆਇਆ ਹੈ। ਇਸ ਨੂੰ ਸੰਪੂਰਨ ਜਾਤੀ ਦਾ ਰਾਗ ਕਿਹਾ ਜਾਂਦਾ ਹੈ। ਇਸ ਦੇ ਗਾਇਨ ਦਾ ਸਮਾਂ

ਰਾਤ ਦਾ ਪਹਿਲਾ ਪਹਿਰ ਹੈ।'91 ਕਲਿਆਣ ਭੋਪਾਲੀ ਇਸੇ ਰਾਗ ਦੀ ਵੰਨਗੀ ਹੈ ਇਹ ਰਾਗ ਕਲਿਆਣ ਅਤੇ ਭੋਪਾਲੀ ਦੇ ਸੁਮੇਲ ਤੋਂ ਬਣਿਆ ਹੈ।

ਰਾਗ ਕਲਿਆਣ ਵਿਚ ਨਾਮ ਦੇ ਪਸਾਰੇ ਕਾਰਨ ਖੁਸ਼ੀ ਪੈਦਾ ਹੋਈ ਹੈ। ਹੁਣ ਨਾਮ ਦਾ ਪਸਾਰਾ ਚੰਦਨ ਦੀ ਤਰ੍ਹਾਂ ਸੁਗੰਧ ਪੈਦਾ ਕਰਕੇ ਸਾਰੇ ਸੰਸਾਰ ਨੂੰ ਸੁਗੰਧਿਤ ਕਰ ਰਿਹਾ ਹੈ। ਇਸ ਤਰ੍ਹਾਂ ਰਾਗੁ ਕਲਿਆਣ ਵਾਤਾਵਰਨ ਵਿਚ ਤਬਦੀਲੀ ਦੀ ਸੁਰ ਦਾ ਸੰਦੇਸ ਦੇ ਰਿਹਾ ਹੈ।

ਘਸਿ ਚੰਦਨੁ ਜਸੁ ਘਸਿਆ॥ (ਗੁ. ਗ੍ਰੰ. 1319)

ਇਸ ਪ੍ਰਕਾਰ ਮਾਹੌਲ ਦੇ ਪਰਿਵਰਤਨ ਵਿਚ ਜਿਥੇ ਹਰੀ ਦਾ ਜਸ ਗਾਇਨ ਕੀਤਾ ਜਾ ਰਿਹਾ ਹੋਵੇ, ਉਸ ਦੀ ਵਡਿਆਈ ਹੋ ਰਹੀ ਹੋਵੇ, ਅਜਿਹੇ ਮਾਹੌਲ ਵਿਚ ਮਨ ਖੁਸ਼ੀ ਤੇ ਰੰਗਤ ਵਿਚ ਰਹਿੰਦਾ ਹੈ।

ਮੇਰੇ ਲਾਲਨ ਕੀ ਸੋਭਾ

ਸਦ ਨਵਤਨ ਮਨ ਰੰਗੀ ਸੋਭਾ॥ (ਗੁ. ਗ੍ਰੰ. 1322)

ਮਨ ਨੂੰ ਖੁਸ਼ੀ ਤੇ ਅਨੰਦ ਦੇਣ ਵਾਲਾ ਨਾਮ ਹੈ। 'ਆਤਮਾ ਆਨੰਦ ਵਿਚ ਆਈ ਹੁਣ ਪ੍ਰਭਾਤ ਦੀ ਲੋਅ ਦੇਖ ਰਹੀ ਹੈ।'92 ਨਾਮ ਦੀ ਪ੍ਰਾਪਤੀ ਤੋਂ ਬਾਅਦ ਮਨੁੱਖ ਦਾ ਪ੍ਰਭਾਤ ਵੱਲ ਤੱਕਣਾ, ਭਾਵ ਬ੍ਰਹਮ ਦੀ ਪ੍ਰਾਪਤੀ ਦੀ ਲੋਚਾ ਪ੍ਰਗਟ ਕਰਨਾ ਹੈ।

**ਰਾਗੁ ਪ੍ਰਭਾਤੀ :** ਇਸ ਰਾਗ ਵਿਚ ਮਹਲਾ ੧, ੩, ੪, ੫ ਅਤੇ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। 'ਇਸ ਨਾਮ ਦਾ ਰਾਗ ਪ੍ਰਚੀਨ ਗ੍ਰੰਥਾਂ ਵਿਚੋਂ ਨਹੀਂ ਮਿਲਿਆ। ਇਹ ਰਾਗ ਆਸਾ ਭੈਰੋ ਦੇ ਮਿਲਾਪ ਨਾਲ ਬਣਦਾ ਹੈ। ਇਸ ਨੂੰ ਪ੍ਰਾਤਾਕਾਲ ਸਮੇਂ ਗਾਇਆ ਜਾਂਦਾ ਹੈ। ਇਸ ਰਾਗ ਨੂੰ ਕੁਝ ਸਥਾਨਾਂ ਤੇ ਬਿਭਾਸ ਕਰਕੇ ਅੰਕਿਤ ਕੀਤਾ ਗਿਆ ਹੈ।'93 ਬਿਭਾਸ ਨੂੰ ਪ੍ਰਭਾਤੀ ਰਾਗੁ ਦੀ ਵੰਨਗੀ ਕਿਹਾ ਜਾ ਸਕਦਾ ਹੈ। 'ਬਿਭਾਸ ਰਾਗੁ ਦਾ ਉਲੇਖ ਪ੍ਰਾਚੀਨ ਗ੍ਰੰਥਾਂ ਵਿਚ ਹੈ। ਇਸ ਰਾਗ ਦੀ ਵਧੇਰੇ ਵਰਤੋਂ ਦੂਸਰੇ ਰਾਗਾਂ ਨਾਲ ਪ੍ਰਕਾਰ ਦੇ ਤੌਰ ਤੇ ਹੋਈ ਹੈ, ਜਦੋਂ ਬਿਭਾਸ ਦੀ ਵਰਤੋਂ ਵੱਖ-ਵੱਖ ਰੂਪਾਂ ਵਿਚ ਕੀਤੀ ਜਾਂਦੀ ਹੈ। ਉਸ ਸਮੇਂ ਕੇਵਲ ਧੈਵਤ ਤੇਜ਼ ਲਿਆ ਜਾਂਦਾ ਹੈ, ਦੂਜੇ ਉਹਨਾਂ ਸਵਰਾਂ ਦੀ ਵਰਤੋਂ ਕਰ ਲਈ ਜਾਂਦੀ ਹੈ।'94 ਮਨੁੱਖ ਦੇ ਮਨ ਵਿਚ ਨਾਮ ਦੀ ਪ੍ਰਭਾਤ ਨਾਲ ਪ੍ਰਕਾਸ਼ ਹੋਇਆ ਹੈ। ਮਨੁੱਖ ਦੀ ਆਤਮਾ ਦੁਨਿਆਵੀਂ ਸੁਖਾਂ ਅਤੇ ਰਸਾਂ ਕਸਾਂ ਤੋਂ ਬਾਅਦ ਨਾਮ ਦੁਆਰਾ ਸ਼ਾਂਤ ਚਿੱਤ ਹੋਈ ਹੈ :

ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ॥ (ਗੁ. ਗ੍ਰੰ. 1327)

ਮਨੁੱਖੀ ਆਤਮਾ ਦਾ ਇਸ ਰਾਗ ਵਿਚ ਆ ਕੇ ਸਥਿਰਤਾ ਨੂੰ ਪ੍ਰਾਪਤ ਕਰਨਾ, ਇਹ ਸੰਕੇਤ ਦਿੰਦਾ ਕਿ ਗਉੜੀ, ਗੂਜਰੀ, ਮਾਰੂ ਆਦਿ ਸਭ ਰਾਗਾਂ ਵਿਚੋਂ ਗੁਜ਼ਰਦੀ ਆਤਮਾ ਨੂੰ ਪੂਰਨ ਗਿਆਨ ਇਥੇ ਆ ਕੇ ਪ੍ਰਾਪਤ ਹੋਇਆ ਕਿ ਸਭ ਸੁਖਾਂ ਦਾ ਖਜ਼ਾਨਾ ਨਾਮ ਹੈ :

ਗੁਰ ਕਾ ਸ਼ਬਦ ਮਹਾ ਰਸੁ ਮੀਠਾ॥

ਐਸਾ ਅੰਮ੍ਰਿਤੁ ਅੰਤਰਿ ਡੀਠਾ॥

ਜਿਨਿ ਚਾਖਿਆ ਪੂਰਾ ਪਦੁ ਹੋਇ॥

ਨਾਨਕ ਧ੍ਰਾਪਿਓ ਤਨਿ ਸੁਖ ਹੋਇ॥ (ਗੁ. ਗ੍ਰੰ. 753)

ਮਨੁੱਖ ਦੇ ਅੰਦਰ ਨਾਮ ਦੀ ਜੋਤ ਜਗ ਗਈ ਹੈ। ਇਸ ਜੋਤ ਨੂੰ ਅਕਾਲ ਪੁਰਖ ਨੇ ਆਪਣੇ ਪ੍ਰਕਾਸ਼ ਦੁਆਰਾ ਜਗਾਇਆ ਹੈ :

ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜਾਰਾ॥

ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ॥ (ਗੁ. ਗ੍ਰੰ. 1350)

ਗੁਰੂ ਦੁਆਰਾ ਦੱਸੇ ਰਸਤੇ ਤੇ ਚਲਣ ਨਾਲ ਅਕਾਲਪੁਰਖ ਦੀ ਇਕਮਿਕਤਾ ਪ੍ਰਾਪਤ ਹੋਈ ਹੈ :

ਕਹੁ ਬੇਣੀ ਗੁਰਮੁਖਿ ਧਿਆਵੈ॥

ਬਿਨ ਸਤਿਗੁਰ ਬਾਟ ਨ ਪਾਵੈ॥ (ਗੁ. ਗ੍ਰੰ. 1351)

ਇਸ ਰਾਗ ਵਿਚ ਆ ਕੇ ਮਨੁੱਖੀ ਮਾਨਸਿਕਤਾ ਦੀਆਂ ਅਜਿਹੀਆਂ ਬਿਰਤੀਆਂ ਜੋ ਮਨ 'ਚ ਦਵੰਦ ਪੈਦਾ ਕਰਦੀਆ ਖ਼ਤਮ ਹੋ ਜਾਂਦੀਆਂ ਹਨ। 'ਉਹ ਤਲਖੀ ਜੋ ਅਰੰਭ ਵਿਚ ਸੀ, ਉਹ ਕੋਰਾਪਨ ਜੋ ਸ਼ੁਰੂ ਵਿਚ ਸੀ, ਉਹ ਦੌੜ-ਭੱਜ ਜੋ ਆਦਿ ਵਿਚ ਸੀ, ਉਹ ਕਾਮ ਜੋ ਤੰਗ ਕਰਦਾ ਸੀ ਉਹ ਕਰੋਧ ਜੋ ਸਾੜੀ ਰੱਖਦਾ ਸੀ ਹੁਣ ਸ਼ਾਂਤ ਹੋ ਗਏ ਹਨ।'95 ਮਨ ਦੀ ਇਸ ਸ਼ਾਂਤੀ ਦਾ ਕਾਰਨ ਨਾਮ ਹੈ। ਇਸ ਨਾਮ ਦੀ ਪ੍ਰਾਪਤੀ ਕਰਨ ਵਾਸਤੇ ਗੁਰੂ ਦੇ ਸਨਮੁਖ ਹੋਣਾ ਜ਼ਰੂਰੀ ਹੈ।

**ਰਾਗੁ ਜੈਜਾਵੰਤੀ :** ਇਹ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਰਾਗ ਹੈ। ਇਸ ਰਾਗ ਵਿਚ ਕੇਵਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। 'ਇਸ ਰਾਗ ਦਾ ਕਿਸੇ ਸੰਗੀਤਕ ਗ੍ਰੰਥ ਵਿਚ ਜਿਕਰ ਨਹੀਂ ਮਿਲਦਾ। ਇਸ ਨੂੰ ਸੁਰਤਲ ਸਮੂਹ ਵਿਚ ਦੀਪਕ ਦੀ ਨੂੰਹ ਕਰਕੇ ਲਿਖਿਆ ਹੈ। ਧੌਲ ਸਿਰੀ, ਸੋਰਠ ਬਿਲਾਵਲੁ ਮਿਲਕੇ ਜੈਜਾਵੰਤੀ ਹੋਂਦ ਵਿਚ ਆਇਆ। ਇਸ ਦੇ ਗਾਇਨ ਦਾ ਸਮਾਂ ਰਾਤ ਗਈ ਪਿਛਲਾ ਪਹਿਰ ਹੈ।'96 ਜੇਕਰ ਇਸ ਰਾਗ ਨੂੰ ਦੀਪਕ ਦੀ ਨੂੰਹ ਕਿਹਾ ਗਿਆ ਤਾਂ ਫਿਰ ਇਹ ਰਾਗਨੀ ਹੋਈ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਨੂੰ ਰਾਗ ਮੰਨਿਆ ਗਿਆ ਹੈ। 'ਜੈਜਾਵੰਤੀ ਰਾਗੁ ਮੱਧ ਕਾਲ ਦੇ ਸ਼ੁਧ ਛਾਇਆ ਲਗ ਅਤੇ ਸੰਕੀਰਣ ਵਰਗੀਕਰਨ ਅਨੁਸਾਰ, ਸੰਕੀਰਣ ਵਰਗ ਦਾ ਰਾਗ ਕਿਹਾ ਜਾਂਦਾ ਹੈ, ਕਿਉਂਕਿ ਇਸ ਰਾਗ ਵਿਚ ਕਈ ਰਾਗਾਂ ਦੀ ਰੰਗਤ ਦ੍ਰਿਸ਼ਟੀਗੋਚਰ ਹੁੰਦੀ ਹੈ।'97 ਇਹ ਰਾਗ ਮਨੁੱਖ ਨੂੰ ਮੌਤ ਨੂੰ ਹਮੇਸ਼ਾ ਯਾਦ

ਰੱਖਣ ਦੀ ਤਾਕੀਦ ਕਰਦਾ ਹੈ। ਨਾਮ ਦੀ ਦ੍ਰਿੜਤਾ ਦਾ ਉਪਦੇਸ਼ ਇਸ ਰਾਗ ਵਿਚ ਸਰੀਰ ਦੀ ਨਾਸ਼ਵਾਨਤਾ ਨੂੰ ਸਾਹਮਣੇ ਰੱਖ ਕੇ ਦਿੱਤਾ ਗਿਆ ਹੈ। ਆਤਮਾ ਨੂੰ ਅਮਰ ਕਰਨ ਵਾਸਤੇ ਅਤੇ ਸ਼ਬਦ ਦੁਆਰਾ ਬ੍ਰਹਮ ਵਿਚ ਇਕਸੁਰ ਹੋਣ ਲਈ ਨਾਮ ਦੀ ਕਮਾਈ ਕਰਨੀ ਬਹੁਤ ਜ਼ਰੂਰੀ ਹੈ।

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ॥ (ਗੁ. ਗ੍ਰੰ. 1352)

ਨਾਮ ਮਨੁੱਖ ਲਈ ਅਜਿਹਾ ਪ੍ਰਕਾਸ਼ ਹੈ, ਜੋ ਵਾਸ਼ਨਾਵਾਂ ਨੂੰ ਖਤਮ ਕਰ ਦੇਵੇਗਾ। 'ਜਿਸਨੇ ਬਾਣੀ ਰਾਹੀਂ ਇਹ ਦੀਵਾ ਜਗਾ, ਇਹ ਰਾਹ ਪਾ ਲਿਆ, ਉਸਨੂੰ ਜਿੱਤ ਦੀ ਮਾਲਾ ਗਲੇ ਪਵੇਗੀ।'98 ਇਹ ਰਾਗ ਅਧਿਐਨ ਮਨੁੱਖ ਨੂੰ ਸਰੀਰ ਦੀ ਪਰਵਾਹ ਨ ਕਰਕੇ ਨਾਮ ਨੂੰ ਜੀਵਨ ਬਣਾਉਣ ਦੀ ਸਿਖਿਆ ਦਿੰਦਾ ਹੈ।

ਸੋ ਉਪਰੋਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਵਰਤੋਂ ਕਰਨ ਸਮੇਂ ਇਸ ਸੰਕਲਪ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਰਾਗ ਮਨੁੱਖੀ ਮਾਨਸਿਕਤਾ ਵਿਚ ਅਕਾਲ ਪੁਰਖ ਦੇ ਅਸਲ ਸੱਚ ਨੂੰ ਸਮਝ ਸਕੇ ਅਤੇ ਨਾਮ ਦੀ ਅਸਲੀਅਤ ਤੇ ਵਡਮੁੱਲੀ ਦਾਤ ਨੂੰ ਗ੍ਰਹਿਣ ਕਰੇ ਅਤੇ ਮਨੁੱਖੀ ਜੀਵਨ ਦੀ ਸਾਰਥਕਤਾ ਨੂੰ ਨਾਮ ਦੁਆਰਾ ਉਜਾਗਰ ਕਰ ਸਕੇ। ਇਹ ਰਾਗ ਮਨੁੱਖ ਨੂੰ ਉਤਸ਼ਾਹਿਤ ਕਰਦੇ ਹਨ ਕਿਸੇ ਪ੍ਰਕਾਰ ਦੀ ਨਿਰਾਸ਼ਾ ਵਲ ਨਹੀਂ ਜਾਣ ਦਿੰਦੇ, ਮਨੁੱਖ ਵਿਚ ਚਿੰਤਨ ਦਾ ਪੱਧਰ ਡੂੰਘੇਰਾ ਕਰਦੇ ਹਨ। ਬਾਣੀ ਨੂੰ ਰਾਗਾਂ ਅਨੁਸਾਰ ਰਚਣ ਦਾ ਇਕ ਕਾਰਨ ਇਹ ਹੈ ਕਿ ਮਨੁੱਖ ਹਰ ਰਾਗ ਅਨੁਸਾਰ ਆਪਣੇ ਮਨ ਦੀਆਂ ਵਾਸ਼ਨਾਵਾਂ ਨੂੰ ਨਿਯਮਿਤ ਕਰਨਾ ਹੈ ਅਤੇ ਮਨ ਨੂੰ ਬਾਣੀ ਨਾਲ ਜੋੜਦਾ ਹੈ ਅਤੇ ਬਾਣੀ ਦੇ ਸਿਧਾਂਤਾਂ ਨੂੰ ਜੀਵਨ ਦਾ ਅਸਲ ਸੱਚ ਸਮਝਣਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹ ਇਕੱਤੀ ਰਾਗ ਮਨੁੱਖ ਦੇ ਆਤਮਿਕ ਜੀਵਨ ਵਿਚ ਅਜਿਹਾ ਪਰਿਵਰਤਨ ਕਰਦੇ ਹਨ, ਜਿਸ ਨਾਲ ਮਨੁੱਖ ਜੀਵਨ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਹਲ ਕਰਨ ਲਈ ਬਾਣੀ ਦਾ ਆਸਰਾ ਲੈਂਦਾ ਹੈ। ਸਾਰੇ ਰਾਗ ਆਪਣੀ ਪ੍ਰਕ੍ਰਿਤੀ ਅਨੁਸਾਰ ਮਨੁੱਖ ਵਿਚ ਉਸੇ ਕਿਸਮ ਦਾ ਜੋਸ਼ ਪੈਦਾ ਕਰਨ ਲਈ ਸਹਾਈ ਹਨ। 'ਭੈਰਉ, ਬਸੰਤ ਸਾਰੰਗ, ਮਲਾਰ, ਕਾਨੜਾ, ਕਲਿਆਣ ਤੇ ਪ੍ਰਭਾਤੀ ਰਾਗਾਂ ਵਿਚ ਮੌਤ ਜਿਹੀ ਅੱਟਲ ਸਚਾਈ ਨੂੰ ਸਮਝ ਕੇ ਮਨੁੱਖ ਨੂੰ ਅਗਾਂਹ ਜੀਵਨ ਬਾਰੇ ਸੋਝੀ ਆ ਜਾਂਦੀ ਹੈ।'99 ਇਸ ਪ੍ਰਕਾਰ ਇਹ ਰਾਗੁ ਪੌੜੀ ਦੇ ਡੰਡਿਆਂ ਦੀ ਤਰਾਂ ਮਨੁੱਖ ਦੀ ਆਤਮਾ ਨੂੰ ਅਗਾਂਹ ਤੋਂ ਅਗਾਂਹ ਬ੍ਰਹਮ ਵਿਚ ਵਿਲੀਨ ਹੋਣ ਦਾ ਮਾਰਗ ਦਰਸ਼ਨ ਕਰਦੇ ਹਨ।

**ਸਾਰਨੀ ਨੰ. 4**

**ਚਉਪਦਿਆਂ ਤੋਂ ਇਲਾਵਾ ਹਰ ਰਾਗ ਅਨੁਸਾਰ ਹੋਰ ਬਾਣੀਆਂ ਦੇ ਵੇਰਵੇ ਦੀ ਸਾਰਨੀ**

| | | | | | |
|---|---|---|---|---|---|
| ਸਿਰੀਰਾਗੁ | ਮ: ੧, ੩ ਅਸ਼ਟਪਦੀਆਂ | ਮ : ੧, ੪, ੫ ਪਹਰੇ | ਮ : ੪, ੫ ਛੰਤ | ਵਣਜਾਰਾ ਮ :੪ | ਸਿਰੀਰਾਗੁ ਕੀ ਵਾਰ |

| | | | | | |
|---|---|---|---|---|---|
| ਰਾਗੁ ਮਾਝ | ਮ : ੧, ੩, ੪, ੫ ਅਸ਼ਟਪਦੀਆਂ | ਬਾਰਹਮਾਹਾ ਮਾਝ ਮ : ੫ | ਮ : ੫ ਦਿਨਰੈਣਿ | - | ਵਾਰ ਮਾਝ ਕੀ ਮ : ੧ |
| ਰਾਗੁ ਗਉੜੀ | ਮ : ੧, ੩, ੫ ਅਸ਼ਟਪਦੀਆਂ | ਮ : ੪ ਕਰਹਲੇ | ਮ : ੧, ੩, ੫ ਛੰਤ | ਬਾਵਨ ਅਖਰੀ, ਸੁਖਮਨੀ ਸਾਹਿਬ, ਥਿਤੀ ਗਉੜੀ | ਮ : ੪, ੫ ਗਉੜੀ ਕੀ ਵਾਰ |
| ਰਾਗੁ ਆਸਾ | ਮ : ੧, ੩, ੫ ਅਸ਼ਟਪਦੀਆਂ | ਮ : ੫ ਬਿਰਹੜੇ | - | - | ਮ : ੧ ਆਸਾ ਕੀ ਵਾਰ |
| ਰਾਗੁ ਗੂਜਰੀ | ਮ : ੧, ੩, ੪, ੫ ਅਸ਼ਟਪਦੀਆਂ | - | - | - | ਮ : ੫ ਗੂਜਰੀ ਕੀ ਵਾਰ |
| ਰਾਗੁ ਦੇਵਗੰਧਾਰੀ | - | - | - | - | - |
| ਰਾਗੁ ਬਿਹਾਗੜਾ | - | - | - | - | ਮ : ੪ ਬਿਹਾਗੜੇ ਕੀ ਵਾਰ |
| ਰਾਗੁ ਵਡਹੰਸੁ | ਮ : ੧, ੩, ੪ ਅਸ਼ਟਪਦੀਆਂ | ਮ : ੪, ੫ ਘੋੜੀਆਂ | ਮ : ੧ ਅਲਾਹੁਣੀਆਂ | - | ਮ: ੪ ਵਡਹੰਸ ਕੀ ਵਾਰ |
| ਰਾਗੁ ਸੋਰਠਿ | ਮ : ੧, ੩, ੫ ਅਸ਼ਟਪਦੀਆਂ | - | - | - | ਮ : ੪ ਸੋਰਠਿ ਕੀ ਵਾਰ |
| ਰਾਗੁ ਖਨਾਸਰੀ | ਮ : ੧, ੫ ਅਸ਼ਟਪਦੀਆਂ | - | - | - | - |
| ਰਾਗੁ ਜੈਤਸਰੀ | - | - | - | - | ਮ : ੫ ਵਾਰ ਜੈਤਸਰੀ ਕੀ |
| ਰਾਗੁ ਟੋਡੀ | - | - | - | - | - |
| ਰਾਗੁ ਤਿਲੰਗ | - | - | - | - | - |
| ਰਾਗੁ ਸੂਹੀ | ਮ : ੧, ੩, ੪, ੫ | ਮ : ੧ ਕੁਚ ਜੀ | ਛੰਤ ਮ : ੧, ੩, ੪, | - | ਮ : ੩ ਵਾਰ ਸੂਹੀ |

| | | | | | |
|---|---|---|---|---|---|
| | ਅਸ਼ਟਪਦੀਆਂ | | ੫ | | ਕੀ |
| ਰਾਗੁ ਬਿਲਾਵਲੁ | ਮ : ੧, ੩, ੪, ੫ ਅਸ਼ਟਪਦੀਆਂ | ਮ : ੧ ਥਿਤੀ ਘਰੁ ੧੦ ਜਤਿ | ਮ : ੩ ਵਾਰ ਸਤ | ਮ : ੧, ੩, ੪, ੫ ਛੰਤ ਬਾਣੀ | ਮ : ੪ ਬਿਲਾਵਲੁ ਕੀ ਵਾਰ |
| ਰਾਗੁ ਗੋਂਡ | ਮ : ੫ ਅਸ਼ਟਪਦੀਆਂ | - | - | - | - |
| ਰਾਗੁ ਰਾਮਕਲੀ | ਮ : ੧, ੩, ੫ ਅਸ਼ਟਪਦੀਆਂ | ਮ : ੩ ਅਨੰਦੁ ਸਾਹਿਬ | ਰਾਮਕਲੀ ਸਦੁ | ਮ : ੫ ਛੰਤ, ਰੁਤੀ ਮ : ਦੱਖਣੀ ਓਅੰਕਾਰ ਸਿਧ ਗੋਸ਼ਟਿ | ਮ : ੩,੫ ਰਾਮਕਲੀ ਕੀ ਵਾਰ |
| ਰਾਗੁ ਨਟ ਨਾਰਾਇਨ | ਮ : ੪ ਅਸ਼ਟਪਦੀਆਂ | - | - | - | - |
| ਰਾਗੁ ਮਾਲੀ ਗਉੜਾ | - | - | - | - | - |
| ਰਾਗੁ ਮਾਰੂ | ਮ : ੧, ੩, ੫ ਅਸ਼ਟਪਦੀਆਂ | ਮ : ੫ ਅੰਜੁਲੀਆਂ | ਮ : ੧, ੩, ੪, ੫ ਮਾਰੂ ਸੋਹਲੇ | - | ਮ : ੩, ੫ ਮਾਰੂ ਕੀ ਵਾਰ |
| ਰਾਗੁ ਤੁਖਾਰੀ | - | - | - | ਮ : ੧, ੪, ੫ ਛੰਤ ਬਾਣੀ | - |
| ਰਾਗੁ ਕੇਦਾਰਾ | - | - | - | ਮ : ੫ ਛੰਤ ਬਾਣੀ | - |
| ਰਾਗੁ ਭੈਰਉ | ਮ : ੧, ੩, ੫ ਅਸ਼ਟਪਦੀਆਂ | - | - | - | - |
| ਰਾਗੁ ਬਸੰਤੁ | ਮ : ੧ ਅਸ਼ਟਪਦੀਆਂ | - | - | - | ਮ : ੫ ਬਸੰਤ ਕੀ ਵਾਰ |
| ਰਾਗੁ ਸਾਰੰਗ | ਮ : ੧, ੩, ੫ ਅਸ਼ਟਪਦੀਆਂ | - | - | ਮ : ੫ ਛੰਤ ਬਾਣੀ | ਮ : ੪ ਸਾਰੰਗ ਕੀ ਵਾਰ |
| ਰਾਗੁ ਮਲਾਰ | ਮ : ੧, ੩ | - | - | ਮ : ੫ ਛੰਤ ਬਾਣੀ | ਮ : ੧ ਮਲਾਰ ਕੀ |

| | | | | | |
|---|---|---|---|---|---|
| | ਅਸ਼ਟਪਦੀਆਂ | | | | ਵਾਰ |
| ਰਾਗੁ ਕਾਨੜਾ | ਮ : ੪ ਅਸ਼ਟਪਦੀਆਂ | - | - | ਮ : ੫ ਛੰਤ ਬਾਣੀ | ਮ : ੪ ਕਾਨੜੇ ਕੀ ਵਾਰ |
| ਰਾਗੁ ਕਲਿਆਨ | ਮ : ੪ ਅਸ਼ਟਪਦੀਆਂ | - | - | - | - |
| ਰਾਗੁ ਪ੍ਰਭਾਤੀ | ਮ : ੧, ੩, ੫ ਅਸ਼ਟਪਦੀਆਂ | - | - | - | - |
| ਰਾਗੁ ਜੈਤਸਰੀ | - | - | - | - | - |

**ਸਾਰਨੀ ਨੰ. 5**

**ਰਾਗ ਅਨੁਸਾਰ ਪਦਾ ਬਾਣੀ ਦੇ ਵੇਰਵੇ ਦੀ ਸਾਰਨੀ**

| ਲੜੀ ਨੰ: | ਰਾਗੁ | ਇਕਪਦੇ | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛਿਪਦੇ | ਕੁੱਲ ਜੋੜ |
|---|---|---|---|---|---|---|---|---|
| 1 | ਸਿਰੀਰਾਗੁ | - | - | 5 | 91 | 9 | - | 105 |
| 2 | ਰਾਗੁ ਮਾਝ | - | - | - | 50 | - | - | 50 |
| 3 | ਰਾਗੁ ਗਉੜੀ | - | 33 | 38 | 242 | 13 | - | 329 |
| 4 | ਰਾਗੁ ਆਸਾ | 1 | 38 | 28 | 195 | 22 | 1 | 285 |
| 5 | ਰਾਗੁ ਗੂਜਰੀ | - | 18 | 2 | 28 | 8 | - | 56 |
| 6 | ਰਾਗੁ ਦੇਵਗੰਧਾਰੀ | - | 45 | - | 2 | - | - | 47 |

| | | | | | | | | |
|---|---|---|---|---|---|---|---|---|
| 7 | ਰਾਗੁ ਬਿਹਾਗੜਾ | - | - | 1 | 1 | - | - | 2 |
| 8 | ਰਾਗੁ ਵਡਹੰਸੁ | 1 | - | 1 | 18 | 3 | 1 | 24 |
| 9 | ਰਾਗੁ ਸੋਰਠਿ | - | 55 | 16 | 84 | 7 | - | 162 |
| 10 | ਰਾਗੁ ਧਨਾਸਰੀ | - | 49 | 9 | 47 | 5 | 1 | 111 |
| 11 | ਰਾਗੁ ਜੈਤਸਰੀ | - | 13 | 1 | 13 | - | 1 | 28 |
| 12 | ਰਾਗੁ ਟੋਡੀ | - | 28 | - | 6 | 1 | - | 35 |
| 13 | ਰਾਗੁ ਬੈਰਾੜੀ | - | 7 | - | - | - | - | 7 |
| 14 | ਰਾਗੁ ਤਿਲੰਗ | - | 5 | 4 | 9 | - | - | 18 |
| 15 | ਰਾਗੁ ਸੂਹੀ | - | 6 | 6 | 75 | 3 | 2 | 92 |
| 16 | ਰਾਗੁ ਬਿਲਾਵਲੁ | - | 83 | 5 | 73 | 4 | - | 165 |
| 17 | ਰਾਗੁ ਗੋਂਡ | - | 2 | 2 | 41 | 3 | - | 48 |
| 18 | ਰਾਗੁ ਰਾਮਕਲੀ | - | 6 | 11 | 73 | 4 | 2 | 96 |
| 19 | ਰਾਗੁ ਨਟ ਨਾਰਾਇਨ | - | 11 | 1 | 7 | - | - | 19 |
| 20 | ਰਾਗੁ ਮਾਲੀ ਗਉੜਾ | - | 5 | - | 12 | - | - | 17 |
| 21 | ਰਾਗੁ ਮਾਰੂ | - | 18 | 4 | 43 | 9 | 1 | 75 |
| 22 | ਰਾਗੁ ਤੁਖਾਰੀ | - | - | - | - | - | - | - |

| | | | | | | | | |
|---|---|---|---|---|---|---|---|---|
| 23 | ਰਾਗੁ ਕੇਦਾਰਾ | - | 18 | 1 | 5 | - | - | 24 |
| 24 | ਰਾਗੁ ਭੈਰਉ | - | 3 | 6 | 98 | 11 | 4 | 122 |
| 25 | ਰਾਗੁ ਬਸੰਤ | - | 2 | 13 | 59 | 2 | - | 76 |
| 26 | ਰਾਗੁ ਸਾਰੰਗ | - | 136 | 1 | 26 | 3 | - | 167 |
| 27 | ਰਾਗੁ ਮਲਾਰ | - | 23 | 5 | 32 | 6 | - | 66 |
| 28 | ਰਾਗੁ ਕਾਨੜਾ | - | 45 | 2 | 16 | - | - | 63 |
| 29 | ਰਾਗੁ ਕਲਿਆਨ | - | 10 | - | 7 | - | - | 17 |
| 30 | ਰਾਗੁ ਪਰਭਾਤੀ | - | 4 | 2 | 42 | 6 | 1 | 55 |
| 31 | ਰਾਗੁ ਜੈਜਾਵੰਤੀ | - | 4 | - | - | - | - | 4 |
| | | 2 | 667 | 164 | 1395 | 119 | 18 | 2365 |

(ੲ) ਬਾਣੀਕਾਰ ਪ੍ਰਬੰਧ

ਮਹਲਾ ਪ੍ਰਬੰਧ

ਭਗਤ ਪ੍ਰਬੰਧ

ਭੱਟ ਪ੍ਰਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ਪ੍ਰਬੰਧ ਅਤੇ ਭਗਤ ਪ੍ਰਬੰਧ ਅਜਿਹੀ ਤਰਤੀਬ ਹੈ, ਜਿਸ ਰਾਹੀਂ ਹਰ ਬਾਣੀਕਾਰ ਦੀ ਵਰਤੋਂ ਵਿਚ ਆਈ ਬਾਣੀ ਜੁਗਤ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਮਹਲਾ ਪ੍ਰਬੰਧ ਅਤੇ ਭਗਤ ਪ੍ਰਬੰਧ ਨੂੰ ਵਿਸਥਾਰ ਸਹਿਤ ਘੋਖਣ ਲਈ ਹਰ ਰਾਗ 'ਚ ਚਉਪਦਿਆਂ ਦੇ ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਅਨੁਸਾਰ ਰਾਗ, ਘਰੁ, ਤੁਕਾਂ, ਬਾਣੀਕਾਰ, ਸਿਰਲੇਖ ਆਦਿ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਪ੍ਰਕਾਰ ਮਹਲ ਪ੍ਰਬੰਧ 'ਚ ਹਰ ਗੁਰੂ ਸਾਹਿਬਾਨ ਦੁਆਰਾ ਵਰਤੇ ਘਰੁ, ਸਿਰਲੇਖ ਦੀ ਜਾਣਕਾਰੀ ਮਿਲਦੀ ਹੈ। ਸਿਰਲੇਖ ਅਤੇ ਘਰੁ ਪ੍ਰਬੰਧ ਦੀ ਵਰਤੋ ਕਿੰਨੀ ਵਾਰ ਕੀਤੀ ਗਈ ਹੈ। ਇਸ ਤੋਂ ਇਲਾਵਾ ਕੁਝ ਰਾਗਾਂ ਵਿਚ ਗੁਰੂ ਸਾਹਿਬਾਨ ਦੁਆਰਾ ਅਤੇ ਭਗਤ ਪ੍ਰਬੰਧ ਵਿਚ ਹਰ ਭਗਤ ਦੁਆਰਾ ਵਰਤੇ ਸੰਗੀਤ ਸੰਕੇਤਾਂ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਇਸ ਪੈਟਰਨ (ਨਮੂਨੇ) ਦੀ ਵਰਤੋਂ ਹਰ ਰਾਗ 'ਚ ਚਉਪਦਿਆਂ ਦੇ ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਲਈ ਕੀਤੀ ਗਈ ਹੈ। ਇਹ ਨਮੂਨਾ ਮਹਲਾ ਪ੍ਰਬੰਧ ਅਤੇ ਭਗਤ ਪ੍ਰਬੰਧ ਦੀ ਜੁਗਤ ਨੂੰ ਵਿਸਥਾਰ ਸਹਿਤ ਪੇਸ਼ ਕਰਦਾ ਹੈ। ਹੇਠ ਲਿਖੇ ਕ੍ਰਮ ਅਨੁਸਾਰ ਹਰ ਰਾਗ ਦੇ ਚਉਪਦਿਆ ਵਿਚਲੇ ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਨੂੰ ਪੇਸ਼ ਕੀਤਾ ਗਿਆ ਹੈ।

ਇਸ ਵਿਚ ਭੱਟ ਪ੍ਰਬੰਧ ਸੰਬੰਧੀ ਜਾਣਕਾਰੀ ਨਹੀਂ ਹੈ ਕਿਉਂਕਿ ਭੱਟਾਂ ਵੱਲੋਂ ਕੇਵਲ ਸਵਈਏ ਹੀ ਰਚੇ ਗਏ ਹਨ, ਇਸ ਕਰਕੇ ਭੱਟ ਪ੍ਰਬੰਧ ਸਾਡੇ ਅਧਿਐਨ ਦਾ ਵਿਸ਼ਾ ਨਹੀਂ ਬਣਿਆ।

## ਮਹਲਾ ਪ੍ਰਬੰਧ

**ਸਿਰੀਰਾਗੁ**

ਗੁਰੂ ਨਾਨਕ ਦੇਵ ਜੀ ਦੇ ਸਿਰੀਰਾਗ ਵਿਚ ਕੁਲ 33 ਚਉਪਦੇ ਹਨ ਜਿਹੜੇ 33 ਸਿਰਲੇਖ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਇਕੋ ਜਿਹੀ ਹੈ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਸਿਰੀਰਾਗੁ ਵਿਚ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਮੁਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ, ਪਰ ਨਾਲ ਘਰ ਉਚਾਰਨ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਸਿਰੀਰਾਗੁ ਮਹਲਾ ੧ (੧੪)

ਘਰੁ - ਸਿਰੀਰਾਗੁ ਮਹਲਾ ੧ ਘਰੁ ੨ (੨੩)

ਉਚਾਰਨ - ਸਿਰੀਰਾਗੁ ਮਹਲਾ ੧ ਘਰੁ ੧ (੧੪)

ਸਿਰਲੇਖ 33

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਸਿਰੀਰਾਗੁ

ਤੁਕਾਂ ਤਿਤੁਕੇ, ਦੁਤੁਕੇ, ਚਾਰ ਤੁਕੇ

ਇਹ ਚਉਪਦਾ ਰੂਪ ਪੱਖੋਂ ਚਾਰ ਪਦਾ ਵਾਲਾ ਹੈ।

ਰਾਗੁ ਗੋਂਡ

ਗੁਰੂ ਰਾਮਦਾਸ ਜੀ ਦੇ ਰਾਗੁ ਗੋਂਡ ਵਿਚ ੬ ਚਉਪਦੇ ਹਨ, ਜਿਹੜੇ ੬ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਗੋਂਡ ਵਿਚ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ : ਪੰਨਾ

ਰਾਗੁ - ਗੋਂਡ ਮਹਲਾ ੪ = ੮੬੦

ਕਾਵਿ ਰੂਪ - ਰਾਗੁ ਗੋਂਡ ਚਉਪਦੇ ਮਹਲਾ ੪ ਘਰੁ ੧ = ੮੫੯

ਸਿਰਲੇਖ ੬

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਗੋਂਡ

ਤੁਕਾਂ ਇਕਤੁਕੇ, ਦੁਤੁਕੇ, ਤਿਤੁਕੇ

ਇਹਨਾਂ ਚਉਪਦਿਆਂ ਨੂੰ ਪਹਿਲੇ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਗੋਂਡ ਵਿਚ ੨੨ ਚਉਪਦੇ ਹਨ, ਜਿਹੜੇ ੨੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਹਨ ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਗੋਂਡ ਵਿਚ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਮੁੱਖ ਸੂਚਨਾ ਰਾਗ, ਬਾਣੀਕਾਰ ਅਤੇ ਕਾਵਿ ਰੂਪ ਦੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਦਰਜ ਹੈ।

ਉਦਾਹਰਨ : ਪੰਨਾ

ਰਾਗੁ - ਗੋਂਡ ਮਹਲਾ ੫ = ੮੬੨

ਕਾਵਿ ਰੂਪ - ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੨ = ੮੬੨

ਸਿਰਲੇਖ ੨੨

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਗੌਂਡ

ਤੁਕਾਂ ਘਰੁ ੧ = ੨ (ਦੁਤੁਕੇ, ਚੌਤੁਕੇ), ਘਰੁ ੨ = ੨੦ (ਚੌਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ਪਹਿਲੇ ਅਤੇ ਘਰੁ ਦੂਜੇ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦਾ ਚਉਪਦਾ ਦੁਪਦਾ ਅਤੇ ਇਕ ਚਾਰ ਪਦਾ ਵਾਲਾ ਹੈ। ਘਰੁ ੨ ਦੇ ਸਾਰੇ ਚਉਪਦੇ ਚਾਰ ਪਦਾ ਵਾਲੇ ਹਨ ਅਤੇ ਇਕ ਪਦਾ ਵੀ ਹੈ।

ਭਗਤ ਪ੍ਰਬੰਧ

ਭਗਤ ਕਬੀਰ ਜੀ ਦੇ ਰਾਗੁ ਗੌਂਡ ਵਿਚ ੧੧ ਚਉਪਦੇ ਹਨ, ਜਿਹੜੇ ੧੧ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰੰਤੂ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਗੌਂਡ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਹੈ।

ਉਦਾਹਰਨ :

ਪੰਨਾ

ਰਾਗੁ - ਗੌਂਡ = ੮੭੦

ਘਰੁ - ਰਾਗੁ ਗੌਂਡ ਬਾਣੀ ਕਬੀਰ ਕੀ ਘਰੁ ੨ = ੮੭੦

ਸਿਰਲੇਖ ੧੧

ਬਾਣੀਕਾਰ ਭਗਤ ਕਬੀਰ ਜੀ

ਰਾਗੁ ਗੌਂਡ

ਤੁਕਾਂ ਘਰੁ ੧ = ਦੁਤੁਕੇ, ਘਰੁ ੨ = ਚੌਤੁਕੇ

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਤਿਪਦੇ ਅਤੇ ਚਾਰ ਪਦਾ ਵਾਲੇ ਹਨ। ਘਰੁ ੨ ਦੇ ਚਉਪਦੇ ਚੌਤੁਕੇ ਅਤੇ ਚਾਰ ਪਦਾ ਵਾਲੇ ਹਨ, ਕੇਵਲ ਇਕ ਚਉਪਦਾ ਪੰਚਪਦਾ ਹੈ।

ਭਗਤ ਨਾਮਦੇਵ ਜੀ ਦੇ ਰਾਗੁ ਗੋਂਡ ਵਿਚ ੭ ਚਉਪਦੇ ਹਨ, ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰੰਤੂ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਗੋਂਡ ਵਿਚ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਮੁੱਖ ਸੂਚਨਾ ਰਾਗੁ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਗੋਂਡ = (੮੭੩)

ਘਰੁ - ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ ਘਰੁ ੨ = (੮੭੪)

ਸਿਰਲੇਖ ੭

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਗੋਂਡ

ਤੁਕਾਂ ਘਰੁ ੧ = ੪ (ਦੁਤੁਕਾ, ਤਿਤੁਕਾ) ਘਰੁ ੨ = ੩ (ਦੁਤੁਕਾ, ਚੌਤੁਕਾ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ। ਘਰੁ ੨ ਦੇ ਚਉਪਦੇ ਪੰਚਪਦੇ ਅਤੇ ਚਾਰ ਪਦਾਂ ਵਾਲੇ ਹਨ।

ਭਗਤ ਰਵਿਦਾਸ ਜੀ ਦੇ ਰਾਗੁ ਗੋਂਡ ਵਿਚ ੨ ਚਉਪਦੇ ਹਨ, ਜਿਹੜੇ ਦੋ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਵਿਚ ਰਾਗ ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਗੋਂਡ = ੨੭੫

ਘਰੁ - ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨ = ੨੭੫

ਸਿਰਲੇਖ ੨

ਬਾਣੀਕਾਰ ਭਗਤ ਰਵਿਦਾਸ ਜੀ

ਰਾਗੁ ਗੋਂਡ

ਤੁਕਾਂ ਘਰੁ ੨ = ੨ (ਚੌਤੁਕੇ)

ਇਹ ਦੋਵੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ।

ਮਹਲਾ ਪ੍ਰਬੰਧ

ਰਾਗੁ ਰਾਮਕਲੀ

ਗੁਰੂ ਨਾਨਕ ਦੇਵ ਜੀ ਦੇ ਰਾਗੁ ਰਾਮਕਲੀ ਵਿਚ ੧੧ ਚਉਪਦੇ ਹਨ, ਜਿਹੜੇ ੧੧ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਸ ਵਿਚ ਰਾਗੁ, ਬਾਣੀਕਾਰ ਅਤੇ ਕਾਵਿ-ਰੂਪ ਦੀ ਜਾਣਕਾਰੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਦਰਜ ਹੈ।

ਉਦਾਹਰਨ :

ਪੰਨਾ

ਰਾਗੁ - ਰਾਮਕਲੀ ਮਹਲਾ ੧ = ੮੭੬

ਕਾਵਿ ਰੂਪ - ਰਾਮਕਲੀ ਮਹਲਾ ੧ ਘਰੁ ੧ ਚਉਪਦੇ = ੮੭੬

ਸਿਰਲੇਖ ੧੧

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਰਾਮਕਲੀ

ਤੁਕ ਘਰੁ ੧ = ਦੁਤੁਕੇ, ਚੌਤੁਕੇ

ਇਹ ਚਉਪਦੇ ਰੂਪ ਪੱਖੋ ਚਾਰ ਪਦਾ ਵਾਲੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਰਾਮਕਲੀ ਵਿਚ ੬ ਚਉਪਦੇ ਹਨ ਜਿਹੜੇ ੬ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਸ ਵਿਚ ਰਾਗ, ਬਾਣੀਕਾਰ ਦੀ ਜਾਣਕਾਰੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਦਰਜ ਹੈ।

ਉਦਾਹਰਨ :

ਪੰਨਾ

ਰਾਗੁ - ਰਾਮਕਲੀ ਮਹਲਾ ੪ = ੮੮੦

ਘਰੁ - ਰਾਮਕਲੀ ਮਹਲਾ ੪ ਘਰੁ ੧ = ੮੮੦

ਸਿਰਲੇਖ ੬

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਰਾਮਕਲੀ

ਤੁਕਾ ਘਰੁ ੧ = ੬ (ਦੁਤੁਕੇ)

ਇਹਨਾ ਚਉਪਦਿਆਂ ਨੂੰ ਪਹਿਲੇ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਪੰਚਪਦੇ ਅਤੇ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਕੁੱਲ ੬੦ ਚਉਪਦੇ ਹਨ, ਜਿਹੜੇ ੬੦ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਸ ਵਿਚ ਰਾਗ, ਬਾਣੀਕਾਰ ਅਤੇ ਕਾਵਿ-ਰੂਪ ਦੀ ਜਾਣਕਾਰੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਦਰਜ ਹੈ।

ਉਦਾਹਰਨ :

ਪੰਨਾ

ਰਾਗੁ - ਰਾਮਕਲੀ ਮਹਲਾ ੫ = ੮੮੩

ਕਾਵਿ ਰੂਪ -	ਰਾਗੁ ਰਾਮਕਲੀ ਮਹਲਾ ੫ ਘਰੁ ੨ ਦੁਪਦੇ = ੯੦੧

ਸਿਰਲੇਖ	੫੯

ਬਾਣੀਕਾਰ	ਗੁਰੂ ਅਰਜਨ ਦੇਵ ਜੀ

ਰਾਗੁ	ਰਾਮਕਲੀ

ਤੁਕਾਂ	ਘਰੁ ੧ = ੧੧ (ਦੁਤੁਕੇ) ਘਰੁ ੨ = ੪੭ (ਚੌਤੁਕੇ, ਦੁਤੁਕੇ)

ਘਰੁ ੩ = ੨ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧, ਘਰੁ ੨ ਅਤੇ ਘਰੁ ੩ ਦੇ ਚਉਪਦੇ ਦੁਪਦੇ ਹਨ। ਇਹ ਰੂਪ ਪੱਖੋਂ ਦੁਪਦੇ, ਤਿਪਦੇ, ਚਉਪਦੇ ਅਤੇ ਪੰਚਪਦੇ ਹਨ।

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਰਾਮਕਲੀ ਵਿਚ ਕੁੱਲ ੩ ਚਉਪਦੇ ਹਨ, ਜਿਹੜੇ ੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ	-	ਰਾਮਕਲੀ ਮਹਲਾ ੯ =	੯੦੧

ਸਿਰਲੇਖ	੩

ਬਾਣੀਕਾਰ	ਗੁਰੂ ਤੇਗ ਬਹਾਦਰ ਜੀ

ਰਾਗੁ	ਰਾਮਕਲੀ

ਤੁਕਾਂ	ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਤਿਪਦੇ ਹਨ।

ਕਬੀਰ ਜੀ ਦੇ ਰਾਗੁ ਰਾਮਕਲੀ ਵਿਚ ਕੁੱਲ ੧੧ ਚਉਪਦੇ ਹਨ, ਜਿਹੜੇ ੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਸ ਵਿਚ ਰਾਗ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

| | | |
|---|---|---|
| ਰਾਗੁ | - | ਰਾਮਕਲੀ ਬਾਣੀ ਭਗਤਾਂ ਕੀ ਜੀਉ = ੯੬੮ |
| ਘਰੁ | - | ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ = ੯੭੧ |
| ਸਿਰਲੇਖ | | ੨ |
| ਬਾਣੀਕਾਰ | ਕਬੀਰ ਜੀ | |
| ਰਾਗੁ | | ਰਾਮਕਲੀ |
| ਤੁਕਾਂ | | ਦੁਤੁਕੇ, ਘਰੁ ੨ = ੩ (ਦੁਤੁਕੇ, ਚੌਤੁਕੇ) |

ਇਹਨਾਂ ਚਉਪਦਿਆਂ ਨੂੰ ਦੂਜੇ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਰੂਪ ਪੱਖੋਂ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਹਨ।

ਨਾਮਦੇਵ ਜੀ ਦੇ ਰਾਗੁ ਰਾਮਕਲੀ ਵਿਚ ਕੁੱਲ ੪ ਚਉਪਦੇ ਹਨ, ਜਿਹੜੇ ੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਅੰਕਿਤ ਕੀਤੀ ਗਈ ਹੈ।

ਉਦਾਹਰਨ :

ਪੰਨਾ

| | | |
|---|---|---|
| ਰਾਗੁ | - | ਰਾਮਕਲੀ ਘਰੁ ੨ = ੯੭੩ |
| ਘਰੁ | - | ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ = ੯੭੨ |
| ਸਿਰਲੇਖ | | ੨ |

ਬਾਣੀਕਾਰ ਨਾਮਦੇਵ

ਰਾਗੁ ਰਾਮਕਲੀ

ਤੁਕਾਂ ਘਰੁ ੧ = ੨ (ਦੁਤੁਕੇ) ਘਰੁ ੨ = ੨ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਪਹਿਲੇ ਦੂਜੇ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਰੂਪ ਪੱਖੋਂ ਤਿਪਦੇ ਅਤੇ ਚਉਪਦੇ ਹਨ।

ਰਵਿਦਾਸ ਜੀ ਦਾ ਰਾਗੁ ਰਾਮਕਲੀ ਵਿਚ ੧ ਚਉਪਦਾ ਹੈ, ਜਿਹੜਾ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਰਾਮਕਲੀ ਬਾਣੀ ਰਵਿਦਾਸ ਜੀ ਕੀ = ੯੭੩

ਸਿਰਲੇਖ ੧

ਬਾਣੀਕਾਰ ਰਵਿਦਾਸ

ਰਾਗੁ ਰਾਮਕਲੀ

ਤੁਕਾਂ ਦੁਤੁਕਾਂ

ਭਗਤ ਰਵਿਦਾਸ ਜੀ ਦਾ ਇਹ ਚਉਪਦਾ ਤਿਪਦਾ ਅਤੇ ਦੁਤੁਕਾ ਹੈ।

ਰਾਗੁ ਨਟ ਨਾਰਾਇਨ

ਗੁਰੂ ਰਾਮਦਾਸ ਜੀ ਦੇ ਰਾਗੁ ਨਟ ਨਾਰਾਇਨ ਮਹਲਾ ੪ ਵਿਚ ਕੁਲ ੯ ਚਉਪਦੇ ਹਨ, ਜਿਹੜੇ ੯ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇਕੋ ਜਿਹੀ ਹੈ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਰਾਗੁ ਵਿਚ ਸਿਰਲੇਖ ਅਨੁਸਾਰ ਬਾਣੀਕਾਰ ਅਤੇ ਗਾਇਨ ਵਿਧੀ (ਪੜਤਾਲ) ਦੀ ਸੂਚਨਾ ਦਾ ਸੰਕੇਤ ਵੀ ਮਿਲਦਾ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਨਟ ਨਾਰਾਇਨ ਮਹਲਾ ੪ = ੯੭੫

ਗਾਇਨ ਵਿਧੀ - ਨਟ ਨਾਰਾਇਨ ਮਹਲਾ ੪ ਪੜਤਾਲ = ੯੭੭

ਸਿਰਲੇਖ ੯

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਨਟ ਨਾਰਾਇਨ

ਤੁਕਾਂ ਦੁਤੁਕੇ

ਰਾਗੁ ਨਟ ਨਾਰਾਇਨ ਦੇ ੯ ਸ਼ਬਦਾਂ ਵਿਚ ਇਕ ਚਉਪਦਾ ਪੜਤਾਲ (ਗਾਇਨ ਵਿਧੀ) ਅਨੁਸਾਰ ਜਾਣ ਦੀ ਹਦਾਇਤ ਦਿੱਤੀ ਗਈ ਹੈ। ਇਹਨਾ ਵਿਚੋਂ ਪੜਤਾਲ ਵਾਲਾ ਚਉਪਦਾ ਅਤੇ ਦੋ ਹੋਰ ਚਉਪਦੇ ਦੁਪਦੇ ਹਨ। ਬਾਕੀ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਨਟ ਨਾਰਾਇਨ ਮਹਲਾ ੫ ਵਿਚ ਕੁਲ ੧੦ ਚਉਪਦੇ ਹਨ, ਜਿਹੜੇ ੧੦ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇਕੋ ਜਿਹੀ ਹੈ, ਪਰ ਸਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਰਾਗੁ ਵਿਚ ਸਿਰਲੇਖ ਅਨੁਸਾਰ ਬਾਣੀਕਾਰ, ਰਾਗ, ਕਾਵਿ ਰੂਪ ਅਤੇ ਗਾਇਨ ਵਿਧੀ ਦੀ ਸੂਚਨਾ ਦਾ ਸੰਕੇਤ ਮਿਲਦਾ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਨਟ ਨਾਰਾਇਨ ਮਹਲਾ ੫ = ੯੭੫

ਕਾਵਿਰੂਪ - ਰਾਗੁ ਨਟ ਨਾਰਾਇਨ ਮਹਲਾ ੪ ਪੜਤਾਲ = ੯੭੮

ਗਾਇਨ ਵਿਧੀ - ਨਟ ਪੜਤਾਲ ਮਹਲਾ ੫ = ੯੮੦

ਸਿਰਲੇਖ ੧੦

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਨਟ ਨਾਰਾਇਨ

ਤੁਕਾਂ ਦੁਤੁਕੇ

ਰਾਗੁ ਨਟ ਨਾਰਾਇਨ ਦੇ ੧੦ ਚਉਪਦਿਆਂ ਵਿਚੋਂ ੧ ਚਉਪਦਾ ਪੜਤਾਲ ਗਾਇਨ ਵਿਧੀ ਅਨੁਸਾਰ ਗਾਏ ਜਾਣ ਦੀ ਹਦਾਇਤ ਹੈ। ਇਹ ਦੁਪਦੇ, ਤਿਪਦੇ ਅਤੇ ਚਾਰ ਪਦਾ ਵਾਲੇ ਹਨ।

ਰਾਗੁ ਮਾਲੀ ਗਉੜਾ

ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਬਾਦੀ ਦਰਜ ਨਹੀ ਹੈ। ਗੁਰੂ ਰਾਮਦਾਸ ਜੀ ਦੇ ਰਾਗੁ ਮਾਲੀ ਗਉੜਾ ਮਹਲਾ ੪ ਵਿਚ ਕੁੱਲ ੬ ਚਉਪਦੇ ਹਨ ਜਿਹੜੇ ੬ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ, ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇਕੋ ਜਿਹੀ ਹੈ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਰਾਗ ਵਿਚ ਸਿਰਲੇਖ ਅਨੁਸਾਰ ਰਾਗ ਅਤੇ ਬਾਣੀਕਾਰ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਮਾਲੀ ਗਉੜਾ ਮਹਲਾ ੪ = ੯੮੪

ਸਿਰਲੇਖ ੬

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਮਾਲੀ ਗਉੜਾ

ਤੁਕਾਂ ਦੁਤੁਕੇ

ਇਹ ਸਾਰੇ ਚਉਪਦੇ ਰੂਪ ਪੱਖੋਂ ਦੁਤੁਕੇ ਅਤੇ ਚਾਰ ਪਦਾਂ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਲੀ ਗਉੜਾ ਮਹਲਾ ੫ ਵਿਚ ਕੁਲ ੮ ਚਉਪਦੇ ਹਨ ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇਕੋ ਜਿਹੀ ਹੈ ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਰਾਗ ਵਿਚ ਸਿਰਲੇਖ ਅਨੁਸਾਰ ਰਾਗ ਬਾਣੀਕਾਰ ਅਤੇ ਕਾਵਿ ਰੂਪ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਮਾਲੀ ਗਉੜਾ ਮਹਲਾ ੫ = ੯੮੬

ਕਾਵਿ-ਰੂਪ- ਮਾਲੀ ਗਉੜਾ ਮਹਲਾ ੫ ਦੁਪਦੇ = ੯੮੭

ਸਿਰਲੇਖ ੮

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਮਾਲੀ ਗਉੜਾ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

## ਭਗਤ ਪ੍ਰਬੰਧ

ਭਗਤ ਨਾਮਦੇਵ ਜੀ ਦੇ ਰਾਗੁ ਮਾਲੀ ਗਉੜਾ ਵਿਚ ੩ ਚਉਪਦੇ ਹਨ, ਜਿਹੜੇ ੧ ਸਿਰਲੇਖ ਹੇਠ ਸੰਪਾਦਿਤ ਕੀਤੇ ਗਏ ਹਨ ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਰਾਗੁ - ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ

ਸਿਰਲੇਖ ੧

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਮਾਲੀ ਗਉੜਾ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਚਉਪਦੇ ਅਤੇ ਦੁਪਦੇ ਹਨ।

## ਮਹਲਾ ਪ੍ਰਬੰਧ

<u>ਰਾਗ ਮਾਰੂ</u>

ਗੁਰੂ ਨਾਨਕ ਦੇਵ ਜੀ ਦੇ ਰਾਗੁ ਮਾਰੂ ਵਿਚ ਕੁੱਲ ੧੨ ਚਉਪਦੇ ਹਨ, ਜਿਹੜੇ ੧੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਮਾਰੂ ਰਾਗੁ ਵਿਚ ਹੋਰ ਸੂਚਨਾ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ, ਪਰ ਨਾਲ ਘਰੁ ਪ੍ਰਬੰਧ ਅਤੇ ਕਾਵਿ-ਰੂਪ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਾਰੂ ਮਹਲਾ ੧ = ੯੮੯

ਘਰੁ - ਮਾਰੂ ਮਹਲਾ ੧ ਘਰੁ ੧ = ੯੯੦

ਕਾਵਿ-ਰੂਪ- ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ = ੯੮੯

ਸਿਰਲੇਖ ੧੨

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਮਾਰੂ

ਤੁਕਾਂ ਘਰੁ ੧ = ੧੧ (ਦੁਤੁਕੇ, ਤਿਤੁਕਾ, ਚੌਤੁਕੇ) ਘਰੁ ੫ =

੧ (ਤਿਤੁਕਾ)

ਮਾਰੂ ਰਾਗੁ ਦੇ ੧੨ ਸ਼ਬਦ ਸਿਰਲੇਖ ਮੁਤਾਬਿਕ ਪਹਿਲੇ ਅਤੇ ਪੰਜਵੇਂ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ, ਜਿਨ੍ਹਾਂ ਵਿਚੋਂ ਪਹਿਲੇ ਘਰੁ ਵਿਚ ੧੨ ਚਉਪਦੇ ਹਨ। ਇਹ ਰੂਪ ਪੱਖੋਂ ਚਉਪਦੇ ਅਤੇ ਪੰਚਪਦੇ ਹਨ। ਪੰਜਵੇਂ ਘਰੁ ਵਿਚ ੧ ਚਉਪਦਾ ਹੈ। ਇਹ ਰੂਪ ਪੱਖੋਂ ਛਿਪਦਾ ਹੈ।

ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਕੁੱਲ ੫ ਚਉਪਦੇ ਹਨ, ਜਿਹੜੇ ੫ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਹਨ। ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਮਾਰੂ ਵਿਚ ਰਾਗ ਅਤੇ ਬਾਣੀਕਾਰ ਦੀ ਸੂਚਨਾ ਸ਼ਾਮਿਲ ਹੈ। ਇਸ ਤੋਂ ਇਲਾਵਾ ਕਾਵਿ-ਰੂਪ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਾਰੂ ਮਹਲਾ ੩ = (੯੯੩)

ਕਾਵਿ-ਰੂਪ- ਮਾਰੂ ਮਹਲਾ ੩ ਘਰੁ ੧ = ੯੯੩

ਸਿਰਲੇਖ ੫

ਬਾਣੀਕਾਰ ਗੁਰੂ ਅਮਰਦਾਸ ਜੀ

ਰਾਗੁ ਮਾਰੂ

ਤੁਕਾਂ ਘਰੁ ੧ = ੫ (ਦੁਤੁਕੇ)

ਮਾਰੂ ਰਾਗੁ ਦੇ ਇਹ ੫ ਚਉਪਦੇ ਪਹਿਲੇ ਘਰੁ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਪੰਚਪਦੇ ਅਤੇ ਚਾਰ ਪਦਾ ਵਾਲੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਮਾਰੂ ਵਿਚ ਕੁੱਲ ੮ ਚਉਪਦੇ ਹਨ, ਜਿਹੜੇ ੮ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਮਾਰੂ ਰਾਗੁ ਵਿਚ ਹੋਰ ਸੂਚਨਾ ਵੀ ਦਰਜ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ, ਇਸ ਤੋਂ ਇਲਾਵਾ ਘਰ ਪ੍ਰਬੰਧ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਾਰੂ ਮਹਲਾ ੪ = ੯੯੫

ਘਰੁ - ਮਾਰੂ ਮਹਲਾ ੪ ਘਰੁ ੩ = ੯੯੬

ਸਿਰਲੇਖ ੮

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਮਾਰੂ

ਤੁਕਾਂ ਘਰੁ ੨ = ੨ (ਤਿਤੁਕਾ) ਘਰੁ ੩ = ੪ (ਤਿਤੁਕੇ) ਘਰੁ ੫ =

੨ (ਤਿਤੁਕੇ)

ਮਾਰੂ ਰਾਗੁ ਦੇ ੮ ਚਉਪਦੇ ਘਰੁ ਦੂਜੇ, ਤੀਜੇ ਅਤੇ ਪੰਜਵੇਂ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਸਾਰੇ ਚਉਪਦੇ ਤਿਤੁਕੇ ਹਨ। ਘਰੁ ਦੂਜੇ ਅਤੇ ਤੀਜੇ ਦੇ ਚਉਪਦੇ ਚਾਰ ਪਦਾ ਵਾਲੇ ਅਤੇ ਪੰਜਵੇਂ ਘਰੁ ਦੇ ਚਉਪਦੇ ਪੰਚਪਦੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਰੂ ਵਿਚ ਕੁੱਲ ੩੨ ਚਉਪਦੇ ਹਨ, ਜਿਹੜੇ ੩੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਮਾਰੂ ਰਾਗੁ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਕਾਵਿ ਰੂਪ ਦੀ ਸੂਚਨਾ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਾਰੂ ਮਹਲਾ ੫ = ੯੯੯

ਘਰੁ - ਮਾਰੂ ਮਹਲਾ ੫ ਘਰੁ ੨ = ੯੯੯

ਕਾਵਿ-ਰੂਪ- ਮਾਰੂ ਮਹਲਾ ੫ ਘਰੁ ੬ ਦੁਪਦੇ = ੧੦੦੬

ਸਿਰਲੇਖ ੩੨

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਮਾਰੂ

ਤੁਕਾਂ ਘਰੁ ੨ = ੯ (ਦੁਤੁਕੇ) ਘਰੁ ੩ = ੭ (ਤਿਤੁਕੇ) ਘਰੁ ੫ =

੭ (ਇਕਤੁਕਾ, ਦੁਤੁਕਾ, ਛਿਤੁਕਾ, ਬਾਰਾਂਤੁਕਾ) ਘਰੁ ੬ = ੭

(ਦੁਤੁਕੇ) ਘਰੁ ੭ = ੨ (ਇਕਤੁਕਾ, ਦੁਤੁਕਾ, ਤਿਤੁਕਾ)

ਮਾਰੂ ਰਾਗੁ ਦੇ ੩੨ ਸ਼ਬਦ ਸਿਰਲੇਖ ਮੁਤਾਬਿਕ ਘਰੁ ਦੂਜੇ ਤੀਜੇ, ਪੰਜਵੇਂ, ਛੇਵੇਂ ਅਤੇ ਸੱਤਵੇਂ ਵਿਚ ਗਾਏ ਜਾਣ ਦੀ ਹਦਾਇਤ ਹੈ, ਜਿਨ੍ਹਾਂ ਵਿਚੋਂ ਦੂਜੇ ਘਰੁ ਦੇ ਚਉਪਦੇ ਦੁਤੁਕੇ ਅਤੇ ਰੂਪ ਪੱਖੋਂ ਦੁਪਦੇ ਅਤੇ ਚਉਪਦੇ ਹਨ। ਘਰੁ ੩ ਦੇ ਚਉਪਦੇ ਦੁਤੁਕੇ ਹਨ। ਇਹ ਰੂਪ ਪੱਖੋਂ ਚਉਪਦੇ ਅਤੇ ਪੰਚਪਦੇ ਹਨ। ਘਰੁ ੫ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਪੰਚਪਦੇ ਹਨ। ਘਰੁ ੬ ਦੇ ਚਉਪਦੇ ਰੂਪ ਪੱਖੋਂ ਦੁਪਦੇ ਹਨ। ਘਰੁ ੭ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ।

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਮਾਰੂ ਵਿਚ ਤਿੰਨ ਚਉਪਦੇ ਹਨ, ਜਿਹੜੇ ਤਿੰਨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਹਨ। ਮੁਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ।

ਉਦਾਹਰਨ :

ਪੰਨਾ

ਰਾਗੁ - ਮਾਰੂ ਮਹਲਾ ੯ = ੧੦੦੮

ਸਿਰਲੇਖ ੩

ਬਾਣੀਕਾਰ ਗੁਰੂ ਤੇਗ ਬਹਾਦਰ ਜੀ

ਰਾਗੁ ਮਾਰੂ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਦੁਤੁਕੇ ਅਤੇ ਦੁਪਦੇ ਹਨ।

ਭਗਤ ਕਬੀਰ ਜੀ ਦੇ ਰਾਗੁ ਮਾਰੂ ਵਿਚ ੯ ਚਉਪਦੇ ਹਨ, ਜਿਹੜੇ ੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾ ਸਿਰਲੇਖਾਂ ਵਿਚ ਬਾਣੀਕਾਰ ਅਤੇ ਰਾਗੁ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ : ਪੰਨਾ

ਰਾਗੁ - ਰਾਗੁ ਮਾਰੂ ਬਾਣੀ ਕਬੀਰ ਜੀਉ ਕੀ = ੧੧੦੨

ਸਿਰਲੇਖ ੩

ਬਾਣੀਕਾਰ ਭਗਤ ਕਬੀਰ ਜੀ

ਰਾਗੁ ਮਾਰੂ

ਤੁਕਾਂ ਦੁਤੁਕੇ, ਇਕਤੁਕੇ

ਭਗਤ ਕਬੀਰ ਜੀ ਦੇ ਚਉਪਦੇ ਰੂਪ ਪੱਖੋਂ ਦੁਪਦੇ, ਤਿਪਦੇ ਅਤੇ ਚਉਪਦੇ ਹਨ।

ਭਗਤ ਨਾਮਦੇਵ ਜੀ ਦੇ ਰਾਗੁ ਮਾਰੂ ਵਿਚ ੨ ਚਉਪਦੇ ਹਨ, ਜਿਹੜੇ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਸਿਰਲੇਖ ਵਿਚ ਬਾਣੀਕਾਰ ਅਤੇ ਰਾਗੁ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ = ੧੧੦੫

ਸਿਰਲੇਖ ੧

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਮਾਰੂ

ਤੁਕਾਂ ਦੁਤੁਕਾ

ਭਗਤ ਨਾਮਦੇਵ ਜੀ ਦੇ ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ।

ਭਗਤ ਜੈਦੇਉ ਜੀ ਦਾ ਰਾਗੁ ਮਾਰੂ ਵਿਚ ੨ ਚਉਪਦੇ ਹਨ, ਜਿਹੜੇ ੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਸਿਰਲੇਖ ਵਿਚ ਬਾਣੀਕਾਰ ਅਤੇ ਰਾਗ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ = ੧੧੦੬

ਸਿਰਲੇਖ ੨

ਬਾਣੀਕਾਰ ਭਗਤ ਜੈਦੇਵ

ਰਾਗੁ ਮਾਰੂ

ਤੁਕਾਂ ਦੁਤੁਕੇ

ਭਗਤ ਜੈਦੇਉ ਜੀ ਦੇ ਇਹ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਤਿਪਦੇ ਹਨ।

ਭਗਤ ਰਵਿਦਾਸ ਜੀ ਦੇ ਰਾਗੁ ਮਾਰੂ ਵਿਚ ੨ ਚਉਪਦੇ ਹਨ, ਜਿਹੜੇ ੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ = ੧੧੦੬

ਸਿਰਲੇਖ ੨

ਬਾਣੀਕਾਰ ਭਗਤ ਰਵਿਦਾਸ ਜੀ

ਰਾਗੁ ਮਾਰੂ

ਤੁਕਾਂ ਦੁਤੁਕੇ

ਭਗਤ ਰਵਿਦਾਸ ਜੀ ਦੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਤਿਪਦੇ ਹਨ।

## ਮਹਲਾ ਪ੍ਰਬੰਧ

ਰਾਗੁ ਕੇਦਾਰਾ

ਗੁਰੂ ਰਾਮਦਾਸ ਜੀ ਦੇ ਰਾਗੁ ਕੇਦਾਰਾ ਵਿਚ ਦੋ ਚਉਪਦੇ ਹਨ, ਜਿਹੜੇ ਦੋ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾ ਸਿਰਲੇਖਾਂ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

ਘਰੁ - ਕੇਦਾਰਾ ਮਹਲਾ ੪ ਘਰੁ ੧ = ੧੧੧੮

ਸਿਰਲੇਖ ੨

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਕੇਦਾਰਾ

ਤੁਕਾਂ ਘਰੁ ੧ = ੨ (ਦੁਤੁਕੇ)

ਇਹਨਾਂ ਨੂੰ ਘਰੁ ੧ ਵਿਚ ਗਾਏ ਜਾਣ ਦੀ ਹਦਾਇਤ ਹੈ।

ਇਹ ਦੋਵੇ ਚਉਪਦੇ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਕੇਦਾਰਾ ਵਿਚ ੧੫ ਚਉਪਦੇ ਹਨ, ਜਿਹੜੇ ੧੫ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇੱਕੋ ਜਿਹੀ ਹੈ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਇਸ ਰਾਗ ਵਿਚ ਰਾਗ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਕੇਦਾਰਾ ਮਹਲਾ ੫ = ੧੧੧੯

ਘਰੁ - ਕੇਦਾਰਾ ਮਹਲਾ ੫ ਘਰੁ ੫ = ੧੧੨੧

ਸਿਰਲੇਖ ੧੫

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਕੇਦਾਰਾ

ਤੁਕਾਂ ਘਰੁ ੨ = ੧ (ਦੁਤੁਕਾ) ਘਰੁ ੨ = ੧ (ਤਿਤੁਕਾ, ਛਿਤੁਕਾ)

ਘਰੁ ੪ = ੬ (ਦੁਤੁਕੇ) ਘਰੁ ੫ = ੭ (ਦੁਤੁਕੇ)

ਇਹ ਚਉਪਦੇ ਰੂਪ ਪੱਖੋਂ ਦੁਪਦੇ ਹਨ। ਇਹਨਾਂ ਨੂੰ ਘਰੁ ੨, ਘਰੁ ੩, ਘਰੁ ੪, ਅਤੇ ਘਰੁ ੫ ਵਿਚ ਗਾਏ ਜਾਣ ਦੀ ਹਦਾਇਤ ਹੈ।

ਕਬੀਰ ਜੀ ਦਾ ਰਾਗ ਕੇਦਾਰਾ ਵਿਚ ੬ ਚਉਪਦੇ ਹਨ ਜਿਹੜੇ ਇਕ ਸਿਰਲੇਖ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਕੇਦਾਰਾ ਬਾਣੀ ਕਬੀਰ ਜੀਉ ਜੀ ੧੧੨੩

ਸਿਰਲੇਖ ੬

ਬਾਣੀਕਾਰ ਭਗਤ ਕਬੀਰ ਜੀ

ਰਾਗੁ ਕੇਦਾਰਾ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਦੁਪਦੇ ਅਤੇ  ਚਾਰ ਪਦਾ ਵਾਲੇ ਹਨ।

ਰਾਗੁ ਕੇਦਾਰਾ ਵਿਚ ਭਗਤ ਰਵਿਦਾਸ ਜੀ ਦਾ ਇਕ ਚਉਪਦਾ ਹੈ, ਜਿਹੜਾ ਇਕ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

| | | | |
|---|---|---|---|
| ਰਾਗੁ | - | ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ | ੧੧੨੩ |
| ਸਿਰਲੇਖ | | ੧ | |
| ਬਾਣੀਕਾਰ | ਭਗਤ ਰਵਿਦਾਸ ਜੀ | | |
| ਰਾਗੁ | | ਕੇਦਾਰਾ | |
| ਤੁਕਾਂ | | ਦੁਤੁਕਾ | |

ਇਹ ਚਉਪਦਾ ਰੂਪ ਪੱਖੋਂ ਤਿਪਦਾ ਹੈ।

## ਮਹਲਾ ਪ੍ਰਬੰਧ

<u>ਰਾਗ ਭੈਰਉ</u>

ਗੁਰੂ ਨਾਨਕ ਦੇਵ ਜੀ ਦੇ ਰਾਗੁ ਭੈਰਉ ਵਿਚ ਅੱਠ ਚਉਪਦੇ ਹਨ, ਜਿਹੜੇ ਅੱਠ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇੱਕੋ ਜਿਹੀ ਹੈ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਇਸ ਵਿਚ ਰਾਗੁ, ਬਾਣੀਕਾਰ ਦੀ ਸੂਚਨਾ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਅੰਕਿਤ ਹੈ।

ਉਦਾਹਰਨ :

ਪੰਨਾ

ਰਾਗੁ - ਭੈਰਉ ਮਹਲਾ ੧ = ੧੧੨੬

ਕਾਵਿ-ਰੂਪ- ਰਾਗੁ ਭੈਰਉ ਮਹਲਾ ੧ ਘਰੁ ੨ (੧੧੨੫)

ਸਿਰਲੇਖ ੮

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਭੈਰਉ

ਤੁਕਾਂ ਘਰੁ ੧ = ੧ (ਦੁਤੁਕਾ) ਘਰੁ ੨ = ੭ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾਂ ਵਾਲੇ ਅਤੇ ਇਕ ਪੰਚਪਦਾ ਹੈ।

ਗੁਰੂ ਅਮਰਦਾਸ ਜੀ ਦੇ ਰਾਗੁ ਭੈਰਉ ਵਿਚ ੨੧ ਚਉਪਦੇ ਹਨ, ਜਿਹੜੇ ੨੧ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇਕੋ ਜਿਹੀ ਹੈ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ, ਬਾਣੀਕਾਰ ਦੀ ਸੂਚਨਾ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਭੈਰਉ ਮਹਲਾ ੩ = ੧੧੨੮

ਘਰੁ - ਭੈਰਉ ਮਹਲਾ ੩ ਘਰੁ ੨ = ੧੧੩੦

ਸਿਰਲੇਖ ੨੧

ਬਾਣੀਕਾਰ ਗੁਰੂ ਅਮਰਦਾਸ ਜੀ

ਰਾਗੁ ਭੈਰਉ

ਤੁਕਾਂ ਘਰੁ ੧ = ੧੦ (ਦੁਤੁਕੇ) ਘਰੁ ੨ = ੧੧ (ਦੁਤੁਕੇ, ਤਿਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਚਾਰ ਪਦਾ ਵਾਲੇ ਹਨ। ਘਰੁ ੨ ਦੇ ਚਉਪਦੇ ਚਾਰ ਪਦੇ ਅਤੇ ਪੰਚਪਦੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਭੈਰਉ ਵਿਚ ੭ ਚਉਪਦੇ ਹਨ, ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਹਨਾਂ ਸਿਰਲੇਖਾਂ ਦੁਆਰਾ ਰਾਗ, ਬਾਣੀਕਾਰ ਅਤੇ ਕਾਵਿ ਰੂਪ ਦੀ ਸੂਚਨਾ ਦਾ ਸੰਕੇਤ ਮਿਲਦਾ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਦਰਜ ਹੈ।

ਉਦਾਹਰਨ :

ਪੰਨਾ

| | | |
|---|---|---|
| ਰਾਗੁ | - | ਭੈਰਉ ਮਹਲਾ ੪ = ੧੧੩੪ |
| ਕਾਵਿਰੂਪ | - | ਭੈਰਉ ਮਹਲਾ ੪ ਘਰੁ ੨ = ੧੧੩੫ |
| ਸਿਰਲੇਖ | | ੭ |
| ਬਾਣੀਕਾਰ | ਗੁਰੂ ਰਾਮਦਾਸ ਜੀ | |
| ਰਾਗੁ | | ਭੈਰਉ |
| ਤੁਕਾਂ | | ਘਰੁ ੧ = ੪ (ਦੁਤੁਕੇ) ਘਰੁ ੨ = ੩ (ਦੁਤੁਕੇ) |

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਭੈਰਉ ਵਿਚ ੫੬ ਚਉਪਦੇ ਹਨ, ਜਿਹੜੇ ੫੬ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਹਨਾਂ ਸਿਰਲੇਖਾਂ ਦੁਆਰਾ ਰਾਗ, ਬਾਣੀਕਾਰ ਅਤੇ ਕਾਵਿ-ਰੂਪ ਦੀ ਸੂਚਨਾ ਮਿਲਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਸ਼ਾਮਲ ਕੀਤੀ ਹੈ।

ਉਦਾਹਰਨ :

ਪੰਨਾ

ਰਾਗੁ - ਭੈਰਉ ਮਹਲਾ ੫ = ੧੧੩੬

ਕਾਵਿ-ਰੂਪ- ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨ = ੧੧੩੮

ਸੰਗੀਤ ਸੰਕੇਤ - ਰਾਗੁ ਭੈਰਉ ਮਹਲਾ ੫ ਪੜਤਾਲਾ ਘਰੁ ੩ = ੧੧੫੩

ਸਿਰਲੇਖ ੫੭

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਭੈਰਉ

ਤੁਕਾਂ ਘਰੁ ੧ = ੧੪ (ਦੁਤੁਕੇ) ਘਰੁ ੨ = ੪੩ (ਦੁਤੁਕੇ, ਚੌਤੁਕੇ) ਘਰੁ

੩ = ੧ (ਚੌਤੁਕਾ)

ਇਹ ਸਾਰੇ ਚਉਪਦੇ ਘਰੁ ੧, ਘਰੁ ੨ ਅਤੇ ਘਰੁ ੩ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੩ ਵਿਚ ਇਹ ਪੜਤਾਲ ਸੰਗੀਤ ਅਨੁਸਾਰ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਦੁਪਦੇ, ਤਿਪਦੇ ਅਤੇ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ।

ਭਗਤ ਪ੍ਰਬੰਧ

ਭਗਤ ਕਬੀਰ ਜੀ ਦੇ ਰਾਗੁ ਭੈਰਉ ਵਿਚ ੧੮ ਚਉਪਦੇ ਹਨ, ਜਿਹੜੇ ੧ ਸਿਰਲੇਖ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਸਿਰਲੇਖ ਵਿਚ ਰਾਗੁ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

ਘਰੁ - ਕਬੀਰ ਜੀਉ ਘਰੁ ੧ = ੧੧੫੭

ਸਿਰਲੇਖ ੧

ਬਾਣੀਕਾਰ ਭਗਤ ਕਬੀਰ ਜੀ

ਰਾਗੁ ਭੈਰਉ

ਤੁਕਾਂ ਘਰੁ ੧ = ੧ਾਂ (ਦੁਤੁਕੇ, ਚੌਤੁਕੇ)

ਇਹਨਾ ਚਉਪਦਿਆਂ ਨੂੰ ਘਰੁ ੧ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਰੂਪ ਪੱਖੋਂ ਦੁਪਦੇ, ਤਿਪਦੇ ਅਤੇ ਚਉਪਦੇ ਹਨ।

ਗੁਰੂ ਅਰਜਨ ਦੇਵ ਜੀ ਦੇ ੯ ਚਉਪਦੇ ੧ ਸਿਰਲੇਖ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਸਿਰਲੇਖ ਵਿਚ ਕੇਵਲ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ। ਇਥੇ ਸਿਰਲੇਖ ਗੁਰੂ ਅਰਜਨ ਦੇਵ ਜੀ ਦਾ ਹੈ ਪਰੰਤੂ ਭਗਤ ਬਾਣੀ ਦਰਜ ਹੈ।

ਉਦਾਹਰਨ :

ਪੰਨਾ

ਬਾਣੀਕਾਰ - ਮਹਲਾ ੫ = ੧੧੬੦

ਸਿਰਲੇਖ ੧

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਭੈਰਉ

ਤੁਕਾਂ (ਦੁਤੁਕੇ, ਚੌਤੁਕੇ)

ਇਹ ਚਉਪਦੇ ਰੂਪ ਪੱਖੋਂ ਤਿਪਦੇ, ਚਉਪਦੇ, ਪੰਚਪਦੇ, ਛਿਪਦੇ ਹਨ।

ਭਗਤ ਨਾਮਦੇਵ ਜੀ ਦੇ ਰਾਗੁ ਭੈਰਉ ਵਿਚ ੯ ਚਉਪਦੇ ਹਨ, ਜਿਹੜੇ ੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਸਿਰਲੇਖਾਂ ਵਿਚ ਰਾਗੁ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧ = ੧੧੬੩

ਸਿਰਲੇਖ ੩

ਬਾਣੀਕਾਰ ਨਾਮਦੇਵ ਜੀ

ਰਾਗੁ ਭੈਰਉ

ਤੁਕਾਂ ਘਰੁ ੧ = ੬ (ਦੁਤੁਕੇ, ਤਿਤੁਕੇ) ਘਰੁ ੨ = ੩ (ਦੁਤੁਕਾ, ਚੌਤੁਕੇ)

ਇਹ ਚਉਪਦੇ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਤਿਪਦੇ ਅਤੇ ਚਾਰ ਪਦੇ ਹਨ। ਘਰੁ ੨ ਵਿਚ ਚਉਪਦੇ ਪੰਚਪਦੇ ਅਤੇ ਚਾਰ ਪਦਾ ਵਾਲੇ ਹਨ ਅਤੇ ਜਿਹੜਾ ਚਉਪਦੇ ਰਵਿਦਾਸ ਜੀ ਦੀ ਬਾਣੀ ਤੋਂ ਬਾਅਦ ਹੈ, ਉਹ ਦੁਤੁਕਾ ਅਤੇ ਚਾਰ ਪਦਾ ਵਾਲਾ ਹੈ।

ਭਗਤ ਰਵਿਦਾਸ ਜੀ ਦੇ ਰਾਗੁ ਭੈਰਉ ਵਿਚ ੧ ਚਉਪਦਾ ਹੈ, ਜਿਹੜਾ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ ਰਾਗੁ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਘਰੁ - ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ = ੧੧੬੧

ਸਿਰਲੇਖ ੨

ਬਾਣੀਕਾਰ ਭਗਤ ਰਵਿਦਾਸ ਜੀ

ਰਾਗੁ ਭੈਰਉ

ਤੁਕਾ ਘਰੁ ੨ = ੧ (ਚੌਤੁਕਾ)

ਇਸ ਨੂੰ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਚਾਰ ਪਦਾ ਵਾਲਾ ਹੈ।

## ਮਹਲਾ ਪ੍ਰਬੰਧ

ਰਾਗੁ ਬਸੰਤ

ਗੁਰੂ ਨਾਨਕ ਦੇਵ ਜੀ ਦੇ ਰਾਗੁ ਬਸੰਤ ਵਿਚ ੧੧ ਚਉਪਦੇ ਹਨ ਜਿਹੜੇ ੧੧ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇੱਕੋ ਜਿਹੀ ਹੈ ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ, ਬਾਣੀਕਾਰ ਅਤੇ ਕਾਵਿ-ਰੂਪ ਦੀ ਸੂਚਨਾ ਦਰਜ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਮਿਸ਼ਰਿਤ ਰਾਗ ਦੀ ਜਾਣਕਾਰੀ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਮਹਲਾ ੧ = ੧੧੬੯

ਕਾਵਿ-ਰੂਪ- ਰਾਗੁ ਬਸੰਤ ਮਹਲਾ ੧ ਘਰੁ ੧ ਚਉਪਦੇ = (੧੧੬੮)

ਸਿਰਲੇਖ ੧੧

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਬਸੰਤ

ਤੁਕਾ ਘਰੁ ੧ = (ਇਕਤੁਕਾ, ਦੁਤੁਕਾ, ਤਿਤੁਕਾ, ਚੌਤੁਕਾ) ਘਰੁ ੨ =

(ਦੁਤੁਕਾ)

ਇਹ ਚਉਪਦੇ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਵਿਚ ਚਉਪਦੇ ਚਾਰ ਪਦਾ ਵਾਲੇ ਅਤੇ ਘਰੁ ੨ ਵਿਚ ਤਿਪਦੇ ਅਤੇ ਇਕ ਪੰਚਪਦਾ ਸ਼ਾਮਲ ਹੈ।

ਗੁਰੂ ਅਮਰਦਾਸ ਜੀ ਦੇ ਰਾਗੁ ਬਸੰਤ ਵਿਚ ੧੯ ਚਉਪਦੇ ਹਨ, ਜਿਹੜੇ ੧੯ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੀ ਬਣਤਰ ਦ੍ਰਿਸ਼ਟੀ ਪੱਖੋਂ ਇੱਕੋ ਜਿਹੀ ਹੈ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਇਸ ਵਿਚ ਰਾਗੁ, ਬਾਣੀਕਾਰ ਮਿਸ਼ਰਿਤ ਰਾਗ ਦੀ ਜਾਣਕਾਰੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਉਚਾਰਨ ਦੀ ਸੂਚਨਾ ਵੀ ਵਜੋਂ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਮਹਲਾ ੩ = ੧੧੭੨

ਉਚਾਰਨ - ਬਸੰਤ ਮਹਲਾ ੩ ਤੀਜਾ = ੧੧੬੯

ਮਿਸ਼ਰਿਤ ਰਾਗੁ - ਬਸੰਤ ਹਿੰਡੋਲ ਮਹਲਾ ੩ ਘਰੁ ੨ = ੧ (ਦੁਤੁਕਾ)

ਇਹ ਚਉਪਦੇ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹਨਾਂ ਚਉਪਦਿਆਂ ਦੀਆਂ ਤੁਕਾਂ ਦੇ ਸਿਰਲੇਖ ਕਾਰਨ ਦੁਤੁਕੇ ਕਿਹਾ ਗਿਆ ਹੈ। ਇਹ ਸਾਰੇ ਰੂਪ ਪੱਖੋਂ ਚਉਪਦੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਬਸੰਤ ਵਿਚ ਸੱਤ ਚਉਪਦੇ ਹਨ, ਜਿਹੜੇ ਸੱਤ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗੁ, ਬਾਣੀਕਾਰ, ਮਿਸ਼ਰਿਤ ਰਾਗੁ ਦੀ ਜਾਣਕਾਰੀ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਮਿਸ਼ਰਿਤ ਰਾਗੁ - ਬਸੰਤ ਹਿੰਡੋਲ ਮਹਲਾ ੪ = ੧੧੭੮

ਘਰੁ - ਬਸੰਤ ਹਿੰਡੋਲ ਮਹਲਾ ੪ ਘਰੁ ੨ = ੧੧੭੮

ਸਿਰਲੇਖ ੭

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਬਸੰਤ

ਤੁਕਾਂ ਘਰੁ ੧ = ੨ (ਇਕਤੁਕੇ) ਘਰੁ ੨ = ੫ (ਦੁਤੁਕੇ)

ਇਹ ਚਉਪਦੇ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਸਾਰੇ ਚਉਪਦੇ ਰੂਪ ਪੱਖੋਂ ਚਾਰ ਪਦਾਂ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਸੰਤ ਵਿਚ ੨੧ ਚਉਪਦੇ ਹਨ, ਜਿਹੜੇ ੨੧ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਕੀਤੀ ਗਈ ਹੈ। ਇਸ ਵਿਚ ਰਾਗੁ, ਬਾਣੀਕਾਰ ਅਤੇ ਕਾਵਿਰੂਪ ਦੀ ਸੂਚਨਾ ਸ਼ਾਮਲ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਦਰਜ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਮਹਲਾ ੫ = ੧੧੮੦

ਕਾਵਿ-ਰੂਪ- ਬਸੰਤ ਮਹਲਾ ੫ ਘਰੁ ੧ ਦੁਤੁਕੇ = ੧੧੮੦

ਮਿਸ਼ਰਿਤ ਰਾਗੁ - ਬਸੰਤ ਮਹਲਾ ੫ ਹਿੰਡੋਲ = ੧੧੮੫

ਸਿਰਲੇਖ ੨੧

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਬਸੰਤ

ਤੁਕਾਂ ਘਰੁ ੧ = ੧੮ (ਇਕਤੁਕੇ, ਦੁਤੁਕੇ) ਘਰੁ ੨ = ੩ (ਇਕਤੁਕੇ,

ਦੁਤੁਕੇ)

ਇਹ ਸਾਰੇ ਚਉਪਦੇ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਸਾਰ ਚਉਪਦੇ ਰੂਪ ਪੱਖੋਂ ਚੌਤੁਕੇ ਹਨ। ਕੇਵਲ ਇਕ ਦੁਪਦਾ ਹੈ। ਇਹਨਾਂ ਦੇ ਸਿਰਲੇਖ ਕਾਰਨ ਇਹਨਾਂ ਨੂੰ ਇਕਤੁਕੇ, ਦੁਤੁਕੇ ਕਿਹਾ ਗਿਆ ਹੈ।

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਬਸੰਤ ਵਿਚ ੫ ਚਉਪਦੇ ਹਨ, ਜਿਹੜੇ ੫ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਦਰਜ ਹੈ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਮਹਲਾ ੮ = ੧੧੮੬

ਸਿਰਲੇਖ ੫

ਬਾਣੀਕਾਰ ਗੁਰੂ ਤੇਗ ਬਹਾਦਰ ਜੀ

ਰਾਗੁ ਬਸੰਤ

ਤੁਕਾਂ ਦੁਤੁਕਾ

ਇਹ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਤਿਪਦੇ ਹਨ।

## ਭਗਤ ਪ੍ਰਬੰਧ

ਭਗਤ ਕਬੀਰ ਜੀ ਦੇ ਰਾਗੁ ਬਸੰਤ ਵਿਚ ੮ ਚਉਪਦੇ ਹਨ, ਜਿਹੜੇ ੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਵਿਚ ਰਾਗ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਸ਼ਾਮਲ ਕੀਤੀ ਗਈ ਹੈ। ਇਸ ਤੋਂ ਇਲਾਵਾ ਮਿਸ਼ਰਿਤ ਰਾਗੁ ਬਾਰੇ ਵੀ ਜਾਣਕਾਰੀ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਕਬੀਰ ਜੀਉ ੧੧੯੬

ਮਿਸ਼ਰਿਤ ਰਾਗੁ - ਬਸੰਤ ਹਿੰਡੋਲ ਘਰੁ ੨ = ੧੧੯੫

ਸਿਰਲੇਖ ੩

ਬਾਣੀਕਾਰ ਭਗਤ ਕਬੀਰ ਜੀ

ਰਾਗੁ ਬਸੰਤ

ਤੁਕਾ ਘਰੁ ੧ = ੬ (ਦੁਤੁਕੇ, ਚੌਤੁਕੇ) ਘਰੁ ੨ = ੨ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਤਿਪਦੇ, ਚਉਪਦੇ ਅਤੇ ਪੰਚਪਦੇ ਹਨ।

ਭਗਤ ਰਾਮਾਨੰਦ ਜੀ ਦਾ ਰਾਗੁ ਬਸੰਤ ਵਿਚ ੧ ਚਉਪਦਾ ੧ ਸਿਰਲੇਖ ਹੇਠ ਸੰਪਾਦਿਤ ਹੈ। ਇਸ ਵਿਚ ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਘਰੁ - ਰਾਮਾਨੰਦ ਜੀ ਘਰ ੧ = ੧੧੯੫

ਸਿਰਲੇਖ ੧

ਬਾਣੀਕਾਰ ਭਗਤ ਰਾਮਾਨੰਦ ਜੀ

ਰਾਗੁ ਬਸੰਤ

ਤੁਕਾਂ ਘਰੁ ੧ = ੧ (ਚੌਤੁਕਾਂ)

ਇਸ ਚਉਪਦੇ ਨੂੰ ਘਰੁ ੧ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦਾ ਰੂਪ ਪੱਖੋਂ ਤਿਪਦਾ ਹੈ।

ਭਗਤ ਨਾਮਦੇਵ ਜੀ ਦੇ ਰਾਗੁ ਬਸੰਤ ਵਿਚ ਤਿੰਨ ਚਉਪਦੇ ਹਨ, ਜਿਹੜੇ ੧ ਸਿਰਲੇਖ ਹੇਠ ਸੰਪਾਦਿਤ ਹਨ। ਇਸ ਸਿਰਲੇਖ ਦੁਆਰਾ ਰਾਗ ਅਤੇ ਬਾਣੀਕਾਰ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਬਾਣੀ ਨਾਮਦੇਉ ਜੀ ਕੀ = ੧੧੯੫

ਸਿਰਲੇਖ ੧

ਬਾਣੀਕਾਰ ਭਗਤ ਨਾਮਦੇਉ ਜੀ

ਰਾਗੁ ਬਸੰਤ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਤਿਪਦੇ ਅਤੇ ਚਉਪਦੇ ਹਨ।

ਭਗਤ ਰਵਿਦਾਸ ਜੀ ਦਾ ਰਾਗੁ ਬਸੰਤ ਵਿਚ ਇਕ ਚਉਪਦਾ ਹੈ, ਜੋ ਇਕ ਸਿਰਲੇਖ ਹੇਠ ਸੰਪਾਦਿਤ ਹੈ। ਇਸ ਸਿਰਲੇਖ ਦੁਆਰਾ ਰਾਗੁ ਅਤੇ ਬਾਣੀਕਾਰ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਬਸੰਤ ਬਾਣੀ ਰਵਿਦਾਸ ਜੀ ਕੀ = ੧੧੯੬

ਇਹ ਚਉਪਦਾ ਰੂਪ ਪੱਖੋਂ ਚਾਰ ਪਦਾ ਵਾਲਾ ਹੈ।

## ਮਹਲਾ ਪ੍ਰਬੰਧ

ਰਾਗੁ ਸਾਰੰਗ

ਗੁਰੂ ਨਾਨਕ ਦੇਵ ਜੀ ਦੇ ਰਾਗੁ ਸਾਰੰਗ ਵਿਚ ਤਿੰਨ ਚਉਪਦੇ ਹਨ, ਜਿਹੜੇ ਤਿੰਨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਦੁਆਰਾ ਰਾਗ, ਬਾਣੀਕਾਰ, ਕਾਵਿ-ਰੂਪ ਦੀ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਸੰਕੇਤ ਵਜੋਂ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਸਾਰੰਗ ਮਹਲਾ ੧ = ੧੧੯੭

ਕਾਵਿਰੂਪ - ਰਾਗੁ ਸਾਰੰਗ ਚਉਪਦੇ ਮਹਲਾ ੧ ਘਰੁ ੧ = ੧੧੯੭

ਸਿਰਲੇਖ ੩

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਸਾਰੰਗ

ਤੁਕਾਂ ਘਰੁ ੧ = ੩ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਸਾਰੰਗ ਵਿਚ ੧੩ ਚਉਪਦੇ ਹਨ, ਜਿਹੜੇ ੧੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ, ਬਾਣੀਕਾਰ ਅਤੇ ਕਾਵਿ-ਰੂਪ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਗਾਇਨ ਸ਼ੈਲੀ ਦੀ ਜਾਣਕਾਰੀ ਵੀ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਸਾਰਗ ਮਹਲਾ ੪ = ੧੧੯੮

ਕਾਵਿ-ਰੂਪ- ਸਾਰਗ ਮਹਲਾ ੪ ਘਰੁ ੩ ਦੁਪਦਾ = ੧੨੦੦

ਸੰਗੀਤ ਸੰਕੇਤ - ਸਾਰਗ ਮਹਲਾ ੪ ਪੜਤਾਲ = ੧੨੦੨

ਸਿਰਲੇਖ ੧੩

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਸਾਰਗ

ਤੁਕਾਂ ਘਰੁ ੧ = ੬ (ਦੁਤੁਕੇ) ਘਰੁ ੩ = ੧ (ਦੁਤੁਕਾ) ਘਰੁ ੫ =

੬ (ਦੁਤੁਕੇ, ਤਿਤੁਕੇ, ਚੌਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧, ਘਰੁ ੨ ਅਤੇ ਘਰੁ ੩ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ। ਘਰੁ ੩ ਦਾ ਚਉਪਦਾ ਦੁਤੁਕਾ ਹੈ। ਘਰੁ ੫ ਦੇ ਚਉਪਦੇ ਰੂਪ ਪੱਖੋਂ ਦੁਪਦੇ ਹਨ। ਘਰੁ ੫ ਦਾ ਸੰਗੀਤ ਸੰਕੇਤ ਪੜਤਾਲ ਦਾ ਚਉਪਦਾ ਵੀ ਦੁਪਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਰਾਗ ਸਾਰੰਗ ਵਿਚ ੧੩੮ ਚਉਪਦੇ ਹਨ, ਜਿਹੜੇ ੧੩੮ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ ਬਾਣੀਕਾਰ ਅਤੇ ਕਾਵਿ-ਰੂਪ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਗਾਇਨ ਸ਼ੈਲੀ ਪੜਤਾਲ ਦੀ ਜਾਣਕਾਰੀ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਸਾਰਗ ਮਹਲਾ ੫ = ੧੨੨੮

ਗਾਇਨ ਸ਼ੈਲੀ - ਸਾਰਗ ਮਹਲਾ ੫ ਘਰੁ ੬ ਪੜਤਾਲ = ੧੨੨੯

ਕਾਵਿ-ਰੂਪ- ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ = ੧੨੭੦

ਸਿਰਲੇਖ ੧੩੯

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਸਾਰਗ

ਤੁਕਾਂ ਘਰੁ ੧ = ੧੫ (ਦੁਤੁਕੇ) ਘਰੁ ੨ = ੫ (ਦੁਤੁਕੇ) ਘਰੁ ੩ = ੪

(ਦੁਤੁਕੇ) ਘਰੁ ੪ = ੧੦੪ (ਦੁਤੁਕੇ) ਘਰੁ ੫ = ੧ (ਦੁਤੁਕਾ)

ਘਰੁ ੬ = (ਦੁਤੁਕੇ)

ਇਹ ਚਉਪਦੇ ਘਰੁ ੧, ਘਰੁ ੨, ਘਰੁ ੩, ਘਰੁ ੪, ਘਰੁ ੫ ਅਤੇ ਘਰੁ ੬ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦਿਆਂ ਵਿਚੋਂ ਇਕ ਪੰਚਪਦਾ ਅਤੇ ਬਾਕੀ ਚਉਪਦੇ ਹਨ। ਘਰੁ ੨ ਦੇ ਚਉਪਦੇ ਦੁਪਦੇ ਅਤੇ ਚਾਰ ਪਦਾ ਵਾਲੇ ਹਨ। ਘਰੁ ੩ ਦੇ ਚਉਪਦੇ ਦੁਪਦੇ ਹਨ। ਘਰੁ ੪ ਦੇ ਚਉਪਦੇ ਦੁਪਦੇ ਹਨ। ਘਰੁ ੫ ਦਾ ਚਉਪਦਾ ਚਾਰ ਪਦਾ ਵਾਲਾ ਹੈ। ਘਰੁ ੬ ਦੇ ਚਉਪਦੇ ਦੁਪਦੇ ਹਨ।

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਸਾਰੰਗ ਵਿਚ ੪ ਚਉਪਦੇ ਹਨ, ਜਿਹੜੇ ੪ ਸਿਰਲੇਖਾਂ ਹੇਠ ਸੰਪਾਦਿਤ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਸਾਰੰਗ ਮਹਲਾ ੯ = ੧੨੩੧

ਸਿਰਲੇਖ ੪

ਬਾਣੀਕਾਰ ਗੁਰੂ ਤੇਗ ਬਹਾਦਰ ਜੀ

ਰਾਗੁ ਸਾਰੰਗ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਦੁਪਦੇ ਹਨ।

ਭਗਤ ਕਬੀਰ ਜੀ

ਭਗਤ ਕਬੀਰ ਜੀ ਦੇ ਰਾਗੁ ਸਾਰੰਗ ਵਿਚ ਦੋ ਚਉਪਦੇ ਹਨ, ਜਿਹੜੇ ਦੋ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹਨਾਂ ਸਿਰਲੇਖਾਂ ਵਿਚ ਬਾਣੀਕਾਰ ਅਤੇ ਰਾਗ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ : ਪੰਨਾ

ਰਾਗੁ - ਰਾਗੁ ਸਾਰੰਗ ਬਾਣੀ ਭਗਤਾਂ ਕੀ॥ ਕਬੀਰ ਜੀ॥ = ੧੨੫੧

ਇਹ ਦੋਵੇਂ ਚਉਪਦੇ ਚਾਰ ਪਦਾ ਵਾਲੇ ਹਨ।

ਭਗਤ ਨਾਮਦੇਵ ਜੀ ਦੇ ਰਾਗੁ ਸਾਰੰਗ ਵਿਚ ੩ ਚਉਪਦੇ ਹਨ, ਜਿਹੜੇ ੧ ਸਿਰਲੇਖ ਹੇਠ ਸੰਪਾਦਿਤ ਹਨ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਸ਼ਾਖ਼ਿਮਲ ਹੈ।

ਉਦਾਹਰਨ :

ਪੰਨਾ

ਰਾਗੁ - ਸਾਰੰਗ ਬਾਣੀ ਨਾਮਦੇਉ ਜੀ ਕੀ = ੧੨੫੨

ਸਿਰਲੇਖ ੧

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਸਾਰੰਗ

ਤੁਕਾਂ ਦੁਤੁਕੇ, ਚੌਤੁਕਾ

ਇਹ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

ਭਗਤ ਪਰਮਾਨੰਦ ਜੀ ਦਾ ਰਾਗੁ ਸਾਰੰਗ ਵਿਚ ੧ ਚਉਪਦਾ ਹੈ, ਜਿਹੜਾ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਸਿਰਲੇਖ ਰਾਹੀਂ ਕੇਵਲ ਰਾਗੁ ਦੀ ਜਾਣਕਾਰੀ ਮਿਲਦੀ ਹੈ। ਬਾਣੀਕਾਰ ਦੀ ਜਾਣਕਾਰੀ ਤੁਕਾਂ ਦੇ ਅਧਿਐਨ ਦੁਆਰਾ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਸਾਰੰਗ = ੧੨੫੩

ਸਿਰਲੇਖ ੧

ਬਾਣੀਕਾਰ ਪਰਮਾਨੰਦ

ਰਾਗੁ ਸਾਰੰਗ

ਤੁਕਾਂ ਦੁਤੁਕਾ

ਇਹ ਚਉਪਦਾ ਰੂਪ ਪੱਖੋਂ ਤਿਪਦਾ ਹੈ।

ਭਗਤ ਸੂਰਦਾਸ ਜੀ ਦਾ ਰਾਗੁ ਸਾਰੰਗ ਵਿਚ ੧ ਚਉਪਦਾ ਹੈ, ਜਿਹੜਾ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਸਿਰਲੇਖ ਦੁਆਰਾ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਸਾਰੰਗ ਮਹਲਾ ੫ ਸੂਰਦਾਸ ੧੨੫੩

ਸਿਰਲੇਖ ੧

ਬਾਣੀਕਾਰ ਗੁਰੂ ਅਰਜਨ ਦੇਵ ਜੀ (ਸੂਰਦਾਸ)

ਰਾਗੁ ਸਾਰੰਗ

ਤੁਕਾਂ ਦੁਤੁਕਾ

ਇਹ ਚਉਪਦਾ ਰੂਪ ਪੱਖੋਂ ਦੁਪਦਾ ਹੈ।

## ਮਹਲਾ ਪ੍ਰਬੰਧ

ਰਾਗੁ ਮਲਾਰ

ਗੁਰੂ ਨਾਨਕ ਦੇਵ ਜੀ ਦੇ ਰਾਗੁ ਮਲਾਰ ਵਿਚ ੯ ਚਉਪਦੇ ਹਨ, ਜਿਹੜੇ ੯ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ, ਬਾਣੀਕਾਰ ਅਤੇ ਘਰੁ ਪ੍ਰਬੰਧ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਲਾਰ ਮਹਲਾ ੧ = ੧੨੫੪

ਘਰੁ - ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧ = ੧੨੫੪

ਸਿਰਲੇਖ ੯

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਮਲਾਰ

ਤੁਕਾ ਘਰੁ ੧ = ੫ (ਦੁਤੁਕੇ, ਚੌਤੁਕੇ) ਘਰੁ ੨ = ੪ (ਚੌਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦੇ ਅਤੇ ਪੰਚਪਦੇ ਹਨ।

ਗੁਰੂ ਅਮਰਦਾਸ ਜੀ ਦੇ ਰਾਗੁ ਮਲਾਰ ਵਿਚ ੧੩ ਚਉਪਦੇ ਹਨ, ਜਿਹੜੇ ੧੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਪੱਖੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦੇ ਦੇ ਸਰੂਪ ਮੁਤਾਬਿਕ ਹੋਰ ਸੂਚਨਾ ਵੀ ਸ਼ਾਮਲ ਹੈ। ਇਸ ਵਿਚ ਰਾਗ, ਬਾਣੀਕਾਰ ਅਤੇ ਕਾਵਿ-ਰੂਪ ਦੀ ਸੂਚਨਾ ਸੰਕੇਤ ਵਜੋਂ ਦਿੱਤੀ ਗਈ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਜਾਣਕਾਰੀ ਵੀ ਮਿਲਦੀ ਹੈ।

ਉਦਾਹਰਨ :

ਪੰਨਾ

ਰਾਗੁ - ਮਲਾਰ ਮਹਲਾ ੩ = ੧੨੫੮

ਕਾਵਿ ਰੂਪ - ਮਲਾਰ ਮਹਲਾ ੩ ਚਉਪਦੇ ਘਰੁ ੧ = ੧੨੫੭

ਸਿਰਲੇਖ ੧੩

ਬਾਣੀਕਾਰ ਗੁਰੂ ਅਮਰਦਾਸ ਜੀ

ਰਾਗੁ ਮਲਾਰ

ਤੁਕਾਂ ਘਰੁ ੧ = ੯ (ਤਿਤੁਕੇ, ਚੌਤੁਕਾ) ਘਰੁ ੨ = ੪ (ਦੁਤੁਕੇ)

ਇਹਨਾਂ ਚਉਪਦਿਆਂ ਨੂੰ ਘਰੁ ੧ ਅਤੇ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ।

ਗੁਰੂ ਰਾਮਦਾਸ ਜੀ ਦੇ ਮਲਾਰ ਰਾਗੁ ਵਿਚ ੯ ਚਉਪਦੇ ਹਨ, ਜਿਹੜੇ ੯ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਮਲਾਰ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਗਾਇਨ ਵਿਧੀ (ਪੜਤਾਲ) ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਮਲਾਰ ਮਹਲਾ ੪ = ੧੨੬੩

ਸੰਗੀਤ ਸੰਕੇਤ - ਮਲਾਰ ਮਹਲਾ ੪ ਪੜਤਾਲ ਘਰੁ ੩ = ੧੨੬੫

(ਪੜਤਾਲ)

ਸਿਰਲੇਖ ੯

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਮਲਾਰ

ਤੁਕਾਂ ਘਰੁ ੧ = ੭ (ਦੁਤੁਕੇ, ਚੌਤੁਕੇ) ਘਰੁ ੩ = ੪ (ਇਕਤੁਕੇ, ਦੁਤੁਕੇ)

ਰਾਗ ਮਲਾਰ ਦੇ ੯ ਚਉਪਦੇ ਸਿਰਲੇਖ ਸੂਚਨਾ ਮੁਤਾਬਿਕ ਘਰੁ ਪਹਿਲੇ ਅਤੇ ਤੀਜੇ ਵਿਚ ਗਾਏ ਜਾਣ ਦੀ ਹਦਾਇਤ ਹੈ। ਤੀਜੇ ਘਰੁ ਵਿਚ ਪੜਤਾਲ ਗਾਇਨ ਵਿਧੀ ਅਨੁਸਾਰ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਇਕ ਪੰਚਪਦਾ ਹੈ। ਘਰੁ ੨ ਦੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਲਾਰ ਵਿਚ ੩੦ ਚਉਪਦੇ ਹਨ, ਜਿਹੜੇ ੩੦ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗ ਮਲਾਰ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਕਾਵਿ-ਰੂਪ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਮਲਾਰ ਮਹਲਾ ੫ = ੧੨੬੬

ਕਾਵਿ ਰੂਪ - ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧ = ੧੨੬੬

ਸਿਰਲੇਖ ੩੦

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਮਲਾਰ

ਤੁਕਾਂ ਘਰੁ ੧ = ੧੮ (ਦੁਤੁਕੇ) ਘਰੁ ੨ = ੪ (ਚੌਤੁਕੇ) ਘਰੁ ੩ =

੮ (ਇਕਤੁਕੇ, ਦੁਤੁਕੇ, ਪੰਚਤੁਕੇ)

ਰਾਗੁ ਮਲਾਰ ਮਹਲਾ ੫ ਦੇ ਚਉਪਦੇ ਘਰੁ ਪਹਿਲੇ, ਦੂਜੇ ਅਤੇ ਤੀਜੇ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ। ਘਰੁ ੨ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ। ਘਰੁ ੩ ਦੇ ਚਉਪਦੇ ਰੂਪ ਪੱਖੋਂ ਦੁਪਦੇ ਹਨ।

## ਭਗਤ ਪ੍ਰਬੰਧ

ਭਗਤ ਨਾਮਦੇਵ ਜੀ ਦੇ ਰਾਗੁ ਮਲਾਰ ਵਿਚ ਦੋ ਚਉਪਦੇ ਹਨ, ਜਿਹੜੇ ਦੋ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ ੧੨੯੨

ਸਿਰਲੇਖ ੨

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਮਲਾਰ

ਤੁਕਾਂ ਦੁਤੁਕੇ, ਤਿਤੁਕਾ, ਪੰਚਤੁਕਾ, ਛਿਤੁਕਾ

ਇਹ ਚਉਪਦੇ ਰੂਪ ਪੱਖੋਂ ਪੰਚਪਦੇ ਅਤੇ ਤਿਪਦੇ ਹਨ।

ਭਗਤ ਰਵਿਦਾਸ ਜੀ ਦੇ ਰਾਗੁ ਮਲਾਰ ਵਿਚ ੩ ਚਉਪਦੇ ਹਨ, ਜਿਹੜੇ ੩ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਮਲਾਰ ਬਾਣੀ ਭਗਤ ਰਵਿਦਾਸ ਜੀ ਕੀ = ੧੨੯੩

ਸਿਰਲੇਖ ੩

ਬਾਣੀਕਾਰ ਭਗਤ ਰਵਿਦਾਸ ਜੀ

ਰਾਗੁ ਮਲਾਰ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਤਿਪਦੇ ਹਨ।

ਮਹਲਾ ਪ੍ਰਬੰਧ

ਰਾਗੁ ਕਾਨੜਾ

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਚਉਪਦੇ ਰਾਗੁ ਕਾਨੜਾ ਵਿਚ ਸ਼ਾਮਲ ਨਹੀਂ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਮਲਾਰ ਵਿਚ ੧੨ ਚਉਪਦੇ ਹਨ, ਜਿਹੜੇ ੧੨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਕਾਨੜਾ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ (ਗਾਇਨ ਵਿਧੀ) ਪੜਤਾਲ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

| | | |
|---|---|---|
| ਰਾਗੁ | - | ਕਾਨੜਾ ਮਹਲਾ ੪ = ੧੨੯੪ |
| ਗਾਇਨ ਵਿਧੀ | - | ਕਾਨੜਾ ਮਹਲਾ ੪ ਪੜਤਾਲ ਘਰੁ ੫ = ੧੨੯੬ |
| ਸਿਰਲੇਖ | | ੧੨ |
| ਬਾਣੀਕਾਰ | ਗੁਰੂ ਰਾਮਦਾਸ ਜੀ | |
| ਰਾਗੁ | | ਮਲਾਰ |
| ਤੁਕਾਂ | | ਘਰੁ ੧ = ੬ (ਦੁਤੁਕੇ) ਘਰੁ ੫ = ੬ (ਦੁਤੁਕੇ) |

ਰਾਗੁ ਕਾਨੜਾ ਵਿਚ ਗੁਰੂ ਰਾਮਦਾਸ ਜੀ ਦੇ ੧੪ ਚਉਪਦੇ ਸਿਰਲੇਖ ਸੂਚਨਾ ਮੁਤਾਬਿਕ ਘਰੁ ਪਹਿਲੇ ਅਤੇ ਪੰਜਵੇਂ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ਪੰਜਵੇਂ ਵਿਚ ਪੜਤਾਲ ਸੰਗੀਤ ਸੰਕੇਤ ਅਨੁਸਾਰ ਗਾਏ ਜਾਣਗੇ। ਇਹਨਾਂ ਵਿਚ 6 ਚਉਪਦੇ ਅਤੇ 6 ਦੁਪਦੇ ਹਨ।

ਗੁਰੂ ਅਰਜਨ ਦੇਵ ਜੀ ਦੇ ਰਾਗ ਕਾਨੜਾ ਵਿਚ ੪੯ ਚਉਪਦੇ ਹਨ, ਜਿਹੜੇ ੪੯ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਕਾਨੜਾ ਵਿਚ ਹੋਰ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਕਾਨੜਾ ਮਹਲਾ ੫ = ੧੩੦੦

ਘਰੁ - ਕਾਨੜਾ ਮਹਲਾ ੫ ਘਰੁ ੩ = ੧੩੦੦

ਸਿਰਲੇਖ ੫੦

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਕਾਨੜਾ

ਤੁਕਾਂ ਘਰੁ ੨ = ੧੨ (ਦੁਤੁਕੇ) ਘਰੁ ੩ = ੭ (ਇਕਤੁਕੇ, ਦੁਤੁਕੇ)

ਘਰੁ ੪ = ੧੩ (ਦੁਤੁਕੇ) ਘਰੁ ੫ = ੧ (ਤਿਤੁਕਾ, ਪੰਚਤੁਕਾ)

ਘਰੁ ੬ = ੩ (ਚੌਤੁਕਾ, ਪੰਚਤੁਕਾ, ਛਿਤੁਕਾ) ਘਰੁ ੭ = ੧

(ਦੁਤੁਕਾ, ਪੰਚਤੁਕਾ) ਘਰੁ ੮ = ੨ (ਇਕਤੁਕਾ, ਦੁਤੁਕਾ, ਚੌਤੁਕਾ)

ਘਰੁ ੯ = ੫ (ਇਕਤੁਕਾ, ਦੁਤੁਕਾ, ਤਿਤੁਕਾ) ਘਰੁ ੧੦ = ੧

(ਇਕਤੁਕਾ, ਦੁਤੁਕਾ) ਘਰੁ ੧੧ = ੫ (ਇਕਤੁਕਾ, ਦੁਤੁਕਾ,

ਤਿਤੁਕਾ)

ਰਾਗੁ ਕਾਨੜਾ ਵਿਚ ਗੁਰੂ ਅਰਜਨ ਦੇਵ ਜੀ ਦੇ ੫੦ ਚਉਪਦੇ ਸਿਰਲੇਖ ਸੂਚਨਾ ਮੁਤਾਬਿਕ ਘਰੁ ਦੂਜੇ, ਤੀਜੇ, ਚੌਥੇ, ਪੰਜਵੇਂ, ਛੇਵੇ, ਸੱਤਵੇਂ, ਅੱਠਵੇਂ, ਨੌਂਵੇਂ, ਦਸਵੇਂ ਅਤੇ ਗਿਆਰਵੇਂ ਵਿਚ ਗਾਏ ਜਾਣ ਦੀ ਹਦਾਇਤ ਹੈ, ਇਹ ਸਾਰੇ ਚਉਪਦੇ ਰੂਪ ਪੱਖੋਂ ਦੁਪਦੇ, ਤਿਪਦੇ ਅਤੇ ਚਉਪਦੇ ਹਨ।

ਭਗਤ ਨਾਮਦੇਵ ਜੀ ਦਾ ਰਾਗੁ ਕਾਨੜਾ ਵਿਚ ੧ ਚਉਪਦਾ ਹੈ, ਜਿਹੜਾ ੧ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਕਾਨੜਾ ਬਾਣੀ ਨਾਮਦੇਵ ਜੀਉ ਕੀ

ਸਿਰਲੇਖ ੧

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਕਾਨੜਾ

ਤੁਕਾਂ ਦੁਤੁਕਾ

ਭਗਤ ਨਾਮਦੇਵ ਜੀ ਦਾ ਚਉਪਦਾ ਰੂਪ ਪੱਖੋਂ ਦੁਪਦਾ ਹੈ।

ਰਾਗੁ ਕਲਿਆਨ

ਰਾਗੁ ਕਲਿਆਨ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦਾ ਕੋਈ ਚਉਪਦਾ ਨਹੀਂ ਹੈ।

ਰਾਗ ਕਲਿਆਨ ਵਿਚ ਗੁਰੂ ਰਾਮਦਾਸ ਜੀ ਦੇ ੭ ਚਉਪਦੇ ਹਨ, ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਕਲਿਆਨ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ।

ਉਦਾਹਰਨ :

ਪੰਨਾ

ਰਾਗੁ - ਕਲਿਆਨ ਮਹਲਾ ੫ = ੧੩੨੧

ਸਿਰਲੇਖ ੭

ਬਾਣੀਕਾਰ ਗੁਰੂ ਰਾਮਦਾਸ ਜੀ

ਰਾਗੁ ਕਲਿਆਨ

ਤੁਕਾਂ ਇਕਤੁਕੇ, ਦੁਤੁਕੇ

ਇਹ ਸਾਰੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ, ਕੇਵਲ ਕਲਿਆਨੁ ਭੋਪਾਲੀ ਸਿਰਲੇਖ ਵਾਲਾ ਚਉਪਦਾ ਦੁਪਦਾ ਹੈ।

ਰਾਗੁ ਕਲਿਆਨ ਵਿਚ ਗੁਰੂ ਅਰਜਨ ਦੇਵ ਜੀ ਦੇ ੧੦ ਚਉਪਦੇ ਹਨ, ਜਿਹੜੇ ੧੦ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਕਲਿਆਨ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਕਲਿਆਨ ਮਹਲਾ ੫ = ੧੩੨੧

ਘਰੁ - ਕਲਿਆਨ ਮਹਲਾ ੫ ਘਰੁ ੨ = ੧੩੨੨

ਸਿਰਲੇਖ ੧੦

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਕਲਿਆਨ

ਤੁਕਾਂ ਘਰੁ ੧ = ੩ (ਇਕਤੁਕੇ, ਦੁਤੁਕੇ) ਘਰੁ ੨ = ੭ (ਇਕਤੁਕੇ,

ਦੁਤੁਕੇ)

ਰਾਗੁ ਕਲਿਆਨ ਮਹਲਾ ੫ ਦੇ ਚਉਪਦੇ ਘਰੁ ਪਹਿਲੇ ਅਤੇ ਦੂਜੇ ਵਿਚ ਗਾਏ ਜਾਣ ਦੀ ਹਦਾਇਤ ਹੈ, ਘਰੁ ੧ ਦੇ ਚਉਪਦੇ ਰੂਪ ਪੱਖੋਂ ਦੁਪਦੇ ਹਨ। ਘਰੁ ੨ ਦੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

## ਮਹਲਾ ਪ੍ਰਬੰਧ

ਰਾਗੁ ਪਰਭਾਤੀ

ਗੁਰੂ ਨਾਨਕ ਦੇਵ ਜੀ ਦੇ ਰਾਗੁ ਪਰਭਾਤੀ ਵਿਚ ੧੭ ਚਉਪਦੇ ਹਨ, ਜਿਹੜੇ ੧੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਪਰਭਾਤੀ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਕਾਵਿ-ਰੂਪ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਪ੍ਰਭਾਤੀ ਮਹਲਾ ੧ = ੧੩੨੭

ਕਾਵਿ-ਰੂਪ- ਰਾਗੁ ਪਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧ = ੧੩੨੭

ਸਿਰਲੇਖ ੧੭

ਬਾਣੀਕਾਰ ਗੁਰੂ ਨਾਨਕ ਦੇਵ ਜੀ

ਰਾਗੁ ਪਰਭਾਤੀ

ਤੁਕਾਂ ਘਰੁ ੧ = ੧੭ (ਦੁਤੁਕੇ, ਤਿਤੁਕੇ, ਚੌਤੁਕੇ)

ਰਾਗੁ ਪਰਭਾਤੀ ਮਹਲਾ ੧ ਦੇ ਚਉਪਦੇ ਘਰੁ ਪਹਿਲੇ ਵਿਚ ਗਾਏ ਜਾਣ ਦੀ ਹਦਾਇਤ ਹੈ। ਘਰੁ ੧ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ।

ਗੁਰੂ ਅਮਰਦਾਸ ਜੀ ਦੇ ਰਾਗੁ ਪਰਭਾਤੀ ਵਿਚ ੭ ਚਉਪਦੇ ਹਨ, ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਪਰਭਾਤੀ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਕਾਵਿ-ਰੂਪ ਦੀ ਸੂਚਨਾ ਵੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਪ੍ਰਭਾਤੀ ਮਹਲਾ ੩ = ੧੩੩੩

ਕਾਵਿ ਰੂਪ -	ਰਾਗੁ ਪ੍ਰਭਾਤੀ ਮਹਲਾ ੩ ਚਉਪਦੇ = ੧੩੩੨

ਸਿਰਲੇਖ	੭

ਬਾਣੀਕਾਰ	ਗੁਰੂ ਅਮਰਦਾਸ ਜੀ

ਰਾਗੁ	ਪ੍ਰਭਾਤੀ

ਤੁਕਾਂ	ਦੁਤੁਕੇ, ਤਿਤੁਕੇ

ਰਾਗੁ ਪ੍ਰਭਾਤੀ ਵਿਚ ਅਮਰਦਾਸ ਜੀ ਦੇ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਅਤੇ ਪੰਚਪਦੇ ਹਨ।

ਗੁਰੂ ਰਾਮਦਾਸ ਜੀ ਦੇ ਰਾਗੁ ਪ੍ਰਭਾਤੀ ਵਿਚ ੭ ਚਉਪਦੇ ਹਨ, ਜਿਹੜੇ ੭ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਪ੍ਰਭਾਤੀ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਗਾਇਨ ਵਿਧੀ ਪੜਤਾਲ ਦੀ ਸੂਚਨਾ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ	-	ਪ੍ਰਭਾਤੀ ਮਹਲਾ ੪ =	੧੩੩੭

ਸੰਗੀਤ ਸੰਕੇਤ	-	ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪ = ੧੩੩੭

ਸਿਰਲੇਖ	੭

ਬਾਣੀਕਾਰ	ਗੁਰੂ ਰਾਮਦਾਸ ਜੀ

ਰਾਗੁ	ਪ੍ਰਭਾਤੀ

ਤੁਕਾਂ	ਦੁਤੁਕੇ

ਗੁਰੂ ਰਾਮਦਾਸ ਜੀ ਦਾ ਪ੍ਰਭਾਤੀ ਬਿਭਾਸ ਦਾ ਇਕ ਚਉਪਦਾ ਪੜਤਾਲ ਗਾਇਨ ਵਿਧੀ ਅਨੁਸਾਰ ਗਾਇਨ ਕਰਨ ਦੀ ਹਦਾਇਤ ਹੈ। ਇਹ ਚਉਪਦੇ ਰੂਪ ਪੱਖੋਂ ਚਾਰ ਪਦਾ ਵਾਲੇ ਹਨ। ਪ੍ਰਭਾਤੀ ਬਿਭਾਸ ਪੜਤਾਲ ਵਾਲਾ ਚਉਪਦਾ ਦੁਪਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਪ੍ਰਭਾਤੀ ਵਿਚ ੧੫ ਚਉਪਦੇ ਜਿਹੜੇ ੧੫ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ, ਇਹ ਸਿਰਲੇਖ ਬਣਤਰ ਵਜੋਂ ਇੱਕੋ ਜਿਹੇ ਹਨ, ਪਰ ਸੰਬੰਧਿਤ ਚਉਪਦਿਆਂ ਦੇ ਸਰੂਪ ਮੁਤਾਬਿਕ ਰਾਗੁ ਪਰਭਾਤੀ ਵਿਚ ਹੋਰ ਸੂਚਨਾ ਵੀ ਸ਼ਾਮਲ ਹੈ। ਮੁੱਖ ਸੂਚਨਾ ਰਾਗ ਅਤੇ ਬਾਣੀਕਾਰ ਦੀ ਹੈ। ਇਸ ਤੋਂ ਇਲਾਵਾ ਘਰੁ ਪ੍ਰਬੰਧ ਅਤੇ ਪੜਤਾਲ ਗਾਇਨ ਵਿਧੀ ਦੀ ਜਾਣਕਾਰੀ ਵੀ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਪ੍ਰਭਾਤੀ ਮਹਲਾ ੫ = ੧੩੩੮

ਘਰੁ ਪ੍ਰਬੰਧ- ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ = ੧੩੪੧

ਗਾਇਨ ਵਿਧੀ - ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ = ੧੩੪੧

ਸਿਰਲੇਖ ੧੫

ਬਾਣੀਕਾਰ ਗੁਰੂ ਅਰਜਨ ਦੇਵ ਜੀ

ਰਾਗੁ ਪ੍ਰਭਾਤੀ

ਤੁਕਾਂ ਦੁਤੁਕੇ, ਚੌਤੁਕੇ, ਘਰੁ ੨ = ੧ (ਦੁਤੁਕਾ, ਚੌਤੁਕਾ)

ਗੁਰ ਅਰਜਨ ਦੇਵ ਜੀ ਦੇ ਰਾਗੁ ਪ੍ਰਭਾਤੀ ਵਿਚ ਦੋ ਚਉਪਦੇ ਬਿਭਾਸ ਪੜਤਾਲ ਗਾਇਨ ਵਿਧੀ ਅਨੁਸਾਰ ਗਾਏ ਜਾਣ ਦੀ ਹਦਾਇਤ ਹੈ। ਇਕ ਚਉਪਦਾ ਘਰੁ ੨ ਵਿਚ ਗਾਏ ਜਾਣ ਦੀ ਹਦਾਇਤ ਹੈ। ਇਸ ਸਾਰੇ ਚਉਪਦੇ ਰੂਪ ਪੱਖੋਂ ਦੁਪਦੇ ਅਤੇ ਚਾਰ ਪਦਾ ਵਾਲੇ ਹਨ।

## ਭਗਤ ਪ੍ਰਬੰਧ

ਭਗਤ ਕਬੀਰ ਜੀ ਦੇ ਰਾਗੁ ਪ੍ਰਭਾਤੀ ਵਿਚ ੫ ਚਉਪਦੇ ਹਨ, ਜਿਹੜੇ ੫ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ = ੧੩੪੯

ਸਿਰਲੇਖ ੫

ਬਾਣੀਕਾਰ ਭਗਤ ਕਬੀਰ ਜੀ

ਰਾਗੁ ਪ੍ਰਭਾਤੀ

ਤੁਕਾਂ ਦੁਤੁਕੇ

ਇਹ ਚਉਪਦੇ ਰੂਪ ਪੱਖੋਂ ਤਿਪਦੇ ਚਾਰ ਪਦਾ ਵਾਲੇ ਅਤੇ ਛਿਪਦੇ ਹਨ।

ਭਗਤ ਨਾਮਦੇਵ ਜੀ ਦੇ ਰਾਗੁ ਪ੍ਰਭਾਤੀ ਵਿਚ ਤਿੰਨ ਚਉਪਦੇ ਹਨ, ਜਿਹੜੇ ਤਿੰਨ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗੁ ਅਤੇ ਬਾਣੀਕਾਰ ਦੀ ਸੂਚਨਾ ਸ਼ਾਮਲ ਹੈ।

ਉਦਾਹਰਨ :

ਪੰਨਾ

ਰਾਗੁ - ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ = ੧੩੫੦

ਸਿਰਲੇਖ ੩

ਬਾਣੀਕਾਰ ਭਗਤ ਨਾਮਦੇਵ ਜੀ

ਰਾਗੁ ਪ੍ਰਭਾਤੀ

ਤੁਕਾਂ ਦੁਤੁਕੇ

ਭਗਤ ਨਾਮਦੇਵ ਜੀ ਦੇ ਚਉਪਦੇ ਰੂਪ ਪੱਖੋਂ ਤਿਪਦੇ ਅਤੇ ਚਉਪਦੇ ਹਨ।

ਭਗਤ ਬੇਣੀ ਜੀ ਦਾ ਰਾਗੁ ਪ੍ਰਭਾਤੀ ਵਿਚ ਇਕ ਚਉਪਦਾ ਹੈ, ਜਿਹੜਾ ਇਕ ਸਿਰਲੇਖ ਹੇਠ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ :

ਪੰਨਾ

ਰਾਗੁ - ਪ੍ਰਭਾਤੀ ਭਗਤ ਬੇਣੀ ਜੀ ਦੀ = ੧੩੫੧

ਸਿਰਲੇਖ ੧

ਬਾਣੀਕਾਰ ਭਗਤ ਬੇਣੀ ਜੀ

ਰਾਗੁ ਪ੍ਰਭਾਤੀ

ਤੁਕਾ ਚੌਤੁਕਾ

ਭਗਤ ਬੇਣੀ ਜੀ ਦਾ ਰਾਗੁ ਪ੍ਰਭਾਤੀ ਵਿਚ ਚਉਪਦਾ ਰੂਪ ਪੱਖੋਂ ਪੰਚਪਦਾ ਹੈ।

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਪ੍ਰਭਾਤੀ ਵਿਚ ਚਾਰ ਚਉਪਦੇ ਹਨ, ਜਿਹੜੇ ਚਾਰ ਸਿਰਲੇਖਾਂ ਹੇਠ ਸੰਪਾਦਿਤ ਕੀਤੇ ਗਏ ਹਨ। ਇਸ ਵਿਚ ਰਾਗ ਅਤੇ ਬਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਉਦਾਹਰਨ : ਪੰਨਾ

ਰਾਗੁ - ਰਾਗੁ ਜੈਜਾਵੰਤੀ ਮਹਲਾ ੯ = ੧੩੫੨

ਸਿਰਲੇਖ ੪

ਬਾਣੀਕਾਰ ਗੁਰੂ ਤੇਗ ਬਹਾਦਰ ਜੀੋ

ਰਾਗੁ ਪ੍ਰਭਾਤੀ

ਤੁਕਾਂ ਦੁਤੁਕੇ

ਰਾਗੁ ਪ੍ਰਭਾਤੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਚਉਪਦੇ ਰੂਪ ਪੱਖੋਂ ਦੁਪਦੇ ਹਨ।

ਇਸ ਪ੍ਰਕਾਰ ਚਉਪਦਿਆਂ ਦੇ ਮਹਲਾ ਪ੍ਰਬੰਧ ਦੀ ਜਾਣਕਾਰੀ ਵਿਸਥਾਰ ਸਹਿਤ ਪੇਸ਼ ਕੀਤੀ ਗਈ ਹੈ। ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਨੂੰ ਪੇਸ਼ ਕਰਨ ਦੀ ਜੁਗਤ ਦੁਆਰਾ ਹਰ ਬਾਣੀਕਾਰ ਦੁਆਰਾ ਵਰਤੋਂ ਵਿਚ ਆਏ ਸਿਰਲੇਖ ਦੀ ਅੰਦਰੂਨੀ ਤਰਤੀਬ ਨੂੰ ਅਸਾਨੀ ਨਾਲ ਜਾਣਿਆ ਜਾ ਸਕਦਾ ਹੈ।

ਸਾਰਨੀ ਨੰ. 6

## ਮਹਲਾ ਪ੍ਰਬੰਧ ਸੰਬੰਧੀ ਸਾਰਨੀ

| ਲੜੀ ਨੰ: | ਰਾਗੁ | ਮਹਲਾ ੧ | ਮਹਲਾ ੩ | ਮਹਲਾ ੪ | ਮਹਲਾ ੫ | ਕੁੱਲ ਚਉਪਦੇ |
|---|---|---|---|---|---|---|
| 1 | ਸਿਰੀ ਰਾਗੁ | 28 | 26 | 6 | 30 | 90 |
| 2 | ਰਾਗੁ ਮਾਝ | - | - | 7 | 43 | 50 |
| 3 | ਰਾਗੁ ਗਉੜੀ | 15 | 18 | 30 | 146 | 209 |
| 4 | ਰਾਗੁ ਆਸਾ | 30 | 11 | 12 | 117 | 170 |
| 5 | ਰਾਗੁ ਗੂਜਰੀ | 2 | 5 | 6 | 11 | 24 |
| 6 | ਰਾਗੁ ਦੇਵਗੰਧਾਰੀ | - | - | - | 2 | 2 |
| 7 | ਰਾਗੁ ਬਿਹਾਗੜਾ | - | - | - | 1 | 1 |
| 8 | ਰਾਗੁ ਵਡਹੰਸੁ | 2 | 8 | 1 | 7 | 18 |
| 9 | ਰਾਗੁ ਸੋਰਠਿ | 9 | 12 | 8 | 44 | 73 |
| 10 | ਰਾਗੁ ਧਨਾਸਰੀ | 7 | 8 | 7 | 18 | 40 |
| 11 | ਰਾਗੁ ਜੈਤਸਰੀ | - | - | 11 | 2 | 13 |
| 12 | ਰਾਗੁ ਟੋਡੀ | - | - | 1 | 4 | 5 |
| 13 | ਰਾਗੁ ਤਿਲੰਗ | 3 | - | - | 4 | 7 |
| 14 | ਰਾਗੁ ਸੂਹੀ | 7 | - | 14 | 48 | 69 |
| 15 | ਰਾਗੁ | 4 | 5 | 6 | 54 | 69 |

| | | | | | | |
|---|---|---|---|---|---|---|
| | ਬਿਲਾਵਲੁ | | | | | |
| 16 | ਰਾਗੁ ਗੋਂਡ | - | - | 6 | 21 | 27 |
| 17 | ਰਾਗੁ ਰਾਮਕਲੀ | 10 | - | 5 | 53 | 68 |
| 18 | ਰਾਗੁ ਨਟ ਨਾਰਾਇਨ | - | - | 6 | 1 | 7 |
| 19 | ਰਾਗੁ ਮਾਲੀ ਗਉੜਾ | - | - | 6 | 5 | 11 |
| 20 | ਰਾਗੁ ਮਾਰੂ | 7 | 4 | 6 | 20 | 37 |
| 21 | ਰਾਗੁ ਕੇਦਾਰਾ | - | - | 1 | - | 1 |
| 22 | ਰਾਗੁ ਭੈਰਉ | 7 | 15 | 7 | 50 | 79 |
| 23 | ਰਾਗੁ ਬਸੰਤ | 10 | 18 | 7 | 20 | 55 |
| 24 | ਰਾਗੁ ਸਾਰੰਗ | 3 | - | 4 | 16 | 23 |
| 25 | ਰਾਗੁ ਮਲਾਰ | 8 | 10 | 7 | 7 | 32 |
| 26 | ਰਾਗੁ ਕਾਨੜਾ | - | - | 6 | 10 | 16 |
| 27 | ਰਾਗੁ ਕਲਿਆਨ | - | - | 6 | 1 | 7 |
| 28 | ਰਾਗੁ ਪਰਭਾਤੀ | 13 | 6 | 6 | 12 | 37 |
| | | 165 | 146 | 182 | 747 | 1240 |

## ਸਾਰਨੀ ਨੰ. 7

# ਭਗਤ ਪ੍ਰਬੰਧ ਸੰਬੰਧੀ ਸਾਰਨੀ

| ਲੜੀ ਨੰ: | ਰਾਗੁ | ਭਗਤ ਕਬੀਰ | ਭਗਤ ਰਵੀਦਾਸ | ਭਗਤ ਨਾਮਦੇਵ | ਭਗਤ ਤ੍ਰਿਲੋਚਨ | ਭਗਤ ਸਧਨਾ | ਭਗਤ ਧੰਨਾ | ਭਗਤ ਸੈਣ | ਸ਼ੇਖ ਫਰੀਦ | ਕੁੱਲ ਚਉਪਦੇ |
|---|---|---|---|---|---|---|---|---|---|---|
| 1 | ਸਿਰੀਰਾਗੁ | 1 | - | - | - | - | - | - | - | 1 |
| 2 | ਰਾਗੁ ਮਾਝ | - | - | - | - | - | - | - | - | - |
| 3 | ਰਾਗੁ ਗਉੜੀ | 32 | 1 | - | - | - | - | - | - | 33 |
| 4 | ਰਾਗੁ ਆਸਾ | 17 | 2 | 3 | - | - | 2 | - | 1 | 25 |
| 5 | ਰਾਗੁ ਗੂਜਰੀ | 2 | - | 1 | 1 | - | - | - | - | 4 |
| 6 | ਰਾਗੁ ਦੇਵਗੰਧਾਰੀ | - | - | - | - | - | - | - | - | - |
| 7 | ਰਾਗੁ ਬਿਹਾਗੜਾ | - | - | - | - | - | - | - | - | - |
| 8 | ਰਾਗੁ ਵਡਹੰਸੁ | - | - | - | - | - | - | - | - | - |
| 9 | ਰਾਗੁ ਸੋਰਠਿ | 7 | 2 | 2 | - | - | - | - | - | 11 |
| 10 | ਰਾਗੁ ਧਨਾਸਰੀ | 3 | 1 | 2 | - | - | - | 1 | - | 7 |
| 11 | ਰਾਗੁ ਜੈਤਸਰੀ | - | - | - | - | - | - | - | - | - |
| 12 | ਰਾਗੁ ਟੋਡੀ | - | - | 1 | - | - | - | - | - | 1 |
| 13 | ਰਾਗੁ ਤਿਲੰਗ | 1 | - | 1 | - | - | - | - | - | 2 |
| 14 | ਰਾਗੁ ਸੂਹੀ | 4 | 1 | - | - | - | - | - | 1 | 6 |
| 15 | ਰਾਗੁ ਬਿਲਾਵਲੁ | 3 | - | - | - | 1 | - | - | - | 4 |

| | | | | | | | | | | |
|---|---|---|---|---|---|---|---|---|---|---|
| 16 | ਰਾਗੁ ਗੋਂਡ | 8 | 2 | 4 | - | - | - | - | - | 14 |
| 17 | ਰਾਗੁ ਰਾਮਕਲੀ | 2 | - | 3 | - | - | - | - | - | 5 |
| 18 | ਰਾਗੁ ਨਟ ਨਰਾਇਨ | - | - | - | - | - | - | - | - | - |
| 19 | ਰਾਗੁ ਮਾਲੀ ਗਉੜਾ | - | - | 1 | - | - | - | - | - | 1 |
| 20 | ਰਾਗੁ ਮਾਰੂ | 4 | - | 2 | - | - | - | - | - | 6 |
| 21 | ਰਾਗੁ ਕੇਦਾਰਾ | 4 | - | - | - | - | - | - | - | 4 |
| 22 | ਰਾਗੁ ਭੈਰਉ | 11 | 2 | 6 | - | - | - | - | - | 19 |
| 23 | ਰਾਗੁ ਬਸੰਤ | 2 | 1 | 1 | - | - | - | - | - | 4 |
| 24 | ਰਾਗੁ ਸਾਰੰਗ | 2 | - | 1 | - | - | - | - | - | 3 |
| 25 | ਰਾਗੁ ਮਲਾਰ | - | - | - | - | - | - | - | - | - |
| 26 | ਰਾਗੁ ਕਾਨੜਾ | - | - | - | - | - | - | - | - | - |
| 27 | ਰਾਗੁ ਕਲਿਆਨ | - | - | - | - | - | - | - | - | - |
| 28 | ਰਾਗੁ ਪਰਭਾਤੀ | 3 | - | 2 | - | - | - | - | - | 5 |
| | ਕੁੱਲ | 81 | 27 | 30 | 3 | 1 | 2 | 1 | 2 | 155 |

## ਸਾਰਨੀ ਨੰ. 8

### ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਬਾਣੀਕਾਰਾਂ ਦੇ ਕੁੱਲ ਚਉਪਦਿਆਂ ਦੀ ਸਾਰਨੀ

| ਲੜੀ ਨੰ: | ਰਾਗੁ | ਮਹਲਾ ਪ੍ਰਬੰਧ ਦੇ ਚਉਪਦੇ | ਭਗਤ ਪ੍ਰਬੰਧ ਦੇ ਚਉਪਦੇ | ਕੁੱਲ ਜੋੜ |
|---|---|---|---|---|
| 1 | ਸਿਰੀ ਰਾਗੁ | 90 | 1 | 91 |
| 2 | ਰਾਗੁ ਮਾਝ | 50 | - | 50 |
| 3 | ਰਾਗੁ ਗਉੜੀ | 209 | 33 | 242 |
| 4 | ਰਾਗੁ ਆਸਾ | 170 | 25 | 195 |
| 5 | ਰਾਗੁ ਗੂਜਰੀ | 24 | 4 | 28 |
| 6 | ਰਾਗੁ ਦੇਵਗੰਧਾਰੀ | 2 | - | 2 |
| 7 | ਰਾਗੁ ਬਿਹਾਗੜਾ | 1 | - | 1 |
| 8 | ਰਾਗੁ ਵਡਹੰਸੁ | 18 | - | 18 |
| 9 | ਰਾਗੁ ਸੋਰਠਿ | 73 | 11 | 84 |
| 10 | ਰਾਗੁ ਧਨਾਸਰੀ | 40 | 7 | 47 |
| 11 | ਰਾਗੁ ਜੈਤਸਰੀ | 13 | - | 13 |
| 12 | ਰਾਗੁ ਟੋਡੀ | 5 | 1 | 6 |
| 13 | ਰਾਗੁ ਤਿਲੰਗ | 7 | 2 | 9 |
| 14 | ਰਾਗੁ ਸੂਹੀ | 69 | 6 | 75 |
| 15 | ਰਾਗੁ ਬਿਲਾਵਲੁ | 69 | 4 | 73 |
| 16 | ਰਾਗੁ ਗੋਂਡ | 27 | 14 | 41 |

| | | | | |
|---|---|---|---|---|
| 17 | ਰਾਗੁ ਰਾਮਕਲੀ | 68 | 5 | 73 |
| 18 | ਰਾਗੁ ਨਟ ਨਰਾਇਨ | 7 | - | 7 |
| 19 | ਰਾਗੁ ਮਾਲੀ ਗਉੜਾ | 11 | 1 | 12 |
| 20 | ਰਾਗੁ ਮਾਰੂ | 37 | 6 | 43 |
| 21 | ਰਾਗੁ ਕੇਦਾਰਾ | 1 | 4 | 5 |
| 22 | ਰਾਗੁ ਭੈਰਉ | 79 | 19 | 98 |
| 23 | ਰਾਗੁ ਬਸੰਤ | 55 | 4 | 59 |
| 24 | ਰਾਗੁ ਸਾਰੰਗ | 23 | 3 | 26 |
| 25 | ਰਾਗੁ ਮਲਾਰ | 32 | - | 32 |
| 26 | ਰਾਗੁ ਕਾਨੜਾ | 16 | - | 16 |
| 27 | ਰਾਗੁ ਕਲਿਆਨ | 7 | - | 7 |
| 28 | ਰਾਗੁ ਪਰਭਾਤੀ | 37 | 5 | 42 |
| | | 1240 | 155 | 1395 |

## (ਸ) ਘਰੁ ਪ੍ਰਬੰਧ

ਇਥੇ ਪੇਸ਼ ਕੀਤਾ ਗਿਆ ਘਰੁ ਪ੍ਰਬੰਧ ਸੰਬੰਧਿਤ ਬਾਣੀ ਜਾ ਰਾਗਾਂ ਦੇ ਚਉਪਦਿਆਂ ਦੇ ਹਵਾਲੇ ਵਿਚ ਹੈ, ਸਮੁੱਚਾ ਨਹੀਂ। ਸਾਰੇ ਰਾਗਾਂ ਦੇ ਚਉਪਦਿਆਂ ਨੂੰ ਘਰੁ ਪ੍ਰਬੰਧ ਅਨੁਸਾਰ ਸਾਰਨੀ ਦੁਆਰਾ ਪੇਸ਼ ਕੀਤਾ ਹੈ। ਸਾਰਨੀ ਵਿਚ ਕ੍ਰਮ ਅਨੁਸਾਰ ਬਾਣੀਕਾਰ ਅਤੇ ਉਹਨਾ ਦੁਆਰਾ ਘਰੁ ਪ੍ਰਬੰਧ ਦੀ ਕੀਤੀ

ਵਰਤੋਂ ਨੂੰ ਦਰਸਾਇਆ ਗਿਆ ਹੈ। ਹਰ ਰਾਗ ਦੇ ਚਉਪਦਿਆਂ ਦੀ ਸਾਰਨੀ ਦੇ ਘਰੁ ਪ੍ਰਬੰਧ ਵਿਚ ਕੇਵਲ ਉਹਨਾਂ ਘਰਾ ਨੂੰ ਦਰਸਾਇਆ ਗਿਆ ਹੈ, ਜਿਨ੍ਹਾਂ ਘਰਾ ਦੀ ਗੁਰੂ ਸਾਹਿਬਾਨ ਦੁਆਰਾ ਵਰਤੋਂ ਕੀਤੀ ਗਈ ਹੈ।

**ਸਾਰਨੀ ਨੰ. 9**

**ਚਉਪਦਿਆਂ ਵਿਚ ਆਏ ਘਰੁ ਪ੍ਰਬੰਧ ਦੀ ਸਾਰਨੀ**

ਰਾਗੁ ਸਿਰੀਰਾਗੁ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ |
|---|---|---|---|---|---|---|---|
| ਮਹਲਾ ੧ | 1<br>(ਪੰਨਾ ੧੪) | 2<br>(ਪੰਨਾ ੨੩) | 3<br>(ਪੰਨਾ ੨੩) | 5<br>(ਪੰਨਾ ੨੪) | 1<br>(ਪੰਨਾ ੨੫) | - | - |
| ਮਹਲਾ ੩ | 2<br>(ਪੰਨਾ ੨੬, ੨੭) | - | - | - | - | - | - |
| ਮਹਲਾ ੪ | 1<br>(ਪੰਨਾ ੩੯) | - | - | - | - | - | - |
| ਮਹਲਾ ੫ | 2<br>(ਪੰਨਾ ੪੨, ੫੨) | 1<br>(ਪੰਨਾ ੫੦) | - | - | - | 1<br>(ਪੰਨਾ ੫੧) | 1<br>(ਪੰਨਾ ੫੧) |
| ਕਬੀਰ ਜੀ | - | - | - | 1 | - | - | - |

| | | | | | | | |
|---|---|---|---|---|---|---|---|
| | | | | (ਪੰਨਾ ੯੧) | | | |
| ਬੇਣੀ ਜੀ | 1<br><br>(ਪੰਨਾ ੯੩) | - | - | - | - | - | - |
| ਕੁਲ | 7 | 3 | 3 | 6 | 1 | 1 | 1 |

ਸੰਬੰਧਤ ਸ਼ਬਦਾ ਦਾ ਸਿਰਲੇਖ 'ਏਕੁ ਸੁਆਨ ਕੈ ਘਰਿ ਗਾਵਣਾ' (ਗੁ. ਗ੍ਰੰ. 91) ਹੈ। ਏਕੁ ਸੁਆਨ ਵਾਲੇ ਸ਼ਬਦ ਨੂੰ ਘਰੁ ੪ 'ਚ ਗਾਉਣ ਦੀ ਹਦਾਇਤ ਹੈ। ਸੋ ਇੱਥੇ ਇਹ ਸ਼ਬਦ ਘਰੁ ੪ ਵਿਚ ਕੀਤਾ ਗਿਆ ਹੈ। ਸੰਬੰਧਿਤ ਸ਼ਬਦ ਦਾ ਸਿਰਲੇਖ 'ਪਹਰਿਆ ਕੈ ਘਰਿ ਗਾਵਣਾ' (ਗੁ. ਗ੍ਰੰ. 93) ਹੈ, ਕਿਉਂਕਿ ਪਹਰੇ ਘਰੁ ੧ ਵਿਚ ਹਨ, ਇਸ ਲਈ ਘਰੁ ੧ 'ਚ ਗਿਣਿਆ ਗਿਆ ਹੈ।

**ਰਾਗੁ ਮਾਝ ਵਿਚ ਘਰੁ ਸ਼ਬਦ ਦੀ ਵਰਤੋਂ**

| ਬਾਣੀਕਾਰ | ਘਰੁ ੧ | ਜੋੜ |
|---|---|---|
| ਮਹਲਾ ੧ | - | - |
| ਮਹਲਾ ੩ | - | - |
| ਮਹਲਾ ੪ | 1<br><br>(ਪੰਨਾ ੯੪) | 1 |
| ਮਹਲਾ ੫ | 1<br><br>(ਪੰਨਾ ੯੬) | 1 |
| ਕੁਲ | 2 | 2 |

ਰਾਗੁ ਗਉੜੀ ਗੁਆਰੇਰੀ ਵਿਚ ਘਰੁ ਸ਼ਬਦ ਦਾ ਸਿਰਲੇਖ ਅਧੀਨ ਪ੍ਰਯੋਗ ਕੀਤਾ ਗਿਆ ਗਉੜੀ ਬੈਰਾਗਣਿ ਰਹੋਵੇ ਕੇ ਛੰਤ ਕੇ ਘਰਿ ਲਿਖਣ ਤੇ ਸੰਕੇਤ ਮਿਲਦਾ ਹੈ।

**ਰਾਗੁ ਆਸਾ**

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਘਰੁ ੧੧ | ਜੋੜ |
|---|---|---|---|---|---|---|---|---|---|---|---|---|
| ਮ : ੧ | 1 (ਪੰਨਾ ੩੪੭) | 1 (ਪੰਨਾ ੩੪੮) | 1 (ਪੰਨਾ ੩੫੮) | 1 (ਪੰਨਾ ੩੫੮) | 1 (ਪੰਨਾ ੩੫੯) | 1 (ਪੰਨਾ ੩੫੯) | - | - | - | - | - | 6 |
| ਮ : ੩ | - | 1 (ਪੰਨਾ ੩੬੦) | - | - | - | - | - | 1 (ਪੰਨਾ ੩੬੫) | - | - | - | 2 |
| ਮ : ੪ | - | 2 (ਪੰਨਾ ੩੬੫, ੩੬੬) | - | - | - | 1 (ਪੰਨਾ ੩੬੮) | - | 1 (ਪੰਨਾ ੩੬੯) | - | - | - | 4 |
| ਮ : ੫ | - | 1 (ਪੰਨਾ ੩੭੦) | 1 (ਪੰਨਾ ੩੭੯) | - | 1 (ਪੰਨਾ ੩੮੦) | 1 (ਪੰਨਾ ੩੮੦) | 2 (ਪੰਨਾ ੩੮੪, | 1 (ਪੰਨਾ ੩੯੬) | 1 (ਪੰਨਾ ੪੦੧) | 1 (ਪੰਨਾ ੪੦੧) | 1 (ਪੰਨਾ ੪੦੩) | 10 |

| | | | | | | | | | | | | |
|---|---|---|---|---|---|---|---|---|---|---|---|---|
| | | | | | | | ੩੯੪) | | | | | |
| ਕੁਲ | 1 | 5 | 2 | 1 | 2 | 3 | 2 | 3 | 1 | 1 | 1 | 22 |

| ਬਾਣੀਕਾਰ | ਘਰੁ ੧੨ | ਘਰੁ ੧੩ | ਘਰੁ ੧੪ | ਘਰੁ ੧੫ | ਘਰੁ ੧੬ | ਘਰੁ ੧੭ | ਜੋੜ |
|---|---|---|---|---|---|---|---|
| ਮ : ੧ | - | - | - | - | - | - | - |
| ਮ : ੩ | - | - | - | - | - | - | - |
| ਮ : ੪ | - | - | - | - | 1 (ਪੰਨਾ ੩੬੯) | - | 1 |
| ਮ : ੫ | 1 (ਪੰਨਾ ੪੦੫) | 1 (ਪੰਨਾ ੪੦੬) | 1 (ਪੰਨਾ ੪੦੭) | 1 (ਪੰਨਾ ੪੦੮) | - | 1 (ਪੰਨਾ ੪੦੯) | 6 |
| ਕੁਲ | 1 | 1 | 1 | 1 | 1 | 1 | |

### ਰਾਗੁ ਗੂਜਰੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਜੋੜ |
|---|---|---|---|---|---|
| ਮ : ੧ | 1 (ਪੰਨਾ ੪੮੯) | - | - | - | 1 |
| ਮ : ੩ | 1 | - | - | - | 1 |

| | | | | | |
|---|---|---|---|---|---|
| | (ਪੰਨਾ ੪੯੦) | | | | |
| ਮ : ੪ | 1<br><br>(ਪੰਨਾ ੪੯੨) | - | 1<br><br>(ਪੰਨਾ ੪੯੪) | - | 2 |
| ਮ : ੫ | 1<br><br>(ਪੰਨਾ ੪੯੫) | 4<br><br>(ਪੰਨਾ ੪੯੫, ੪੯੭, ੪੯੮) | - | 2<br><br>(ਪੰਨਾ ੫੦੧, ੫੦੨) | 7 |
| ਕਬੀਰ ਜੀ | - | 1<br><br>(ਪੰਨਾ ੫੨੪) | - | - | 1 |
| ਨਾਮਦੇਵ ਜੀ | 1<br><br>(ਪੰਨਾ ੫੨੫) | - | - | - | 1 |
| ਰਵਿਦਾਸ | - | - | 1<br><br>(ਪੰਨਾ ੫੨੫) | - | 1 |
| ਤ੍ਰਿਲੋਚਨ | 1<br><br>(ਪੰਨਾ ੫੨੫) | - | - | - | 1 |
| ਜੈਦੇਵ | - | - | - | 1<br><br>(ਪੰਨਾ ੫੨੬) | 1 |
| ਕੁਲ | 6 | 5 | 2 | 3 | 16 |

### ਰਾਗੁ ਦੇਵਗੰਧਾਰੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਜੋੜ |
|---|---|---|---|---|---|---|---|---|
| ਮ : ੪ | 1 (ਪੰਨਾ ੫੨੭) | - | - | - | - | - | - | 1 |
| ਮ : ੫ | - | 1 (ਪੰਨਾ ੫੨੮) | 1 (ਪੰਨਾ ੫੩੩) | 1 (ਪੰਨਾ ੫੩੪) | 1 (ਪੰਨਾ ੫੩੪) | 1 (ਪੰਨਾ ੫੩੫) | 1 (ਪੰਨਾ ੫੩੬) | 6 |
| ਕੁਲ | 1 | 1 | 1 | 1 | 1 | 1 | 1 | 7 |

### ਰਾਗੁ ਬਿਹਾਗੜਾ

| ਬਾਣੀਕਾਰ | ਘਰੁ ੧ | ਘਰੁ ੨ | ਜੋੜ |
|---|---|---|---|
| ਮ : ੪ | - | - | - |
| ਮ : ੫ | - | 1 (ਪੰਨਾ ੫੩੭) | 1 |
| ਕੁਲ | - | 1 | 1 |

ਰਾਗੁ ਵਡਹੰਸੁ

| ਬਾਣੀਕਾਰ | ਘਰੁ ੧ | ਘਰੁ ੨ | ਜੋੜ |
|---|---|---|---|
| ਮ : ੧ | 1<br><br>(ਪੰਨਾ ੫੫੭) | 1<br><br>(ਪੰਨਾ ੫੫੭) | 2 |
| ਮ : ੩ | 1<br><br>(ਪੰਨਾ ੫੫੮) | - | 1 |
| ਮ : ੪ | 1<br><br>(ਪੰਨਾ ੫੬੦) | 1<br><br>(ਪੰਨਾ ੫੬੧) | 2 |
| ਮ : ੫ | 1<br><br>(ਪੰਨਾ ੫੬੨) | 1<br><br>(ਪੰਨਾ ੫੬੪) | 2 |
| ਕੁਲ | 4 | 3 | 7 |

ਰਾਗੁ ਸੋਰਠਿ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਜੋੜ |
|---|---|---|---|---|---|
| ਮ : ੧ | 2<br><br>(ਪੰਨਾ ੫੯੫)2 | - | 1<br><br>(ਪੰਨਾ ੫੯੯) | - | 3 |
| ਮ : ੩ | 3 | - | - | - | 3 |

| | | | | | |
|---|---|---|---|---|---|
| | (ਪੰਨਾ ੫੯੯) (੬੦੩)2 | | | | |
| ਮ : ੪ | 1<br><br>(ਪੰਨਾ ੬੦੪) | - | - | - | 1 |
| ਮ : ੫ | 3<br><br>(ਪੰਨਾ ੬੦੮)2 (੬੧੦) | 3<br><br>(ਪੰਨਾ ੬੧੧, ੬੧੩,<br><br>੬੧੬) | 2<br><br>(ਪੰਨਾ ੬੨੧, ੬੨੫) | - | 8 |
| ਕਬੀਰ ਜੀ | 1<br><br>(ਪੰਨਾ ੬੫੪) | 1<br><br>(ਪੰਨਾ ੬੫੬) | - | - | 2 |
| ਨਾਮਦੇਵ ਜੀ | - | 1<br><br>(ਪੰਨਾ ੬੫੬) | 1<br><br>(ਪੰਨਾ ੬੫੬) | 1<br><br>(ਪੰਨਾ ੬੫੭) | 3 |
| ਕੁਲ | 10 | 5 | 4 | 1 | 20 |

## ਰਾਗੁ ਧਨਾਸਰੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਘਰੁ ੮ | ਘਰੁ ੯ | ਘਰੁ ੧੨ | ਜੋੜ |
|---|---|---|---|---|---|---|---|---|---|---|---|
| ਮ : ੧ | 1 (ਪੰਨਾ ੬੬੦) | 1 (ਪੰਨਾ ੬੬੧) | 1 (ਪੰਨਾ ੬੬੨) | - | - | - | - | - | - | - | 3 |
| ਮ : ੩ | - | 1 (ਪੰਨਾ ੬੬੩) | - | 1 (ਪੰਨਾ ੬੬੬) | - | - | - | - | - | - | 2 |
| ਮ : ੪ | 1 (ਪੰਨਾ ੬੬੬) | - | - | - | 1 (ਪੰਨਾ ੬੬੮) | - | - | - | - | - | 2 |
| ਮ : ੫ | 1 (ਪੰਨਾ ੬੭੦) | 1 (ਪੰਨਾ ੬੭੬) | - | - | - | 1 (ਪੰਨਾ ੬੭੮) | 1 (ਪੰਨਾ ੬੭੯) | 1 (ਪੰਨਾ ੬੭੯) | 1 (ਪੰਨਾ ੬੮੩) | 1 (ਪੰਨਾ ੬੮੩) | 7 |
| ਕੁਲ | 3 | 3 | 1 | 1 | 1 | 1 | 1 | 1 | 1 | 1 | 14 |

## ਰਾਗੁ ਜੈਤਸਰੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਜੋੜ |
|---|---|---|---|---|---|
| ਮ : ੪ | 1<br><br>(ਪੰਨਾ ੬੯੬) | 1<br><br>(ਪੰਨਾ ੬੯੮) | - | - | 2 |
| ਮ : ੫ | - | - | 2<br><br>(ਪੰਨਾ ੭੦੦)2 | 1<br><br>(ਪੰਨਾ ੭੦੧) | 3 |
| ਕੁਲ | 1 | 1 | 2 | 1 | 5 |

## ਰਾਗੁ ਟੋਡੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਜੋੜ |
|---|---|---|---|---|---|---|
| ਮ : ੪ | 1<br><br>(ਪੰਨਾ ੭੧੧) | - | - | - | - | 1 |
| ਮ : ੫ | 1<br><br>(ਪੰਨਾ ੭੧੧) | 2<br><br>(ਪੰਨਾ ੭੧੨,<br><br>੭੧੩) | 1<br><br>(ਪੰਨਾ ੭੧੫) | 1<br><br>(ਪੰਨਾ ੭੧੫) | 1<br><br>(ਪੰਨਾ ੭੧੬) | 6 |
| ਕੁਲ | 2 | 2 | 1 | 1 | 1 | 7 |

## ਰਾਗੁ ਬੈਰਾੜੀ

| ਬਾਣੀਕਾਰ | ਘਰੁ ੧ | ਜੋੜ |
|---|---|---|
| ਮ : ੪ | 1<br><br>(ਪੰਨਾ ੭੧੯) | 1 |
| ਮ : ੫ | 1<br><br>(ਪੰਨਾ ੭੨੦) | 1 |
| ਕੁਲ | 2 | 2 |

**ਰਾਗੁ ਤਿਲੰਗ**

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਜੋੜ |
|---|---|---|---|---|
| ਮ : ੧ | 1<br><br>(ਪੰਨਾ ੭੨੧) | 1<br><br>(ਪੰਨਾ ੭੨੧) | 1<br><br>(ਪੰਨਾ ੭੨੧) | 3 |
| ਮ : ੪ | - | 1<br><br>(ਪੰਨਾ ੭੨੩) | - | 1 |
| ਮ : ੫ | 1<br><br>(ਪੰਨਾ ੭੨੩) | 1<br><br>(ਪੰਨਾ ੭੨੩) | 2<br><br>(ਪੰਨਾ ੭੨੪)2 | 4 |
| ਕੁਲ | 2 | 3 | 3 | 8 |

## ਰਾਗੁ ਸੂਹੀ

| ਬਾਣੀਕਾਰ | ਘਰੁ ੧ | ਘਰੁ ੨ | ਘਰੁ ੩ | ਘਰੁ ੪ | ਘਰੁ ੫ | ਘਰੁ ੬ | ਘਰੁ ੭ | ਘਰੁ ੮ | ਘਰੁ ੯ | ਘਰੁ ੧੦ | ਜੋੜ |
|---|---|---|---|---|---|---|---|---|---|---|---|
| ਮ : ੧ | 1 (ਪੰਨਾ ੭੨੮) | 1 (ਪੰਨਾ ੭੨੮) | - | - | - | 1 (ਪੰਨਾ ੭੨੯) | 1 (ਪੰਨਾ ੭੩੦) | - | - | - | 4 |
33. ਗੁਰੂ ਗਿਰਾਰਥ ਕੋਸ਼, ਉਹੀ, ਪੰਨਾ 113.

34. ਰਾਗ ਦਰਸ਼ਨ (ਭਾਗ ਦੂਜਾ), ਉਹੀ, ਪੰਨਾ 181.

35. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ

36. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 208.

37. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 47.

38. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 231.

39. ਮਹਾਨ ਕੋਸ਼, ਉਹੀ, ਪੰਨਾ 1218.

40. ਗੁਰੂ ਗਿਰਾਰਥ ਕੋਸ਼, ਉਹੀ, ਪੰਨਾ 236.

41. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 232.

42. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 128.

43. ਭਾਤਖੰਡੇ ਸੰਗੀਤ ਸ਼ਾਸਤਰ (ਚੌਥਾ ਭਾਗ), ਵਿਸ਼ਣੂ ਨਾਰਾਇਣ ਭਾਤਖੰਡੇ (ਵਿਸ਼ਣੂ ਸ਼ਰਮਾ), ਸੰਪਾ. (ਲਕਸ਼ਮੀ ਨਾਰਾਇਣ ਗਰਗ)

44. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

45. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 133-34.

46. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

47. ਰਾਗੁ ਦਰਸ਼ਨ (ਭਾਗ ਪਹਿਲਾ), ਉਹੀ, ਪੰਨਾ 170.

48. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 140.

49. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 233.

50. ਬਾਣੀ ਬਿਉਰਾ, ਉਹੀ, ਪੰਨਾ 64.

51. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 148-49.

52. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

53. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 260.

54. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 670.

55. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਪੰਨਾ ਉਹੀ.

56. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 148.

57. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 186.

58. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਪੰਨਾ 234.

59. ਰਾਗੁ ਦਰਸ਼ਨ (ਭਾਗ ਦੂਜਾ), ਉਹੀ, ਪੰਨਾ 55.

60. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

61. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 479.

62. ਆਦਿ ਗ੍ਰੰਥ ਰਾਗੁ ਕੋਸ਼, ਗੁਰਨਾਮ ਸਿੰਘ, ਪੰਨਾ 75.

63. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 235.

64. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 221-22.

65. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 235.

66. ਰਾਗੁ ਦਰਸ਼ਨ, ਉਹੀ, ਪੰਨਾ 181.

67. ਬਾਣੀ ਬਿਉਰਾ, ਉਹੀ, ਪੰਨਾ 69-70.

68. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 236.

69. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 398.

70. ਬਾਣੀ ਬਿਉਰਾ, ਉਹੀ, ਪੰਨਾ 70.

71. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 236.

72. ਬਾਣੀ ਬਿਉਰਾ, ਉਹੀ, ਪੰਨਾ .

73. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 254.

74. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 236.

75. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 693.

76. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 269.

77. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 237.

78. ਬਾਣੀ ਬਿਉਰਾ, ਉਹੀ, ਪੰਨਾ 73.

79. ਰਾਗੁ ਦਰਸ਼ਨ (ਭਾਗ ਪਹਿਲਾ), ਉਹੀ, ਪੰਨਾ 168.

80. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 126.

81. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 152.

82. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 283.

83. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 238.

84. ਰਾਗ ਮਲਹਾਰ ਦਰਸ਼ਨ, ਗੀਤਾ ਬੈਨਰਜੀ, ਪੰਨਾ 3.

85. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 274.

86. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

87. ਰਾਗੁ ਦਰਸ਼ਨ (ਭਾਗ ਦੂਜਾ), ਉਹੀ, ਪੰਨਾ 221.

88. ਸ੍ਰੀ ਗੁਰੂ ਗ੍ਰੰਥ ਕੋਸ਼, ਉਹੀ, ਪੰਨਾ 215.

89. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 298.

90. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 239.

91. ਗੁਰੂ ਗ੍ਰੰਥ ਸੰਕੇਤ ਕੋਸ਼, ਉਹੀ, ਪੰਨਾ 109.

92. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ .

93. ਬਾਣੀ ਬਿਉਰਾ, ਉਹੀ, ਪੰਨਾ 80.

94. ਰਾਗੁ ਦਰਸ਼ਨ (ਭਾਗ ਦੂਜਾ), ਉਹੀ, ਪੰਨਾ 49-50.

95. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 240.

96. ਬਾਣੀ ਬਿਉਰਾ, ਉਹੀ, ਪੰਨਾ 81.

97. ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਉਹੀ, ਪੰਨਾ 358.

98. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਤਰਤੀਬ, ਉਹੀ, ਪੰਨਾ 241.

99. ਗੁਰਮਤਿ ਜੀਵਨ-ਦਰਸ਼ਨ ਅਤੇ ਗ੍ਰੰਥ ਸਾਹਿਬ ਦਾ ਰਾਗੁ ਪ੍ਰਬੰਧ, ਦਵਿੰਦਰ ਸਿੰਘ, (ਸੰਪਾ.) ਜਸਵਿੰਦਰ ਕੌਰ ਢਿਲੋਂ ਗੁਰੂ ਗ੍ਰੰਥ ਸਾਹਿਬ ਦੇ ਵਿਵਿਧ ਪਰਿਪੇਖ, ਪੰਨਾ 80.

100. Lingustic Atlas of Punjab, Salient features of the Punjabi Language, Harjeet Singh Gill, Page 4.

101. ਅੰਗਰੇਜ਼ੀ-ਪੰਜਾਬੀ ਤਕਨੀਕੀ ਸ਼ਬਦਾਵਲੀ ਭੂਗੋਲ (ਭੂਮਿਕਾ), ਲਾਲ ਸਿੰਘ, ਪੰਨਾ 2.

102. ਸ਼ਬਦਾਰਥ, ਉਹੀ, ਪੰਨਾ 204.

103. ਉਹੀ, ਪੰਨਾ 176.

104. ਉਹੀ, ਪੰਨਾ 185.

# ਅਧਿਆਇ ਛੇਵਾਂ

## ਬਾਣੀ-ਰੂਪ ਚਉਪਦੇ ਦੀ ਵਿਲੱਖਣਤਾ

ਕੋਈ ਕਾਵਿ ਕਿਰਤ ਆਪਣੀ ਖਾਸ ਵਿਸ਼ੇਸ਼ਤਾ ਕਾਰਨ, ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੈ। ਸਰੋਤੇ ਜਾ ਪਾਠਕ ਲਿਖਤ ਦੇ ਗੁਣਾਂ ਨੂੰ ਮਹਿਸੂਸ ਕਰਦੇ ਹੋਏ, ਉਸ ਲਿਖਤ ਨੂੰ ਜੀਵਨ ਦਾ ਹਿੱਸਾ ਬਣਾਉਂਦੇ ਹਨ। ਆਮ ਤੌਰ ਤੇ ਕਾਵਿ ਲਿਖਤ ਦੇ ਸਰਲ ਲਿਖਣ, ਢੰਗ ਕਾਰਨ, ਇਹ ਸਰੋਤਿਆਂ ਦੇ ਵਧੇਰੇ ਨਿਕਟ ਹੁੰਦੀ ਹੈ ਅਤੇ ਅਜਿਹੀ ਲਿਖਤ ਦੇ ਸੰਕਲਪ ਸਮਝਣੇ ਆਸਾਨ ਹੁੰਦੇ ਹਨ। ਇਸੇ ਤਰ੍ਹਾਂ ਸਿੱਖ ਧਰਮ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੇ ਲਹਿਜੇ ਨਾਲ ਅੰਕਿਤ ਕੀਤਾ ਗਿਆ ਹੈ ਕਿ ਬਿਰਤਾਂਤਕ ਰੂਪ ਦਾ ਹੋਣ ਕਾਰਨ ਵੀ ਸਰੋਤਿਆਂ ਦੀ ਜਾਣਨ ਦੀ ਉਤਸੁਕਤਾ ਨੂੰ ਵਧਾਉਂਦਾ ਹੈ। ਇਸ ਪਿਛੇ ਸਭ ਤੋਂ ਵੱਡਾ ਕਾਰਨ ਵੱਖ-ਵੱਖ ਕਾਵਿ-ਰੂਪਾਂ ਦੀ ਛਾਪ ਹੈ। ਸਾਰੇ ਗ੍ਰੰਥ ਦੇ ਵੱਖ-ਵੱਖ ਸਿਰਲੇਖ ਸਰੋਤੇ ਦੀ ਜਾਣਕਾਰੀ ਵਿਚ ਵਾਧਾ ਕਰਦੇ ਹਨ। ਹਰ ਕਾਵਿ-ਰੂਪ ਦੇ ਵੱਖਰੇ ਸਿਰਲੇਖ ਵਿਕੋਲਿਤਰੇ ਵਿਸ਼ਿਆਂ ਦੀ ਪੇਸ਼ਕਾਰੀ ਕਰਦੇ ਹਨ। ਇਸੇ ਤਰ੍ਹਾਂ ਇਸ ਗ੍ਰੰਥ ਵਿਚ ਚਉਪਦੇ ਕਾਵਿ-ਰੂਪ ਅਧੀਨ, ਜੋ ਸ਼ਬਦ ਦਰਜ ਹਨ ਉਹਨਾਂ ਦੇ ਰੂਪ ਵਿਚਲੀ ਆਪਸੀ ਵਿਭਿੰਨਤਾ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਨਿਖੇੜ ਕੇ ਚਉਪਦਿਆਂ ਦੇ ਰੂਪ ਨੂੰ ਦ੍ਰਿਸ਼ਟੀਗੋਚਰ ਕਰਨ ਨਾਲ ਬਣਤਰ ਦੇ ਅਸਲ ਅਰਥਾਂ ਤੱਕ ਪਹੁੰਚਿਆ ਗਿਆ ਹੈ। ਇਸ ਪ੍ਰਕਾਰ ਚਉਪਦਿਆਂ ਦੀ ਵਿਲੱਖਣਤਾ ਦੇ ਕਾਰਨਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ।

**ਵਿਸ਼ਾ ਪੱਖ :** ਬਾਣੀ-ਰੂਪ ਚਉਪਦਿਆਂ ਵਿਚ ਵਿਸ਼ਿਆਂ ਦਾ ਵਿਕੋਲਿਤਰੇ ਹੋਣਾ ਆਪ-ਹੁਦਰੀ ਸਾਰਥਕਤਾ ਦਾ ਪ੍ਰਮਾਣ ਹੈ। ਵਿਸ਼ਿਆਂ ਸੰਬੰਧੀ ਵਿਸਥਾਰ ਸਹਿਤ ਪ੍ਰਕ੍ਰਿਤੀ ਅਤੇ ਵਿਸ਼ੇ ਦੇ ਅਧਿਆਇ ਵਿਚ ਸਪੱਸ਼ਟ ਰੂਪ ਵਿਚ ਘੋਖਿਆ ਗਿਆ ਹੈ। ਇਥੇ ਉਹਨਾਂ ਵਿਸ਼ਿਆਂ ਸੰਬੰਧੀ ਵਿਚਾਰ ਕੀਤੀ ਜਾਵੇਗੀ, ਜੋ ਮਨੁੱਖੀ ਮਾਨਸਿਕਤਾ ਵਿਚ ਹਰ ਸਮੇਂ ਚਿੰਤਨ ਦੀ ਭਾਵਨਾ ਨੂੰ ਜਾਗ੍ਰਿਤ ਕਰਕੇ ਸੰਕਲਪਾਂ ਦਾ ਰੂਪਾਂਤਰਨ ਕਰਨ ਵਿਚ ਸਹਾਈ ਸਾਬਤ ਹੋ ਸਕਦੇ ਹਨ।

**ਗੁਰੂ ਦੀ ਮਹੱਤਤਾ :** ਬਾਣੀ-ਰੂਪ ਚਉਪਦੇ ਵਿਚ ਗੁਰੂ ਦੀ ਅਗਵਾਈ ਨੂੰ ਅਮਲੀ ਰੂਪ ਦਿੱਤਾ ਗਿਆ ਹੈ। ਗੁਰੂ ਮਨੁੱਖਤਾ ਨੂੰ ਭਟਕਣਾ ਤੋਂ ਬਚਾਉਂਦਾ ਹੈ। ਗੁਰੂ ਦੀ ਸ਼ਰਨ ਵਿਚ ਗਿਆ ਮੁਕਤੀ ਦੀ ਪ੍ਰਾਪਤੀ ਜ਼ਰੂਰ ਹੁੰਦੀ ਹੈ। ਗੁਰੂ ਉਪਰ ਵਿਸ਼ਵਾਸ ਤੇ ਸ਼ਰਧਾ ਨੂੰ ਬਣਾ ਕੇ ਰੱਖਣਾ ਚਾਹੀਦਾ ਹੈ :

ਮੇਰੇ ਮਨ ਗੁਰ ਜੇਵਡ ਅਵਰ ਨ ਕੋਇ॥ (ਗੁ. ਗ੍ਰੰ. 49)

ਮੈ ਬਿਨ ਗੁਰ ਦੇਖੇ ਨੀਂਦ ਨ ਆਵੈ॥ (ਗੁ. ਗ੍ਰੰ. 94)

**ਸਿਮਰਨ ਦੀ ਮਹਾਨਤਾ :** ਮਨੁੱਖਤਾ ਨੂੰ ਸ਼ਬਦ ਦੇ ਅਸਲ ਰਹੱਸ ਦੀ ਸਮਝ ਹੋਣੀ ਚਾਹੀਦੀ ਹੈ ਕਿਉਂਕਿ ਸੰਸਾਰਕ ਭਵਸਾਗਰ ਤੇ ਸ਼ਬਦ ਦੁਆਰਾ ਹੀ ਪਾਰ ਲੰਘਿਆ ਜਾ ਸਕਦਾ ਹੈ। ਇਸ ਵਾਸਤੇ ਮਨ ਵਿਚ ਸ਼ਬਦ ਦਾ ਅਜਿਹਾ ਪ੍ਰਸਾਰ ਕਰ ਲੈਣਾ ਚਾਹੀਦਾ ਹੈ ਜੋ ਸਮਾਜ ਨੂੰ ਚਿੰਤਾਵਾਂ ਕਲੇਸ਼ਾਂ ਤੋਂ ਦੂਰ ਕਰ ਸਕਦਾ ਹੈ :

ਸੁਣਿ ਮਨ ਮੇਰੇ ਸ਼ਬਦ ਵੀਚਾਰਿ॥

ਰਾਮ ਜਪਹੁ ਭਵਜਲੁ ਉਤਰਹੁ ਪਾਰਿ॥ਰਹਾਉ॥ (ਗੁ. ਗ੍ਰੰ. 161)

ਗੁਰ ਕਾ ਸ਼ਬਦ ਰਾਖੁ ਮਨ ਮਾਹਿ॥

ਨਾਮ ਸਿਮਰਿ ਚਿੰਤਾ ਸਭ ਜਾਹਿ॥ (ਗੁ. ਗ੍ਰੰ. 192)

ਸ਼ਬਦ ਦੀ ਸਮਝ ਬਣ ਜਾਣ ਨਾਲ ਮਨੁੱਖ ਉਸ ਸਿਮਰਨ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਜੋ ਉਸ ਨੂੰ ਪਦਾਰਥਕ ਜਗਤ ਤੋਂ ਅਵੇਸਲਾ ਕਰ ਦੇਵੇ। ਸਿਮਰਨ ਦੀ ਅਸਲ ਕੀਮਤ ਨੂੰ ਕੇਵਲ ਉਸ ਰਸ ਦੀ ਪ੍ਰਾਪਤੀ ਨਾਲ ਹੀ ਜਾਣਿਆ ਜਾ ਸਕਦਾ ਹੈ। ਇਸ ਲਈ ਇਸ ਹੋਂਦ ਦੀ ਪ੍ਰਾਪਤੀ ਦੇ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਇਸ ਦੀ ਪ੍ਰਾਪਤੀ ਮਨੁੱਖਾ ਜਨਮ ਦੀ ਅਸਲ ਮੰਜ਼ਿਲ ਹੈ :

ਜਿਸ ਸਿਮਰਤ ਦੁਖ ਤੇਰਾ ਢਹੈ॥

ਜਿ ਸਿਮਰਤ ਜਮੁ ਕਿਛੂ ਨ ਕਹੈ॥ (ਗੁ. ਗ੍ਰੰ. 182)

ਸਿਮਰਤ ਰਾਮ ਨਾਹੀ ਜਮ ਮਾਰ॥

ਧਰਮ ਰਾਇ ਕੇ ਦੂਤ ਨ ਜੋਹੈ (ਗੁ. ਗ੍ਰੰ. 185)

**ਕਰਮਕਾਂਡ ਦਾ ਖੰਡਨ :** ਗੁਰ ਸ਼ਬਦ ਨੂੰ ਧਾਰਨ ਕਰਕੇ ਅਤੇ ਸਿਮਰਨ ਦੀ ਅਵਸਥਾ ਵਿਚ ਰਹਿਣ ਵਾਲੇ ਗੁਰਮੁਖ ਕਿਸੇ ਪ੍ਰਕਾਰ ਦੇ ਕਰਮਕਾਂਡ ਵਿਚ ਵਿਸ਼ਵਾਸ ਨਹੀਂ ਕਰਦੇ, ਕਿਉਂਕਿ ਉਹਨਾਂ ਨੇ ਜੀਵਨ ਦੇ ਅਸਲ ਸੱਚ ਦੀ ਪ੍ਰਾਪਤੀ ਕਰ ਲਈ ਹੈ। ਅਜਿਹੇ ਪ੍ਰਾਣੀ ਕਰਮਕਾਂਡਾ, ਭੇਖਾਂ, ਆਡੰਬਰਾਂ ਦਾ ਡਟ ਕੇ ਵਿਰੋਧ ਕਰਦੇ ਹਨ :

ਕਰਮ-ਕਾਂਡ ਬਹੁ ਕਰਹਿ ਅਚਾਰ

ਬਿਨ ਨਾਵੈ ਧ੍ਰਿਗ ਧ੍ਰਿਗ ਅਹੰਕਾਰ (ਗੁ. ਗ੍ਰੰ. 162)

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ (ਗੁ. ਗ੍ਰੰ. 324)

**ਰਿਸ਼ਤਿਆਂ ਦਾ ਪ੍ਰਸਾਰ :** ਜਦੋਂ ਮਨੁੱਖ ਦਾ ਪਦਾਰਥਕ ਜਗਤ ਦੇ ਰਿਸ਼ਤਿਆਂ ਤੋਂ ਮੋਹ ਮਿਲਾਪ ਖ਼ਤਮ ਹੋ ਜਾਂਦਾ ਹੈ, ਮਨੁੱਖ ਸੰਸਾਰਕ ਰਿਸ਼ਤਿਆਂ ਤੋਂ ਨਿਰਲੇਪ ਰਹਿਣਾ ਚਾਹੁੰਦਾ ਹੈ। ਉਸ ਸਮੇਂ ਮਨੁੱਖ ਦਾ ਅਸਲ ਰਿਸ਼ਤਾ ਗੁਰੂ ਨਾਲ ਬਣਦਾ ਹੈ :

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ॥

ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਰੀਤੁ॥ (ਗੁ. ਗ੍ਰੰ. 181)

ਮੀਤ ਹਮਾਰਾ ਅੰਤਰਜਾਮੀ॥

ਸਮਰਥ ਪੁਰਖੁ ਪਾਰਬ੍ਰਹਮ ਸੁਆਮੀ॥ (ਗੁ. ਗ੍ਰੰ. 187)

**ਹੁਕਮ :** ਅਕਾਲ ਪੁਰਖ ਦੀ ਰਜ਼ਾ ਵਿਚ ਰਹਿਣਾ ਮਨੁੱਖ ਦਾ ਪਹਿਲਾ ਕਰੱਤਵ ਹੈ, ਇਸ ਜਨਮ ਦੀ ਬਖ਼ਸ਼ਸ਼ ਅਤੇ ਦੁਨਿਆਵੀਂ ਦੁੱਖ-ਸੁੱਖ ਉਸ ਦੇ ਹੁਕਮ ਵਿਚ ਇਨਸਾਨ ਨੂੰ ਪ੍ਰਾਪਤ ਹੁੰਦੇ ਹਨ। ਇਸ ਲਈ ਮਨੁੱਖਤਾ ਨੂੰ ਪਰਮਾਤਮਾ ਦੇ ਹੁਕਮ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ :

ਕਾਹੇ ਕਉ ਮੂਰਖ ਭਖਲਾਇਆ॥

ਮਿਲਿ ਸੰਜੋਗ ਹੁਕਮਿ ਤੂੰ ਆਇਆ॥ (ਗੁ. ਗ੍ਰੰ. 188)

**ਮਨੁੱਖਾ ਜਨਮ ਦੀ ਸੰਭਾਲ :** ਮਨੁੱਖ ਨੂੰ ਚਰਾਸੀ ਲੱਖ ਜੂਨਾਂ ਤੋਂ ਬਾਅਦ ਇਹ ਮਨੁੱਖਾ ਸਰੀਰ ਮਿਲਿਆ ਹੈ। ਇਸ ਸਰੀਰ ਰੂਪ ਭਾਂਡੇ ਦੀ ਸੰਭਾਲ ਮਨੁੱਖ ਨੇ ਸਕਾਰਾਤਮਕ ਕਾਰਜਾਂ ਅਤੇ ਨਾਮ ਸਿਮਰਨ ਨਾਲ ਕਰਨੀ ਹੈ। ਇਸ ਜਨਮ ਵਿਚ ਚਿੰਤਨ ਦੀ ਬਿਰਤੀ ਨੂੰ ਇਕਾਗਰ ਕਰਕੇ ਵਿਚਾਰਾਂ ਦਾ ਰੂਪਾਂਤਰਨ ਕਰਨਾ ਮਨੁੱਖ ਦਾ ਅਸਲ ਕਾਰਜ ਹੈ :

ਇਹ ਮਾਣਸ ਜਨਮ ਦੁਲੰਭ ਹੈ॥

ਨਾਮ ਬਿਨਾ ਬਿਰਥਾ ਸਭ ਜਾਏ॥ (ਗੁ. ਗ੍ਰੰ. 450)

ਮਨਮੁਖ ਮੁਗਧੁ ਹਰਿ ਨਾਮ ਨ ਚੇਤੈ ਬਿਰਥਾ ਜਨਮ ਗਵਾਇਆ॥ (ਗੁ. ਗ੍ਰੰ. 599)

**ਚਿੰਤਨ ਦੀ ਹੋਂਦ ਦਾ ਪ੍ਰਸਾਰ :** ਅਸਲ ਵਿਚ ਮਨੁੱਖ ਦੇ ਚਿੰਤਨ ਵਿਚ ਗੁਰੂ, ਸਿਮਰਨ, ਹੁਕਮ, ਰਜ਼ਾ, ਮਨੁੱਖ ਜਨਮ ਦਾ ਅਸਲ ਅਰਥ ਆਦ ਸੰਕਲਪਾਂ ਪ੍ਰਤੀ ਜਾਗ੍ਰਿਤੀ ਨੂੰ ਪੈਦਾ ਕਰਨ ਵਾਸਤੇ ਨਾਮ ਦੇ ਨਿਚੋੜ ਬਾਰੇ ਦੱਸਣਾ, ਬਹੁਤ ਜ਼ਰੂਰੀ ਹੈ। ਸ਼ਬਦ ਰੂਪੀ ਨਾਮ ਦੇ ਜਾਪ ਦੀ ਸੰਗਲੀ ਨੂੰ ਸੁਆਸਾਂ ਦੀ ਡੋਰ ਦੁਆਰਾ ਗੁੰਦਣਾ ਬਹੁਤ ਜ਼ਰੂਰੀ ਹੈ :

ਵਿਣੁ ਨਾਵੈ ਦੁਖ ਦਰਦੁ ਸਰੀਰਿ॥

ਸਤਿਗੁਰ ਭੇਟੇ ਤਾ ਉਤਰੈ ਪੀਰ॥ (ਗੁ. ਗ੍ਰੰ. 361)

ਸਿਮਰਤ ਨਾਮ ਸਗਲ ਰੋਗ ਗਇਆ॥ (ਗੁ. ਗ੍ਰੰ. 389)

ਅਜਿਹੇ ਧਾਰਮਿਕ ਵਿਸ਼ਿਆਂ ਦਾ ਪ੍ਰਸਾਰ ਮਾਨਵੀ ਜਗਤ ਦੇ ਹਰ ਪ੍ਰਾਣੀ ਨੂੰ ਪ੍ਰਭਾਵਿਤ ਕਰਦਾ ਹੈ ਕਿਉਂਕਿ ਵਿਵਹਾਰਕ ਜੀਵਨ ਵਿਚ ਅਸੀ ਇਹਨਾ ਸੰਕਲਪਾਂ ਨੂੰ ਧਾਰਨ ਕਰਕੇ ਆਪਣੇ ਜੀਵਨ ਨੂੰ ਸੁਖਦਾਈ ਬਣਾ ਸਕਦੇ ਹਾਂ।

**ਬਣਤਰ :** ਬਾਣੀ-ਰੂਪ ਚਉਪਦੇ ਆਪਣੀ ਬਣਤਰ ਕਾਰਨ ਵੀ ਵੱਖਰਤਾ ਰੱਖਦੇ ਹਨ। ਬਾਣੀਕਾਰਾਂ ਦੁਆਰਾ ਚਉਪਦਿਆਂ ਨੂੰ ਵੱਖ-ਵੱਖ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ। ਇਕ ਰਾਗ ਦੇ ਚਉਪਦਿਆਂ ਦੀ ਤਰਤੀਬ ਵੱਖਰੀ-ਵੱਖਰੀ ਦਿੱਤੀ ਗਈ ਹੈ, ਜਿਵੇਂ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ। ਇਹ ਸਾਰੀਆਂ ਵੰਨਗੀਆਂ ਚਉਪਦਾ ਸਿਰਲੇਖ ਅਧੀਨ ਹਨ, ਪਰੰਤੂ ਇਹਨਾਂ ਦੀ ਬਣਤਰ ਵਿਚ ਵੱਖਰਤਾ ਹੈ। ਇਸ ਖੋਜ ਕਾਰਜ ਵਿਚ ਚਉਪਦਾ ਸਿਰਲੇਖ ਅਧੀਨ ਆਉਣ ਵਾਲੀ ਵੰਨਗੀ ਨੂੰ ਲਿਆ ਗਿਆ ਹੈ ਅਤੇ ਉਸ ਦਾ ਵਿਭਿੰਨ ਪੱਖਾਂ ਤੋਂ ਅਧਿਐਨ ਕੀਤਾ ਗਿਆ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਬਾਣੀ-ਰੂਪ ਚਉਪਦੇ ਦੀ ਬਣਤਰ, ਪ੍ਰਕ੍ਰਿਤੀ, ਸ਼ਾਸਤਰੀ ਨਿਯਮਾਂ ਦੁਆਰਾ, ਵਿਸ਼ੇ, ਛੰਦ ਵਿਧਾਨ ਨੂੰ ਘੋਖ ਕੇ ਸਾਰਥਕ ਸਿੱਟਿਆਂ ਤੇ ਪਹੁੰਚ ਕੀਤੀ ਗਈ ਹੈ।

**ਰਾਗ :** ਬਾਣੀ-ਰੂਪ ਚਉਪਦੇ ਦੀ ਮਹੱਤਤਾ ਨੂੰ ਰਾਗ ਪ੍ਰਬੰਧ ਦੁਆਰਾ ਵੀ ਵੇਖਿਆ ਗਿਆ ਹੈ। ਹਰ ਰਾਗ ਦੇ ਚਉਪਦੇ ਹਰ ਬਾਣੀਕਾਰ ਦੇ ਸਿਰਲੇਖ ਅਧੀਨ ਅੱਡ-ਅੱਡ ਰੂਪ ਵਿਚ ਪੇਸ਼ ਕੀਤੇ ਗਏ ਹਨ, ਜਿਸ ਨਾਲ ਬਾਣੀਕਾਰ ਦੀ ਲਿਖਤ ਦਾ ਅਸਾਨੀ ਨਾਲ ਗਿਆਨ ਪ੍ਰਾਪਤ ਹੋ ਜਾਂਦਾ ਹੈ। ਹਰ ਰਾਗ ਵਿਚ ਚਉਪਦਿਆਂ ਦੇ ਵਿਸ਼ੇ ਇਕ ਦੂਜੇ ਤੋਂ ਭਿੰਨ ਹਨ, ਉਹਨਾਂ ਦੀ ਭਿੰਨਤਾ ਦਾ ਕਾਰਨ ਹਰ ਰਾਗ ਦੀ ਪ੍ਰਕ੍ਰਿਤੀ ਵਿਚ ਵਿਭਿੰਨਤਾ ਹੈ। ਹਰ ਰਾਗ ਦੇ ਚਉਪਦੇ ਮਨੁੱਖੀ ਮਾਨਸਿਕਤਾ ਨੂੰ ਵੱਖਰੇ ਰੂਪ ਵਿਚ ਹਲੂਣਦੇ ਹੋਏ, ਪ੍ਰਭਾਵਿਤ ਕਰਦੇ ਹਨ। ਇਹ ਰਾਗ ਇਕ ਦੂਜੇ ਦੇ ਧੀਆਂ ਪੁੱਤਰ ਹੋਣ ਤੇ ਕਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਵੱਖਰੇ-ਵੱਖਰੇ ਰਾਗ ਅਧੀਨ ਖਿੰਡ ਕੇ ਵੱਖਰੇ ਵਿਸ਼ਿਆਂ ਦੀ ਹੋਂਦ ਸਥਾਪਿਤ ਕਰਦੇ ਹਨ।

**ਰਹਾਉ :** ਬਾਣੀ-ਰੂਪ ਚਉਪਦੇ ਦੀ ਸਭ ਤੋਂ ਵੱਡੀ ਵਿਲੱਖਣਤਾ ਇਸ ਵਿਚ ਰਹਾਉ ਦੀਆਂ ਤੁਕਾਂ ਦਾ ਹੋਣਾ ਹੈ। ਰਹਾਉ ਦੀਆਂ ਤੁਕਾਂ ਵਿਚ ਸ਼ਬਦ ਦੇ ਅੰਦਰੂਨੀ ਅਰਥ ਛੁਪੇ ਹੁੰਦੇ ਹਨ। ਸ਼ਬਦ ਦੀ ਅਸਲ ਸਪੱਸ਼ਟਤਾ ਇਹਨਾਂ ਤੁਕਾਂ ਤੋਂ ਕੀਤੀ ਜਾ ਸਕਦੀ ਹੈ। ਰਹਾਉ ਦੇ ਰੂਪ ਵਿਚ ਵੀ ਵੱਖਰਤਾ ਪਾਈ ਜਾਂਦੀ ਹੈ। ਕੁਝ ਚਉਪਦਿਆਂ ਵਿਚ ਰਹਾਉ ਇਕ ਪੰਕਤੀ ਦਾ ਹੁੰਦਾ ਹੈ। ਰਹਾਉ ਦਾ ਰੂਪ ਵੀ ਇਕਤੁਕਾ, ਦੁਤੁਕਾ ਅਤੇ ਤਿਤੁਕਾ ਤੱਕ ਵੇਖਿਆ ਗਿਆ ਹੈ। ਇਥੇ ਸੰਕੇਤ ਮਿਲਦਾ ਕਿ ਰਹਾਉ ਦੇ ਰੂਪ ਦੀ ਵੱਖਰਤਾ ਦਾ ਕਾਰਨ ਸ਼ਬਦ ਦੇ ਰੂਪ ਦਾ ਵਿਕੋਲਿਤਰੇ ਰੂਪਾਂ ਵਿਚ ਹੋਣਾ ਹੈ। ਸ਼ਬਦ ਦਾ ਅਸਲ ਸਾਰ ਅਰਥ ਰਹਾਉ ਦੀਆਂ ਤੁਕਾਂ ਵਿਚ ਛੁਪਿਆ ਹੋਇਆ ਹੁੰਦਾ ਹੈ। ਇਸ ਲਈ ਕਿਹਾ ਜਾ ਸਕਦਾ ਕਿ ਸ਼ਬਦ ਦਾ ਅਸਲ ਪ੍ਰਭਾਵ ਰਹਾਉ ਦੀਆਂ ਤੁਕਾਂ ਦੁਆਰਾ ਹੁੰਦਾ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਰਹਾਉ ਦੀਆਂ ਤੁਕਾਂ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਝ ਰਾਗੁ ਅਤੇ ਜੈਤਸਰੀ ਰਾਗੁ ਵਿਚ ਰਹਾਉ ਨਹੀਂ ਹੈ। ਚਉਪਦੇ ਵਿਚ ਰਹਾਉ ਨਾ ਹੋਣ ਕਾਰਨ ਮੂਲ-ਭਾਵ ਦੇ ਅਰਥ ਕਿਸੇ ਹੋਰ ਤੁਕ ਰਾਹੀਂ ਸਾਰਥਕ ਕੀਤੇ ਜਾਂਦੇ ਹਨ, ਇਸ ਤਰ੍ਹਾਂ ਕੁਝ ਚਉਪਦਿਆਂ ਵਿਚ ਦੋ, ਤਿੰਨ ਅਤੇ ਚਾਰ ਰਹਾਉ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਹਨਾਂ ਦੀ ਵਰਤੋਂ ਚਉਪਦੇ ਦੇ ਵਿਸ਼ੇ ਅਨੁਸਾਰ ਕੀਤੀ ਗਈ ਹੈ।

**ਘਰੁ :** ਬਾਣੀ-ਰੂਪ ਚਉਪਦਿਆਂ ਦੇ ਸਿਰਲੇਖ ਵਿਚ ਸਭ ਤੋਂ ਵਧੇਰੇ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਗਈ ਹੈ। ਘਰੁ ਪ੍ਰਬੰਧ ਅਨੁਸਾਰ ਇਕ ਬਾਣੀਕਾਰ ਦੇ ਚਉਪਦਿਆਂ ਨੂੰ ਵੱਖ-ਵੱਖ ਸਿਰਲੇਖ ਦਿੱਤਾ ਗਿਆ ਹੈ। ਹਰ ਬਾਣੀਕਾਰ ਦੇ ਚਉਪਦੇ ਘਰ-ਪ੍ਰਬੰਧ ਅਨੁਸਾਰ ਦਰਜ ਕੀਤੇ ਗਏ ਹਨ, ਜਿਸ ਤੋਂ ਘਰੁ ਪ੍ਰਬੰਧ ਅਨੁਸਾਰ ਗਾਇਨ ਕਰਨ ਲਈ ਸੰਕੇਤ ਦਿੱਤਾ ਗਿਆ ਹੈ ਕਿ ਕਿਹੜਾ ਚਉਪਦਾ ਕਿਸ ਘਰੁ ਅਨੁਸਾਰ ਗਾਇਨ ਕਰਨਾ ਹੈ। ਬਾਣੀ-ਰੂਪ ਚਉਪਦਿਆਂ ਵਿਚ ਘਰੁ ਰਾਗ ਦੇ ਦੁਆਲੇ ਉਸਾਰੇ ਮੰਡਲ ਦੀ ਤਰ੍ਹਾਂ ਹੈ, ਜਿਸਨੇ ਰਾਗ ਦੇ ਸ਼ਬਦਾਂ ਦਾ ਸਰੂਪ ਘਰੁ ਦੁਆਰਾ ਨਿਖੇੜਨਾ ਹੈ।

**ਸੰਗੀਤ ਦੇ ਪੱਖ ਤੋਂ ਘਰੁ ਪ੍ਰਬੰਧ :** ਸੰਗੀਤ ਦੇ ਪੱਖ ਤੋਂ ਘਰੁ ਪ੍ਰਬੰਧ ਦੀ ਵਰਤੋਂ ਸੱਤ ਸੁਰਾਂ ਨੂੰ ਆਧਾਰ ਬਣਾ ਕੇ ਕੀਤੀ ਜਾਂਦੀ ਹੈ। ਸਤ ਸੁਰਾਂ ਨੂੰ ਸਪਤਕ ਕਿਹਾ ਜਾਂਦਾ ਹੈ। ਇਹਨਾਂ ਸਤ ਸੁਰਾਂ ਨੂੰ ਮੰਦਰ, ਮੱਧ, ਤਾਰ ਦੇ ਹਿਸਾਬ ਅਨੁਸਾਰ ਮੂੰਹ ਦੁਆਰਾ ਉਚੇ, ਨੀਵੇ, ਲਹਿਜੇ ਵਿਚ ਉਚਾਰਨਾ ਹੁੰਦਾ ਹੈ। ਮੰਦਰ ਸੁਰ ਦੀ ਪਹਿਲੀ ਸੁਰ ਤੋਂ ਘਰੁ ੧ ਅਰੰਭ ਹੋ ਜਾਂਦਾ ਹੈ ਅਤੇ ਇਸੇ ਅਨੁਸਾਰ ਸੱਤ-ਸੱਤ ਸੁਰਾਂ ਦੇ ਹਿਸਾਬ ਨਾਲ ੧੭ ਘਰੁ ਤੱਕ ਮੰਦਰ, ਮੱਧ, ਤਾਰ ਸੁਰਾਂ ਪਹੁੰਚਦੀਆਂ ਹਨ। ਇਸ ਤੋਂ ਬਾਅਦ ਰਾਗ ਅਨੁਸਾਰ ਸੁਰ ਲਗਾਏ ਜਾਂਦੇ ਹਨ। ਰਾਗ ਦੇ ਸੁਭਾਅ ਅਨੁਸਾਰ ਤਿੱਖੇ, ਕੋਮਲ ਸਵਰ ਵੀ ਹੁੰਦੇ ਹਨ। ਇਸ ਪ੍ਰਕਾਰ ਹਰ ਘਰੁ ਦਾ ਕ੍ਰਮ ਅੱਗੇ ਤੋਂ ਅੱਗੇ ਚਲਦਾ ਜਾਂਦਾ ਹੈ। ਇਸ ਖੋਜ ਕਾਰਜ ਸੰਬੰਧੀ ਵਿਸਥਾਰ ਸਹਿਤ ਦੂਜੇ ਅਧਿਆਇ ਘਰ ਪ੍ਰਬੰਧ ਗਾਇਨ ਪੱਖ ਅਨੁਸਾਰ ਵਿਸਥਾਰ ਸਹਿਤ ਦੱਸਿਆ ਗਿਆ ਹੈ।

ਬਾਣੀ-ਰੂਪ ਚਉਪਦਿਆਂ ਵਿਚ ਘਰੁ ੧, ਘਰੁ ੨ ਦੀ ਵਰਤੋਂ ਵਧੇਰੇ ਕੀਤੀ ਗਈ ਹੈ। ਇਸ ਦਾ ਕਾਰਨ ਸੁਰਾਂ ਦੇ ਆਰੋਹ ਅਵਰੋਹ ਦੇ ਲਹਿਜੇ ਨੂੰ ਕਿਹਾ ਜਾ ਸਕਦਾ ਹੈ। ਇਨ੍ਹਾਂ ਘਰਾਂ ਵਿਚ ਕੀਰਤਨ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਕਿ ਪਹਿਲੇ ਦੋ ਘਰਾਂ ਦੀਆਂ ਸੁਰਾਂ ਆਸਾਨੀ ਨਾਲ ਰਾਗੀ ਸਿੰਘਾਂ ਦੀ ਸਮਝ ਦਾ ਹਿੱਸਾ ਬਣ ਜਾਂਦੀਆਂ ਹਨ। ਪਹਿਲੇ ਤਿੰਨ ਘਰਾਂ ਤੋਂ ਬਾਅਦ ਵਾਲੇ ਘਰਾਂ ਨੂੰ ਵੀ ਸਿਰਲੇਖ ਵਿਚ ਦਿੱਤਾ ਜਾਂਦਾ ਹੈ। ਪਹਿਲੇ ਤਿੰਨ ਘਰਾਂ ਤੋਂ ਬਾਅਦ ਵਾਲੇ ਘਰਾਂ ਨੂੰ ਵੀ ਸਿਰਲੇਖ ਵਿਚ ਦਿੱਤਾ ਜਾਂਦਾ ਹੈ ਪਰੰਤੂ ਰਾਗੀ

ਸਿੰਘ ਕਿਸੇ ਘਰੁ ਅਨੁਸਾਰ ਕੀਰਤਨ ਨੂੰ ਸਪਸ਼ਟ ਰੂਪ ਵਿਚ ਪੇਸ਼ ਨਹੀਂ ਕਰਦੇ ਹਨ। ਘਰੁ ੪ ਤੋਂ ਘਰੁ ੧੭ ਤੱਕ ਘਰਾਂ ਦੀ ਘੱਟ ਵਰਤੋਂ ਕੀਤੀ ਗਈ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਮੰਦਰ, ਮੱਧ, ਤਾਰ ਸੁਰਾਂ ਨੂੰ ਸਪਤਕ ਦਾ ਆਧਾਰ ਬਣਾ ਕੇ ਰਾਗ ਅਨੁਸਾਰ ਕੀਰਤਨ ਕਰਨਾ ਚਾਹੀਦਾ ਹੈ।

**ਛੰਦ ਪ੍ਰਬੰਧ :** ਬਾਣੀ-ਰੂਪ ਚਉਪਦੇ ਵਿਚ ਛੰਦਾਂ ਦੀਆਂ ਸਾਰੀਆਂ ਵੰਨਗੀਆਂ ਨੂੰ ਵੇਖਿਆ ਜਾ ਸਕਦਾ ਹੈ। ਛੰਦ ਵਿਧਾਨ ਸੰਬੰਧੀ ਅਧਿਆਇ ਚਾਰ ਵਿਚ ਵਿਸਥਾਰ ਸਹਿਤ ਵੇਖਿਆ ਜਾ ਸਕਦਾ ਹੈ। ਛੰਦ ਪ੍ਰਬੰਧ ਕਾਰਨ ਘਰੁ ਬਦਲਣ ਤੇ ਰੂਪ ਬਦਲਦਾ ਹੈ। ਇਸ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ, ਇਸ ਤੋਂ ਇਲਾਵਾ ਇਕ ਇਕ ਘਰੁ ਵਿਚ ਰੂਪ ਦੀ ਵੱਖਰਤਾ ਦਾ ਹੋਣਾ ਸੁਰਾਂ ਦੇ ਵਾਧੇ ਕਾਰਨ ਹੁੰਦਾ ਹੈ ਅਤੇ ਉਥੇ ਰੂਪ ਦੇ ਬਦਲਣ ਤੇ ਉਸੇ ਛੰਦ ਦੀ ਹੋਰ ਵੰਨਗੀ ਦੀ ਵਰਤੋਂ ਕੀਤੀ ਗਈ ਹੈ। ਅਸਲ ਵਿਚ ਛੰਦ ਦੁਆਰਾ ਹੀ ਕੀਰਤਨ ਸਾਰਥਕ ਅਰਥਾਂ ਦਾ ਧਾਰਨੀ ਬਣਦਾ ਹੈ ਕਿਉਂਕਿ ਮਾਤਰਾਵਾਂ ਦਾ ਨਿਖੇੜਾ ਛੰਦ ਕਰਦਾ ਹੈ ਅਤੇ ਸੁਰ ਦਾ ਦਬਾਅ ਪ੍ਰਸਾਰ ਵੀ ਛੰਦ ਅਨੁਸਾਰ ਕੀਤਾ ਜਾਂਦਾ ਹੈ। ਇਸ ਵਾਸਤੇ ਛੰਦ ਵਿਧਾਨ ਨੂੰ ਚਉਪਦਿਆਂ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ।

ਇਸ ਪ੍ਰਕਾਰ ਵਿਸ਼ਾ ਬਣਤਰ ਰਾਗ, ਰਹਾਉ, ਘਰੁ ਪ੍ਰਬੰਧ, ਸੰਗੀਤ ਦੇ ਪੱਖ ਤੋਂ ਘਰੁ ਪ੍ਰਬੰਧ, ਛੰਦ ਵਿਧਾਨ ਆਦਿ ਅਜਿਹੇ ਸੰਕਲਪ ਹਨ, ਜਿਸ ਨਾਲ ਬਾਣੀ-ਰੂਪ ਚਉਪਦੇ ਦਾ ਮੁਹਾਂਦਰਾ ਨਿਖਰ ਕੇ ਸਾਹਮਣੇ ਆਉਂਦਾ ਹੈ। ਬਾਣੀ ਰੂਪ ਚਉਪਦਾ ਆਪਣੀ ਸਾਰਥਕਤਾ ਦੇ ਲੱਛਣਾਂ ਦਾ ਪ੍ਰਮਾਣ ਉਪਰ ਦਿੱਤੇ ਸੰਕਲਪਾਂ ਕਾਰਨ ਹੈ।

### (ੳ) ਲੋਕਪ੍ਰਿਯ ਚਉਪਦੇ

ਇੱਥੇ ਉਹਨਾ ਲੋਕਪ੍ਰਿਯ ਚਉਪਦਿਆਂ ਦਾ ਸੰਗ੍ਰਹਿ ਕੀਤਾ ਗਿਆ ਹੈ, ਜੋ ਆਮ ਪਾਠਕਾਂ ਦੀ ਜ਼ੁਬਾਨ ਤੇ ਆਮ ਸੁਣਨ ਨੂੰ ਮਿਲਦੇ ਹਨ। ਇਉਂ ਕਿਹਾ ਜਾ ਸਕਦਾ ਹੈ ਜਿਨ੍ਹਾਂ ਸ਼ਬਦਾਂ ਦਾ ਵਧੇਰੇ ਕੀਰਤਨ ਕੀਤਾ ਜਾਂਦਾ ਹੈ।

1. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥

ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥ (ਗੁ. ਗ੍ਰੰ. 103)

2. ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥

ਤੂੰ ਮੇਰਾ ਬਧਪੁ ਤੂੰ ਮੇਰਾ ਭ੍ਰਾਤਾ॥ (ਗੁ. ਗ੍ਰੰ. 103)

3. ਰੈਣਿ ਗਵਾਈ ਸੋਇ ਕੈ ਦਿਣਸ ਗਵਾਇਆ ਖਾਇ॥

ਹੀਰੇ ਜੈਸਾ ਜਨਮ ਹੈ ਕਉਡੀ ਬਦਲੇ ਜਾਇ॥ (ਗੁ. ਗ੍ਰੰ. 156)

4. ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ॥(ਗੁ. ਗ੍ਰੰ. 173)

5. ਚੋਜੀ ਮਰੇ ਗੋਵਿਦਾ ਚੋਜੀ ਮੇਰੇ ਪਿਆਰਿਆ, ਹਰਿ ਪ੍ਰਭੁ ਮੇਰਾ ਚੋਜੀ ਜੀਉ॥ (ਗੁ. ਗ੍ਰੰ. 174)

6. ਗੁਰ ਜੀ ਕੇ ਦਰਸਨ ਕਉ ਬਲਿ ਜਾਉ॥

ਜਪਿ ਜਪਿ ਜੀਵਾ ਸਤਿਗੁਰ ਨਾਉ॥ (ਗੁ. ਗ੍ਰੰ. 193)

7. ਮੈ ਬਿਨੁ ਗੁਰ ਦੇਖੇ ਨੀਂਦ ਨ ਆਵੈ॥

ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ॥ (ਗੁ. ਗ੍ਰੰ. 94)

8. ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ॥ (ਰਹਾਉ) (ਗੁ. ਗ੍ਰੰ. 52)

9. ਤੇਰੇ ਭਰੋਸੈ ਪਿਆਰੇ ਮੈ ਲਾਡ ਲਡਾਇਆ॥ (ਗੁ. ਗ੍ਰੰ. 51)

10. ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ (ਗੁ. ਗ੍ਰੰ. 43)

11. ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥ (ਰਹਾਉ) (ਗੁ. ਗ੍ਰੰ. 40)

12. ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥ (ਰਹਾਉ) (ਗੁ. ਗ੍ਰੰ. 36)

13. ਮੇਰੇ ਮਨ ਹਰਿ ਕਾ ਨਾਮੁ ਧਿਆਇ॥ (ਰਹਾਉ) (ਗੁ. ਗ੍ਰੰ. 35)

14. ਬਾਬਾ ਬਿਖੁ ਦੇਖਿਆ ਸੰਸਾਰ॥ (ਰਹਾਉ) (ਗੁ. ਗ੍ਰੰ. 382)

15. ਜੀਅਰੇ ਓਲਾ ਰਾਮ ਕਾ॥

ਅਵਰ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ॥ (ਰਹਾਉ) (ਗੁ. ਗ੍ਰੰ. 211)

16. ਦੁਖ ਭੰਜਨ ਤੇਰਾ ਨਾਮ ਜੀ ਦੁਖ ਭੰਜਨ ਤੇਰਾ ਨਾਮੁ॥ (ਰਹਾਉ) (ਗੁ. ਗ੍ਰੰ. 218)

17. ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ॥ (ਰਹਾਉ) (ਗੁ. ਗ੍ਰੰ. 218)

18. ਸਾਵਲ ਸੁੰਦਰ ਰਾਮਈਆ॥

ਮੇਰਾ ਮਨ ਲਾਗਾ ਤੋਹਿ॥ਰਹਾਉ॥ (ਗੁ. ਗ੍ਰੰ. 335)

19. ਸਾਹਿਬੁ ਮੇਰਾ ਏਕੋ ਹੈ॥

ਏਕੋ ਹੈ ਭਾਈ ਏਕੋ ਹੈ॥ਰਹਾਉ॥ (ਗੁ. ਗ੍ਰੰ. 350)

20. ਬਾਬਾ ਮਨੁ ਮਤਵਾਰੋ ਨਾਮੁ ਰਸੁ ਪੀਵੈ ਸਹਜ ਰੰਗ ਰਚਿ ਰਹਿਆ॥ਰਹਾਉ॥ (ਗੁ. ਗ੍ਰੰ. 360)

21. ਬਾਬਾ ਬਿਖੁ ਦੇਖਿਆ ਸੰਸਾਰ॥ਰਹਾਉ॥ (ਗੁ. ਗ੍ਰੰ. 382)

22. ਤੂੰ ਵਿਸਰਹਿ ਤਾ ਸਭ ਕੋ ਲਾਗੂ ਚੀਤਿ ਆਵਹਿ ਤਾ ਸੇਵਾ॥ (ਗੁ. ਗ੍ਰੰ. 383)

23. ਮੈ ਬੰਦਾ ਬੈ ਖਰੀਦੁ ਸਚੁ ਸਾਹਿਬ ਮੇਰਾ॥(ਰਹਾਉ) (ਗੁ. ਗ੍ਰੰ. 396)

24. ਮਨ ਮਹਿ ਰਾਮ ਨਾਮਾ ਜਾਪਿ॥

ਕਰਿ ਕਿਰਪਾ ਵਾਹੁ ਮੇਰੈ ਹਿਰਦੈ ਹੋਇ ਸਹਾਈ ਆਪਿ॥ (ਰਹਾਉ) (ਗੁ. ਗ੍ਰੰ. 405)

25. ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥ਰਹਾਉ॥ (ਗੁ. ਗ੍ਰੰ. 478)

26. ਰਾਮਈਆ ਹਉ ਬਾਰਿਕ ਤੇਰਾ॥

ਕਾਹੇ ਨ ਖੰਡਸਿ ਅਵਗਨ ਮੇਰਾ॥ਰਹਾਉ॥ (ਗੁ. ਗ੍ਰੰ. 478)

27. ਪੂਜਹੁ ਰਾਮ ਏਕੁ ਹੀ ਦੇਵਾ॥

ਸਾਚਾ ਨਾਵਣ ਗੁਰ ਕੀ ਸੇਵਾ॥੧॥ (ਗੁ. ਗ੍ਰੰ. 484)

28. ਧਨ ਸੁ ਵੇਲੇ ਜਿਤੁ ਦਰਸਨ ਕਰਣਾ॥

ਹਉ ਬਲਿਹਾਰੀ ਸਤਿਗੁਰ ਚਰਣਾ॥ (ਗੁ. ਗ੍ਰੰ. 562)

29. ਤਨ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ॥ (ਗੁ. ਗ੍ਰੰ. 610)

30. ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (ਗੁ. ਗ੍ਰੰ. 611)

31. ਮਾਧੋ ਹਮ ਐਸੇ ਤੂ ਐਸਾ॥

ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸ॥ਰਹਾਉ॥ (ਗੁ. ਗ੍ਰੰ. 613)

32. ਹਮ ਸੰਤਨ ਕੀ ਰੇਨ ਪਿਆਰੇ ਹਮ ਸੰਤਨ ਕੀ ਸ਼ਰਣਾ॥ (ਗੁ. ਗ੍ਰੰ. 614)

33. ਪ੍ਰਭ ਜੀਉ ਤੂ ਮੇਰੋ ਸਾਹਿਬ ਦਾਤਾ॥ (ਗੁ. ਗ੍ਰੰ. 615)

34. ਹਿਰਦੈ ਨਾਮੁ ਵਸਾਇਹੁ॥ (ਗੁ. ਗ੍ਰੰ. 621)

35. ਗੁਰਿ ਪੂਰੈ ਕਿਰਪਾ ਧਾਰੀ॥

ਪ੍ਰਭਿ ਪੂਰੀ ਲੋਚ ਹਮਾਰੀ॥ (ਗੁ. ਗ੍ਰੰ. 621)

36. ਵਿਚਿ ਕਰਤਾ ਪੁਰਖੁ ਖਲੋਆ॥

ਵਾਲੁ ਨ ਵਿੰਗਾ ਹੋਆ॥ (ਗੁ. ਗ੍ਰੰ. 623)

37. ਰਾਮਦਾਸਿ ਸਰੋਵਰ ਨਾਤੇ॥

ਸਭ ਲਾਥੇ ਪਾਪ ਕਮਾਤੇ॥ (ਗੁ. ਗ੍ਰੰ. 624)

38. ਹਰਿ ਜੀਉ ਨਿਮਾਣਿਆ ਤੂੰ ਮਾਣੁ॥ (ਗੁ. ਗ੍ਰੰ. 624)

39. ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥ (ਗੁ. ਗ੍ਰੰ. 670)

40. ਤੁਮ ਕਰਹੁ ਦਇਆ ਮੇਰੇ ਸਾਈ॥ (ਗੁ. ਗ੍ਰੰ. 673)

41. ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥ਰਹਾਉ (ਗੁ. ਗ੍ਰੰ. 692)

42. ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥ਰਹਾਉ (ਗੁ. ਗ੍ਰੰ. 721)

43. ਮਿਹਰਵਾਨ ਸਾਹਿਬੁ ਮਿਹਰਵਾਨੁ॥

ਸਾਹਿਬ ਮੇਰਾ ਮਿਹਰਵਾਨੁ॥ (ਗੁ. ਗ੍ਰੰ. 724)

44. ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥੧॥ਰਹਾਉ (ਗੁ. ਗ੍ਰੰ. 727)

45. ਹਲੇ ਯਾਰਾ ਹਲੇ ਯਾਰਾ ਖੁਸਿਖਬਰੀ॥ਰਹਾਉ (ਗੁ. ਗ੍ਰੰ. 727)

46. ਮੇਰੇ ਹਰਿ ਜੀਉ ਸਭ ਕੋ ਤੇਰੈ ਵਸਿ॥ਰਹਾਉ (ਗੁ. ਗ੍ਰੰ. 736)

47. ਸੇਵਾ ਥੋੜੀ ਮਾਗਨੁ ਬਹੁਤਾ॥ (ਗੁ. ਗ੍ਰੰ. 738)

48. ਜਿਸ ਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥ (ਗੁ. ਗ੍ਰੰ. 749)

49. ਕਾਲੀ ਕੋਇਲ ਤੂ ਕਿਤ ਗੁਨ ਕਾਲੀ॥ (ਗੁ. ਗ੍ਰੰ. 794)

50. ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ॥ਰਹਾਉ (ਗੁ. ਗ੍ਰੰ. 802)

51. ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡਭਾਗਾ॥ (ਗੁ. ਗ੍ਰੰ. 808)

52. ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥ਰਹਾਉ (ਗੁ. ਗ੍ਰੰ. 809)

53. ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ (ਗੁ. ਗ੍ਰੰ. 864)

54. ਪਵਨੈਮਹਿ ਪਵਨੁ ਸਮਾਇਆ॥ (ਗੁ. ਗ੍ਰੰ. 885)

55. ਜੋਗੀਆ ਮਤਵਾਰੋ ਰੇ॥੧॥ਰਹਾਉ (ਗੁ. ਗ੍ਰੰ. 886)

56. ਜੋ ਜੋ ਦੀਸੈ ਸੋ ਸੋ ਰੋਗੀ॥੧॥ (ਗੁ. ਗ੍ਰੰ. 1140)

57. ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ (ਗੁ. ਗ੍ਰੰ. 96)

58. ਮਾਥੇ ਤਿਲਕ ਹਥਿ ਮਾਲਾ ਬਾਨਾਂ॥ (ਗੁ. ਗ੍ਰੰ. 1158)

59. ਪ੍ਰਾਣੀ ਏਕੋ ਨਾਮੁ ਧਿਆਵਹੁ॥ਰਹਾਉ (ਗੁ. ਗ੍ਰੰ. 1254)

60. ਐਸੀ ਮਾਂਗ ਗੋਬਿੰਦ ਤੇ॥ਰਹਾਉ (ਗੁ. ਗ੍ਰੰ. 1298)

61. ਸਾਜਨਾ ਸੰਤ ਆਉ ਮੇਰੈ॥੧॥ਰਹਾਉ (ਗੁ. ਗ੍ਰੰ. 1301)

62. ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥ (ਗੁ. ਗ੍ਰੰ. 1349)

ਇਸ ਪ੍ਰਕਾਰ ਇਹਨਾਂ 62 ਲੋਕਪ੍ਰਿਯ ਚਉਪਦਿਆਂ ਵਿਚੋਂ 37 ਚਉਪਦੇ ਅਜਿਹੇ ਹਨ ਜਿਨ੍ਹਾਂ ਵਿਚ ਰਹਾਉ ਦੀਆਂ ਤੁਕਾਂ ਨੂੰ ਮੂਲ ਭਾਵ ਵਜੋਂ ਲਿਆ ਗਿਆ ਹੈ। ਇਸ ਤੋਂ ਇਲਾਵਾ 25 ਚਉਪਦੇ ਅਜਿਹੇ ਹਨ ਜਿਨ੍ਹਾਂ ਵਿਚ ਮੂਲ ਭਾਵ ਸ਼ਬਦ ਦੀ ਕਿਸੇ ਹੋਰ ਤੁਕ ਦੁਆਰਾ ਪੇਸ਼ ਹੋ ਰਿਹਾ ਹੈ। ਇਥੇ ਸੰਕੇਤ ਮਿਲਦਾ ਕਿ ਬਾਣੀ-ਰੂਪ ਚਉਪਦਿਆਂ ਵਿਚ 45% ਮੂਲ ਭਾਵ ਸ਼ਬਦ ਦੀ ਕਿਸੇ ਵੀ ਤੁਕ ਵਿਚੋਂ ਲਿਆ ਜਾ ਸਕਦਾ ਹੈ, ਜਦਕਿ ਗੁਰਬਾਣੀ ਦੀ ਜੁਗਤ ਅਨੁਸਾਰ ਰਹਾਉ ਨੂੰ ਹੀ ਮੂਲ ਭਾਵ ਦਾ ਆਧਾਰ ਬਣਾਉਣਾ ਚਾਹੀਦਾ ਹੈ। ਇਹ ਸੰਕਲਪ ਰਾਗੀ ਸਿੰਘਾਂ ਲਈ ਚਿੰਤਨ ਦਾ ਵਿਸ਼ਾ ਹੈ।

## (ਅ) ਸਿੱਖ ਸਮਾਜ ਦੀਆਂ ਰੀਤਾਂ ਰਸਮਾਂ ਲਈ ਨਿਰਧਾਰਿਤ ਬਾਣੀ-ਰੂਪ ਚਉਪਦੇ

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਾਰਨ, ਆਪਣੇ ਸੁੱਖ-ਦੁੱਖ ਵਿਚ ਪਰਮਾਤਮਾ ਦਾ ਆਸਰਾ ਚਾਹੁੰਦਾ ਹੈ। ਇਸ ਵਾਸਤੇ ਹਰ ਧਰਮ ਵਿਚ ਧਾਰਮਿਕ ਗ੍ਰੰਥ ਲਿਖੇ ਗਏ ਹਨ। ਇਸੇ ਤਰ੍ਹਾਂ ਅਕਾਲ ਪੁਰਖ ਦੁਆਰਾ ਬਾਣੀਕਾਰਾਂ ਨੂੰ ਸਰਪ੍ਰਸਤ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾ ਕੀਤੀ ਗਈ। ਇਸ ਪ੍ਰਕਾਰ ਦੁਨਿਆਵੀ ਸੁਖਾਂ ਦੀ ਕਾਮਨਾ ਕਾਰਨ ਸਮਾਜ ਨੇ ਬਾਣੀ ਨੂੰ ਅਪਨਾਇਆ। ਗੁਰਬਾਣੀ ਮਨੁੱਖੀ ਜੀਵਨ ਦਾ ਹਿੱਸਾ ਵਿਅਕਤੀਗਤ ਅਤੇ ਸਭਿਆਚਾਰਕ ਰੂਪ ਵਿਚ ਬਣਦੀ ਹੈ। ਗੁਰਬਾਣੀ ਦੀ ਸਭ ਤੋਂ ਵੱਡੀ ਸਾਰਥਕਤਾ ਇਹ ਹੈ ਕਿ ਸ਼ਰਧਾ ਅਤੇ ਵਿਸ਼ਵਾਸ ਕਾਰਨ ਮਨੁੱਖਤਾ ਦੀ ਜੀਵਨ ਮੁੱਲ ਬਦਲ ਜਾਂਦੇ ਹਨ।

**ਵਿਅਕਤੀਗਤ ਰੂਪ :** ਮਨੁੱਖ ਸਮਾਜ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਵਾਸਤੇ ਧਰਮ ਦਾ ਸਹਾਰਾ ਜ਼ਰੂਰ ਲੈਂਦਾ ਹੈ। ਮਨੁੱਖ ਦਾ ਸਭ ਤੋਂ ਵੱਡਾ ਸੁਖ ਉਸ ਦੀ ਮਾਨਸਿਕ ਸ਼ਾਂਤੀ ਹੁੰਦੀ ਹੈ। ਇਸ ਮਾਨਸਿਕ ਸ਼ਾਂਤੀ ਵਾਸਤੇ ਮਨੁੱਖ ਮੰਤਰਾਂ ਦੇ ਜਾਪ ਅਤੇ ਪਾਠ-ਪੂਜਾ ਨੂੰ ਅਪਣਾਉਂਦਾ ਹੈ। ਇਸ ਪ੍ਰਕਾਰ ਦੇ ਜਾਪ ਨੂੰ ਵਿਅਕਤੀਗਤ ਰੂਪ ਦਾ ਜਾਪ ਕਿਹਾ ਜਾਂਦਾ ਹੈ। ਇਸ ਜਾਪ ਦੁਆਰਾ ਮਨੁੱਖ ਗਿਆਨ ਪ੍ਰਾਪਤ ਕਰਕੇ, ਆਤਮਾ ਦੇ ਅਸਲ ਸੱਚ ਨੂੰ ਜਾਣਨਾ ਚਾਹੁੰਦਾ ਹੈ। ਮਨੁੱਖ ਪਾਰਲੌਕਿਕ ਸੰਸਾਰ ਵਿਚ ਸਤਿਕਾਰ ਦਾ ਪਾਤਰ ਬਣਨਾ ਚਾਹੁੰਦਾ ਹੈ। ਇਸ ਵਾਸਤੇ ਮਨੁੱਖ ਨੂੰ ਬਾਣੀ ਜੀਵਨ ਦਾ ਹਿੱਸਾ ਬਣਾਉਣੀ ਚਾਹੀਦੀ ਹੈ। ਇਸ ਪ੍ਰਕਾਰ ਮਨੁੱਖ ਦੀ ਮਾਨਸਿਕਤਾ ਕੁਝ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ।

ਆਖਾ ਜੀਵਾ ਵਿਸਰੈ ਮਰਿ ਜਾਉ॥ (ਗੁ. ਗ੍ਰੰ. 9)

ਅਜਿਹੀ ਫਿਦਰਤ ਦਾ ਅਸਲ ਮਨੁੱਖ ਉਹੀ ਬਣ ਸਕਦਾ ਹੈ, ਜੋ ਬਾਣੀ ਨੂੰ ਨਿਤਨੇਮ ਅਨੁਸਾਰ ਪੜਦਾ ਹੈ। ਇਸ ਨਾਲ ਮਨੁੱਖ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਜਨਮ ਮਰਨ ਦੇ ਗੇੜ ਵਿਚੋਂ ਨਿਕਲਣਾ ਚਾਹੁੰਦਾ ਹੈ। ਇਸ ਬੁਨਿਆਦੀ ਸਮਾਜ ਦੇ ਭਵਸਾਗਰ ਤੋਂ ਕੇਵਲ ਸ਼ਬਦ ਦੇ ਗਿਆਨ ਦੀ ਪ੍ਰਾਪਤੀ ਦੁਆਰਾ ਪਾਰ ਹੋਇਆ ਜਾ ਸਕਦਾ ਹੈ। ਅਜਿਹੇ ਸੰਕਲਪਾਂ ਦੀ ਪ੍ਰਾਪਤੀ ਕਰਨ ਵਾਲੇ ਪਾਤਰ ਹਰ ਸਮੇਂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦੇ ਹੋਏ ਸਮਾਜ ਵਿਚ ਸਕਾਰਾਤਮਕਤਾ ਪੈਦਾ ਕਰਨਾ ਚਾਹੁੰਦੇ ਹਨ। ਸਮਾਜ ਦੀ ਭਲਾਈ ਦੇ ਕਾਰਜ ਕਰਦੇ ਹਨ। ਅਜਿਹੀਆਂ ਸ਼ਖ਼ਸੀਅਤਾਂ ਦਾ ਮਨ ਗੁਰ ਸ਼ਬਦ ਦੀ ਲੀਨਤਾ ਦੁਆਰਾ ਗੁਰੂ ਦੇ ਵਿਸ਼ਵਾਸ ਦਾ ਪਾਤਰ ਬਣ ਜਾਂਦਾ ਹੈ। ਉਹ ਹਰ ਸਮੇਂ ਆਪਣੀ ਦੇਹ ਨੂੰ ਗੁਰੂ ਦੀ ਹਜ਼ੂਰੀ ਵਿਚ ਰੱਖ ਕੇ ਵਿਚਰਦੇ ਹਨ।

ਗੁਰਬਾਣੀ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਪਰਿਵਰਤਨ ਕਰਦੀ ਹੈ। ਉਸ ਨੂੰ ਅਕਾਲ ਪੁਰਖ ਦੇ ਹੁਕਮ ਵਿਚ ਰਹਿਣ ਦਾ ਬਲ ਬਖ਼ਸ਼ਦੀ ਹੈ।

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ (ਗੁ. ਗ੍ਰੰ. 1)

ਨਿਤਨੇਮ ਦੀ ਬਾਣੀ ਵਿਚ ਅਜਿਹੇ ਹਵਾਲੇ ਦੇਣ ਦਾ ਅਸਲ ਮੰਤਵ ਮਨੁੱਖੀ ਮਾਨਸਿਕਤਾ ਨੂੰ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਚੱਲਣਾ ਹੈ। ਮਨੁੱਖ ਪ੍ਰਕਿਰਤੀ ਦੀ ਬਣੀ ਹੋਈ ਬਣਤਰ ਵਿਚ ਰਹਿ ਰਿਹਾ ਹੈ। ਪ੍ਰਕਿਰਤੀ ਨੇ ਮਨੁੱਖ ਨੂੰ ਅਜਿਹਾ ਸਿਸਟਮ ਦਿੱਤਾ ਹੈ, ਜਿਸ ਵਿਚ ਸਭ ਕੁਝ ਨਿਸ਼ਚਿਤ

ਹੈ। ਮਨੁੱਖ ਕੁਦਰਤ ਦੇ ਪਸਾਰਿਆਂ ਨਾਲ ਖਿਲਵਾੜ ਨਹੀਂ ਕਰ ਸਕਦਾ, ਕਿਉਂਕਿ ਨਿਯਮਾਂ ਦੀ ਗੁਲਾਮ ਪ੍ਰਕਿਰਤੀ ਵੀ ਪਰਮਾਤਮਾ ਦੇ ਹੁਕਮ ਵਿਚ ਵਿਗਸਦੀ ਹੈ। ਵਸਤੂਗਤ ਸਮਾਜ ਵਿਚ ਮਨੁੱਖ ਪ੍ਰਕ੍ਰਿਤੀ ਦੇ ਨਿਯਮਾਂ ਵਿਚ ਨਹੀਂ ਰਹਿਣਾ ਚਾਹੁੰਦਾ। ਸਮਾਜ ਦੇ ਸੁੱਖਾਂ ਨੇ ਮਨੁੱਖ ਦੀ ਬਿਰਤੀ ਨੂੰ ਸੁਆਰਥੀ ਬਣਾ ਦਿੱਤਾ ਹੈ। ਵਿਦਿਆ ਦੀ ਪ੍ਰਾਪਤੀ ਦੁਆਰਾ ਮਨੁੱਖ ਹਰ ਪ੍ਰਕਾਰ ਦਾ ਹੁਨਰੀ ਗਿਆਨ ਪ੍ਰਾਪਤ ਕਰ ਲੈਂਦਾ ਹੈ, ਪਰੰਤੂ ਆਪਣੇ ਅਸਲ ਜੀਵਨ ਦੀ ਪਛਾਣ ਉਸ ਦੇ ਜੀਵਨ ਦੀ ਮੰਜ਼ਿਲ ਬਦਲ ਦੇਂਦੀ ਹੈ। ਮਨੁੱਖ ਦੇ ਜੀਵਨ ਦਾ ਆਦਰਸ਼ ਸੱਚ ਨਾ ਹੋ ਕੇ ਝੂਠ ਬਣ ਰਿਹਾ ਹੈ,ਜਿਸ ਨਾਲ ਅਗਿਆਨਤਾ ਵੱਸ ਮਨੁੱਖ ਦੀ ਸਮਝ ਸੀਮਤ ਬਣ ਜਾਂਦੀ ਹੈ।

ਮਨੁੱਖ ਦੇ ਮਨ ਵਿਚ ਗਿਆਨ ਦੀ ਪ੍ਰਾਪਤੀ ਵੈਰਾਗ ਪੈਦਾ ਕਰਦੀ ਹੈ। ਇਸ ਲਈ ਨਿਤਨੇਮ ਦੀ ਬਾਣੀਆਂ ਵਿਚ ਪ੍ਰਮਾਤਮਾ ਦੀ ਉਸਤਤ, ਦੁੱਖ-ਸੁੱਖ ਨੂੰ ਪਰਮਾਤਮਾ ਦੀ ਬਖਸ਼ਿਸ਼ ਸਮਝ ਕੇ ਅਨੰਦ ਮਹਿਸੂਸ ਕਰਨਾ ਜਿਹੇ ਵਿਸ਼ੇ ਲਏ ਗਏ, ਜਿਸ ਨਾਲ ਮਨੁੱਖਤਾ ਦੇ ਵਿਚਾਰ ਬਦਲਦੇ ਹਨ। ਇਸ ਤੋਂ ਇਲਾਵਾ ਸਮਾਜ ਵਿਚ ਕੁਝ ਗੁਰਮੁਖ ਲੋਕ ਅਜਿਹੇ ਹਨ ਜਿਨਾਂ ਨੇ ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਨੂੰ ਹਰ ਰੋਜ ਦੇ ਜੀਵਨ ਬਿਊਰੇ ਵਿਚ ਰੱਖਿਆ ਹੈ। ਅਜਿਹੇ ਮਨੁੱਖ ਸਥਿਰਤਾ ਦੇ ਮੰਡਲ ਤੱਕ ਪਹੁੰਚ ਕਰਨਾ ਚਾਹੁੰਦੇ ਹਨ। ਮਨ ਨੂੰ ਜਾਪ ਦੁਆਰਾ ਅਜਿਹੀ ਅਵਸਥਾ ਤੱਕ ਪਹੁੰਚਾਉਣਾ ਚਾਹੁੰਦੇ ਹਨ, ਜਿਥੇ ਅਨੁਭਵੀ ਮਨ ਦੀ ਹਉਮੈਂ ਖ਼ਤਮ ਹੋ ਜਾਂਦੀ ਹੈ, ਮਨ ਨਾਮ ਦੇ ਰਸ ਨੂੰ ਮਾਣਦਾ ਹੋਇਆ, ਸਮਾਜ ਦੇ ਕਾਰਜਾਂ ਤੋਂ ਨਿਰਲੇਪਤਾ ਚਾਹੁੰਦਾ ਹੈ, ਅਜਿਹੇ ਪ੍ਰਾਣੀ ਵਿਸਮਾਦ ਦੀ ਪ੍ਰਾਪਤੀ ਕਰ ਲੈਂਦੇ ਹਨ। ਅਜਿਹੀ ਅਵਸਥਾ ਤੇ ਪਹੁੰਚ ਕੇ ਮਨੁੱਖ ਵਿਚ ਕਿਸੇ ਦੇਹਧਾਰੀ ਸਰੂਪ ਪ੍ਰਤੀ ਵਿਵਾਦ ਨਹੀਂ ਰਹਿੰਦਾ, ਕਿਉਂਕਿ ਸ਼ਬਦ ਬੁੱਧੀ ਨੂੰ ਸਥਿਰਤਾ ਬਖਸ਼ਦਾ ਹੈ ਅਤੇ ਮਨੁੱਖ ਸੁਰਤਿ ਸ਼ਬਦ ਵਿਚ ਇਕ ਸੁਰ ਹੋ ਜਾਂਦਾ ਹੈ। ਇਥੇ ਪਹੁੰਚ ਕੇ ਮਨੁੱਖੀ ਮਨ ਦੇ ਵਿਚਾਰ ਖ਼ਤਮ ਹੋ ਜਾਂਦੇ ਹਨ। ਇਸ ਲਈ ਵਿਅਕਤੀਗਤ ਰੂਪ ਵਿਚ ਅਜਿਹੀ ਅਵਸਥਾ ਨੂੰ ਪ੍ਰਾਪਤ ਕਰਨ ਵਾਸਤੇ ਮਨੁੱਖ ਨੂੰ ਨਿਤਨੇਮ ਦੀਆਂ ਬਾਣੀਆਂ ਅਤੇ ਹੋਰ ਬਾਣੀ-ਰੂਪਾਂ ਦਾ ਅਧਿਐਨ ਕਰਨਾ ਚਾਹੀਦਾ ਹੈ, ਇਹ ਵਿਅਕਤੀਗਤ ਰੂਪ ਵਿਚ ਸਾਡੇ ਨਿਤ ਜੀਵਨ ਦੀ ਇਕ ਰਸਮ ਹੈ।

**ਸਭਿਆਚਾਰਕ ਰੂਪ :** ਦੂਜੇ ਪੱਖ ਵਿਚ ਸਮੂਹਿਕਤਾ ਰਾਹੀਂ ਸਭਿਆਚਾਰਕ ਰੂਪ ਵਿਚ ਮਰਯਾਦਾ ਅਨੁਸਾਰ, ਬਾਣੀ ਮਨੁੱਖਤਾ ਦੇ ਜੀਵਨ ਦਾ ਹਿੱਸਾ ਬਣਦੀ ਹੈ। ਸਮਾਜ ਨੂੰ ਮਰਯਾਦਾ ਵਿਚ ਬੰਨ੍ਹਣ ਲਈ ਸਭਿਆਚਾਰ ਸਹਾਈ ਹੁੰਦਾ ਹੈ। ਸਭਿਆਚਾਰ ਇਕ ਵਰਗ ਦੀ ਅਜਿਹੀ ਪਛਾਣ ਹੁੰਦਾ ਹੈ, ਜਿਸ ਨਾਲ ਉਸ ਵਰਗ ਦਾ ਵਿਵਹਾਰਕ ਜੀਵਨ ਸਾਹਮਣੇ ਆਉਂਦਾ ਹੈ। ਇਸ ਪ੍ਰਕਾਰ "ਸਭਿਆਚਾਰ ਕਿਸੇ ਕੌਮ ਦੀ ਸਮੁੱਚੀ ਤੇ ਸਦੀਆਂ ਤੋਂ ਰੂੜ ਹੋਈ ਰਹਤਲ ਨੂੰ ਕਿਹਾ ਜਾਂਦਾ ਹੈ। ਇਸ ਰਹਤਲ ਵਿਚ ਭਾਸ਼ਾ ਵਰਤਾਰਾ ਤੇ ਦ੍ਰਿਸ਼ਟੀ ਤਿੰਨ ਗੱਲਾਂ ਮਿਲੀਆਂ ਹੁੰਦੀਆਂ ਹਨ।"1 ਭਾਸ਼ਾ ਰਾਹੀਂ ਕਿਸੇ ਸਭਿਆਚਾਰ ਦੇ ਸੰਕਲਪਾਂ ਨੂੰ ਜਾਣਿਆ ਜਾਂਦਾ ਹੈ ਅਤੇ ਉਹਨਾਂ ਸੰਕਲਪਾਂ ਦੇ ਸੰਚਾਰ ਦੁਆਰਾ ਵਿਵਹਾਰਿਕ ਜੀਵਨ ਦੀ ਸੂਝ ਬਣਦੀ ਹੈ। ਇਸ ਤਰ੍ਹਾਂ ਮਨੁੱਖਤਾ ਦੇ ਵਰਤਾਰੇ ਵਿਚ ਪਰਿਵਰਤਨ ਆਉਂਦਾ ਹੈ ਅਤੇ ਦ੍ਰਿਸ਼ਟੀ ਮਨੁੱਖਤਾ ਵਿਚ ਚਿੰਤਨ ਦੀ ਜਾਗ੍ਰਿਤੀ ਪੈਦਾ ਕਰਦੀ ਹੈ। ਸਭਿਆਚਾਰ ਕਿਸੇ ਸ਼੍ਰੇਣੀ ਦੇ ਵਾਸਤਵਿਕ ਜੀਵਨ ਦਾ ਸਾਰ ਅੰਸ਼ ਹੁੰਦਾ ਹੈ। ਇਸ ਨਾਲ ਸਮਾਜਿਕ ਜੀਵਨ ਸਕਾਰਾਤਮਕ ਵਿਚਾਰਾਂ ਦਾ ਧਾਰਨੀ ਬਣਦਾ ਹੈ। ਇਹਨਾਂ ਸਿਧਾਂਤਾਂ ਦੀ ਸਾਰਥਕਤਾ ਤੱਕ ਪਹੁੰਚਣ ਵਾਸਤੇ ਲੋਕ ਕਾਵਿ-ਰੂਪਾਂ ਨੂੰ ਆਧਾਰ ਬਣਾ ਕੇ ਗੁਰਬਾਣੀ ਸਿਰਜੀ ਗਈ। ਗੁਰਬਾਣੀ ਸਮਾਜ ਦੇ

ਜੀਵਨ ਦਾ ਹਿੱਸਾ ਵਧੇਰੇ ਕਾਵਿ-ਰੂਪਾਂ ਦੇ ਸੰਗ੍ਰਹਿ ਕਾਰਨ ਬਣੀ ਹੈ। ਹਰ ਕਾਵਿ-ਰੂਪ ਖੁਸ਼ੀ-ਗਮੀ ਦੇ ਸਮੇਂ ਨਾਲ ਸੰਬੰਧਿਤ ਹੋਣ ਕਾਰਨ ਮਨੁੱਖ ਦੇ ਹੌਂਸਲੇ ਨੂੰ ਵਧਾਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਾਵਿ-ਰੂਪ ਮਨੁੱਖਤਾ ਨੂੰ ਜੀਵਨ ਦੀ ਅਸਲ ਬੁਨਿਆਦ ਪ੍ਰਤੀ ਜਾਗ੍ਰਿਤ ਕਰਦੇ ਹਨ। ਇਹਨਾਂ ਕਾਵਿ-ਰੂਪਾਂ ਨੂੰ ਜਨਮ-ਮੌਤ ਜੀਵਨ ਦੀਆਂ ਦੋ ਸੱਚਾਈਆਂ ਨਾਲ ਸੁਮੇਲਤਾ ਦੁਆਰਾ ਪੇਸ਼ ਕੀਤਾ ਗਿਆ ਹੈ। ਇਸੇ ਕਾਰਨ ਵਿਹਾਰਿਕ ਜੀਵਨ ਦੀਆਂ ਰੀਤਾਂ ਰਸਮਾਂ ਨੂੰ ਬਾਣੀਕਾਰ ਗੁਰਬਾਣੀ ਰਾਹੀਂ ਪੇਸ਼ ਕਰਕੇ ਮਨੁੱਖਤਾ ਨੂੰ ਅਸਲ ਸੰਕਲਪ ਪ੍ਰਤੀ ਜਾਗ੍ਰਿਤ ਕਰਨਾ ਚਾਹੁੰਦੇ ਹਨ। ਇਸ ਪ੍ਰਕਾਰ ਬਾਣੀ ਰੂਪ ਚਉਪਦੇ ਮਨੁੱਖੀ ਜੀਵਨ ਲਈ ਅਜਿਹੇ ਪ੍ਰਤੀਕਾਤਮਕ ਰੂਪ ਪੇਸ਼ ਕਰਦੇ ਹਨ, ਜਿਸ ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਜਾਗ੍ਰਿਤ ਕੀਤਾ ਜਾਂਦਾ ਹੈ। ਇਸ ਨਾਲ ਸਭਿਆਚਾਰ ਦਾ ਅਸਲ ਮੁਹਾਂਦਰਾ ਨਿਖੜਦਾ ਹੈ।

ਗੁਰਬਾਣੀ ਮਨੁੱਖਤਾ ਦੇ ਜੀਵਨ ਨੂੰ ਜਿਸ ਦਾਇਰੇ ਵਿਚ ਬੰਨ੍ਹਦੀ ਹੈ, ਉਹ ਧਾਰਮਿਕ ਸੰਕਲਪ ਹਨ। ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਮਨੁੱਖਤਾ ਨੂੰ ਇਸ ਵਿਚਾਰ ਪ੍ਰਤੀ ਪ੍ਰਤੀਤ ਹੋ ਜਾਣੀ ਚਾਹੀਦੀ ਹੈ ਕਿ ਸਭ ਕੁਝ ਅਕਾਲ ਪੁਰਖ ਦੀ ਰਜ਼ਾ ਵਿਚ ਹੋ ਰਿਹਾ ਹੈ। ਇਸ ਵਾਸਤੇ ਮਨੁੱਖਤਾ ਦੇ ਮਨ ਵਿਚ ਖੇੜਾ ਰਹਿਣਾ ਚਾਹੀਦਾ ਹੈ। ਉਸ ਅਕਾਲ ਪੁਰਖ ਦੀ ਪ੍ਰਾਪਤੀ ਦੇ ਯਤਨ ਕਰਦੇ ਹੋਏ, ਉਸ ਅਨੁਭਵ ਨੂੰ ਮਹਿਸੂਸ ਕਰਨਾ ਚਾਹੀਦਾ ਹੈ। ਇਸੇ ਕਾਰਨ ਰੀਤਾਂ ਰਸਮਾਂ ਅਨੁਸਾਰ ਨਿਰਧਾਰਿਤ ਸ਼ਬਦਾਂ ਦਾ ਗਾਇਨ ਉਸ ਸਮੇਂ ਦੇ ਹਾਲਾਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ।

ਇਸ ਪ੍ਰਕਾਰ ਹੁਣ ਉਹਨਾਂ ਬਾਣੀ-ਰੂਪ ਚਉਪਦਿਆਂ ਨੂੰ ਦਰਜ ਕੀਤਾ ਗਿਆ ਹੈ, ਜੋ ਜੀਵਨ ਦੀਆਂ ਰੀਤਾਂ-ਰਸਮਾਂ ਅਨੁਸਾਰ ਹਨ।

**ਜਨਮ ਸਮੇਂ ਨਾਲ ਸੰਬੰਧਿਤ ਬਾਣੀ-ਰੂਪ ਚਉਪਦੇ :** ਮਨੁੱਖ ਜਨਮ ਦੀ ਪ੍ਰਾਪਤੀ ਵਡਮੁੱਲਾ ਖਜ਼ਾਨਾ ਹੈ। ਇਸ ਵਾਸਤੇ ਨਵ-ਜੰਮੇ ਬੱਚੇ ਦੇ ਘਰ ਵਿਚ ਜਨਮ ਲੈਣ ਦੀ ਖੁਸ਼ੀ ਵਿਚ ਗੁਰਬਾਣੀ ਦਾ ਸਹਾਰਾ ਲੈ ਕੇ ਅਖੰਡ ਪਾਠ ਸਾਹਿਬ ਜਾਂ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਸ਼ਬਦਾਂ ਦਾ ਕੀਰਤਨ ਕਰਵਾਇਆ ਜਾਂਦਾ ਹੈ। ਉਸ ਸਮੇਂ ਉਚਾਰੇ ਜਾਂਦੇ ਸ਼ਬਦ ਇਸ ਪ੍ਰਕਾਰ ਹਨ।

ਪੂਤਾ ਮਾਤਾ ਕੀ ਆਸੀਸ॥

ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥(ਗੁ. ਗ੍ਰੰ. 496)

ਮਿਲਿ ਮਾਤ ਪਿਤਾ ਪਿੰਡ ਕਮਾਇਆ॥

ਤਿਨਿ ਕਰਤੈ ਲੇਖੁ ਲਿਖਾਇਆ॥ (ਗੁ. ਗ੍ਰੰ. 989)

ਪਹਿਲੇ ਚਉਪਦੇ ਵਿਚ ਰਹਾਉ ਦੀਆਂ ਤੁਕਾਂ ਨੂੰ ਮੂਲ ਭਾਵ ਵਜੋਂ ਲਿਆ ਗਿਆ ਹੈ ਅਤੇ ਦੂਜੇ ਚਉਪਦੇ ਵਿਚ ਸ਼ਬਦ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਆਧਾਰ ਬਣਾਇਆ ਗਿਆ ਹੈ ਇਸ ਤੋਂ ਸੰਕੇਤ ਮਿਲਦਾ ਕਿ ਸਮੇਂ ਅਨੁਸਾਰ ਅਰਥ ਦੀ ਸਪੱਸ਼ਟਤਾ ਕਰਨ ਵਾਲੀਆਂ ਤੁਕਾਂ ਨੂੰ ਦੁਹਰਾਉ ਵਜੋਂ ਲਿਆ ਗਿਆ ਹੈ।

**ਅਨੰਦ ਕਾਰਜ ਦੇ ਸਮੇਂ ਨਾਲ ਸੰਬੰਧਿਤ ਬਾਣੀ-ਰੂਪ ਚਉਪਦੇ :** ਪੰਜਾਬੀ ਸਭਿਆਚਾਰ ਵਿਚ ਅਨੰਦ ਕਾਰਜ ਦੀ ਰਸਮ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਇਸ ਰਸਮ ਦੇ ਹੋਣ ਤੋਂ ਬਾਅਦ ਹੀ ਵਿਆਹ ਦੀ ਸੰਪੂਰਨਤਾ ਸਮਝੀ ਜਾਂਦੀ ਹੈ। ਅਨੰਦ ਕਾਰਜ ਸਮੇਂ 'ਛੰਤ ਬਾਣੀ' ਵਿਚੋਂ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ। ਇਸ ਲਾਵਾਂ ਦੇ ਪਾਠ ਰਾਹੀਂ ਵਿਆਹ ਵਾਲੇ ਲੜਕੇ ਅਤੇ ਲੜਕੀ ਨੂੰ ਆਪਸੀ ਸੰਜੋਗ ਨਾਲ ਅਕਾਲ ਪੁਰਖ ਦੀ ਪ੍ਰਾਪਤੀ ਦੇ ਚਾਰ ਰਸਤੇ ਦੱਸੇ ਜਾਂਦੇ ਹਨ ਭਾਵ ਮਰਯਾਦਾ ਵਿਚ ਰਹਿ ਕੇ ਪਤੀ-ਪਤਨੀ ਨੇ ਆਪਸੀ ਸਹਿਯੋਗ ਦੁਆਰਾ ਅਸਲ ਮੰਜ਼ਿਲ ਤੱਕ ਪਹੁੰਚਣਾ ਹੈ। ਲਾਵਾਂ ਦੇ ਪਾਠ ਤੋਂ ਬਾਅਦ ਰਾਗੀ ਸਿੰਘਾਂ ਦੁਆਰਾ ਬਾਣੀ-ਰੂਪ ਚਉਪਦੇ ਵਿਚੋਂ ਜਿਹੜੇ ਸ਼ਬਦ ਦਾ ਗਾਇਨ ਕੀਤਾ ਜਾਂਦਾ ਉਹ ਇਸ ਪ੍ਰਕਾਰ ਹੈ :

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥ (ਗੁ. ਗ੍ਰੰ. 351)

ਇਸ ਤੁਕ ਨੂੰ ਮੂਲ ਭਾਵ ਵਜੋਂ ਵਰਤਿਆ ਗਿਆ ਹੈ। ਇਸ ਤੁਕ ਰਾਹੀਂ ਸ਼ਬਦ ਦਾ ਅਸਲ ਵਿਸ਼ਾ ਸਾਹਮਣੇ ਆਉਂਦਾ ਹੈ। ਇਥੇ ਇਹ ਸੰਕੇਤ ਮਿਲਦਾ ਕਿ ਸੰਚਾਰਤ ਤੁਕ ਨੂੰ ਹੀ ਦੁਹਰਾਉ ਵਜੋਂ ਲਿਆ ਜਾਂਦਾ ਹੈ।

**ਮੌਤ ਦੇ ਸਮੇਂ ਨਾਲ ਸੰਬੰਧਿਤ ਬਾਣੀ-ਰੂਪ ਚਉਪਦੇ :** ਮਨੁੱਖ ਦੇ ਜੀਵਨ ਦਾ ਅਸਲ ਸੱਚ ਮੌਤ ਹੈ। ਮਨੁੱਖ ਮਰਨ ਤੇ ਕਿਥੇ ਚਲਾ ਜਾਂਦਾ ਹੈ, ਕੁਝ ਪਤਾ ਨਹੀਂ ਲੱਗਦਾ। ਉਸ ਦੇ ਕੀਤੇ ਕਰਮਾਂ ਅਨੁਸਾਰ ਸਮਾਜ ਵਿਚ ਉਸ ਪ੍ਰਾਣੀ ਨੂੰ ਯਾਦ ਕੀਤਾ ਜਾਂਦਾ ਹੈ। ਉਸ ਸਮੇਂ ਪਰਿਵਾਰਕ ਮੈਂਬਰ ਨੂੰ ਹੌਂਸਲਾ ਦੇਣ ਵਾਸਤੇ, ਕੁਝ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਨਾਲ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦਾ ਵਿਸ਼ਵਾਸ ਬਣਦਾ ਹੈ ਕਿ ਇਸ ਅਟਲ ਸੱਚਾਈ ਨੂੰ ਟਾਲਿਆ ਨਹੀਂ ਜਾ ਸਕਦਾ। ਇਸ ਦਾ ਸਮਾਂ ਨਿਸ਼ਚਿਤ ਹੈ ਅਤੇ ਕੀਰਤਨ ਰਾਹੀਂ ਉਸ ਜੀਵ ਦੀ ਆਤਮਾ ਦੀ ਸ਼ਾਂਤੀ ਦੀ ਕਾਮਨਾ ਕੀਤੀ ਜਾਂਦੀ ਹੈ। ਅਜਿਹੇ ਸਮੇਂ ਕੀਰਤਨ ਕੀਤੇ ਜਾਣ ਵਾਲੇ ਬਾਣੀ-ਰੂਪ ਚਉਪਦੇ ਇਸ ਪ੍ਰਕਾਰ ਹਨ।

ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ॥

ਜਲਿ ਗਇਓ ਘਾਸੁ ਰਲਿ ਗਇਓ ਮਾਟੀ॥੧॥ਰਹਾਉ॥ (ਗੁ. ਗ੍ਰੰ. 794)

ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ॥

ਤੂੰ ਰਾਮ ਨਾਮੁ ਜਪਿ ਸੋਈ॥੧॥ਰਹਾਉ॥ (ਗੁ. ਗ੍ਰੰ. 477)

ਸੰਜੋਗ ਵਿਜੋਗ ਧੁਰਹੁ ਹੀ ਹੂਆ॥

ਪੰਚ ਧਾਤੁ ਕਰਿ ਪੁਤਲਾ ਕੀਆ॥

ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਾਇਆ॥੧॥ (ਗੁ. ਗ੍ਰੰ. 1007)

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥ (ਗੁ. ਗ੍ਰੰ. 23)

ਪਹਿਲੇ ਦੋ ਸ਼ਬਦਾਂ ਵਿਚ ਦੁਹਰਾਉ ਵਜੋਂ ਰਹਾਉ ਦੀਆਂ ਤੁਕਾਂ ਨੂੰ ਲਿਆ ਗਿਆ ਹੈ ਅਤੇ ਅਗਲੇ ਦੋ ਸ਼ਬਦਾਂ ਵਿਚ ਮੂਲ ਭਾਵ ਤੁਕ ਅਨੁਸਾਰ ਪੇਸ਼ ਕੀਤਾ ਗਿਆ ਹੈ।

**ਕੀਰਤਨ ਚੌਂਕੀਆ ਨਾਲ ਸੰਬੰਧਿਤ ਬਾਣੀ-ਰੂਪ ਚਉਪਦੇ :** ਸਵੇਰ ਦੀ ਕੀਰਤਨ ਚੌਂਕੀ ਸਮੇਂ ਨਿਤਨੇਮ ਦੀਆਂ ਪੰਜ-ਬਾਣੀਆਂ ਦਾ ਪਾਠ, ਆਸਾ ਦੀ ਵਾਰ ਦਾ ਕੀਰਤਨ ਅਤੇ ਅਨੰਦ ਸਾਹਿਬ ਦੇ ਪਾਠ ਉਪਰੰਤ ਸਵੇਰ ਦੀ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਸਵੇਰ ਦੀ ਚੌਂਕੀ ਵਿਚ ਕਿਸੇ ਚਉਪਦੇ ਦਾ ਕੀਰਤਨ ਨਹੀਂ ਕੀਤਾ ਜਾਂਦਾ।

ਸੋ ਦਰੁ ਦੀ ਚੌਂਕੀ ਨਾਲ ਸੰਬੰਧਿਤ ਬਾਣੀ-ਰੂਪ ਚਉਪਦੇ : ਸੋ ਦਰੁ ਦੀ ਚੌਂਕੀ ਸਮੇਂ ਰਹਿਰਾਸ ਤੋਂ ਬਾਅਦ ਕੁਝ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ।

ਥਿਰ ਘਰਿ ਬੈਸਹੁ ਹਰਿ ਜਨ ਪਿਆਰੇ॥

ਸਤਿਗੁਰ ਤੁਮਰੇ ਕਾਜ ਸਵਾਰੇ॥੧॥ਰਹਾਉ॥ (ਗੁ. ਗ੍ਰੰ. 201)

ਗਗਨੁ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ (ਗੁ. ਗ੍ਰੰ. 663)

ਗੋਪਾਲ ਤੇਰਾ ਆਰਤਾ

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥੧॥ਰਹਾਉ॥ (ਗੁ. ਗ੍ਰੰ. 695)

**ਸੁਖਾਸਨ ਸਮੇਂ ਬਾਣੀ-ਰੂਪ ਚਉਪਦੇ ਦਾ ਕੀਰਤਨ :** ਰਾਤ ਸਮੇਂ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵਿਸ਼ਰਾਮ ਵਾਲੇ ਸਥਾਨ ਤੇ ਲੈ ਕੇ ਜਾਂਦੇ ਹਨ। ਉਸ ਸਮੇਂ ਹੇਠ ਲਿਖੇ ਬਾਣੀ-ਰੂਪ ਚਉਪਦੇ ਦਾ ਗਾਇਨ ਕੀਤਾ ਜਾਂਦਾ ਹੈ।

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥ (ਗੁ. ਗ੍ਰੰ. 157)

ਸੋ ਉਪਰੋਕਤ ਵਿਚਾਰ ਚਰਚਾ ਨੂੰ ਸਮੇਟਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਬਾਣੀ-ਰੂਪ ਚਉਪਦੇ ਪੰਜਾਬੀ ਸਭਿਆਚਾਰ ਦਾ ਹਿੱਸਾ ਹਨ। ਇਹਨਾਂ ਦਾ ਸਿੱਖ ਧਰਮ ਦੀਆਂ ਰੀਤਾਂ-ਰਸਮਾਂ ਨਾਲ ਸੰਬੰਧ ਹੈ। ਗੁਰਬਾਣੀ ਸਮਾਜ ਨੂੰ ਅਸਲ ਜੀਵਨ ਜਿਊਣ ਦਾ ਢੰਗ ਦੱਸਦੀ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਦੀ ਹਰ ਰਸਮ ਬਾਣੀ-ਰੂਪ ਚਉਪਦੇ ਦਾ ਆਸਰਾ ਲੈ ਕੇ ਨਿਭਾਈ ਜਾਂਦੀ ਹੈ। ਇਹ ਸਮਾਜ ਦੇ ਜੀਵਨ ਦਾ ਅੰਸ਼ ਹੈ।

## ਹਵਾਲੇ ਤੇ ਟਿੱਪਣੀਆਂ

1. ਗੁਰਚਰਨ ਸਿੰਘ, ਗੁਰਬਾਣੀ ਦਾ ਰਹਾਉ ਸ਼ਾਸਤਰ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1992, ਪੰਨਾ 57.

# ਸਾਰ ਤੇ ਸਥਾਪਨਾਵਾਂ

ਇਸ ਖੋਜ ਪ੍ਰਬੰਧ ਦਾ ਵਿਸ਼ਾ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ* ਹੈ। ਇਸ ਖੋਜ ਕਾਰਜ ਰਾਹੀਂ ਚਉਪਦਿਆਂ ਦੇ ਰੂਪ ਸੰਬੰਧੀ ਅਧਿਐਨ ਨੂੰ ਹਰ ਪੱਖ ਤੋਂ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਰੂਪ ਅਧਿਐਨ ਰਾਹੀਂ ਚਉਪਦਿਆਂ ਦੀਆਂ ਰੂਪਗਤ ਪਰਤਾਂ, ਵਿਕਾਸ ਕ੍ਰਮ, ਛੰਦ, ਵਿਸ਼ਾ, ਪ੍ਰਤੀਕ, ਅਲੰਕਾਰ, ਗਾਇਨ ਪੱਖ, ਸੰਬੋਧਨ, ਕਵੀ ਛਾਪ ਆਦਿ ਦੀ ਜਾਣਕਾਰੀ ਮਿਲਦੀ ਹੈ। ਚਉਪਦਾ ਕਾਵਿ-ਰੂਪ ਦੇ ਵਿਸ਼ੇ ਮਨੁੱਖੀ ਜੀਵਨ ਨਾਲ ਸੰਬੰਧਿਤ ਹਨ। ਇਸ ਲਈ ਵਿਵਹਾਰਿਕ ਅਧਿਐਨ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਚਉਪਦਿਆਂ ਦੇ ਰੂਪ ਦੀ ਜਾਣਕਾਰੀ ਗਾਇਨ ਪੱਖ ਦੁਆਰਾ ਵੀ ਪੇਸ਼ ਕੀਤੀ ਗਈ ਹੈ। ਇਸ ਨਾਲ ਰੂਪ ਨੂੰ ਪੂਰੀ ਤਰ੍ਹਾਂ ਨਿਖਾਰਿਆ ਜਾ ਸਕਦਾ ਹੈ। ਇਸ ਖੋਜ ਕਾਰਜ ਲਈ ਵਿਭਿੰਨ ਵਿਧੀਆਂ ਦੀ ਸਹਾਇਤਾ ਵੀ ਲਈ ਗਈ ਹੈ।

ਇਸ ਖੋਜ ਕਾਰਜ ਦੀ ਵੰਡ ਛੇ ਅਧਿਆਵਾਂ ਵਿਚ ਕੀਤੀ ਗਈ ਹੈ। ਪਹਿਲਾ ਅਧਿਆਇ *ਬਾਣੀ-ਰੂਪ ਚਉਪਦੇ ਉਪਰ ਹੋਏ ਖੋਜ ਕਾਰਜ : ਸਰਵੇਖਣ ਤੇ ਮੁਲਾਂਕਣ* ਨਾਲ ਸੰਬੰਧਿਤ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਕੋਸ਼ ਇੰਦਰਾਜ਼ਾਂ ਰਾਹੀਂ ਚਉਪਦੇ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਹਨਾਂ ਕੋਸ਼ਾਂ ਦੇ ਇੰਦਰਾਜ਼ਾਂ ਨੂੰ ਕਾਲ-ਕ੍ਰਮ ਅਨੁਸਾਰ ਪੇਸ਼ ਕੀਤਾ ਹੈ। ਕੋਸ਼ਾਂ ਦੇ ਇੰਦਰਾਜ਼ਾਂ ਵਿਚ ਪਦੇ ਨੂੰ ਪਉੜੀ ਕਿਹਾ ਗਿਆ ਹੈ, ਜਿਵੇਂ - ਚਾਰ-ਚਾਰ ਤੁਕਾਂ ਦੀ ਪੌੜੀ ਕਿਹਾ ਹੈ। ਇਸ ਤੋਂ ਬਾਅਦ ਗ੍ਰੰਥਾਂ ਵਿਚ ਪਦਾ ਸ਼ਬਦ ਦੀ ਵਰਤੋਂ ਹੋਣ ਲੱਗੀ ਸੀ। ਇਸ ਤਰ੍ਹਾਂ ਹਰ ਚਉਪਦੇ ਵਿਚ ਤੁਕਾਂ ਦੀ ਗਿਣਤੀ ਵੱਖਰੀ ਹੁੰਦੀ ਹੈ ਅਤੇ ਪਦੇ ਚਾਰ ਹੁੰਦੇ ਹਨ। ਰਤਨ ਸਿੰਘ ਜੱਗੀ ਨੇ ਚਉਪਦਿਆਂ ਨੂੰ ਛੰਦ ਵਿਧਾਨ ਦਾ ਹਿੱਸਾ ਕਿਹਾ ਹੈ। ਇਨ੍ਹਾਂ ਨੇ ਛੰਦਾਂ ਸੰਬੰਧੀ ਗੰਭੀਰ ਅਧਿਐਨ ਨਹੀਂ ਕੀਤਾ। ਕਾਨ੍ਹ ਸਿੰਘ ਨਾਭਾ ਚਉਪਦਿਆਂ ਦੇ ਰੂਪ ਨੂੰ ਚੌਪਦ ਛੰਦ ਅਨੁਸਾਰ ਦਰਜ ਕਰਦੇ ਹਨ। ਉਹ ਚਉਪਦਿਆਂ ਦੇ ਰੂਪ ਲਈ ਛੰਦਾਂ ਦਾ ਸੰਕੇਤ ਦੇ ਰਹੇ ਹਨ।

*ਦੂਜੇ ਭਾਗ*ਰਾਹੀਂ *ਚਉਪਦੇ ਸੰਬੰਧੀ ਪੁਸਤਕਾਂ ਵਿਚ ਹੋਏ ਕਾਰਜ* ਦਾ ਵਿਸ਼ਲੇਸ਼ਣ ਕੀਤਾ ਹੈ। ਚਉਪਦੇ ਸੰਬੰਧੀ ਚਰਨ ਸਿੰਘ, ਤਾਰਨ ਸਿੰਘ, ਕਾਲਾ ਸਿੰਘ ਬੇਦੀ, ਪਿਆਰਾ ਸਿੰਘ ਪਦਮ ਦੁਆਰਾ ਛੰਦਾਂ ਦੀ ਵਰਤੋਂ ਦਾ ਸੰਕੇਤ ਦਿੱਤਾ ਹੈ। ਤਾਰਨ ਸਿੰਘ, ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਛੰਦਾਂ ਨੂੰ ਮਾਤਰਾਂ ਅਨੁਸਾਰ ਲਿਖਦੇ ਹਨ ਅਤੇ ਗਾਇਨ ਪ੍ਰਬੰਧ ਅਨੁਸਾਰ ਲੈਅ ਦਾ ਘਟਣਾ ਵਧਣਾ ਜ਼ਰੂਰੀ ਦਸਦੇ ਹਨ। ਡਾ. ਜਗਬੀਰ ਸਿੰਘ ਦੀ ਪੁਸਤਕ 'ਗੁਰਮਤਿ ਕਾਵਿ ਦਾ ਇਤਿਹਾਸ' ਵਿਚ ਛੰਦ ਵਿਧਾਨ ਉਹਨਾਂ ਦੀ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਨਹੀਂ ਬਣਿਆ ਹੈ। ਪੁਸਤਕਾਂ ਦੇ ਸਰਵੇਖਣ ਤੇ ਵਿਸ਼ਲੇਸ਼ਣ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਕੁਝ ਵਿਦਵਾਨ ਚਉਪਦੇ ਨੂੰ ਚਾਰ ਪਦਾ ਦੀ ਗਿਣਤੀ ਅਨੁਸਾਰ ਮੰਨਦੇ ਹਨ, ਜਿਥੇ ਚਾਰ ਪਦੇ ਦਰਜ ਹੋਣ ਉਹ ਚਉਪਦਾ ਹੈ। ਚਉਪਦੇ ਦੀ ਪਰਿਭਾਸ਼ਾ ਰਾਹੀਂ ਰੂਪ ਦੀ ਪਛਾਣ ਕਰਨ ਵਿਚ ਸਹਾਇਤਾ ਮਿਲੀ ਹੈ। ਕੁਝ ਵਿਦਵਾਨਾਂ ਨੇ

ਚਉਪਦਿਆਂ ਦੇ ਅੰਕਣ ਪ੍ਰਬੰਧ ਦਾ ਅਧਿਐਨ ਕੀਤਾ ਹੈ। ਜੋਗਿੰਦਰ ਸਿੰਘ ਤਲਵਾੜਾ, ਚਰਨ ਸਿੰਘ, ਰਤਨ ਸਿੰਘ ਜੱਗੀ ਦੇ ਅੰਕਣ ਪ੍ਰਬੰਧ ਵਿਚ ਸਮਾਨਤਾ ਨਹੀਂ ਹੈ।

*ਤੀਜੇ ਭਾਗ* ਵਿਚ ਪੀ-ਐੱਚ.ਡੀ ਨਾਲ ਸੰਬੰਧਿਤ *ਚਉਪਦੇ ਸੰਬੰਧੀ ਹੋਏ ਖੋਜ ਪ੍ਰਬੰਧ* ਦੇ ਕਾਰਜ ਨੂੰ ਵੇਖਿਆ ਗਿਆ ਹੈ। ਰਮਨਦੀਪ ਕੌਰ ਦੁਆਰਾ ਕੀਤੇ ਖੋਜ ਕਾਰਜ ਦਾ ਸਿਰਲੇਖ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਾ ਕਾਵਿ ਰੂਪ : ਸ਼ਾਸਤਰੀ ਪਰਿਪੇਖ* ਹੈ। ਖੋਜਾਰਥੀ ਦੁਆਰਾ ਕਾਵਿ ਦੇ ਸਰੂਪ, ਕਾਵਿ ਰੂਪ ਦੀ ਪ੍ਰਕ੍ਰਿਤੀ ਅਤੇ ਪਦਾ ਕਾਵਿ-ਰੂਪ ਦੀ ਵਿਭਿੰਨਤਾ ਨੂੰ ਪੇਸ਼ ਕੀਤਾ ਹੈ। ਚਉਪਦਿਆਂ ਦੇ ਅੰਕਣ ਪ੍ਰਬੰਧ ਵਿਚ ਬਹੁਤ ਵਿਭਿੰਨਤਾ ਵੇਖੀ ਗਈ ਹੈ ਅਤੇ ਕਾਵਿ ਸ਼ਾਸਤਰੀ ਨਿਯਮਾਂ ਦੇ ਪ੍ਰਸੰਗ ਤੋਂ ਪਦਿਆਂ ਦੀ ਜਾਂਚ ਪੜਤਾਲ ਨਹੀਂ ਕੀਤੀ ਗਈ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ, ਕਿ ਛੰਦ ਵਿਧਾਨ ਸੰਬੰਧੀ ਖੋਜ ਕਾਰਜ ਨਹੀਂ ਹੋਇਆ। ਮੈਂ ਇਸ ਖੋਜ ਕਾਰਜ ਲਈ ਵੱਖ-ਵੱਖ ਸਰੋਤਾਂ ਦੀ ਸਹਾਇਤਾ ਨਾਲ ਚਉਪਦਿਆਂ ਸੰਬੰਧੀ ਖੋਜ ਕਾਰਜ ਦਾ ਵਿਸ਼ਲੇਸ਼ਣ ਕਰਕੇ ਸਾਰਥਕ ਸਿੱਟਿਆਂ ਤੱਕ ਪਹੁੰਚ ਕੀਤੀ ਹੈ ਜਿਸ ਨਾਲ ਅਸਲ ਅੰਕੜੇ ਅਤੇ ਛੰਦਾਂ ਦੀ ਨਿਸ਼ਾਨਦੇਹੀ ਹੋਈ ਹੈ। ਇਸ ਨਾਲ ਚਉਪਦਿਆਂ ਦਾ ਰੂਪ ਨਿਖੜ ਕੇ ਸਾਹਮਣੇ ਆਇਆ ਹੈ।

ਖੋਜ ਪ੍ਰਬੰਧ ਦਾ ਦੂਜਾ ਅਧਿਆਇ *ਚਉਪਦਾ ਰੂਪ ਦੇ ਸਿਧਾਂਤਕ ਪਰਿਪੇਖ* ਨਾਲ ਸੰਬੰਧਿਤ ਹੈ। ਚਉਪਦੇ ਦੀ ਰੂਪ ਸਿਰਜਣਾ ਇਕ ਕਲਾ ਹੈ। ਕਲਾ ਸਿਰਜਣ ਦੇ ਨਾਲ ਹੀ ਮਨੁੱਖ ਦੇ ਮਨ ਵਿਚ ਵਸਤੂ ਤੇ ਰੂਪ ਹੋਂਦ ਵਿਚ ਆ ਜਾਂਦੇ ਹਨ। ਮਨੁੱਖੀ ਮਨ ਕੋਈ ਕਲਾ ਘੜ ਕੇ ਫਿਰ ਉਸ ਨੂੰ ਰੂਪਮਾਨ ਕਰਦਾ ਹੈ। ਰੂਪ ਨੂੰ ਛੰਦ ਰਾਹੀਂ ਪੇਸ਼ ਕਰਨ ਦਾ ਕਾਰਨ ਕਾਵਿ ਨੂੰ ਮੌਖਿਕ ਰੂਪ ਵਿਚ ਯਾਦ ਕਰਨ ਦੀ ਬਿਰਤੀ ਹੈ। ਪੁਰਾਤਨ ਸਮੇਂ ਵਿਚ ਮੰਤਰਾਂ ਦਾ ਰੂਪ ਛੰਦ ਦੀ ਜੁਗਤ ਦੁਆਰਾ ਯਾਦ ਰਖਿਆ ਜਾਂਦਾ ਸੀ। ਰੂਪ ਵਿਚਲਾ ਵਸਤੂ ਮਨੁੱਖ ਦੇ ਬੌਧਿਕ ਪੱਧਰ ਦਾ ਵਿਕਾਸ ਕਰਦਾ ਹੈ। ਦੂਜੇ ਅਧਿਆਇ ਦੀ *ਤ ਿੰਨ ਭਾਗਾਂ* ਵਿਚ ਵੰਡ ਕੀਤੀ ਗਈ ਹੈ। ਪਹਿਲੇ ਭਾਗ ਵਿਚ *ਚਉਪਦੇ ਦੇ ਵਿਕਾਸ ਕ੍ਰਮ* ਨੂੰ ਕਾਲ ਕ੍ਰਮ ਅਨੁਸਾਰ ਜਾਂਚ ਕੇ, ਉਸ ਦੇ ਰੂਪ ਨੂੰ ਛੰਦਾਂ ਅਨੁਸਾਰ ਨਿਖੇੜਿਆ ਗਿਆ ਹੈ। ਚਉਪਦੇ ਦੇ ਵਿਕਾਸ ਕ੍ਰਮ ਲਈ ਪੁਰਾਤਨ ਸਮੇਂ ਦੇ ਸਰੋਤਾਂ, ਭਾਵ ਵੈਦਿਕ, ਸੰਸਕ੍ਰਿਤੀ, ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਗਿਆ। ਵੈਦਿਕ ਕਾਲ ਦੇ ਮੰਤਰਾਂ ਦਾ ਰੂਪ ਪਦੇ ਸਨ। ਵੈਦਿਕ ਸਮੇਂ ਵਿਚ ਵਰਣਿਕ ਛੰਦਾਂ ਸੰਬੰਧੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਦੇ ਮੰਤਰਾਂ ਵਿਚ ਸਤ ਵਰਣਿਕ ਛੰਦਾਂ ਦਾ ਪ੍ਰਯੋਗ ਮਿਲਦਾ ਹੈ।ਸੰਸਕ੍ਰਿਤ ਸਾਹਿਤ ਵਿਚ ਵਰਣਿਕ ਅਤੇ ਮਾਤਰਿਕ ਦੋਹਾਂ ਛੰਦਾਂ ਨੂੰ ਵੇਖਿਆ ਗਿਆ ਹੈ।

- *ੁਰਾਤਨ ਸਮੇਂ ਵਿਚ ਮਾਲਿਨੀ, ਆਰੀਆ ਛੰਦਾਂ ਦੀ ਵਰਤੋਂ ਕੀਤੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੂਰਬਲੀਆਂ ਰਚਨਾਵਾਂ ਵਿਚ ਲੀਲਾਵਤੀ, ਮੰਜੁ, ਚੌਪਈ ਅਤੇ ਬਿਸ਼ਨਪਦੁ ਛੰਦ ਦੀ ਵਰਤੋਂ ਵੇਖੀ ਗਈ ਹੈ।

*ਦੂਜੇ ਭਾਗ ਵਿਚਲੋਕ ਕਾਵਿ ਪਰੰਪਰਾਵਿਚ ਚਉਪਦੇ* ਦਾ ਰੂਪ ਪੇਸ਼ ਕੀਤਾ ਹੈ। ਇਸ ਵਾਸਤੇ ਵੇਦਾਂ ਦੇ ਮੰਤਰਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਹ ਵੇਦਾਂ ਦੇ ਮੰਤਰ ਕਿਸੇ ਤੋਂ ਸੁਣ ਕੇ ਯਾਦ ਕੀਤੇ ਜਾਂਦੇ ਸਨ। ਵੈਦਿਕ ਕਾਲ ਦੇ ਮੰਤਰਾਂ ਤੋਂ ਬਾਅਦ ਪਾਲੀ ਭਾਸ਼ਾ ਵਿਚ ਥੇਰ ਗਾਥਾਵਾਂ ਅਰੰਭ ਹੋਈਆਂ। ਇਹਨਾਂ ਗਾਥਾਵਾਂ ਵਿਚ ਲੋਕ-ਗੀਤਾਂ ਦੀ ਤਰ੍ਹਾਂ ਭਾਵਾਂ ਦੀ ਪੇਸ਼ਕਾਰੀ

ਕੀਤੀ ਜਾਂਦੀ ਸੀ। ਇਹ ਗਾਥਾਵਾਂ ਮਹਾਂਭਾਰਤ ਅਤੇ ਹੋਰ ਗ੍ਰੰਥਾਂ ਵਿਚ ਵੀ ਸ਼ਾਮਿਲ ਹਨ। ਇਹਨਾਂ ਵਿਚ ਸਮੂਹ ਦੇ ਸੰਕਲਪ ਅੰਕਿਤ ਹਨ। ਇਸ ਪ੍ਰਕਾਰ ਗਾਥਾਵਾਂ ਤੋਂ ਲੋਕ-ਗੀਤਾਂ ਦਾ ਰੂਪ ਹੋਂਦ ਵਿਚ ਆਇਆ। ਲੋਕ-ਗੀਤਾਂ ਦੇ ਰੂਪ ਵਿਚ ਬਦਲਾਵ ਦਾ ਕਾਰਨ ਸਮਾਜਿਕ ਅਵਸਥਾ ਦੇ ਪੁਰਾਣੇ ਅਤੇ ਨਵੇਂ ਤਜ਼ਰਬੇ ਦੇ ਅੰਸ਼ ਹੁੰਦੇ ਹਨ। ਇਹਨਾਂ ਲੋਕ-ਗੀਤਾਂ ਤੋਂ ਮਨੁੱਖੀ ਜਨ ਜੀਵਨ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਕਾਰ ਲੋਕ-ਗੀਤਾਂ ਦੇ ਪ੍ਰਭਾਵ ਦੀ ਸਾਰਥਕਤਾ ਦੁਆਰਾ ਵੈਸ਼ਨਵ ਧਰਮ ਦੇ ਬਿਸ਼ਨਪਦੇ, ਨਾਥਾਂ ਜੋਗੀਆਂ ਦੇ ਪਦੇ ਹੋਂਦ ਵਿਚ ਆਏ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦੇ ਦਰਜ ਕੀਤੇ ਗਏ ਹਨ।

ਲੋਕ-ਗੀਤਾਂ ਨਾਲ ਸੰਗੀਤ ਦੀ ਸੁਮੇਲਤਾ ਲਈ *ਓ, ਬੱਲ*ੇ ਆਦਿ ਧੁਨਾਂ ਹੋਂਦ ਵਿਚ ਆਈਆਂ, ਇਹਨਾਂ ਅਵਾਜ਼ਾਂ ਨਾਲ ਮੌਖਿਕ ਲੋਕ-ਗੀਤਾਂ ਨੂੰ ਯਾਦ ਸ਼ਕਤੀ ਵਿਚ ਲਿਆਂਦਾ ਜਾਂਦਾ ਹੈ। ਇਹਨਾਂ ਅਵਾਜ਼ਾਂ ਨੇ ਲੋਕ-ਗੀਤ ਲਈ ਲੈਅ, ਬਹਰ ਨੂੰ ਬਣਾਇਆ ਹੈ। ਇਸ ਤਰ੍ਹਾਂ ਲੋਕ-ਗੀਤਾਂ ਨੂੰ ਸੁਰਾਂ ਮਿਲੀਆਂ ਹਨ। ਇਹਨਾਂ ਸੁਰਾਂ ਦੀ ਮਦਦ ਨਾਲ ਸੰਗੀਤ ਦੇ ਸਾਜ਼ਾਂ ਦੀ ਸੁਮੇਲਤਾ ਸਮਾਜ ਦੇ ਭਾਵਾਂ ਅਨੁਸਾਰ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸੰਗੀਤ ਨਾਲ ਲੋਕ-ਗੀਤਾਂ ਦੀ ਵੱਖਰੀ ਪਛਾਣ ਬਣੀ ਹੈ। ਲੋਕ-ਗੀਤਾਂ ਨੂੰ ਢੱਡ, ਸਾਰੰਗੀ, ਛੈਣੇ ਆਦਿ ਨਾਲ ਗਾਇਆ ਜਾਣ ਲੱਗਾ। ਇਸ ਤੋਂ ਬਾਅਦ ਲੋਕ ਵਾਰਾਂ ਨੂੰ ਵੀ ਧੁਨਾਂ ਅਨੁਸਾਰ ਗਾਇਨ ਕੀਤਾ ਜਾਣ ਲੱਗਾ। ਪੁਰਾਤਨ ਸਮੇਂ ਵਿਚ ਰਾਜਪੂਤ ਰਾਜੇ ਢਾਡੀ ਵਾਰਾਂ ਸੁਣਦੇ ਸਨ। ਉਸ ਸਮੇਂ ਵਾਰਾਂ, ਢੱਡ ਤੇ ਸਾਰੰਗੀ ਨਾਲ ਗਾਇਨ ਕੀਤੀਆਂ ਜਾਣ ਲੱਗੀਆਂ। ਇਹਨਾਂ ਧੁਨਾਂ ਦੁਆਰਾ ਸੁਰਾਂ ਦੇ ਉਤਰਾਅ ਚੜ੍ਹਾਅ ਦਾ ਗਿਆਨ ਹੋਇਆ। ਇਸ ਪ੍ਰਕਾਰ ਸ਼ਾਸਤਰੀ ਸੰਗੀਤ ਦਾ ਪਥ-ਪ੍ਰਦਰਸ਼ਕ ਲੋਕ ਧੁਨਾਂ ਹਨ। ਲੋਕ ਵਾਰਾਂ ਦੀਆਂ ਧੁਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਲਈ ਧੁਨਾਂ ਤਿਆਰ ਕੀਤੀਆਂ ਗਈਆਂ ਹਨ।

- _ਸ ਪ੍ਰਕਾਰ ਲੋਕ-ਗੀਤਾਂ ਦੇ ਸਾਜ਼ਾਂ ਨੇ ਲੋਕ ਵਾਰਾਂ ਦੀ ਰਾਗਾਂ ਨਾਲ ਸੁਮੇਲਤਾ ਪੇਸ਼ ਕੀਤੀ। ਇਸ ਤੋਂ ਇਲਾਵਾ ਲੋਕ-ਗੀਤ ਅਤੇ ਚਉਪਦੇ ਦੀ ਸਮਾਨਤਾ ਤਾਲ ਅਨੁਸਾਰ ਵੇਖੀ ਗਈ ਹੈ। ਲੋਕ-ਗੀਤਾਂ ਵਿਚ ਦਾਦਰਾ ਅਤੇ ਕਹਿਰਵਾ ਤਾਲ ਵਧੇਰੇ ਵਰਤੋਂ ਵਿਚ ਆਉਂਦਾ ਹੈ। ਇਹ ਦੋਵੇਂ ਤਾਲ ਲੋਕਪ੍ਰਿਯ ਹੋਣ ਕਾਰਨ, ਇਹਨਾਂ ਦੋਹਾਂ ਤਾਲਾਂ ਵਿਚ ਰਾਗੀ ਸਿੰਘਾਂ ਦੁਆਰਾ ਵਧੇਰੇ ਚਉਪਦੇ ਗਾਇਨ ਕੀਤੇ ਜਾਂਦੇ ਹਨ।

ਇਸ ਅਧਿਆਇ ਦੇ *ਤੀਜੇ ਭਾਗਕੀਰਤਨ ਪ੍ਰਬੰਧ ਸੰਬੰਧੀ* ਸੰਕਲਪ ਪੇਸ਼ ਕੀਤੇ ਗਏ ਹਨ। ਕੀਰਤਨ ਰਾਹੀਂ ਮਨ ਵਿਚ ਵੈਰਾਗ ਉਪਜਦਾ ਹੈ। ਉਸ ਵੈਰਾਗ ਨਾਲ ਭਉ ਅਤੇ ਭਾਉ ਦੀ ਸੁਮੇਲਤਾ ਹੁੰਦੀ ਹੈ, ਜਿਸ ਨਾਲ ਮਨੁੱਖ ਦੇ ਮਨ ਵਿਚ ਜਗਿਆਸਾ ਉਪਜਦੀ ਹੈ। ਮਨੁੱਖ ਦਾ ਮਨ ਸਿਮਰਨ ਦੀ ਧੁਨ ਵੱਲ ਆਕਰਸ਼ਿਤ ਹੁੰਦਾ ਹੈ। ਸਿਮਰਨ ਦੇ ਅਨੁਭਵ ਨਾਲ ਮਨੁੱਖ ਭਗਤੀ ਵੱਲ ਪ੍ਰੇਰਿਤ ਹੁੰਦਾ ਹੈ। ਭਗਤੀ ਰਾਹੀਂ ਮਨੁੱਖ ਦੀ ਸ਼ਖ਼ਸੀਅਤ ਉਸ ਅਨੁਭਵ ਦੀ ਪ੍ਰਤੀਤ ਕਰਨ ਲੱਗ ਜਾਂਦੀ ਹੈ, ਜਿਸ ਨਾਲ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ। ਕੀਰਤਨ ਤੇ ਸਿਮਰਨ ਦੀ ਸੁਮੇਲਤਾ ਤੋਂ ਬਾਅਦ, ਕੀਰਤਨ ਨੂੰ ਘਰੁ ਪ੍ਰਬੰਧ ਅਨੁਸਾਰ ਗਾਇਨ ਕਰਨ ਦੇ ਪੱਖਾਂ ਬਾਰੇ ਜਾਣਿਆ ਗਿਆ ਹੈ।

• _ਰ ਪ੍ਰਬੰਧ ਸਤ ਸੁਰਾਂ ਦੇ ਸਪਤਕ ਦੁਆਰਾ ਹੋਂਦ ਵਿਚ ਆਉਂਦਾ ਹੈ। ਇਹਨਾਂ ਸਤ ਸੁਰਾਂ ਤੋਂ ਗਾਇਨ ਲਈ ਵਰਤੇ (ਮੰਦਰ, ਮੱਧ, ਤਾਰ) ਸਪਤਕਾਂ ਦਾ ਸੰਗ੍ਰਹਿ ਬਣਦਾ ਹੈ। ਸਤ ਸੁਰਾਂ (ਮੰਦਰ, ਮੱਧ, ਤਾਰ) ਗਾਇਨ ਲਈ ਵੱਖਰੇ-ਵੱਖਰੇ ਢੰਗ ਨਾਲ ਵਰਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਮੰਦਰ, ਮਧ, ਤਾਰ ਸੁਰਾਂ ਦਾ ਸਪਤਕ ਇਕ ਕ੍ਰਮ ਵਿਚ ਚਲਦਾ ਜਾਂਦਾ ਹੈ। ਇਹ 21 ਸੁਰਾਂ ਬਣ ਜਾਂਦੀਆਂ ਹਨ। ਇਹਨਾਂ ਸੁਰਾਂ ਦਾ ਕ੍ਰਮ 17 ਘਰਾਂ ਤੱਕ ਕ੍ਰਮ ਅਨੁਸਾਰ ਗਾਇਨ ਲਈ ਵਰਤਿਆ ਗਿਆ ਹੈ। ਮੰਦਰ, ਮੱਧ, ਤਾਰ ਸੁਰ ਦੇ ਬਦਲਾਵ ਅਨੁਸਾਰ ਗਾਇਨ ਵਿਚ ਪਰਿਵਰਤਨ ਆਉਂਦਾ ਹੈ। ਇਸ ਪ੍ਰਕਾਰ ਇਹਨਾਂ ਸੁਰਾਂ ਦੇ ਕ੍ਰਮ ਨਾਲ ਘਰੁ ਪ੍ਰਬੰਧ ਅਨੁਸਾਰ ਗਾਇਨ ਕੀਤਾ ਜਾਂਦਾ ਹੈ।

ਖੋਜ ਪ੍ਰਬੰਧ ਦਾ ਤੀਜਾ ਅਧਿਆਇ *ਚਉਪਦੇ ਦੀ ਪ੍ਰਕਿਰਤੀ* ਨਾਲ ਸੰਬੰਧਿਤ ਹੈ। ਇਸ ਅਧਿਆਇ ਦੀ *ਚਾਰ ਭਾਗਾਂ* ਵਿਚ ਵੰਡ ਕੀਤੀ ਗਈ ਹੈ। *ਦਾਰਸ਼ਨਿਕ ਪੱਖ* ਵ਼ਿਚ ਮਨੁੱਖ ਦੇ ਚਿੰਤਨ ਨੂੰ ਪਹਿਲ ਦਿੱਤੀ ਗਈ ਹੈ। ਇਸ ਦੇ ਆਧਾਰ ਤੇ ਮਨੁੱਖ ਪਦਾਰਥਵਾਦੀ ਜਗਤ ਦੀ ਵਿਸ਼ਾਲਤਾ ਨੂੰ ਸਮਝ ਸਕਦਾ ਹੈ। ਪਦਾਰਥਕ ਜਗਤ ਵਿਚ ਆਤਮਾ ਨੇ ਕਿਵੇਂ ਵਿਕਾਸ ਕਰਨਾ ਹੈ। ਆਤਮਾ ਦੇ ਨਾਲ ਮਨੁੱਖ ਦੀਆਂ ਗਿਆਨ ਇੰਦਰੀਆਂ ਦਾ ਸੰਬੰਧ ਉਸ ਦੇ ਸੰਕਲਪਾਂ ਅਨੁਸਾਰ ਬਣਦਾ ਹੈ। ਗਿਆਨ ਇੰਦਰੀਆਂ ਤੇ ਸੰਕਲਪਾਂ ਵਿਚ ਏਕਤਾ ਮਨੁੱਖ ਦੀ ਬੁੱਧੀ ਕਾਰਨ ਬਣਦੀ ਹੈ ਅਤੇ ਸਮੇਂ ਦੀਆਂ ਪਰਿਸਥਿਤੀਆਂ ਵੀ ਇਸ ਵਾਸਤੇ ਜ਼ਿੰਮੇਵਾਰ ਹੁੰਦੀਆਂ ਹਨ। ਇਸ ਤਰ੍ਹਾਂ ਆਤਮਾ ਦੇ ਦੋ ਲੱਛਣ ਨੇਕੀ ਅਤੇ ਬਦੀ ਹੋਂਦ ਵਿਚ ਆਉਂਦੇ ਹਨ। ਚੰਗੇ ਕਰਮਾਂ ਨੂੰ ਮਨੁੱਖੀ ਸਰੀਰ ਮਿਲਦਾ ਹੈ, ਮਨੁੱਖੀ ਸਰੀਰ ਦੀ ਅਸਲ ਪਛਾਣ ਪਰਮਾਤਮਾ ਦੇ ਮਿਲਾਪ ਦੁਆਰਾ ਸਾਰਥਕ ਹੋਣੀ ਹੈ।

• &ਾਰਸ਼ਨਿਕ ਪੱਖ ਵਿਚ, ਜੀਵਨ ਦਾ ਰਹੱਸ ਛੁਪਿਆ ਹੋਇਆ ਹੈ। ਮਨੁੱਖਾ ਜਨਮ ਪਰਮਾਤਮਾ ਦੇ ਸੰਜੋਗ ਲਈ ਮਿਲਿਆ ਹੈ। ਪਰਮਾਤਮਾ ਦੇ ਸੰਜੋਗ ਦੀ ਪ੍ਰਾਪਤੀ ਮਨੁੱਖ, ਡਰ ਤੋਂ ਬਿਨ੍ਹਾਂ ਨਹੀਂ ਕਰ ਸਕਦਾ। ਇਸ ਵਾਸਤੇ ਮਨੁੱਖ ਨੂੰ ਮੌਤ ਦੇ ਡਰ ਨੂੰ ਹਮੇਸ਼ਾ ਮਨ ਦੇ ਚਿੰਤਨ ਵਿਚ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਮਨੁੱਖ ਨੇ ਬ੍ਰਹਮ ਦੀ ਉਪਜ ਹੋ ਕੇ ਸੱਚ, ਦਇਆ, ਸੰਜਮਤਾ ਜਿਹੇ ਗੁਣਾਂ ਦੁਆਰਾ ਉਸ ਬ੍ਰਹਮ ਦੀ ਪ੍ਰਾਪਤੀ ਕਰਨੀ ਹੈ ਅਤੇ ਉਸ ਦਾ ਰੂਪ ਹੋਣਾ ਹੈ।

ਇਸ ਅਧਿਆਇ ਦੇ *ਦੂਜੇ ਭਾਗ* ਵਿਚ *ਸਮਾਜਿਕ ਵਿਸ਼ਿਆਂ* ਬਾਰੇ ਜਾਣਿਆ ਗਿਆ ਹੈ। ਸਮਾਜ ਦਾ ਢਾਂਚਾ ਵੱਖ-ਵੱਖ ਸ਼੍ਰੇਣੀਆਂ ਦੇ ਸਹਿਯੋਗ ਨਾਲ ਉਸਰਦਾ ਹੈ। ਸਮਾਜ ਦੇ ਸਮੂਹਾਂ ਦੀਆਂ ਜ਼ਰੂਰਤਾਂ ਅਤੇ ਅਨੁਭਵ ਵੱਖਰੇ-ਵੱਖਰੇ ਹੁੰਦੇ ਹਨ। ਇਹਨਾਂ ਸਮੂਹਾਂ ਦੀ ਪਹਿਚਾਣ ਸਭਿਆਚਾਰ ਕਾਰਨ ਬਣਦੀ ਹੈ। ਔਰਤ ਦੇ ਦੁਰਵਿਹਾਰ ਅਤੇ ਜਾਤ-ਪਾਤ ਦੇ ਵਿਤਕਰੇ ਨੇ ਸਮਾਜਿਕ ਸਥਿਤੀ ਨੂੰ ਹਲੂਣਿਆ ਹੈ। ਇਹਨਾਂ ਸਮਾਜਿਕ ਕੁਰੀਤੀਆਂ ਦੀ ਉਤਪਤੀ ਲਈ ਧਾਰਮਿਕ ਸਥਿਤੀ ਨੂੰ ਜ਼ਿੰਮੇਵਾਰ ਕਿਹਾ ਜਾ ਸਕਦਾ ਹੈ।

• 8ਮਾਜਿਕ ਵਿਸ਼ਿਆਂ ਦੇ ਇਤਿਹਾਸ ਨੇ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ, ਜਿਸ ਕਾਰਨ ਸਮਾਜ ਵਿਚ ਇਹ ਕੁਰੀਤੀਆਂ ਪੈਦਾ ਹੋਈਆਂ। ਇਹ ਸਭ ਕਿਰਿਆਵਾਂ ਮਨੁੱਖ ਦੇ ਮਨ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੁੰਦੀਆਂ ਹਨ। ਮਨ ਦੀ ਅਸਥਿਰਤਾ ਕਾਰਨ ਮਨੁੱਖ ਅਜਿਹੇ ਵਿਅਰਥ ਬਾਹਰੀ ਆਡੰਬਰ ਕਰਦਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਦੀ ਚੇਤਨਾ ਦੇ ਪੱਧਰ

ਨੂੰ ਤਰਕ ਅਨੁਸਾਰ ਸਮਝਾਉਂਦੇ ਹੋਏ, ਬਾਹਰੀ ਆਡੰਬਰਾਂ ਤੋਂ ਵਰਜਿਆ ਹੈ। ਇਸ ਪ੍ਰਕਾਰ ਗੁਰਬਾਣੀ ਮਨੁੱਖ ਵਿਚ ਸਭਿਆਚਾਰਕ ਚੇਤਨਾ ਦੇ ਸੰਕਲਪ ਪੈਦਾ ਕਰਦੀ ਹੈ।

ਇਸ ਅਧਿਆਇ ਦੇ *ਤੀਜੇ ਭਾਗ* ਵਿਚ *ਧਾਰਮਿਕ ਵਿਸ਼ਿਆਂ* ਬਾਰੇ ਵਿਚਾਰ ਪੇਸ਼ ਕੀਤੇ ਹਨ। ਮਨੁੱਖ ਦੇ ਵਿਵਹਾਰਿਕ ਜੀਵਨ ਦੀ ਜੁਗਤੀ ਨਾਲ ਧਾਰਮਿਕ ਸਰੋਕਾਰ ਸੰਬੰਧਿਤ ਹੁੰਦੇ ਹਨ। ਮਾਇਆ, ਹਉਮੈਂ, ਵਿਵਹਾਰਿਕ ਜੀਵਨ ਵਿਚ ਪਸਰਨ ਵਾਲੀਆਂ ਦੋ ਅਜਿਹੀਆਂ ਬਿਰਤੀਆਂ ਹਨ, ਜੋ ਮਨੁੱਖ ਵਿਚ ਪਦਾਰਥਕ ਜਗਤ ਲਈ ਤ੍ਰਿਸ਼ਨਾ ਪੈਦਾ ਕਰਦੀਆਂ ਹਨ। ਵਿਸ਼ਿਆਂ ਵਿਕਾਰਾਂ ਕਾਰਨ, ਮਾਇਆ ਮਨੁੱਖ ਤੇ ਭਾਰੂ ਹੋ ਜਾਂਦੀ ਹੈ। ਮਾਇਆ ਮਨੁੱਖ ਨੂੰ ਅਜਿਹੇ ਬੰਧਨਾਂ ਵਿਚ ਬੰਨ੍ਹ ਦਿੰਦੀ ਹੈ ਜਿਸ ਨਾਲ ਮਨੁੱਖ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ।

- .ਨੁੱਖ ਨੇ ਨਾਮ ਨੂੰ ਜੀਵਨ ਦਾ ਸਿਧਾਂਤ ਬਣਾਉਂਣਾ ਹੈ। ਨਾਮ ਦੀ ਵਾਸਤਵਿਕ ਪਛਾਣ, ਮਨੁੱਖ ਦੇ ਮਨ ਵਿਚ ਸ਼ਬਦ ਦੇ ਰੂਪ ਵਿਚ ਹੁੰਦੀ ਹੈ। ਨਾਮ ਨੂੰ ਜੀਵਨ ਦਾ ਕਰਮ ਬਣਾਉਣਾ ਚਾਹੀਦਾ ਹੈ। ਜੀਵਨ ਵਿਚ ਗੁਰੂ ਨੂੰ ਅੰਗ ਸੰਗ ਸਮਝਦੇ ਹੋਏ ਕਾਰਜ ਕਰਨੇ ਚਾਹੀਦੇ ਹਨ। ਪਰਮਾਤਮਾ ਦੇ ਹੁਕਮ ਵਿਚ ਹੀ ਮਨੁੱਖ ਕਰਮ ਕਰਦਾ ਹੈ। ਸੇਵਾ, ਸਤਿਸੰਗ ਕਿਰਿਆਵਾਂ ਨੂੰ ਅਪਨਾ ਕੇ ਮੁਕਤੀ ਦੇ ਉਦੇਸ਼ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਧਾਰਮਿਕ ਵਿਸ਼ੇ ਦਾ ਸੰਬੰਧ ਅਨੁਭਵ ਨਾਲ ਹੁੰਦਾ ਹੈ। ਧਾਰਮਿਕ ਵਿਸ਼ੇ ਜੀਵਨ ਦਾ ਅਸਲ ਸੱਚ ਹੋਣ ਕਾਰਨ ਮਨੁੱਖ ਦੇ ਜੀਵਨ ਨੂੰ ਵੀ ਸੇਧ ਦਿੰਦੇ ਹਨ।

ਇਸ ਅਧਿਆਇ ਦੇ *ਚੌਥੇ ਭਾਗ* ਵਿਚ *ਰਾਜਨੀਤਿਕ ਵਿਸ਼*ੇ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਰਾਜਨੀਤੀ ਲਈ ਧਰਮ ਇਕ ਨੀਂਹ ਸਮਾਨ ਹੈ। ਇਸ ਨਾਲ ਮਨੁੱਖ ਆਪਣੇ ਕਰੱਤਵਾਂ ਤੋਂ ਜਾਣੂ ਹੋ ਜਾਂਦਾ ਹੈ। ਮਨੁੱਖ ਵਿਚ ਨੈਤਿਕ ਕਦਰਾਂ ਕੀਮਤਾਂ ਧਰਮ ਅਨੁਸਾਰ ਪੈਦਾ ਹੁੰਦੀਆਂ ਹਨ। ਅਸਲ ਵਿਚ ਧਰਮ ਦਾ ਰਾਜਨੀਤੀ ਨਾਲ ਸੰਬੰਧ ਪੈਦਾ ਹੋਣ ਦਾ ਕਾਰਨ, ਇਸਲਾਮਕ ਰਾਜਿਆਂ ਵੱਲੋਂ ਆਪਣੇ ਰਾਜ ਦਾ ਵਿਸਤਾਰ ਕਰਨਾ ਸੀ। ਭਾਰਤ ਵਿਚ ਧਾਰਮਕ ਸੁਤੰਤਰਤਾ ਦੇ ਹਿੱਤ ਨੌਂਵੇਂ ਪਾਤਸ਼ਾਹ ਦੀ ਕੁਰਬਾਨੀ ਇਸ ਦਾ ਪ੍ਰਤੱਖ ਪ੍ਰਮਾਣ ਹੈ। ਅਜਿਹੇ ਧਾਰਮਿਕ ਜਜ਼ਬਿਆਂ ਨੇ ਸਮਾਜ ਵਿਚ ਰਾਜਨੀਤੀ ਦੇ ਬੀਜ ਪੁੰਗਰਾਏ ਸਨ। ਇਸ ਵਾਸਤੇ ਰਾਜਨੀਤਿਕ ਕਾਰਜਾਂ ਵਿਚ ਕਈ ਵਾਰ ਧਰਮ ਦੀ ਯੋਗ ਵਰਤੋਂ ਨਹੀਂ ਕੀਤੀ ਜਾਂਦੀ ਹੈ ਅਤੇ ਮਨੁੱਖਤਾਂ ਦੀਆਂ ਭਾਵਨਾਵਾਂ ਨੂੰ ਉਭਾਰਿਆ ਜਾਂਦਾ ਹੈ। ਇਸ ਪ੍ਰਕਾਰ ਸਾਹਿਤ ਨਾਲ ਰਾਜਨੀਤਿਕ ਵਿਚਾਰ ਸਮੇਂ ਅਨੁਸਾਰ ਨਿਰੰਤਰ ਚਾਲ ਵਿਚ ਚਲਦੇ ਰਹਿੰਦੇ ਹਨ। ਇਸ ਦਾ ਪ੍ਰਮਾਣ ਕਾਵਿ ਰਚਨਾਵਾਂ ਨੂੰ ਕਿਹਾ ਜਾ ਸਕਦਾ ਹੈ।

- 8?ੱਖ ਧਰਮ ਰਾਜਨੀਤੀ ਤੋਂ ਕਿਸੇ ਸੰਸਾਰੀ ਲਾਭ ਦੀ ਇੱਛਾ ਨਹੀਂ ਰੱਖਦਾ, ਬਲਕਿ ਸਰਬੱਤ ਦੇ ਭਲੇ ਦੀ ਆਸ ਕਰਦਾ ਹੈ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ। ਇਸ ਵਾਸਤੇ ਅਕਾਲ ਪੁਰਖ ਨੇ ਗੁਰੂ ਨੂੰ ਸਿੱਖ ਰਾਜ ਵਿਸਤਾਰ ਨਾਮ ਦੁਆਰਾ ਕਰਨ ਦੀ ਪੱਧਵੀ ਸੌਂਪੀ ਹੈ। ਸੰਗਤ ਦਾ ਸਮੂਹ ਸਿਮਰਨ ਨੂੰ ਗ੍ਰਹਿਣ ਕਰਕੇ ਨਾਮ ਦੀ ਪ੍ਰਾਪਤੀ ਦੁਆਰਾ ਅਸਲ ਰਾਜ ਤੱਕ ਪਹੁੰਚ ਕਰਨੀ ਹੈ।

- ਸ ਸਮੇਂ ਦੀ ਇਤਿਹਾਸਕ ਦਸ਼ਾ ਨੇ ਧਰਮ ਤੇ ਰਾਜ ਦੇ ਸੰਬੰਧ ਦੀ ਸੁਮੇਲਤਾ ਨੂੰ ਪੇਸ਼ ਕੀਤਾ ਹੈ। ਮੁਗਲ ਸਾਸ਼ਕਾਂ ਦੇ ਅਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਜਾਗ੍ਰਿਤੀ ਲਿਆਂਦੀ।

ਸਮਾਜਿਕ ਜੀਵਨ ਬਤੀਤ ਕਰਦਿਆਂ, ਅਧਿਆਤਮਿਕ ਦ੍ਰਿਸ਼ਟੀ ਦੁਆਰਾ, ਮਨੁੱਖ ਅੰਦਰ ਪਾਰਲੌਕਿਕ ਸੰਸਾਰ ਪ੍ਰਤੀ ਚੇਤਨਾ ਪੈਦਾ ਹੁੰਦੀ ਹੈ।

ਖੋਜ ਪ੍ਰਬੰਧ ਦੇ *ਚੌਥੇ ਅਧਿਆਇਵਿਚਚਉਪਦੇ ਦੇ ਸਰੂਪ* ਨੂੰ *ਸੱਤ ਭਾਗਾਂ* ਵਿਚ ਵੰਡਿਆ ਗਿਆ ਹੈ। *ਪਹਿਲੇ ਭਾਗ* ਵਿਚ ਚਉਪਦੇ ਦੀ ਬਣਤਰ ਨੂੰ ਪੇਸ਼ ਕੀਤਾ ਗਿਆ ਹੈ। ਰਹਾਉ ਦੀਆਂ ਤੁਕਾਂ ਬਾਣੀ-ਰੂਪ ਚਉਪਦੇ ਦੀ ਬਣਤਰ ਦਾ ਮੁੱਖ ਲੱਛਣ ਹਨ। *ਦੂਜੇ ਭਾਗ ਵਿਚ* ਚਉਪਦੇ ਦੇ ਛੰਦ ਵਿਧਾਨ ਦਾ ਅਧਿਐਨ ਕੀਤਾ ਗਿਆ ਹੈ ਕਿ ਚਉਪਦਿਆਂ ਵਿਚ ਕਿੰਨੇ ਕਿਸਮ ਦੇ ਛੰਦ ਵਰਤੇ ਗਏ ਹਨ। ਚਉਪਦਿਆਂ ਦਾ ਛੰਦ ਪਦਿਆਂ ਦੀ ਔਸਤ ਅਨੁਸਾਰ ਸਾਹਮਣੇ ਆਇਆ ਹੈ। ਔਸਤ ਅਨੁਸਾਰ ਛੰਦ ਦੇ ਰੂਪ ਦਾ ਹੋਂਦ ਵਿਚ ਆਉਣ ਦਾ ਕਾਰਨ, ਲੋਕ ਪਰੰਪਰਾ ਤੋਂ ਲੋਕ-ਗੀਤਾਂ ਵਿਚ ਆਈ ਖੁਲ੍ਹ ਹੈ। ਗੁਰਬਾਣੀ ਲੋਕ ਹਿਤਾਂ ਦੇ ਸੰਚਾਰ ਨੂੰ ਧਿਆਨ ਵਿਚ ਰੱਖ ਕੇ ਰਚੀ ਗਈ ਹੈ। ਚਉਪਦੇ ਦਾ ਪਾਠ ਕਰਨ ਤੇ ਤੁਕਾਂਤ ਮਿਲਦਾ ਹੈ। ਤੁਕਾਂਤ ਦੀ ਸੁਮੇਲਤਾ ਤੋਂ ਬਾਅਦ ਮਾਤਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਚਉਪਦੇ ਵਿਚ ਕੇਵਲ ਮਾਤਰਿਕ ਛੰਦਾਂ ਦੀ ਭਰਮਾਰ ਹੈ, ਕਿਉਂਕਿ ਰਾਗ ਸਮੇਂ ਦੀ ਤਰਤੀਬ ਵਿਚ ਬੱਝੇ ਹੋਏ ਹਨ। ਇਸ ਤਰ੍ਹਾਂ ਮਾਤਰਾਵਾਂ ਇਕ ਸਮੇਂ ਦੇ ਘੇਰੇ ਦੀ ਤਰ੍ਹਾਂ ਅੱਗੇ ਅੱਗੇ ਜਾਂਦੀਆਂ ਹਨ। ਇਸ ਲਈ ਜਿਵੇਂ ਜਿਵੇਂ ਮਾਤਰਾ ਦੀ ਗਿਣਤੀ ਵਧਦੀ ਹੈ ਉਸ ਅਨੁਸਾਰ ਛੰਦ ਬਦਲਦਾ ਹੈ। ਇਸ ਤਰ੍ਹਾਂ ਆਰੋਹ ਅਵਰੋਹ ਹੋਂਦ ਵਿਚ ਆਉਂਦੀਆਂ ਹਨ। ਵਾਦੀ, ਸੰਵਾਦੀ ਸੁਰਾਂ ਹੋਣ ਕਾਰਨ, ਰਾਗ ਇਕ ਦੂਜੇ ਤੋਂ ਭਿੰਨ ਹੁੰਦੇ ਹਨ।

- _ਉਪਦੇ ਵਿਚ ਕੁਝ ਛੰਦ ਅਜਿਹੇ ਹਨ, ਜੋ ਮਾਤਰਾ ਦੇ ਘਟ ਵਧ ਹੋਣ ਕਾਰਨ ਵੰਨਗੀਆਂ ਵਿਚ ਆ ਜਾਂਦੇ ਹਨ। ਪਉੜੀ, ਚਤੁਸ਼ਪਦੀ, ਬਿਸ਼ਨਪਦੁ, ਸਿਰਖੰਡੀ, ਸਵੈਯੇ, ਡਿਊਢ, ਚੌਪਈ ਆਦਿ ਛੰਦਾਂ ਦੀ ਚਉਪਦੇ ਵਿਚ ਬਹੁਤਾਂਤ ਵੇਖੀ ਗਈ ਹੈ। ਮਾਝ ਰਾਗੁ, ਜੈਤਸਰੀ ਰਾਗੁ ਅਤੇ ਮਾਰੂ ਰਾਗੁ ਦੀ ਅੰਜੁਲੀ ਵਿਚ ਛੰਦਾਂ ਦਾ ਮਿਸ਼ਰਿਤ ਰੂਪ ਮਿਲਦਾ ਹੈ। ਇਹਨਾਂ ਚਉਪਦਿਆਂ ਦੀਆਂ ਦੋ ਤੁਕਾਂ ਵਿਚ ਚੌਪਈ ਅਤੇ ਤੀਜੀ ਤੁਕ ਵਿਚ ਲੀਲਾਵਤੀ ਛੰਦ ਦਾ ਰੂਪ ਹੈ। ਦੋ ਛੰਦਾਂ ਦੀਆਂ ਤੁਕਾਂ ਦੀ ਸੁਮੇਲਤਾ ਕਾਰਨ ਇਸ ਨੂੰ ਮਿਸ਼ਰਿਤ ਛੰਦ ਕਿਹਾ ਜਾਂਦਾ ਹੈ। ਇਹਨਾਂ ਤਿੰਨ ਰਾਗਾਂ ਦੇ ਚਉਪਦਿਆਂ ਦੀ ਔਸਤ ਸਿਰਖੰਡੀ ਛੰਦ ਅਨੁਸਾਰ ਹੋਂਦ ਵਿਚ ਆਉਂਦੀ ਹੈ।
- _ਕ ਘਰੁ ਵਿਚ ਰੂਪ ਬਦਲਣ ਕਾਰਨ ਦੋ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਸਮੇਂ ਤੁਕਾਂਤ ਵਿਚ ਭਿੰਨਤਾ ਹੁੰਦੀ ਹੈ ਅਤੇ ਗਾਇਨ ਦੀ ਬਹਰ ਵਿਚ ਜ਼ਿਆਦਾ ਫਰਕ ਨਹੀਂ ਆਉਂਦਾ।
- _ਹਨਾਂ ਛੰਦਾਂ ਦੇ ਰੂਪ ਨੂੰ ਸਪਸ਼ਟ ਕਰਨ ਲਈ ਛੰਦ ਅਤੇ ਸ਼ਬਦ ਅਨੁਸਾਰ ਸਾਰਨੀ ਬਣਾਈ ਗਈ ਹੈ। ਇਸ ਨਾਲ ਚਉਪਦੇ ਦੇ ਹਰ ਛੰਦ ਦੀ ਵਰਤੋਂ ਨੂੰ ਕ੍ਰਮ ਅਨੁਸਾਰ ਜਾਣਿਆ ਜਾ ਸਕਦਾ ਹੈ। ਬਾਰਾਂ ਮਾਤਰਾ ਵਾਲੇ ਛੰਦਾਂ, ਮਕਰਾ ਤੇ ਕਲਸ਼ ਦੀ ਵਰਤੋਂ ਸਭ ਤੋਂ ਘੱਟ ਵਾਰ ਅਰਥਾਤ ਇਕ ਵਾਰ ਕੀਤੀ ਗਈ ਹੈ। ਪੰਦਰਾਂ ਜਾਂ ਸੋਲਾਂ ਮਾਤਰਾ ਵਾਲੇ ਛੰਦਾਂ ਦੀ ਵਰਤੋਂ ਸਭ ਤੋਂ ਵੱਧ 443 ਦੇ ਕਰੀਬ ਕੀਤੀ ਗਈ ਹੈ। ਚਉਪਦਿਆਂ ਵਿਚ ਕੁਲ 25 ਛੰਦ ਵਰਤੇ ਗਏ ਹਨ।

*ਤੀਜੇ ਭਾਗ* ਵਿਚ ਚਉਪਦੇ ਦੀ ਵਰਤੋਂ ਵਿਚ ਆਏ *ਕਾਵਿ ਦੇ ਤੱਤ : ਪ੍ਰਤੀਕ, ਅਲੰਕਾਰ ਅਤੇ ਬਿੰਬ* ਦੀ ਵਰਤੋਂ ਸੰਬੰਧੀ ਜਾਣਿਆ ਗਿਆ ਹੈ। ਬਿੰਬ ਰਾਹੀਂ ਆਪਣੇ ਭਾਵਾਂ ਦੀ ਅਭਿਵਿਅਕਤੀ ਨੂੰ ਨਿਸ਼ਚਤ ਵਸਤੂ ਦੁਆਰਾ ਦੂਜਿਆਂ ਤਕ ਪਹੁੰਚਾਇਆ ਜਾਂਦਾ ਹੈ। ਪਾਠਕਾਂ ਵਿਚ ਉਹਨਾਂ ਭਾਵਾਂ ਦਾ ਸੰਚਾਰ ਸਮਾਨ ਉਪਮਾਨ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਕਵੀ ਦੀ ਬਿੰਬ ਸਿਰਜਣ ਦੀ ਅਸਲ ਦ੍ਰਿਸ਼ਟੀ ਹੁੰਦੀ ਹੈ। ਕਵੀ ਦਾ ਮਨ ਬਿੰਬਾਂ ਰਾਹੀਂ ਸੰਕਲਪਾਂ ਨੂੰ ਪੇਸ਼ ਕਰਕੇ, ਆਪਣੇ ਮਨ ਦਾ ਵਿਰੇਚਨ ਕਰਦਾ ਹੈ। ਪ੍ਰਤੀਕ ਮਨੁੱਖ ਦੇ ਸੰਕਲਪਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਨ। ਇਸ ਪ੍ਰਕਾਰ ਸਮੂਹਿਕ ਸੰਕਲਪਾਂ ਨੂੰ ਲੈ ਕੇ ਲਿਖੀ ਕਵਿਤਾ ਵਧੇਰੇ ਸੰਚਾਰ ਦਾ ਸਾਧਨ ਬਣਦੀ ਹੈ। ਗੁਰਬਾਣੀ ਵਿਚ ਆਮ ਤੌਰ ਤੇ ਸਮਾਜ ਨਾਲ ਸੰਬੰਧਿਤ ਪ੍ਰਤੀਕਾਂ ਨੂੰ ਲਿਆ ਜਾਂਦਾ ਹੈ। ਕਾਵਿ ਦਾ ਤੀਜਾ ਤੱਤ ਅਲੰਕਾਰ ਦੀ ਵਰਤੋਂ ਕਰਨ ਉਸ ਢੰਗ ਨਾਲ ਸੰਬੰਧਿਤ ਹੈ, ਜਿਥੇ ਕਿਸੇ ਵਿਸ਼ੇ ਦੇ ਸੰਕਲਪਾਂ ਨੂੰ ਗੁਣਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।

- _ਾਵਿ ਵਿਚ ਅਲੰਕਾਰ ਦ੍ਰਿਸ਼ ਬਿੰਬਾਂ ਰਾਹੀਂ ਦ੍ਰਿਸ਼ਾਂ ਨੂੰ ਮਨ ਵਿਚ ਉਭਾਰ ਦਿੰਦੇ ਹਨ। ਬਿੰਬ ਅਤੇ ਪ੍ਰਤੀਕ ਇਕ ਦੂਜੇ ਨਾਲ ਜੁੜੇ ਹੋਏ ਹਨ। ਬਿੰਬ ਪ੍ਰਤੱਖ ਰੂਪ ਵਿਚ ਸਾਹਮਣੇ ਆ ਜਾਂਦੇ ਹਨ, ਜਦਕਿ ਪ੍ਰਤੀਕ ਅਰਥਾਂ ਦੇ ਰੂੜ ਹੋ ਜਾਣ ਤੋਂ ਬਾਅਦ ਸਾਹਮਣੇ ਆਉਂਦੇ ਹਨ। ਇਹ ਮਨੁੱਖ ਦੀ ਦਿਬ-ਦ੍ਰਿਸ਼ਟੀ ਦੇ ਵੀ ਸੂਚਕ ਮੰਨੇ ਗਏ ਹਨ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਪ੍ਰਤੀਕ ਮਨੁੱਖ ਦੇ ਅਵਚੇਤਨ ਮਨ ਵਿਚ ਪਹੁੰਚ ਕੇ ਗ੍ਰਹਿਣ ਕੀਤੇ ਜਾਂਦੇ ਹਨ। ਇਸ ਸੰਚਾਰ ਦੇ ਪ੍ਰਭਾਵ ਦੁਆਰਾ ਮਨੁੱਖ ਰਹੱਸਾਤਮਕ ਸ੍ਰਿਸ਼ਟੀ ਦੀਆਂ ਪਰਤਾਂ ਨੂੰ ਜਾਣਨਾ ਚਾਹੁੰਦਾ ਹੈ।

ਇਸ ਅਧਿਆਇ ਦਾ *ਚੌਥਾ ਭਾਗ* ਚਉਪਦੇ ਦੀ *ਕਵੀ ਛਾਪ* ਨਾਲ ਸੰਬੰਧਿਤ ਹੈ। ਇਸ ਭਾਗ ਵਿਚ ਹਰ ਪ੍ਰਕਾਰ ਦੀ ਕਵੀ ਛਾਪ ਜਿਵੇਂ ਨਾਨਕ, ਕਬੀਰ, ਰਵਿਦਾਸ, ਨਾਮਦੇਵ ਆਦਿ ਦੀ ਵਰਤੋਂ ਪ੍ਰਤੀ ਚਰਚਾ ਕੀਤੀ ਗਈ ਹੈ। ਨਾਥਾਂ ਜੋਗੀਆਂ ਦੇ ਸਮੇਂ ਤੋਂ ਪਦਾਂ, ਸਲੋਕਾਂ ਵਿਚ ਕਵੀ ਛਾਪ ਦਰਜ ਹੈ। ਇਸ ਤਰ੍ਹਾਂ ਆਮ ਤੌਰ ਉੱਤੇ ਸਾਰੇ ਸ਼ਬਦਾਂ ਦੀ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦੀ ਕਵੀ ਛਾਪ ਮਿਲਦੀ ਹੈ। ਹਰ ਬਾਣੀਕਾਰ ਦੀ ਰਚਨਾ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪ ਅਤੇ ਮਹਲਾ ੫ ਮਹਲਾ ੯ ਤੱਕ ਆਮ ਤੌਰ ਉੱਤੇ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦਰਜ ਹੈ। ਨਾਨਕ ਸ਼ਬਦ ਇਕ ਜੋਤ ਦੇ ਵੱਖ-ਵੱਖ ਸਰੂਪਾਂ ਦੀ ਏਕਤਾ ਦਾ ਪ੍ਰਮਾਣ ਹੈ।

- (ਾਨਕ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਕਿਸ ਪ੍ਰਕਾਰ ਸ਼ਬਦ ਜੋੜ ਅਨੁਸਾਰ ਕੀਤੀ ਗਈ ਹੈ ਇਸ ਨੂੰ ਤੁਕਾਂ ਦੇ ਅਧਿਐਨ ਅਨੁਸਾਰ ਜਾਣਿਆ ਗਿਆ ਹੈ। ਨਾਨਕ ਸ਼ਬਦ ਦੀ ਵਰਤੋਂ ਚਉਪਦੇ ਵਿਚ ਨਾਨਕ, ਨਾਨਕਿ ਅਤੇ ਨਾਨਕੁ ਸ਼ਬਦ ਜੋੜ ਅਨੁਸਾਰ ਕੀਤੀ ਗਈ ਹੈ। ਚਉਪਦਿਆਂ ਵਿਚ ਨਾਨਕ ਸ਼ਬਦ ਦੀ ਵਰਤੋਂ 1113 ਵਾਰ ਮਿਲਦੀ ਹੈ। ਨਾਨਕਿ ਸ਼ਬਦ 3 ਵਾਰ, ਨਾਨਕੁ ਸ਼ਬਦ 169 ਵਾਰ ਅਤੇ ਨਾਨਕਾ ਸ਼ਬਦ ਦੀ ਵਰਤੋਂ 12 ਵਾਰ ਕੀਤੀ ਗਈ ਹੈ। ਨਾਨਕ ਸ਼ਬਦ ਤੁਕਾਂ ਵਿਚ ਕਰਤਾ ਕਾਰਕ ਅਤੇ ਸੰਬੰਧ ਕਾਰਕ ਅਨੁਸਾਰ ਵਧੇਰੇ ਮਾਤਰਾ ਵਿਚ ਵੇਖਿਆ ਗਿਆ ਹੈ। ਨਾਨਕਾ ਸ਼ਬਦ ਸੰਬੋਧਨ ਕਾਰਕ ਅਨੁਸਾਰ ਹੁੰਦਾ ਹੈ। ਇਸ ਤੋਂ ਇਲਾਵਾ ਨਾਨਕਿ ਅਤੇ ਨਾਨਕੁ ਸ਼ਬਦ ਦੀ ਵਰਤੋਂ ਤੁਕਾਂ ਅਨੁਸਾਰ ਕਰਮ, ਕਰਨ ਅਤੇ ਕਾਰਕ ਅਨੁਸਾਰ

ਕੀਤੀ ਗਈ ਹੈ। ਇਸੇ ਤਰ੍ਹਾਂ ਕਬੀਰ, ਕਬੀਰੈ, ਕਬੀਰੁ ਸ਼ਬਦਾਂ ਨੂੰ ਤੁਕਾਂ ਅਨੁਸਾਰ ਕਰਤਾ, ਕਰਮ, ਸੰਬੰਧ, ਸੰਬੋਧਨ ਕਾਰਕ ਅਨੁਸਾਰ ਵਰਤੋਂ ਵਿਚ ਲਿਆਂਦਾ ਗਿਆ ਹੈ।

ਇਸ ਅਧਿਆਇ ਦੇ *ਪੰਜਵੇਂ ਭਾਗ* ਵਿਚ *ਚਉਪਦੇ ਦੀਸੰਬੋਧਨੀ ਸ਼ੈਲੀ* ਸੰਬੰਧੀ ਵਿਚਾਰ ਕੀਤੀ ਗਈ ਹੈ। ਸੰਬੋਧਨ ਦੇ ਸ਼ਬਦਾਂ ਦੁਆਰਾ ਮਨੁੱਖੀ ਮਨ ਦੀ ਬਿਰਤੀ ਦਾ ਗਿਆਨ ਹੁੰਦਾ ਹੈ। ਇਹਨਾਂ ਸੰਬੋਧਨਾਂ ਵਿਚ ਬੇਨਤੀ, ਹੁਕਮ, ਪ੍ਰੇਮ, ਗੁੱਸੇ ਗਿਲੇ ਦੇ ਮਨੋਭਾਵ ਛੁਪੇ ਹੁੰਦੇ ਹਨ। ਸੰਬੋਧਨੀ ਸ਼ੈਲੀ ਰਾਹੀਂ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਸੰਬੋਧਨ ਦੀ ਵਧੇਰੇ ਵਰਤੋਂ ਰਹਾਉ ਦੀਆਂ ਤੁਕਾਂ ਵਿਚ ਕੀਤੀ ਗਈ ਹੈ। ਇਸ ਤੋਂ ਇਲਾਵਾ ਕੁਝ ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਹਰ ਪਦੇ ਦੀ ਪਹਿਲੀ ਤੁਕ ਵਿਚ ਸੰਬੋਧਨ ਦੀ ਸੁਰ ਉਜਾਗਰ ਹੁੰਦੀ ਹੈ। ਸੰਬੋਧਨ ਦੀ ਵਰਤੋਂ ਦੁਆਰਾ ਸ਼ਬਦ ਦੇ ਸੰਚਾਰ ਰਾਹੀਂ ਯਾਚਨਾ ਦਾ ਸੰਕੇਤ ਮਿਲਦਾ ਹੈ।

- _ਉਪਦੇ ਵਿਚ ਸੰਬੋਧਨਾਂ ਦਾ ਪ੍ਰਯੋਗ ਅਧਿਕਤਰ ਕਾਰਕੀ ਅਤੇ ਪੜਨਾਂਵੀ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਕਾਰਕੀ ਰੂਪ ਵਿਚ ਸੰਬੋਧਨ ਵਾਕ ਦੀ ਬਣਤਰ ਵਿਚ ਛੁਪਿਆ ਹੁੰਦਾ ਹੈ। ਦੂਜੇ ਪੱਖ ਵਿਚ, ਪੜਨਾਂਵੀ ਰੂਪ ਤੂ, ਤੇਰਾ, ਤੁਧ ਆਦਿ ਪ੍ਰਭੂ ਪਰਮਾਤਮਾ ਲਈ ਵਰਤੇ ਗਏ ਹਨ। ਇਹ ਮਧਮ ਪੁਰਖ ਦੀ ਪਹਿਚਾਣ ਕਰਵਾਉਂਦੇ ਹਨ।

*ਛੇਵੇਂ ਭਾਗ* ਵਿਚ *ਚਉਪਦਿਆਂ ਵਿਚ ਵਰਤੇ ਅਖਾਣ, ਮੁਹਾਵਰੇ ਅਤੇ ਬੁਝਾਰਤਾਂ* ਨੂੰ ਪੇਸ਼ ਕੀਤਾ ਹੈ। ਅਖਾਣ ਸਮਾਜ ਵਿਚ ਇਕ ਦੂਜੇ ਨੂੰ ਵਿਅੰਗ, ਮਸ਼ਕਰੀ ਅਤੇ ਪ੍ਰਤੱਖ ਪ੍ਰਮਾਣ ਦੇਣ ਲਈ ਵਰਤੇ ਜਾਂਦੇ ਹਨ। ਮੁਹਾਵਰੇ ਵਿਹਾਰਕ ਰੂਪ ਦੇਣ ਵਾਲੇ ਵਾਕ ਲਈ ਅਰਥਾਂ ਦੇ ਸਮੂਹ ਦੁਆਰਾ ਹੋਂਦ ਵਿਚ ਆਉਂਦੇ ਹਨ। ਇਸੇ ਤਰ੍ਹਾਂ ਬੁਝਾਰਤ ਸੰਕੇਤਕ ਸ਼ਬਦਾਵਲੀ ਰਾਹੀਂ ਮੂਲ ਤਕ ਪਹੁੰਚਣ ਦਾ ਕਾਰਜ ਕਰਦੀ ਹੈ।

- _ਉਪਦਾ ਰੂਪ ਵਿਚ ਅਖਾਣਾਂ ਦੀ ਵਰਤੋਂ ਚਾਰ ਪ੍ਰਕਾਰ ਨਾਲ ਵੇਖੀ ਗਈ ਹੈ। ਕੁਝ ਅਖਾਣਾਂ ਵਿਚ ਵਾਕ ਦੀ ਬਣਤਰ ਸਿੱਧੇ ਢੰਗ ਨਾਲ ਦਰਸਾਈ ਹੁੰਦੀ ਹੈ। ਕੁਝ ਅਖਾਣ ਸਥਿਤੀ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੇ ਹਨ। ਇਹਨਾਂ ਅਖਾਣਾਂ ਵਿਚ ਵਾਕ ਦੀ ਬਣਤਰ ਕੁਝ ਛੁਪੇ ਅਰਥਾਂ ਵਿਚ ਹੁੰਦੀ ਹੈ। ਇਸ ਤੋਂ ਇਲਾਵਾ ਕੁਝ ਅਖਾਣ ਵਿਰੋਧੀ ਅਰਥਾਂ ਨੂੰ ਪੇਸ਼ ਕਰਦੇ ਹਨ। ਮੁਹਾਵਰੇ ਮਨੁੱਖੀ ਮਨ ਦੀ ਅਭਿਵਿਅਕਤੀ ਹੁੰਦੇ ਹਨ। ਬੁਝਾਰਤ ਵਿਚ ਵਰਤੇ ਗਏ ਬਿੰਬ ਅਤੇ ਪ੍ਰਤੀਕ, ਸੰਕੇਤਾਂ ਰਾਹੀਂ ਗਿਆਨ ਦੀ ਪ੍ਰਾਪਤੀ ਦਾ ਸਾਧਨ ਬਣਦੇ ਹਨ।

*ਸਤਵੇਂ ਭਾਗ* ਵਿਚ *ਚਉਪਦੇ ਦੀ ਭਾਸ਼ਾ* ਸੰਬੰਧੀ ਵਿਚਾਰ ਕੀਤੀ ਗਈ ਹੈ। ਉਸ ਸਮੇਂ ਭਾਸ਼ਾ ਨੂੰ ਟਕਸਾਲੀ ਬਣਾਉਣਾ ਉਦੇਸ਼ ਨਾ ਹੋ ਕੇ, ਭਾਸ਼ਾ ਨੂੰ ਸੰਦੇਸ਼ ਵਾਹਕ ਤੌਰ `ਤੇ ਲਿਆ ਗਿਆ ਹੈ। ਇਸ ਲਈ ਗੁਰਬਾਣੀ ਦੀ ਭਾਸ਼ਾ ਵਿਚ ਵਿਆਕਰਨ ਦੇ ਰੂਪਾਂ (ਕਾਰਕ, ਸੰਬੰਧਕ, ਯੋਜਕ, ਕਿਰਿਆ) ਵਿਚ ਪੁਰਾਤਨ ਅਤੇ ਨਵੀਨ ਭਾਸ਼ਾ ਦਾ ਮਿਸ਼ਰਨ ਮਿਲਦਾ ਹੈ। ਇਸ ਤੋਂ ਇਲਾਵਾ ਵਿਆਕਰਨ ਦੇ ਇਹਨਾਂ ਰੂਪਾਂ ਦੇ ਪਰਿਵਰਤਨ ਨੂੰ ਵੇਖਿਆ ਗਿਆ ਹੈ।

ਖੋਜ ਪ੍ਰਬੰਧ ਦਾ *ਪੰਜਵਾਂ ਅਧਿਆਇਚਉਪਦੇ ਦੇ ਸੰਪਾਦਨਾ-ਸਿਧਾਂਤ* ਨਾਲ ਸੰਬੰਧਿਤ ਹੈ। ਇਸਦੇ ਕੁਲ ਪੰਜ ਭਾਗ ਹਨ। *ਪਹਿਲੇ ਭਾਗ* ਵ ਿਚ *'ਮੂਲ-ਮੰਤਰ ਪ੍ਰਬੰਧ'* ਦੀ ਚਉਪਦਿਆਂ ਦੇ ਸਿਰਲੇਖ ਵਿਚ ਕੀਤੀ ਵਰਤੋਂ ਨੂੰ ਪੇਸ਼ ਕੀਤਾ ਹੈ।

- ੪ ਂਪਾਦਨਾ ਦੀ ਦ੍ਰਿਸ਼ਟੀ ਤੋਂ ਚਉਪਦਾ ਦਰਜ ਕਰਨ ਵੇਲੇ ਮੁਖ ਸਿਰਲੇਖ ਵਿਚ ਮੂਲ-ਮੰਤਰ ਦਾ ਕੋਈ ਇਕ ਰੂਪ ਸ਼ਾਮਲ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ-ਮੰਤਰ ਦੇ ਚਾਰ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਚਉਪਦਿਆਂ ਵਿਚ ਮੂਲ-ਮੰਤਰ ਦੇ ਰੂਪਾਂ ਦੀ ਗਿਣਤੀ ਅਤੇ ਵਰਤੋਂ ਗਿਣਤੀ ਕਿੰਨੀ ਹੈ ਇਸ ਦਾ ਅਧਿਐਨ ਵੀ ਕੀਤਾ ਗਿਆ ਹੈ।

*ਦੂਜੇ ਭਾਗ* ਵ ਿਚ *ਰਾਗ ਪ੍ਰਬੰਧ* ਦੀ ਤਰਤੀਬ ਨੂੰ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ। ਹਰ ਰਾਗ ਵਿਚ ਤਰਤੀਬ ਅਨੁਸਾਰ ਪਹਿਲਾ ਚਉਪਦੇ, ਅਸ਼ਟਪਦੀਆਂ, ਹੋਰ ਬਾਣੀਆਂ, ਛੰਤ ਬਾਣੀ, ਵਾਰਾਂ ਅਤੇ ਫਿਰ ਭਗਤ ਬਾਣੀ ਦਰਜ ਹੈ।

- ੧ਰ ਰਾਗ ਦੇ ਸਿਰਲੇਖ ਵਿਚ ਬਾਣੀਕਾਰ ਤੋਂ ਬਾਅਦ ਘਰੁ ਦਾ ਸਿਰਲੇਖ ਦਿੱਤਾ ਗਿਆ ਹੈ ਜਿਸ ਨਾਲ ਹਰ ਬਾਣੀਕਾਰ ਦੁਆਰਾ ਘਰੁ ਅਨੁਸਾਰ ਗਾਇਨ ਦੀ ਜਾਣਕਾਰੀ ਮਿਲਦੀ ਹੈ। ਕੁਝ ਰਾਗਾਂ ਦੇ ਸਿਰਲੇਖ ਵਿਚ ਇਕਪਦੇ, ਦੁਪਦੇ, ਤਿਪਦੇ, ਚਉਪਦੇ ਸਿਰਲੇਖ ਵਿਚ ਸ਼ਾਮਲ ਹੈ। ਇਸ ਪ੍ਰਕਾਰ ਹਰ ਰਾਗ ਦੇ ਸਿਰਲੇਖ ਬਾਣੀਕਾਰ ਦੁਆਰਾ ਕਿਹੜੇ ਰਾਗ ਵਿਚ ਕਿੰਨੀ ਬਾਣੀ ਦਰਜ ਹੈ। ਇਸ ਸੰਬੰਧੀ ਜਾਣਕਾਰੀ ਮਿਲਦੀ ਹੈ।

*ਤੀਜੇ ਭਾਗ* ਵਿਚ *ਬਾਣੀਕਾਰ ਪ੍ਰਬੰਧ* ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ *ਮਹਲਾ ਪ੍ਰਬੰਧ* ਅਤੇ *ਭਗਤ ਪ੍ਰਬੰਧ* ਬਾਰੇ ਵਿਸਤਾਰ ਸਹਿਤ ਵਿਚਾਰ ਪੇਸ਼ ਕੀਤੇ ਗਏ ਹਨ।

*ਬਾਣੀਕਾਰ ਪ੍ਰਬੰਧ* ਅਜਿਹੀ ਤਰਤੀਬ ਹੈ, ਜਿਸ ਰਾਹੀਂ ਹਰ ਬਾਣੀਕਾਰ ਦੀ ਵਰਤੋਂ ਵਿਚ ਆਈ ਬਾਣੀ ਜੁਗਤ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਬਾਣੀਕਾਰ ਪ੍ਰਬੰਧ ਨੂੰ ਵਿਸਥਾਰ ਸਹਿਤ ਘੋਖਣ ਲਈ ਹਰ ਰਾਗ `ਚ ਚਉਪਦਿਆਂ ਦੇ ਮਹਲਾ ਪ੍ਰਬੰਧ ਅਨੁਸਾਰ ਰਾਗ, ਘਰੁ, ਤੁਕਾਂ, ਬਾਣੀਕਾਰ, ਸਿਰਲੇਖ ਆਦਿ ਦੀ ਜਾਣਕਾਰੀ ਦਿੱਤੀ ਗਈ ਹੈ।

*ਚੌਥੇ ਭਾਗ* ਵਿਚ *ਘਰੁ ਪ੍ਰਬੰਧ* ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਦਾ ਸਰਵੇਖਣ ਕੀਤਾ ਗਿਆ ਹੈ ਕਿ ਹਰ ਘਰੁ ਦੀ ਵਰਤੋਂ ਚਉਪਦਿਆਂ ਵਿਚ ਕਿੰਨੀ ਵਾਰ ਕੀਤੀ ਗਈ ਹੈ।

- ੧ਰ ਰਾਗ ਦੇ ਚਉਪਦਿਆਂ ਦੀ ਸਾਰਨੀ ਬਾਣੀਕਾਰ ਅਤੇ ਘਰੁ ਪ੍ਰਬੰਧ ਅਨੁਸਾਰ ਬਣਾਈ ਗਈ ਹੈ। ਇਸ ਪ੍ਰਕਾਰ ਚਉਪਦਿਆਂ ਵਿਚ ਘਰੁ ਪ੍ਰਬੰਧ ਦੀ ਵਰਤੋਂ ਗੁਰੂ ਕਵੀਆਂ ਅਤੇ ਭਗਤ ਕਵੀਆਂ ਦੁਆਰਾ 266 ਵਾਰ ਕੀਤੀ ਗਈ ਹੈ। ਚਉਪਦਿਆਂ ਵਿਚ ਸਤਾਰਾਂ ਘਰਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਵਧ ਘਰੁ ੧ ਦੀ ਵਰਤੋਂ ੮੫ ਵਾਰ ਅਤੇ ਸਭ ਤੋਂ ਘਟ ਘਰੁ ੧੭ ਦੀ ਵਰਤੋਂ ਇਕ ਵਾਰ ਕੀਤੀ ਗਈ ਹੈ। ਬਾਣੀਕਾਰਾਂ ਵਿਚੋਂ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵਧੇਰੇ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਹੈ। ਉਹਨਾਂ ਨੇ ਚਉਪਦਿਆਂ ਵਿਚ 129 ਵਾਰ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਹੈ।

ਇਸ ਅਧਿਆਇ ਦਾ *ਪੰਜਵਾਂ ਭਾਗਅੰਕਣ ਪ੍ਰਬੰਧ* ਨਾਲ ਸੰਬੰਧਿਤ ਹੈ। ਅੰਕਣ ਪ੍ਰਬੰਧ ਨੂੰ ਵੇਖ ਕੇ ਚਉਪਦਿਆਂ ਦੀ ਅਸਲ ਗਿਣਤੀ ਦਾ ਪਤਾ ਲਗਦਾ ਹੈ। ਇਸ ਭਾਗ ਵਿਚ ਅੰਕਣ ਪ੍ਰਬੰਧ ਨੂੰ ਸਾਰਨੀ ਦੁਆਰਾ ਜਾਂਚਿਆ ਗਿਆ ਹੈ। ਇਸ ਸਾਰਨੀ ਵਿਚ ਇਕ ਪਦਾ, ਦੁਪਦਾ, ਤਿਪਦਾ, ਚਉਪਦਾ ਦੀ ਵੱਖਰੀ ਗਿਣਤੀ ਕੀਤੀ ਗਈ ਹੈ।

- _ਉਪਦਿਆਂ ਦੇ ਅੰਕਣ ਪ੍ਰਬੰਧ ਦਾ ਸਰਵੇਖਣ ਕਰਨ ਤੇ ਵੱਖ-ਵੱਖ ਅੰਕੜੇ ਪ੍ਰਾਪਤ ਹੋਏ ਹਨ। ਰਤਨ ਸਿੰਘ ਜੱਗੀ ਦੁਆਰਾ ਚਉਪਦਿਆਂ ਦੀ ਗਿਣਤੀ 2187 ਦੇ ਲਗਭਗ ਅੰਕਿਤ ਕੀਤੀ ਗਈ ਹੈ। ਚਰਨ ਸਿੰਘ ਅਨੁਸਾਰ 1378 ਚਉਪਦੇ ਹਨ। ਜੋਗਿੰਦਰ ਸਿੰਘ ਤਲਵਾੜਾ ਅਨੁਸਾਰ 1365 ਚਉਪਦੇ ਅੰਕਿਤ ਕੀਤੇ ਗਏ ਹਨ। ਰਤਨ ਸਿੰਘ ਜੱਗੀ ਦੁਆਰਾ ਇਕ ਪਦਾ, ਦੁਪਦਾ, ਤਿਪਦਾ, ਚਉਪਦਾ ਨੂੰ ਮਿਲਾ ਕੇ ਚਉਪਦਿਆਂ ਦੀ ਗਿਣਤੀ ਦੱਸੀ ਗਈ ਹੈ। ਚਰਨ ਸਿੰਿਘ ਅਤੇ ਜੋਗਿੰਦਰ ਸਿੰਘ ਤਲਵਾੜਾ ਅਨੁਸਾਰ ਕੇਵਲ ਚਉਪਦਿਆਂ ਦੀ ਗਿਣਤੀ ਪੇਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਅਨੁਸਾਰ ਚਉਪਦਿਆਂ ਦੀ ਗਿਣਤੀ 1395 ਪ੍ਰਾਪਤ ਹੋਈ ਹੈ। ਇਸ ਅੰਕਣ ਪ੍ਰਬੰਧ ਦੀ ਜਾਣਕਾਰੀ ਨੂੰ ਸਾਰਨੀ ਦੁਆਰਾ ਵਿਖਾਇਆ ਗਿਆ ਹੈ। ਇਹ ਸਾਰਨੀ ਅਧਿਆਇ ਵਿਚ ਦਰਜ ਹੈ।

*ਛੇਵਾਂ* ਜਾਂ *ਅੰਤਿਮ ਅਧਿਆਇਚਉਪਦੇ ਦੀ ਵਿਲੱਖਣਤਾ* ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਚਉਪਦੇ ਦੀ ਦੂਜੇ ਬਾਣੀ-ਰੂਪਾਂ ਨਾਲੋਂ ਵਿਲੱਖਣਤਾ ਬਾਰੇ ਦੱਸਿਆ ਗਿਆ ਹੈ।

- _ਉਪਦੇ ਦਾ ਮੁਖ ਲੱਛਣ ਚਾਰ ਪਦੇ ਹਨ। ਚਉਪਦੇ ਦੀ ਵਿਲੱਖਣਤਾ ਦਾ ਕਾਰਨ ਰਹਾਉ ਦੀ ਤੁਕਾਂ ਵੀ ਹਨ। ਇਹ ਤੁਕਾਂ ਸ਼ਬਦ ਦੇ ਮੂਲ ਭਾਵ ਵਿਚ ਸਹਾਈ ਹੁੰਦੀਆਂ ਹਨ। ਇਸ ਤੋਂ ਇਲਾਵਾ ਰਾਗ, ਘਰੁ ਪ੍ਰਬੰਧ, ਸੰਗੀਤ ਦੇ ਪੱਖ ਅਤੇ ਛੰਦ ਵਿਧਾਨ ਅਨੁਸਾਰ ਚਉਪਦੇ ਦਾ ਮੁਹਾਂਦਰਾ ਨਿੱਖੜ ਕੇ ਸਾਹਮਣੇ ਆਉਂਦਾ ਹੈ।

ਇਸ ਅਧਿਆਇ ਦੇ *ਪਹਿਲੇ ਭਾਗ* ਵਿਚ *ਲੋਕਪ੍ਰਿਯ ਚਉਪਦੇ*ਦਰਜ ਹਨ। ਇਥੇ ਉਹਨਾਂ ਲੋਕਪ੍ਰਿਯ ਚਉਪਦਿਆਂ ਦਾ ਸਰਵੇਖਣ ਕੀਤਾ ਗਿਆ ਹੈ ਜੋ ਪਾਠਕਾਂ ਦੀ ਯਾਦ ਸ਼ਕਤੀ ਦਾ ਹਿੱਸਾ ਬਣੇ ਹਨ ਅਤੇ ਇਹਨਾਂ ਸ਼ਬਦਾਂ ਦਾ ਕੀਰਤਨ ਵਧੇਰੇ ਕੀਤਾ ਜਾਂਦਾ ਹੈ।

- 8ਰਵੇਖਣ ਅਨੁਸਾਰ 62 ਲੋਕਪ੍ਰਿਯ ਚਉਪਦਿਆਂ ਵਿਚੋਂ 37 ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਰਹਾਉ ਦੀਆਂ ਤੁਕਾਂ ਨੂੰ ਦੁਹਰਾਉ ਦੀ ਤੁਕ ਵਜੋਂ ਲਿਆ ਗਿਆ ਹੈ। ਇਸ ਤੋਂ ਇਲਾਵਾ 25 ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਮੂਲ ਭਾਵ ਸ਼ਬਦ ਦੀ ਕਿਸੇ ਹੋਰ ਤੁਕ ਦੁਆਰਾ ਪੇਸ਼ ਹੋ ਰਿਹਾ ਹੈ। ਇਥੇ ਸੰਕੇਤ ਮਿਲਦਾ ਕਿ ਬਾਣੀ-ਰੂਪ ਚਉਪਦਿਆਂ ਵਿਚ 45% ਮੂਲ ਭਾਵ ਸ਼ਬਦ ਦੀ ਕਿਸੇ ਵੀ ਤੁਕ ਵਿਚੋਂ ਲਿਆ ਜਾ ਸਕਦਾ ਹੈ। ਗੁਰਬਾਣੀ ਦੀ ਜੁਗਤ ਅਨੁਸਾਰ ਰਹਾਉ ਨੂੰ ਹੀ ਮੂਲ ਭਾਵ ਅਨੁਸਾਰ ਲਿਆ ਜਾਂਦਾ ਹੈ। ਇਹ ਸੰਕਲਪ ਰਾਗੀ ਸਿੰਘਾਂ ਲਈ ਚਿੰਤਨ ਦਾ ਵਿਸ਼ਾ ਹੈ।

ਇਸ ਅਧਿਆਇ ਦੇ *ਦੂਜੇ ਭਾਗ* ਵਿਚ *ਸਿੱਖ ਸਮਾਜ ਦੀਆਂ ਰੀਤਾਂ ਰਸਮਾਂ ਲਈ ਨਿਰਧਾਰਿਤ ਚਉਪਦੇ* ਦਰਜ ਹਨ। ਇਸ ਭਾਗ ਵਿਚ ਗੁਰਬਾਣੀ ਮਨੁੱਖੀ ਜੀਵਨ ਦਾ ਹਿੱਸਾ ਵਿਅਕਤੀਗਤ ਅਤੇ ਸਭਿਆਚਾਰਕ ਰੂਪ ਅਨੁਸਾਰ ਬਣਦੀ ਹੈ। ਇਸ ਤੋਂ ਇਲਾਵਾ ਜਨਮ, ਵਿਆਹ, ਮੌਤ ਨਾਲ ਸੰਬੰਧਿਤ ਚਉਪਦੇ ਮਨੁੱਖੀ ਮਨ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ।

- 5?ਅਕਤੀਗਤ ਰੂਪ ਵਿਚ ਮਨੁੱਖ ਗਿਆਨ ਪ੍ਰਾਪਤ ਕਰਕੇ ਆਤਮਾ ਦੇ ਅਸਲ ਸੱਚ ਨੂੰ ਜਾਣਨਾ ਚਾਹੁੰਦਾ ਹੈ। ਇਸ ਤਰ੍ਹਾਂ ਗੁਰਬਾਣੀ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਪਰਿਵਰਤਨ ਕਰਦੀ ਹੈ। ਸਮਾਜ ਨੂੰ ਮਰਯਾਦਾ ਵਿਚ ਬੰਨ੍ਹਣ ਲਈ ਸਭਿਆਚਾਰ ਸਹਾਈ ਹੁੰਦਾ ਹੈ। ਇਸ ਨਾਲ ਸਮਾਜਿਕ ਜੀਵਨ ਸਕਾਰਾਤਮਕ ਵਿਚਾਰਾਂ ਦਾ ਧਾਰਨੀ ਬਣਦਾ ਹੈ। ਇਹਨਾਂ ਸਿਧਾਤਾਂ ਦੀ ਸਾਰਥਕਤਾ ਤੱਕ ਪਹੁੰਚਣ ਵਾਸਤੇ ਲੋਕ ਕਾਵਿ-ਰੂਪਾਂ ਨੂੰ ਆਧਾਰ ਬਣਾ ਕੇ ਗੁਰਬਾਣੀ ਸਿਰਜੀ ਗਈ ਹੈ।

ਰੰਧਾਵਾ, ਮਹਿੰਦਰ ਸਿੰਘ : ਪੰਜਾਬ ਦੇ ਲੋਕਗੀਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955.

ਰਾਏ ਖੁਸ਼ਹਾਲ : ਬਿਸ਼ਨਪਦੇ, ਭਾਸ਼ਾ ਵਿਭਾਗ, ਪੰਜਾਬ, 1959.

ਰਾਮ ਸਿੰਘ : ਸਿੱਖ ਧਰਮ ਵਿਚ ਬ੍ਰਹਮ ਦਾ ਸੰਕਲਪ, (ਸੰਪਾ.) ਪ੍ਰੀਤਮ ਸਿੰਘ, ਸਿੱਖ ਫ਼ਲਸਫ਼ੇ ਦੀ ਰੂਪ-ਰੇਖਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975.

ਲਾਲ ਸਿੰਘ : ਅੰਗਰੇਜੀ-ਪੰਜਾਬੀ ਤਕਨੀਕੀ ਸ਼ਬਦਾਵਲੀ ਭੂਗੋਲ, ਪੰਜਾਬ ਸਟੇਟ ਯੂਨੀਵਰਸਿਟੀ, ਚੰਡੀਗੜ੍ਹ, 1973.

ਲੂਨਾਚਾਰਸਕੀ ਅਨਾਤੋਲੀ : ਸਾਹਿਤ ਅਤੇ ਕਲਾ, (ਅਨੁ.) ਕਰਨਜੀਤ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ, 1977.

ਵਜ਼ੀਰ ਸਿੰਘ : ਸਿੱਖ ਦਰਸ਼ਨ ਧਾਰਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਉਹੀ : ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਵਿਕਰਮ ਸਿੰਘ : ਗੁਰਬਾਣੀ ਵਿਚ ਘਰੁ ਪ੍ਰਬੰਧ, (ਸੰਪਾ.) ਸੁਖਵੰਤ ਸਿੰਘ, ਗੁਰਮਤਿ ਸੰਗੀਤ ਆਧੁਨਿਕ ਪਰਿਪੇਖ, ਸ਼ਬਦਨਾਦ, ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ ਅਤੇ ਸੁਰ ਅਭਿਆਸ ਕੇਂਦਰ, ਜੰਡਿਆਲਾ ਗੁਰੂ, ਅੰਮ੍ਰਿਤਸਰ

ਸਾਹਿਬ, 2016.

ਵਿਦਿਆਰਥੀ, ਦਵਿੰਦਰ ਸਿੰਘ : ਕੀਰਤਨ ਸੰਦਰਭ ਅਤੇ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਵੀਨੂ, ਜਸਵਿੰਦਰ ਕੌਰ : ਹਿੰਦੂ ਧਰਮ ਵਿਚ ਜਾਤ ਪਾਤ ਅਤੇ ਵਰਣ ਵਿਵਸਥਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2002.

## ਹਿੰਦੀ ਪੁਸਤਕ ਸੂਚੀ

ਅਚਾਰਯ ਰਾਮ ਕ੍ਰਿਸ਼ਨ : ਰਿਕਤ ਸੁਕਤ ਸਮੁਚਯ, ਵਿਨੋਦ ਪੁਸਤਕ ਮੰਦਿਰ, ਆਗਰਾ, 1986.

ਸ਼ਰਮਾ, ਕ੍ਰਿਸ਼ਨ ਦੇਵ : ਵਿਦਿਆਪਤੀ ਔਰ ਉਨਕੀ ਪਦਾਵਲੀ. ਅਸ਼ੋਕ ਪ੍ਰਕਾਸ਼ਨ, ਦਿੱਲੀ, 1968.

ਸ਼ਰਮਾ, ਮਨੋਹਰ : ਲੋਕ ਸਾਹਿਤਯ ਕੀ ਸਾਂਸਕ੍ਰਿਤਿਕ ਪਰੰਪਰਾ, ਸੁਸ਼ੀਲ ਬੋਹਰਾ, ਜੈਪੁਰ, 1971.

ਸ਼ਰਮਾ, ਸਰਨਾਮ ਸਿੰਘ : ਕਬੀਰ ਵਾਣੀ, ਪ੍ਰਸ਼ਾਦ ਬੁੱਕ ਟਰੱਸਟ, ਆਗਰਾ, 1982.

ਸ਼ਾਸਤਰੀ, ਸ਼੍ਰੀ ਚਾਰੂਚੰਦ : ਲੌਕਿਕ ਸੰਸਕ੍ਰਿਤ ਸਾਹਿਤਯ, ਚੌਖੰਬਾ ਵਿਦਿਆ ਭਵਨ, ਵਾਰਾਣਸੀ, 1964.

ਸ਼ਾਸਤਰੀ, ਨੇਮੀ ਚੰਦਰ : ਪ੍ਰਾਕ੍ਰਿਤ ਭਾਸ਼ਾ ਔਰ ਸਾਹਿਤਯ ਕਾ ਆਲੋਚਨਾਤਮਕ ਇਤਿਹਾਸ, ਤਾਰਾ ਪਬਲੀਕੇਸ਼ਨ, ਵਾਰਾਣਸੀ, 1966.

ਸ਼ਾਸਤਰੀ, ਰਾਮ ਚੰਦਰ ਵਰਮਾ : ਭਾਰਤੀਯ ਕਾਵਯ ਸ਼ਾਸਤਰ, ਕਲਾ ਮੰਦਿਰ, ਦਿੱਲੀ, 1974.

ਸ਼ਾਸਤਰੀ, ਵੇਦ ਪ੍ਰਕਾਸ਼ : ਸ੍ਰੀ ਮਦਭਾਗਵਤ ਕਾ ਸੂਰਦਾਸ ਪਰ ਪ੍ਰਭਾਵ, ਸਨਮਾਰਗ ਪ੍ਰਕਾਸ਼ਨ, ਦਿੱਲੀ,

1979.

ਸ਼ੁਕਲ, ਆਚਾਰਯ ਰਾਮਚੰਦ੍ਰ : ਰਸ ਮੀਮਾਂਸਾ, (ਸੰਪਾ.) ਵਿਸ਼ਵਨਾਥ ਪ੍ਰਸ਼ਾਦ ਮਿਸ਼ਰ, ਕਾਸ਼ੀ ਨਗਰੀ ਪ੍ਰਚਾਰਣੀ ਸਭਾ, 2006 ਵਿਕਰਮੀ.

ਸੇਨ, ਅਰੁਣ ਕੁਮਾਰ : ਭਾਰਤੀਯ ਤਾਲੋਂ ਕਾ ਸ਼ਾਸਤਰੀਯ ਵਿਵੇਚਨ, ਮਧਯ ਪ੍ਰਦੇਸ਼, ਹਿੰਦੀ ਗ੍ਰਥ ਅਕਾਦਮੀ, ਭੋਪਾਲ, 1973.

ਸ੍ਰੀਮਦ ਬਾਲਮੀਕੀ : ਰਾਮਾਨਯਣਮ, ਗੀਤਾ ਪ੍ਰੈਸ, ਗੋਰਖਪੁਰ, ਸੰ. 206.

ਕੀਥ, ਏ. ਬੀ. : ਸੰਸਕ੍ਰਿਤ ਸਾਹਿਤਯ ਕਾ ਇਤਿਹਾਸ, (ਅਨੁ.) ਮੰਗਲ ਦੇਵ ਸ਼ਾਸਤਰੀ, ਮੋਤੀ ਲਾਲ ਬਨਾਰਸੀ ਦਾਸ, ਜਵਾਹਰ ਨਗਰ, ਦਿੱਲੀ, 1967.

ਕੁਲਦੀਪ : ਲੋਕਗੀਤੋਂ ਕਾ ਵਿਕਾਸਾਤਮਕ ਅਧਿਐਨ, ਪ੍ਰਗਤੀ ਪ੍ਰਕਾਸ਼ਨ, ਆਗਰਾ, 1972.

ਕੋਛੜ, ਹਰਿਵੰਸ਼ : ਅਪਭ੍ਰੰਸ਼ ਸਾਹਿਤਯ, ਭਾਰਤੀ ਸਾਹਿਤਯ ਮੰਦਿਰ, ਦਿੱਲੀ, 2013.

ਗੁਪਤਾ, ਸ਼ੀਲਵਤੀ : ਤੁਲਸੀ ਸਾਹਿਤਯ ਮੇ ਰਾਜਨੀਤਿਕ ਵਿਚਾਰ, ਸਾਹਿਤਯ ਪ੍ਰਕਾਸ਼ਨ, ਦਿੱਲੀ, 1977.

ਚਤੁਰਵੇਦੀ, ਆਚਾਰਯ ਪਰਸ਼ੁਰਾਮ : ਮੀਰਾਬਾਈ ਕੀ ਪਦਾਵਲੀ, ਹਿੰਦੀ-ਸਾਹਿਤਯ ਸੰਮੇਲਨ, ਪ੍ਰਯਾਗ, ਮਿਤੀ ਨਹੀ.

ਚੌਬੇ, ਤ੍ਰਿਭਵਣ : ਤੁਲਸੀਦਾਸ ਰਾਜਨੀਤੀ ਵਿਗਿਆਨ ਕੇ ਪਰਿਪੇਕਸ਼ਯ ਮੇਂ, (ਸੰਪਾ.) ਜਗਦੀਸ਼ ਪਾਂਡੇਯ, ਰਮਾ ਪ੍ਰਕਾਸ਼ਨ, ਦੇਹਰਾਦੂਨ, 1978.

ਜੈਨ, ਜਗਦੀਸ਼ ਚੰਦਰ : ਪ੍ਰਾਕ੍ਰਿਤ ਸਾਹਿਤਯ ਕਾ ਇਤਿਹਾਸ, ਚੌਖੰਬਾ ਵਿਦਿਆ ਭਵਨ, ਵਾਰਾਣਸੀ, 1961.

ਝਾਰੀ, ਕ੍ਰਿਸ਼ਨ ਦੇਵ : ਭਾਰਤੀਯ ਕਾਵਯ ਸ਼ਾਸਤਰ ਕੇ ਸਿਧਾਂਤ, ਸ਼ਾਰਦਾ ਪ੍ਰਕਾਸ਼ਨ, ਨਵੀਂ ਦਿੱਲੀ, 1980.

ਠਾਕੁਰਦਾਸ, ਮਾਣਿਕਾਬੁਆ : ਰਾਗ ਦਰਸ਼ਨ (ਭਾਗ - I, II), ਕ੍ਰਿਸ਼ਨ ਬ੍ਰਦਰਜ਼, ਅਜਮੇਰ, 1988.

ਤੋਮਰ, ਰਾਮ ਸਿੰਘ : ਪ੍ਰਾਕ੍ਰਿਤਕ ਔਰ ਅਪਭ੍ਰੰਸ਼ ਸਾਹਿਤਯ ਤਥਾ ਉਨਕਾ ਹਿੰਦੀ ਸਾਹਿਤਯ ਪਰ ਪ੍ਰਭਾਵ, ਹਿੰਦੀ ਪਰਿਸ਼ਦ ਪ੍ਰਕਾਸ਼ਨ, ਪ੍ਰਯਾਗ ਵਿਦਿਆਲਯ, 1964.

ਤ੍ਰਿਵੇਦੀ, ਕਪਿਲ ਦੇਵ : ਅਭਿਗਯਾਨ ਸ਼ਕੁੰਤਲਮ, ਰਾਮ ਨਾਰਾਇਣ ਲਾਲ, ਵਿਜਯ ਕੁਮਾਰ, ਇਲਾਹਬਾਦ, 2004.

ਪ੍ਰਸ਼ਾਦ, ਸ਼ਿਵਨੰਦਨ : ਮਾਤ੍ਰਿਕ ਛੰਦੋਂ ਕਾ ਵਿਕਾਸ, ਬਿਹਾਰ ਰਾਸ਼ਟਰ ਪਰਿਸ਼ਦ, ਪਟਨਾ, 2000.

ਬੈਨਰਜੀ, ਗੀਤਾ : ਰਾਗੁ ਮਲਹਾਰ ਦਰਸ਼ਨ, ਪ੍ਰਤਿਭਾ ਪ੍ਰਕਾਸ਼ਨ, ਦਿੱਲੀ, 1999.

ਭਾਤਖੰਡੇ, ਵਿਸ਼ਣੂ ਨਾਰਾਇਣ : ਭਾਤਖੰਡੇ, ਸੰਗੀਤ ਸ਼ਾਸਤਰ (ਭਾਗ ਚੌਥਾ), (ਸੰਪਾ.) ਲਕਸ਼ਮੀ ਨਾਰਾਇਣ, ਸ਼ਰਮਾ, ਸੰਗੀਤ ਕਾਰਆਲਯ, 1970.

ਮਿਸ਼ਰ, ਰਾਜ ਪ੍ਰਸ਼ਾਦ : ਵਿਸ਼ਵ ਕਵੀ ਤੁਲਸੀ ਔਰ ਉਨਕੇ ਕਾਵਯ, ਸੂਰਯ ਪ੍ਰਕਾਸ਼ਨ, ਦਿੱਲੀ, 1970.

ਰਾਵ, ਆਦੇਸ਼ਵਰ : ਕਾਵਯ ਬਿੰਬ : ਸਵਰੂਪ ਔਰ ਸੰਰਚਨਾ, ਕਾਲੰਦਰੀ ਕਾਵੇਰੀ, ਪ੍ਰਕਾਸ਼ਨ,

ਇਲਾਹਾਬਾਦ, 1978.

## English


| | | |
|---|---|---|
| C. Shackle | : | An introduction to the sacred language of the sikhs, Heritage publishers, New Delhi, 1983. |
| Gill, Harjeet Singh | : | Linguistic Atlas of Punjab, salient features of the Punjabi language, Punjabi university, Patiala, 1973. |
| | : | Shorter oxford English dictionary on Historical principal (Vol - I, II), oxford university, press, 2002. |


## ਖੋਜ ਪ੍ਰਬੰਧ


| | | |
|---|---|---|
| ਰਮਨਦੀਪ ਕੌਰ | : | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ ਪਦਾ ਕਾਵਿ ਰੂਪਾਂ ਦਾ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010. |


## ਕੋਸ਼


| | | |
|---|---|---|
| ਆਪਟੇ ਵਾਮਨ ਸ਼ਿਵਰਾਮ | : | ਸੰਸਕ੍ਰਿਤ ਹਿੰਦੀ ਕੋਸ਼, ਰਚਨਾ ਪ੍ਰਕਾਸ਼ਨ, ਜੈਪੁਰ, 2004. |
| ਸਰਨਾ, ਜਸਬੀਰ ਸਿੰਘ | : | ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ ਕੋਸ਼, ਲੋਕਗੀਤ ਪ੍ਰਕਾਸ਼ਨ, 2010. |

ਕੋਸ਼ਲਯਾਨ, ਭਦੰਨਤ ਆਨੰਦ : ਪਾਲੀ ਹਿੰਦੀ ਕੋਸ਼, ਰਚਨਾ ਪ੍ਰਕਾਸ਼ਨ, ਜੈਪੁਰ, 2004.

ਕੋਹਲੀ, ਸੁਰਿੰਦਰ ਸਿੰਘ : ਪੰਜਾਬੀ ਸਾਹਿਤ ਕੋਸ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000.

ਗੁਰਨਾਮ ਸਿੰਘ : ਆਦਿ ਗ੍ਰੰਥ ਰਾਗੁ ਕੋਸ਼, ਪਵਿਤਰ ਪ੍ਰਮਾਣਿਕ ਪ੍ਰਕਾਸ਼ਨ, ਪਟਿਆਲਾ, 1984.

ਜੱਗੀ, ਰਤਨ ਸਿੰਘ : ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

ਉਹੀ : ਗੁਰੂ ਗ੍ਰੰਥ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਉਹੀ : ਪੰਜਾਬੀ ਸਾਹਿਤ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਜੋਤਸ਼ੀ, ਪ੍ਰਤਾਪ ਸਿੰਘ : ਆਦਿ ਗੁਰੂ ਗ੍ਰੰਥ ਸਾਹਿਬ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1998.

ਨਰੇਸ਼ ਕੁਮਾਰ : ਅਪਭ੍ਰੰਸ਼ ਹਿੰਦੀ ਕੋਸ਼ (ਭਾਗ ਪਹਿਲਾ), ਇੰਡੋਵਿਜ਼ਨ ਪ੍ਰਾਈਵੇਟ ਲਿਮਿਟਿਡ, ਗਾਜ਼ੀਆਬਾਦ, 1987.

ਨਾਭਾ, ਕਾਨ੍ਹ ਸਿੰਘ : ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2006.

ਪ੍ਰੇਮ ਪ੍ਰਕਾਸ਼ ਸਿੰਘ (ਮੁਖ ਸੰਪਾ.) : ਸੰਸਕ੍ਰਿਤ ਪੰਜਾਬੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਬਦਨ, ਬਲਦੇਵ ਸਿੰਘ : ਨੈਸ਼ਨਲ ਪੰਜਾਬੀ ਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2004.

ਬੇਦੀ, ਸੋਹਿੰਦਰ ਸਿੰਘ ਵਣਜਾਰਾ : ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006.

ਨਰੋਤਮ, ਤਾਰਾ ਸਿੰਘ : ਗੁਰੂ ਗਿਰਾਰਥ ਕੋਸ਼, (ਮੁਖ ਸੰਪਾ.) ਹਰਭਜਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਉਹੀ : ਗੁਰੂ ਗਿਰਾਰਥ ਕੋਸ਼, (ਸੰਪਾ.) ਬਲਵੰਤ ਸਿੰਘ ਕੋਠਾ ਗੁਰੂ, ਰਤਨ ਬਾਗ, ਕਨਖਲ, ਹਰਿਦਵਾਰ, 2012.

ਵਰਮਾ, ਰਾਮ ਚੰਦਰ : ਮਾਨਕ ਹਿੰਦੀ ਕੋਸ਼ (ਭਾਗ ਪਹਿਲਾ), ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, 1962.

ਵੀਰ ਸਿੰਘ : ਸ੍ਰੀ ਗੁਰੂ ਗ੍ਰੰਥ ਕੋਸ਼, ਸਕੱਤ੍ਰ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, 1927.

## ਪਤ੍ਰਿਕਾਵਾਂ

ਗੁਰਦਿੱਤ ਸਿੰਘ : ਨਿਰਬਾਣ ਕੀਰਤਨ ਉਦਯ, ਸਿੰਘ ਸਭਾ ਪਤ੍ਰਿਕਾ, ਜਸਪਾਲ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1978.

ਉਹੀ : ਆਦਿ ਗ੍ਰੰਥ ਵਿਚ ਧੁਨਾਂ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ, ਪੰਜਾਬ, 1954.

ਜਸਵਿੰਦਰ ਸਿੰਘ : ਸੰਰਚਨਾਵਾਦ, ਰਤਨ ਸਿੰਘ ਜੱਗੀ (ਸੰਪਾ.), ਖੋਜ ਪਤ੍ਰਿਕਾ, ਪੰਜਾਬੀ

ਯੂਨੀਵਰਸਿਟੀ, ਪਟਿਆਲਾ, 1988.

ਜੱਗੀ, ਰਤਨ ਸਿੰਘ : ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰਕ ਚੇਤਨਾ, (ਮੁਖ ਸੰਪਾ.) ਧਨਵੰਤ ਕੌਰ, ਸਭਿਆਚਾਰ ਪਤ੍ਰਿਕਾ (ਅੰਕ-2), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਵਿਦਿਆਰਥੀ, ਦਵਿੰਦਰ ਸਿੰਘ : ਗੁਰਮਤਿ ਸੰਗੀਤ ਬਨਾਮ ਸ਼ਾਸਤ੍ਰੀ ਸੰਗੀਤ, ਵਿਸਮਾਦੁ ਨਾਦੁ (ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾ, ਲੁਧਿਆਣਾ, 1992.

## Websites

1. https://www.sikhnet.com/gurbani/artist/bhai-avtar-singh. ਵੇਖਣ ਦੀ ਮਿਤੀ, 14 ਮਈ, 2017.
2. https://www.sikhnet.com/gurbani/artist/bhai-bakshish-singh-patiala. ਵੇਖਣ ਦੀ ਮਿਤੀ, 14 ਮਈ, 2017.
3. https://www.sikhnet.com/gurbani/artist/bhai-balbir-singh. ਵੇਖਣ ਦੀ ਮਿਤੀ, 14 ਮਈ, 2017.
4. https://www.sikhnet.com/gurbani/artist/bhai-dilbagh-singh-gulbagh-singh. ਵੇਖਣ ਦੀ ਮਿਤੀ, 14 ਮਈ, 2017.
5. https://www.sikhnet.com/gurbani/artist/bhai-gurmej-singh-hazoori-ragi. ਵੇਖਣ ਦੀ ਮਿਤੀ, 14 ਮਈ, 2017.
6. https://www.sikhnet.com/gurbani/artist/bhai-nirmal-singh. ਵੇਖਣ ਦੀ ਮਿਤੀ, 14 ਮਈ, 2017.
7. https://www.sikhnet.com/gurbani/artist/bhai-samund-singh-jee. ਵੇਖਣ ਦੀ ਮਿਤੀ, 14 ਮਈ, 2017.

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ
# ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ**
**ਭਾਸ਼ਾ ਫ਼ੈਕਲਟੀ ਅਧੀਨ ਪੀਐੱਚ.ਡੀ (ਪੰਜਾਬੀ)**
**ਦੀ ਡਿਗਰੀ ਲਈ ਪ੍ਰਸਤੁਤ ਖੋਜ-ਪ੍ਰਬੰਧ**
**ਸਾਲ - 2018**


ਨਿਗਰਾਨ :

ਡਾ. ਗੁਰਨਾਇਬ ਸਿੰਘ
ਪ੍ਰੋਫ਼ੈਸਰ,
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ :

ਸਰਵਜੀਤ ਕੌਰ


**ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ ਤੇ ਸਥਾਪਨਾਵਾਂ

ਇਸ ਖੋਜ ਪ੍ਰਬੰਧ ਦਾ ਵਿਸ਼ਾ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ* ਹੈ। ਇਸ ਖੋਜ ਕਾਰਜ ਰਾਹੀਂ ਚਉਪਦਿਆਂ ਦੇ ਰੂਪ ਸੰਬੰਧੀ ਅਧਿਐਨ ਨੂੰ ਹਰ ਪੱਖ ਤੋਂ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਰੂਪ ਅਧਿਐਨ ਰਾਹੀਂ ਚਉਪਦਿਆਂ ਦੀਆਂ ਰੂਪਗਤ ਪਰਤਾਂ, ਵਿਕਾਸ ਕ੍ਰਮ, ਛੰਦ, ਵਿਸ਼ਾ, ਪ੍ਰਤੀਕ, ਅਲੰਕਾਰ, ਗਾਇਨ ਪੱਖ, ਸੰਬੋਧਨ, ਕਵੀ ਛਾਪ ਆਦਿ ਦੀ ਜਾਣਕਾਰੀ ਮਿਲਦੀ ਹੈ। ਚਉਪਦਾ ਕਾਵਿ-ਰੂਪ ਦੇ ਵਿਸ਼ੇ ਮਨੁੱਖੀ ਜੀਵਨ ਨਾਲ ਸੰਬੰਧਿਤ ਹਨ। ਇਸ ਲਈ ਵਿਵਹਾਰਿਕ ਅਧਿਐਨ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਹਨਾਂ ਚਉਪਦਿਆਂ ਦੇ ਰੂਪ ਦੀ ਜਾਣਕਾਰੀ ਗਾਇਨ ਪੱਖ ਦੁਆਰਾ ਵੀ ਪੇਸ਼ ਕੀਤੀ ਗਈ ਹੈ। ਇਸ ਨਾਲ ਰੂਪ ਨੂੰ ਪੂਰੀ ਤਰ੍ਹਾਂ ਨਿਖਾਰਿਆ ਜਾ ਸਕਦਾ ਹੈ। ਇਸ ਖੋਜ ਕਾਰਜ ਲਈ ਵਿਭਿੰਨ ਵਿਧੀਆਂ ਦੀ ਸਹਾਇਤਾ ਵੀ ਲਈ ਗਈ ਹੈ।

ਇਸ ਖੋਜ ਕਾਰਜ ਦੀ ਵੰਡ ਛੇ ਅਧਿਆਵਾਂ ਵਿਚ ਕੀਤੀ ਗਈ ਹੈ। ਪਹਿਲਾ ਅਧਿਆਇ *ਬਾਣੀ-ਰੂਪ ਚਉਪਦੇ ਉਪਰ ਹੋਏ ਖੋਜ ਕਾਰਜ : ਸਰਵੇਖਣ ਤੇ ਮੁਲਾਂਕਣ* ਨਾਲ ਸੰਬੰਧਿਤ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਕੋਸ਼ ਇੰਦਰਾਜ਼ਾਂ ਰਾਹੀਂ ਚਉਪਦੇ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਹਨਾਂ ਕੋਸ਼ਾਂ ਦੇ ਇੰਦਰਾਜ਼ਾਂ ਨੂੰ ਕਾਲ-ਕ੍ਰਮ ਅਨੁਸਾਰ ਪੇਸ਼ ਕੀਤਾ ਹੈ। ਕੋਸ਼ਾਂ ਦੇ ਇੰਦਰਾਜ਼ਾਂ ਵਿਚ ਪਦੇ ਨੂੰ ਪਉੜੀ ਕਿਹਾ ਗਿਆ ਹੈ, ਜਿਵੇਂ - ਚਾਰ-ਚਾਰ ਤੁਕਾਂ ਦੀ ਪੌੜੀ ਕਿਹਾ ਹੈ। ਇਸ ਤੋਂ ਬਾਅਦ ਗ੍ਰੰਥਾਂ ਵਿਚ ਪਦਾ ਸ਼ਬਦ ਦੀ ਵਰਤੋਂ ਹੋਣ ਲੱਗੀ ਸੀ। ਇਸ ਤਰ੍ਹਾਂ ਹਰ ਚਉਪਦੇ ਵਿਚ ਤੁਕਾਂ ਦੀ ਗਿਣਤੀ ਵੱਖਰੀ ਹੁੰਦੀ ਹੈ ਅਤੇ ਪਦੇ ਚਾਰ ਹੁੰਦੇ ਹਨ। ਰਤਨ ਸਿੰਘ ਜੱਗੀ ਨੇ ਚਉਪਦਿਆਂ ਨੂੰ ਛੰਦ ਵਿਧਾਨ ਦਾ ਹਿੱਸਾ ਕਿਹਾ ਹੈ। ਇਨ੍ਹਾਂ ਨੇ ਛੰਦਾਂ ਸੰਬੰਧੀ ਗੰਭੀਰ ਅਧਿਐਨ ਨਹੀਂ ਕੀਤਾ। ਕਾਨ੍ਹ ਸਿੰਘ ਨਾਭਾ ਚਉਪਦਿਆਂ ਦੇ ਰੂਪ ਨੂੰ ਚੌਪਦ ਛੰਦ ਅਨੁਸਾਰ ਦਰਜ ਕਰਦੇ ਹਨ। ਉਹ ਚਉਪਦਿਆਂ ਦੇ ਰੂਪ ਲਈ ਛੰਦਾਂ ਦਾ ਸੰਕੇਤ ਦੇ ਰਹੇ ਹਨ।

*ਦੂਜੇ ਭਾਗਰਾਹੀਂ ਚਉਪਦੇ ਸੰਬੰਧੀ ਪੁਸਤਕਾਂ ਵਿਚ ਹੋਏ ਕਾਰਜ* ਦਾ ਵਿਸ਼ਲੇਸ਼ਣ ਕੀਤਾ ਹੈ। ਚਉਪਦੇ ਸੰਬੰਧੀ ਚਰਨ ਸਿੰਘ, ਤਾਰਨ ਸਿੰਘ, ਕਾਲਾ ਸਿੰਘ ਬੇਦੀ, ਪਿਆਰਾ ਸਿੰਘ ਪਦਮ ਦੁਆਰਾ ਛੰਦਾਂ ਦੀ ਵਰਤੋਂ ਦਾ ਸੰਕੇਤ ਦਿੱਤਾ ਹੈ। ਤਾਰਨ ਸਿੰਘ, ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਛੰਦਾਂ ਨੂੰ ਮਾਤਰਾਂ ਅਨੁਸਾਰ ਲਿਖਦੇ ਹਨ ਅਤੇ ਗਾਇਨ ਪ੍ਰਬੰਧ ਅਨੁਸਾਰ ਲੈਅ ਦਾ ਘਟਣਾ ਵਧਣਾ ਜ਼ਰੂਰੀ ਦਸਦੇ ਹਨ। ਡਾ. ਜਗਬੀਰ ਸਿੰਘ ਦੀ ਪੁਸਤਕ 'ਗੁਰਮਤਿ ਕਾਵਿ ਦਾ ਇਤਿਹਾਸ' ਵਿਚ ਛੰਦ ਵਿਧਾਨ ਉਹਨਾਂ ਦੀ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਨਹੀਂ ਬਣਿਆ ਹੈ। ਪੁਸਤਕਾਂ ਦੇ ਸਰਵੇਖਣ ਤੇ ਵਿਸ਼ਲੇਸ਼ਣ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਕੁਝ ਵਿਦਵਾਨ ਚਉਪਦੇ ਨੂੰ ਚਾਰ ਪਦਾ ਦੀ ਗਿਣਤੀ ਅਨੁਸਾਰ ਮੰਨਦੇ ਹਨ, ਜਿਥੇ ਚਾਰ ਪਦੇ ਦਰਜ ਹੋਣ ਉਹ ਚਉਪਦਾ ਹੈ। ਚਉਪਦੇ ਦੀ ਪਰਿਭਾਸ਼ਾ ਰਾਹੀਂ ਰੂਪ ਦੀ ਪਛਾਣ ਕਰਨ ਵਿਚ ਸਹਾਇਤਾ ਮਿਲੀ ਹੈ। ਕੁਝ ਵਿਦਵਾਨਾਂ ਨੇ

ਚਉਪਦਿਆਂ ਦੇ ਅੰਕਣ ਪ੍ਰਬੰਧ ਦਾ ਅਧਿਐਨ ਕੀਤਾ ਹੈ। ਜੋਗਿੰਦਰ ਸਿੰਘ ਤਲਵਾੜਾ, ਚਰਨ ਸਿੰਘ, ਰਤਨ ਸਿੰਘ ਜੱਗੀ ਦੇ ਅੰਕਣ ਪ੍ਰਬੰਧ ਵਿਚ ਸਮਾਨਤਾ ਨਹੀਂ ਹੈ।

*ਤੀਜੇ ਭਾਗ* ਵਿਚ ਪੀ-ਐੱਚ.ਡੀ ਨਾਲ ਸੰਬੰਧਿਤ *ਚਉਪਦੇ ਸੰਬੰਧੀ ਹੋਏ ਖੋਜ ਪ੍ਰਬੰਧ* ਦੇ ਕਾਰਜ ਨੂੰ ਵੇਖਿਆ ਗਿਆ ਹੈ। ਰਮਨਦੀਪ ਕੌਰ ਦੁਆਰਾ ਕੀਤੇ ਖੋਜ ਕਾਰਜ ਦਾ ਸਿਰਲੇਖ *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦਾ ਕਾਵਿ ਰੂਪ : ਸ਼ਾਸਤਰੀ ਪਰਿਪੇਖ* ਹੈ। ਖੋਜਾਰਥੀ ਦੁਆਰਾ ਕਾਵਿ ਦੇ ਸਰੂਪ, ਕਾਵਿ ਰੂਪ ਦੀ ਪ੍ਰਕ੍ਰਿਤੀ ਅਤੇ ਪਦਾ ਕਾਵਿ-ਰੂਪ ਦੀ ਵਿਭਿੰਨਤਾ ਨੂੰ ਪੇਸ਼ ਕੀਤਾ ਹੈ। ਚਉਪਦਿਆਂ ਦੇ ਅੰਕਣ ਪ੍ਰਬੰਧ ਵਿਚ ਬਹੁਤ ਵਿਭਿੰਨਤਾ ਵੇਖੀ ਗਈ ਹੈ ਅਤੇ ਕਾਵਿ ਸ਼ਾਸਤਰੀ ਨਿਯਮਾਂ ਦੇ ਪ੍ਰਸੰਗ ਤੋਂ ਪਦਿਆਂ ਦੀ ਜਾਂਚ ਪੜਤਾਲ ਨਹੀਂ ਕੀਤੀ ਗਈ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ, ਕਿ ਛੰਦ ਵਿਧਾਨ ਸੰਬੰਧੀ ਖੋਜ ਕਾਰਜ ਨਹੀਂ ਹੋਇਆ। ਮੈਂ ਇਸ ਖੋਜ ਕਾਰਜ ਲਈ ਵੱਖ-ਵੱਖ ਸਰੋਤਾਂ ਦੀ ਸਹਾਇਤਾ ਨਾਲ ਚਉਪਦਿਆਂ ਸੰਬੰਧੀ ਖੋਜ ਕਾਰਜ ਦਾ ਵਿਸ਼ਲੇਸ਼ਣ ਕਰਕੇ ਸਾਰਥਕ ਸਿੱਟਿਆਂ ਤੱਕ ਪਹੁੰਚ ਕੀਤੀ ਹੈ ਜਿਸ ਨਾਲ ਅਸਲ ਅੰਕੜੇ ਅਤੇ ਛੰਦਾਂ ਦੀ ਨਿਸ਼ਾਨਦੇਹੀ ਹੋਈ ਹੈ। ਇਸ ਨਾਲ ਚਉਪਦਿਆਂ ਦਾ ਰੂਪ ਨਿਖੜ ਕੇ ਸਾਹਮਣੇ ਆਇਆ ਹੈ।

ਖੋਜ ਪ੍ਰਬੰਧ ਦਾ ਦੂਜਾ ਅਧਿਆਇ *ਚਉਪਦਾ ਰੂਪ ਦੇ ਸਿਧਾਂਤਕ ਪਰਿਪੇਖ* ਨਾਲ ਸੰਬੰਧਿਤ ਹੈ। ਚਉਪਦੇ ਦੀ ਰੂਪ ਸਿਰਜਣਾ ਇਕ ਕਲਾ ਹੈ। ਕਲਾ ਸਿਰਜਣ ਦੇ ਨਾਲ ਹੀ ਮਨੁੱਖ ਦੇ ਮਨ ਵਿਚ ਵਸਤੂ ਤੇ ਰੂਪ ਹੋਂਦ ਵਿਚ ਆ ਜਾਂਦੇ ਹਨ। ਮਨੁੱਖੀ ਮਨ ਕੋਈ ਕਲਾ ਘੜ ਕੇ ਫਿਰ ਉਸ ਨੂੰ ਰੂਪਮਾਨ ਕਰਦਾ ਹੈ। ਰੂਪ ਨੂੰ ਛੰਦ ਰਾਹੀਂ ਪੇਸ਼ ਕਰਨ ਦਾ ਕਾਰਨ ਕਾਵਿ ਨੂੰ ਮੌਖਿਕ ਰੂਪ ਵਿਚ ਯਾਦ ਕਰਨ ਦੀ ਬਿਰਤੀ ਹੈ। ਪੁਰਾਤਨ ਸਮੇਂ ਵਿਚ ਮੰਤਰਾਂ ਦਾ ਰੂਪ ਛੰਦ ਦੀ ਜੁਗਤ ਦੁਆਰਾ ਯਾਦ ਰਖਿਆ ਜਾਂਦਾ ਸੀ। ਰੂਪ ਵਿਚਲਾ ਵਸਤੂ ਮਨੁੱਖ ਦੇ ਬੌਧਿਕ ਪੱਧਰ ਦਾ ਵਿਕਾਸ ਕਰਦਾ ਹੈ। ਦੂਜੇ ਅਧਿਆਇ ਦੀ *ਤਿੰਨ ਭਾਗਾਂ* ਵਿਚ ਵੰਡ ਕੀਤੀ ਗਈ ਹੈ। ਪਹਿਲੇ ਭਾਗ ਵਿਚ *ਚਉਪਦੇ ਦੇ ਵਿਕਾਸ ਕ੍ਰਮ* ਨੂੰ ਕਾਲ ਕ੍ਰਮ ਅਨੁਸਾਰ ਜਾਂਚ ਕੇ, ਉਸ ਦੇ ਰੂਪ ਨੂੰ ਛੰਦਾਂ ਅਨੁਸਾਰ ਨਿਖੇੜਿਆ ਗਿਆ ਹੈ। ਚਉਪਦੇ ਦੇ ਵਿਕਾਸ ਕ੍ਰਮ ਲਈ ਪੁਰਾਤਨ ਸਮੇਂ ਦੇ ਸਰੋਤਾਂ, ਭਾਵ ਵੈਦਿਕ, ਸੰਸਕ੍ਰਿਤੀ, ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ ਗਿਆ। ਵੈਦਿਕ ਕਾਲ ਦੇ ਮੰਤਰਾਂ ਦਾ ਰੂਪ ਪਦੇ ਸਨ। ਵੈਦਿਕ ਸਮੇਂ ਵਿਚ ਵਰਣਿਕ ਛੰਦਾਂ ਸੰਬੰਧੀ ਜਾਣਕਾਰੀ ਮਿਲਦੀ ਹੈ। ਉਸ ਸਮੇਂ ਦੇ ਮੰਤਰਾਂ ਵਿਚ ਸਤ ਵਰਣਿਕ ਛੰਦਾਂ ਦਾ ਪ੍ਰਯੋਗ ਮਿਲਦਾ ਹੈ।ਸੰਸਕ੍ਰਿਤ ਸਾਹਿਤ ਵਿਚ ਵਰਣਿਕ ਅਤੇ ਮਾਤਰਿਕ ਦੋਹਾਂ ਛੰਦਾਂ ਨੂੰ ਵੇਖਿਆ ਗਿਆ ਹੈ।

- *ੁਰਾਤਨ ਸਮੇਂ ਵਿਚ ਮਾਲਿਨੀ, ਆਰੀਆ ਛੰਦਾਂ ਦੀ ਵਰਤੋਂ ਕੀਤੀ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੂਰਬਲੀਆਂ ਰਚਨਾਵਾਂ ਵਿਚ ਲੀਲਾਵਤੀ, ਮੰਜੁ, ਚੌਪਈ ਅਤੇ ਬਿਸ਼ਨਪਦੁ ਛੰਦ ਦੀ ਵਰਤੋਂ ਵੇਖੀ ਗਈ ਹੈ।

*ਦੂਜੇ ਭਾਗ ਵਿਚਲੋਕ ਕਾਵਿ ਪਰੰਪਰਾਵਿਚ ਚਉਪਦੇ* ਦਾ ਰੂਪ ਪੇਸ਼ ਕੀਤਾ ਹੈ। ਇਸ ਵਾਸਤੇ ਵੇਦਾਂ ਦੇ ਮੰਤਰਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ। ਇਹ ਵੇਦਾਂ ਦੇ ਮੰਤਰ ਕਿਸੇ ਤੋਂ ਸੁਣ ਕੇ ਯਾਦ ਕੀਤੇ ਜਾਂਦੇ ਸਨ। ਵੈਦਿਕ ਕਾਲ ਦੇ ਮੰਤਰਾਂ ਤੋਂ ਬਾਅਦ ਪਾਲੀ ਭਾਸ਼ਾ ਵਿਚ ਥੇਰ ਗਾਥਾਵਾਂ ਅਰੰਭ ਹੋਈਆਂ। ਇਹਨਾਂ ਗਾਥਾਵਾਂ ਵਿਚ ਲੋਕ-ਗੀਤਾਂ ਦੀ ਤਰ੍ਹਾਂ ਭਾਵਾਂ ਦੀ ਪੇਸ਼ਕਾਰੀ

ਕੀਤੀ ਜਾਂਦੀ ਸੀ। ਇਹ ਗਾਥਾਵਾਂ ਮਹਾਂਭਾਰਤ ਅਤੇ ਹੋਰ ਗ੍ਰੰਥਾਂ ਵਿਚ ਵੀ ਸ਼ਾਮਿਲ ਹਨ। ਇਹਨਾਂ ਵਿਚ ਸਮੂਹ ਦੇ ਸੰਕਲਪ ਅੰਕਿਤ ਹਨ। ਇਸ ਪ੍ਰਕਾਰ ਗਾਥਾਵਾਂ ਤੋਂ ਲੋਕ-ਗੀਤਾਂ ਦਾ ਰੂਪ ਹੋਂਦ ਵਿਚ ਆਇਆ। ਲੋਕ-ਗੀਤਾਂ ਦੇ ਰੂਪ ਵਿਚ ਬਦਲਾਵ ਦਾ ਕਾਰਨ ਸਮਾਜਿਕ ਅਵਸਥਾ ਦੇ ਪੁਰਾਣੇ ਅਤੇ ਨਵੇਂ ਤਜ਼ਰਬੇ ਦੇ ਅੰਸ਼ ਹੁੰਦੇ ਹਨ। ਇਹਨਾਂ ਲੋਕ-ਗੀਤਾਂ ਤੋਂ ਮਨੁੱਖੀ ਜਨ ਜੀਵਨ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਕਾਰ ਲੋਕ-ਗੀਤਾਂ ਦੇ ਪ੍ਰਭਾਵ ਦੀ ਸਾਰਥਕਤਾ ਦੁਆਰਾ ਵੈਸ਼ਨਵ ਧਰਮ ਦੇ ਬਿਸ਼ਨਪਦੇ, ਨਾਥਾਂ ਜੋਗੀਆਂ ਦੇ ਪਦੇ ਹੋਂਦ ਵਿਚ ਆਏ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦੇ ਦਰਜ ਕੀਤੇ ਗਏ ਹਨ।

ਲੋਕ-ਗੀਤਾਂ ਨਾਲ ਸੰਗੀਤ ਦੀ ਸੁਮੇਲਤਾ ਲਈ *ਓ, ਬੱਲੇ* ਆਦਿ ਧੁਨਾਂ ਹੋਂਦ ਵਿਚ ਆਈਆਂ, ਇਹਨਾਂ ਅਵਾਜ਼ਾਂ ਨਾਲ ਮੌਖਿਕ ਲੋਕ-ਗੀਤਾਂ ਨੂੰ ਯਾਦ ਸ਼ਕਤੀ ਵਿਚ ਲਿਆਂਦਾ ਜਾਂਦਾ ਹੈ। ਇਹਨਾਂ ਅਵਾਜ਼ਾਂ ਨੇ ਲੋਕ-ਗੀਤ ਲਈ ਲੈਅ, ਬਹਰ ਨੂੰ ਬਣਾਇਆ ਹੈ। ਇਸ ਤਰ੍ਹਾਂ ਲੋਕ-ਗੀਤਾਂ ਨੂੰ ਸੁਰਾਂ ਮਿਲੀਆਂ ਹਨ। ਇਹਨਾਂ ਸੁਰਾਂ ਦੀ ਮਦਦ ਨਾਲ ਸੰਗੀਤ ਦੇ ਸਾਜ਼ਾਂ ਦੀ ਸੁਮੇਲਤਾ ਸਮਾਜ ਦੇ ਭਾਵਾਂ ਅਨੁਸਾਰ ਕਰ ਲਈ ਜਾਂਦੀ ਹੈ। ਇਸ ਤਰ੍ਹਾਂ ਸੰਗੀਤ ਨਾਲ ਲੋਕ-ਗੀਤਾਂ ਦੀ ਵੱਖਰੀ ਪਛਾਣ ਬਣੀ ਹੈ। ਲੋਕ-ਗੀਤਾਂ ਨੂੰ ਢੱਡ, ਸਾਰੰਗੀ, ਛੈਣੇ ਆਦਿ ਨਾਲ ਗਾਇਆ ਜਾਣ ਲੱਗਾ। ਇਸ ਤੋਂ ਬਾਅਦ ਲੋਕ ਵਾਰਾਂ ਨੂੰ ਵੀ ਧੁਨਾਂ ਅਨੁਸਾਰ ਗਾਇਨ ਕੀਤਾ ਜਾਣ ਲੱਗਾ। ਪੁਰਾਤਨ ਸਮੇਂ ਵਿਚ ਰਾਜਪੂਤ ਰਾਜੇ ਢਾਡੀ ਵਾਰਾਂ ਸੁਣਦੇ ਸਨ। ਉਸ ਸਮੇਂ ਵਾਰਾਂ, ਢੱਡ ਤੇ ਸਾਰੰਗੀ ਨਾਲ ਗਾਇਨ ਕੀਤੀਆਂ ਜਾਣ ਲੱਗੀਆਂ। ਇਹਨਾਂ ਧੁਨਾਂ ਦੁਆਰਾ ਸੁਰਾਂ ਦੇ ਉਤਰਾਅ ਚੜਾਅ ਦਾ ਗਿਆਨ ਹੋਇਆ। ਇਸ ਪ੍ਰਕਾਰ ਸ਼ਾਸਤਰੀ ਸੰਗੀਤ ਦਾ ਪਥ-ਪ੍ਰਦਰਸ਼ਕ ਲੋਕ ਧੁਨਾਂ ਹਨ। ਲੋਕ ਵਾਰਾਂ ਦੀਆਂ ਧੁਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 22 ਵਾਰਾਂ ਲਈ ਧੁਨਾਂ ਤਿਆਰ ਕੀਤੀਆਂ ਗਈਆਂ ਹਨ।

- _ਸ ਪ੍ਰਕਾਰ ਲੋਕ-ਗੀਤਾਂ ਦੇ ਸਾਜ਼ਾਂ ਨੇ ਲੋਕ ਵਾਰਾਂ ਦੀ ਰਾਗਾਂ ਨਾਲ ਸੁਮੇਲਤਾ ਪੇਸ਼ ਕੀਤੀ। ਇਸ ਤੋਂ ਇਲਾਵਾ ਲੋਕ-ਗੀਤ ਅਤੇ ਚਉਪਦੇ ਦੀ ਸਮਾਨਤਾ ਤਾਲ ਅਨੁਸਾਰ ਵੇਖੀ ਗਈ ਹੈ। ਲੋਕ-ਗੀਤਾਂ ਵਿਚ ਦਾਦਰਾ ਅਤੇ ਕਹਿਰਵਾ ਤਾਲ ਵਧੇਰੇ ਵਰਤੋਂ ਵਿਚ ਆਉਂਦਾ ਹੈ। ਇਹ ਦੋਵੇਂ ਤਾਲ ਲੋਕਪ੍ਰਿਯ ਹੋਣ ਕਾਰਨ, ਇਹਨਾਂ ਦੋਹਾਂ ਤਾਲਾਂ ਵਿਚ ਰਾਗੀ ਸਿੰਘਾਂ ਦੁਆਰਾ ਵਧੇਰੇ ਚਉਪਦੇ ਗਾਇਨ ਕੀਤੇ ਜਾਂਦੇ ਹਨ।

ਇਸ ਅਧਿਆਇ ਦੇ *ਤੀਜੇ ਭਾਗਕੀਰਤਨ ਪ੍ਰਬੰਧ ਸੰਬੰਧੀ* ਸੰਕਲਪ ਪੇਸ਼ ਕੀਤੇ ਗਏ ਹਨ। ਕੀਰਤਨ ਰਾਹੀਂ ਮਨ ਵਿਚ ਵੈਰਾਗ ਉਪਜਦਾ ਹੈ। ਉਸ ਵੈਰਾਗ ਨਾਲ ਭਉ ਅਤੇ ਭਾਉ ਦੀ ਸੁਮੇਲਤਾ ਹੁੰਦੀ ਹੈ, ਜਿਸ ਨਾਲ ਮਨੁੱਖ ਦੇ ਮਨ ਵਿਚ ਜਗਿਆਸਾ ਉਪਜਦੀ ਹੈ। ਮਨੁੱਖ ਦਾ ਮਨ ਸਿਮਰਨ ਦੀ ਧੁਨ ਵੱਲ ਆਕਰਸ਼ਿਤ ਹੁੰਦਾ ਹੈ। ਸਿਮਰਨ ਦੇ ਅਨੁਭਵ ਨਾਲ ਮਨੁੱਖ ਭਗਤੀ ਵੱਲ ਪ੍ਰੇਰਿਤ ਹੁੰਦਾ ਹੈ। ਭਗਤੀ ਰਾਹੀਂ ਮਨੁੱਖ ਦੀ ਸ਼ਖ਼ਸੀਅਤ ਉਸ ਅਨੁਭਵ ਦੀ ਪ੍ਰਤੀਤ ਕਰਨ ਲੱਗ ਜਾਂਦੀ ਹੈ, ਜਿਸ ਨਾਲ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ। ਕੀਰਤਨ ਤੇ ਸਿਮਰਨ ਦੀ ਸੁਮੇਲਤਾ ਤੋਂ ਬਾਅਦ, ਕੀਰਤਨ ਨੂੰ ਘਰੁ ਪ੍ਰਬੰਧ ਅਨੁਸਾਰ ਗਾਇਨ ਕਰਨ ਦੇ ਪੱਖਾਂ ਬਾਰੇ ਜਾਣਿਆ ਗਿਆ ਹੈ।

- _ਰ ਪ੍ਰਬੰਧ ਸਤ ਸੁਰਾਂ ਦੇ ਸਪਤਕ ਦੁਆਰਾ ਹੋਂਦ ਵਿਚ ਆਉਂਦਾ ਹੈ। ਇਹਨਾਂ ਸਤ ਸੁਰਾਂ ਤੋਂ ਗਾਇਨ ਲਈ ਵਰਤੇ (ਮੰਦਰ, ਮੱਧ, ਤਾਰ) ਸਪਤਕਾਂ ਦਾ ਸੰਗ੍ਰਹਿ ਬਣਦਾ ਹੈ। ਸਤ ਸੁਰਾਂ (ਮੰਦਰ, ਮੱਧ, ਤਾਰ) ਗਾਇਨ ਲਈ ਵੱਖਰੇ-ਵੱਖਰੇ ਢੰਗ ਨਾਲ ਵਰਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਮੰਦਰ, ਮਧ, ਤਾਰ ਸੁਰਾਂ ਦਾ ਸਪਤਕ ਇਕ ਕ੍ਰਮ ਵਿਚ ਚਲਦਾ ਜਾਂਦਾ ਹੈ। ਇਹ 21 ਸੁਰਾਂ ਬਣ ਜਾਂਦੀਆਂ ਹਨ। ਇਹਨਾਂ ਸੁਰਾਂ ਦਾ ਕ੍ਰਮ 17 ਘਰਾਂ ਤੱਕ ਕ੍ਰਮ ਅਨੁਸਾਰ ਗਾਇਨ ਲਈ ਵਰਤਿਆ ਗਿਆ ਹੈ। ਮੰਦਰ, ਮੱਧ, ਤਾਰ ਸੁਰ ਦੇ ਬਦਲਾਵ ਅਨੁਸਾਰ ਗਾਇਨ ਵਿਚ ਪਰਿਵਰਤਨ ਆਉਂਦਾ ਹੈ। ਇਸ ਪ੍ਰਕਾਰ ਇਹਨਾਂ ਸੁਰਾਂ ਦੇ ਕ੍ਰਮ ਨਾਲ ਘਰੁ ਪ੍ਰਬੰਧ ਅਨੁਸਾਰ ਗਾਇਨ ਕੀਤਾ ਜਾਂਦਾ ਹੈ।

ਖੋਜ ਪ੍ਰਬੰਧ ਦਾ ਤੀਜਾ ਅਧਿਆਇ *ਚਉਪਦੇ ਦੀ ਪ੍ਰਕਿਰਤੀ* ਨਾਲ ਸੰਬੰਧਿਤ ਹੈ। ਇਸ ਅਧਿਆਇ ਦੀ *ਚਾਰ ਭਾਗਾਂ* ਵਿਚ ਵੰਡ ਕੀਤੀ ਗਈ ਹੈ। *ਦਾਰਸ਼ਨਿਕ ਪੱਖ* ਵਿਚ ਮਨੁੱਖ ਦੇ ਚਿੰਤਨ ਨੂੰ ਪਹਿਲ ਦਿੱਤੀ ਗਈ ਹੈ। ਇਸ ਦੇ ਆਧਾਰ ਤੇ ਮਨੁੱਖ ਪਦਾਰਥਵਾਦੀ ਜਗਤ ਦੀ ਵਿਸ਼ਾਲਤਾ ਨੂੰ ਸਮਝ ਸਕਦਾ ਹੈ। ਪਦਾਰਥਕ ਜਗਤ ਵਿਚ ਆਤਮਾ ਨੇ ਕਿਵੇਂ ਵਿਕਾਸ ਕਰਨਾ ਹੈ। ਆਤਮਾ ਦੇ ਨਾਲ ਮਨੁੱਖ ਦੀਆਂ ਗਿਆਨ ਇੰਦਰੀਆਂ ਦਾ ਸੰਬੰਧ ਉਸ ਦੇ ਸੰਕਲਪਾਂ ਅਨੁਸਾਰ ਬਣਦਾ ਹੈ। ਗਿਆਨ ਇੰਦਰੀਆਂ ਤੇ ਸੰਕਲਪਾਂ ਵਿਚ ਏਕਤਾ ਮਨੁੱਖ ਦੀ ਬੁੱਧੀ ਕਾਰਨ ਬਣਦੀ ਹੈ ਅਤੇ ਸਮੇਂ ਦੀਆਂ ਪਰਿਸਥਿਤੀਆਂ ਵੀ ਇਸ ਵਾਸਤੇ ਜ਼ਿੰਮੇਵਾਰ ਹੁੰਦੀਆਂ ਹਨ। ਇਸ ਤਰ੍ਹਾਂ ਆਤਮਾ ਦੇ ਦੋ ਲੱਛਣ ਨੇਕੀ ਅਤੇ ਬਦੀ ਹੋਂਦ ਵਿਚ ਆਉਂਦੇ ਹਨ। ਚੰਗੇ ਕਰਮਾਂ ਨੂੰ ਮਨੁੱਖੀ ਸਰੀਰ ਮਿਲਦਾ ਹੈ, ਮਨੁੱਖੀ ਸਰੀਰ ਦੀ ਅਸਲ ਪਛਾਣ ਪਰਮਾਤਮਾ ਦੇ ਮਿਲਾਪ ਦੁਆਰਾ ਸਾਰਥਕ ਹੋਣੀ ਹੈ।

- &ਾਰਸ਼ਨਿਕ ਪੱਖ ਵਿਚ, ਜੀਵਨ ਦਾ ਰਹੱਸ ਛੁਪਿਆ ਹੋਇਆ ਹੈ। ਮਨੁੱਖਾ ਜਨਮ ਪਰਮਾਤਮਾ ਦੇ ਸੰਜੋਗ ਲਈ ਮਿਲਿਆ ਹੈ। ਪਰਮਾਤਮਾ ਦੇ ਸੰਜੋਗ ਦੀ ਪ੍ਰਾਪਤੀ ਮਨੁੱਖ, ਡਰ ਤੋਂ ਬਿਨ੍ਹਾਂ ਨਹੀਂ ਕਰ ਸਕਦਾ। ਇਸ ਵਾਸਤੇ ਮਨੁੱਖ ਨੂੰ ਮੌਤ ਦੇ ਡਰ ਨੂੰ ਹਮੇਸ਼ਾ ਮਨ ਦੇ ਚਿੰਤਨ ਵਿਚ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਮਨੁੱਖ ਨੇ ਬ੍ਰਹਮ ਦੀ ਉਪਜ ਹੋ ਕੇ ਸੱਚ, ਦਇਆ, ਸੰਜਮਤਾ ਜਿਹੇ ਗੁਣਾਂ ਦੁਆਰਾ ਉਸ ਬ੍ਰਹਮ ਦੀ ਪ੍ਰਾਪਤੀ ਕਰਨੀ ਹੈ ਅਤੇ ਉਸ ਦਾ ਰੂਪ ਹੋਣਾ ਹੈ।

ਇਸ ਅਧਿਆਇ ਦੇ *ਦੂਜੇ ਭਾਗ* ਵਿਚ *ਸਮਾਜਿਕ ਵਿਸ਼ਿਆਂ* ਬਾਰੇ ਜਾਣਿਆ ਗਿਆ ਹੈ। ਸਮਾਜ ਦਾ ਢਾਂਚਾ ਵੱਖ-ਵੱਖ ਸ਼੍ਰੇਣੀਆਂ ਦੇ ਸਹਿਯੋਗ ਨਾਲ ਉਸਰਦਾ ਹੈ। ਸਮਾਜ ਦੇ ਸਮੂਹਾਂ ਦੀਆਂ ਜ਼ਰੂਰਤਾਂ ਅਤੇ ਅਨੁਭਵ ਵੱਖਰੇ-ਵੱਖਰੇ ਹੁੰਦੇ ਹਨ। ਇਹਨਾਂ ਸਮੂਹਾਂ ਦੀ ਪਹਿਚਾਣ ਸਭਿਆਚਾਰ ਕਾਰਨ ਬਣਦੀ ਹੈ। ਔਰਤ ਦੇ ਦੁਰਵਿਹਾਰ ਅਤੇ ਜਾਤ-ਪਾਤ ਦੇ ਵਿਤਕਰੇ ਨੇ ਸਮਾਜਿਕ ਸਥਿਤੀ ਨੂੰ ਹਲੂਣਿਆ ਹੈ। ਇਹਨਾਂ ਸਮਾਜਿਕ ਕੁਰੀਤੀਆਂ ਦੀ ਉਤਪਤੀ ਲਈ ਧਾਰਮਿਕ ਸਥਿਤੀ ਨੂੰ ਜ਼ਿੰਮੇਵਾਰ ਕਿਹਾ ਜਾ ਸਕਦਾ ਹੈ।

- 8ਮਾਜਿਕ ਵਿਸ਼ਿਆਂ ਦੇ ਇਤਿਹਾਸ ਨੇ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ, ਜਿਸ ਕਾਰਨ ਸਮਾਜ ਵਿਚ ਇਹ ਕੁਰੀਤੀਆਂ ਪੈਦਾ ਹੋਈਆਂ। ਇਹ ਸਭ ਕਿਰਿਆਵਾਂ ਮਨੁੱਖ ਦੇ ਮਨ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਹੁੰਦੀਆਂ ਹਨ। ਮਨ ਦੀ ਅਸਥਿਰਤਾ ਕਾਰਨ ਮਨੁੱਖ ਅਜਿਹੇ ਵਿਅਰਥ ਬਾਹਰੀ ਆਡੰਬਰ ਕਰਦਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਦੀ ਚੇਤਨਾ ਦੇ ਪੱਧਰ

ਨੂੰ ਤਰਕ ਅਨੁਸਾਰ ਸਮਝਾਉਂਦੇ ਹੋਏ, ਬਾਹਰੀ ਆਡੰਬਰਾਂ ਤੋਂ ਵਰਜਿਆ ਹੈ। ਇਸ ਪ੍ਰਕਾਰ ਗੁਰਬਾਣੀ ਮਨੁੱਖ ਵਿਚ ਸਭਿਆਚਾਰਕ ਚੇਤਨਾ ਦੇ ਸੰਕਲਪ ਪੈਦਾ ਕਰਦੀ ਹੈ।

ਇਸ ਅਧਿਆਇ ਦੇ *ਤੀਜੇ ਭਾਗ* ਵਿਚ *ਧਾਰਮਿਕ ਵਿਸ਼ਿਆਂ* ਬਾਰੇ ਵਿਚਾਰ ਪੇਸ਼ ਕੀਤੇ ਹਨ। ਮਨੁੱਖ ਦੇ ਵਿਵਹਾਰਿਕ ਜੀਵਨ ਦੀ ਜੁਗਤੀ ਨਾਲ ਧਾਰਮਿਕ ਸਰੋਕਾਰ ਸੰਬੰਧਿਤ ਹੁੰਦੇ ਹਨ। ਮਾਇਆ, ਹਉਮੈਂ, ਵਿਵਹਾਰਿਕ ਜੀਵਨ ਵਿਚ ਪਸਰਨ ਵਾਲੀਆਂ ਦੋ ਅਜਿਹੀਆਂ ਬਿਰਤੀਆਂ ਹਨ, ਜੋ ਮਨੁੱਖ ਵਿਚ ਪਦਾਰਥਕ ਜਗਤ ਲਈ ਤ੍ਰਿਸ਼ਨਾ ਪੈਦਾ ਕਰਦੀਆਂ ਹਨ। ਵਿਸ਼ਿਆਂ ਵਿਕਾਰਾਂ ਕਾਰਨ, ਮਾਇਆ ਮਨੁੱਖ ਤੇ ਭਾਰੂ ਹੋ ਜਾਂਦੀ ਹੈ। ਮਾਇਆ ਮਨੁੱਖ ਨੂੰ ਅਜਿਹੇ ਬੰਧਨਾਂ ਵਿਚ ਬੰਨ੍ਹ ਦਿੰਦੀ ਹੈ ਜਿਸ ਨਾਲ ਮਨੁੱਖ ਹਉਮੈਂ ਦਾ ਸ਼ਿਕਾਰ ਹੋ ਜਾਂਦਾ ਹੈ।

- .ਨੁੱਖ ਨੇ ਨਾਮ ਨੂੰ ਜੀਵਨ ਦਾ ਸਿਧਾਂਤ ਬਣਾਉਂਣਾ ਹੈ। ਨਾਮ ਦੀ ਵਾਸਤਵਿਕ ਪਛਾਣ, ਮਨੁੱਖ ਦੇ ਮਨ ਵਿਚ ਸ਼ਬਦ ਦੇ ਰੂਪ ਵਿਚ ਹੁੰਦੀ ਹੈ। ਨਾਮ ਨੂੰ ਜੀਵਨ ਦਾ ਕਰਮ ਬਣਾਉਣਾ ਚਾਹੀਦਾ ਹੈ। ਜੀਵਨ ਵਿਚ ਗੁਰੂ ਨੂੰ ਅੰਗ ਸੰਗ ਸਮਝਦੇ ਹੋਏ ਕਾਰਜ ਕਰਨੇ ਚਾਹੀਦੇ ਹਨ। ਪਰਮਾਤਮਾ ਦੇ ਹੁਕਮ ਵਿਚ ਹੀ ਮਨੁੱਖ ਕਰਮ ਕਰਦਾ ਹੈ। ਸੇਵਾ, ਸਤਿਸੰਗ ਕਿਰਿਆਵਾਂ ਨੂੰ ਅਪਨਾ ਕੇ ਮੁਕਤੀ ਦੇ ਉਦੇਸ਼ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਇਸ ਪ੍ਰਕਾਰ ਧਾਰਮਿਕ ਵਿਸ਼ੇ ਦਾ ਸੰਬੰਧ ਅਨੁਭਵ ਨਾਲ ਹੁੰਦਾ ਹੈ। ਧਾਰਮਿਕ ਵਿਸ਼ੇ ਜੀਵਨ ਦਾ ਅਸਲ ਸੱਚ ਹੋਣ ਕਾਰਨ ਮਨੁੱਖ ਦੇ ਜੀਵਨ ਨੂੰ ਵੀ ਸੇਧ ਦਿੰਦੇ ਹਨ।

ਇਸ ਅਧਿਆਇ ਦੇ *ਚੌਥੇ ਭਾਗ* ਵਿਚ *ਰਾਜਨੀਤਿਕ ਵਿਸ਼*ੇ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਰਾਜਨੀਤੀ ਲਈ ਧਰਮ ਇਕ ਨੀਂਹ ਸਮਾਨ ਹੈ। ਇਸ ਨਾਲ ਮਨੁੱਖ ਆਪਣੇ ਕਰੱਤਵਾਂ ਤੋਂ ਜਾਣੂ ਹੋ ਜਾਂਦਾ ਹੈ। ਮਨੁੱਖ ਵਿਚ ਨੈਤਿਕ ਕਦਰਾਂ ਕੀਮਤਾਂ ਧਰਮ ਅਨੁਸਾਰ ਪੈਦਾ ਹੁੰਦੀਆਂ ਹਨ। ਅਸਲ ਵਿਚ ਧਰਮ ਦਾ ਰਾਜਨੀਤੀ ਨਾਲ ਸੰਬੰਧ ਪੈਦਾ ਹੋਣ ਦਾ ਕਾਰਨ, ਇਸਲਾਮਕ ਰਾਜਿਆਂ ਵੱਲੋਂ ਆਪਣੇ ਰਾਜ ਦਾ ਵਿਸਤਾਰ ਕਰਨਾ ਸੀ। ਭਾਰਤ ਵਿਚ ਧਾਰਮਕ ਸੁਤੰਤਰਤਾ ਦੇ ਹਿੱਤ ਨੌਂਵੇਂ ਪਾਤਸ਼ਾਹ ਦੀ ਕੁਰਬਾਨੀ ਇਸ ਦਾ ਪ੍ਰਤੱਖ ਪ੍ਰਮਾਣ ਹੈ। ਅਜਿਹੇ ਧਾਰਮਿਕ ਜਜ਼ਬਿਆਂ ਨੇ ਸਮਾਜ ਵਿਚ ਰਾਜਨੀਤੀ ਦੇ ਬੀਜ ਪੁੰਗਰਾਏ ਸਨ। ਇਸ ਵਾਸਤੇ ਰਾਜਨੀਤਿਕ ਕਾਰਜਾਂ ਵਿਚ ਕਈ ਵਾਰ ਧਰਮ ਦੀ ਯੋਗ ਵਰਤੋਂ ਨਹੀਂ ਕੀਤੀ ਜਾਂਦੀ ਹੈ ਅਤੇ ਮਨੁੱਖਤਾਂ ਦੀਆਂ ਭਾਵਨਾਵਾਂ ਨੂੰ ਉਭਾਰਿਆ ਜਾਂਦਾ ਹੈ। ਇਸ ਪ੍ਰਕਾਰ ਸਾਹਿਤ ਨਾਲ ਰਾਜਨੀਤਿਕ ਵਿਚਾਰ ਸਮੇਂ ਅਨੁਸਾਰ ਨਿਰੰਤਰ ਚਾਲ ਵਿਚ ਚਲਦੇ ਰਹਿੰਦੇ ਹਨ। ਇਸ ਦਾ ਪ੍ਰਮਾਣ ਕਾਵਿ ਰਚਨਾਵਾਂ ਨੂੰ ਕਿਹਾ ਜਾ ਸਕਦਾ ਹੈ।

- 8?ੱਖ ਧਰਮ ਰਾਜਨੀਤੀ ਤੋਂ ਕਿਸੇ ਸੰਸਾਰੀ ਲਾਭ ਦੀ ਇੱਛਾ ਨਹੀਂ ਰੱਖਦਾ, ਬਲਕਿ ਸਰਬੱਤ ਦੇ ਭਲੇ ਦੀ ਆਸ ਕਰਦਾ ਹੈ। ਇਸ ਨਾਲ ਸਮਾਜ ਦਾ ਕਲਿਆਣ ਹੁੰਦਾ ਹੈ। ਇਸ ਵਾਸਤੇ ਅਕਾਲ ਪੁਰਖ ਨੇ ਗੁਰੂ ਨੂੰ ਸਿੱਖ ਰਾਜ ਵਿਸਤਾਰ ਨਾਮ ਦੁਆਰਾ ਕਰਨ ਦੀ ਪੱਧਵੀ ਸੌਂਪੀ ਹੈ। ਸੰਗਤ ਦਾ ਸਮੂਹ ਸਿਮਰਨ ਨੂੰ ਗ੍ਰਹਿਣ ਕਰਕੇ ਨਾਮ ਦੀ ਪ੍ਰਾਪਤੀ ਦੁਆਰਾ ਅਸਲ ਰਾਜ ਤੱਕ ਪਹੁੰਚ ਕਰਨੀ ਹੈ।

- ਸ ਸਮੇਂ ਦੀ ਇਤਿਹਾਸਕ ਦਸ਼ਾ ਨੇ ਧਰਮ ਤੇ ਰਾਜ ਦੇ ਸੰਬੰਧ ਦੀ ਸੁਮੇਲਤਾ ਨੂੰ ਪੇਸ਼ ਕੀਤਾ ਹੈ। ਮੁਗਲ ਸਾਸ਼ਕਾਂ ਦੇ ਅਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਸਮਾਜ ਵਿਚ ਜਾਗ੍ਰਿਤੀ ਲਿਆਂਦੀ।

ਸਮਾਜਿਕ ਜੀਵਨ ਬਤੀਤ ਕਰਦਿਆਂ, ਅਧਿਆਤਮਿਕ ਦ੍ਰਿਸ਼ਟੀ ਦੁਆਰਾ, ਮਨੁੱਖ ਅੰਦਰ ਪਾਰਲੌਕਿਕ ਸੰਸਾਰ ਪ੍ਰਤੀ ਚੇਤਨਾ ਪੈਦਾ ਹੁੰਦੀ ਹੈ।

ਖੋਜ ਪ੍ਰਬੰਧ ਦੇ *ਚੌਥੇ ਅਧਿਆਇਵਿਚਚਉਪਦੇ ਦੇ ਸਰੂਪ* ਨੂੰ *ਸੱਤ ਭਾਗਾਂ* ਵਿਚ ਵੰਡਿਆ ਗਿਆ ਹੈ। *ਪਹਿਲੇ ਭਾਗ* ਵਿਚ ਚਉਪਦੇ ਦੀ ਬਣਤਰ ਨੂੰ ਪੇਸ਼ ਕੀਤਾ ਗਿਆ ਹੈ। ਰਹਾਉ ਦੀਆਂ ਤੁਕਾਂ ਬਾਣੀ-ਰੂਪ ਚਉਪਦੇ ਦੀ ਬਣਤਰ ਦਾ ਮੁੱਖ ਲੱਛਣ ਹਨ। *ਦੂਜੇ ਭਾਗ ਵਿਚ* ਚਉਪਦੇ ਦੇ ਛੰਦ ਵਿਧਾਨ ਦਾ ਅਧਿਐਨ ਕੀਤਾ ਗਿਆ ਹੈ ਕਿ ਚਉਪਦਿਆਂ ਵਿਚ ਕਿੰਨੇ ਕਿਸਮ ਦੇ ਛੰਦ ਵਰਤੇ ਗਏ ਹਨ। ਚਉਪਦਿਆਂ ਦਾ ਛੰਦ ਪਦਿਆਂ ਦੀ ਔਸਤ ਅਨੁਸਾਰ ਸਾਹਮਣੇ ਆਇਆ ਹੈ। ਔਸਤ ਅਨੁਸਾਰ ਛੰਦ ਦੇ ਰੂਪ ਦਾ ਹੋਂਦ ਵਿਚ ਆਉਣ ਦਾ ਕਾਰਨ, ਲੋਕ ਪਰੰਪਰਾ ਤੋਂ ਲੋਕ-ਗੀਤਾਂ ਵਿਚ ਆਈ ਖੁਲ੍ਹ ਹੈ। ਗੁਰਬਾਣੀ ਲੋਕ ਹਿਤਾਂ ਦੇ ਸੰਚਾਰ ਨੂੰ ਧਿਆਨ ਵਿਚ ਰੱਖ ਕੇ ਰਚੀ ਗਈ ਹੈ। ਚਉਪਦੇ ਦਾ ਪਾਠ ਕਰਨ ਤੇ ਤੁਕਾਂਤ ਮਿਲਦਾ ਹੈ। ਤੁਕਾਂਤ ਦੀ ਸੁਮੇਲਤਾ ਤੋਂ ਬਾਅਦ ਮਾਤਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਚਉਪਦੇ ਵਿਚ ਕੇਵਲ ਮਾਤਰਿਕ ਛੰਦਾਂ ਦੀ ਭਰਮਾਰ ਹੈ, ਕਿਉਂਕਿ ਰਾਗ ਸਮੇਂ ਦੀ ਤਰਤੀਬ ਵਿਚ ਬੱਝੇ ਹੋਏ ਹਨ। ਇਸ ਤਰ੍ਹਾਂ ਮਾਤਰਾਵਾਂ ਇਕ ਸਮੇਂ ਦੇ ਘੇਰੇ ਦੀ ਤਰ੍ਹਾਂ ਅੱਗੇ ਅੱਗੇ ਜਾਂਦੀਆਂ ਹਨ। ਇਸ ਲਈ ਜਿਵੇਂ ਜਿਵੇਂ ਮਾਤਰਾ ਦੀ ਗਿਣਤੀ ਵਧਦੀ ਹੈ ਉਸ ਅਨੁਸਾਰ ਛੰਦ ਬਦਲਦਾ ਹੈ। ਇਸ ਤਰ੍ਹਾਂ ਆਰੋਹ ਅਵਰੋਹ ਹੋਂਦ ਵਿਚ ਆਉਂਦੀਆਂ ਹਨ। ਵਾਦੀ, ਸੰਵਾਦੀ ਸੁਰਾਂ ਹੋਣ ਕਾਰਨ, ਰਾਗ ਇਕ ਦੂਜੇ ਤੋਂ ਭਿੰਨ ਹੁੰਦੇ ਹਨ।

- _ਉਪਦੇ ਵਿਚ ਕੁਝ ਛੰਦ ਅਜਿਹੇ ਹਨ, ਜੋ ਮਾਤਰਾ ਦੇ ਘਟ ਵਧ ਹੋਣ ਕਾਰਨ ਵੰਨਗੀਆਂ ਵਿਚ ਆ ਜਾਂਦੇ ਹਨ। ਪਉੜੀ, ਚਤੁਸ਼ਪਦੀ, ਬਿਸ਼ਨਪਦ, ਸਿਰਖੰਡੀ, ਸਵੈਯੇ, ਡਿਊਢ, ਚੌਪਈ ਆਦਿ ਛੰਦਾਂ ਦੀ ਚਉਪਦੇ ਵਿਚ ਬਹੁਤਾਂਤ ਵੇਖੀ ਗਈ ਹੈ। ਮਾਝ ਰਾਗੁ, ਜੈਤਸਰੀ ਰਾਗੁ ਅਤੇ ਮਾਰੂ ਰਾਗੁ ਦੀ ਅੰਜੁਲੀ ਵਿਚ ਛੰਦਾਂ ਦਾ ਮਿਸ਼ਰਿਤ ਰੂਪ ਮਿਲਦਾ ਹੈ। ਇਹਨਾਂ ਚਉਪਦਿਆਂ ਦੀਆਂ ਦੋ ਤੁਕਾਂ ਵਿਚ ਚੌਪਈ ਅਤੇ ਤੀਜੀ ਤੁਕ ਵਿਚ ਲੀਲਾਵਤੀ ਛੰਦ ਦਾ ਰੂਪ ਹੈ। ਦੋ ਛੰਦਾਂ ਦੀਆਂ ਤੁਕਾਂ ਦੀ ਸੁਮੇਲਤਾ ਕਾਰਨ ਇਸ ਨੂੰ ਮਿਸ਼ਰਿਤ ਛੰਦ ਕਿਹਾ ਜਾਂਦਾ ਹੈ। ਇਹਨਾਂ ਤਿੰਨ ਰਾਗਾਂ ਦੇ ਚਉਪਦਿਆਂ ਦੀ ਔਸਤ ਸਿਰਖੰਡੀ ਛੰਦ ਅਨੁਸਾਰ ਹੋਂਦ ਵਿਚ ਆਉਂਦੀ ਹੈ।
- _ਕ ਘਰੁ ਵਿਚ ਰੂਪ ਬਦਲਣ ਕਾਰਨ ਦੋ ਛੰਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਸ ਸਮੇਂ ਤੁਕਾਂਤ ਵਿਚ ਭਿੰਨਤਾ ਹੁੰਦੀ ਹੈ ਅਤੇ ਗਾਇਨ ਦੀ ਬਹਰ ਵਿਚ ਜ਼ਿਆਦਾ ਫਰਕ ਨਹੀਂ ਆਉਂਦਾ।
- _ਹਨਾਂ ਛੰਦਾਂ ਦੇ ਰੂਪ ਨੂੰ ਸਪਸ਼ਟ ਕਰਨ ਲਈ ਛੰਦ ਅਤੇ ਸ਼ਬਦ ਅਨੁਸਾਰ ਸਾਰਨੀ ਬਣਾਈ ਗਈ ਹੈ। ਇਸ ਨਾਲ ਚਉਪਦੇ ਦੇ ਹਰ ਛੰਦ ਦੀ ਵਰਤੋਂ ਨੂੰ ਕ੍ਰਮ ਅਨੁਸਾਰ ਜਾਣਿਆ ਜਾ ਸਕਦਾ ਹੈ। ਬਾਰਾਂ ਮਾਤਰਾ ਵਾਲੇ ਛੰਦਾਂ, ਮਕਰਾ ਤੇ ਕਲਸ਼ ਦੀ ਵਰਤੋਂ ਸਭ ਤੋਂ ਘੱਟ ਵਾਰ ਅਰਥਾਤ ਇਕ ਵਾਰ ਕੀਤੀ ਗਈ ਹੈ। ਪੰਦਰਾਂ ਜਾਂ ਸੋਲਾਂ ਮਾਤਰਾ ਵਾਲੇ ਛੰਦਾਂ ਦੀ ਵਰਤੋਂ ਸਭ ਤੋਂ ਵੱਧ 443 ਦੇ ਕਰੀਬ ਕੀਤੀ ਗਈ ਹੈ। ਚਉਪਦਿਆਂ ਵਿਚ ਕੁਲ 25 ਛੰਦ ਵਰਤੇ ਗਏ ਹਨ।

*ਤੀਜੇ ਭਾਗ* ਵਿਚ ਚਉਪਦੇ ਦੀ ਵਰਤੋਂ ਵਿਚ ਆਏ *ਕਾਵਿ ਦੇ ਤੱਤ : ਪ੍ਰਤੀਕ, ਅਲੰਕਾਰ ਅਤੇ ਬਿੰਬ* ਦੀ ਵਰਤੋਂ ਸੰਬੰਧੀ ਜਾਣਿਆ ਗਿਆ ਹੈ। ਬਿੰਬ ਰਾਹੀਂ ਆਪਣੇ ਭਾਵਾਂ ਦੀ ਅਭਿਵਿਅਕਤੀ ਨੂੰ ਨਿਸ਼ਚਤ ਵਸਤੂ ਦੁਆਰਾ ਦੂਜਿਆਂ ਤਕ ਪਹੁੰਚਾਇਆ ਜਾਂਦਾ ਹੈ। ਪਾਠਕਾਂ ਵਿਚ ਉਹਨਾਂ ਭਾਵਾਂ ਦਾ ਸੰਚਾਰ ਸਮਾਨ ਉਪਮਾਨ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਹ ਕਵੀ ਦੀ ਬਿੰਬ ਸਿਰਜਣ ਦੀ ਅਸਲ ਦ੍ਰਿਸ਼ਟੀ ਹੁੰਦੀ ਹੈ। ਕਵੀ ਦਾ ਮਨ ਬਿੰਬਾਂ ਰਾਹੀਂ ਸੰਕਲਪਾਂ ਨੂੰ ਪੇਸ਼ ਕਰਕੇ, ਆਪਣੇ ਮਨ ਦਾ ਵਿਰੇਚਨ ਕਰਦਾ ਹੈ। ਪ੍ਰਤੀਕ ਮਨੁੱਖ ਦੇ ਸੰਕਲਪਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਨ। ਇਸ ਪ੍ਰਕਾਰ ਸਮੂਹਿਕ ਸੰਕਲਪਾਂ ਨੂੰ ਲੈ ਕੇ ਲਿਖੀ ਕਵਿਤਾ ਵਧੇਰੇ ਸੰਚਾਰ ਦਾ ਸਾਧਨ ਬਣਦੀ ਹੈ। ਗੁਰਬਾਣੀ ਵਿਚ ਆਮ ਤੌਰ ਤੇ ਸਮਾਜ ਨਾਲ ਸੰਬੰਧਿਤ ਪ੍ਰਤੀਕਾਂ ਨੂੰ ਲਿਆ ਜਾਂਦਾ ਹੈ। ਕਾਵਿ ਦਾ ਤੀਜਾ ਤੱਤ ਅਲੰਕਾਰ ਦੀ ਵਰਤੋਂ ਕਰਨ ਉਸ ਢੰਗ ਨਾਲ ਸੰਬੰਧਿਤ ਹੈ, ਜਿਥੇ ਕਿਸੇ ਵਿਸ਼ੇ ਦੇ ਸੰਕਲਪਾਂ ਨੂੰ ਗੁਣਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ।

- _ਾਵਿ ਵਿਚ ਅਲੰਕਾਰ ਦ੍ਰਿਸ਼ ਬਿੰਬਾਂ ਰਾਹੀਂ ਦ੍ਰਿਸ਼ਾਂ ਨੂੰ ਮਨ ਵਿਚ ਉਭਾਰ ਦਿੰਦੇ ਹਨ। ਬਿੰਬ ਅਤੇ ਪ੍ਰਤੀਕ ਇਕ ਦੂਜੇ ਨਾਲ ਜੁੜੇ ਹੋਏ ਹਨ। ਬਿੰਬ ਪ੍ਰਤੱਖ ਰੂਪ ਵਿਚ ਸਾਹਮਣੇ ਆ ਜਾਂਦੇ ਹਨ, ਜਦਕਿ ਪ੍ਰਤੀਕ ਅਰਥਾਂ ਦੇ ਰੂੜ ਹੋ ਜਾਣ ਤੋਂ ਬਾਅਦ ਸਾਹਮਣੇ ਆਉਂਦੇ ਹਨ। ਇਹ ਮਨੁੱਖ ਦੀ ਦਿਬ-ਦ੍ਰਿਸ਼ਟੀ ਦੇ ਵੀ ਸੂਚਕ ਮੰਨੇ ਗਏ ਹਨ। ਇਸ ਪ੍ਰਕਾਰ ਕਿਹਾ ਜਾ ਸਕਦਾ ਕਿ ਪ੍ਰਤੀਕ ਮਨੁੱਖ ਦੇ ਅਵਚੇਤਨ ਮਨ ਵਿਚ ਪਹੁੰਚ ਕੇ ਗ੍ਰਹਿਣ ਕੀਤੇ ਜਾਂਦੇ ਹਨ। ਇਸ ਸੰਚਾਰ ਦੇ ਪ੍ਰਭਾਵ ਦੁਆਰਾ ਮਨੁੱਖ ਰਹੱਸਾਤਮਕ ਸ੍ਰਿਸ਼ਟੀ ਦੀਆਂ ਪਰਤਾਂ ਨੂੰ ਜਾਣਨਾ ਚਾਹੁੰਦਾ ਹੈ।

ਇਸ ਅਧਿਆਇ ਦਾ *ਚੌਥਾ ਭਾਗ* ਚਉਪਦੇ ਦੀ *ਕਵੀ ਛਾਪ* ਨਾਲ ਸੰਬੰਧਿਤ ਹੈ। ਇਸ ਭਾਗ ਵਿਚ ਹਰ ਪ੍ਰਕਾਰ ਦੀ ਕਵੀ ਛਾਪ ਜਿਵੇਂ ਨਾਨਕ, ਕਬੀਰ, ਰਵਿਦਾਸ, ਨਾਮਦੇਵ ਆਦਿ ਦੀ ਵਰਤੋਂ ਪ੍ਰਤੀ ਚਰਚਾ ਕੀਤੀ ਗਈ ਹੈ। ਨਾਥਾਂ ਜੋਗੀਆਂ ਦੇ ਸਮੇਂ ਤੋਂ ਪਦਾਂ, ਸਲੋਕਾਂ ਵਿਚ ਕਵੀ ਛਾਪ ਦਰਜ ਹੈ। ਇਸ ਤਰ੍ਹਾਂ ਆਮ ਤੌਰ ਉੱਤੇ ਸਾਰੇ ਸ਼ਬਦਾਂ ਦੀ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦੀ ਕਵੀ ਛਾਪ ਮਿਲਦੀ ਹੈ। ਹਰ ਬਾਣੀਕਾਰ ਦੀ ਰਚਨਾ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪ ਅਤੇ ਮਹਲਾ ੫ ਮਹਲਾ ੯ ਤੱਕ ਆਮ ਤੌਰ ਉੱਤੇ ਅੰਤ ਵਾਲੀ ਤੁਕ ਵਿਚ ਨਾਨਕ ਸ਼ਬਦ ਦਰਜ ਹੈ। ਨਾਨਕ ਸ਼ਬਦ ਇਕ ਜੋਤ ਦੇ ਵੱਖ-ਵੱਖ ਸਰੂਪਾਂ ਦੀ ਏਕਤਾ ਦਾ ਪ੍ਰਮਾਣ ਹੈ।

- (ਾਨਕ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਕਿਸ ਪ੍ਰਕਾਰ ਸ਼ਬਦ ਜੋੜ ਅਨੁਸਾਰ ਕੀਤੀ ਗਈ ਹੈ ਇਸ ਨੂੰ ਤੁਕਾਂ ਦੇ ਅਧਿਐਨ ਅਨੁਸਾਰ ਜਾਣਿਆ ਗਿਆ ਹੈ। ਨਾਨਕ ਸ਼ਬਦ ਦੀ ਵਰਤੋਂ ਚਉਪਦੇ ਵਿਚ ਨਾਨਕ, ਨਾਨਕਿ ਅਤੇ ਨਾਨਕੁ ਸ਼ਬਦ ਜੋੜ ਅਨੁਸਾਰ ਕੀਤੀ ਗਈ ਹੈ। ਚਉਪਦਿਆਂ ਵਿਚ ਨਾਨਕ ਸ਼ਬਦ ਦੀ ਵਰਤੋਂ 1113 ਵਾਰ ਮਿਲਦੀ ਹੈ। ਨਾਨਕਿ ਸ਼ਬਦ 3 ਵਾਰ, ਨਾਨਕੁ ਸ਼ਬਦ 169 ਵਾਰ ਅਤੇ ਨਾਨਕਾ ਸ਼ਬਦ ਦੀ ਵਰਤੋਂ 12 ਵਾਰ ਕੀਤੀ ਗਈ ਹੈ। ਨਾਨਕ ਸ਼ਬਦ ਤੁਕਾਂ ਵਿਚ ਕਰਤਾ ਕਾਰਕ ਅਤੇ ਸੰਬੰਧ ਕਾਰਕ ਅਨੁਸਾਰ ਵਧੇਰੇ ਮਾਤਰਾ ਵਿਚ ਵੇਖਿਆ ਗਿਆ ਹੈ। ਨਾਨਕਾ ਸ਼ਬਦ ਸੰਬੋਧਨ ਕਾਰਕ ਅਨੁਸਾਰ ਹੁੰਦਾ ਹੈ। ਇਸ ਤੋਂ ਇਲਾਵਾ ਨਾਨਕਿ ਅਤੇ ਨਾਨਕੁ ਸ਼ਬਦ ਦੀ ਵਰਤੋਂ ਤੁਕਾਂ ਅਨੁਸਾਰ ਕਰਮ, ਕਰਨ ਅਤੇ ਕਾਰਕ ਅਨੁਸਾਰ

ਕੀਤੀ ਗਈ ਹੈ। ਇਸੇ ਤਰ੍ਹਾਂ ਕਬੀਰ, ਕਬੀਰੈ, ਕਬੀਰੁ ਸ਼ਬਦਾਂ ਨੂੰ ਤੁਕਾਂ ਅਨੁਸਾਰ ਕਰਤਾ, ਕਰਮ, ਸੰਬੰਧ, ਸੰਬੋਧਨ ਕਾਰਕ ਅਨੁਸਾਰ ਵਰਤੋਂ ਵਿਚ ਲਿਆਂਦਾ ਗਿਆ ਹੈ।

ਇਸ ਅਧਿਆਇ ਦੇ *ਪੰਜਵੇਂ ਭਾਗ* ਵਿਚ *ਚਉਪਦੇ ਦੀਸੰਬੋਧਨੀ ਸ਼ੈਲੀ* ਸੰਬੰਧੀ ਵਿਚਾਰ ਕੀਤੀ ਗਈ ਹੈ। ਸੰਬੋਧਨ ਦੇ ਸ਼ਬਦਾਂ ਦੁਆਰਾ ਮਨੁੱਖੀ ਮਨ ਦੀ ਬਿਰਤੀ ਦਾ ਗਿਆਨ ਹੁੰਦਾ ਹੈ। ਇਹਨਾਂ ਸੰਬੋਧਨਾਂ ਵਿਚ ਬੇਨਤੀ, ਹੁਕਮ, ਪ੍ਰੇਮ, ਗੁੱਸੇ ਗਿਲੇ ਦੇ ਮਨੋਭਾਵ ਛੁਪੇ ਹੁੰਦੇ ਹਨ। ਸੰਬੋਧਨੀ ਸ਼ੈਲੀ ਰਾਹੀਂ ਕਿਸੇ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਸੰਬੋਧਨ ਦੀ ਵਧੇਰੇ ਵਰਤੋਂ ਰਹਾਉ ਦੀਆਂ ਤੁਕਾਂ ਵਿਚ ਕੀਤੀ ਗਈ ਹੈ। ਇਸ ਤੋਂ ਇਲਾਵਾ ਕੁਝ ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਹਰ ਪਦੇ ਦੀ ਪਹਿਲੀ ਤੁਕ ਵਿਚ ਸੰਬੋਧਨ ਦੀ ਸੁਰ ਉਜਾਗਰ ਹੁੰਦੀ ਹੈ। ਸੰਬੋਧਨ ਦੀ ਵਰਤੋਂ ਦੁਆਰਾ ਸ਼ਬਦ ਦੇ ਸੰਚਾਰ ਰਾਹੀਂ ਯਾਚਨਾ ਦਾ ਸੰਕੇਤ ਮਿਲਦਾ ਹੈ।

- _ਉਪਦੇ ਵਿਚ ਸੰਬੋਧਨਾਂ ਦਾ ਪ੍ਰਯੋਗ ਅਧਿਕਤਰ ਕਾਰਕੀ ਅਤੇ ਪੜਨਾਂਵੀ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਕਾਰਕੀ ਰੂਪ ਵਿਚ ਸੰਬੋਧਨ ਵਾਕ ਦੀ ਬਣਤਰ ਵਿਚ ਛੁਪਿਆ ਹੁੰਦਾ ਹੈ। ਦੂਜੇ ਪੱਖ ਵਿਚ, ਪੜਨਾਂਵੀ ਰੂਪ ਤੂ, ਤੇਰਾ, ਤੁਧ ਆਦਿ ਪ੍ਰਭੂ ਪਰਮਾਤਮਾ ਲਈ ਵਰਤੇ ਗਏ ਹਨ। ਇਹ ਮਧਮ ਪੁਰਖ ਦੀ ਪਹਿਚਾਣ ਕਰਵਾਉਂਦੇ ਹਨ।

*ਛੇਵੇਂ ਭਾਗ* ਵਿਚ *ਚਉਪਦਿਆਂ ਵਿਚ ਵਰਤੇ ਅਖਾਣ, ਮੁਹਾਵਰੇ ਅਤੇ ਬੁਝਾਰਤਾਂ* ਨੂੰ ਪੇਸ਼ ਕੀਤਾ ਹੈ। ਅਖਾਣ ਸਮਾਜ ਵਿਚ ਇਕ ਦੂਜੇ ਨੂੰ ਵਿਅੰਗ, ਮਸ਼ਕਰੀ ਅਤੇ ਪ੍ਰਤੱਖ ਪ੍ਰਮਾਣ ਦੇਣ ਲਈ ਵਰਤੇ ਜਾਂਦੇ ਹਨ। ਮੁਹਾਵਰੇ ਵਿਹਾਰਕ ਰੂਪ ਦੇਣ ਵਾਲੇ ਵਾਕ ਲਈ ਅਰਥਾਂ ਦੇ ਸਮੂਹ ਦੁਆਰਾ ਹੋਂਦ ਵਿਚ ਆਉਂਦੇ ਹਨ। ਇਸੇ ਤਰ੍ਹਾਂ ਬੁਝਾਰਤ ਸੰਕੇਤਕ ਸ਼ਬਦਾਵਲੀ ਰਾਹੀਂ ਮੂਲ ਤਕ ਪਹੁੰਚਣ ਦਾ ਕਾਰਜ ਕਰਦੀ ਹੈ।

- _ਉਪਦਾ ਰੂਪ ਵਿਚ ਅਖਾਣਾਂ ਦੀ ਵਰਤੋਂ ਚਾਰ ਪ੍ਰਕਾਰ ਨਾਲ ਵੇਖੀ ਗਈ ਹੈ। ਕੁਝ ਅਖਾਣਾਂ ਵਿਚ ਵਾਕ ਦੀ ਬਣਤਰ ਸਿੱਧੇ ਢੰਗ ਨਾਲ ਦਰਸਾਈ ਹੁੰਦੀ ਹੈ। ਕੁਝ ਅਖਾਣ ਸਥਿਤੀ ਤੋਂ ਪਾਰ ਜਾਣ ਦੀ ਸਮਰੱਥਾ ਰੱਖਦੇ ਹਨ। ਇਹਨਾਂ ਅਖਾਣਾਂ ਵਿਚ ਵਾਕ ਦੀ ਬਣਤਰ ਕੁਝ ਛੁਪੇ ਅਰਥਾਂ ਵਿਚ ਹੁੰਦੀ ਹੈ। ਇਸ ਤੋਂ ਇਲਾਵਾ ਕੁਝ ਅਖਾਣ ਵਿਰੋਧੀ ਅਰਥਾਂ ਨੂੰ ਪੇਸ਼ ਕਰਦੇ ਹਨ। ਮੁਹਾਵਰੇ ਮਨੁੱਖੀ ਮਨ ਦੀ ਅਭਿਵਿਅਕਤੀ ਹੁੰਦੇ ਹਨ। ਬੁਝਾਰਤ ਵਿਚ ਵਰਤੇ ਗਏ ਬਿੰਬ ਅਤੇ ਪ੍ਰਤੀਕ, ਸੰਕੇਤਾਂ ਰਾਹੀਂ ਗਿਆਨ ਦੀ ਪ੍ਰਾਪਤੀ ਦਾ ਸਾਧਨ ਬਣਦੇ ਹਨ।

*ਸਤਵੇਂ ਭਾਗ* ਵਿਚ *ਚਉਪਦੇ ਦੀ ਭਾਸ਼ਾ* ਸੰਬੰਧੀ ਵਿਚਾਰ ਕੀਤੀ ਗਈ ਹੈ। ਉਸ ਸਮੇਂ ਭਾਸ਼ਾ ਨੂੰ ਟਕਸਾਲੀ ਬਣਾਉਣਾ ਉਦੇਸ਼ ਨਾ ਹੋ ਕੇ, ਭਾਸ਼ਾ ਨੂੰ ਸੰਦੇਸ਼ ਵਾਹਕ ਤੌਰ `ਤੇ ਲਿਆ ਗਿਆ ਹੈ। ਇਸ ਲਈ ਗੁਰਬਾਣੀ ਦੀ ਭਾਸ਼ਾ ਵਿਚ ਵਿਆਕਰਨ ਦੇ ਰੂਪਾਂ (ਕਾਰਕ, ਸੰਬੰਧਕ, ਯੋਜਕ, ਕਿਰਿਆ) ਵਿਚ ਪੁਰਾਤਨ ਅਤੇ ਨਵੀਨ ਭਾਸ਼ਾ ਦਾ ਮਿਸ਼ਰਨ ਮਿਲਦਾ ਹੈ। ਇਸ ਤੋਂ ਇਲਾਵਾ ਵਿਆਕਰਨ ਦੇ ਇਹਨਾਂ ਰੂਪਾਂ ਦੇ ਪਰਿਵਰਤਨ ਨੂੰ ਵੇਖਿਆ ਗਿਆ ਹੈ।

ਖੋਜ ਪ੍ਰਬੰਧ ਦਾ *ਪੰਜਵਾਂ ਅਧਿਆਇਚਉਪਦੇ ਦੇ ਸੰਪਾਦਨਾ-ਸਿਧਾਂਤ* ਨਾਲ ਸੰਬੰਧਿਤ ਹੈ। ਇਸਦੇ ਕੁਲ ਪੰਜ ਭਾਗ ਹਨ। *ਪਹਿਲੇ ਭਾਗ* ਵ੍ਿਚ *'ਮੂਲ-ਮੰਤਰ ਪ੍ਰਬੰਧ'* ਦੀ ਚਉਪਦਿਆਂ ਦੇ ਸਿਰਲੇਖ ਵਿਚ ਕੀਤੀ ਵਰਤੋਂ ਨੂੰ ਪੇਸ਼ ਕੀਤਾ ਹੈ।

- ੪ੰਪਾਦਨਾ ਦੀ ਦ੍ਰਿਸ਼ਟੀ ਤੋਂ ਚਉਪਦਾ ਦਰਜ ਕਰਨ ਵੇਲੇ ਮੁਖ ਸਿਰਲੇਖ ਵਿਚ ਮੂਲ-ਮੰਤਰ ਦਾ ਕੋਈ ਇਕ ਰੂਪ ਸ਼ਾਮਲ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ-ਮੰਤਰ ਦੇ ਚਾਰ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਚਉਪਦਿਆਂ ਵਿਚ ਮੂਲ-ਮੰਤਰ ਦੇ ਰੂਪਾਂ ਦੀ ਗਿਣਤੀ ਅਤੇ ਵਰਤੋਂ ਗਿਣਤੀ ਕਿੰਨੀ ਹੈ ਇਸ ਦਾ ਅਧਿਐਨ ਵੀ ਕੀਤਾ ਗਿਆ ਹੈ।

*ਦੂਜੇ ਭਾਗ* ਵ੍ਿਚ *ਰਾਗ ਪ੍ਰਬੰਧ* ਦੀ ਤਰਤੀਬ ਨੂੰ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ। ਹਰ ਰਾਗ ਵਿਚ ਤਰਤੀਬ ਅਨੁਸਾਰ ਪਹਿਲਾ ਚਉਪਦੇ, ਅਸ਼ਟਪਦੀਆਂ, ਹੋਰ ਬਾਣੀਆਂ, ਛੰਤ ਬਾਣੀ, ਵਾਰਾਂ ਅਤੇ ਫਿਰ ਭਗਤ ਬਾਣੀ ਦਰਜ ਹੈ।

- ੧ਰ ਰਾਗ ਦੇ ਸਿਰਲੇਖ ਵਿਚ ਬਾਣੀਕਾਰ ਤੋਂ ਬਾਅਦ ਘਰੁ ਦਾ ਸਿਰਲੇਖ ਦਿੱਤਾ ਗਿਆ ਹੈ ਜਿਸ ਨਾਲ ਹਰ ਬਾਣੀਕਾਰ ਦੁਆਰਾ ਘਰੁ ਅਨੁਸਾਰ ਗਾਇਨ ਦੀ ਜਾਣਕਾਰੀ ਮਿਲਦੀ ਹੈ। ਕੁਝ ਰਾਗਾਂ ਦੇ ਸਿਰਲੇਖ ਵਿਚ ਇਕਪਦੇ, ਦੁਪਦੇ, ਤਿਪਦੇ, ਚਉਪਦੇ ਸਿਰਲੇਖ ਵਿਚ ਸ਼ਾਮਲ ਹੈ। ਇਸ ਪ੍ਰਕਾਰ ਹਰ ਰਾਗ ਦੇ ਸਿਰਲੇਖ ਬਾਣੀਕਾਰ ਦੁਆਰਾ ਕਿਹੜੇ ਰਾਗ ਵਿਚ ਕਿੰਨੀ ਬਾਣੀ ਦਰਜ ਹੈ। ਇਸ ਸੰਬੰਧੀ ਜਾਣਕਾਰੀ ਮਿਲਦੀ ਹੈ।

*ਤੀਜੇ ਭਾਗ* ਵਿਚ *ਬਾਣੀਕਾਰ ਪ੍ਰਬੰਧ* ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ *ਮਹਲਾ ਪ੍ਰਬੰਧ* ਅਤੇ *ਭਗਤ ਪ੍ਰਬੰਧ* ਬਾਰੇ ਵਿਸਤਾਰ ਸਹਿਤ ਵਿਚਾਰ ਪੇਸ਼ ਕੀਤੇ ਗਏ ਹਨ।

*ਬਾਣੀਕਾਰ ਪ੍ਰਬੰਧ* ਅਜਿਹੀ ਤਰਤੀਬ ਹੈ, ਜਿਸ ਰਾਹੀਂ ਹਰ ਬਾਣੀਕਾਰ ਦੀ ਵਰਤੋਂ ਵਿਚ ਆਈ ਬਾਣੀ ਜੁਗਤ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਬਾਣੀਕਾਰ ਪ੍ਰਬੰਧ ਨੂੰ ਵਿਸਥਾਰ ਸਹਿਤ ਘੋਖਣ ਲਈ ਹਰ ਰਾਗ `ਚ ਚਉਪਦਿਆਂ ਦੇ ਮਹਲਾ ਪ੍ਰਬੰਧ ਅਨੁਸਾਰ ਰਾਗ, ਘਰੁ, ਤੁਕਾਂ, ਬਾਣੀਕਾਰ, ਸਿਰਲੇਖ ਆਦਿ ਦੀ ਜਾਣਕਾਰੀ ਦਿੱਤੀ ਗਈ ਹੈ।

*ਚੌਥੇ ਭਾਗ* ਵਿਚ *ਘਰੁ ਪ੍ਰਬੰਧ* ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਇਸ ਦਾ ਸਰਵੇਖਣ ਕੀਤਾ ਗਿਆ ਹੈ ਕਿ ਹਰ ਘਰੁ ਦੀ ਵਰਤੋਂ ਚਉਪਦਿਆਂ ਵਿਚ ਕਿੰਨੀ ਵਾਰ ਕੀਤੀ ਗਈ ਹੈ।

- ੧ਰ ਰਾਗ ਦੇ ਚਉਪਦਿਆਂ ਦੀ ਸਾਰਨੀ ਬਾਣੀਕਾਰ ਅਤੇ ਘਰੁ ਪ੍ਰਬੰਧ ਅਨੁਸਾਰ ਬਣਾਈ ਗਈ ਹੈ। ਇਸ ਪ੍ਰਕਾਰ ਚਉਪਦਿਆਂ ਵਿਚ ਘਰੁ ਪ੍ਰਬੰਧ ਦੀ ਵਰਤੋਂ ਗੁਰੂ ਕਵੀਆਂ ਅਤੇ ਭਗਤ ਕਵੀਆਂ ਦੁਆਰਾ 266 ਵਾਰ ਕੀਤੀ ਗਈ ਹੈ। ਚਉਪਦਿਆਂ ਵਿਚ ਸਤਾਰਾਂ ਘਰਾਂ ਦੀ ਵਰਤੋਂ ਕੀਤੀ ਗਈ ਹੈ। ਸਭ ਤੋਂ ਵਧ ਘਰੁ ੧ ਦੀ ਵਰਤੋਂ ੮੫ ਵਾਰ ਅਤੇ ਸਭ ਤੋਂ ਘਟ ਘਰੁ ੧੭ ਦੀ ਵਰਤੋਂ ਇਕ ਵਾਰ ਕੀਤੀ ਗਈ ਹੈ। ਬਾਣੀਕਾਰਾਂ ਵਿਚੋਂ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵਧੇਰੇ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਹੈ। ਉਹਨਾਂ ਨੇ ਚਉਪਦਿਆਂ ਵਿਚ 129 ਵਾਰ ਘਰੁ ਪ੍ਰਬੰਧ ਦੀ ਵਰਤੋਂ ਕੀਤੀ ਹੈ।

ਇਸ ਅਧਿਆਇ ਦਾ *ਪੰਜਵਾਂ ਭਾਗਅੰਕਣ ਪ੍ਰਬੰਧ* ਨਾਲ ਸੰਬੰਧਿਤ ਹੈ। ਅੰਕਣ ਪ੍ਰਬੰਧ ਨੂੰ ਵੇਖ ਕੇ ਚਉਪਦਿਆਂ ਦੀ ਅਸਲ ਗਿਣਤੀ ਦਾ ਪਤਾ ਲਗਦਾ ਹੈ। ਇਸ ਭਾਗ ਵਿਚ ਅੰਕਣ ਪ੍ਰਬੰਧ ਨੂੰ ਸਾਰਨੀ ਦੁਆਰਾ ਜਾਂਚਿਆ ਗਿਆ ਹੈ। ਇਸ ਸਾਰਨੀ ਵਿਚ ਇਕ ਪਦਾ, ਦੁਪਦਾ, ਤਿਪਦਾ, ਚਉਪਦਾ ਦੀ ਵੱਖਰੀ ਗਿਣਤੀ ਕੀਤੀ ਗਈ ਹੈ।

- _ਉਪਦਿਆਂ ਦੇ ਅੰਕਣ ਪ੍ਰਬੰਧ ਦਾ ਸਰਵੇਖਣ ਕਰਨ ਤੇ ਵੱਖ-ਵੱਖ ਅੰਕੜੇ ਪ੍ਰਾਪਤ ਹੋਏ ਹਨ। ਰਤਨ ਸਿੰਘ ਜੱਗੀ ਦੁਆਰਾ ਚਉਪਦਿਆਂ ਦੀ ਗਿਣਤੀ 2187 ਦੇ ਲਗਭਗ ਅੰਕਿਤ ਕੀਤੀ ਗਈ ਹੈ। ਚਰਨ ਸਿੰਘ ਅਨੁਸਾਰ 1378 ਚਉਪਦੇ ਹਨ। ਜੋਗਿੰਦਰ ਸਿੰਘ ਤਲਵਾੜਾ ਅਨੁਸਾਰ 1365 ਚਉਪਦੇ ਅੰਕਿਤ ਕੀਤੇ ਗਏ ਹਨ। ਰਤਨ ਸਿੰਘ ਜੱਗੀ ਦੁਆਰਾ ਇਕ ਪਦਾ, ਦੁਪਦਾ, ਤਿਪਦਾ, ਚਉਪਦਾ ਨੂੰ ਮਿਲਾ ਕੇ ਚਉਪਦਿਆਂ ਦੀ ਗਿਣਤੀ ਦੱਸੀ ਗਈ ਹੈ। ਚਰਨ ਸਿੰਘ ਅਤੇ ਜੋਗਿੰਦਰ ਸਿੰਘ ਤਲਵਾੜਾ ਅਨੁਸਾਰ ਕੇਵਲ ਚਉਪਦਿਆਂ ਦੀ ਗਿਣਤੀ ਪੇਸ਼ ਕੀਤੀ ਗਈ ਹੈ। ਇਸ ਖੋਜ ਕਾਰਜ ਅਨੁਸਾਰ ਚਉਪਦਿਆਂ ਦੀ ਗਿਣਤੀ 1395 ਪ੍ਰਾਪਤ ਹੋਈ ਹੈ। ਇਸ ਅੰਕਣ ਪ੍ਰਬੰਧ ਦੀ ਜਾਣਕਾਰੀ ਨੂੰ ਸਾਰਨੀ ਦੁਆਰਾ ਵਿਖਾਇਆ ਗਿਆ ਹੈ। ਇਹ ਸਾਰਨੀ ਅਧਿਆਇ ਵਿਚ ਦਰਜ ਹੈ।

*ਛੇਵਾਂ* ਜਾਂ *ਅੰਤਿਮ ਅਧਿਆਇਚਉਪਦੇ ਦੀ ਵਿਲੱਖਣਤਾ* ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਚਉਪਦੇ ਦੀ ਦੂਜੇ ਬਾਣੀ-ਰੂਪਾਂ ਨਾਲੋਂ ਵਿਲੱਖਣਤਾ ਬਾਰੇ ਦੱਸਿਆ ਗਿਆ ਹੈ।

- _ਉਪਦੇ ਦਾ ਮੁਖ ਲੱਛਣ ਚਾਰ ਪਦੇ ਹਨ। ਚਉਪਦੇ ਦੀ ਵਿਲੱਖਣਤਾ ਦਾ ਕਾਰਨ ਰਹਾਉ ਦੀ ਤੁਕਾਂ ਵੀ ਹਨ। ਇਹ ਤੁਕਾਂ ਸ਼ਬਦ ਦੇ ਮੂਲ ਭਾਵ ਵਿਚ ਸਹਾਈ ਹੁੰਦੀਆਂ ਹਨ। ਇਸ ਤੋਂ ਇਲਾਵਾ ਰਾਗ, ਘਰੁ ਪ੍ਰਬੰਧ, ਸੰਗੀਤ ਦੇ ਪੱਖ ਅਤੇ ਛੰਦ ਵਿਧਾਨ ਅਨੁਸਾਰ ਚਉਪਦੇ ਦਾ ਮੁਹਾਂਦਰਾ ਨਿੱਖੜ ਕੇ ਸਾਹਮਣੇ ਆਉਂਦਾ ਹੈ।

ਇਸ ਅਧਿਆਇ ਦੇ *ਪਹਿਲੇ ਭਾਗ* ਵਿਚ *ਲੋਕਪ੍ਰਿਯ ਚਉਪਦੇ*ਦਰਜ ਹਨ। ਇਥੇ ਉਹਨਾਂ ਲੋਕਪ੍ਰਿਯ ਚਉਪਦਿਆਂ ਦਾ ਸਰਵੇਖਣ ਕੀਤਾ ਗਿਆ ਹੈ ਜੋ ਪਾਠਕਾਂ ਦੀ ਯਾਦ ਸ਼ਕਤੀ ਦਾ ਹਿੱਸਾ ਬਣੇ ਹਨ ਅਤੇ ਇਹਨਾਂ ਸ਼ਬਦਾਂ ਦਾ ਕੀਰਤਨ ਵਧੇਰੇ ਕੀਤਾ ਜਾਂਦਾ ਹੈ।

- 8ਰਵੇਖਣ ਅਨੁਸਾਰ 62 ਲੋਕਪ੍ਰਿਯ ਚਉਪਦਿਆਂ ਵਿਚੋਂ 37 ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਰਹਾਉ ਦੀਆਂ ਤੁਕਾਂ ਨੂੰ ਦੁਹਰਾਉ ਦੀ ਤੁਕ ਵਜੋਂ ਲਿਆ ਗਿਆ ਹੈ। ਇਸ ਤੋਂ ਇਲਾਵਾ 25 ਚਉਪਦੇ ਅਜਿਹੇ ਹਨ, ਜਿਨ੍ਹਾਂ ਵਿਚ ਮੂਲ ਭਾਵ ਸ਼ਬਦ ਦੀ ਕਿਸੇ ਹੋਰ ਤੁਕ ਦੁਆਰਾ ਪੇਸ਼ ਹੋ ਰਿਹਾ ਹੈ। ਇਥੇ ਸੰਕੇਤ ਮਿਲਦਾ ਕਿ ਬਾਣੀ-ਰੂਪ ਚਉਪਦਿਆਂ ਵਿਚ 45% ਮੂਲ ਭਾਵ ਸ਼ਬਦ ਦੀ ਕਿਸੇ ਵੀ ਤੁਕ ਵਿਚੋਂ ਲਿਆ ਜਾ ਸਕਦਾ ਹੈ। ਗੁਰਬਾਣੀ ਦੀ ਜੁਗਤ ਅਨੁਸਾਰ ਰਹਾਉ ਨੂੰ ਹੀ ਮੂਲ ਭਾਵ ਅਨੁਸਾਰ ਲਿਆ ਜਾਂਦਾ ਹੈ। ਇਹ ਸੰਕਲਪ ਰਾਗੀ ਸਿੰਘਾਂ ਲਈ ਚਿੰਤਨ ਦਾ ਵਿਸ਼ਾ ਹੈ।

ਇਸ ਅਧਿਆਇ ਦੇ *ਦੂਜੇ ਭਾਗ* ਵਿਚ *ਸਿੱਖ ਸਮਾਜ ਦੀਆਂ ਰੀਤਾਂ ਰਸਮਾਂ ਲਈ ਨਿਰਧਾਰਿਤ ਚਉਪਦੇ* ਦਰਜ ਹਨ। ਇਸ ਭਾਗ ਵਿਚ ਗੁਰਬਾਣੀ ਮਨੁੱਖੀ ਜੀਵਨ ਦਾ ਹਿੱਸਾ ਵਿਅਕਤੀਗਤ ਅਤੇ ਸਭਿਆਚਾਰਕ ਰੂਪ ਅਨੁਸਾਰ ਬਣਦੀ ਹੈ। ਇਸ ਤੋਂ ਇਲਾਵਾ ਜਨਮ, ਵਿਆਹ, ਮੌਤ ਨਾਲ ਸੰਬੰਧਿਤ ਚਉਪਦੇ ਮਨੁੱਖੀ ਮਨ ਦੀਆਂ ਭਾਵਨਾਵਾਂ ਨਾਲ ਜੁੜੇ ਹੋਏ ਹਨ।

- 5?ਅਕਤੀਗਤ ਰੂਪ ਵਿਚ ਮਨੁੱਖ ਗਿਆਨ ਪ੍ਰਾਪਤ ਕਰਕੇ ਆਤਮਾ ਦੇ ਅਸਲ ਸੱਚ ਨੂੰ ਜਾਣਨਾ ਚਾਹੁੰਦਾ ਹੈ। ਇਸ ਤਰ੍ਹਾਂ ਗੁਰਬਾਣੀ ਮਨੁੱਖ ਦੇ ਵਿਵਹਾਰਿਕ ਜੀਵਨ ਵਿਚ ਪਰਿਵਰਤਨ ਕਰਦੀ ਹੈ। ਸਮਾਜ ਨੂੰ ਮਰਯਾਦਾ ਵਿਚ ਬੰਨ੍ਹਣ ਲਈ ਸਭਿਆਚਾਰ ਸਹਾਈ ਹੁੰਦਾ ਹੈ। ਇਸ ਨਾਲ ਸਮਾਜਿਕ ਜੀਵਨ ਸਕਾਰਾਤਮਕ ਵਿਚਾਰਾਂ ਦਾ ਧਾਰਨੀ ਬਣਦਾ ਹੈ। ਇਹਨਾਂ ਸਿਧਾਤਾਂ ਦੀ ਸਾਰਥਕਤਾ ਤੱਕ ਪਹੁੰਚਣ ਵਾਸਤੇ ਲੋਕ ਕਾਵਿ-ਰੂਪਾਂ ਨੂੰ ਆਧਾਰ ਬਣਾ ਕੇ ਗੁਰਬਾਣੀ ਸਿਰਜੀ ਗਈ ਹੈ।

ਸਾਰ ਰੂਪ ਵਿਚ ਮੇਰੇ ਖੋਜ ਪ੍ਰਬੰਧ ਬਾਰੇ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ : ਛੰਦਾਂ ਦੀ ਵਰਤੋਂ ਵੇਦਾਂ ਦੇ ਸਮੇਂ ਤੋਂ ਹੀ ਕੀਤੀ ਜਾਂਦੀ ਹੈ। ਵੇਦਾਂ ਵਿਚ ਵਰਣਿਕ ਛੰਦ ਤੋਂ ਬਾਅਦ ਸੰਸਕ੍ਰਿਤ ਸਾਹਿਤ ਵਿਚ ਵਰਣਿਕ ਅਤੇ ਮਾਤਰਿਕ ਛੰਦ ਹੋਂਦ ਵਿਚ ਆਏ। ਵੇਦਾਂ ਅਤੇ ਪਾਲੀ ਸਾਹਿਤ ਦੀਆਂ ਗਾਥਾਵਾਂ ਵਿਚ ਸਮਾਜ ਦੇ ਸੰਕਲਪਾਂ ਦਾ ਮੌਖਿਕ ਸਾਹਿਤ ਸੀ, ਇਸੇ ਮੌਖਿਕ ਸਾਹਿਤ ਨੇ ਲੋਕ-ਗੀਤਾਂ ਦੀ ਸਿਰਜਣਾ ਲਈ ਨੀਂਹ ਰੱਖੀ। ਲੋਕ-ਗੀਤਾਂ ਤੋਂ ਬਾਅਦ ਬਿਸ਼ਨਪਦੇ ਹੋਂਦ ਵਿਚ ਆਏ। ਲੋਕ-ਗੀਤਾਂ ਅਤੇ ਚਉਪਦਿਆਂ ਦਾ ਰੂਪ ਨਿਸ਼ਚਿਤ ਕੀਤਾ ਗਿਆ, ਜਿਸ ਨਾਲ ਦੁਪਦੇ, ਤਿਪਦੇ, ਚਉਪਦੇ ਦਾ ਰੂਪ ਹੋਂਦ ਵਿਚ ਆਇਆ। ਇਸ ਤਰ੍ਹਾਂ ਲੋਕ-ਗੀਤ ਅਤੇ ਚਉਪਦੇ ਪ੍ਰਕਿਰਤੀ ਅਨੁਸਾਰ ਵੱਖ-ਵੱਖ ਰੂਪਾਂ ਵਿਚ ਵੇਖੇ ਗਏ। ਇਸ ਤੋਂ ਬਾਅਦ ਲੋਕ-ਗੀਤ ਅਤੇ ਚਉਪਦੇ ਵਿਚ ਗਾਇਨ ਪੱਖ ਤੋਂ ਤਾਲ਼ ਦੀ ਸਮਾਨਤਾ ਵੇਖੀ ਗਈ। ਘਰੁ ਪ੍ਰਬੰਧ ਅਨੁਸਾਰ ਗਾਇਨ ਕਰਨ ਲਈ ਮੰਦਰ, ਮਧ, ਤਾਰ ਸੁਰ ਦੇ ਬਦਲਾਵ ਅਨੁਸਾਰ ਗਾਇਨ ਕਰਨ ਨਾਲ ਮਨੁੱਖ ਜੀਵਨ ਦੇ ਰਹੱਸ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਤਰ੍ਹਾਂ ਸਮਾਜਿਕ ਵਿਸ਼ਿਆਂ ਦੇ ਇਤਿਹਾਸ ਦੀਆਂ ਕੁਰੀਤੀਆਂ ਮਨੁੱਖ ਦੇ ਮਨ ਦੀਆਂ ਸਮੱਸਿਆਂ ਨਾਲ ਜੁੜੀਆਂ ਹਨ। ਗੁਰੂ ਸਾਹਿਬਾਨ ਨੇ ਮਨੁੱਖ ਦੀ ਚੇਤਨਾ ਦੇ ਪੱਧਰ ਨੂੰ ਤਰਕ ਅਨੁਸਾਰ ਸਮਝਾਉਂਦੇ ਹੋਏ, ਬਾਹਰੀ ਆਡੰਬਰਾਂ ਤੋਂ ਵਰਜਿਆ ਹੈ। ਇਸ ਵਾਸਤੇ ਨਾਮ ਨੂੰ ਜੀਵਨ ਦਾ ਸਿਧਾਂਤ ਬਣਾਉਣਾ ਚਾਹੀਦਾ ਹੈ। ਇਸ ਲਈ ਅਕਾਲ ਪੁਰਖ ਨੇ ਗੁਰੂ ਨੂੰ ਸਿੱਖ ਰਾਜ ਵਿਸਤਾਰ ਨਾਮ ਦੁਆਰਾ ਕਰਨ ਦੀ ਪਧਵੀ ਸੌਂਪੀ ਹੈ। ਇਹਨਾ ਸੰਭਾਵਨਾਵਾਂ ਨੂੰ ਸਾਰਥਕ ਕਰਨ ਵਾਸਤੇ ਸੁਰਾਂ ਦੇ ਆਰੋਹ, ਅਵਰੋਹ ਦਾ ਧਿਆਨ ਰੱਖਦੇ ਹੋਏ, ਸੰਬੋਧਨੀ ਸ਼ੈਲੀ ਵਿਚ ਡੂੰਘੇਰੇ ਚਿੰਤਨ ਨੂੰ ਵਿਚਾਰਨਾ ਚਾਹੀਦਾ ਹੈ। ਇਸ ਦੀ ਸੰਭਾਵਨਾ ਗਾਇਨ ਪੱਖ ਦੁਆਰਾ ਪ੍ਰਤੀਕਾਂ, ਅਲੰਕਾਰਾਂ ਬਿੰਬਾਂ ਨੂੰ ਮਨ ਵਿਚ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਬਾਅਦ ਹੀ ਮਨੁੱਖ ਚਉਪਦੇ ਦੀ ਸਾਰਥਕਤਾ ਵੀ ਸਮਝ ਸਕਦਾ ਹੈ। ਇਹਨਾਂ ਸਾਰੇ ਪੜਾਵਾਂ `ਚੋਂ ਨਿਕਲਣ ਤੋਂ ਬਾਅਦ ਮਨੁੱਖ ਦੇ ਚਿੰਤਨ ਦਾ ਪੱਧਰ ਵਿਸ਼ਾਲ ਹੋ ਜਾਂਦਾ ਹੈ। ਮਨੁੱਖ ਜੀਵਨ ਵਿਚ ਅਨੰਦ ਦੀ ਪ੍ਰਾਪਤੀ ਲਈ (ਸ਼ਬਦ) ਨਾਮ ਨੂੰ ਗ੍ਰਹਿਣ ਕਰਦਾ ਹੈ।

ਇਸ ਖੋਜ ਕਾਰਜ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਅਸ਼ਟਪਦੀਆਂ ਅਤੇ ਸਵੱਈਏ ਆਦਿ ਕਾਵਿ-ਰੂਪਾਂ ਸੰਬੰਧੀ ਖੋਜ ਕਾਰਜ ਕੀਤਾ ਜਾ ਸਕਦਾ ਹੈ। ਇਹ ਖੋਜ ਕਾਰਜ ਦੂਜੇ ਬਾਣੀ-ਰੂਪਾਂ ਦਾ ਵਿਸ਼ਲੇਸ਼ਣ ਕਰਨ ਵਿਚ ਸਹਾਈ ਹੋਵੇਗਾ।

# ਐਬਸਟ੍ਰੈਕਟ (Abstract)

ਇਸ ਖੋਜ ਪ੍ਰਬੰਧ ਦਾ ਸਿਰਲੇਖ *ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ* ਹੈ। ਚਉਪਦਾ ਪਦੇ ਦੇ ਵਿਗਾਸ ਨਾਲ ਹੋਂਦ ਵਿਚ ਆਇਆ। ਚਾਰ ਪਦਾ ਦੇ ਸਮੂਹ ਨੂੰ ਚਉਪਦਾ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਉਪਦਿਆਂ ਦੀ ਕੁਲ ਗਿਣਤੀ 1395 ਹੈ। ਚਉਪਦਾ ਕੀਰਤਨ ਦੀ ਪ੍ਰਧਾਨ ਬਾਣੀ ਹੈ, ਇਹ ਉਸਦੀ ਰੂਪ ਖ਼ੂਬਸੂਰਤੀ ਕਾਰਨ ਸੰਭਵ ਹੋਇਆ ਹੈ। ਬਾਣੀ-ਰੂਪ ਚਉਪਦਾ ਵਸਤੂ ਤੇ ਰੂਪ ਦੀ ਸੁਮੇਲਤਾ ਦੁਆਰਾ ਪੇਸ਼ ਕੀਤਾ ਗਿਆ ਹੈ। ਬਾਣੀ-ਰੂਪ ਚਉਪਦੇ ਦੇ ਰੂਪ ਨੂੰ ਛੰਦ ਅਨੁਸਾਰ ਅਧਿਐਨ ਕਰਨ ਉਤੇ 25 ਛੰਦ ਵਰਤੇ ਮਿਲਦੇ ਹਨ। ਬਾਣੀ-ਰੂਪ ਚਉਪਦੇ ਦੇ ਰੂਪ ਵਿਚ ਵੱਖਰਤਾ ਰਾਗਾਂ ਦੇ ਕ੍ਰਮ ਅਤੇ ਘਰੁ ਪ੍ਰਬੰਧ ਅਨੁਸਾਰ ਨਜ਼ਰ ਆਉਂਦੀ ਹੈ। ਚਉਪਦਿਆਂ ਵਿਚ ਘਰੁ ਪ੍ਰਬੰਧ ਅਨੁਸਾਰ ਪਹਿਲੇ ਘਰੁ ਦੀ ਵਰਤੋਂ ਵਧੇਰੇ ਹੋਈ ਹੈ। ਚਉਪਦਿਆਂ ਵਿਚ ਘਰੁ 14, 15, 16, 17 ਦੀ ਵਰਤੋਂ ਕੇਵਲ ਇਕ ਵਾਰ ਹੋਈ ਹੈ। ਇਹਨਾਂ ਘਰਾਂ ਵਿਚ ਚਉਪਦੇ ਨੂੰ ਗਾਇਨ ਕਰਨਾ, ਮੁਸ਼ਕਿਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਚਉਪਦਿਆਂ ਵਿਚ ਘਰੁ ਪ੍ਰਬੰਧ ਦੀ ਵਰਤੋਂ ਸਭ ਤੋਂ ਵੱਧ 129 ਵਾਰ ਕੀਤੀ ਗਈ ਹੈ। ਚਉਪਦਿਆਂ ਦੇ ਘਰੁ ਪ੍ਰਬੰਧ ਅਨੁਸਾਰ ਗਾਇਨ ਕਰਨ ਲਈ ਮੰਦਰ, ਮਧ, ਤਾਰ ਸੁਰ ਅਨੁਸਾਰ ਅਰੰਭਿਕ ਸੁਰ ਸਥਾਨ ਪੇਸ਼ ਕੀਤਾ ਗਿਆ ਹੈ। ਇਹਨਾਂ ਵਿਚ ਨਾਨਕ ਸ਼ਬਦ ਦੀ ਵਰਤੋਂ ਨਾਨਕਿ, ਨਾਨਕਾ, ਨਾਨਕੁ ਅਤੇ ਨਾਨਕ ਦੇ ਰੂਪ ਵਿਚ ਕੀਤੀ ਗਈ ਹੈ। ਚਉਪਦਿਆਂ ਵਿਚ ਨਾਨਕਿ ਸ਼ਬਦ 3 ਵਾਰ, ਨਾਨਕਾ 12 ਵਾਰ, ਨਾਨਕੁ 169 ਵਾਰ ਅਤੇ ਨਾਨਕ 1113 ਵਾਰ ਦਰਜ ਹੈ। ਨਾਨਕ ਸ਼ਬਦ ਦੇ ਇਹਨਾਂ ਰੂਪਾਂ ਨੂੰ ਤੁਕਾਂ ਅਨੁਸਾਰ ਵਿਆਕਰਨ ਪੱਖੋਂ ਜਾਂਚਿਆ ਗਿਆ ਹੈ। ਗਾਇਨ ਪੱਖ ਤੋਂ ਵੱਖ-ਵੱਖ ਢੰਗਾਂ ਦੁਆਰਾ ਪ੍ਰਤੀਕ, ਅਲੰਕਾਰ, ਬਿੰਬ ਅਤੇ ਸੰਬੋਧਨ ਮਨ ਵਿਚ ਚਿੰਤਨ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਲੋਕਪ੍ਰਿਯ ਚਉਪਦਿਆਂ ਨੂੰ ਸੰਗ੍ਰਹਿਤ ਕੀਤਾ ਗਿਆ ਹੈ। ਇਹਨਾਂ ਚਉਪਦਿਆਂ ਦਾ 45% ਮੂਲ ਭਾਵ ਸ਼ਬਦ ਦੀ ਕਿਸੇ ਵੀ ਤੁਕ ਵਿਚੋਂ ਲਿਆ ਗਿਆ ਹੈ ਅਤੇ 55% ਚਉਪਦਿਆਂ ਦਾ ਮੂਲ ਭਾਵ ਰਹਾਉ ਦੀ ਤੁਕ ਵਿਚੋਂ ਪੇਸ਼ ਹੋਇਆ ਹੈ, ਜਿਸ ਨੂੰ ਕੀਰਤਨ ਸਮੇਂ ਦੁਹਰਾਉ ਵਜੋਂ ਲਿਆ ਜਾਂਦਾ ਹੈ। ਮੁੱਖ ਰੂਪ ਵਿਚ ਚਉਪਦਿਆਂ ਦਾ ਰੂਪ ਇਕ ਰਹਾਓ ਅਤੇ ਚਾਰ ਪਦਿਆਂ ਉਤੇ ਆਧਾਰਿਤ ਹੈ। ਇਹ ਬਾਣੀ ਗੁਰੂ ਗ੍ਰੰਥ ਦੇ 31 ਰਾਗਾਂ ਵਿਚੋਂ 28 ਰਾਗਾਂ ਅੰਦਰ ਪ੍ਰਾਪਤ ਹੈ। ਇਨਾਂ ਚਉਪਦਿਆਂ ਦੀ ਰਚਨਾ ਚਾਰ ਗੁਰੂ ਸਾਹਿਬਾਨ ਅਤੇ ਅੱਠ ਭਗਤਾਂ ਨੇ ਕੀਤੀ ਹੈ।

**Abstract**

In the thesis entitled “A formal analysis of Chaupade Bani Form”, there is complete description and analysis of 1395 chaupade present in Shri Guru Granth Sahib, which are used in the major form of Gurbani singing due to its structural beauty. The bani form chaupade displays cohesion of content and form. In terms of forms (Chandas) used, there are 25 forms used for chaupadas. The distinctness of chaupadas is found in order of Ragas and placement in Gharas. The first Ghara is used most in the chaupadas. The Ghara number 14, 15, 16 and 17 are used once only in the chaupadas. It is tough to sing these chaupadas in these gharas. Shri Guru Arjan Dev has used the Ghara system more *i.e.* 129 times in the chaupadas. The beginning note for singing of chaupadas has been proposed according to the lowest, middle and highest octares. The word “Nanak” has been used in chaupadas as, nanak’i, nanak’a, nanak’u and nanak form. In the chaupadas, the use of word nanak’i, nanak’a, nanak’u and nanak are used 3, 12, 169 and 1113 times respectively. These forms of the word “Nanak” are investigated from the grammatical aspect in terms of rhyming times. From singing point of view in different styles, the symbols, the metaphors, the images and the addresses invoke reflection of time. Apart from this, the popular chaupadas are collected. The central idea of 45% chaupadas is driven from the line based on Rahao (the pause), which is used twice during kirtan. The form of chaupadas is based mainly on the Rahao and four chaupadas. The Bani is available in 28 ragas out of 31 ragas of Guru Granth Sahib. These chaupadas are written by four Gurus and eight Bhagtas.

# ਪ੍ਰਕਾਸ਼ਿਤ ਪੱਤਰ

| ਲੜੀ ਨੰ: | ਪੇਪਰ ਦਾ ਨਾਂ | ਸਰੋਤ | ਪ੍ਰਕਾਸ਼ਨ | ਸੰਨ |
|---|---|---|---|---|
| 1. | ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਪੇਸ਼ ਗੁਰਮਤਿ ਦ੍ਰਿਸ਼ਟੀ | ਕਾਨਫ਼ਰੰਸ | ਪੰਜਾਬੀ ਯੂਨੀਵਰਸਿਟੀ ਪ੍ਰਕਾਸ਼ਤ | 2014 |
| 2. | ਪੁਰਾਤਨ ਜਨਮਸਾਖੀ ਅਤੇ ਬੀ–40 ਜਨਮਸਾਖੀ ਦੀ ਬਾਣੀ ਵਾਰਤਕ ਜੁਗਤ ਦਾ ਤੁਲਨਾਤਮਕ ਅਧਿਐਨ | ਕਾਨਫ਼ਰੰਸ | ਪੰਜਾਬੀ ਯੂਨੀਵਰਸਿਟੀ ਪ੍ਰਕਾਸ਼ਤ | 2016 |
| 3. | ਬਾਣੀ–ਰੂਪ ਚਉਪਦੇ ਦੀ ਰੂਪ ਸੰਰਚਨਾ | ਨਾਨਕ ਪ੍ਰਕਾਸ਼ ਪਤ੍ਰਿਕਾ | ਪੰਜਾਬੀ ਯੂਨੀਵਰਸਿਟੀ ਪ੍ਰਵਾਨਤ | 2018 |
| 4. | ਬਾਣੀ–ਰੂਪ ਚਉਪਦੇ ਦੀ ਸੰਪਾਦਨਾ ਵਿਧੀ | ਪੰਜਾਬੀ ਦੁਨੀਆ | ਭਾਸ਼ਾ ਵਿਭਾਗ ਪ੍ਰਵਾਨਤ | 2018 |
| 5. | ਬਾਣੀ–ਰੂਪ ਚਉਪਦੇ ਵਿਚ ਦਰਜ ਅਖਾਣ ਮੁਹਾਵਰੇ ਤੇ ਬੁਝਾਰਤਾਂ | ਲੋਕ–ਵਾਣੀ | ਜਲੰਧਰ ਪ੍ਰਵਾਨਤ | 2018 |

**ਘੋਸ਼ਣਾ-ਪੱਤਰ**

ਮੈਂ ਬਿਆਨ ਕਰਦੀ ਹਾਂ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਦਾ ਰੂਪਗਤ ਅਧਿਐਨ" ਵਿਸ਼ੇ ਉੱਤੇ ਪੀਐੱਚ.ਡੀ ਦੀ ਡਿਗਰੀ ਲਈ ਪੇਸ਼ ਕੀਤਾ ਜਾ ਰਿਹਾ ਖੋਜ ਪ੍ਰਬੰਧ ਮੇਰਾ ਮੌਲਿਕ ਕਾਰਜ ਹੈ। ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ ਹੈ।

ਨਿਗਰਾਨ :

ਡਾ. ਗੁਰਨਾਇਬ ਸਿੰਘ
ਪ੍ਰੋਫ਼ੈਸਰ
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਖੋਜਾਰਥੀ :

ਸਰਵਜੀਤ ਕੌਰ
ਸਰਵਜੀਤ ਕੌਰ

# ਧੰਨਵਾਦ


- ਮੈਂ ਆਪਣੇ ਨਿਗਰਾਨ ਡਾ. ਗੁਰਨਾਇਬ ਸਿੰਘ ਦੀ ਵਿਸ਼ੇਸ਼ ਧੰਨਵਾਦੀ ਹਾਂ,ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਮੈਂ ਆਪਣੇ ਖੋਜ ਪ੍ਰਬੰਧ ਨੂੰ ਹਰ ਪੱਖ ਤੋਂ ਜਾਚਣ ਵਿਚ ਸਫਲ ਰਹੀ ਹਾਂ। ਉਹਨਾਂ ਦੇ ਸਹਿਜ ਸੁਭਾਅ ਕਾਰਨ ਵਿਸ਼ੇ ਦੇ ਨੁਕਤਿਆਂ ਸੰਬੰਧੀ ਵਿਚਾਰ ਚਰਚਾ ਕਰਨ ਵਿਚ ਕਦੇ ਕੋਈ ਮੁਸ਼ਕਿਲ ਨਹੀਂ ਹੋਈ। ਉਹਨਾਂ ਦੇ ਵਿਚਾਰ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦੀ ਪ੍ਰੇਰਨਾ ਦਿੰਦੇ ਰਹੇ ਹਨ।
- ਡਾ. ਗੁਰਮੇਲ ਸਿੰਘ ਜੀ ਦਾ ਧੰਨਵਾਦ ਕਰਦੀ ਹਾਂ,ਜਿਨ੍ਹਾਂ ਨੇ ਵਿਸ਼ੇਸ਼ ਸਰੋਤਾਂ ਤੱਕ ਪਹੁੰਚਣ ਲਈ ਅਗਵਾਈ ਕੀਤੀ।
- ਡਾ. ਰਤਨ ਸਿੰਘ ਜੱਗੀ ਅਤੇ ਡਾ. ਗੁਰਸ਼ਰਨ ਕੌਰ ਜੱਗੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨਾਲ ਮੁਲਾਕਾਤਾਂ ਤੋਂ ਮੈਨੂੰ ਮਿਹਨਤੀ ਬਣਨ ਦੀ ਪ੍ਰੇਰਨਾ ਮਿਲੀ।
- ਡਾ. ਰਜਿੰਦਰਪਾਲ ਸਿੰਘ ਬਰਾੜ, ਡਾ.ਚਰਨਜੀਤ ਕੌਰ, ਡਾ.ਜਗਤਾਰ ਸਿੰਘ ਅਤੇ ਡਾ.ਜੋਗਾ ਸਿੰਘ ਦਾ ਧੰਨਵਾਦ ਕਰਦੀ ਹਾਂ,ਜਿਨ੍ਹਾਂ ਦੀ ਬਦੌਲਤ ਮੈਂ ਇਸ ਡਿਗਰੀ ਲਈ ਪੰਜਾਬੀ ਵਿਭਾਗ ਵਿਚ ਨਾਮ ਦਰਜ ਕਰਵਾ ਸਕੀ।
- ਵੀਰ ਸ. ਪਲਵਿੰਦਰ ਸਿੰਘ ਘੁੰਮਣ ਨੂੰ ਸੇਜਲ ਅੱਖਾਂ ਨਾਲ ਯਾਦ ਕਰਦੀ ਹਾਂ। ਉਸ ਦੀਆਂ ਯਾਦਾਂ ਖੋਜ ਪ੍ਰਬੰਧ ਦੇ ਹਰ ਪੰਨੇ ਤੇ ਰਸੀਆਂ ਹੋਈਆਂ ਹਨ। ਉਸ ਨੂੰ ਮਾਣ ਸੀ ਕਿ ਮੇਰੀ ਦੀਦੀ ਪੀਐੱਚ.ਡੀ ਕਰਦੀ ਹੈ।
- ਮੇਰੇ ਮੰਮੀ ਅਤੇ ਡੈਡੀ ਜੀ ਨੇ ਇਸ ਡਿਗਰੀ ਲਈ ਮੈਨੂੰ ਹੌਂਸਲਾ ਦੇ ਕੇ ਯੂਨੀਵਰਸਿਟੀ ਭੇਜਿਆ। ਉਹਨਾਂ ਨੇ ਹਮੇਸ਼ਾ ਮੈਨੂੰ ਜੀਵਨ ਦੀਆਂ ਮੁਸ਼ਕਿਲਾਂ ਨਾਲ ਮੁਕਾਬਲਾ ਕਰਨ ਦੀ ਸ਼ਕਤੀ ਦਿੱਤੀ।
- ਮੈਂ ਆਪਣੇ ਪਤੀ ਸ. ਭੁਪਿੰਦਰ ਸਿੰਘ ਰਿਆੜ ਦੇ ਸਹਿਯੋਗ ਸਦਕਾ ਹੀ ਇਸ ਖੋਜ ਕਾਰਜ ਨੂੰ ਸਫਲਾ ਕਰ ਸਕੀ ਹਾਂ।
- ਆਪਣੇ ਸਮੂਹ ਸਹੁਰਾ ਪਰਿਵਾਰ ਦਾ ਧੰਨਵਾਦ ਕਰਦੀ ਹਾਂ,ਜਿਨ੍ਹਾਂ ਦੀ ਹੱਲਾਸ਼ੇਰੀ ਨਾਲ ਹੱਥਲਾ ਖੋਜ ਕਾਰਜ ਸੰਭਵ ਹੋਇਆ ਹੈ।

- ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਦੇ ਸਮੂਹ ਸਟਾਫ਼ ਦਾ ਧੰਨਵਾਦ ਕਰਦੀ ਹਾਂ,ਜਿਨ੍ਹਾਂ ਦੇ ਸਹਿਯੋਗ ਨਾਲ ਖੋਜ ਕਾਰਜ ਲਈ ਪੁਸਤਕਾਂ ਉਪਲਬਧ ਹੁੰਦੀਆਂ ਰਹੀਆਂ ਹਨ।
- ਇਸ ਤੋਂ ਇਲਾਵਾ ਸਮੂਹ ਸਹਿਯੋਗੀ ਵਿਦਿਆਰਥੀਆਂ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਤੋਂ ਮਨੋਬਲ ਅਤੇ ਉਤਸ਼ਾਹ ਦੀ ਪ੍ਰੇਰਨਾ ਮਿਲਦੀ ਰਹੀ ਹੈ।

ਸਰਵਜੀਤ ਕੌਰ

**ਸਰਵਜੀਤ ਕੌਰ**

# ਤਤਕਰਾ


| ਅਧਿਆਇ | ਪੰਨਾ |
|---|---|
| **ਭੂਮਿਕਾ** | **i - ii** |
| **ਅਧਿਆਇ ਪਹਿਲਾ** | **1 - 12** |
| **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ-ਰੂਪ ਚਉਪਦੇ ਬਾਰੇ ਪ੍ਰਾਪਤ ਖੋਜ-ਕਾਰਜ ਦਾ ਸਰਵੇਖਣ ਅਤੇ ਮੁਲਾਂਕਣ** | **1 - 2** |
| ੳ. ਅਧਿਐਨ ਪੁਸਤਕਾਂ | 2-7 |
| ਅ.ਕੋਸ਼ | 7-10 |
| ੲ. ਖੋਜ-ਪ੍ਰਬੰਧ | 10-12 |
| **ਅਧਿਆਇ ਦੂਜਾ** | **13 - 152** |
| **ਬਾਣੀ-ਰੂਪ ਚਉਪਦੇ : ਸਿਧਾਂਤਕ ਵਿਸ਼ਲੇਸ਼ਣ** | **13** |
| ੳ. ਨਾਮਕਰਨ ਤੇ ਪਰਿਭਾਸ਼ਾ | 13-14 |
| ਅ. ਬਾਣੀ-ਰੂਪ ਚਉਪਦੇ ਦਾ ਵਿਕਾਸਕ੍ਰਮ | 14-24 |
| ੲ. ਲੋਕ-ਕਾਵਿ ਪਰੰਪਰਾ ਵਿਚ ਚਉਪਦਾ | 25-34 |
| ਸ. ਬਾਣੀ-ਰੂਪ ਚਉਪਦੇ ਵਿਚ ਕੀਰਤਨ ਪ੍ਰਬੰਧ | 34-46 |
| ਹ. ਰਾਗ ਅਨੁਸਾਰ ਘਰੁ ਪ੍ਰਬੰਧ ਦਾ ਗਾਇਨ ਪੱਖ | 46-140 |
| ਕ. ਉਘੇ ਕੀਰਤਨੀਆਂ ਵੱਲੋਂ ਰਾਗ ਅਨੁਸਾਰ ਗਾਏ ਹੋਏ ਚਉਪਦੇ | 140-152 |
| **ਅਧਿਆਇ ਤੀਜਾ** | **153 - 204** |
| **ਬਾਣੀ-ਰੂਪ ਚਉਪਦੇ ਦੀ ਪ੍ਰਕਿਰਤੀ** | **153 - 158** |
| ੳ. ਦਾਰਸ਼ਨਿਕ ਪੱਖ | 158-168 |
| ਅ. ਸਮਾਜਿਕ ਪੱਖ | 168-178 |
| ੲ. ਧਾਰਮਿਕ ਪੱਖ | 178-193 |
| ਸ. ਰਾਜਨੀਤਿਕ ਪੱਖ | 193-204 |
| **ਅਧਿਆਇ ਚੌਥਾ** | **205 - 277** |

**ਬਾਣੀ-ਰੂਪ ਚਉਪਦੇ ਦਾ ਸਰੂਪ** **205**
ੳ. ਬਣਤਰ 205-209
ਅ. ਛੰਦ ਵਿਧਾਨ 209-225
ੲ. ਪ੍ਰਤੀਕ 225-227
ਸ. ਅਲੰਕਾਰ 227-230
ਹ. ਬਿੰਬ 230-232
ਕ. ਕਵੀ ਛਾਪ 232-245
ਖ. ਸੰਬੋਧਨ 245-255
ਗ. ਅਖਾਣ 255-259
ਘ. ਮੁਹਾਵਰਾ 259-261
ਙ. ਬੁਝਾਰਤ 261-263
ਚ.ਭਾਸ਼ਾ 263-277

**ਅਧਿਆਇ ਪੰਜਵਾਂ** **278 - 641**
**ਬਾਣੀ-ਰੂਪ ਚਉਪਦੇ ਦਾ ਸੰਪਾਦਨਾ ਸਿਧਾਂਤ** **278 - 282**
ੳ. ਮੂਲ-ਮੰਤਰ ਪ੍ਰਬੰਧ 282-298
ਅ.ਰਾਗ ਪ੍ਰਬੰਧ 298-329
ੲ. ਬਾਣੀਕਾਰ ਪ੍ਰਬੰਧ 329-450
ਸ. ਘਰੁ ਪ੍ਰਬੰਧ 450-475
ਹ.ਅੰਕਣ ਪ੍ਰਬੰਧ 475-641

**ਅਧਿਆਇ ਛੇਵਾਂ** **642 - 658**
**ਬਾਣੀ-ਰੂਪ ਚਉਪਦੇ ਦੀ ਵਿਲੱਖਣਤਾ** **642 - 647**
ੳ. ਲੋਕਪ੍ਰਿਯ ਚਉਪਦੇ 647-652
ਅ. ਸਿੱਖ ਸਮਾਜ ਦੀਆਂ ਰੀਤਾਂ-ਰਸਮਾਂ
ਲਈ ਨਿਰਧਾਰਿਤ ਚਉਪਦੇ 653-658

**ਸਾਰ ਤੇ ਸਥਾਪਨਾਵਾਂ** **659 - 669**

**ਪੁਸਤਕ ਸੂਚੀ** **829 - 843**

## ਖੋਜ ਪ੍ਰਬੰਧ ਵਿਚ ਦਰਜ ਸਾਰਨੀ ਵੇਰਵਾ :


| | | ਪੰਨਾ |
|---|---|---|
| 1) | ਰਾਗਾਂ ਅਨੁਸਾਰ ਘਰਾਂ ਅਤੇ ਸ਼ਬਦਾਂ ਦੀ ਗਿਣਤੀ ਦੀ ਸਾਰਨੀ | 50-52 |
| 2) | ਬਾਣੀ-ਰੂਪ ਚਉਪਦੇ ਵਿਚੋਂ ਹਰ ਛੰਦ ਦੀ ਵਰਤੋਂ ਸੰਬੰਧੀ ਸਾਰਨੀ | 221-225 |
| 3) | ਬਾਣੀ-ਰੂਪ ਚਉਪਦੇ ਵਿਚ ਦਰਜ ਮੂਲ-ਮੰਤਰ ਸੰਬੰਧੀ ਸਾਰਨੀ | 284-290 |
| 4) | ਚਉਪਦਿਆਂ ਤੋਂ ਇਲਾਵਾ ਹਰ ਰਾਗ ਅਨੁਸਾਰ ਹੋਰ ਬਾਣੀਆਂ ਦੇ ਵੇਰਵੇ ਦੀ ਸਾਰਨੀ | 324-327 |
| 5) | ਰਾਗ ਅਨੁਸਾਰ ਪਦਾ ਬਾਣੀ ਦੇ ਵੇਰਵੇ ਦੀ ਸਾਰਨੀ | 327-329 |
| 6) | ਮਹਲਾ ਪ੍ਰਬੰਧ ਸੰਬੰਧੀ ਸਾਰਨੀ | 445-446 |
| 7) | ਭਗਤ ਪ੍ਰਬੰਧ ਸੰਬੰਧੀ ਸਾਰਨੀ | 447-448 |
| 8) | ਮਹਲਾ ਪ੍ਰਬੰਧ ਤੇ ਭਗਤ ਪ੍ਰਬੰਧ ਬਾਣੀਕਾਰਾਂ ਦੇ ਕੁੱਲ ਚਉਪਦਿਆਂ ਦੀ ਸਾਰਨੀ | 449-450 |
| 9) | ਚਉਪਦਿਆਂ ਵਿਚ ਘਰੁ ਪ੍ਰਬੰਧ ਦੀ ਸਾਰਨੀ | 451-475 |
| 10) | ਅੰਕਣ ਪ੍ਰਬੰਧ ਦੇ ਵੇਰਵੇ ਸੰਬੰਧੀ ਸਾਰਨੀ | 479-635 |
| 11) | ਗੁਰੂ ਨਾਨਕ ਦੇਵ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 670-672 |
| 12) | ਗੁਰੂ ਅਮਰਦਾਸ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 672-674 |
| 13) | ਗੁਰੂ ਰਾਮਦਾਸ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 674-676 |
| 14) | ਗੁਰੂ ਅਰਜਨ ਦੇਵ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 677-679 |
| 15) | ਗੁਰੂ ਤੇਗ ਬਹਾਦਰ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 679-681 |
| 16) | ਭਗਤ ਕਬੀਰ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 681-683 |
| 17) | ਭਗਤ ਨਾਮਦੇਵ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 684-686 |
| 18) | ਭਗਤ ਰਵਿਦਾਸ ਜੀ ਦੇ ਕੁੱਲ ਚਉਪਦਿਆਂ ਦੀ ਸਾਰਨੀ | 686-688 |
| 19) | ਭਗਤਾਂ ਦੇ ਪਦਿਆਂ/ਚਉਪਦਿਆਂ ਦੀ ਸਾਰਨੀ | 688-691 |
| 20) | ਚਉਪਦਿਆਂ ਦੇ ਸਿਰਲੇਖਾਂ ਸੰਬੰਧੀ ਸਾਰਨੀ | 691-828 |

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ-ਰੂਪ ਚਉਪਦੇ ਵਧੇਰੇ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ 28 ਰਾਗਾਂ ਅਧੀਨ ਚਉਪਦੇ ਦਰਜ ਹਨ। ਸਾਰੇ ਪਦਾ ਕਾਵਿ ਰੂਪ ਨੂੰ ਚਉਪਦਾ ਕਿਹਾ ਜਾ ਸਕਦਾ ਹੈ ਕਿਉਂਕਿ ਬਾਣੀ-ਰੂਪ ਚਉਪਦੇ ਦਾ ਕੀਰਤਨ ਵਧੇਰੇ ਕੀਤਾ ਜਾਂਦਾ ਹੈ। ਬਾਣੀ ਰੂਪ ਚਉਪਦੇ ਦੇ ਵਿਸ਼ੇ ਮਨੁੱਖ ਦੇ ਸਮਾਜਿਕ ਜੀਵਨ ਨਾਲ ਸੰਬੰਧਿਤ ਹਨ। ਬਾਣੀ-ਰੂਪ ਚਉਪਦਾ ਕਿੰਨੇ ਗੁਰੂ ਅਤੇ ਭਗਤ ਸਾਹਿਬਾਨ ਦੀ ਬਾਣੀ ਵਿਚ ਦਰਜ ਹੈ ਅਤੇ ਇਹਨਾਂ ਦੀ ਕੁੱਲ ਗਿਣਤੀ ਕਿੰਨੀ ਹੈ? ਇਸ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ।

ਇਸ ਖੋਜ ਕਾਰਜ ਵਿਚ 'ਚਉਪਦਾ ਕਾਵਿ ਰੂਪ ਦਾ ਰੂਪਗਤ ਅਧਿਐਨ' ਕੀਤਾ ਗਿਆ ਹੈ। ਬਾਣੀ-ਰੂਪ ਚਉਪਦੇ ਦੇ ਖੋਜ ਕਾਰਜ ਲਈ ਛੇ ਭਾਗਾਂ ਵਿਚ ਅਧਿਆਇ ਵੰਡ ਕੀਤੀ ਗਈ ਹੈ। ਹਰ ਅਧਿਆਇ ਦੇ ਅੱਗੇ ਖੰਡ ਬਣਾਏ ਗਏ ਹਨ। ਹਰ ਖੰਡ ਦੇ ਵਿਸ਼ਲੇਸ਼ਣਾਤਮਿਕ ਅਧਿਐਨ ਰਾਹੀਂ ਅਸਲ ਤੱਥਾਂ ਤੱਕ ਪਹੁੰਚ ਕੀਤੀ ਗਈ ਹੈ।

ਇਸ ਖੋਜ ਕਾਰਜ ਦੇ ਪਹਿਲੇ ਅਧਿਆਇ ਬਾਣੀ-ਰੂਪ ਚਉਪਦੇ ਉਪਰ ਹੋਏ ਖੋਜ ਕਾਰਜ ਦਾ ਸਰਵੇਖਣ ਤੇ ਮੁਲਾਂਕਣ ਕੀਤਾ ਗਿਆ। ਇਸ ਤੋਂ ਬਾਅਦ ਕੋਸ਼, ਪੁਸਤਕਾਂ ਅਤੇ ਖੋਜ ਪ੍ਰਬੰਧ ਸੰਬੰਧੀ ਹੋਏ ਖੋਜ ਕਾਰਜ ਨੂੰ ਵਾਚਿਆ ਗਿਆ। ਬਾਣੀ-ਰੂਪ ਚਉਪਦੇ ਸੰਬੰਧੀ ਹੋਏ ਖੋਜ ਕਾਰਜ ਬਾਰੇ ਰੂਪ ਦੀ ਦ੍ਰਿਸ਼ਟੀ ਤੋਂ ਗੰਭੀਰ ਅਧਿਐਨ ਨਹੀਂ ਹੋਇਆ।

ਅਧਿਆਇ ਦੂਜੇ ਵਿਚ 'ਬਾਣੀ-ਰੂਪ ਚਉਪਦੇ ਦੇ ਵਿਕਾਸ ਕ੍ਰਮ' ਬਾਰੇ ਜਾਂਚ-ਪੜਤਾਲ ਕੀਤੀ ਗਈ ਹੈ। ਵੈਦਿਕ ਕਾਲ ਵਿਚ ਮੰਤਰਾਂ ਦੇ ਸਮੇਂ ਤੋਂ ਲੈ ਕੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਹਿੰਦੀ ਆਦਿ ਦੇ ਪਦਾ ਕਾਵਿ ਰੂਪ ਨੂੰ ਘੋਖਿਆ ਗਿਆ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਉਪਦੇ ਬਾਰੇ ਚਰਚਾ ਕੀਤੀ ਗਈ। ਇਸ ਪ੍ਰਕਾਰ ਚਉਪਦੇ ਦੇ ਵਿਕਾਸ ਕ੍ਰਮ ਵਿਚ ਰੂਪ ਅਨੁਸਾਰ ਗਾਇਨ ਪੱਖ ਨੂੰ ਵੀ ਜਾਂਚਿਆ ਗਿਆ ਹੈ। ਇਸ ਅਧਿਆਇ ਦੇ ਦੂਜੇ ਖੰਡ ਵਿਚ 'ਲੋਕ ਕਾਵਿ ਪਰੰਪਰਾ ਵਿਚ ਚਉਪਦਾ' ਸੰਬੰਧੀ ਅਧਿਐਨ ਕੀਤਾ ਗਿਆ। ਇਸ ਅਧਿਆਇ ਦੇ ਤੀਜੇ ਖੰਡ 'ਬਾਣੀ-ਰੂਪ ਚਉਪਦੇ ਦਾ ਕੀਰਤਨ ਪ੍ਰਬੰਧ' ਰਾਹੀਂ ਘਰ ਪ੍ਰਬੰਧ ਦੇ ਗਾਇਨ ਪੱਖ ਸੰਬੰਧੀ ਚਰਚਾ ਕੀਤੀ ਗਈ ਹੈ।

ਖੋਜ ਕਾਰਜ ਦੇ ਤੀਜੇ ਅਧਿਆਇ ਰਾਹੀਂ 'ਬਾਣੀ-ਰੂਪ ਚਉਪਦੇ ਦੀ ਪ੍ਰਕ੍ਰਿਤੀ' ਨੂੰ ਵਾਚਿਆ ਗਿਆ ਹੈ। ਇਸ ਅਧਿਆਇ ਦੇ ਪਹਿਲੇ ਖੰਡ ਵਿਚ 'ਦਾਰਸ਼ਨਿਕ ਪੱਖ' ਰਾਹੀਂ ਆਤਮਾ, ਬ੍ਰਹਮ, ਜਗਤ ਸੰਬੰਧੀ ਚਰਚਾ ਕੀਤੀ ਗਈ ਹੈ। ਦੂਜੇ ਖੰਡ 'ਸਮਾਜਿਕ ਪੱਖ' ਵਿਚ ਸਮਾਜਿਕ ਕੁਰੀਤੀਆਂ ਦੇ ਖੰਡਨ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਇਸ ਅਧਿਆਇ ਦੇ ਤੀਜੇ ਖੰਡ ਵਿਚ 'ਧਾਰਮਿਕ ਪੱਖ' ਵਿਚ ਨਾਮ, ਗੁਰੂ, ਸਾਧ-ਸੰਗਤ ਜਿਹੇ ਵਿਸ਼ਿਆਂ ਨੂੰ ਜਾਣਿਆ ਗਿਆ ਹੈ। ਇਸ ਅਧਿਆਇ ਦੇ ਚੌਥੇ ਖੰਡ ਵਿਚ 'ਰਾਜਨੀਤਿਕ ਪੱਖ' ਰਾਹੀਂ, ਉਸ ਸਮੇਂ ਦੇ ਰਾਜਨੀਤਿਕ ਹਾਲਾਤਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ।

ਚੌਥੇ ਅਧਿਆਇ ਵਿਚ 'ਬਾਣੀ-ਰੂਪ ਚਉਪਦੇ' ਦੇ ਸਰੂਪ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਪਹਿਲੇ ਖੰਡ ਵਿਚ 'ਬਾਣੀ-ਰੂਪ ਚਉਪਦੇ ਦੀ ਬਣਤਰ' ਸੰਬੰਧੀ ਚਰਚਾ ਕੀਤੀ ਗਈ ਹੈ। ਦੂਜੇ ਖੰਡ ਵਿਚ ਬਾਣੀ-ਰੂਪ ਚਉਪਦੇ ਵਿਚ ਵਰਤੇ, 'ਛੰਦ ਵਿਧਾਨ' ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕੀਤਾ ਗਿਆ ਹੈ। ਤੀਜੇ ਖੰਡ ਵਿਚ ਪ੍ਰਤੀਕ, ਅਲੰਕਾਰ, ਬਿੰਬ ਦੀ ਵਰਤੋਂ ਸੰਬੰਧੀ ਜਾਣਿਆ ਗਿਆ ਹੈ। ਚੌਥੇ ਖੰਡ ਵਿਚ ਕਵੀ ਛਾਪ ਨਾਨਕ, ਨਾਨਕਾ, ਨਾਨਕਿ, ਨਾਨਕੁ ਸ਼ਬਦ ਦੀ ਵਰਤੋਂ ਤੁਕਾਂ ਅਨੁਸਾਰ ਕਿਵੇਂ ਕੀਤੀ ਗਈ ਹੈ। ਇਸ ਸੰਬੰਧੀ ਨੁਕਤਿਆਂ ਨੂੰ ਜਾਣਿਆ ਗਿਆ ਹੈ। ਪੰਜਵੇਂ ਖੰਡ ਵਿਚ ਚਉਪਦੇ ਦੀ ਸੰਬੋਧਨੀ ਸ਼ੈਲੀ ਸੰਬੰਧੀ ਵਿਚਾਰ ਕੀਤੀ ਗਈ ਹੈ।ਛੇਵੇਂ ਖੰਡ ਵਿਚ ਬਾਣੀ-ਰੂਪ ਚਉਪਦੇ ਵਿਚ ਵਰਤੇ ਅਖਾਣ, ਮੁਹਾਵਰੇ, ਬੁਝਾਰਤਾਂ ਸੰਬੰਧੀ ਜਾਣਿਆ ਗਿਆ ਹੈ। ਸਤਵੇਂ ਖੰਡ ਵਿਚ ਭਾਸ਼ਾ ਦੇ ਵਿਆਕਰਨ ਰੂਪਾਂ (ਕਿਰਿਆ, ਕਾਰਕ, ਸੰਬੰਧਕ, ਯੋਜਕ) ਦੀ ਵਰਤੋਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ।

ਪੰਜਵੇਂ ਅਧਿਆਇ ਵਿਚ ਬਾਣੀ-ਰੂਪ ਚਉਪਦੇ ਦੇ ਸੰਪਾਦਨ ਸਿਧਾਂਤ ਨੂੰ ਕੇਂਦਰ ਬਿੰਦੂ ਬਣਾਇਆ ਗਿਆ ਹੈ। ਇਸ ਦੇ ਪਹਿਲੇ ਖੰਡ ਵਿਚ ਮੂਲ-ਮੰਤਰ ਪ੍ਰਬੰਧ ਦੇ ਕਿੰਨੇ ਰੂਪਾਂ ਦੀ ਵਰਤੋਂ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਮਿਲਦੀ ਹੈ। ਦੂਜੇ ਖੰਡ ਵਿਚ ਰਾਗ ਪ੍ਰਬੰਧ ਦੀ ਤਰਤੀਬ ਨੂੰ ਕ੍ਰਮ ਅਨੁਸਾਰ ਪੇਸ਼ ਕੀਤਾ ਗਿਆ ਹੈ। ਤੀਜੇ ਖੰਡ ਵਿਚ ਬਾਣੀਕਾਰ ਪ੍ਰਬੰਧ ਵਿਚ ਮਹਲਾ ਪ੍ਰਬੰਧ ਅਤੇ ਭਗਤ ਪ੍ਰਬੰਧ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਬਾਣੀ-ਰੂਪ ਚਉਪਦੇ ਦੇ ਅੰਕਣ ਪ੍ਰਬੰਧ ਰਾਹੀਂ ਚਉਪਦਿਆਂ ਦੀ ਅਸਲ ਗਿਣਤੀ ਨੂੰ ਵਾਚਿਆ ਗਿਆ ਹੈ।

ਛੇਵਾਂ ਅਧਿਆਇ ਬਾਣੀ-ਰੂਪ ਚਉਪਦੇ ਦੀ ਵਿਲੱਖਣਤਾ ਨਾਲ ਸੰਬੰਧਿਤ ਹੈ। ਇਸ ਅਧਿਆਇ ਦੇ ਪਹਿਲੇ ਖੰਡ ਵਿਚ ਲੋਕਪ੍ਰਿਯ ਚਉਪਦੇ ਦਰਜ ਕੀਤੇ ਗਏ ਹਨ। ਦੂਜੇ ਖੰਡ ਵਿਚ ਸਿੱਖ ਭਾਈਚਾਰੇ ਦੀਆਂ ਰਸਮਾਂ ਨਾਲ ਸੰਬੰਧਿਤ ਚਉਪਦਿਆਂ ਦੀ ਚਰਚਾ ਕੀਤੀ ਗਈ ਹੈ। ਇਸ ਅਧਿਆਇ ਦੀ ਵਿਲੱਖਣਤਾ ਦਾ ਆਧਾਰ ਰਹਾਉ ਦੀਆਂ ਤੁਕਾਂ ਹਨ, ਜਿਨ੍ਹਾਂ ਨੂੰ ਮੂਲ ਭਾਵ ਵਜੋਂ ਲਿਆ ਜਾਂਦਾ ਹੈ।

ਇਸ ਖੋਜ ਕਾਰਜ ਦੇ ਅੰਤਿਮ ਪੜਾਅ ਵਿਚ ਬਾਣੀ-ਰੂਪ ਚਉਪਦੇ ਦੇ ਰੂਪਗਤ ਅਧਿਐਨ ਤੋਂ ਪ੍ਰਾਪਤ ਸਾਰ ਤੇ ਸਥਾਪਨਾਵਾਂ ਪੇਸ਼ ਕੀਤੀਆਂ ਗਈਆਂ ਹਨ।

ਇਸ ਖੋਜ ਕਾਰਜ ਵਿਚ ਸਾਰਨੀਆਂ ਦਾ ਵੇਰਵਾ ਦਰਜ ਹੈ। ਇਹ ਸਾਰਨੀਆਂ ਹਰ ਰਾਗ, ਬਾਣੀਕਾਰ ਦੇ ਕ੍ਰਮ ਅਨੁਸਾਰ ਬਣਾਈਆਂ ਗਈਆਂ ਹਨ। ਇਹਨਾਂ ਸਾਰਨੀਆਂ ਰਾਹੀਂ ਚਉਪਦਿਆਂ ਦੀ ਕੁੱਲ ਗਿਣਤੀ ਦਾ ਅਧਿਐਨ ਕੀਤਾ ਗਿਆ ਹੈ।

ਸਰਵਜੀਤ ਕੌਰ

ਸਰਵਜੀਤ ਕੌਰ